ਮੈਕਸਿਮ ਗੋਰਕੀ

ਚੋਣਵੀਆਂ ਕਹਾਣੀਆਂ

ਮੈਕਸਿਮ ਗੋਰਕੀ

ਚੋਣਵੀਆਂ ਕਹਾਣੀਆਂ

ਪ੍ਰਗਤੀ ਪ੍ਰਕਾਸ਼ਨ

ਮਾਸਕੋ

ਅਨੁਵਾਦਕ: ਗੁਰੂਬਖਸ਼

ਰੂਪਕਰ: ਗ. ਯੂਦਿਨ

М. Горький

ИЗБРАННЫЕ РАССКАЗЫ

на языке панджаби

₹250

© ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ੧੯੭੭
ਸੋਵੀਅਤ ਯੂਨੀਅਨ ਵਿਚ ਛਪਿਆ

$\Gamma\frac{70302-132}{016(01)-77}751-77$

ਤਤਕਰਾ

	ਸਫਾ
ਮਕਰ ਚੂਦਰਾ	੧੪
ਲੂਣੀ ਦਲਦਲ	੩੪
ਬਾਜ਼ ਦਾ ਗੀਤ	੫੨
ਚੇਲਕਾਸ਼	੬੨
ਬੁਢੀ ਇਜ਼ਰਗੀਲ	੧੦੮
ਅਕੇਵੇਂ ਦੇ ਮਾਰੇ	੧੪੦
ਓਰਲੋਵ ਦੰਪਤੀ	੧੬੬
ਤੂਫ਼ਾਨੀ ਪੇਤਰੇਲ ਦਾ ਗੀਤ	੨੪੪
ਇਟਲੀ ਦੀਆਂ ਕਥਾਵਾਂ	੨੪੮
ਮਨੁੱਖ ਦਾ ਜਨਮ	੨੭੮

ਗੋਰਕੀ ਤੇ ਭਾਰਤ

੧੯੬੮ ਵਿਚ ਜਦੋਂ ਗੋਰਕੀ ਦੀ ਜਨਮ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਇਸਦੇ ਸੰਬੰਧ ਵਿਚ "ਸੋਵੇਤਸਕਾਯਾ ਕੁਲਤੂਰਾ" (ਸੋਵੀਅਤ ਸਭਿਆਚਾਰ) ਦੇ ਇਕ ਅੰਕ ਵਿਚ ਖ਼ਵਾਜਾ ਅਹਿਮਦ ਅੱਬਾਸ ਦਾ ਇਕ ਲੇਖ ਛਪਿਆ ਸੀ। ਲੇਖ ਦਾ ਆਰੰਭ ਬੜਾ ਦਿਲਚਸਪ ਸੀ। "ਦੁਨੀਆਂ ਦੇ ਕਿਹੜੇ ਤਿੰਨ ਲੇਖਕਾਂ ਨੇ ਤੁਹਾਨੂੰ ਸਭ ਤੋਂ ਵਧ ਪ੍ਰਭਾਵਤ ਕੀਤਾ ਹੈ? ਇਹ ਸਵਾਲ ਪੁੱਛਣ ਉਤੇ ਤੁਹਾਨੂੰ ਸ਼ਾਇਦ ਇਹ ਜਵਾਬ ਮਿਲੇਗਾ—

'ਮੈਕਸਿਮ ਗੋਰਕੀ, ਟਾਮਸ ਮਾਨ ਤੇ ਬਰਨਾਰਡ ਸ਼ਾ।'

ਜਾਂ

'ਲਿਓ ਤਾਲਸਤਾਏ, ਹਰਬਰਟ ਵੈਲਸ ਤੇ ਮੈਕਸਿਮ ਗੋਰਕੀ।

ਜਾਂ

ਚਾਰਲਸ ਡਿਕਨਜ਼, ਅਰਨਸਟ ਹੈਮਿੰਗਵੇ ਤੇ ਮੈਕਸਿਮ ਗੋਰਕੀ।'

ਜਾਂ।

'ਗਾਲਸਵਰਸੀ, ਫ਼ਰਾਂਜ਼ ਕਾਫ਼ਕਾ ਤੇ ਮੈਕਸਿਮ ਗੋਰਕੀ',

ਹਰ ਵਾਰ ਤਿੰਨਾਂ ਵਿਚੋਂ ਇਕ ਨਾਂ ਲਾਜ਼ਮੀ ਤੌਰ ਉਤੇ ਮੈਕਸਿਮ ਗੋਰਕੀ ਦਾ ਹੋਵੇਗਾ।"

ਖ਼ਵਾਜਾ ਅਹਿਮਦ ਅੱਬਾਸ ਦੇ ਉਪ੍ਰੋਕਤ ਲੇਖ ਤੋਂ ਕਈ ਸਾਲ ਪਹਿਲਾਂ ਮੁਮਤਾਜ਼ ਹੁਸੈਨ ਨੇ ਆਪਣੇ ਲੇਖ "ਗੋਰਕੀ—ਜੀਵਨ ਤੇ ਸਾਹਿਤ" ਵਿਚ ਕੁਝ ਇਸੇ ਤਰ੍ਹਾਂ ਦੇ ਹਾਵਭਾਵ ਪ੍ਰਗਟ ਕੀਤੇ ਸਨ। ਉਹਨਾਂ ਨੇ ਲਿਖਿਆ ਸੀ ਕਿ "ਜੇ ਭਾਰਤ ਦੇ ਪੜ੍ਹੇ-ਲਿਖੇ ਲੋਕਾਂ ਤੋਂ ਇਹ ਪੁਛਿਆ ਜਾਏ ਕਿ ਉਹ ਆਪਣੇ ਦੇਸ ਤੋਂ ਬਾਹਰ ਦੁਨੀਆਂ ਦੇ ਕਿਹੜੇ ਕਿਹੜੇ ਲੇਖਕਾਂ ਨੂੰ ਜਾਣਦੇ ਨੇ, ਤਾਂ ਸ਼ੇਕਸਪੀਅਰ ਤੋਂ ਪਿਛੋਂ ਉਹਨਾਂ ਦੀ ਬਹੁ-ਗਿਣਤੀ ਮੈਕਸਿਮ ਗੋਰਕੀ ਦਾ ਨਾਂ ਲਵੇਗੀ।"

ਮੁਮਤਾਜ਼ ਹੁਸੈਨ ਦੇ ਉਪ੍ਰੋਕਤ ਕਥਨ ਤੋਂ ਬਹੁਤ ਸਾਲ ਪਹਿਲਾਂ, ੧੯੩੬ ਵਿਚ ਮੈਕਸਿਮ ਗੋਰਕੀ ਦੇ ਦੇਹਾਂਤ ਉਤੇ, ਭਾਰਤ ਦੇ ਮਹਾਨ ਲੇਖਕ ਪ੍ਰੇਮ ਚੰਦ ਨੇ ਗੋਰਕੀ ਤੇ ਉਸਦੇ ਸਾਹਿਤ ਬਾਰੇ ਆਪਣੀ ਪਤਨੀ ਨੂੰ ਹੇਠ ਲਿਖੇ ਸ਼ਬਦ ਕਹੇ ਸਨ:

"ਜਦੋਂ ਹਰ ਘਰ ਵਿਚ ਵਿਦਿਆ ਦਾ ਪ੍ਰਚਾਰ ਹੋ ਜਾਏਗਾ, ਤਾਂ ਕੀ ਗੋਰਕੀ ਦਾ ਪ੍ਰਭਾਵ ਹਰ ਘਰ ਵਿਚ ਨਾ ਪੁਜ ਜਾਇਗਾ? ਉਹ ਵੀ ਤੁਲਸੀ-ਸੂਰਦਾਸ ਵਾਂਗ ਚਾਰੇ ਪਾਸੇ ਪੂਜਿਆ ਜਾਵੇਗਾ।"

ਇਹ ਇਕ ਮਹਾਨ ਲੇਖਕ ਦੀ ਸੰਸਾਰ ਸਾਹਿਤ ਦੀ ਇਕ ਹੋਰ ਮਹਾਨ ਹਸਤੀ ਪ੍ਰਤਿ ਸ਼ਰਧਾਂਜਲੀ ਵੀ ਸੀ ਤੇ ਨਾਲ ਹੀ ਭਵਿਖਬਾਣੀ ਵੀ। ਇਹ ਭਵਿਖਬਾਣੀ ਸੱਚ ਦਾ ਰੂਪ ਧਾਰਨ ਕਰ ਚੁਕੀ ਹੈ। ਪ੍ਰੇਮ ਚੰਦ ਦੇ ਸਮੇਂ, ਹੀ ਗੋਰਕੀ ਭਾਰਤ ਵਿਚ ਬਹੁਤ ਹਰ-ਮਨ-ਪਿਆਰੇ ਸਨ ਤੇ ਆਜ਼ਾਦ ਭਾਰਤ ਵਿਚ ਵਧਦੀ ਹੋਈ ਅੱਖਰਬੋਧਤਾ ਦੇ ਨਾਲ ਨਾਲ ਗੋਰਕੀ ਦੇ ਸਾਹਿਤ ਦੀ ਲੋਕ-ਪ੍ਰਿਅਤਾ ਵੀ ਵਧਦੀ ਜਾ ਰਹੀ ਹੈ।

ਹੁਣ ਆਓ ਇਸ ਬਾਰੇ ਵਿਚਾਰ ਕਰੀਏ ਕਿ ਗੋਰਕੀ ਦੇ ਇਉਂ ਹਰ-ਮਨ-ਪਿਆਰੇ ਹੋਣ ਦਾ ਕਾਰਨ ਕੀ ਹੈ।

ਮੈਨੂੰ ਜਾਪਦਾ ਹੈ ਕਿ ਇਸਦਾ ਮੁਖ ਕਾਰਨ ਗੋਰਕੀ ਦੇ ਰੂਸ ਤੇ ਮੌਜੂਦਾ ਭਾਰਤ ਦੀਆਂ ਰਾਜਨੀਤਕ, ਆਰਥਕ ਤੇ ਸਮਾਜਕ ਹਾਲਤਾਂ ਦਾ ਇਕੋ ਜਿਹਾ ਹੋਣਾ ਤੇ ਗੋਰਕੀ ਦੀਆਂ ਰਚਨਾਵਾਂ ਵਿਚ ਅਜਿਹੇ ਵਿਆਪਕ ਤੱਤਾਂ ਦਾ ਪ੍ਰਗਟ ਹੋਣਾ ਹੈ ਜਿਹੜੇ ਕਿਸੇ ਦੇਸ ਦੇ ਜੀਵਨ ਨਾਲ ਸੰਬੰਧ ਰਖਦੇ ਹੋਏ ਵੀ ਸਰਬਵਿਆਪੀ ਹੁੰਦੇ ਹਨ। ਰੂਸ ਵਿਚ

ਜ਼ਾਰ ਦੀ ਨਿਰੰਕੁਸ਼ ਸੱਤਾ ਤੋਂ ਮੁਕਤੀ ਪ੍ਰਾਪਤ ਕਰਨ ਦਾ ਜਿਹੜਾ ਘੋਲ ੧੮੨੫ ਦੇ ਦਸੰਬਰਵਾਦੀ ਵਿਦਰੋਹ ਨਾਲ ਸ਼ੁਰੂ ਹੋਇਆ ਸੀ ਤੇ ਜਿਸਨੂੰ ਹਰਜ਼ਨ, ਦੋਬਰੋਲਿਊਬੋਵ ਤੇ ਚੇਰਨੀਸ਼ੇਵਸਕੀ ਵਰਗੇ ਚਿੰਤਕ-ਅੰਦੋਲਨਕਾਰੀਆਂ ਨੇ ਅੱਗੇ ਖੜਿਆ ਸੀ, ਉਹ ਗੋਰਕੀ ਦੇ ਸਮੇਂ ਤਕ ਮਾਰਕਸਵਾਦੀ ਘੁਲਾਟੀਆਂ ਤੇ ਮਜ਼ਦੂਰ ਅੰਦੋਲਨ ਦੇ ਰੂਪ ਵਿਚ ਬਹੁਤ ਹੀ ਠੋਸ ਰੂਪ ਧਾਰਨ ਕਰ ਚੁਕਾ ਸੀ। ਇਹ ੧੯-ਵੀਂ ਸਦੀ ਦੇ ਅਖ਼ੀਰ ਤੇ ੨੦-ਵੀਂ ਸਦੀ ਦੇ ਸ਼ੁਰੂ ਦੀ ਗੱਲ ਸੀ। ਉਸ ਸਮੇਂ ਦਾ ਭਾਰਤ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਏਨਾਂ ਜਾਗ੍ਰਿਤ ਨਹੀਂ ਸੀ, ਪਰ ਤਾਂ ਵੀ ੧੮੮੫ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਹੋ ਚੁਕੀ ਸੀ, ਜਿਸਦੀ ਅਗਵਾਈ ਹੇਠ ਅੱਗੇ ਚੱਲ ਕੇ ਭਾਰਤ ਦੀ ਜਨਤਾ ਨੇ ਵਡੇ ਪੈਮਾਨੇ ਉਤੇ ਅੰਗਰੇਜ਼ ਸਾਮਰਾਜੀਆਂ ਦੇ ਖ਼ਿਲਾਫ਼ ਆਜ਼ਾਦੀ ਦੀ ਲੜਾਈ ਲੜੀ, ਵੀਹਵੀਂ ਸਦੀ ਦੇ ਸ਼ੁਰੂ ਵਿਚ ਤਿਲਕ ਤੇ ਉਸਦੇ ਸਮਰਥਕਾਂ ਦੇ ਰੂਪ ਵਿਚ ਕਾਂਗਰਸ ਵਿਚ ਗਰਮਦਲ ਦਾ ਜਨਮ ਹੋ ਚੁਕਾ ਸੀ, "ਸਵਰਾਜ ਲਈ ਲੜੋ, ਭਿਖਿਆ ਨਾ ਮੰਗੋ," ਤਿਲਕ ਦਾ ਇਹ ਨਾਅਰਾ ਲੋਕਾਂ ਦੀ ਜ਼ਬਾਨ ਉਤੇ ਚੜ੍ਹ ਚੁੱਕਾ ਸੀ, ਸਵਦੇਸ਼ੀ ਲਹਿਰ ਸ਼ੁਰੂ ਹੋ ਚੁਕੀ ਸੀ, ਬਹੁਤ ਸਾਰੀਆਂ ਇਨਕਲਾਬੀ ਕਾਰਵਾਈਆਂ ਹੋ ਚੁਕੀਆਂ ਸਨ ਤੇ ੧੯੦੮ ਵਿਚ ਜਦੋਂ ਅੰਗਰੇਜ਼ਾਂ ਦੀ ਸਾਮਰਾਜੀ ਸਰਕਾਰ ਨੇ ਤਿਲਕ ਨੂੰ ਮਾਂਡਲੇ ਜਲਾਵਤਨ ਕਰ ਦਿਤਾ ਤਾਂ ਬੰਬਈ ਦੇ ਮਜ਼ਦੂਰਾਂ ਨੇ ਬਹੁਤ ਵਡੀ ਹੜਤਾਲ ਕੀਤੀ ਸੀ, ਜਿਸਦਾ ਲੈਨਿਨ ਨੇ ਵੀ ਭਾਰੀ ਉਤਸ਼ਾਹ ਨਾਲ ਸਵਾਗਤ ਕੀਤਾ ਸੀ। ਆਰਥਕ ਦ੍ਰਿਸ਼ਟੀਕੋਣ ਤੋਂ ਵੀ, ਭਾਵੇਂ ਗੋਰਕੀ ਦੇ ਸਮੇਂ ਦਾ ਰੂਸ ਭਾਰਤ ਤੋਂ ਉੱਨਤ ਸੀ, ਕਿਉਂਕਿ ਉਥੇ ਸਰਮਾਏਦਾਰੀ ਦਾ ਵਧੇਰੇ ਵਿਕਾਸ ਹੋ ਚੁਕਿਆ ਸੀ, ਵਡੇ ਪੈਮਾਨੇ ਦੀਆਂ ਸਨਅਤਾਂ ਦੀ ਕਾਫ਼ੀ ਸਥਾਪਨਾ ਹੋ ਚੁਕੀ ਸੀ ਤੇ ਇਸਦੇ ਨਾਲ ਹੀ ਸਰਮਾਏਦਾਰੀ ਦੀ ਕਬਰ ਪੁੱਟਣ ਵਾਲੀ ਪ੍ਰੋਲਤਾਰੀ ਜਮਾਤ ਕਿਤੇ ਜ਼ਿਆਦਾ ਵਧ ਚੁਕੀ ਤੇ ਸੰਗਠਤ ਹੋ ਚੁਕੀ ਸੀ, ਤਾਂ ਵੀ ਰੂਸ ਆਰਥਕ ਦ੍ਰਿਸ਼ਟੀਕੋਣ ਤੋਂ ਪਛੜਿਆ ਹੋਇਆ ਖੇਤੀ-ਪ੍ਰਧਾਨ ਦੇਸ ਸੀ, ਉਥੇ ਲੁੱਟ-ਖਸੁੱਟ, ਗ਼ਰੀਬੀ, ਬੇਰੁਜ਼ਗਾਰੀ, ਭੁਖ, ਕਾਲ ਤੇ ਬੀਮਾਰੀਆਂ ਦਾ ਬੋਲਬਾਲਾ ਸੀ। ਖ਼ੁਦ ਗੋਰਕੀ ਦਾ ਜੀਵਨ ਵੀ ਇਸ ਸਭ ਕੁਝ ਨੂੰ ਸਾਕਾਰ ਕਰਦਾ ਸੀ। ਭਾਰਤ ਵਿਚ ਇਹ ਸਭ ਕੁਝ ਹੋਰ ਵੀ ਜ਼ਿਆਦਾ ਸੀ। ਸਮਾਜਕ ਦ੍ਰਿਸ਼ਟੀਕੋਣ ਤੋਂ ਵੀ, ਦੂਹਾਂ ਦੇਸਾਂ ਦੇ

ਲੋਕ ਅਨਪੜ੍ਹਤਾ, ਅੰਧਵਿਸ਼ਵਾਸ ਤੇ ਧਾਰਮਕ ਪਖੰਡਾਂ ਦਾ ਸ਼ਿਕਾਰ ਹੋਏ ਹੋਏ ਸਨ। ਇਸ ਲਈ ਗੋਰਕੀ ਨੇ ਆਪਣੇ ਦੇਸ ਤੇ ਆਪਣੇ ਦੌਰ ਦੇ ਜਿਸ ਵਾਤਾਵਰਨ ਤੋਂ ਪ੍ਰੇਰਤ ਹੋ ਕੇ ਸਾਹਿਤ ਸਿਰਜਣਾ ਕੀਤੀ ਸੀ, ਉਹ ਅਸਲ ਵਿਚ ਭਾਰਤ ਤੇ ਦੁਨੀਆਂ ਦੇ ਕਈ ਦੂਜੇ ਦੇਸਾਂ ਦੀ ਵੀ ਹੋਣੀ ਸੀ। ਇਹੋ ਕਾਰਨ ਹੈ ਕਿ ਗੋਰਕੀ ਦਾ ਸਾਹਿਤ ਏਨੇ ਵਿਆਪਕ ਰੂਪ ਵਿਚ ਭਾਰਤੀਆਂ ਦੇ ਦਿਲਾਂ ਉਤੇ ਅਸਰ ਕਰ ਗਿਆ। ਉਦਾਹਰਣ ਵਜੋਂ ਜਦੋਂ "ਬੁਢੀ ਇਜ਼ਰਗੀਲ" ਕਹਾਣੀ ਦੇ ਤੀਜੇ ਹਿੱਸੇ ਦਾ ਨਾਇਕ ਦਾਨਕੋ "ਕਿਸੇ ਵੀ ਤਰ੍ਹਾਂ ਦੇ ਇਨਾਮ ਦੀ ਆਸ਼ਾ ਨਾ ਕਰਦਿਆਂ" ਆਪਣੀ ਜਨਤਾ ਦੇ ਸੁਤੰਤਰਤਾ ਸੰਗਰਾਮ ਦੀ ਅਗਵਾਈ ਕਰਦਿਆਂ ਆਪਣੀ ਜਾਨ ਦੇ ਦੇਂਦਾ ਹੈ, ਤਾਂ ਉਹ ਐਸੇ ਨਾਇਕਾਂ ਦਾ ਚਿੰਨ੍ਹ ਬਣ ਕੇ ਸਾਮ੍ਹਣੇ ਆਉਂਦਾ ਹੈ ਜਿਹੜੇ ਅਸਲੀ ਅਰਥਾਂ ਵਿਚ ਦੇਸਭਗਤ ਅਖਵਾਉਣ ਦੇ ਹੱਕਦਾਰ ਹਨ ਤੇ ਜਿਨ੍ਹਾਂ ਦੀ ਹਰ ਯੁਗ ਤੇ ਹਰ ਦੇਸ ਵਿਚ ਪੂਜਾ ਹੁੰਦੀ ਆਈ ਹੈ। ਭਾਰਤ ਵਿਚ ਵੀ ਬਹੁਤ ਸਾਰੇ ਦੇਸਭਗਤ ਇਸੇ ਤਰ੍ਹਾਂ ਸੁਤੰਤਰਤਾ ਦੀ ਵੇਦੀ ਉਤੇ ਬਲੀਦਾਨ ਹੋ ਰਹੇ ਸਨ। ਆਜ਼ਾਦੀ ਦੀ ਇਸੇ ਤੀਬਰ ਅਭਿਲਾਸ਼ਾ ਦਾ ਅਹਿਸਾਸ ਸਾਨੂੰ "ਮਕਰ ਚੁਦਰਾ" ਦੇ ਨਾਇਕ ਤੇ ਨਾਇਕਾ ਵਿਚ ਹੁੰਦਾ ਹੈ। "ਬਾਜ਼ ਦਾ ਗੀਤ" ਤੇ "ਤੂਫ਼ਾਨੀ ਪੇਤਰੇਲ ਦਾ ਗੀਤ" ਵਰਗੇ ਰੂਪਕ ਤਾਂ ਕਿਸੇ ਵੀ ਸੁਤੰਤਰਤਾ ਪਰੇਮੀ ਲਈ ਪ੍ਰੇਰਨਾ ਬਣ ਸਕਦੇ ਨੇ। ਇਹ ਹੌਸਲਾ ਤੇ ਹਿੰਮਤ ਦੇਂਦੇ ਨੇ ਤੇ ਰਣਭੂਮੀ ਵਿਚ ਨਿੱਤਰਨ ਤੇ ਡਟ ਕੇ ਲੜਨ ਦੀ ਪ੍ਰੇਰਨਾ ਦੇਂਦੇ ਨੇ। "ਤੂਫ਼ਾਨ। ਖੂਬ ਜ਼ੋਰ-ਸ਼ੋਰ ਨਾਲ ਆਏ ਤੂਫ਼ਾਨ!" ਹਰ ਰੂਸੀ ਵਾਂਗ ਹਰ ਭਾਰਤੀ ਵੀ ਇਨਕਲਾਬ ਦੇ ਇਸ ਤੂਫ਼ਾਨ ਦਾ ਸੱਦਾ ਦੇਂਦਾ ਸੀ। ਭਾਰਤ ਦੀ ਇਕ ਪ੍ਰਸਿਧ ਇਨਕਲਾਬੀ ਸ੍ਰੀਮਤੀ ਕਾਮਾ ਹਿੰਮਤੀਆਂ ਦੀ ਭਾਵਨਾ ਵਾਲੇ "ਬਾਜ਼ ਦੇ ਗੀਤ" ਉਤੇ ਮੁਗਧ ਸੀ ਗੋਰਕੀ ਦੇ ਤਿਲਛਟੀ ਪਾਤਰਾਂ ਵਿਚ ਵੀ, ਜਿਹੜੇ ਯਕੀਨਨ ਨਮੂਨੇ ਜਾਂ ਆਦਰਸ਼ ਪਾਤਰ ਨਹੀਂ, ਸਾਨੂੰ ਇਹੋ ਜਿਹੇ ਗੁਣ ਦਿਖਾਈ ਦੇਂਦੇ ਹਨ ਜਿਹੜੇ ਮਨੁਖ ਦੇ ਉਜਲੇ ਪੱਖਾਂ ਨੂੰ ਉਭਾਰਦੇ ਹਨ, ਉਹ ਦਿਖਾਉਂਦੇ ਹਨ ਕਿ ਜੀਵਨ ਦੀਆਂ ਬੇਹਦ ਪ੍ਰਤਿਕੂਲ ਤੇ ਘਟੀਆ ਹਾਲਤਾਂ ਦੇ ਬਾਵਜੂਦ ਵੀ ਉਹ ਆਪਣਾ ਮਾਨਵੀ ਰੂਪ ਬਚਾਈ ਰਖਦੇ ਹਨ, ਆਜ਼ਾਦੀ ਨੂੰ ਪਿਆਰ ਕਰਦੇ ਹਨ, ਲਾਲਚ, ਘਟੀਆਪੁਣੇ ਤੇ ਨਿੱਜੀ ਸੁਆਰਥ ਤੋਂ ਉੱਚਾ ਉੱਠ ਸਕਦੇ ਹਨ। ਇਹੀ ਹਨ

ਉਹ ਮਾਨਵੀ ਗੁਣ ਜਿਹੜੇ ਗੋਰਕੀ ਤੇ ਉਸਦੇ ਸਾਹਿਤ ਨੂੰ ਹਰ-ਮਨ-ਪਿਆਰਾ ਬਣਾਉਂਦੇ ਹਨ। "ਚੇਲਕਾਸ਼" ਇਹੋ ਜਿਹੀਆਂ ਕਹਾਣੀਆਂ ਦੀ ਬਹੁਤ ਹੀ ਸੁੰਦਰ ਉਦਾਹਰਣ ਹੈ। ਗੋਰਕੀ ਦੀਆਂ ਕਹਾਣੀਆਂ ਦੇ ਬਹੁਤੇ ਪਾਤਰਾਂ ਵਿਚ ਜੀਵਨ ਨੂੰ ਚੰਗੇਰਿਆਂ ਬਨਾਉਣ, ਉਸਦਾ ਰੂਪ ਬਦਲਣ, ਉਸਨੂੰ ਨਵੇਂ ਸੱਚੇ ਵਿਚ ਢਾਲਣ ਦੀ ਤੜਪ ਤੇ ਬਿਹਬਲਤਾ ਪਾਈ ਜਾਂਦੀ ਹੈ। "ਓਰਲੋਵ ਦੰਪਤੀ" ਦਾ ਓਰਲੋਵ ਇਸੇਤਰ੍ਹਾਂ ਦੀ ਹੀ ਇੱਛਾ ਨਾਲ ਉੱਬਲਦਾ ਹੋਇਆ ਲਗਦਾ ਹੈ। ਉਹ ਕਹਿੰਦਾ ਹੈ ਕਿ "ਮੇਰੀ ਆਤਮਾ ਜਗ ਰਹੀ ਹੈ... ਇਹ ਵਿਸਥਾਰ ਚਾਹੁੰਦੀ ਹੈ... ਮੈਂ ਆਪਣੇ ਵਿਚ ਅਸੀਮਤ ਸ਼ਕਤੀ ਅਨੁਭਵ ਕਰਦਾ ਹਾਂ...।" ਸਾਡੇ ਪ੍ਰਸਿਧ ਸਮਕਾਲੀ ਲੇਖਕ ਕ੍ਰਿਸ਼ਨ ਚੰਦਰ ਦਾ ਇਹ ਕਥਨ ਬਿਲਕੁਲ ਠੀਕ ਹੈ ਕਿ "ਗੋਰਕੀ ਦੇ ਪਾਤਰ ਅਮਾਨਵੀ, ਗ਼ਰੀਬੀ ਤੇ ਪਤਨ ਦੀਆਂ ਹਾਲਤਾਂ ਵਿਚ ਰਹਿੰਦੇ ਹੋਏ ਵੀ ਉਹਨਾਂ ਦੇ ਵਿਰੁਧ ਘੋਲ ਕਰਦੇ ਹਨ, ਉਹ ਵਖਰੇ ਤੇ ਚੰਗੇਰੇ ਲੋਕ ਬਨਣਾ ਚਾਹੁੰਦੇ ਹਨ।" ਪ੍ਰਸਿਧ ਆਲੋਚਕ ਅੰਮ੍ਰਿਤ ਰਾਏ ਦਾ ਇਹ ਕਥਨ ਬਹੁਤ ਠੀਕ ਲਗਦਾ ਹੈ ਕਿ "ਗੋਰਕੀ ਆਪਣੀਆਂ ਰਚਨਾਵਾਂ ਵਿਚ ਮੌਤ ਉਤੇ ਜ਼ਿੰਦਗੀ ਦਾ ਝੰਡਾ ਗੱਡਦੇ ਹੋਏ ਲਗਦਾ ਹੈ।"

ਹਾਂ, ਗੋਰਕੀ ਦੇ ਨਾਇਕ, ਉਸਦੇ ਪਾਤਰ ਜੀਵਨ ਲਈ ਉਤਸ਼ਾਹ ਨਾਲ ਭਰੇ ਹੋਏ ਹਨ, ਉਹ ਉਸਨੂੰ ਬਦਲਣਾ ਚਾਹੁੰਦੇ ਹਨ, ਚੰਗੇਰਾ ਬਨਾਉਣਾ ਚਾਹੁੰਦੇ ਹਨ। ਪਰ ਕਿਵੇਂ? ਕੀ ਉਹਨਾਂ ਦੀ ਇਹ ਇੱਛਾ ਹਵਾਈ ਹੀ ਹੈ? ਜੇ "ਓਰਲੋਵ ਦੰਪਤੀ" ਕਹਾਣੀ ਦਾ ਓਰਲੋਵ ਇਸ ਸਵਾਲ ਦਾ ਜਵਾਬ ਨਹੀਂ ਜਾਣਦਾ, ਤਾਂ "ਟੱਕਰ" ਨਾਟਕ ਦਾ ਨਾਇਕ ਨੀਲ ਇਸਦਾ ਉੱਤਰ ਜਾਣਦਾ ਹੈ, ਜਦੋਂ ਉਹ ਕਹਿੰਦਾ ਹੈ ਕਿ "ਜਿਹੜਾ ਕੰਮ ਕਰਦਾ ਹੈ, ਉਹੀ ਮਾਲਕ ਹੈ।" ਯਕੀਨਨ, ਸਮਾਜ ਨੂੰ ਬਨਾਉਣ ਵਾਲੇ ਦੂਜਿਆਂ ਦੀ ਮਿਹਨਤ ਉਤੇ ਜਿਊਣ ਵਾਲੇ ਲੋਟੂ ਨਹੀਂ, ਸਗੋਂ ਮਿਹਨਤ ਨਾਲ ਧਨ ਪੈਦਾ ਕਰਨ ਵਾਲੇ ਕਾਮੇ ਹਨ। "ਮਾਂ" ਨਾਵਲ ਦਾ ਨਾਇਕ ਪਾਵੇਲ ਵਲਾਸੋਵ ਤਾਂ ਹੋਰ ਵੀ ਸਪਸ਼ਟ ਤਰ੍ਹਾਂ ਇਸ ਗੱਲ ਨੂੰ ਸਮਝਦਾ ਹੈ। ਉਹ ਜਾਣਦਾ ਹੈ ਕਿ ਸਰਮਾਏਦਾਰ ਸਮਾਜ ਨੂੰ ਬਦਲਣ ਤੋਂ ਬਿਨਾਂ ਲੁੱਟ-ਖਸੁੱਟ ਦਾ ਸ਼ਿਕਾਰ ਹੋਏ ਤੇ ਦੱਬੇ-ਕੁਚਲੇ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ। ਭਾਰਤ ਦੇ ਸਾਧਾਰਨ ਕਾਮੇ ਤਾਂ ਦੂਹਰੀ ਲੁੱਟ ਦੀ ਚੱਕੀ ਵਿਚ ਪਿਸ ਰਹੇ ਸਨ, ਅੰਗਰੇਜ਼ੀ ਸਾਮਰਾਜ ਦੀ ਚੱਕੀ ਵਿਚ ਤੇ

ਭਾਰਤੀ ਭੂਮੀਪਤੀਆਂ ਤੇ ਵਧਦੇ ਸਰਮਾਏਦਾਰਾਂ ਦੀ ਚੱਕੀ ਵਿਚ। ਇਸੇ ਲਈ ਰੂਸ ਤੇ ਦੁਨੀਆਂ ਦੇ ਦੂਜੇ ਦੇਸਾਂ ਦੀ ਤਰ੍ਹਾਂ, ਭਾਰਤ ਦੇ ਇਨਕਲਾਬੀਆਂ, ਸਮਾਜਵਾਦੀਆਂ ਤੇ ਮਜ਼ਦੂਰ ਲਹਿਰ ਦੇ ਸਰਗਰਮ ਕਾਰਕੁਨਾਂ ਤੇ ਮਜ਼ਦੂਰਾਂ ਨੇ ਬੜੇ ਉਤਸ਼ਾਹ ਨਾਲ "ਮਾਂ" ਦਾ ਸਵਾਗਤ ਕੀਤਾ, ਉਸਨੂੰ ਪੜ੍ਹਿਆ ਤੇ ਹੁਣ ਵੀ ਇਸਨੂੰ ਪੜ੍ਹਿਆ ਜਾ ਰਿਹਾ ਹੈ, ਇਸਤੋਂ ਪ੍ਰੇਰਨਾ ਲਈ ਜਾ ਰਹੀ ਹੈ।

ਗੋਰਕੀ ਦੇ ਸਾਹਿਤ ਦਾ ਇਕ ਵਿਆਪਕ ਤੱਤ ਹੈ—ਮਾਨਵਵਾਦ। ਉਹ ਮਨੁਖ ਤੇ ਉਸਦੇ ਵੱਕਾਰ ਨੂੰ ਸਭ ਤੋਂ ਉੱਚੀ ਥਾਂ ਦੇਂਦਾ ਹੈ। ਮਨੁੱਖ ਦੀ ਪ੍ਰਤਿਸ਼ਠਾ ਦੇ ਉਸਨੇ ਬੜੇ ਜ਼ੋਰਦਾਰ ਲਫਜ਼ਾਂ ਵਿਚ ਸੋਹਿਲੇ ਗਾਏ ਹਨ। "ਮਨੁੱਖ—ਕਿੰਨਾਂ ਅਦਭੁਤ ਹੈ! ਮਨੁੱਖ—ਕਿਹੋ ਜਿਹੀ ਮਾਣ ਭਰੀ ਗੂੰਜ ਹੈ ਇਸ ਸ਼ਬਦ ਵਿਚ।" ਇਸ ਪਖੋਂ ਗੋਰਕੀ ਨੇ ਮਹਾਨ ਰੂਸੀ ਸਾਹਿਤ ਤੇ ਸੰਸਾਰ ਸਾਹਿਤ ਦੀ ਪ੍ਰੰਪਰਾ ਨੂੰ ਅੱਗੇ ਵਧਾਇਆ ਹੈ। ਪਰ ਗੋਰਕੀ ਦਾ ਮਾਨਵਵਾਦ ਸਰਗਰਮ ਮਾਨਵਵਾਦ ਹੈ, ਉਹ ਮਨੁੱਖ ਲਈ ਦਇਆ ਉਤੇ ਨਹੀਂ, ਸਗੋਂ ਉਸ ਲਈ ਆਦਰ ਦੀ ਭਾਵਨਾ ਉਤੇ ਆਧਾਰਤ ਹੈ। "ਵਿਅਕਤੀ ਦਾ ਆਦਰ ਕਰਨਾ ਚਾਹੀਦਾ ਹੈ! ਦਇਆ ਨਹੀਂ... ਦਇਆ ਨਾਲ ਉਸਦੀ ਬੇਇਜ਼ਤੀ ਨਾ ਕਰੋ... ਉਸਦਾ ਆਦਰ ਕਰਨਾ ਚਾਹੀਦਾ ਹੈ!" ਮਨੁਖ ਦੇ ਵੱਕਾਰ ਤੇ ਪ੍ਰਤਿਸ਼ਠਾ ਉਤੇ ਜਦੋਂ ਵਾਰ ਹੁੰਦਾ ਹੈ ਤਾਂ ਗੋਰਕੀ ਉਸਦੀ ਰਖਿਆ ਲਈ ਘੋਲ ਕਰਨ ਦਾ ਸੱਦਾ ਦੇਂਦਾ ਹੈ ਤੇ ਵਿਸ਼ਵਾਸ ਪੈਦਾ ਕਰਦਾ ਹੈ ਕਿ ਇਸ ਘੋਲ ਦਾ ਅੰਤ ਯਕੀਨਨ ਹੀ ਜਿੱਤ ਵਿਚ ਹੋਵੇਗਾ। ਸੱਜਾਦ ਜ਼ਹੀਰ ਦੇ ਇਹ ਸ਼ਬਦ ਬਿਲਕੁਲ ਠੀਕ ਹਨ ਕਿ "ਗੋਰਕੀ ਨੇ ਮਾਨਵ-ਆਤਮਾ ਵਿਚ ਵਿਸ਼ਵਾਸ ਪੈਦਾ ਕੀਤਾ।" ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਭਾਰਤੀ ਲੇਖਕਾਂ ਦੀ ਇਕ ਪੂਰੀ ਪੀੜ੍ਹੀ ਹੀ ਗੋਰਕੀ ਦੀਆਂ ਰਚਨਾਵਾਂ ਤੋਂ ਪ੍ਰਭਾਵਤ ਹੋਈ ਹੈ। ਜਦੋਂ ਤੱਕ ਬੇਇਨਸਾਫ਼ੀ, ਨਾਬਰਾਬਰੀ, ਮਨੁੱਖ ਦੀ ਨਾਕਦਰੀ, ਕੌਮੀ ਵਿਤਕਰਿਆਂ ਦੇ ਵਿਰੁਧ ਤੇ ਉਜਲੇ ਭਵਿਖ ਤੇ ਚੰਗੇਰੇ ਜੀਵਨ ਲਈ ਘੋਲ ਹੁੰਦਾ ਰਹੇਗਾ, ਗੋਰਕੀ ਦੀਆਂ ਰਚਨਾਵਾਂ ਸਾਨੂੰ ਪ੍ਰੇਰਨਾ ਦੇਂਦੀਆਂ ਰਹਿਣਗੀਆਂ।

ਸੋ ਇਸਤਰ੍ਹਾਂ ਗੋਰਕੀ ਦੇ ਹਥਲੇ ਕਹਾਣੀ ਸੰਗ੍ਰਹਿ ਦੇ ਸੰਬੰਧ ਵਿਚ ਮੈਂ ਇਹਨਾਂ ਕਹਾਣੀਆਂ ਤੇ ਗੋਰਕੀ ਦੀਆਂ ਦੂਜੀਆਂ ਰਚਨਾਵਾਂ ਵਿਚੋਂ ਕੁਝ ਉਦਾਹਰਣ ਦੇਂਦਿਆਂ

ਗੋਰਕੀ ਦੀ ਮਹਾਨ ਪ੍ਰਤਿਭਾ ਦੇ ਕੁਝ ਲੱਛਣਾਂ ਉਤੇ ਪ੍ਰਕਾਸ਼ ਪਾਉਣ ਤੇ ਭਾਰਤੀ ਪਾਠਕਾਂ ਵਿਚ ਉਸਦੇ ਹਰ-ਮਨ-ਪਿਆਰੇ ਹੋਣ ਦੇ ਕਾਰਨ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਮੈਨੂੰ ਆਸ ਹੈ ਕਿ ਗੋਰਕੀ ਦੀਆਂ ਰਚਨਾਵਾਂ ਦਾ ਰਸ ਮਾਨਣ ਵਿਚ ਪਾਠਕਾਂ ਨੂੰ ਇਸਤੋਂ ਕੁਝ ਸਹਾਇਤਾ ਮਿਲੇਗੀ। ਪਰ ਗੋਰਕੀ ਲਈ ਆਭਾਰ ਪ੍ਰਗਟ ਕਰਨ ਤੋਂ ਬਿਨਾਂ ਮੈਂ ਆਪਣੀ ਇਸ ਭੂਮਿਕਾ ਨੂੰ ਖ਼ਤਮ ਕਰਨਾ ਨਹੀਂ ਚਾਹਾਂਗਾ। ਅਸਲ ਵਿਚ ਗੱਲ ਆਭਾਰ ਦੀ ਵੀ ਨਹੀਂ, ਸਗੋਂ ਉਸ ਰਿਣ ਦੀ ਹੈ, ਜਿਸਨੂੰ ਅਸੀਂ ਭਾਰਤੀ ਕਦੀ ਨਹੀਂ ਉਤਾਰ ਸਕਦੇ। ਮੇਰਾ ਮਤਲਬ ਉਸ ਡੂੰਘੀ ਦਿਲਚਸਪੀ ਤੋਂ ਹੈ ਜਿਹੜੀ ਗੋਰਕੀ ਨੇ ਭਾਰਤ ਦੇ ਆਜ਼ਾਦੀ ਦੇ ਸੰਗਰਾਮ ਵਿਚ ਲਈ, ਉਸ ਉਤਸ਼ਾਹ ਤੋਂ ਹੈ ਜਿਸ ਨਾਲ ਉਸਨੇ ਭਾਰਤ ਦੀ ਪ੍ਰਾਚੀਨ ਸਭਿਅਤਾ ਤੇ ਸਾਹਿਤ ਦੀ ਨਿਰਖ-ਪਰਖ ਕੀਤੀ, ਆਪਣੇ ਅਨੇਕ ਲੇਖਾਂ ਵਿਚ ਭਾਰਤ ਦੀਆਂ ਪੁਰਾਤਨ ਪ੍ਰਾਪਤੀਆਂ ਦੀ ਖੁਲ੍ਹੇ ਦਿਲ ਨਾਲ ਸ਼ਲਾਘਾ ਕੀਤੀ ਤੇ ਇਸਤਰ੍ਹਾਂ ਜਿਥੇ ਸਦੀਆਂ ਦੀ ਬਸਤੀਵਾਦੀ ਗ਼ੁਲਾਮੀ ਹੇਠ ਪਿਸੇ, ਹੀਣ-ਬਿਰਤੀ ਦਾ ਸ਼ਿਕਾਰ ਤੇ ਨਿਰਉਤਸ਼ਾਹ ਹੋਏ ਭਾਰਤੀਆਂ ਵਿਚ ਵਿਸ਼ਵਾਸ ਤੇ ਸਵੈਮਾਨ ਦੀ ਭਾਵਨਾ ਪੈਦਾ ਕਰਨ ਵਿਚ ਸਹਾਇਤਾ ਦਿਤੀ, ਉਥੇ ਆਪਣੇ ਦੇਸਵਾਸੀਆਂ ਤੇ ਪੱਛਮੀ ਪਾਠਕਾਂ ਸਾਮ੍ਹਣੇ ਭਾਰਤ ਦਾ ਇਕ ਮਾਣ ਭਰਿਆ ਰੂਪ ਵੀ ਪੇਸ਼ ਕੀਤਾ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਗੋਰਕੀ ਦੇ ਸਰਗਰਮ ਸਹਿਯੋਗ ਦੀ ਉਦਾਹਰਣ ਉਹ ਲੇਖ ਹਨ, ਜਿਹੜੇ ਉਸਨੇ ੧੯੧੨-੧੯੧੩ ਵਿਚ "ਸਵਰੇਮੇਨਿਕ" (ਸਮਕਾਲੀ) ਰਸਾਲੇ ਦੇ ਤਿੰਨ ਅੰਕਾਂ ਵਿਚ ਲਿਖੇ। ਉਹਨਾਂ ਵਿਚ ਉਸਨੇ ਨਿਚੋੜ ਕਢਦਿਆਂ ਲਿਖਿਆ ਸੀ—"ਭਾਰਤ ਵਿਚ ਇਸ ਗੱਲ ਦਾ ਵਿਸ਼ਵਾਸ ਦੁਆਉਣ ਵਾਲੀ ਆਵਾਜ਼ ਦਿਨੋ ਦਿਨ ਵਧੇਰੇ ਜ਼ੋਰ ਫੜਦੀ ਜਾ ਰਹੀ ਹੈ ਕਿ ਹੁਣ ਉਹ ਸਮਾਂ ਆ ਗਿਆ ਹੈ ਜਦੋਂ ਭਾਰਤੀਆਂ ਲਈ ਸਮਾਜਕ ਤੇ ਰਾਜਨੀਤਕ ਉਸਾਰੀ ਦਾ ਕੰਮ ਆਪਣੇ ਹੱਥਾਂ ਵਿਚ ਲੈਣਾ ਜ਼ਰੂਰੀ ਹੋ ਗਿਆ ਹੈ, ਕਿ ਭਾਰਤ ਵਿਚ ਅੰਗਰੇਜ਼ੀ ਰਾਜ ਦੇ ਦਿਨ ਪੂਰੇ ਹੋ ਚੁਕੇ ਹਨ।" ਉਹਨਾਂ ਦਿਨਾਂ ਵਿਚ ਹੀ ਗੋਰਕੀ ਭਾਰਤੀ ਇਨਕਲਾਬੀਆਂ ਸ਼ਿਆਮ ਜੀ ਕ੍ਰਿਸ਼ਨ ਵਰਮਾ ਤੇ ਸ੍ਰੀਮਤੀ ਕਾਮਾ ਨਾਲ ਚਿੱਠੀ-ਪਤੱਰ ਕਰ ਰਿਹਾ ਸੀ ਤੇ ਸ੍ਰੀਮਤੀ ਕਾਮਾ ਨੂੰ ਉਸਨੇ ਭਾਰਤੀ ਔਰਤਾਂ ਦੇ ਜੀਵਨ ਸੰਬੰਧੀ ਇਕ ਲੇਖ ਭੇਜਣ

ਦੀ ਫ਼ਰਮਾਇਸ਼ ਵੀ ਕੀਤੀ ਸੀ। ਗੋਰਕੀ ਨੇ ਅੰਗਰੇਜ਼ ਸਾਮਰਾਜੀਆਂ ਵਲੋਂ ਵੀਰ ਸਾਵਰਕਰ ਨੂੰ ਦਿਤੀ ਗਈ ਸਜ਼ਾ ਦੇ ਖ਼ਿਲਾਫ਼ ਵੀ ਆਵਾਜ਼ ਉਠਾਈ ਸੀ। ਇਸ ਸਦੀ ਦੇ ਦੂਜੇ-ਤੀਜੇ ਦਹਾਕੇ ਵਿਚ ਜਦੋਂ ਭਾਰਤ ਦੇ ਸੁਤੰਤਰਤਾ ਸੰਗਰਾਮ ਨੇ ਖ਼ੂਬ ਜ਼ੋਰ ਫੜ ਲਿਆ ਸੀ ਤਾਂ ਗੋਰਕੀ ਨੇ ਅਨੁਭਵ ਕੀਤਾ ਕਿ ਭਾਰਤ ਦੀ ਆਜ਼ਾਦੀ ਦਾ ਦਿਨ ਨੇੜੇ ਆ ਰਿਹਾ ਹੈ। ੧੯੩੨ ਵਿਚ ਗੋਰਕੀ ਨੇ ਅਮਰੀਕੀ ਪੱਤਰਪ੍ਰੇਰਕਾਂ ਨੂੰ ਕਿਹਾ ਸੀ—"ਅੰਗਰੇਜ਼ ਲਾਟ ਤੇ ਵਪਾਰੀ ਤੀਹ ਕਰੋੜ ਭਾਰਤੀਆਂ ਨੂੰ ਫੁੱਟੀ ਅੱਖ ਨਹੀਂ ਚੰਗੇ ਲਗਦੇ ਤੇ ਉਹ ਦਿਨੋ ਦਿਨ ਵਧੇਰੇ ਸਮਝਦੇ ਜਾ ਰਹੇ ਨੇ ਕਿ ਇੰਗਲੈਂਡ ਦੇ ਗ਼ੁਲਾਮ ਬਣੇ ਰਹਿਣ ਦਾ ਕੰਮ ਭਗਵਾਨ ਨੇ ਉਹਨਾਂ ਲਈ ਨਿਸ਼ਚਿਤ ਨਹੀਂ ਕਰ ਰਖਿਆ।" ਗੋਰਕੀ ਨੇ ਉਹਨਾਂ ਲੋਕਾਂ ਨੂੰ ਵੀ ਮੂੰਹ ਤੋੜ ਜਵਾਬ ਦਿਤਾ ਸੀ ਜਿਹੜੇ ਇਹ ਦਾਅਵਾ ਕਰਦੇ ਸਨ ਕਿ ਪੂਰਬ ਦੇ ਲੋਕ ਨਿਰੰਕੁਸ਼ ਰਾਜ ਤੋਂ ਛੁੱਟ ਕਿਸੇ ਹੋਰ ਰਾਜ-ਪ੍ਰਣਾਲੀ ਦਾ ਅਰਥ ਨਹੀਂ ਸਮਝਦੇ। ਗੋਰਕੀ ਨੇ ਇਸ ਸੰਬੰਧ ਵਿਚ ਲਿਖਿਆ ਸੀ ਕਿ "ਭਾਰਤ ਵਿਚ ਕੌਮੀ ਇਨਕਲਾਬ ਨੇ ਆਪਣੇ ਆਪ ਨੂੰ ਕਾਫ਼ੀ ਠੋਸ ਰੂਪ ਵਿਚ ਪ੍ਰਗਟ ਕੀਤਾ ਹੈ ਤੇ ਬਹੁਤ ਪਹਿਲੇ ਅਤੀਤ ਵਿਚ ਵੀ, ਸਿਪਾਹੀਆਂ ਦੇ ਵਿਦਰੋਹ ਨੂੰ ਵੀ ਇਸ ਤਰ੍ਹਾਂ ਸਪਸ਼ਟ ਕਰਨਾ ਬਹੁਤ ਮੁਸ਼ਕਲ ਹੈ ਕਿ ਭਾਰਤੀ ਨਿਰੰਕੁਸ਼ ਰਾਜ ਦੇ ਆਦੀ ਹਨ। ਗੋਰਕੀ ਨੇ ਇਹੋ ਜਿਹੇ ਭੱਦਰਪੁਰਸ਼ਾਂ ਦੇ ਵਿਰੁਧ ਲਗਾਤਾਰ ਆਵਾਜ਼ ਉਠਾਈ ਜਿਹੜੇ ਆਪਣੀ ਲੁੱਟ-ਖਸੁੱਟ ਲਈ ਭਾਰਤ ਦੇ ਦਰਵਾਜ਼ੇ ਖੁਲ੍ਹੇ ਰਖਣਾ ਚਾਹੁੰਦੇ ਸਨ। ਉਸਨੇ ਸਰਮਾਏਦਾਰ ਫ਼ਿਲਾਸਫ਼ਰਾਂ ਤੇ ਮਾਨਵਤਾਵਾਦੀਆਂ ਨੂੰ ਵੀ ਆੜੇ ਹੱਥੀਂ ਲਿਆ ਜਿਹੜੇ ਮਾਨਵ-ਕਲਿਆਣ ਤੇ ਪਿਆਰ-ਮੁਹੱਬਤ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਕਰਦੇ ਹਨ, ਪਰ ਇਹੋ ਜਿਹੀ ਸਮਾਜਕ ਵਿਵਸਥਾ ਵੱਲੋਂ ਅੱਖਾਂ ਮੀਟ ਲੈਂਦੇ ਹਨ ਜਿਸ ਵਿਚ ਮੁੱਠੀ-ਭਰ ਰਾਜ ਕਰਨ ਵਾਲੇ ਬਸਤੀਆਂ ਦੇ ਕਰੋੜਾਂ ਲੋਕਾਂ ਨੂੰ ਲੁੱਟਦੇ ਹਨ। ਇਸਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੋਰਕੀ ਭਾਰਤ ਦਾ ਬਹੁਤ ਵੱਡਾ ਤੇ ਸੱਚਾ ਮਿੱਤਰ ਸੀ। ਭਾਰਤੀ ਪਾਠਕਾਂ ਲਈ ਇਹ ਜਾਣਨਾ ਵੀ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗਾ ਕਿ ਮਾਰਕਸਵਾਦੀ ਹੋਣ ਦੇ ਨਾਤੇ ਗੋਰਕੀ ਗਾਂਧੀ ਜੀ ਦੇ ਦ੍ਰਿਸ਼ਟੀਕੋਣ ਨਾਲ ਸਹਿਮਤ ਨਹੀਂ ਸੀ, ਤਾਂ ਵੀ ਰੂਸੀ ਪਾਠਕਾਂ ਦੀ ਮਹਾਨ ਭਾਰਤੀ ਆਗੂ ਦੇ ਜੀਵਨ ਤੇ ਵਿਚਾਰਾਂ ਨਾਲ ਜਾਣ-ਪਛਾਣ ਕਰਾਉਣ ਲਈ, ਉਸਨੇ ੧੯੨੩ ਵਿਚ ਰੋਮਾਂ ਰੋਲਾਂ ਨੂੰ, ਜਿਹੜਾ

ਗਾਂਧੀ ਜੀ ਦਾ ਵਡਾ ਪ੍ਰਸੰਸਕ ਸੀ, "ਬੇਸੇਦਾ" (ਗੱਲਬਾਤ) ਰਸਾਲੇ ਲਈ ਇਕ ਲੇਖ ਭੇਜਣ ਦੀ ਫ਼ਰਮਾਇਸ਼ ਕੀਤੀ ਸੀ।

ਗੋਰਕੀ ਪੁਰਾਤਨ ਭਾਰਤੀ ਇਤਿਹਾਸ ਤੇ ਸਾਹਿਤ ਤੋਂ ਵੀ ਚੰਗੀ ਤਰ੍ਹਾਂ ਜਾਣੂ ਸੀ। ਮਨੁਖਤਾ ਦੇ ਇਤਿਹਾਸ ਬਾਰੇ ਆਪਣੀ ਰਾਏ ਪ੍ਰਗਟ ਕਰਦਿਆਂ ਗੋਰਕੀ ਨੇ ਲਿਖਿਆ ਸੀ—"ਮਨੁੱਖਤਾ ਦਾ ਇਤਿਹਾਸ ਯੂਨਾਨ ਤੇ ਰੋਮ ਤੋਂ ਨਹੀਂ, ਭਾਰਤ ਤੇ ਚੀਨ ਤੋਂ ਆਰੰਭ ਕਰਨਾ ਚਾਹੀਦਾ ਹੈ।" ਇਸੇਤਰ੍ਹਾਂ ਸਾਹਿਤ ਕਲਾ ਦੇ ਵਿਕਾਸ ਬਾਰੇ ਵੀ ਗੋਰਕੀ ਨੇ ਇਹ ਰਾਏ ਪ੍ਰਗਟ ਕੀਤੀ ਸੀ ਕਿ ਇਸਦਾ ਆਰੰਭ ਹੋਮਰ ਦੇ 'ਇਲਿਆਦ' ਤੇ "ਓਦੇਸੀ" ਨਾਲ ਨਹੀਂ, ਸਗੋਂ ਭਾਰਤ ਦੀਆਂ, ਕੁੱਲ ਮਿਲਾ ਕੇ ਪੂਰਬ ਦੀਆਂ ਪੌਰਾਣਿਕ ਕਥਾਵਾਂ ਤੋਂ ਹੋਣਾ ਚਾਹੀਦਾ ਹੈ। ਗੋਰਕੀ ਦੀ ਨਿੱਜੀ ਲਾਇਬਰੇਰੀ ਵਿਚ "ਰਾਮਾਇਣ", ਪੁਰਾਤਨ ਭਾਰਤੀ ਕਥਾ ਸਾਹਿਤ, ਹਠਯੋਗ, ਗਾਂਧੀ ਜੀ ਦੀ ਜੀਵਨੀ, ਤੇ ਟੈਗੋਰ ਦੇ ਨਾਵਲ ਅਜੇ ਤੱਕ ਸਾਂਭੇ ਪਏ ਹਨ। ਜਦੋਂ "ਸੰਸਾਰ ਸਾਹਿਤ" ਪ੍ਰਕਾਸ਼ਨਘਰ ਦੀ ਪ੍ਰਕਾਸ਼ਨ ਯੋਜਨਾ ਤਿਆਰ ਕੀਤੀ ਗਈ ਤਾਂ ਗੋਰਕੀ ਨੇ ਉਸ ਵਿਚ "ਰਾਮਾਇਣ", "ਮਹਾਭਾਰਤ" ਤੇ "ਪੰਚ-ਤੰਤਰ" ਨੂੰ ਵੀ ਸ਼ਾਮਲ ਕੀਤਾ ਸੀ, ਜਿਨ੍ਹਾਂ ਨੂੰ ਉਹ ਸੰਸਾਰ ਸਾਹਿਤ ਦੇ ਅਨਮੋਲ ਰਤਨ ਮੰਨਦਾ ਸੀ।

ਉਪ੍ਰੋਕਤ ਕੁਝ ਤੱਥਾਂ ਤੋਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਗੋਰਕੀ ਨਾ ਸਿਰਫ਼ ਆਪਣੀ ਮਹਾਨ ਸਾਹਿਤਕ ਦੇਣ ਕਾਰਨ ਹੀ, ਸਗੋਂ ਇਕ ਰੌਸ਼ਨ ਦਿਮਾਗ ਰਾਜਨੀਤਕ ਤੇ ਸਭਿਆਚਾਰਕ ਹਸਤੀ ਦੇ ਰੂਪ ਵਿਚ ਵੀ ਭਾਰਤੀਆਂ ਦੇ ਪਿਆਰ ਦਾ ਪਾਤਰ ਹੈ।

ਮੈਨੂੰ ਆਸ ਹੀ ਨਹੀਂ, ਵਿਸ਼ਵਾਸ ਵੀ ਹੈ ਕਿ ਆਉਂਦੇ ਸਾਲਾਂ ਵਿਚ ਭਾਰਤੀ ਪਾਠਕਾਂ ਵਿਚ ਗੋਰਕੀ ਦੀ ਲੋਕ-ਪ੍ਰੀਅਤਾ ਵਧਦੀ ਜਾਏਗੀ ਤੇ ਉਹ ਅੰਗਰੇਜ਼ੀ ਵਿਚ ਨਹੀਂ, ਸਗੋਂ ਭਾਰਤੀ ਬੋਲੀਆਂ ਵਿਚ ਵਧੇਰੇ ਚੰਗੇ ਅਨੁਵਾਦਾਂ ਦੀ ਮੰਗ ਕਰਨਗੇ। ਸ਼ਾਇਦ ਮੇਰੇ ਲਈ ਅਖ਼ੀਰ ਵਿਚ ਇਹ ਕਹਿ ਦੇਣਾ ਅਨੁਚਿਤ ਨਹੀਂ ਹੋਵੇਗਾ ਕਿ ਮਾਸਕੋ ਦਾ ਪ੍ਰਗਤੀ ਪ੍ਰਕਾਸ਼ਨ ਇਸ ਖੇਤਰ ਵਿਚ ਬਹੁਤ ਲਾਭਦਾਇਕ ਕੰਮ ਕਰ ਰਿਹਾ ਹੈ।

"ਮਧੂ"

ਮਕਰ ਚੁਦਰਾ

ਸਾਗਰ ਵਲੋਂ ਠੰਡੀ ਸਿਲ੍ਹੀ ਹਵਾ ਆ ਰਹੀ ਸੀ, ਜਿਹੜੀ ਤੱਟ ਨਾਲ ਆ ਕੇ ਟਕਰਾ ਰਹੀਆਂ ਲਹਿਰਾਂ ਦੇ ਗੰਭੀਰ ਸੰਗੀਤ ਨੂੰ ਤੇ ਤੱਟ ਉਪਰਲੀਆਂ ਝਾੜੀਆਂ ਦੀ ਸਰਸਰਾਹਟ ਨੂੰ ਸਤੇਪੀ ਉਤੇ ਫੈਲਾ ਰਹੀ ਸੀ। ਕਦੀ ਕਦੀ ਹਵਾ ਦਾ ਕੋਈ ਬੁਲ੍ਹਾ ਮੁਰਝਾਏ ਪੀਲੇ ਪੱਤਿਆਂ ਨੂੰ ਚੁੱਕ ਕੇ ਲੈ ਆਉਂਦਾ ਤੇ ਉਸ ਅੱਗ ਵਿਚ ਸੁੱਟ ਦੇਂਦਾ ਜਿਹੜੀ ਅਸੀਂ ਬਾਲ ਰੱਖੀ ਸੀ, ਜਿਸ ਨਾਲ ਲਾਟਾਂ ਤੇਜ਼ ਹੋ ਜਾਂਦੀਆਂ; ਫਿਰ ਪਤਝੜ ਦਾ ਰਾਤ ਦਾ ਹਨੇਰਾ ਕੰਬ ਉਠਦਾ ਤੇ ਡਰ ਕੇ ਪਿੱਛੇ ਹਟ ਜਾਂਦਾ, ਜਿਸ ਨਾਲ ਘੜੀ-ਪਲ ਲਈ ਖੱਬੇ ਪਾਸੇ ਅਥਾਹ ਸਤੇਪੀ, ਸੱਜੇ ਪਾਸੇ ਅਸੀਮ ਸਾਗਰ ਤੇ ਸਾਮ੍ਹਣੇ ਬੁਢੇ ਟੱਪਰੀਵਾਸ ਮਕਰ ਚੁਦਰਾ ਦਾ ਆਕਾਰ ਦਿੱਸਣ ਲੱਗ ਪੈਂਦਾ, ਜਿਹੜਾ ਆਪਣੇ ਨਾਲ ਦਿਆਂ ਦੇ ਘੋੜਿਆਂ ਦੀ ਨਿਗਰਾਨੀ ਕਰ ਰਿਹਾ ਸੀ, ਜਿਨ੍ਹਾਂ ਨੇ ਸਾਡੇ ਤੋਂ ਪੰਜਾਹ ਕੁ ਕਦਮ ਦੂਰ ਆਪਣੇ ਤੰਬੂ ਗੱਡੇ ਹੋਏ ਸਨ।

ਠੰਡੀ ਹਵਾ ਦੇ ਬੁਲ੍ਹੇ ਉਸਦੇ ਕਾਕੇਸ਼ੀਆਈ ਕੋਟ ਨੂੰ ਉਡਾ ਕੇ ਖੋਲ੍ਹ ਰਹੇ ਸਨ ਤੇ ਉਸਦੀ ਨੰਗੀ ਵਾਲਾਂ ਵਾਲੀ ਛਾਤੀ ਉਤੇ ਥਪੇੜੇ ਮਾਰ ਰਹੇ ਸਨ, ਪਰ ਇਸ ਸਭ ਕੁਝ ਵਲੋਂ ਬੇਧਿਆਨ ਉਹ ਬੜੇ ਮਟਕੀਲੇ ਤੇ ਜ਼ੋਰਦਾਰ ਅੰਦਾਜ਼ ਵਿਚ ਮੇਰੇ ਵੱਲ ਮੂੰਹ ਕਰਕੇ ਪਿਆ ਸੀ, ਆਪਣੇ ਵਡੇ ਸਾਰੇ ਪਾਈਪ ਵਿਚੋਂ ਬਾਕਾਇਦਾ ਕਸ਼ ਭਰ ਰਿਹਾ ਸੀ, ਆਪਣੇ ਨੱਕ ਤੇ ਮੂੰਹ ਰਾਹੀਂ ਧੂੰ ਦੇ ਸੰਘਣੇ ਬੱਦਲ ਛੱਡੀ ਜਾ ਰਿਹਾ ਸੀ, ਮੇਰੇ ਸਿਰ ਦੇ ਉਪਰੋਂ ਦੀ ਸਤੇਪੀ ਦੇ ਚੁੱਪ ਹਨੇਰੇ ਵਿਚ ਇਕ-ਟੱਕ ਵੇਖੀ ਜਾ ਰਿਹਾ ਸੀ, ਲਗਾਤਾਰ ਗੱਲਾਂ ਕਰੀ ਜਾ ਰਿਹਾ ਸੀ ਤੇ ਹਵਾ ਦੇ ਤੇਜ਼ ਥਪੇੜਿਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਜ਼ਰਾ ਵੀ ਕੋਸ਼ਿਸ਼ ਨਹੀਂ ਸੀ ਕਰ ਰਿਹਾ।

"ਸੋ ਤੂੰ ਘੁੰਮ-ਫਿਰ ਕੇ ਦੁਨੀਆਂ ਵੇਖ ਰਿਹੈਂ ? ਮਾੜੀ ਗੱਲ ਨਹੀਂ। ਤੂੰ ਆਪਣੇ

ਲਈ ਵਾਹਵਾ ਕੰਮ ਚੁਣਿਐ, ਬਾਜ਼! ਚਾਹੀਦਾ ਵੀ ਇਸੇ ਤਰ੍ਹਾਂ ਏ: ਘੁੰਮ-ਫਿਰ ਕੇ ਦੁਨੀਆਂ ਵੇਖੋ, ਵੇਖ-ਚਾਖ ਕੇ ਲੰਮੀਆਂ ਤਾਣ ਲਵੋ ਤੇ ਚੱਲਦੇ ਹੋਵੋ—ਬੱਸ, ਛੁੱਟੀ!"

"ਜ਼ਿੰਦਗੀ? ਨਾਲ ਦੇ ਲੋਕ?" ਉਸਦੇ 'ਚਾਹੀਦਾ ਵੀ ਇਸੇ ਤਰ੍ਹਾਂ ਏ' ਬਾਰੇ ਮੇਰੇ ਇਤਰਾਜ਼ ਨੂੰ ਕਿੰਤੂ ਉਠਾਉਂਦੇ ਢੰਗ ਨਾਲ ਸੁਣਦਿਆਂ ਉਸਨੇ ਗੱਲ ਜਾਰੀ ਰੱਖੀ। "ਕਿਉਂ! ਤੈਨੂੰ ਇਹਦੇ ਨਾਲ ਕੀ? ਜਿਸ ਤਰ੍ਹਾਂ ਤੂੰ ਆਪ ਜ਼ਿੰਦਗੀ ਨਹੀਂ ਹੁੰਦਾ! ਬਾਕੀ ਲੋਕ ਤੇਰੇ ਬਿਨਾਂ ਜਿਊਂਦੇ ਨੇ ਤੇ ਜਿਊਂਦੇ ਰਹਿਣਗੇ। ਤੂੰ ਸੱਚਮੁਚ ਖ਼ਿਆਲ ਕਰਦੈਂ ਕਿ ਤੇਰੀ ਕਿਸੇ ਨੂੰ ਲੋੜ ਏ? ਤੂੰ ਨਾ ਰੋਟੀ ਏਂ, ਨਾ ਸੋਟੀ, ਸੋ ਕਿਸੇ ਨੂੰ ਤੇਰੀ ਲੋੜ ਨਹੀਂ।

"ਪੜ੍ਹੋ ਤੇ ਪੜ੍ਹਾਓ, ਤੂੰ ਆਖਦੈਂ? ਕੀ ਤੂੰ ਪੜ੍ਹ ਕੇ ਇਹ ਜਾਣ ਸਕਦੈਂ ਕਿ ਲੋਕਾਂ ਨੂੰ ਖ਼ੁਸ਼ਕਿਸਮਤ ਕਿਵੇਂ ਬਣਾਇਆ ਜਾਏ? ਨਹੀਂ, ਤੂੰ ਨਹੀਂ ਜਾਣ ਸਕਦਾ। ਪਹਿਲਾਂ ਤੈਨੂੰ ਧੌਲੇ ਆ ਲੈਣ, ਫਿਰ ਦਸੀਂ ਦੂਜਿਆਂ ਨੂੰ ਕੀ ਸਿਖਾਉਣਾ ਚਾਹੀਦੈ। ਤੂੰ ਉਹਨਾਂ ਨੂੰ ਕੀ ਸਿਖਾਏਂਗਾ? ਹਰ ਕਿਸੇ ਨੂੰ ਪਤੈ ਉਹਨੂੰ ਕੀ ਚਾਹੀਦੈ। ਜਿਹੜੇ ਸਿਆਣੇ ਹੁੰਦੇ ਨੇ, ਉਹ ਜੋ ਜ਼ਿੰਦਗੀ ਦੇਂਦੀ ਏ, ਲੈ ਲੈਂਦੇ ਨੇ; ਮੂਰਖ ਕੁਝ ਨਹੀਂ ਲੈਂਦੇ, ਪਰ ਸਿੱਖਦਾ ਹਰ ਕੋਈ ਆਪਣੇ ਆਪ ਹੀ ਏ।

"ਅਜੀਬ ਨੇ ਇਹ, ਤੇਰੇ ਲੋਕ। ਸਾਰੇ ਇਕ ਦੂਜੇ ਨੂੰ ਮਧੋਲਦੇ ਹੋਏ ਇੱਜੜ ਵਾਂਗ ਆ ਇੱਕਠੇ ਹੁੰਦੇ ਨੇ, ਜਦ ਕਿ ਧਰਤੀ ਉਤੇ ਕਿੰਨੀਂ ਸਾਰੀ ਥਾਂ ਖ਼ਾਲੀ ਪਈ ਏ," ਤੇ ਉਸਨੇ ਸਤੇਪੀ ਵੱਲ ਭਰਪੂਰ ਹੱਥ ਨਾਲ ਇਸ਼ਾਰਾ ਕੀਤਾ।" ਤੇ ਉਹ ਸਾਰੇ ਕੰਮ ਕਰਦੇ ਨੇ। ਕਾਹਦੇ ਲਈ? ਕੀਹਦੇ ਲਈ? ਕਿਸੇ ਨੂੰ ਨਹੀਂ ਪਤਾ। ਜਦੋਂ ਵੀ ਕਿਸੇ ਨੂੰ ਜ਼ਮੀਨ ਵਾਹੁੰਦਿਆਂ ਦੇਖੀਦੈ ਤਾਂ ਸੋਚੀਦੈ: ਔਹ ਵੇਖੋ ਬੰਦਾ ਕਿਵੇਂ ਤੁਪਕਾ ਤੁਪਕਾ ਕਰਕੇ ਆਪਣੇ ਪਸੀਨੇ ਰਾਹੀਂ ਆਪਣੀ ਤਾਕਤ ਧਰਤੀ ਵਿਚ ਪਾਈ ਜਾ ਰਿਹੈ, ਤੇ ਮਗਰੋਂ ਆਖ਼ਰ ਇਸੇ ਧਰਤੀ ਹੇਠ ਹੀ ਇਸਨੇ ਲੇਟ ਜਾਣੈਂ ਤੇ ਮਿੱਟੀ ਹੋ ਜਾਣੈਂ। ਉਸਦਾ ਕੁਝ ਨਹੀਂ ਬਾਕੀ ਰਹਿ ਜਾਣਾ, ਆਪਣੇ ਖੇਤਾਂ ਤੋਂ ਸਿਵਾ ਉਸਨੇ ਕੁਝ ਨਹੀਂ ਵੇਖਣਾ ਤੇ ਟੁਰ ਜਾਣਾ ਏਂ, ਜਿਵੇਂ ਆਇਆ ਸੀ—ਮੂਰਖ ਦਾ ਮੂਰਖ।

"ਨਾ ਕੀ,—ਉਹ ਇਸੇ ਲਈ ਪੈਦਾ ਹੋਇਆ ਸੀ ਕਿ ਉਹ ਧਰਤੀ ਨੂੰ ਖੋਤਰਦਾ ਰਵੇ, ਤੇ ਇਸ ਤੋਂ ਪਹਿਲਾਂ ਕਿ ਉਸਨੂੰ ਆਪਣੀ ਕਬਰ ਖੋਦਣ ਦੀ ਵਿਹਲ ਮਿਲੇ, ਉਹ ਚੱਲਦਾ ਹੋਏ? ਕੀ ਉਸਨੇ ਕਦੀ ਆਜ਼ਾਦੀ ਦਾ ਸਵਾਦ ਚਖਿਐ? ਕੀ ਉਸਨੂੰ ਸਤੇਪੀ ਦੀ ਵਿਸ਼ਾਲਤਾ ਦਾ ਗਿਆਨ ਏ? ਕੀ ਸਾਗਰ ਦੀਆਂ ਲਹਿਰਾਂ ਦੀ ਬੋਲੀ ਸੁਣ ਕੇ ਉਸਦਾ ਮਨ ਕਦੀ ਖਿੜਿਐ? ਉਹ ਗ਼ੁਲਾਮ ਏ—ਜੰਮਦਿਆਂ ਹੀ ਗ਼ੁਲਾਮ, ਸਾਰੀ ਉਮਰ ਦਾ ਗ਼ੁਲਾਮ ਤੇ ਗ਼ੁਲਾਮ ਮਰਨ ਤੱਕ! ਉਹ ਕਰ ਵੀ ਕੀ ਸਕਦਾ ਏ? ਬੱਸ, ਫਾਹਾ ਲੈ ਸਕਦੈ, ਜੇ ਇੰਝ ਕਰਨ ਜੋਗੀ ਮਾੜੀ ਜਿਹੀ ਵੀ ਅਕਲ ਹੋਵੇ ਤਾਂ।

"ਜਿਥੋਂ ਤੱਕ ਮੇਰਾ ਸਵਾਲ ਏ, ਵੇਖ, ਅੱਠ ਉਤੇ ਪੰਜਾਹਾਂ ਸਾਲਾਂ ਵਿਚ ਮੈਂ ਏਨਾਂ ਕੁਝ ਵੇਖ ਲਿਐ ਕਿ ਜੇ ਇਹ ਸਾਰਾ ਕੁਝ ਕਾਗ਼ਜ਼ ਉਤੇ ਲਿਖ ਲਿਆ ਜਾਏ, ਤਾਂ ਜਿਹੋ ਜਿਹਾ ਝੋਲਾ ਤੇਰੇ ਕੋਲ ਏ, ਇਹੋ ਜਿਹੇ ਹਜ਼ਾਰਾਂ ਝੋਲਿਆਂ ਵਿਚ ਵੀ ਇਹ ਨਹੀਂ ਸਮਾਉਣ ਲਗਾ। ਤੇ ਜ਼ਰਾ ਦਸ, ਕਿਹੜੀ ਥਾਂ ਏ ਜਿਹੜੀ ਮੈਂ ਨਹੀਂ ਵੇਖੀ? ਤੂੰ ਕਿਸੇ ਥਾਂ ਦਾ ਨਾਂ ਨਹੀਂ ਲੈ ਸਕਦਾ ਏ। ਤੈਨੂੰ ਤਾਂ ਉਹਨਾਂ ਥਾਵਾਂ ਦਾ ਪਤਾ ਵੀ ਨਹੀਂ, ਜਿਹੜੀਆਂ ਮੈਂ ਵੇਖ ਚੁੱਕਾਂ। ਇਉਂ ਚਾਹੀਦੈ ਜਿਊਣਾ—ਚਲਦੇ ਜਾਓ, ਚਲਦੇ ਜਾਓ, ਹਮੇਸ਼ਾ। ਇਕ ਥਾਂ ਕਦੀ ਜ਼ਿਆਦਾ ਦੇਰ ਨਾ ਠਹਿਰੋ—ਠਹਿਰੋ ਵੀ ਕਾਹਦੇ ਲਈ? ਜ਼ਰਾ ਵੇਖ ਕਿਵੇਂ ਦਿਨ ਰਾਤ ਹਮੇਸ਼ਾ ਨੱਠਦੇ ਰਹਿੰਦੇ ਨੇ, ਤੇ ਇਕ ਦੂਜੇ ਦਾ ਪਿੱਛਾ ਕਰਦੇ ਧਰਤੀ ਦੁਆਲੇ ਚੱਕਰ ਕਟਦੇ ਰਹਿੰਦੇ ਨੇ; ਬਿਲਕੁਲ ਇਸੇ ਤਰ੍ਹਾਂ ਤੂੰ ਜ਼ਿੰਦਗੀ ਬਾਰੇ ਆਪਣੇ ਖ਼ਿਆਲਾਂ ਨੂੰ ਭਜਾ ਦੇ, ਜੇ ਤੂੰ ਚਾਹੁੰਦੈਂ ਕਿ ਜ਼ਿੰਦਗੀ ਲਈ ਤੇਰਾ ਪਿਆਰ ਖ਼ਤਮ ਨਾ ਹੋ ਜਾਏ। ਜੇ ਜ਼ਿੰਦਗੀ ਬਾਰੇ ਬਹੁਤਾ ਸੋਚੋਗੇ ਤਾਂ ਯਕੀਨਨ ਇਸ ਬਾਰੇ ਪਿਆਰ ਗੁਆ ਬੈਠੋਗੇ। ਮੇਰੇ ਨਾਲ ਵੀ ਇਕ ਵਾਰੀ ਇੰਝ ਹੀ ਹੋਇਆ ਸੀ—ਹਾਂ, ਇੰਝ ਹੀ ਹੋਇਆ ਸੀ, ਮੇਰੇ ਬਾਜ਼!

"ਉਦੋਂ ਮੈਂ ਜੇਲ੍ਹ ਵਿਚ ਹੁੰਦਾ ਸਾਂ, ਗਾਲੀਸ਼ੀਆ ਵਿਚ। 'ਮੈਂ ਦੁਨੀਆਂ ਵਿਚ ਕਿਉਂ ਜਿਊ ਰਿਹਾ ਹਾਂ?' ਮੈਂ ਉਸ ਜ਼ਿੰਦਗੀ ਤੋਂ ਤੰਗ ਪੈ ਕੇ ਸੋਚਣ ਲੱਗ ਪਿਆ। ਜੇਲ੍ਹ ਵਿਚ ਮਨ ਤੰਗ ਪੈ ਜਾਣਾ, ਮੇਰੇ ਬਾਜ਼, ਉਫ਼, ਕਿਵੇਂ ਤੰਗ ਹੋਈਦਾ ਏ! ਤੇ ਦਿਲਗੀਰੀ ਮੇਰੇ ਦਿਲ ਨੂੰ ਇੰਝ ਜਕੜ ਲੈਂਦੀ ਸੀ, ਜਦੋਂ ਮੈਂ ਬਾਰੀਆਂ ਵਿਚੋਂ ਬਾਹਰ ਖੇਤਾਂ ਵੱਲ ਵੇਖਦਾ ਸਾਂ; ਦਿਲਗੀਰੀ ਮੇਰੇ ਦਿਲ ਨੂੰ ਜਕੜ ਲੈਂਦੀ ਤੇ ਸ਼ਿਕੰਜੇ ਵਾਂਗ ਇਸਨੂੰ ਨਪੀੜਦੀ। ਕੀ ਕੋਈ ਕਹਿ ਸਕਦੈ, ਕਿ ਉਹ ਕਿਉਂ ਜਿਉਂਦੈ? ਕੋਈ ਨਹੀਂ ਕਹਿ ਸਕਦਾ। ਤੇ ਇਸ ਬਾਰੇ ਆਪਣੇ ਆਪ ਨੂੰ ਪੁੱਛਣ ਦੀ ਲੋੜ ਵੀ ਕੀ ਏ? ਜੀਵੀ ਜਾਓ, ਜਦੋਂ ਤੱਕ ਜੀ ਸਕਦੇ ਹੋ। ਘੁੰਮੋ ਫਿਰੋ ਤੇ ਆਪ ਵੇਖੋ ਜੋ ਵੇਖਣ ਵਾਲਾ ਹੈ, ਫਿਰ ਦਿਲਗੀਰੀ ਤੁਹਾਡੇ ਨੇੜੇ ਨਹੀਂ ਆਏਗੀ। ਪਰ ਉਦੋਂ ਤਾਂ ਮੈਂ ਆਪਣੀ ਪੇਟੀ ਨਾਲ ਫਾਹਾ ਲਗਭਗ ਲੈ ਹੀ ਲਿਆ ਸੀ, ਹਾਂ!

"ਇਕ ਬੰਦੇ ਨਾਲ ਮੇਰੀ ਗੱਲ ਹੋਈ। ਬੜਾ ਕਰੜਾ ਆਦਮੀ ਸੀ ਉਹ, ਤੇ ਤੁਹਾਡੇ ਰੂਸੀਆਂ ਵਿਚੋਂ ਸੀ। ਇੰਝ ਨਹੀਂ ਜਿਊਣਾ ਚਾਹੀਦਾ, ਜਿਵੇਂ ਤੁਸੀਂ ਆਪ ਚਾਹੁੰਦੇ ਹੋ, ਉਹ ਕਹਿਣ ਲਗਾ, ਸਗੋਂ ਇੰਝ ਜਿਊਣਾ ਚਾਹੀਦੈ ਜਿਵੇਂ ਪਵਿੱਤਰ ਗਰੰਥਾਂ ਵਿਚ ਲਿਖਿਆ ਹੋਇਐ। ਉਸਦੀ ਰਜ਼ਾ ਵਿਚ ਰਹੋ, ਤੇ ਉਹ ਤੁਹਾਡੀਆਂ ਸਭ ਕਾਮਨਾਵਾਂ ਪੂਰੀਆਂ ਕਰੇਗਾ। ਆਪ ਉਸਨੇ ਚੀਥੜੇ ਪਾਏ ਹੋਏ ਸਨ, ਲੀਰਾਂ। ਮੈਂ ਉਸਨੂੰ ਕਿਹਾ ਕਿ ਰੱਬ ਤੋਂ ਜ਼ਰਾ ਆਪਣੇ ਲਈ ਨਵੇਂ ਕੱਪੜੇ ਹੀ ਮੰਗ ਲੈ। ਉਹ ਲੋਹਾ-ਲਾਖਾ ਹੋ ਗਿਆ, ਮੈਨੂੰ ਗਾਲ੍ਹਾਂ ਕਢਦਿਆਂ ਹੋਇਆਂ ਉਥੋਂ ਭਜਾ ਦਿਤਾ। ਸਿਰਫ਼ ਇਕ ਮਿੰਟ ਪਹਿਲਾਂ ਹੀ ਉਹ ਕਹਿ ਰਿਹਾ ਸੀ ਕਿ ਲੋਕਾਂ ਨੂੰ ਮੁਆਫ਼ ਕਰ ਦੇਣਾ ਚਾਹੀਦੈ, ਤੇ

ਉਹਨਾਂ ਨੂੰ ਪਰੇਮ ਕਰਨਾ ਚਾਹੀਦੈ। ਉਹ ਮੈਨੂੰ ਵੀ ਮੁਆਫ਼ ਕਰ ਸਕਦਾ ਸੀ, ਜੇ ਮੇਰੀ ਕਿਸੇ ਗੱਲ ਨੇ ਉਸਨੂੰ ਠੇਸ ਪੁਚਾਈ ਸੀ। ਉਹ ਵੀ ਲੋਕਾਂ ਨੂੰ ਸਿਖਾਉਂਦਾ ਫਿਰਦਾ ਸੀ! ਸਿਖਿਆ ਦੇਣਗੇ ਕਿ ਘੱਟ ਖਾਓ, ਤੇ ਆਪ ਦਿਹਾੜੀ ਵਿਚ ਦੱਸ ਵਾਰ ਖਾਣਗੇ।"

ਉਸਨੇ ਅੱਗ ਵਿਚ ਥੁੱਕਿਆ ਤੇ ਚੁੱਪ ਹੋ ਗਿਆ। ਚੁੱਪ-ਚਾਪ ਆਪਣਾ ਪਾਈਪ ਮੁੜ ਭਰਣ ਲੱਗਾ। ਹਵਾ ਹੌਲੀ ਹੌਲੀ ਵਿਰਲਾਪ ਕਰ ਰਹੀ ਸੀ, ਘੋੜੇ ਹਨੇਰੇ ਵਿਚ ਹਿਣਹਿਣਾ ਰਹੇ ਸਨ, ਤੇ ਟੱਪਰੀਵਾਸਾਂ ਦੇ ਡੇਰੇ ਵਲੋਂ ਗੀਤ ਦੀ ਸੁਰੀਲੀ ਜਜ਼ਬਾਤੀ ਧੁਨ ਸੁਣਾਈ ਦੇ ਰਹੀ ਸੀ। ਇਹ ਮਕਰ ਦੀ ਖ਼ੂਬਸੂਰਤ ਧੀ, ਨੋਨਕਾ, ਗਾ ਰਹੀ ਸੀ। ਮੈਂ ਛਾਤੀ ਵਿਚੋਂ ਨਿਕਲਦੀ ਉਸਦੀ ਤੀਬਰ ਆਵਾਜ਼ ਨੂੰ ਪਛਾਣਦਾ ਸਾਂ, ਜਿਸ ਵਿਚ ਹਮੇਸ਼ਾ ਹੀ ਹੁਕਮ ਚਲਾਉਣ ਦਾ ਤੇ ਅਸੰਤੋਖ ਦਾ ਅੰਦਾਜ਼ ਸ਼ਾਮਲ ਹੁੰਦਾ, ਭਾਵੇਂ ਉਹ ਕੋਈ ਗੀਤ ਗਾ ਰਹੀ ਹੁੰਦੀ, ਤੇ ਭਾਵੇਂ ਕਿਸੇ ਨੂੰ "ਨਮਸਤੇ" ਬੁਲਾ ਰਹੀ ਹੁੰਦੀ। ਉਸਦੇ ਸਾਂਵਲੇ ਚਿਹਰੇ ਉਤੇ ਜਿਵੇਂ ਰਾਣੀਆਂ ਵਾਲਾ ਘੁਮੰਡ ਵਸਿਆ ਹੋਇਆ ਸੀ ਤੇ ਉਸਦੀਆਂ ਕਾਲੀਆਂ ਅੱਖਾਂ ਦੇ ਪ੍ਰਛਾਵਿਆਂ ਵਿਚ ਇਹ ਚੇਤਨਤਾ ਟਿਮਟਿਮਾਉਂਦੀ ਲਗਦੀ ਸੀ ਕਿ ਉਹ ਛਾ ਜਾਣ ਵਾਲੀ ਸੁੰਦਰਤਾ ਦੀ ਮਾਲਕ ਹੈ, ਤੇ ਨਾਲ ਹੀ ਉਸ ਸਭ ਕੁਝ ਬਾਰੇ ਨਫ਼ਰਤ ਵੀ, ਜਿਸ ਵਿਚ ਉਸਨੂੰ ਆਪਣੀ ਝਲਕ ਨਹੀਂ ਸੀ ਮਿਲਦੀ।

ਮਕਰ ਨੇ ਮੈਨੂੰ ਆਪਣਾ ਪਾਈਪ ਫੜਾਇਆ।

"ਲੈ, ਕਸ਼ ਲਾ ਲੈ! ਸੁਹਣਾ ਗਾਉਂਦੀ ਏ ਨਾ ਕੁੜੀ? ਤੂੰ ਚਾਹੁੰਦੈਂ ਕਿ ਇਹੋ ਜਿਹੀ ਕੋਈ ਕੁੜੀ ਤੈਨੂੰ ਪਿਆਰ ਕਰੇ? ਨਹੀਂ? ਬੜੀ ਚੰਗੀ ਗੱਲ ਏ! ਚਾਹੀਦਾ ਵੀ ਇੰਝ ਹੀ ਏ—ਕਦੀ ਔਰਤਾਂ 'ਤੇ ਯਕੀਨ ਨਾ ਕਰੋ ਤੇ ਜਿੰਨੀਂ ਦੂਰ ਹੋ ਸਕੇ ਰਹੋ। ਕੁੜੀ ਨੂੰ ਚੁੰਮਣ ਦਾ ਏਨਾਂ ਜ਼ਿਆਦਾ ਸੁਆਦ ਆਉਂਦੈ, ਜਿੰਨਾਂ ਮੈਨੂੰ ਪਾਈਪ ਪੀਣ ਦਾ ਵੀ ਨਹੀਂ ਆਉਂਦਾ; ਪਰ ਉਸਨੂੰ ਇਕਵਾਰ ਚੁੰਮ ਲਵੋ, ਤਾਂ ਤੁਹਾਡੀ ਆਜ਼ਾਦੀ ਹਮੇਸ਼ਾ ਲਈ ਮਰ ਗਈ। ਉਹ ਫਿਰ ਤੁਹਾਨੂੰ ਅਜਿਹੇ ਅਦਿੱਖ ਬੰਧਨਾਂ ਨਾਲ ਬੰਨ੍ਹ ਲੈਂਦੀ ਏ ਕਿ ਤੁਸੀਂ ਆਪਣੇ ਆਪ ਨੂੰ ਛੁਡਾ ਨਹੀਂ ਸਕਦੇ, ਤੇ ਦਿਲ ਜਾਨ ਨਾਲ ਉਸਦੇ ਹੋ ਕੇ ਰਹਿ ਜਾਂਦੇ ਹੋ। ਇਹ ਸੱਚ ਏ! ਕੁੜੀਆਂ ਤੋਂ ਬਚ ਕੇ ਰਹੀਂ! ਉਹ ਹਮੇਸ਼ਾ ਝੂਠ ਬੋਲਦੀਆਂ ਨੇ ? ਕਹੇਗੀ ਇਹ ਕਿ ਤੈਨੂੰ ਜਿੰਨਾਂ ਮੈਂ ਪਿਆਰ ਕਰਦੀ ਹਾਂ, ਓਨਾ ਦੁਨੀਆਂ ਵਿਚ ਹੋਰ ਕੋਈ ਨਹੀਂ ਕਰਦਾ, ਪਰ ਤੁਸੀਂ ਜ਼ਰਾ ਉਸਦੇ ਸੂਈ ਚੁਭੋ ਕੇ ਵੇਖੋਂ, ਉਹ ਤੁਹਾਡਾ ਸੀਨਾ ਚੀਰ ਕੇ ਰਖ ਦੇਵੇਗੀ। ਪਤੈ ਮੈਨੂੰ! ਹਾਂ, ਕਿੰਨਾਂ ਕੁਝ ਪਤੈ ਮੈਨੂੰ! ਜੇ ਚਾਹੇਂ ਤਾਂ ਤੈਨੂੰ ਇਕ ਸੱਚੀ ਕਹਾਣੀ ਸੁਣਾਵਾਂ? ਤੇ ਤੂੰ ਇਸਨੂੰ ਯਾਦ ਰੱਖੀਂ; ਜੇ ਯਾਦ ਰਖੇਂਗਾ ਤਾਂ ਸਾਰੀ ਉਮਰ ਪੰਛੀਆਂ ਵਾਂਗ ਆਜ਼ਾਦ ਫਿਰੇਂਗਾ।

"ਇਕ ਹੁੰਦਾ ਸੀ ਜ਼ੋਬਾਰ, ਜਵਾਨ ਟੱਪਰੀਵਾਸ, ਲੋਈਕੋ ਜ਼ੋਬਾਰ। ਹੰਗਰੀ ਵਿਚ, ਤੇ ਬੋਹੀਮੀਆ ਵਿਚ ਤੇ ਸਲਾਵੋਨੀਆ ਵਿਚ, ਤੇ ਸਾਗਰ ਦੇ ਦੁਆਲੇ ਦੇ ਸਾਰੇ ਦੇਸਾਂ

ਵਿਚ ਉਸਨੂੰ ਜਾਣਦੇ ਸਨ—ਦਲੇਰ ਸੀ ਉਹ ਸ਼ੇਰ! ਕੋਈ ਪਿੰਡ ਅਜਿਹਾ ਨਹੀਂ ਸੀ ਇਹਨਾਂ ਪਾਸਿਆਂ ਵੱਲ, ਜਿਸ ਵਿਚ ਚਾਰ ਪੰਜ ਬੰਦਿਆਂ ਨੇ ਉਹਦੀ ਜਾਨ ਲੈਣ ਦੀ ਸੌਂਹ ਨਾ ਖਾਧੀ ਹੋਵੇ, ਪਰ ਤਾਂ ਵੀ ਉਹ ਜੀਵੀ ਜਾ ਰਿਹਾ ਸੀ, ਤੇ ਜੇ ਕਦੀ ਉਹਨੂੰ ਕੋਈ ਘੋੜੀ ਚੰਗੀ ਲਗ ਜਾਂਦੀ ਤਾਂ ਪੂਰੀ ਫ਼ੌਜ ਵੀ ਉਸਨੂੰ ਇਸ ਉਤੇ ਪਲਾਕੀ ਮਾਰ ਕੇ ਭਜਾ ਲੈ ਜਾਣ ਤੋਂ ਨਾ ਰੋਕ ਸਕਦੀ। ਕੋਈ ਸੀ, ਜਿਸਦਾ ਉਸਨੂੰ ਡਰ ਹੋਵੇ? ਕੋਈ ਨਹੀਂ! ਉਹ ਸ਼ੈਤਾਨ ਨੂੰ ਤੇ ਉਹਦੀ ਸਾਰੀ ਢਾਣੀ ਨੂੰ ਛੁਰਾ ਮਾਰ ਸਕਦਾ ਸੀ, ਜੇ ਉਹ ਉਸ ਉਤੇ ਝਪਟ ਪੈਂਦੇ ਤਾਂ, ਜਾਂ ਘਟੋ-ਘਟ ਗਾਲ੍ਹਾਂ ਤੇ ਘਸੁੰਨਾਂ ਨਾਲ ਉਹਨਾਂ ਨਾਲ ਸਿੱਝ ਸਕਦਾ ਸੀ—ਯਕੀਨ ਜਾਣ।

"ਟਪਰੀਵਾਸਾਂ ਦੇ ਸਾਰੇ ਡੇਰੇ ਜ਼ੋਬਾਰ ਨੂੰ ਜਾਣਦੇ ਸਨ, ਜਾਂ ਉਹਨਾਂ ਉਸ ਬਾਰੇ ਸੁਣਿਆ ਹੋਇਆ ਸੀ। ਉਸਨੂੰ ਸਿਰਫ਼ ਘੋੜਿਆਂ ਨਾਲ ਪਿਆਰ ਸੀ, ਹੋਰ ਕਿਸੇ ਚੀਜ਼ ਨਾਲ ਨਹੀਂ, ਤੇ ਉਹ ਵੀ ਬਹੁਤੀ ਦੇਰ ਨਹੀਂ। ਜਦੋਂ ਉਹ ਇਸ ਉਤੇ ਸਵਾਰੀ ਕਰ ਕਰ ਕੇ ਅੱਕ ਜਾਂਦਾ ਤਾਂ ਫਿਰ ਵੇਚ ਦੇਂਦਾ ਤੇ ਪੈਸੇ ਜਿਹੜਾ ਵੀ ਕੋਈ ਮੰਗਦਾ, ਉਸਨੂੰ ਦੇ ਦੇਂਦਾ। ਉਸਨੂੰ ਕਿਸੇ ਗਲ ਦੀ ਪ੍ਰਵਾਹ ਨਹੀਂ ਸੀ; ਜੇ ਤੈਨੂੰ ਉਹਦੇ ਦਿਲ ਦੀ ਲੋੜ ਏ, ਤਾਂ ਉਹ ਆਪ ਆਪਣੀ ਛਾਤੀ ਪਾੜ ਕੇ ਦਿਲ ਕਢਦਾ ਤੇ ਤੈਨੂੰ ਦੇ ਦੇਂਦਾ, ਜੇ ਤੇਰਾ ਇਸ ਨਾਲ ਕੋਈ ਭਲਾ ਹੁੰਦਾ ਹੋਵੇ ਤਾਂ। ਇਸ ਤਰ੍ਹਾਂ ਦਾ ਬੰਦਾ ਸੀ ਉਹ!

"ਜਦੋਂ ਦੀ ਮੈਂ ਗੱਲ ਕਰ ਰਿਹਾ ਹਾਂ—ਕੋਈ ਦੱਸ ਕੁ ਸਾਲ ਪਹਿਲਾਂ ਦੀ—ਤਾਂ ਸਾਡਾ ਕਾਰਵਾਂ ਬੁਕੋਵੀਨਾ ਵਿਚ ਘੁੰਮ ਰਿਹਾ ਸੀ। ਬਸੰਤ ਦੀ ਇਕ ਰਾਤ ਅਸੀਂ ਸਾਰਾ ਟੋਲਾ ਇਕੱਠੇ ਹੋ ਕੇ ਬੈਠੇ ਹੋਏ ਸਾਂ—ਦਾਨੀਲੋ, ਇਕ ਸਿਪਾਹੀ ਜਿਹੜਾ ਕੋਸ਼ੂਤ ਨਾਲ ਰਲ ਕੇ ਲੜਿਆ ਸੀ; ਬੁਢਾ ਨੂਰ; ਦਾਨੀਲੋ ਦੀ ਧੀ ਰਾਦਾ ਤੇ ਹੋਰ ਬੰਦੇ।

"ਤੂੰ ਮੇਰੀ ਨੋਨਕਾ ਵੇਖੀ ਏ? ਉਹ ਸੁੰਦਰੀਆਂ ਦੀ ਰਾਣੀ ਏ! ਪਰ ਰਾਦਾ ਨਾਲ ਉਸਦਾ ਮੁਕਾਬਲਾ ਕਰਨਾ ਉਸਦੀ ਬਹੁਤ ਵਡਿਆਈ ਕਰਨਾ ਹੋਵੇਗਾ। ਰਾਦਾ ਦੀ ਸੁੰਦਰਤਾ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ। ਸ਼ਾਇਦ ਕਦੀ ਕੋਈ ਵਾਇਲਨ ਉਤੇ ਉਸਦੀ ਸੁੰਦਰਤਾ ਦਾ ਗੀਤ ਗਾਏ, ਪਰ ਇੰਝ ਉਹੀ ਕਰ ਸਕੇਗਾ ਜਿਹੜਾ ਇਸ ਸਾਜ਼ ਨੂੰ ਉਸੇ ਤਰ੍ਹਾਂ ਜਾਣਦਾ ਹੋਵੇ, ਜਿਵੇਂ ਆਪਣੀ ਰੂਹ ਨੂੰ।

"ਰਾਦਾ ਦੇ ਪਿਆਰ ਵਿਚ ਕਈ ਸੁੱਕ ਕੇ ਮਜਨੂੰ ਹੋ ਗਏ ਸਨ—ਹਾਂ, ਬਹੁਤ! ਇਕ ਵਾਰੀ ਮੋਰਾਵੀਆ ਵਿਚ ਇਕ ਬੁਢੇ ਅਮੀਰ ਨੇ ਰਾਦਾ ਨੂੰ ਵੇਖਿਆ ਤੇ ਉਥੇ ਦਾ ਉਥੇ ਹੀ ਗੱਡਿਆ ਗਿਆ। ਉਹ ਆਪਣੇ ਘੋੜੇ ਉਤੇ ਬੈਠਾ ਉਸ ਵੱਲ ਅੱਖਾਂ ਪਾੜ ਪਾੜ ਕੇ ਵੇਖੀ ਜਾਏ ਤੇ ਨਾਲੇ ਸਾਰਾ ਕੰਬੀ ਜਾਏ ਜਿਵੇਂ ਕਾਂਬੇ ਦਾ ਬੁਖ਼ਾਰ ਹੋਇਆ ਹੋਵੇ। ਸਜਿਆ ਉਹ ਇੰਝ ਹੋਇਆ ਸੀ, ਜਿਵੇਂ ਸ਼ੈਤਾਨ ਦਿਨ-ਦਿਹਾਰ ਨੂੰ ਨਿਕਲਿਆ ਹੋਵੇ, ਕੋਟ ਸੁਨਹਿਰੀ ਤਾਰ ਨਾਲ ਸੀਤਾ ਹੋਇਆ, ਇਕ ਪਾਸੇ ਤਲਵਾਰ ਲਟਕੀ ਹੋਈ

ਜਿਸ ਵਿਚ ਹੀਰੇ ਜੜੇ ਹੋਏ ਸਨ, ਜਿਹੜੇ ਘੋੜੇ ਦੀ ਹਰ ਹਰਕਤ ਨਾਲ ਬਿਜਲੀ ਵਾਂਗ ਲਿਸ਼ਕਾਰੇ ਮਾਰਦੇ ਸਨ, ਉਸਦੀ ਟੋਪੀ ਦੀ ਨੀਲੀ ਮਖ਼ਮਲ ਜਿਵੇਂ ਆਕਾਸ਼ ਦਾ ਟੋਟਾ ਹੋਵੇ। ਉਹ ਬੜਾ ਅਹਿਮ ਆਦਮੀ ਸੀ—ਉਹ ਬੁਢਾ। ਉਹ ਰਾਦਾ ਵੱਲ ਵੇਖਦਾ ਬੈਠਾ ਰਿਹਾ, ਤੇ ਆਖ਼ਰ ਉਸਨੂੰ ਕਹਿਣ ਲੱਗਾ: 'ਇਕ ਚੁੰਮਣ ਲਈ ਪੈਸਿਆਂ ਦੀ ਭਰੀ ਥੈਲੀ ਦਿਆਂਗਾ!' ਉਸਨੇ ਆਪਣਾ ਮੂੰਹ ਦੂਜੇ ਪਾਸੇ ਮੋੜ ਲਿਆ, ਬੱਸ। ਇਸ ਨਾਲ ਬੁਢੇ ਨੇ ਆਪਣਾ ਅੰਦਾਜ਼ ਬਦਲਿਆ। 'ਮੁਆਫ਼ ਕਰੀਂ ਜੇ ਮੈਂ ਤੈਨੂੰ ਠੇਸ ਲਾਈ ਏ ਤਾਂ, ਪਰ ਘੱਟੋ-ਘੱਟ ਮੁਸਕਰਾ ਤਾਂ ਛੱਡ,' ਤੇ ਇਹ ਕਹਿੰਦਿਆਂ ਉਸਨੇ ਥੈਲੀ ਉਸਦੇ ਪੈਰਾਂ ਵਿਚ ਸੁੱਟ ਦਿਤੀ, ਤੇ ਥੈਲੀ ਵਾਹਵਾ ਭਰੀ ਹੋਈ ਸੀ। ਪਰ ਉਸਨੇ ਆਪਣੇ ਪੈਰ ਨਾਲ ਇਸਨੂੰ ਮਿੱਟੀ ਵਿਚ ਦੱਬ ਦਿਤਾ, ਜਿਵੇਂ ਕਿ ਇਸਨੂੰ ਵੇਖਿਆ ਹੀ ਨਾ ਹੋਵੇ।

"'ਉਫ਼, ਕਿਆ ਕੁੜੀ ਏ!' ਉਸਨੇ ਹਉਕਾ ਭਰਿਆ, ਘੋੜੇ ਨੂੰ ਚਾਬਕ ਲਾਈ ਤੇ ਧੂੜ ਦੇ ਬੱਦਲ ਉਡਾਉਂਦਾ ਘੋੜਾ ਨੱਠ ਉਠਿਆ।

"ਅਗਲੇ ਦਿਨ ਉਹ ਫਿਰ ਆ ਨਿਕਲਿਆ। 'ਉਸਦਾ ਪਿਉ ਕੌਣ ਹੈ?' ਉਸਨੇ ਅਜਿਹੀ ਆਵਾਜ਼ ਵਿਚ ਪੁੱਛਿਆ ਜਿਹੜੀ ਸਾਰੇ ਡੇਰੇ ਵਿਚ ਗੂੰਜ ਗਈ। ਦਾਨੀਲੋ ਅੱਗੇ ਆਇਆ। 'ਆਪਣੀ ਧੀ ਮੇਰੇ ਕੋਲ ਵੇਚ ਦੇ। ਜੋ ਕਹੇਂਗਾ ਦਿਆਂਗਾ।' ਦਾਨੀਲੋ ਉਸਨੂੰ ਕਹਿਣ ਲਗਾ: 'ਸਿਜਫ਼ ਵਡੇ ਆਦਮੀ ਹੀ ਸਾਰਾ ਕੁਝ ਵੇਚ ਦੇਂਦੇ ਹਨ—ਆਪਣੇ ਸੂਰਾਂ ਤੋਂ ਲੈ ਕੇ ਆਪਣੀਆਂ ਜ਼ਮੀਰਾਂ ਤੱਕ। ਜਿਥੋਂ ਤੱਕ ਮੇਰਾ ਸਵਾਲ ਏ, ਮੈਂ ਕੋਸ਼ੂਤ ਨਾਲ ਰਹਿ ਕੇ ਜੰਗਾਂ ਲੜਿਆ ਹਾਂ ਤੇ ਮੈਂ ਕੁਝ ਨਹੀਂ ਵੇਚਦਾ।' ਬੁਢਾ ਕੜਕਿਆ ਤੇ ਆਪਣੀ ਤਲਵਾਰ ਨੂੰ ਹੱਥ ਪਾਉਣ ਲੱਗਾ, ਪਰ ਕਿਸੇ ਨੇ ਚੁਆਤੀ ਉਸਦੇ ਘੋੜੇ ਦੇ ਕੰਨ ਵਿਚ ਤੁੰਨ ਦਿਤੀ ਤੇ ਘੋੜਾ ਉਥੋਂ ਉਡਦਾ ਹੋਇਆ, ਆਪਣੇ ਮਾਲਕ ਨੂੰ ਆਪਣੀ ਪਿੱਠ ਉਤੇ ਚੁੱਕੀ। ਅਸੀਂ ਉਥੋਂ ਡੇਰਾ ਚੁੱਕ ਲਿਆ ਤੇ ਤੁਰ ਪਏ। ਅਸੀਂ ਦੋ ਦਿਨ ਹੀ ਗਏ ਹੋਵਾਂਗੇ ਕਿ ਅਸੀਂ ਉਸਨੂੰ ਆਪਣੇ ਮਗਰ ਆਉਂਦਿਆਂ ਦੇਖਿਆ। 'ਹੇ!' ਉਹ ਕੂਕਿਆ। 'ਮੈਂ ਤੁਹਾਡੇ ਸਾਮ੍ਹਣੇ ਧਰਮ ਨਾਲ ਕਹਿੰਦਾ ਹਾਂ ਕਿ ਮੇਰੀ ਮਨਸ਼ਾ ਮਾੜੀ ਨਹੀਂ। ਕੁੜੀ ਮੇਰੀ ਪਤਨੀ ਹੋਵੇਗੀ ਤੇ ਮੈਂ ਆਪਣਾ ਸਾਰਾ ਕੁਝ ਤੁਹਾਡੇ ਨਾਲ ਵੰਡਾਵਾਂਗਾ, ਤੇ ਅਮੀਰ ਮੈਂ ਬਹੁਤ ਹਾਂ।' ਉਹ ਜਿਵੇਂ ਵੇਗ ਵਿਚ ਬਲ ਰਿਹਾ ਸੀ ਤੇ ਕਾਠੀ ਉਤੇ ਬੈਠਾ ਇੰਝ ਝੂਲ ਰਿਹਾ ਸੀ ਜਿਵੇਂ ਹਵਾ ਵਿਚ ਘਾਹ ਦੀ ਤਿੜ ਝਲਦੀ ਹੈ। ਅਸੀਂ ਵਿਚਾਰ ਕਰਨ ਲਗੇ।

"'ਫੇਰ, ਧੀਏ, ਦੱਸ,' ਦਾਨੀਲੋ ਮੁੱਛਾਂ ਦੇ ਵਿਚੋਂ ਮਸਾਂ ਸੁਣੀਂਦੀ ਆਵਾਜ਼ ਵਿਚ ਬੋਲਿਆ।

"'ਜੇ ਬਾਜ਼ ਦੀ ਹਾਨਣ ਆਪਣੀ ਮਰਜ਼ੀ ਨਾਲ ਕਾਂ ਨਾਲ ਉਸਦੇ ਆਲ੍ਹਣੇ ਵਿਚ ਚਲੀ ਜਾਏ, ਤਾਂ ਉਸ ਬਾਰੇ ਤੁਸੀਂ ਕੀ ਸੋਚੋਗੇ?' ਰਾਦਾ ਸਾਥੋਂ ਪੁੱਛਣ ਲਗੀ।

"ਦਾਨੀਲੋ ਖਿੜਖਿੜਾ ਕੇ ਹੱਸ ਪਿਆ, ਤੇ ਉਸਦੇ ਨਾਲ ਹੀ ਅਸੀਂ ਵੀ।

"'ਤੂੰ ਠੀਕ ਕਿਹੈ, ਧੀਏ! ਤੁਸੀਂ ਸੁਣ ਲਿਐ, ਹਜ਼ੂਰ? ਇਥੇ ਗੱਲ ਬਣਦੀ ਨਹੀਂ ਲਗਦੀ। ਕੋਈ ਕਬੂਤਰ ਲੱਭ ਲਓ—ਉਹ ਜ਼ਿਆਦਾ ਆਗਿਆਕਾਰ ਹੁੰਦੇ ਨੇ।' ਤੇ ਅਸੀਂ ਅੱਗੇ ਤੁਰ ਪਏ।

"ਇਹ ਸੁਣ ਕੇ ਉਸ ਅਮੀਰ ਆਦਮੀ ਨੇ ਆਪਣੀ ਟੋਪੀ ਲਾਹੀ ਤੇ ਜ਼ਮੀਨ ਉਤੇ ਵਗਾਹ ਮਾਰੀ, ਤੇ ਏਨੀਂ ਤੇਜ਼ ਰਫ਼ਤਾਰ ਨਾਲ ਉਥੋਂ ਘੋੜਾ ਭਜਾ ਕੇ ਤੁਰਦਾ ਹੋਇਆ, ਕਿ ਉਸਦੇ ਘੋੜੇ ਦੇ ਖੁਰਾਂ ਹੇਠ ਧਰਤੀ ਕੰਬਦੀ ਸੀ। ਅਜਿਹੀ ਸੀ ਰਾਦਾ, ਮੇਰੇ ਬਾਜ਼!

"ਫਿਰ, ਅਸੀਂ ਇਕ ਰਾਤ ਆਪਣੇ ਡੇਰੇ ਬੈਠੇ ਸਾਂ ਕਿ ਇਕਦਮ ਸਾਨੂੰ ਸਤੇਪੀ ਵੱਲੋਂ ਸੰਗੀਤ ਸੁਣਾਈ ਦਿਤਾ। ਬਹੁਤ ਸੁਹਣਾ ਸੰਗੀਤ! ਉਸਨੂੰ ਸੁਣ ਕੇ ਤੁਹਾਡੀਆਂ ਰਗਾਂ ਵਿਚ ਖ਼ੂਨ ਦੌੜਨ ਲਗ ਪੈਂਦਾ ਸੀ ਤੇ ਉਹ ਅਣਜਾਣੀਆਂ ਥਾਵਾਂ ਵੱਲ ਤੁਹਾਨੂੰ ਖਿੱਚ ਕੇ ਲੈ ਜਾਂਦਾ ਸੀ। ਇਸਨੇ ਸਾਨੂੰ ਸਾਰਿਆਂ ਨੂੰ ਕਿਸੇ ਏਡੀ ਅਥਾਹ ਗਲ ਦੀ ਸਿੱਕ ਨਾਲ ਭਰ ਦਿਤਾ ਕਿ ਜਿਸਦਾ ਥਾਹ ਪਾਉਣ ਤੋਂ ਮਗਰੋਂ ਜਿਊਂਦੇ ਰਹਿਣ ਦੀ ਕੋਈ ਲੋੜ ਨਹੀਂ ਸੀ ਰਹਿ ਜਾਂਦੀ, ਤੇ ਜੇ ਅਸੀਂ ਜਿਊਂਦੇ ਹੀ ਰਹਿੰਦੇ ਤਾਂ ਸਾਰੀ ਦੁਨੀਆਂ ਦੇ ਬਾਦਸ਼ਾਹ ਹੋ ਕੇ ਜਿਊਂਦੇ।

"ਫਿਰ ਹਨੇਰੇ ਵਿਚੋਂ ਇਕ ਘੋੜਾ ਆਉਂਦਾ ਦਿਸਿਆ, ਤੇ ਘੋੜੇ ਉਤੇ ਇਕ ਆਦਮੀ ਬੈਠਾ ਸੀ ਤੇ ਆਪਣਾ ਸਾਜ਼ ਵਜਾਈ ਜਾ ਰਿਹਾ ਸੀ। ਉਹ ਸਾਡੀ ਬਾਲੀ ਅੱਗ ਦੇ ਕੋਲ ਆ ਕੇ ਰੁਕ ਗਿਆ ਤੇ ਸਾਜ਼ ਵਜਾਉਣਾ ਬੰਦ ਕਰ ਦਿਤਾ। ਉਹ ਸਾਡੇ ਵੱਲ ਵੇਖਣ ਤੇ ਮੁਸਕ੍ਰਾਉਣ ਲੱਗਾ।

"'ਜ਼ੋਬਾਰ! ਸੋ ਤੂੰ ਏਂ, ਜ਼ੋਬਾਰ!' ਦਾਨੀਲੋ ਖ਼ੁਸ਼ੀ ਨਾਲ ਕੂਕ ਕੇ ਕਹਿਣ ਲਗਾ। ਸੋ ਇਹ ਸੀ ਲੋਇਕੋ ਜ਼ੋਬਾਰ।

"ਉਸਦੀਆਂ ਮੁੱਛਾਂ ਲਮਕ ਕੇ ਮੋਢਿਆਂ ਤੱਕ ਪਈਆਂ ਸਨ, ਜਿਥੇ ਉਹ ਉਸਦੇ ਘੁੰਗਰਿਆਲੇ ਵਾਲਾਂ ਨਾਲ ਇਕਮਿਕ ਹੋ ਜਾਂਦੀਆਂ ਸਨ; ਉਸਦੀਆਂ ਅੱਖਾਂ ਦੋ ਚਮਕਦੇ ਸਿਤਾਰਿਆਂ ਵਾਂਗ ਲਿਸ਼ਕਾਂ ਮਾਰ ਰਹੀਆਂ ਸਨ, ਤੇ ਉਸਦੀ ਮੁਸਕ੍ਰਾਹਟ, ਜਿਵੇਂ ਸਾਕਾਰ ਸੂਰਜ ਹੋਵੇ। ਇੰਝ ਲਗਦਾ ਸੀ ਜਿਵੇਂ ਉਹ ਤੇ ਉਸਦਾ ਘੋੜਾ ਇਕੋ ਟੋਟੇ ਵਿਚੋਂ ਘੜ ਕੇ ਬਣਾਏ ਗਏ ਹੋਣ। ਉਹ ਸਾਡੇ ਸਾਮ੍ਹਣੇ ਸੀ, ਅੱਗ ਦੇ ਚਾਨਣ ਵਿਚ ਖ਼ੂਨ ਵਰਗਾ ਲਾਲ-ਸੂਹਾ, ਤੇ ਜਦੋਂ ਹੱਸਦਾ ਸੀ, ਉਸਦੇ ਦੰਦ ਲਿਸ਼ਕਦੇ ਸਨ। ਮੈਨੂੰ ਮਾਰ ਵਗੇ, ਜੇ ਮੈਂ ਉਸੇ ਵੇਲੇ ਤੋਂ ਉਸਨੂੰ ਇੰਝ ਨਾ ਪਿਆਰਨ ਲਗ ਪਿਆ ਹੋਵਾਂ, ਜਿਸ ਤਰ੍ਹਾਂ ਆਪਣੇ ਆਪ ਨੂੰ ਪਿਆਰਦਾ ਹਾਂ, ਤੇ ਉਸਨੇ ਅਜੇ ਮੇਰੇ ਨਾਲ ਇਕ ਬੋਲ ਵੀ ਸਾਂਝਾ ਨਹੀਂ ਸੀ ਕੀਤਾ, ਸਗੋਂ ਉਸਨੂੰ ਪਤਾ ਵੀ ਨਹੀਂ ਹੋਣਾ ਕਿ ਇਸ ਦੁਨੀਆਂ ਵਿਚ ਕੋਈ ਮੇਰੇ ਵਰਗਾ ਬੰਦਾ ਵੀ ਰਹਿੰਦਾ ਏ।

"ਹਾਂ, ਇਸ ਤਰ੍ਹਾ ਦੇ ਬਦੇ ਵੀ ਹੁੰਦੇ ਨੇ, ਮੇਰੇ ਬਾਜ਼! ਉਸਨੇ ਤੁਹਾਡੀਆਂ ਅੱਖਾਂ ਵਿਚ ਵੇਖਿਆ ਨਹੀਂ ਕਿ ਤੁਸੀਂ ਆਪਣੀ ਰੂਹ ਉਸਦੇ ਹਵਾਲੇ ਕਰ ਦੇਂਦੇ ਹੋ, ਤੇ ਇਸ ਗੱਲ ਉਤੇ ਸ਼ਰਮਿੰਦੇ ਹੋਣ ਦੀ ਥਾਂ, ਤੁਸੀਂ ਇਸ ਉਤੇ ਮਾਨ ਮਹਿਸੂਸ ਕਰਦੇ ਹੋ। ਉਸਦੀ ਮੌਜੂਦਗੀ ਵਿਚ ਤੁਸੀਂ ਚੰਗੇਰੇ ਹੋ ਗਏ ਮਹਿਸੂਸ ਕਰਦੇ ਸੋ। ਇਹੋ ਜਿਹੇ ਬੰਦੇ ਬਹੁਤੇ ਨਹੀਂ ਹੁੰਦੇ। ਸ਼ਾਇਦ ਇਹ ਚੰਗਾ ਹੀ ਹੈ। ਜੇ ਦੁਨੀਆਂ ਵਿਚ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਹੁੰਦੀਆਂ, ਤਾਂ ਉਹਨਾਂ ਨੂੰ ਕੋਈ ਚੰਗੀਆਂ ਹੀ ਨਾ ਗਿਣਦਾ। ਪਰ ਸੁਣ ਅੱਗੇ ਕੀ ਹੋਇਆ।

"ਰਾਦਾ ਉਸਨੂੰ ਕਹਿਣ ਲਗੀ: 'ਤੂੰ ਵਾਇਲਿਨ ਸੁਹਣੀ ਵਜਾਉਂਦੈਂ, ਜ਼ੋਬਾਰ। ਇਹੋ ਜਿਹੀ ਸ਼ੁਧ ਧੁਨ ਵਾਲੀ ਵਾਇਲਿਨ ਤੈਨੂੰ ਕਿਸਨੇ ਬਣਾ ਕੇ ਦਿਤੀ ਏ?' 'ਮੈਂ ਇਹ ਆਪ ਬਣਾਈ ਏ,' ਉਹ ਹਸਿਆ। 'ਤੇ ਲਕੜੀ ਤੋਂ ਨਹੀਂ, ਸਗੋਂ ਉਸ ਕੁੜੀ ਦੀ ਛਾਤੀ ਤੋਂ ਜਿਸਨੂੰ ਮੈਂ ਬੜਾ ਪਿਆਰ ਕਰਦਾ ਸਾਂ; ਇਹ ਤਾਰਾਂ ਉਸਦੇ ਦਿਲ ਦੀਆਂ ਤਾਰਾਂ ਨੇ । ਕਦੀ ਕਦੀ ਇਹ ਅਜੇ ਵੀ ਗ਼ਲਤ ਸੁਰ ਕੱਢ ਜਾਂਦੀ ਏ, ਮੇਰੀ ਵਾਇਲਿਨ, ਪਰ ਮੈਨੂੰ ਪਤੈ ਗਜ਼ ਕਿਵੇਂ ਚਲਾਈਦੈ।'

"ਸਾਫ਼ ਏ ਕਿ ਹਰ ਬੰਦਾ ਕੁੜੀ ਦੀਆਂ ਅੱਖਾਂ ਨੂੰ ਧੁੰਦਲਾਉਣ ਦੀ ਇਕਦਮ ਕੋਸ਼ਿਸ਼ ਕਰਦਾ ਏ, ਤਾਂ ਕਿ ਉਹ ਉਸਦੇ ਦਿਲ ਨੂੰ ਨਾ ਸਾੜ ਸਕਣ, ਜਦ ਕਿ ਆਪਣੇ ਵਿਚ ਉਹ ਕੋਈ ਸਿੱਕ ਸੰਭਾਲ ਰਖਣ, ਤੇ ਲੋਇਕੋ ਵੀ ਕੋਈ ਵਖਰਾ ਨਹੀਂ ਸੀ। ਪਰ ਐਤਕੀਂ ਉਸਦਾ ਵਾਹ ਕਿਸੇ ਵਖਰੀ ਸ਼ੈ ਨਾਲ ਪਿਆ ਸੀ। ਰਾਦਾ ਨੇ ਸਿਰਫ਼ ਮੂੰਹ ਫੇਰ ਲਿਆ ਤੇ ਉਬਾਸੀ ਲੈਂਦੀ ਹੋਈ ਬੋਲੀ: 'ਤੇ ਕਹਿੰਦੇ ਸੀ ਜ਼ੋਬਾਰ ਬੜਾ ਸਿਆਣਾ ਤੇ ਹੁਸ਼ਿਆਰ ਏ। ਲੋਕ ਵੀ ਕਿਆ ਝੂਠ ਬੋਲਦੇ ਨੇ!' ਤੇ ਉਹ ਉਥੋਂ ਚਲੀ ਗਈ।

"'ਹਾਂ! ਕੁੜੀਏ, ਤੇਰੇ ਦੰਦ ਤੇਜ਼ ਨੇ!' ਜ਼ੋਬਾਰ ਬੋਲਿਆ ਤੇ ਚਮਕਦੀਆਂ ਅੱਖਾਂ ਨਾਲ ਉਹ ਘੋੜੇ ਤੋਂ ਉਤਰਿਆ। 'ਸਲਾਮ, ਮੇਰੇ ਭਰਾਵੋ! ਮੈਂ ਤੁਹਾਨੂੰ ਮਿਲਣ-ਗਿਲਣ ਆਇਆ ਹਾਂ।'

"'ਸਾਨੂੰ ਬੜੀ ਖੁਸ਼ੀ ਹੋਈ ਏ,' ਦਾਨੀਲੋ ਨੇ ਜਵਾਬ ਵਿਚ ਉਸਨੂੰ ਕਿਹਾ। ਅਸੀਂ ਇਕ ਦੂਜੇ ਦਾ ਮੂੰਹ ਚੁੰਮਿਆਂ, ਗੱਲਾਂ ਕੀਤੀਆਂ ਤੇ ਸੌਂ ਗਏ। ਸਾਨੂੰ ਘੂਕ ਨੀਂਦ ਆਈ। ਸਵੇਰੇ ਅਸੀਂ ਵੇਖਿਆ ਕਿ ਜ਼ੋਬਾਰ ਨੇ ਸਿਰ ਦੁਆਲੇ ਪੱਟੀ ਬੰਨ੍ਹੀਂ ਹੋਈ ਏ। ਕੀ ਹੋਇਆ? ਕੁਝ ਨਹੀਂ, ਸੁੱਤੇ ਪਏ ਨੂੰ ਘੋੜੇ ਨੇ ਦੁਲੱਤੀ ਕਢ ਮਾਰੀ ਸੀ।

"ਓ-ਹੋ-ਹੋ! ਪਰ ਸਾਨੂੰ ਪਤਾ ਸੀ ਕਿ ਉਹ ਘੋੜਾ ਕਿਹੜਾ ਸੀ! ਤੇ ਅਸੀਂ ਅੰਦਰੋ ਅੰਦਰ ਹੱਸੇ; ਤੇ ਦਾਨੀਲੋ ਵੀ ਹੱਸਿਆ। ਕੀ ਇਹ ਹੋ ਸਕਦਾ ਸੀ ਕਿ ਜ਼ੋਬਾਰ ਨੂੰ ਵੀ ਰਾਦਾ ਬਰਾਬਰ ਦਾ ਨਾ ਸਮਝਦੀ ਹੋਵੇ? ਪਰ ਨਹੀਂ। ਕੁੜੀ ਭਾਵੇਂ ਕਿੰਨੀਂ

ਚੰਗੀ ਵੀ ਕਿਉਂ ਨਾ ਹੋਵੇ, ਉਸਦੀ ਰੂਹ ਸੌੜੀ ਤੇ ਸਤਹੀ ਹੁੰਦੀ ਏ, ਤੇ ਤੁਸੀਂ ਭਾਵ ਉਹਦੇ ਗਲ ਵਿਚ ਮਣਾਂ ਮੂੰਹੀਂ ਸੋਨਾ ਕਿਉਂ ਨਾ ਪਾ ਦਿਓ, ਕੋਈ ਫ਼ਰਕ ਨਹੀਂ ਪਏਗਾ। ਜਿਸਤਰ੍ਹਾਂ ਦੀ ਉਹ ਹੈ, ਉਸ ਨਾਲੋਂ ਚੰਗੀ ਉਹ ਨਹੀਂ ਹੋਣ ਲਗੀ। ਪਰ, ਖ਼ੈਰ!

"ਅਸੀਂ ਉਸੇ ਥਾਂ ਰਹੀ ਗਏ, ਤੇ ਸਮਾਂ ਵਾਹਵਾ ਲੰਘਦਾ ਗਿਆ। ਲੋਇਕੋ ਜ਼ੋਬਾਰ ਵੀ ਸਾਡੇ ਕੋਲ ਹੀ ਟਿਕਿਆ ਰਿਹਾ। ਉਹ ਚੰਗਾ ਸਾਥੀ ਸੀ — ਬਜ਼ੁਰਗਾਂ ਵਰਗਾ ਸਿਆਣਾ, ਬੜੇ ਗਿਆਨ ਵਾਲਾ, ਰੂਸੀ ਤੇ ਮਗਿਆਰ ਵਿਚ ਵੀ ਪੜ੍ਹ ਲਿਖ ਸਕਦਾ ਸੀ। ਮੈਂ ਸਾਰੀ ਰਾਤ ਬੈਠਾ ਉਸਦੀਆਂ ਗੱਲਾਂ ਸੁਣ ਸਕਦਾ ਸਾਂ — ਤੇ ਜਿਥੋਂ ਤੱਕ ਉਸਦੇ ਵਾਇਲਿਨ ਵਜਾਉਣ ਦੀ ਗੱਲ ਸੀ, ਮੈਨੂੰ ਬਿੱਜ ਪਵੇ ਜੇ ਦੁਨੀਆਂ ਵਿਚ ਉਹਦੇ ਨਾਲ ਦੀ ਹੋਰ ਕੋਈ ਵਜਾ ਸਕਦਾ ਹੋਵੇ ਤਾਂ। ਉਹ ਤਾਰਾਂ ਉਤੇ ਇਕ ਵਾਰ ਗਜ਼ ਫੇਰਦਾ ਤੇ ਤੁਹਾਡਾ ਦਿਲ ਲਰਜ਼ ਉਠਦਾ; ਦੂਜੀ ਵਾਰ ਗਜ਼ ਫੇਰਦਾ ਤਾਂ ਤੁਹਾਡੇ ਅੰਦਰ ਸੁਣਦਿਆਂ ਸੁਣਦਿਆਂ ਜਿਵੇਂ ਸਭ ਕੁਝ ਤਣਾਅ ਵਿਚ ਆ ਜਾਂਦਾ — ਤੇ ਉਹ, ਬੱਸ ਮੁਸਕ੍ਰਾਈ ਜਾਂਦਾ ਤੇ ਵਜਾਈ ਜਾਂਦਾ। ਉਸਨੂੰ ਸੁਣਦਿਆਂ ਇਕੋ ਵੇਲੇ ਤੁਹਾਡਾ ਰੋਣ ਨੂੰ ਵੀ ਜੀਅ ਕਰਦਾ, ਹੱਸਣ ਨੂੰ ਵੀ। ਤੁਹਾਨੂੰ ਇਕ ਵੇਲੇ ਲਗਦਾ ਜਿਵੇਂ ਕੋਈ ਬੁਰੀ ਤਰ੍ਹਾਂ ਕੁਰਲਾ ਰਿਹਾ ਤੇ ਮੱਦਦ ਲਈ ਹਾਲ-ਪਾਹਰਿਆ ਮਚਾ ਰਿਹਾ ਹੈ, ਤੇ ਤੁਹਾਡੇ ਦਿਲ ਨੂੰ ਜਿਵੇਂ ਛੁਰੇ ਨਾਲ ਵਿੰਨ੍ਹਦਾ ਜਾ ਰਿਹਾ ਹੈ; ਦੂਜੇ ਹੀ ਪਲ ਸਤੇਪੀ ਆਕਾਸ਼ ਨੂੰ ਕੋਈ ਕਹਾਣੀ ਸੁਣਾ ਰਿਹਾ ਹੁੰਦਾ, ਕੋਈ ਉਦਾਸ ਕਹਾਣੀ। ਕਿਸੇ ਹੋਰ ਪਲ ਕੋਈ ਮੁਟਿਆਰ ਆਪਣੇ ਪਰੇਮੀ ਨੂੰ ਅਲਵਿਦਾ ਕਹਿੰਦੀ ਹੋਈ ਰੋ ਰਹੀ ਹੁੰਦੀ। ਹੁਣ, ਉਸਦਾ ਪਰੇਮੀ ਉਸਨੂੰ ਸਤੇਪੀ ਤੋਂ ਆਵਾਜ਼ਾਂ ਦੇ ਰਿਹਾ ਹੁੰਦਾ। ਤੇ ਫਿਰ, ਇਕਦਮ, ਕੋਈ ਖ਼ੁਸ਼ੀ ਭਰੀ, ਝੂਣ ਸੁੱਟਣ ਵਾਲੀ ਧੁਨ ਫੁੱਟ ਨਿਕਲਦੀ, ਤੇ ਆਕਾਸ਼ ਵਿਚ ਖ਼ੁਦ ਸੂਰਜ ਵੀ ਜਿਵੇਂ ਉਸਨੂੰ ਸੁਣ ਕੇ ਪੈਲਾਂ ਪਾਉਣ ਲਗ ਪੈਂਦਾ। ਇਸ ਤਰ੍ਹਾਂ ਕੁਝ ਵਜਾਉਂਦਾ ਸੀ ਉਹ, ਬਾਜ਼!

"ਤੁਸੀਂ ਰੋਮ ਰੋਮ ਨਾਲ ਉਹ ਧੁਨ ਮਹਿਸੂਸ ਕਰਦੇ, ਤੇ ਇਸਦੇ ਗ਼ੁਲਾਮ ਹੋ ਕੇ ਰਹਿ ਜਾਂਦੇ। ਤੇ ਜੇ ਕਦੀ ਉਸ ਘੜੀ ਜ਼ੋਬਾਰ ਕਹਿੰਦਾ, 'ਆਪੋ ਆਪਣੇ ਛੁਰੇ ਕੱਢ ਲਵੋ, ਸਾਥੀਓ!' ਤਾਂ ਸਾਡੇ ਵਿਚੋਂ ਹਰ ਕੋਈ ਆਪਣਾ ਛੁਰਾ ਕੱਢ ਲੈਂਦਾ ਤੇ ਜਿਸ ਦੇ ਵੀ ਖ਼ਿਲਾਫ਼ ਉਹ ਕਹਿੰਦਾ, ਸੇਧ ਦੇਂਦਾ। ਉਹ ਬੰਦੇ ਨੂੰ ਜਿਵੇਂ ਚਾਹੁੰਦਾ ਨਚਾ ਸਕਦਾ ਸੀ, ਪਰ ਉਸਨੂੰ ਸਾਰੇ ਪਿਆਰ ਕਰਦੇ ਸਨ, ਗੂੜ੍ਹਾ ਪਿਆਰ ਕਰਦੇ ਸਨ, ਸਿਰਫ਼ ਇਕਲੀ ਰਾਦਾ ਹੀ ਸੀ ਜੋ ਉਸ ਵੱਲ ਮੂੰਹ ਨਹੀਂ ਸੀ ਕਰਦੀ। ਜੇ ਏਨਾਂ ਹੀ ਹੁੰਦਾ ਤਾਂ ਘੱਟ ਨਹੀਂ ਸੀ, ਉਹ ਤਾਂ ਸਗੋਂ ਉਸਦਾ ਮਜ਼ਾਕ ਵੀ ਉਡਾਉਂਦੀ ਸੀ। ਉਸਨੇ ਜ਼ੋਬਾਰ ਦਾ ਦਿਲ ਬੁਰੀ ਤਰ੍ਹਾਂ ਘਾਇਲ ਕਰ ਦਿਤਾ ਸੀ, ਬਹੁਤ ਬੁਰੀ ਤਰ੍ਹਾਂ! ਉਹ ਦੰਦੀਆਂ ਕਰੀਚਦਾ ਤੇ ਆਪਣੀਆਂ ਮੁੱਛਾਂ ਨੂੰ ਵੱਟ ਚਾੜ੍ਹਦਾ, ਉਸਦੀਆਂ

ਅੱਖਾਂ ਖੂਹਾਂ ਨਾਲੋਂ ਵੀ ਗਹਿਰੀਆਂ ਲਗਦੀਆਂ, ਤੇ ਕਦੀ ਕਦੀ ਉਹਨਾਂ ਵਿਚ ਏਨੀਂ ਚਮਕ ਹੁੰਦੀ ਕਿ ਤੁਹਾਡਾ ਦਿਲ ਦਹਿਲ ਜਾਂਦਾ। ਰਾਤ ਨੂੰ ਉਹ ਦੂਰ ਸਤੇਪੀ ਦੇ ਅੰਦਰ ਕਰਕੇ ਚਲਾ ਜਾਂਦਾ ਤੇ ਉਥੇ ਉਸਦੀ ਵਾਇਲਿਨ ਸਵੇਰ ਹੋਣ ਤਕ ਕੁਰਲਾਉਂਦੀ ਰਹਿੰਦੀ—ਰੋਂਦੀ ਰਹਿੰਦੀ ਤੇ ਜ਼ੋਬਾਰ ਦੀ ਗੁਆਚੀ ਆਜ਼ਾਦੀ ਨੂੰ ਦਫ਼ਨਾਉਂਦੀ ਰਹਿੰਦੀ। ਤੇ ਅਸੀਂ ਲੇਟੇ ਹੋਏ ਸੁਣਦੇ ਰਹਿੰਦੇ ਤੇ ਆਪਣੇ ਆਪ ਵਿਚ ਸੋਚਦੇ ਰਹਿੰਦੇ ਕਿ ਅੱਗੋਂ ਕੀ ਹੋਣ ਵਾਲਾ ਹੈ? ਤੇ ਸਾਨੂੰ ਪਤਾ ਸੀ ਕਿ ਜਦੋਂ ਦੋ ਪੱਥਰ ਰਿੜ੍ਹਦੇ ਹੋਏ ਇਕ ਦੂਜੇ ਵੱਲ ਜਾ ਰਹੇ ਹੋਣ ਤਾਂ ਵਿਚਕਾਰ ਆਉਂਦੀ ਹਰ ਚੀਜ਼ ਨੂੰ ਉਹ ਕੁਚਲ ਸੁੱਟਣਗੇ। ਇਸ ਤਰ੍ਹਾਂ ਦਾ ਕੁਝ ਵਾਪਰ ਰਿਹਾ ਸੀ।

"ਇਕ ਰਾਤ ਅਸੀਂ ਆਪਣੇ ਮਾਮਲਿਆਂ ਉਤੇ ਵਿਚਾਰ ਕਰਦੇ ਹੋਏ ਬਹੁਤ ਰਾਤ ਗਈ ਤੱਕ ਅੱਗ ਦੁਆਲੇ ਬੈਠੇ ਰਹੇ, ਤੇ ਜਦੋਂ ਅਸੀਂ ਗੱਲਾਂ ਕਰ ਕਰ ਕੇ ਥੱਕ ਗਏ ਤਾਂ ਦਾਨੀਲੋ ਜ਼ੋਬਾਰ ਵੱਲ ਮੁੜਿਆ ਤੇ ਕਹਿਣ ਲੱਗਾ: 'ਸਾਨੂੰ ਕੋਈ ਗੀਤ ਸੁਣਾ, ਜ਼ੋਬਾਰ, ਜਿਸ ਨਾਲ ਰੂਹ ਖਿੜ ਜਾਏ।' ਜ਼ੋਬਾਰ ਨੇ ਰਾਦਾ ਵੱਲ ਵੇਖਿਆ ਜਿਹੜੀ ਕੁਝ ਹੀ ਦੂਰ ਜ਼ਮੀਨ ਉਤੇ ਲੇਟੀ ਆਕਾਸ਼ ਵੱਲ ਵੇਖ ਰਹੀ ਸੀ, ਤੇ ਤਾਰਾਂ ਉਤੇ ਗਜ਼ ਫੇਰਿਆ। ਵਾਇਲਿਨ ਇੰਝ ਗਾ ਉਠੀ ਜਿਵੇਂ ਗਜ਼ ਸਚਮੁਚ ਹੀ ਕਿਸੇ ਕੁੜੀ ਦੇ ਦਿਲ ਦੀਆਂ ਤਾਰਾਂ ਉਤੇ ਫਿਰ ਰਿਹਾ ਹੋਵੇ। ਤੇ ਲੋਇਕੋ ਗਾਉਣ ਲੱਗਾ:

ਹੇ, ਹੋ! ਮੇਰੇ ਸੀਨੇ ਅਗਨੀ ਬਲੇ,
ਤੇ ਸਤੇਪੀ ਹੈ ਕਿੰਨਾ ਵਿਸ਼ਾਲ
ਹਵਾ ਵਾਂਗ ਤੇਜ਼ ਮੇਰਾ ਘੋੜਾ ਚਲੇ
ਤੇ ਵਾਰ ਮੇਰਾ ਝੱਲਣਾ ਮੁਹਾਲ

"ਰਾਦਾ ਨੇ ਆਪਣਾ ਸਿਰ ਉਸ ਵੱਲ ਮੋੜਿਆ, ਇਕ ਅਰਕ ਦੇ ਸਹਾਰੇ ਉਪਰ ਵੱਲ ਨੂੰ ਹੋਈ ਤੇ ਉਸਦੀਆਂ ਅੱਖਾਂ ਵਿਚ ਅੱਖਾਂ ਗਡਦੀ ਹੋਈ ਹੱਸ ਪਈ। ਉਹਦਾ ਰੰਗ ਸੂਹਾ ਲਾਲ ਹੋ ਗਿਆ।

ਹੇ-ਹੋ, ਹੇ-ਹੋ! ਤੂੰ ਸਾਥੀ ਮੇਰੇ!
ਚੱਲ ਚੱਲੀਏ ਹੋ ਘੋੜੇ ਤੇ ਸਵਾਰ!
ਏਥੇ ਧੁੰਦ ਡੂੰਘੀ ਸਤੇਪੀਆਂ ਨੂੰ ਘੇਰੇ
ਉਥੇ ਪਹੁਫੁਟਾਲਾ ਕਰੇ ਸਾਡਾ ਇੰਤਜ਼ਾਰ
ਹੇ-ਹੋ! ਉਡ ਚੱਲੀਏ. ਆਕਾਸ਼ 'ਤੇ
ਜਿਥੇ ਹਰ ਰਾਤ ਦਿਨ ਤੱਕ ਲੈ ਜਾਵੇ

ਸਿਰਫ਼ ਘੋੜੇ ਦੀ ਅਯਾਲ ਨਾ ਛੁਹੇ ਕਿਤੇ
ਚੰਨ ਸੁਹਣੇ 'ਤੇ ਨਾ ਪੂੰਝਾ ਪੈ ਜਾਵੇ

"ਕਿਆ ਗਾਉਂਦਾ ਸੀ ਉਹ! ਅੱਜ ਕੱਲ ਉਸ ਤਰ੍ਹਾਂ ਕੋਈ ਵੀ ਨਹੀਂ ਗਾਉਂਦਾ। ਪਰ ਰਾਦਾ ਮਲਕੜੇ ਜਿਹੇ ਬੋਲੀ, ਜਿਵੇਂ ਪਾਣੀ ਛਣਦਾ ਹੋਵੇ:

"'ਤੈਨੂੰ ਏਨਾਂ ਉੱਚਾ ਨਹੀਂ ਉੱਡਣਾ ਚਾਹੀਦਾ, ਲੋਇਕੋ, ਮਤਾਂ ਕਿਸੇ ਛੱਪੜ ਵਿਚ ਮੂਧਦੇ ਮੂੰਹ ਡਿੱਗ ਪਵੇਂ ਤੇ ਆਪਣੀਆਂ ਸੁਹਣੀਆਂ ਮੁੱਛਾਂ ਖ਼ਰਾਬ ਕਰ ਬੈਠੇਂ, ਵੇਖੀਂ ਕਿਤੇ।'

"ਜ਼ੋਬਾਰ ਨੇ ਉਸ ਵੱਲ ਵਹਿਸ਼ੀ ਨਜ਼ਰਾਂ ਨਾਲ ਦੇਖਿਆ, ਪਰ ਕਿਹਾ ਕੁਝ ਨਾ। ਉਸਨੇ ਆਪਣੇ ਆਪ ਨੂੰ ਕਾਬੂ ਵਿਚ ਰਖਿਆ ਤੇ ਗਾਈ ਗਿਆ:

ਹੇ–ਹੋ! ਇਕਦਮ ਦਿਨ ਹੋ ਗਿਆ
ਜਦੋਂ ਅਸੀਂ ਦੋਵੇਂ ਰਲ ਕੇ ਸਾਂ ਸੌਂ ਗਏ,
ਉਇ–ਹੋਇ! ਦਿਲ ਧੜਕਣੋਂ ਖੜੋ ਗਿਆ
ਅਸੀਂ ਸ਼ਰਮ ਨਾਲ ਲਾਲ–ਸੂਹੇ ਹੋ ਗਏ!

"'ਇਹ ਹੋਇਆ ਨਾ ਗੀਤ!' ਦਾਨੀਲੋ ਬੋਲਿਆ। 'ਕਦੀ ਨਹੀਂ ਇਹੋ ਜਿਹਾ ਗੀਤ ਸੁਣਿਆ ਮੈਂ; ਸ਼ੈਤਾਨ ਮੈਨੂੰ ਆਪਣਾ ਪਾਇਪ ਬਣਾ ਲਵੇ, ਜੇ ਮੈਂ ਝੂਠ ਬੋਲਾਂ ਤਾਂ!'

"ਬੁਢੇ ਨੂਰ ਨੇ ਆਪਣੀਆਂ ਮੁੱਛਾਂ ਉਤੇ ਹੱਥ ਫੇਰਿਆ ਤੇ ਮੋਢੇ ਸੁੰਗੇੜੇ, ਤੇ ਜ਼ੋਬਾਰ ਦੇ ਹੌਂਸਲੇ ਭਰੇ ਗੀਤ ਨੂੰ ਸੁਣ ਕੇ ਅਸੀਂ ਸਾਰੇ ਖ਼ੁਸ਼ ਸਾਂ। ਪਰ ਰਾਦਾ ਨੂੰ ਇਹ ਪਸੰਦ ਨਾ ਆਇਆ।

"'ਇਕ ਵਾਰੀ ਮੱਛਰ ਨੇ ਬਾਜ਼ ਵਰਗੀ ਆਵਾਜ਼ ਕਢਣ ਦੀ ਕੋਸ਼ਿਸ਼ ਕੀਤੀ ਸੀ,' ਉਹ ਬੋਲੀ। ਉਸਨੇ ਜਿਵੇਂ ਸਾਡੇ ਸਾਰਿਆਂ ਦੇ ਮੂੰਹ ਉਤੇ ਬਰਫ਼ ਮਾਰੀ ਹੋਵੇ।

"'ਤੇਰੇ ਸ਼ਾਇਦ ਮਖ ਲੜਦੀ ਏ, ਰਾਦਾ,' ਦਾਨੀਲੋ ਲਮਕਵੀਂ ਆਵਾਜ਼ ਵਿਚ ਬੋਲਿਆ, ਪਰ ਜ਼ੋਬਾਰ ਨੇ ਆਪਣੀ ਟੋਪੀ ਥੱਲੇ ਵਗਾਹ ਮਾਰੀ ਤੇ ਸਾਰਾ ਜ਼ਮੀਨ ਵਾਂਗ ਧੁਆਂਖਿਆ ਹੋਇਆ, ਕਹਿਣ ਲੱਗਾ:

"'ਠਹਿਰ ਜਾ ਦਾਨੀਲੋ! ਤੇਜ਼–ਤੱਰਾਰ ਘੋੜੇ ਨੂੰ ਕੜਿਆਲ ਵੀ ਲੋਹੇ ਦੀ ਚਾਹੀਦੀ ਏ। ਆਪਣੀ ਧੀ ਦਾ ਹੱਥ ਮੇਰੇ ਹੱਥ ਦੇ ਦੇ!"

"'ਕਿਆ ਸੁਹਣੀ ਤਕਰੀਰ ਏ,' ਦਾਨੀਲੋ ਖਿੜਖਿੜਾਇਆ। 'ਲੈ ਲੈ ਜੇ ਲੈ ਸਕਦੈਂ ਤਾਂ!'

"'ਠੀਕ ਏ,' ਜ਼ੋਬਾਰ ਬੋਲਿਆ, ਤੇ ਫਿਰ ਰਾਦਾ ਵੱਲ ਮੁੜਦਾ ਹੋਇਆ ਕਹਿਣ ਲੱਗਾ: 'ਸੁਣ, ਕੁੜੀਏ, ਜ਼ਰਾ ਮੇਰੀ ਗੱਲ ਸੁਣ, ਤੇ ਉੱਚੀਆਂ ਹਵਾਵਾਂ ਵਿਚ ਨਾ

ਰਹੁ। ਬਹੁਤ ਸਾਰੀਆਂ ਮੈਂ ਤੇਰੇ ਵਰਗੀਆਂ ਵੇਖੀਆਂ ਨੇ, ਹਾਂ, ਬਹੁਤ ਸਾਰੀਆਂ! ਪਰ ਉਹਨਾਂ ਵਿਚੋਂ ਇਕ ਵੀ ਮੇਰੇ ਦਿਲ ਨੂੰ ਇੰਝ ਨਹੀਂ ਭਾਈ, ਜਿਵੇਂ ਤੂੰ ਭਾ ਗਈ ਏਂ। ਆਹ, ਰਾਦਾ, ਤੂੰ ਮੇਰੀ ਰੂਹ ਉਤੇ ਛਾ ਗਈ ਏਂ। ਪਰ ਕੀ ਕੀਤਾ ਜਾ ਸਕਦੈ? ਜੋ ਹੋਣੈ, ਉਹ ਹੋ ਕੇ ਰਹਿਣੈ, ਤੇ ਐਸਾ ਘੋੜਾ ਅਜੇ ਤੱਕ ਕੋਈ ਨਹੀਂ ਪੈਦਾ ਹੋਇਆ, ਜਿਹੜਾ ਆਦਮੀ ਨੂੰ ਉਸਦੇ ਆਪੇ ਤੋਂ ਦੂਰ ਲੈ ਜਾਏ। ਰੱਬ ਨੂੰ ਤੇ ਆਪਣੀ ਜ਼ਮੀਰ ਨੂੰ ਹਾਜ਼ਰ-ਨਾਜ਼ਰ ਸਮਝ ਕੇ, ਤੇ ਤੇਰੇ ਪਿਉ ਤੇ ਇਹਨਾਂ ਸਾਰੇ ਲੋਕਾਂ ਦੀ ਹਾਜ਼ਰੀ ਵਿਚ, ਮੈਂ ਤੈਨੂੰ ਆਪਣੀ ਪਤਨੀ ਬਣਾਉਂਦਾ ਹਾਂ। ਸਿਰਫ਼ ਏਨਾਂ ਖ਼ਿਆਲ ਰਖੀਂ ਕਿ ਮੇਰੀ ਆਜ਼ਾਦੀ ਨੂੰ ਖ਼ਤਮ ਨਾ ਕਰੀਂ; ਮੈਂ ਆਜ਼ਾਦੀ ਨੂੰ ਪਿਆਰਨ ਵਾਲਾ ਆਦਮੀ ਹਾਂ ਤੇ ਹਮੇਸ਼ਾ ਉਸ ਤਰ੍ਹਾਂ ਹੀ ਰਹਾਂਗਾ, ਜਿਸ ਤਰ੍ਹਾਂ ਮੇਰੀ ਮਰਜ਼ੀ ਹੋਵੇਗੀ।' ਤੇ ਉਹ ਦੰਦਾਂ ਨੂੰ ਘੁੱਟੀ ਤੇ ਲਾਟੋ-ਲਾਟ ਅੱਖਾਂ ਨਾਲ ਤੁਰਦਾ ਹੋਇਆ ਉਸ ਤੱਕ ਪੁੱਜਾ। ਅਸੀਂ ਉਸਨੂੰ ਆਪਣਾ ਹੱਥ ਰਾਦਾ ਵੱਲ ਵਧਾਉਂਦਿਆਂ ਵੇਖਿਆ ਤੇ ਅਸੀਂ ਸੋਚਿਆ, ਆਖ਼ਰ ਰਾਦਾ ਨੇ ਸਤੇਪੀ ਦੇ ਇਸ ਜੰਗਲੀ ਵਛੇਰੇ ਨੂੰ ਲਗਾਮ ਪਾ ਲਈ ਹੈ। ਪਰ ਇਕਦਮ ਜ਼ੋਬਾਰ ਦੀਆਂ ਬਾਹਾਂ ਬਾਹਰ ਨੂੰ ਫੈਲੀਆਂ ਤੇ ਉਹਦੇ ਸਿਰ ਦਾ ਪਿਛਲਾ ਪਾਸਾ ਜ਼ਮੀਨ ਨਾਲ ਜਾ ਵੱਜਾ।

"ਅਸੀਂ ਸਾਰੇ ਹੈਰਾਨ ਸਾਂ ਕਿ ਇਹ ਕੀ ਹੋ ਗਿਆ? ਇੰਝ ਸੀ ਜਿਵੇਂ ਕੋਈ ਗੋਲੀ ਉਸਦਾ ਸੀਨਾ ਚੀਰ ਗਈ ਹੋਵੇ। ਪਰ ਰਾਦਾ ਨੇ ਚਾਬਕ ਘੁਮਾ ਕੇ ਉਸਦੀਆਂ ਲੱਤਾਂ ਦੁਆਲੇ ਵਲ ਲਈ ਸੀ ਤੇ ਆਪਣੇ ਵੱਲ ਖਿਚਿਆ ਸੀ। ਇਸ ਕਰਕੇ ਉਹ ਡਿੱਗ ਪਿਆ ਸੀ।

"ਤੇ ਫਿਰ ਉਹ ਉਥੇ ਲੇਟੀ ਹੋਈ ਸੀ, ਚੁੱਪ-ਚਾਪ ਬੁਲ੍ਹਾਂ ਉਤੇ ਹਿਕਾਰਤ ਭਰੀ ਮੁਸਕ੍ਰਾਹਟ ਨਾਲ। ਅਸੀਂ ਵੇਖਣ ਲਗੇ ਕਿ ਹੁਣ ਕੀ ਹੋਵੇਗਾ। ਜ਼ੋਬਾਰ ਬੈਠ ਗਿਆ ਤੇ ਉਸਨੇ ਆਪਣਾ ਸਿਰ ਆਪਣੇ ਹੱਥਾਂ ਵਿਚ ਫੜ ਲਿਆ, ਜਿਵੇਂ ਉਸਨੂੰ ਡਰ ਹੋਵੇ ਕਿ ਇਹ ਫਟ ਜਾਇਗਾ, ਫਿਰ ਉਹ ਚੁੱਪਚਾਪ ਉਠਿਆ ਤੇ ਕਿਸੇ ਵੱਲ ਵੀ ਵੇਖੇ ਬਿਨਾਂ ਉਹ ਸਤੇਪੀ ਵੱਲ ਚਲਾ ਗਿਆ। ਨੂਰ ਨੇ ਮੇਰੇ ਕੰਨ ਵਿਚ ਕਿਹਾ: 'ਜਾਹ ਤੂੰ ਉਹਦੇ ਉਤੇ ਨਜ਼ਰ ਰੱਖ।' ਸੋ ਮੈਂ ਰਾਤ ਦੇ ਹਨੇਰੇ ਵਿਚ ਹੌਲੀ ਹੌਲੀ ਤੁਰਦਾ ਸਤੇਪੀ ਵਿਚ ਉਸਦੇ ਮਗਰ ਮਗਰ ਹੋ ਪਿਆ। ਜ਼ਰਾ ਸੋਚ ਤੂੰ, ਬਾਜ਼।"

ਮਕਰ ਨੇ ਆਪਣੇ ਪਾਈਪ ਵਿਚੋਂ ਖੁਰਚ ਕੇ ਸਵਾਹ ਬਾਹਰ ਕੱਢੀ ਤੇ ਇਸਨੂੰ ਮੁੜ ਭਰਨ ਲਗ ਪਿਆ। ਮੈਂ ਆਪਣਾ ਕੋਟ ਹੋਰ ਘੁੱਟ ਕੇ ਆਪਣੇ ਦੁਆਲੇ ਵਲ ਲਿਆ, ਪਿੱਠ-ਭਾਰ ਲੇਟ ਗਿਆ ਤੇ ਧੁੱਪਾਂ ਤੇ ਹਵਾਵਾਂ ਨਾਲ ਸੰਵਲਾਏ ਉਸਦੇ ਬੁਢੇ ਚਿਹਰੇ ਨੂੰ ਵੇਖਣ ਲਗਾ। ਉਹ ਆਪਣੇ ਆਪ ਨਾਲ ਗੱਲਾਂ ਕਰੀ ਜਾ ਰਿਹਾ ਸੀ, ਤੇ ਆਪਣਾ ਸਿਰ ਗੰਭੀਰਤਾ ਨਾਲ ਹਿਲਾਉਂਦਾ ਹੋਇਆ ਆਪਣੇ ਕਹੇ ਉਤੇ ਜ਼ੋਰ ਦੇ ਰਿਹਾ ਸੀ। ਉਸਦੀਆਂ ਧੌਲੀਆਂ ਮੁੱਛਾਂ ਫਰਕ ਰਹੀਆਂ ਸਨ, ਤੇ ਹਵਾ ਉਸਦੇ ਵਾਲਾਂ ਨੂੰ ਉਡਾ

ਰਹੀ ਸੀ। ਉਸਨੂੰ ਵੇਖ ਕੇ ਮੈਨੂੰ ਬੁਢਾ ਬਲੂਤ ਯਾਦ ਆਇਆ, ਜਿਸ ਉਤੇ ਬਿਜਲੀ ਡਿੱਗ ਚੁਕੀ ਹੋਵੇ, ਪਰ ਜਿਹੜਾ ਅਜੇ ਵੀ ਤਕੜਾ ਤੇ ਜ਼ੋਰਦਾਰ ਹੋਵੇ, ਤੇ ਜਿਸਨੂੰ ਆਪਣੇ ਜ਼ੋਰਦਾਰ ਹੋਣ ਉਤੇ ਮਾਣ ਵੀ ਹੋਵੇ। ਸਾਗਰ ਰੇਤ ਦੇ ਕੰਨਾਂ ਵਿਚ ਕੁਝ ਕਹੀ ਜਾ ਰਿਹਾ ਸੀ, ਤੇ ਹਵਾ ਉਸਦੀ ਆਵਾਜ਼ ਨੂੰ ਸਤੇਪੀ ਤੱਕ ਲਿਜਾਈ ਜਾ ਰਹੀ ਸੀ। ਨੋਨਕਾ ਨੇ ਗਾਉਣਾ ਬੰਦ ਕਰ ਦਿਤਾ ਸੀ। ਆਕਾਸ਼ ਵਿਚ ਬੱਦਲ ਇਕੱਠੇ ਹੋ ਗਏ ਸਨ, ਜਿਸ ਨਾਲ ਪਤਝੜ ਦੀ ਇਹ ਰਾਤ ਹੋਰ ਵੀ ਹਨੇਰੀ ਹੋ ਗਈ ਸੀ।

"ਲੋਇਕੋ ਪੈਰ ਘਸੀਟਦਾ ਤੁਰਿਆ ਜਾ ਰਿਹਾ ਸੀ, ਸਿਰ ਹੇਠਾਂ ਸੁੱਟੀ ਤੇ ਬਾਹਵਾਂ ਹੇਠਾਂ ਨੂੰ ਲਮਕਾਈ ਜਿਵੇਂ ਕਮਚੀਆਂ ਹੋਣ, ਤੇ ਜਦੋਂ ਉਹ ਨਿੱਕੀ ਜਿਹੀ ਨਦੀ ਦੇ ਕੰਢੇ ਉਤੇ ਪੁੱਜਾ ਤਾਂ ਉਹ ਇਕ ਪੱਥਰ ਉਤੇ ਬੈਠ ਗਿਆ ਤੇ ਕੱਰਾਹੁਣ ਲੱਗਾ। ਉਸਦੀ ਕੱਰਾਹਟ ਨੇ ਤਾਂ ਮੇਰਾ ਦਿਲ ਹੀ ਤੋੜ ਦਿਤਾ, ਪਰ ਮੈਂ ਉਸਦੇ ਨੇੜੇ ਨਾ ਗਿਆ। ਆਖ਼ਰ ਗਲਾਂ ਨਾਲ ਤਾਂ ਗ਼ਮ ਨਹੀਂ ਨਾ ਘਟਦਾ—ਠੀਕ ਏ ਨਾ? ਇਹੋ ਮੁਸੀਬਤ ਏ। ਉਹ ਉਥੇ ਇਕ ਘੰਟਾ, ਦੋ ਘੰਟੇ, ਤਿੰਨ ਘੰਟੇ, ਬਿਨਾਂ ਜ਼ਰਾ ਵੀ ਹਿਲਿਆਂ ਬੈਠਾ ਰਿਹਾ। ਬੱਸ ਬੈਠਾ ਹੀ ਰਿਹਾ।

"ਮੈਂ ਕੁਝ ਹੀ ਦੂਰ ਪਿਆ ਹੋਇਆ ਸਾਂ। ਆਕਾਸ਼ ਸਾਫ਼ ਹੋ ਗਿਆ ਸੀ, ਚੰਨ ਸਾਰੀ ਸਤੇਪੀ ਨੂੰ ਚਾਂਦੀ ਨਾਲ ਧੋ ਰਿਹਾ ਸੀ, ਤੇ ਦੂਰ ਦੂਰ ਤੱਕ ਤੁਸੀਂ ਸਭ ਕੁਝ ਵੇਖ ਸਕਦੇ ਸੋ।

"ਇਕਦਮ ਮੈਨੂੰ ਰਾਦਾ ਆਪਣੇ ਡੇਰੇ ਵਲੋਂ ਇਧਰ ਨਠਦੀ ਆਉਂਦੀ ਦਿਸੀ।

"ਮੈਨੂੰ ਬਹੁਤ ਖੁਸ਼ੀ ਹੋਈ! 'ਚੰਗੀ ਗੱਲ ਏ,' ਮੈਂ ਸੋਚਿਆ, 'ਤੂੰ ਬਹਾਦਰ ਕੁੜੀ ਏਂ, ਰਾਦਾ!' ਉਹ ਜ਼ੋਬਾਰ ਨੂੰ ਖ਼ਬਰ ਹੋਏ ਬਿਨਾਂ ਉਸ ਤੱਕ ਪੁੱਜੀ। ਆਪਣਾ ਹੱਥ ਉਸਦੇ ਮੋਢੇ ਉਤੇ ਰਖ ਦਿਤਾ। ਉਹ ਤ੍ਰਭਕ ਪਿਆ, ਆਪਣੇ ਹੱਥ ਛੱਡੇ ਤੇ ਸਿਰ ਉਤਾਂਹ ਚੁਕਿਆ। ਇਕਦਮ ਉਹ ਉਠ ਕੇ ਖੜੋ ਗਿਆ ਤੇ ਆਪਣਾ ਚਾਕੂ ਕੱਢ ਲਿਆ। ਉਫ਼, ਇਹ ਤਾਂ ਕੁੜੀ ਨੂੰ ਮਾਰ ਦੇਵੇਗਾ, ਮੈਂ ਸੋਚਿਆ, ਤੇ ਮੈਂ ਛਾਲ ਮਾਰ ਕੇ ਉੱਠਣ ਤੇ ਰੌਲਾ ਪਾਉਣ ਹੀ ਵਾਲਾ ਸਾਂ ਜਦੋਂ ਮੈਂ ਸੁਣਿਆ:

"'ਇਸਨੂੰ ਛੱਡ ਦੇ, ਨਹੀਂ ਤਾਂ ਗੋਲੀ ਨਾਲ ਸਿਰ ਉਡਾ ਦਿਆਂਗੀ!' ਮੈਂ ਵੇਖਿਆ, ਰਾਦਾ ਦੇ ਹੱਥ ਪਿਸਤੌਲ ਸੀ ਤੇ ਉਸਨੇ ਲੋਇਕੋ ਦੇ ਸਿਰ ਦਾ ਨਿਸ਼ਾਨਾ ਬੰਨ੍ਹਿਆਂ ਹੋਇਆ ਸੀ। ਬਿਲਕੁਲ ਸ਼ੈਤਾਨ ਦੀ ਬੱਚੀ ਸੀ ਉਹ! ਖ਼ੈਰ, ਮੈਂ ਸੋਚਿਆ, ਘੱਟੋ ਘੱਟ ਹੁਣ ਤਾਕਤ ਵਿਚ ਤਾਂ ਉਹ ਬਰਾਬਰ ਨੇ। ਵੇਖੋ ਅੱਗੋਂ ਕੀ ਹੁੰਦੈ।

"'ਮੈਂ ਤੈਨੂੰ ਮਾਰਨ ਨਹੀਂ ਆਈ, ਤੇਰੇ ਨਾਲ ਸੁਲਹ ਕਰਨ ਆਈ ਹਾਂ,' ਰਾਦਾ ਨੇ ਪਿਸਤੌਲ ਵਾਪਸ ਆਪਣੀ ਪੇਟੀ ਵਿਚ ਪਾਉਂਦਿਆਂ ਕਿਹਾ। 'ਚਾਕੂ ਪਰ੍ਹਾਂ ਸੁੱਟ ਦੇ।' ਉਸਨੇ ਸੁੱਟ ਦਿਤਾ ਤੇ ਤਿਊੜੀ ਪਾ ਕੇ ਉਸਦੀਆਂ ਅੱਖਾਂ ਵਿਚ ਵੇਖਣ ਲਗਾ। ਵੇਖਣ ਵਾਲੀ ਚੀਜ਼ ਸੀ, ਭਰਾ! ਦੋ ਬੰਦੇ ਖੜੇ ਨੇ ਤੇ ਜਾਂਗਲੀ ਜਾਨਵਰਾਂ

ਵਾਂਗ ਇਕ ਦੂਜੇ ਵੱਲ ਵੇਖ ਰਹੇ ਨੇ, ਤੇ ਦੋਵੇਂ ਹੀ ਏਨੇ ਚੰਗੇ ਦਲਰ ਬੰਦੇ। ਤੇ ਉਹਨਾਂ ਨੂੰ ਸਿਰਫ਼ ਚਮਕਦਾ ਚੰਨ ਦੇਖ ਰਿਹਾ ਸੀ, ਜਾਂ ਮੈਂ—ਤੇ ਬੱਸ।

"'ਸੁਣ ਜ਼ੋਬਾਰ, ਮੈਂ ਤੈਨੂੰ ਪਿਆਰ ਕਰਦੀ ਹਾਂ,' ਰਾਦਾ ਬੋਲੀ। ਉਸਨੇ ਸਿਰਫ਼ ਮੋਢੇ ਸੁੰਗੇੜੇ ਜਿਵੇਂ ਕਿਸੇ ਨੇ ਉਸਦੇ ਹੱਥ ਪੈਰ ਬੰਨ੍ਹੇ ਹੋਣ।

"'ਮੈਂ ਕਈ ਮੁੰਡੇ ਵੇਖੇ ਨੇ, ਪਰ ਤੂੰ ਉਹਨਾਂ ਵਿਚੋਂ ਸਭ ਤੋਂ ਦਲੇਰ ਤੇ ਸਭ ਤੋਂ ਸੁਹਣਾ ਏਂ। ਉਹਨਾਂ ਵਿਚੋਂ ਹਰ ਕੋਈ ਮੁੱਛਾਂ ਮੁਨਵਾਉਣ ਨੂੰ ਤਿਆਰ ਹੁੰਦਾ, ਜੇ ਇਕ ਵਾਰੀ ਮੈਂ ਕਹਿੰਦੀ; ਹਰ ਕੋਈ ਮੇਰੇ ਪੈਰਾਂ ਉਤੇ ਢਹਿ ਪੈਂਦਾ, ਜੇ ਮੇਰੀ ਇਹ ਇੱਛਾ ਹੁੰਦੀ। ਪਰ ਮੈਂ ਕਿਉਂ ਅਜਿਹਾ ਕਰਦੀ? ਉਹਨਾਂ ਵਿਚੋਂ ਕੋਈ ਵੀ ਬਹਾਦਰ ਨਹੀਂ ਸੀ, ਤੇ ਮੇਰੇ ਨਾਲ ਉਹ ਜਲਦੀ ਹੀ ਜ਼ਨਾਨਾ ਜਿਹੇ ਬਣ ਜਾਂਦੇ। ਬੜੇ ਥੋੜ੍ਹੇ ਬਹਾਦਰ ਟੱਪਰੀਵਾਸ ਰਹਿ ਗਏ ਨੇ, ਜ਼ੋਬਾਰ—ਬਹੁਤ ਥੋੜ੍ਹੇ। ਅੱਜ ਤੱਕ ਮੈਂ ਅਜੇ ਕਿਸੇ ਨੂੰ ਪਿਆਰ ਨਹੀਂ ਕੀਤਾ, ਜ਼ੋਬਾਰ। ਪਰ ਮੈਂ ਤੈਨੂੰ ਪਿਆਰ ਕਰਦੀ ਹਾਂ। ਨਾਲ ਹੀ ਮੈਂ ਆਪਣੀ ਆਜ਼ਾਦੀ ਨੂੰ ਪਿਆਰ ਕਰਦੀ ਹਾਂ। ਆਪਣੀ ਆਜ਼ਾਦੀ ਨੂੰ ਮੈਂ ਤੇਰੇ ਨਾਲੋਂ ਵੀ ਜ਼ਿਆਦਾ ਪਿਆਰ ਕਰਦੀ ਹਾਂ। ਪਰ ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ, ਜਿਵੇਂ ਤੂੰ ਮੇਰੇ ਬਿਨਾਂ ਨਹੀਂ ਰਹਿ ਸਕਦਾ। ਤੇ ਮੈਂ ਚਾਹੁੰਦੀ ਹਾਂ ਤੂੰ ਮੇਰਾ ਬਣ ਜਾਏਂ, ਦਿਲ ਜਾਨ ਨਾਲ ਮੇਰਾ ਬਣ ਜਾਏਂ, ਸੁਣਦਾ ਏਂ?'

"ਜ਼ੋਬਾਰ ਜ਼ਰਾ ਕੁ ਹੱਸਿਆ। 'ਸੁਣਦਾ ਹਾਂ,' ਉਹ ਬੋਲਿਆ। 'ਤੇਰੇ ਬੋਲ ਮੇਰੇ ਦਿਲ ਨੂੰ ਖ਼ੁਸ਼ੀ ਦੇਂਦੇ ਨੇ। ਬੋਲੀ ਚੱਲ!'

"'ਹੋਰ ਮੈਂ ਇਹ ਕਹਿਣਾ ਏ, ਜ਼ੋਬਾਰ: ਤੂੰ ਜੋ ਮਰਜ਼ੀ ਕਰ ਲੈ, ਮੈਂ ਤੈਨੂੰ ਆਪਣੇ ਵੱਸ ਕਰਕੇ ਰਹਾਂਗੀ; ਤੂੰ ਮੇਰਾ ਹੋ ਕੇ ਰਹੇਂਗਾ। ਸੋ ਸਮਾਂ ਨਾ ਗੁਆ। ਮੇਰੇ ਚੁੰਮਣ ਤੇ ਲਾਡ-ਪਿਆਰ ਤੈਨੂੰ ਉਡੀਕ ਰਹੇ ਨੇ—ਤੇ ਮੈਂ ਤੈਨੂੰ ਜ਼ੋਰਦਾਰ ਵੇਗ ਨਾਲ ਚੁੰਮਾਂਗੀ, ਜ਼ੋਬਾਰ! ਮੇਰੇ ਚੁੰਮਣਾਂ ਦੇ ਜਾਦੂ-ਅਸਰ ਹੇਠ ਤੂੰ ਬੀਤੇ ਦੀ ਸਾਰੀ ਬਹਾਦਰ ਜ਼ਿੰਦਗੀ ਭੁੱਲ ਜਾਏਂਗਾ। ਤੇਰੇ ਖ਼ੁਸ਼ੀ ਭਰੇ ਗੀਤ, ਜਿਨ੍ਹਾਂ ਨੂੰ ਟੱਪਰੀਵਾਸ ਏਨਾ ਪਿਆਰ ਕਰਦੇ ਨੇ, ਹੋਰ ਸਤੇਪੀਆਂ ਵਿਚ ਨਹੀਂ ਗੂੰਜਣਗੇ; ਹੁਣ ਤੋਂ ਤੂੰ ਸਿਰਫ਼ ਮੇਰੇ ਲਈ, ਰਾਦਾ ਲਈ, ਪਿਆਰ ਦੇ ਕੋਮਲ ਗੀਤ ਗਾਇਆ ਕਰੇਂਗਾ। ਹੋਰ ਸਮਾਂ ਐਵੇਂ ਨਾ ਗੁਆ। ਤੈਨੂੰ ਮੈਂ ਇਹ ਕਿਹਾ ਏ, ਜਿਸਦਾ ਮਤਲਬ ਏ ਕਿ ਕੱਲ ਤੋਂ ਤੂੰ ਮੇਰੀ ਇੰਝ ਵਫ਼ਾਦਾਰੀ ਨਾਲ ਸੇਵਾ ਕਰੇਂਗਾ ਜਿਸ ਤਰ੍ਹਾਂ ਕੋਈ ਨੌਜਵਾਨ ਵਡੀ ਉਮਰ ਦੇ ਸਾਥੀ ਦੀ ਕਰਦਾ ਏ। ਤੇ ਸਾਰੇ ਡੇਰੇ ਦੇ ਸਾਮ੍ਹਣੇ ਤੂੰ ਮੇਰੇ ਪੈਰਾਂ ਉਤੇ ਝੁਕੇਂਗਾ ਤੇ ਮੇਰਾ ਸੱਜਾ ਹੱਥ ਚੁੰਮੇਂਗਾ, ਤੇ ਸਿਰਫ਼ ਤਾਂ ਹੀ ਮੈਂ ਤੇਰੀ ਪਤਨੀ ਬਣਾਂਗੀ।'

"ਸੋ ਉਹ ਚੰਡਾਲ ਕੁੜੀ ਇਹ ਚਾਹੁੰਦੀ ਸੀ। ਇਹੋ ਜਿਹੀ ਗੱਲ ਕਦੀ ਨਹੀਂ ਸੀ ਕਿਸੇ ਸੁਣੀ। ਸਿਰਫ਼ ਕਾਲੇ ਪਹਾੜ ਦੇ ਵਾਸੀਆਂ ਵਿਚ ਹੀ ਕਦੀ ਇਸ ਤਰ੍ਹਾਂ ਦੀ ਰਸਮ ਹੁੰਦੀ ਸੀ, ਸਿਆਣੇ ਦਸਦੇ ਨੇ, ਪਰ ਟੱਪਰੀਵਾਸਾਂ ਵਿਚ ਕਦੀ ਨਹੀਂ

ਸੀ ਰਹੀ। ਇਹਦੇ ਨਾਲੋਂ ਬੇਇਜ਼ਤੀ ਵਾਲੀ ਗੱਲ ਤੂੰ ਕੋਈ ਸੋਚ ਸਕਦੈਂ? ਸਾਲ ਭਰ ਮੱਥਾ ਮਾਰਦਾ ਰਹੁ, ਤੂੰ ਨਹੀਂ ਸੋਚ ਸਕਦਾ।

"ਲੋਇਕੋ ਇਕ ਪਾਸੇ ਨੂੰ ਮੁੜਿਆ ਤੇ ਸਤੇਪੀ ਵਿਚ ਉਸਦੀ ਚੀਕ ਗੂੰਜ ਉਠੀ ਅਜਿਹੀ ਚੀਕ ਜਿਵੇਂ ਕਿਸੇ ਦੇ ਸੀਨੇ ਵਿਚ ਫਟ ਲੱਗ ਗਿਆ ਹੋਵੇ। ਰਾਦਾ ਕੰਬੀ, ਪਰ ਉਸਨੇ ਆਪਣਾ ਹਾਵ-ਭਾਵ ਜ਼ਾਹਰ ਨਾ ਹੋਣ ਦਿਤਾ।

"'ਸੋ ਕੱਲ ਤੱਕ ਅਲਵਿਦਾ, ਤੇ ਕੱਲ ਤੂੰ ਉਹੋ ਕੁਝ ਕਰੇਂਗਾ ਜੋ ਮੈਂ ਕਿਹਾ ਏ, ਸੁਣਦਾ ਏਂ, ਜ਼ੋਬਾਰ?'

"'ਸੁਣਦਾ ਹਾਂ। ਮੈਂ ਇੰਞ ਹੀ ਕਰਾਂਗਾ,' ਜ਼ੋਬਾਰ ਨੇ ਕੱਰਾਹੁੰਦੀ ਆਵਾਜ਼ ਵਿਚ ਕਿਹਾ ਤੇ ਆਪਣੀਆਂ ਬਾਹਵਾਂ ਉਸ ਵੱਲ ਫੈਲਾਈਆਂ, ਪਰ ਉਹ ਉਸ ਵੱਲ ਇਕ ਨਜ਼ਰ ਵੇਖੇ ਤੋਂ ਵੀ ਬਿਨਾਂ ਉਥੋਂ ਚਲੀ ਗਈ, ਤੇ ਉਹ ਹਨੇਰੀ ਨਾਲ ਟੁੱਟੇ ਰੁੱਖ ਵਾਂਗ ਝੂਲਣ ਲੱਗਾ ਤੇ ਸਿਸਕੀਆਂ ਭਰਦਾ ਤੇ ਹੱਸਦਾ ਜ਼ਮੀਨ ਉਤੇ ਡਿੱਗ ਪਿਆ।

"ਏਨਾਂ ਮੰਦਾ ਹਾਲ ਕਰ ਦਿਤਾ ਸੀ ਮੁੰਡੇ ਦਾ ਲਾਅਨਤੀ ਰਾਦਾ ਨੇ। ਬੜੀ ਮੁਸ਼ਕਲ ਨਾਲ ਮੈਂ ਉਸਨੂੰ ਹੋਸ਼ ਵਿਚ ਲਿਆਂਦਾ।

"ਕਿਉਂ ਲੋਕ ਇੰਞ ਕਸ਼ਟ ਉਠਾਉਣ, ਕਿਸ ਸ਼ੈਤਾਨ ਨੂੰ ਇਸਦੀ ਲੋੜ ਏ? ਅਜਿਹੇ ਬੰਦੇ ਦੀਆਂ ਆਹਾਂ ਸੁਣ ਕੇ ਕਿਸਨੂੰ ਖੁਸ਼ੀ ਹੁੰਦੀ ਏ, ਜਿਸਦਾ ਦਿਲ ਟੁੱਟ ਚੁਕਾ ਹੋਵੇ? ਜ਼ਰਾ ਸੋਚ!"

"ਮੈਂ ਡੇਰੇ ਵਾਪਸ ਆਇਆ ਤੇ ਵਡੇਰਿਆਂ ਨੂੰ ਸਾਰੀ ਗੱਲ ਆ ਸੁਣਾਈ। ਅਸੀਂ ਮਾਮਲੇ ਬਾਰੇ ਸੋਚਿਆ ਤੇ ਫ਼ੈਸਲਾ ਕੀਤਾ ਕਿ ਉਡੀਕਣਾ ਤੇ ਵੇਖਣਾ ਚਾਹੀਦੈ, ਕੀ ਹੁੰਦੈ। ਤੇ ਹੋਇਆ ਇਹ, ਕਿ ਸ਼ਾਮ ਨੂੰ ਜਦੋਂ ਅਸੀਂ ਰੋਜ਼ ਵਾਂਗ ਅੱਗ ਦੁਆਲੇ ਇਕੱਠੇ ਹੋਏ, ਤਾਂ ਜ਼ੋਬਾਰ ਵੀ ਸਾਡੇ ਨਾਲ ਆ ਰਲਿਆ। ਉਹ ਢਹਿੰਦੀਆਂ ਕਲਾਂ ਵਿਚ ਲਗਦਾ ਸੀ, ਉਸ ਇਕੋ ਰਾਤ ਵਿਚ ਉਸਦੀ ਹਾਲਤ ਡਰਾਉਣੀ ਹੱਦ ਤੱਕ ਭੈੜੀ ਹੋ ਗਈ ਸੀ, ਉਸਦੀਆਂ ਅੱਖਾਂ ਅੰਦਰ ਧਸ ਗਈਆਂ ਸਨ। ਉਸਨੇ ਆਪਣੀਆਂ ਅੱਖਾਂ ਜ਼ਮੀਨ ਉਤੇ ਗੱਡ ਛਡੀਆਂ ਤੇ ਬਿਨਾਂ ਉਤਾਂਹ ਚੁੱਕਿਆਂ, ਬੋਲਿਆ:

"'ਸੋ ਗੱਲ ਇਹ ਹੈ, ਸਾਥੀਓ: ਮੈਂ ਸਾਰੀ ਰਾਤ ਆਪਣੇ ਦਿਲ ਨੂੰ ਫੋਲਦਾ ਰਿਹਾ ਹਾਂ, ਤੇ ਇਸ ਵਿਚ ਮੈਨੂੰ ਆਜ਼ਾਦੀ-ਪਿਆਰਦੇ ਜੀਵਨ ਲਈ ਕੋਈ ਥਾਂ ਨਹੀਂ ਲੱਭੀ, ਜਿਹੜਾ ਜੀਵਨ ਮੈਂ ਹੁਣ ਤੱਕ ਜਿਊਂਦਾ ਰਿਹਾ ਹਾਂ। ਇਸਦਾ ਕੋਨਾ ਕੋਨਾ ਰਾਦਾ ਨੇ ਮੱਲ ਲਿਐ। ਉਸ ਰਾਦਾ ਨੇ, ਸੁੰਦਰ ਰਾਦਾ ਨੇ, ਜਿਹੜੀ ਮਹਾਰਾਣੀਆਂ ਵਾਂਗ ਮੁਸਕ੍ਰਾਉਂਦੀ ਏ। ਉਹ ਮੇਰੇ ਨਾਲੋਂ ਜ਼ਿਆਦਾ ਆਪਣੀ ਆਜ਼ਾਦੀ ਨੂੰ ਪਿਆਰ ਕਰਦੀ ਏ, ਪਰ ਮੈਂ ਆਜ਼ਾਦੀ ਤੋਂ ਜ਼ਿਆਦਾ ਉਸਨੂੰ ਪਿਆਰ ਕਰਦਾ ਹਾਂ। ਸੋ ਮੈਂ ਉਸ ਅਗੇ ਝੁਕਣ ਦਾ ਫ਼ੈਸਲਾ ਕੀਤੈ, ਜਿਵੇਂ ਉਸਨੇ ਮੈਨੂੰ ਹੁਕਮ ਦਿਤਾ ਸੀ, ਤਾਂ ਕਿ ਸਾਰੇ ਵੇਖ ਸਕਣ ਕਿ ਉਸਦੀ ਸੁੰਦਰਤਾ ਨੇ ਬਹਾਦਰ ਲੋਇਕੋ ਜ਼ੋਬਾਰ ਨੂੰ ਕਿਵੇਂ

ਗ਼ੁਲਾਮ ਬਣਾ ਲਿਐ, ਜਿਹੜਾ ਉਸਨੂੰ ਮਿਲਣ ਤੋਂ ਪਹਿਲਾਂ ਔਰਤਾਂ ਨਾਲ ਇੰਝ ਖੇਡਦਾ ਸੀ, ਜਿਸ ਤਰ੍ਹਾਂ ਬਿੱਲੀ ਚੂਹਿਆਂ ਨਾਲ ਖੇਡਦੀ ਏ। ਇਸ ਕਰਕੇ ਉਹ ਮੇਰੀ ਪਤਨੀ ਬਣੇਗੀ ਤੇ ਮੈਨੂੰ ਚੁੰਮੇਗੀ ਤੇ ਪਿਆਰ ਕਰੇਗੀ, ਤੇ ਮੈਂ ਤੁਹਾਡੇ ਲਈ ਗੀਤ ਗਾਉਣ ਦੀ ਸਾਰੀ ਇੱਛਾ ਗੁਆ ਬੈਠਾਂਗਾ, ਤੇ ਮੈਨੂੰ ਆਪਣੀ ਆਜ਼ਾਦੀ ਦੇ ਚਲੇ ਜਾਣ ਦਾ ਕੋਈ ਗ਼ਮ ਨਹੀਂ ਹੋਵੇਗਾ। ਕਿਉਂ, ਇੰਝ ਹੀ ਏ ਨਾ, ਰਾਦਾ?' ਉਸਨੇ ਆਪਣੀਆਂ ਅੱਖਾਂ ਉਪਰ ਚੁਕੀਆਂ ਤੇ ਗੰਭੀਰਤਾ ਨਾਲ ਉਸ ਵੱਲ ਵੇਖਿਆ। ਉਸਨੇ ਹਾਂ ਵਿਚ ਸਿਰ ਹਿਲਾਇਆ ਤੇ ਆਪਣੇ ਸਾਮ੍ਹਣੇ ਦੀ ਜ਼ਮੀਨ ਵੱਲ ਇਸ਼ਾਰਾ ਕੀਤਾ। ਅਸੀਂ ਕਿਆਸ ਨਹੀਂ ਸਾਂ ਕਰ ਸਕਦੇ ਕਿ ਇਹ ਸਾਰਾ ਕੁਝ ਹੋਇਆ ਕਿਸ ਤਰ੍ਹਾਂ ਹੈ। ਅਸੀਂ ਸਗੋਂ ਉੱਠ ਕੇ ਉਥੋਂ ਚਲੇ ਜਾਣ ਦੀ ਵੀ ਸੋਚੀ, ਤਾਂ ਕਿ ਅਸੀਂ ਲੋਇਕੋ ਜ਼ੋਬਾਰ ਨੂੰ ਇਕ ਕੁੜੀ ਦੇ ਪੈਰਾਂ ਉਤੇ ਡਿਗਦਿਆਂ ਨਾ ਵੇਖੀਏ, ਭਾਵੇਂ ਉਹ ਕੁੜੀ ਰਾਦਾ ਹੀ ਕਿਉਂ ਨਾ ਹੋਵੇ। ਇਸ ਵਿਚ ਕੁਝ ਸ਼ਰਮਨਾਕ ਗੱਲ ਸੀ, ਕੁਝ ਬੜੀ ਉਦਾਸ ਕਰਨ ਵਾਲੀ ਗੱਲ।

"'ਸੋ?' ਰਾਦਾ ਜ਼ੋਬਾਰ ਵੱਲ ਵੇਖ ਕੇ ਕੂਕੀ।

"'ਏਨੀਂ ਕਾਹਲੀ ਨਾ ਕਰ। ਬਥੇਰਾ ਸਮਾਂ ਏ—ਤੰਗ ਪੈ ਜਾਏਂਗੀ ਮੇਰੇ ਤੋਂ,' ਜ਼ੋਬਾਰ ਹੱਸਿਆ। ਤੇ ਉਸਦੇ ਹਾਸੇ ਵਿਚ ਫ਼ੌਲਾਦ ਦੀ ਟੁਣਕਾਰ ਸੀ।

"'ਸੋ ਸਾਰਾ ਮਾਮਲਾ ਇਹ ਹੈ, ਸਾਥੀਓ। ਮੇਰੇ ਲਈ ਕਰਨ ਵਾਸਤੇ ਹੋਰ ਰਹਿ ਹੀ ਕੀ ਗਿਐ? ਇਕੋ ਗੱਲ ਮੇਰੇ ਕਰਨ ਵਾਲੀ ਇਹ ਰਹਿ ਗਈ ਏ ਕਿ ਮੈਂ ਵੇਖਾਂ ਕਿ ਮੇਰੀ ਰਾਦਾ ਦਾ ਦਿਲ ਏਨਾਂ ਹੀ ਮਜ਼ਬੂਤ ਏ, ਜਿਵੇਂ ਉਹ ਜ਼ਾਹਰ ਕਰਦੀ ਏ। ਮੈਂ ਇਸਨੂੰ ਪਰਖਾਂਗਾ। ਮੁਆਫ਼ ਕਰਨਾ, ਭਰਾਵੋ!'

"ਤੇ ਇਸ ਤੋਂ ਪਹਿਲਾਂ ਕਿ ਅਸੀਂ ਅੰਦਾਜ਼ਾ ਲਾ ਸਕਦੇ ਕਿ ਉਹ ਕੀ ਕਰਨਾ ਚਾਹੁੰਦੈ, ਰਾਦਾ ਜ਼ਮੀਨ ਉਤੇ ਪਈ ਸੀ ਤੇ ਜ਼ੋਬਾਰ ਦਾ ਛੁਰਾ ਦਸਤੇ ਤੱਕ ਉਸਦੀ ਛਾਤੀ ਵਿਚ ਖੁਭਿਆ ਹੋਇਆ ਸੀ। ਅਸੀਂ ਹੱਕੇ ਬੱਕੇ ਰਹਿ ਗਏ।

"ਪਰ ਰਾਦਾ ਨੇ ਛੁਰਾ ਬਾਹਰ ਕਢਿਆ, ਇਕ ਪਾਸੇ ਸੁੱਟਿਆ, ਆਪਣੇ ਕਾਲੇ ਵਾਲਾਂ ਦੀ ਇਕ ਲਿਟ ਜ਼ਖਮ ਤੱਕ ਖੜੀ, ਤੇ ਮੁਸਕ੍ਰਾਉਂਦੀ ਹੋਈ ਉੱਚੀ ਸਾਫ਼ ਆਵਾਜ਼ ਵਿਚ ਬੋਲੀ:

"'ਅਲਵਿਦਾ, ਜ਼ੋਬਾਰ! ਮੈਨੂੰ ਪਤਾ ਸੀ ਤੂੰ ਇੰਝ ਕਰੇਂਗਾ।' ਤੇ ਇਹ ਕਹਿੰਦਿਆਂ ਹੀ ਉਹ ਮਰ ਗਈ।

"ਸਮਝ ਗਿਐਂ ਕਿਹੋ ਜਿਹੀ ਕੁੜੀ ਸੀ, ਬਾਜ਼?! ਐਸੀ ਸ਼ੈਤਾਨ ਦੀ ਨਾਨੀ ਸੀ, ਜਿਹੜੀ ਕਿਸੇ ਨਹੀਂ ਕਦੀ ਵੇਖੀ ਹੋਣੀ!"

"'ਹੁਣ ਮੈਂ ਆਪਣੇ ਆਪ ਨੂੰ ਤੇਰੇ ਪੈਰਾਂ ਉਤੇ ਸੁੱਟ ਦੇਵਾਂਗਾ, ਮੇਰੀ ਮਾਣਮੱਤੀ ਰਾਣੀ,' ਜ਼ੋਬਾਰ ਇਸਤਰ੍ਹਾਂ ਕੂਕਿਆ ਕਿ ਉਸਦੀ ਆਵਾਜ਼ ਸਤੇਪੀ ਵਿਚ ਗੂੰਜ ਉਠੀ। ਤੇ ਜ਼ਮੀਨ ਉਤੇ ਲੇਟਦਿਆਂ ਉਸਨੇ ਆਪਣੇ ਬੁਲ੍ਹ ਮੋਈ ਰਾਦਾ ਦੇ ਪੈਰਾਂ ਨੂੰ ਲਾਏ ਤੇ

ਬਿਨਾਂ ਹਿੱਲਿਆਂ ਉਥੇ ਪਿਆ ਰਿਹਾ। ਅਸੀਂ ਆਪਣੇ ਸਿਰਾਂ ਤੋਂ ਟੋਪੀਆਂ ਲਾਹੀਆਂ ਤੇ ਚੁੱਪਚਾਪ ਉਥੇ ਖੜੇ ਰਹੇ।

"ਇਸਤਰ੍ਹਾਂ ਦੇ ਮੌਕੇ ਉਤੇ ਕੀ ਕਿਹਾ ਜਾ ਸਕਦੈ? ਕੁਝ ਨਹੀਂ। ਨੂਰ ਗੁਰਾਇਆ: 'ਮੁਸ਼ਕਾਂ ਕੱਸ ਦਿਓ ਇਸਦੀਆਂ!' ਪਰ ਲੋਇਕੋ ਜ਼ੋਬਾਰ ਦੀਆਂ ਮੁਸ਼ਕਾਂ ਕੱਸਣ ਲਈ ਕੋਈ ਵੀ ਹੱਥ ਉਠਾਉਣ ਨੂੰ ਤਿਆਰ ਨਹੀਂ ਸੀ; ਕੋਈ ਵੀ ਅਜਿਹਾ ਕਰਨ ਨੂੰ ਤਿਆਰ ਨਹੀਂ ਸੀ ਤੇ ਨੂਰ ਇਹ ਜਾਣਦਾ ਸੀ। ਸੋ, ਉਹ ਮੁੜਿਆ ਤੇ ਉਥੋਂ ਚਲਾ ਗਿਆ। ਦਾਨੀਲੋ ਨੇ ਰਾਦਾ ਦਾ ਸੁੱਟਿਆ ਛੁਰਾ ਚੁਕਿਆ ਤੇ ਕੁਝ ਦੇਰ ਖੜਾ ਇਸ ਵੱਲ ਵੇਖਦਾ ਰਿਹਾ, ਉਸਦੀਆਂ ਧੌਲੀਆਂ ਮੁੱਛਾਂ ਫਰਕ ਰਹੀਆਂ ਸਨ, ਮੁੜੇ ਹੋਏ ਤੇ ਤੇਜ਼ ਛੁਰੇ ਦੇ ਫਲ ਉਤੇ ਅਜੇ ਵੀ ਰਾਦਾ ਦੇ ਖ਼ੂਨ ਦੇ ਨਿਸ਼ਾਨ ਸਨ। ਫਿਰ ਦਾਨੀਲੋ ਜ਼ੋਬਾਰ ਤੱਕ ਗਿਆ ਤੇ ਛੁਰਾ ਉਸਦੀ ਪਿੱਠ ਵਿਚ ਦਿਲ ਦੇ ਬਰਾਬਰ ਖੋਭ ਦਿਤਾ। ਆਖ਼ਰ ਉਹ ਰਾਦਾ ਦਾ ਪਿਓ ਸੀ, ਪੁਰਾਣਾ ਸਿਪਾਹੀ ਦਾਨੀਲੋ!

"'ਤੂੰ ਆਪਣਾ ਕੰਮ ਕਰ ਦਿਤੈ,' ਦਾਨੀਲੋ ਵੱਲ ਮੁੜਦਿਆਂ ਸਾਫ਼ ਸਾਫ਼ ਲਫ਼ਜ਼ਾਂ ਵਿਚ ਲੋਇਕੋ ਬੋਲਿਆ, ਤੇ ਫਿਰ ਰਾਦਾ ਨਾਲ ਰਲਣ ਲਈ ਚਲਦਾ ਹੋਇਆ।

"ਅਸੀਂ ਉਹਨਾਂ ਵੱਲ ਵੇਖਦੇ ਖੜੇ ਰਹੇ। ਰਾਦਾ ਉਥੇ ਪਈ ਸੀ, ਆਪਣੀ ਲਿਟ ਨੂੰ ਹੱਥ ਨਾਲ ਆਪਣੀ ਛਾਤੀ ਉਤੇ ਦਬਾਈ, ਅੱਖਾਂ ਖੁਲ੍ਹੀਆਂ, ਨੀਲੇ ਆਕਾਸ਼ ਵੱਲ ਗੱਡੀਆਂ ਹੋਈਆਂ, ਜਦੋਂ ਕਿ ਉਸਦੇ ਪੈਰਾਂ 'ਤੇ ਬਹਾਦਰ ਲੋਇਕੋ ਜ਼ੋਬਾਰ ਪਿਆ ਸੀ। ਉਸਦੇ ਘੁੰਗਰਿਆਲੇ ਵਾਲ ਉਸਦੇ ਮੂੰਹ ਉਤੇ ਪਏ ਹੋਏ ਸਨ ਤੇ ਇਸਨੂੰ ਸਾਡੀਆਂ ਨਜ਼ਰਾਂ ਤੋਂ ਲੁਕਾ ਰਹੇ ਸਨ।

"ਕੁਝ ਦੇਰ ਅਸੀਂ ਖ਼ਿਆਲਾਂ ਵਿਚ ਡੁੱਬੇ ਉਥੇ ਖੜੇ ਰਹੇ। ਬੁਢੇ ਦਾਨੀਲੋ ਦੀਆਂ ਮੁੱਛਾਂ ਫਰਕ ਰਹੀਆਂ ਸਨ ਤੇ ਉਸਦੇ ਮੋਟੇ ਭਰਵਟੇ ਸੰਗੜੇ ਹੋਏ ਸਨ। ਉਹ ਆਕਾਸ਼ ਵੱਲ ਵੇਖ ਰਿਹਾ ਸੀ ਤੇ ਇਕ ਲਫ਼ਜ਼ ਨਹੀਂ ਸੀ ਬੋਲ ਰਿਹਾ, ਪਰ ਧੌਲੇ ਸਿਰ ਵਾਲਾ ਨੂਰ ਮੂਧੇ ਮੂੰਹ ਜ਼ਮੀਨ ਉਤੇ ਪਿਆ ਸੀ ਤੇ ਰੋ ਰਿਹਾ ਸੀ ਤੇ ਉਸਦੇ ਬਜ਼ੁਰਗ ਮੋਢੇ ਕੰਬ ਰਹੇ ਸਨ।

"ਰੋਣ ਵਾਲੀ ਗੱਲ ਤਾਂ ਸੀ ਹੀ, ਬਾਜ਼!

"...ਸੋ ਤੁਰਦੇ ਜਾਓ, ਆਪਣੇ ਰਾਹ ਉਤੇ ਤੁਰਦੇ ਜਾਓ, ਜ਼ਰਾ ਵੀ ਲਾਂਭੇ ਨਾ ਹੋਵੋ। ਸਿੱਧੇ ਅਗਾਂਹ ਨੂੰ ਤੁਰਦੇ ਜਾਓ; ਫਿਰ ਸ਼ਾਇਦ ਤੁਹਾਡਾ ਇਹੋ ਜਿਹਾ ਹਸ਼ਰ ਨਾ ਹੋਵੇ। ਬੱਸ, ਏਨੀਂ ਸਾਰੀ ਕਹਾਣੀ ਏ, ਮੇਰੇ ਬਾਜ਼!"

ਮਕਰ ਨੇ ਬੋਲਣਾ ਬੰਦ ਕਰ ਦਿਤਾ, ਆਪਣਾ ਪਾਈਪ ਆਪਣੀ ਤੰਬਾਕੂ ਵਾਲੀ ਥੈਲੀ ਵਿਚ ਪਾਇਆ, ਤੇ ਆਪਣਾ ਕੋਟ ਖਿੱਚ ਕੇ ਛਾਤੀ ਉਤੇ ਕੀਤਾ। ਬੂਰ ਪੈ ਰਹੀ ਸੀ ਤੇ ਹਵਾ ਪਹਿਲਾਂ ਨਾਲੋਂ ਤੇਜ਼ ਸੀ। ਲਹਿਰਾਂ ਬੈਠੀ ਹੋਈ ਗ਼ੁੱਸੇ ਵਾਲੀ ਗੜਗੜਾਹਟ ਨਾਲ ਸਾਗਰ ਵਿਚ ਉਠ ਰਹੀਆਂ ਸਨ। ਇਕ ਇਕ ਕਰਕੇ ਸਾਰੇ ਘੋੜੇ ਸਾਡੀ ਬੁਝ

ਹੀ ਅੱਗ ਕੋਲ ਆ ਖੜੋਤੇ ਤੇ ਵਡੀਆਂ ਵਡੀਆਂ ਸਿਆਣਿਆਂ ਵਾਲੀਆਂ ਅੱਖਾਂ ਨਾਲ ਸਾਡੇ ਵੱਲ ਵੇਖਣ ਲਗੇ, ਤੇ ਫਿਰ ਸਾਡੇ ਦੁਆਲੇ ਘੇਰਾ ਬਣਾ ਲਿਆ।

"ਹੇ, ਹੇ!" ਮਕਰ ਉਹਨਾਂ ਵੱਲ ਪਿਆਰ-ਭਰੀ ਆਵਾਜ਼ ਨਾਲ ਕੂਕਿਆ, ਤੇ ਜਦੋਂ ਉਸਨੇ ਆਪਣੇ ਮਨਭਾਉਂਦੇ ਕਾਲੇ ਘੋੜੇ ਦੀ ਧੌਣ ਥਾਪੜ ਲਈ ਤਾਂ ਮੇਰੇ ਵੱਲ ਮੁੜਿਆ ਤੇ ਬੋਲਿਆ: "ਸੌਣਾ ਚਾਹੀਦੈ।" ਉਸਨੇ ਆਪਣੇ ਕਾਕੇਸ਼ੀਆਈ ਕੋਟ ਵਿਚ ਆਪਣੇ ਆਪ ਨੂੰ ਸਿਰ ਤੋਂ ਪੈਰਾਂ ਤੱਕ ਲਪੇਟ ਲਿਆ, ਜ਼ਮੀਨ ਉਤੇ ਨਿੱਸਲ ਹੋ ਗਿਆ ਤੇ ਅਹਿੱਲ ਲੇਟਿਆ ਰਿਹਾ।

ਮੇਰੀ ਸੌਣ ਦੀ ਕੋਈ ਇੱਛਾ ਨਹੀਂ ਸੀ। ਮੈਂ ਸਤੇਪੀ ਦੇ ਹਨੇਰੇ ਵਿਚ ਵੇਖਦਾ ਉਥੇ ਬੈਠਾ ਰਿਹਾ, ਤੇ ਮੇਰੀਆਂ ਅੱਖਾਂ ਸਾਮ੍ਹਣੇ ਰਾਦਾ ਦੀ ਤਸਵੀਰ ਤਰ ਰਹੀ ਸੀ, ਏਨੀ ਮਾਨਮੱਤੀ, ਏਨੀ ਸ਼ਾਹੀ ਠਾਠ ਵਾਲੀ। ਉਸਨੇ ਵਾਲ ਫੜੀ, ਹੱਥ ਨਾਲ ਆਪਣੀ ਛਾਤੀ ਨੂੰ ਘੁੱਟਿਆ ਹੋਇਆ ਸੀ ਤੇ ਉਸਦੀਆਂ ਪਤਲੀਆਂ ਪਤਲੀਆਂ ਸਾਂਵਲੀਆਂ ਉਂਗਲਾਂ ਦੇ ਵਿਚੋਂ ਦੀ ਖ਼ੂਨ ਦੇ ਤੁਪਕੇ ਵਹਿ ਰਹੇ ਸਨ, ਜਿਹੜੇ ਜ਼ਮੀਨ ਉਤੇ ਪੈਂਦੇ ਹੀ ਚਮਕਦੇ ਸਿਤਾਰਿਆਂ ਵਿਚ ਬਦਲ ਜਾਂਦੇ ਸਨ।

ਤੇ ਉਸਦੇ ਮਗਰ ਲੋਇਕੋ ਜ਼ੋਬਾਰ ਦਾ ਬਹਾਦਰ ਆਕਾਰ ਤਰਦਾ ਆ ਰਿਹਾ ਸੀ। ਕੁੰਡਿਆਲੇ ਕਾਲੇ ਵਾਲਾਂ ਦੀਆਂ ਲਿਟਾਂ ਨੇ ਉਸਦਾ ਮੂੰਹ ਢਕਿਆ ਹੋਇਆ ਸੀ, ਤੇ ਵਾਲਾਂ ਦੇ ਹੇਠੋਂ ਦੀ ਵੱਡੇ ਵੱਡੇ ਠੰਡੇ ਅੱਥਰੂ ਧਾਰਾਂ ਬਣ ਕੇ ਵਹਿ ਰਹੇ ਸਨ।

ਬਾਰਸ਼ ਵਧ ਗਈ ਤੇ ਸਾਗਰ ਇਹਨਾਂ ਦੋ ਖ਼ੂਬਸੂਰਤ ਟੱਪਰੀਵਾਸਾਂ — ਲੋਇਕੋ ਜ਼ੋਬਾਰ ਤੇ ਬੁਢੇ ਸਿਪਾਹੀ ਦਾਨੀਲੋ ਦੀ ਧੀ ਰਾਦਾ — ਲਈ ਗੰਭੀਰ ਧੁਨ ਵਿਚ ਸੋਗਗੀਤ ਗਾ ਰਿਹਾ ਸੀ।

ਤੇ ਉਹ ਦੋਵੇਂ ਰਾਤ ਦੇ ਹਨੇਰੇ ਵਿਚ ਚੱਕਰ ਕੱਟੀ ਜਾ ਰਹੇ ਸਨ, ਬੇਆਵਾਜ਼, ਮਟਕ ਨਾਲ; ਤੇ ਭਾਵੇਂ ਕਿੰਨੀਂ ਵੀ ਕੋਸ਼ਿਸ਼ ਕਰਦਾ, ਸੁਹਣਾ ਜ਼ੋਬਾਰ ਮਾਣਮੱਤੀ ਰਾਦਾ ਨੂੰ ਨਾ ਫੜ ਸਕਦਾ।

੧੮੯੨.

ਲੂਣੀ ਦਲਦਲ

੧

"ਲੂਣੀ ਦਲਦਲ ਵੱਲ ਜਾਹ, ਭਰਾ। ਉਥੇ ਹਮੇਸ਼ਾ ਕੰਮ ਲਭ ਜਾਂਦੈ। ਹਮੇਸ਼ਾ ਲਭ ਜਾਂਦੈ।...ਕਿਉਂਕਿ ਇਹ ਕੰਮ ਹੀ ਏਨਾਂ ਸਖ਼ਤ ਲਕ-ਤੋੜਵਾਂ ਏ ਕਿ ਕੋਈ ਵੀ ਉਥੇ ਬਹੁਤੀ ਦੇਰ ਨਹੀਂ ਰੁਕਦਾ। ਲੋਕ ਨੱਠ ਉਠਦੇ ਨੇ ਉਥੋਂ। ਸਹਿ ਨਹੀਂ ਸਕਦੇ। ਸੋ ਤੂੰ ਜਾ ਕੇ ਕੋਸ਼ਿਸ਼ ਕਰ ਵੇਖ, ਇਕ ਦਿਨ। ਉਹ ਇਕ ਰੇੜ੍ਹੀ ਦੇ ਕੋਈ ਸੱਤ ਕੁ ਕੋਪੇਕ ਦੇਂਦੇ ਨੇ। ਸੋ ਇਕ ਦਿਨ ਲਈ ਏਨੇ ਕਾਫ਼ੀ ਹੁੰਦੇ ਨੇ।"

ਜਿਹੜਾ ਮਾਹੀਗੀਰ ਮੈਨੂੰ ਇਹ ਸਲਾਹ ਦੇ ਰਿਹਾ ਸੀ, ਉਸਨੇ ਥੁੱਕਿਆ, ਸਾਗਰ ਦੇ ਨੀਲੇ ਦੁਮੇਲ ਵੱਲ ਨਜ਼ਰ ਮਾਰੀ, ਤੇ ਆਪਣੇ ਆਪ ਵਿਚ ਕੋਈ ਉਦਾਸ ਜਿਹੀ ਧੁਨ ਗੁਣਗੁਣਾਉਣ ਲੱਗਾ। ਮੈਂ ਉਸਦੇ ਕੋਲ ਝੁੱਗੀ ਦੀ ਕੰਧ ਦੇ ਪ੍ਰਛਾਵੇਂ ਵਿਚ ਬੈਠਾ ਸਾਂ; ਉਹ ਆਪਣੀ ਪਤਲੂਨ ਨੂੰ ਤੋਪਾ ਲਾ ਰਿਹਾ ਸੀ, ਉਬਾਸੀਆਂ ਲੈ ਰਿਹਾ ਸੀ ਤੇ ਹੌਲੀ ਹੌਲੀ ਆਪਣੇ ਅਫ਼ਸੋਸੇ ਜਿਹੇ ਵਿਚਾਰ ਦੱਸੀ ਜਾ ਰਿਹਾ ਸੀ ਕਿ ਦੁਨੀਆਂ ਵਿਚ ਲੋਕਾਂ ਲਈ ਕਾਫ਼ੀ ਕੰਮ ਨਹੀਂ, ਤੇ ਕੰਮ ਲੱਭਣਾ ਵੀ ਕਿੰਨਾਂ ਵੱਡਾ ਕੰਮ ਹੈ।

"ਜਦੋਂ ਤੇਰੇ ਲਈ ਸਹਿਣਾ ਮੁਸ਼ਕਲ ਹੋ ਗਿਆ, ਤਾਂ ਆਰਾਮ ਕਰਨ ਲਈ ਏਥੇ ਆ ਜਾਈਂ। ਸਾਨੂੰ ਇਸ ਬਾਰੇ ਦਸੀਂ। ਕੋਈ ਬਹੁਤਾ ਦੂਰ ਨਹੀਂ—ਪੰਜ ਕੁ ਵਰਸਤ ਏ। ਹੂੰ! ਕਿਆ ਜ਼ਿੰਦਗੀ ਏ।"

ਮੈਂ ਉਸਤੋਂ ਛੁੱਟੀ ਲਈ, ਸਲਾਹ ਦੇਣ ਲਈ ਧੰਨਵਾਦ ਕੀਤਾ, ਤੇ ਤੱਟੋ-ਤੱਟ ਲੂਣੀ ਦਲਦਲ ਲਈ ਤੁਰ ਪਿਆ। ਅਗਸਤ ਦੀ ਗਰਮ ਸਵੇਰ ਸੀ, ਆਕਾਸ਼ ਸਾਫ਼ ਤੇ ਰੌਸ਼ਨ ਸੀ, ਸਾਗਰ ਸ਼ਾਂਤ ਤੇ ਖ਼ਾਲੀ ਸੀ, ਇਸਦੀਆਂ ਹਰੀਆਂ ਲਹਿਰਾਂ ਸੋਗੀ ਜਿਹੀ ਨਿਕੀ ਥਪ-ਥਪ ਕਰਦੀਆਂ ਇਕ ਦੂਜੀ ਦੇ ਮਗਰ ਤੱਟ ਉਪਰਲੀ ਰੇਤ ਵੱਲ ਨੱਠੀਆਂ ਆ ਰਹੀਆਂ ਸਨ। ਆਪਣੇ ਸਾਹਮਣੇ ਬਹੁਤ ਦੂਰ ਨੀਲੀ ਧੁੰਦ ਵਿਚ ਮੈਂ

ਤੱਟ ਦੀ ਪੀਲੀ ਰੇਤ ਵਿਚ ਚਿੱਟੇ ਚਿੱਟੇ ਟਿਮਕਣੇ ਵੇਖ ਸਕਦਾ ਸਾਂ। ਇਹ ਸ਼ਹਿਰ ਅਚਾਕੋਵ ਸੀ। ਮੇਰੇ ਪਿਛੇ ਝੁੱਗੀ ਨੂੰ ਸਾਗਰ ਦੇ ਹਲਕੇ ਹਰੇ ਜਿਹੇ ਪਾਣੀ ਨਾਲ ਰੰਗੇ ਹੋਏ ਰੇਤ ਦੇ ਗੂੜ੍ਹੇ ਪੀਲੇ ਟਿੱਲਿਆ ਨੇ ਹੜੱਪ ਕਰ ਲਿਆ ਸੀ।

ਜਿਸ ਝੁੱਗੀ ਵਿਚ ਮੈਂ ਰਾਤ ਕੱਟੀ ਸੀ, ਉਥੇ ਮੈਂ ਹਰ ਤਰ੍ਹਾਂ ਦੀਆਂ ਘੋਰ ਬੇਹੂਦਾ ਕਹਾਣੀਆਂ ਤੇ ਖ਼ਿਆਲ ਸੁਣੇ ਸਨ, ਜਿਸ ਨਾਲ ਮੈਂ ਢਹਿੰਦੀਆਂ ਕਲਾਂ ਵਿਚ ਆ ਗਿਆ ਸਾਂ। ਲਹਿਰਾਂ ਦੀ ਆਵਾਜ਼ ਮੇਰੇ ਮੂਡ ਨਾਲ ਇਕਸੁਰ ਸੀ ਤੇ ਇਸਨੂੰ ਪੱਕਿਆਂ ਕਰ ਰਹੀ ਸੀ।

ਜਲਦੀ ਹੀ ਲੂਣੀ ਦਲਦਲ ਦਿਸੱਣ ਲਗ ਪਈ। ਜ਼ਮੀਨ ਦੇ ਤਿੰਨ ਟੋਟੇ, ਹਰ ਟੋਟਾ ਲਗਭਗ ੪੦੦ ਵਰਗ ਮੀਟਰ ਤੇ ਨੀਵੇਂ ਜਿਹੇ ਬੰਨ੍ਹਾਂ ਤੇ ਤੰਗ ਜਿਹੀਆਂ ਖਾਈਆਂ ਨਾਲ ਦੂਜੇ ਨਾਲੋਂ ਵਖ ਕੀਤਾ ਹੋਇਆ। ਇਹ ਲੂਣ ਕਢਣ ਦੇ ਤਿੰਨ ਪੜਾ ਪੇਸ਼ ਕਰਦੇ ਸਨ। ਪਹਿਲੇ ਟੋਟੇ ਵਿਚ ਸਾਗਰ ਦਾ ਪਾਣੀ ਭਰ ਭਰਿਆ ਜਾਂਦਾ ਸੀ ਜਿਹੜਾ ਭਾਫ਼ ਬਣ ਕੇ ਉਡਦਾ ਹੋਇਆ, ਪਿਛੇ ਗੁਲਾਬੀ ਜਿਹੀ ਭਾਹ ਮਾਰਦੇ ਹਲਕੇ-ਸਲੇਟੀ ਰੰਗ ਦੀ ਤਹਿ ਛੱਡ ਜਾਂਦਾ ਸੀ। ਦੂਜੇ ਟੋਟੇ ਉਤੇ ਲੂਣ ਨੂੰ ਢੇਰਾਂ ਵਿਚ ਇਕੱਠਾ ਕੀਤਾ ਜਾ ਰਿਹਾ ਸੀ। ਇਹ ਕੰਮ ਔਰਤਾਂ ਕਰਦੀਆਂ ਸਨ, ਜਿਹੜੀਆਂ ਆਪਣੇ ਹੱਥਾਂ ਵਿਚ ਬੇਲਚੇ ਫੜੀ, ਬਿਨਾਂ ਬੋਲਿਆਂ ਜਾਂ ਇਕ ਦੂਜੀ ਨੂੰ ਆਵਾਜ਼ ਦਿਤਿਆਂ ਗੋਡਿਆਂ ਤੱਕ ਚਮਕਦੇ ਕਾਲੇ ਚਿੱਕੜ ਵਿਚ ਖੜੀਆਂ ਸਨ, ਉਹਨਾਂ ਦੇ ਗੰਦੇ ਜਿਹੇ ਭੂਰੇ ਆਕਾਰ ਇਸ ਗਾੜ੍ਹੇ, ਨਮਕੀਨ, ਕਾਟਵੇਂ "ਰਾਪ", ਜਿਵੇਂ ਕਿ ਇਸ ਚਿੱਕੜ ਨੂੰ ਇਥੇ ਕਹਿੰਦੇ ਹਨ, ਦੇ ਪਿਛੋਕੜ ਵਿਚ ਉਤਸ਼ਾਹਹੀਣ ਢੰਗ ਨਾਲ ਹਿੱਲਜੁਲ ਰਹੇ ਸਨ। ਤੀਜੇ ਟੋਟੇ ਤੋਂ ਲੂਣ ਚੁਕਿਆ ਜਾ ਰਿਹਾ ਸੀ। ਆਪਣੀਆਂ ਰੇੜ੍ਹੀਆਂ ਉਤੇ ਝੁਕ ਕੇ ਦੂਹਰੇ ਹੋਏ ਮਜ਼ਦੂਰ ਹੌਲੀ ਹੌਲੀ ਤੇ ਚੁੱਪ-ਚਾਪ ਅੱਗੇ ਨੂੰ ਪੈਰ ਘਸੀਟ ਰਹੇ ਸਨ। ਰੇੜ੍ਹੀਆਂ ਦੇ ਪਹੀਏ ਰਗੜ ਖਾਂਦੇ ਤੇ ਚੀਂ-ਚੀਂ ਕਰਦੇ ਸਨ, ਤੇ ਇਹ ਆਵਾਜ਼ ਆਕਾਸ਼ ਨੂੰ ਸੰਬੋਧਤ ਨੰਗੀਆਂ ਪਿੱਠਾਂ ਦੀ ਕਤਾਰ ਵਲੋਂ ਪ੍ਰਗਟ ਕੀਤਾ ਜਾ ਰਿਹਾ ਗ਼ੁੱਸੇ ਭਰਿਆ, ਸੋਗੀ ਰੋਸ ਲਗਦਾ ਸੀ। ਤੇ ਆਕਾਸ਼ ਉਹਨਾਂ ਉਤੇ ਅਸਹਿ ਗਰਮੀ ਵਰ੍ਹਾਉਂਦਾ ਸੀ, ਜਿਹੜੀ ਸਲੇਟੀ ਜਿਹੀ ਜ਼ਮੀਨ ਨੂੰ ਸਾੜ ਰਹੀ ਸੀ, ਜਿਸ ਜ਼ਮੀਨ ਵਿਚ ਕਿਧਰੇ ਕਿਧਰੇ ਲੂਣੀ ਦਲਦਲ ਵਾਲੇ ਘਾਹ ਤੇ ਲੂਣ ਦੀਆਂ ਚਮਕਦੀਆਂ ਕਲਮਾਂ ਦਿਸਦੀਆਂ ਸਨ। ਰੇੜ੍ਹੀਆਂ ਦੀ ਅਕਾਵੀਂ ਚੀਂ-ਚੀਂ ਵਿਚੋਂ ਫ਼ੋਰਮੈਨ ਦੀ ਭਾਰੀ ਆਵਾਜ਼ ਸੁਣੀ ਜਾ ਸਕਦੀ ਸੀ, ਜਿਹੜਾ ਮਜ਼ਦੂਰਾਂ ਨੂੰ ਬੁਰਾ-ਭਲਾ ਕਹਿ ਰਿਹਾ ਸੀ, ਜਿਹੜੇ ਲੂਣ ਲਿਆ ਲਿਆ ਕੇ ਉਸਦੇ ਪੈਰਾਂ ਵਿਚ ਸੁੱਟੀ ਜਾ ਰਹੇ ਸਨ। ਉਸਦਾ ਕੰਮ ਸੀ—ਬਾਲਟੀ ਵਿਚੋਂ ਇਸ ਉਤੇ ਪਾਣੀ ਡੋਲ੍ਹਣਾ ਤੇ ਫਿਰ ਇਸਨੂੰ ਇਕ ਉੱਚੀ ਸਾਰੀ ਤਿਕੋਨ ਵਿਚ ਇਕੱਠਿਆਂ ਕਰ ਦੇਣਾ। ਉਹ ਉੱਚਾ-ਲੰਮਾ ਆਦਮੀ ਸੀ, ਅਫ਼ਰੀਕਨਾਂ ਵਾਂਗ ਕਾਲਾ, ਤੇ ਉਸਨੇ ਨੀਲੀ ਕਮੀਜ਼ ਤੇ ਚਿੱਟੀ ਪਤਲੂਨ ਪਾਈ ਹੋਈ ਸੀ। ਲੂਣ ਦੇ ਉੱਚੇ ਸਾਰੇ ਢੇਰ ਉਤੇ

ਖੜੋਤਾ ਤੇ ਹਵਾ ਵਿਚ ਆਪਣੀ ਕਹੀ ਹਿਲਾਉਂਦਾ ਹੋਇਆ, ਉਹ ਤਖ਼ਤਿਆਂ ਉਤੋਂ ਲੂਣ ਦੀਆਂ ਰੇੜ੍ਹੀਆਂ ਧੂਹ ਕੇ ਲਿਆ ਰਹੇ ਮਜ਼ਦੂਰਾਂ ਨੂੰ ਗਲਾ ਪਾੜ ਪਾੜ ਕੇ ਹੁਕਮ ਦਈ ਜਾ ਰਿਹਾ ਸੀ:

"ਖੱਬੇ ਪਾਸੇ ਸੁੱਟ ਇਹਨੂੰ! ਖੱਬੇ ਪਾਸੇ ਸੁੱਟ, ਤੂੰ ਬੁਰਛੇ! ਹੱਤ ਤੇਰੀ ਚਮੜੀ ਉਧੇੜੀ ਨਹੀਂ ਸੀ! ਤੇਰੇ ਡੇਲਿਆਂ ਵਿਚ ਕਿੱਲੀਆਂ ਗਡੀਆਂ! ਕਿਧਰ ਨੂੰ ਤੁਰਿਆ ਜਾਂਦੈਂ?! ਕਿਧਰ ਨੂੰ! ਹੱਤ, ਤੇਰੀ, ਸ਼ੈਤਾਨ ਦੀਏ ਨਹੁੰਦਰੇ!"

ਫਿਰ ਗ਼ੁੱਸੇ ਵਿਚ ਉਸਨੇ ਆਪਣੀ ਕਮੀਜ਼ ਦੀ ਕੰਨੀਂ ਨਾਲ ਆਪਣੇ ਮੂੰਹ ਤੋਂ ਪਸੀਨਾ ਪੂੰਝਿਆ, ਖੰਘੂਰਾ ਮਾਰਿਆ, ਤੇ ਆਪਣੇ ਗਾਲ੍ਹੀ-ਗਲੋਚ ਨੂੰ ਇਕ ਮਿੰਟ ਲਈ ਵੀ ਰੋਕੇ ਤੋਂ ਬਿਨਾਂ, ਆਪਣੇ ਬੇਲਚੇ ਨੂੰ ਪੁੱਠਾ ਕਰਕੇ ਪੂਰੇ ਜ਼ੋਰ ਨਾਲ ਚਲਾਉਂਦਿਆਂ, ਉਸਨੇ ਲੂਣ ਨੂੰ ਪੱਧਰਾ ਕਰਨਾ ਸ਼ੁਰੂ ਕਰ ਦਿਤਾ। ਮਜ਼ਦੂਰ ਮਸ਼ੀਨੀ ਢੰਗ ਨਾਲ ਆਪਣੀਆਂ ਰੇੜ੍ਹੀਆਂ ਖਿੱਚ ਕੇ ਲਿਆਉਂਦੇ ਤੇ "ਸੱਜੇ ਵੱਲ! ਖੱਬੇ ਵੱਲ!" ਦੇ ਉਸਦੇ ਹੁਕਮਾਂ ਨੂੰ ਮੰਨਦੇ ਹੋਏ ਉਸੇਤਰ੍ਹਾਂ ਹੀ ਮਸ਼ੀਨੀ ਢੰਗ ਨਾਲ ਉਹਨਾਂ ਨੂੰ ਖ਼ਾਲੀ ਕਰ ਦੇਂਦੇ। ਏਨਾ ਕਰਕੇ ਉਹ ਬੜੀ ਕੋਸ਼ਿਸ਼ ਕਰਕੇ ਸਿੱਧੇ ਹੁੰਦੇ ਤੇ ਹੋਰ ਭਾਰ ਢੋਣ ਲਈ ਮੁੜ ਪੈਂਦੇ; ਸੰਘਣੇ ਕਾਲੇ ਚਿੱਕੜ ਵਿਚ ਅੱਧ-ਡੁੱਬੇ ਹਿੱਲਦੇ ਤਖ਼ਤਿਆਂ ਉਪਰੋਂ ਆਪਣੀਆਂ ਰੇੜ੍ਹੀਆਂ ਨੂੰ ਖਿੱਚੀ ਲਿਜਾਂਦੇ ਉਹ ਬੇਯਕੀਨੇ ਜਿਹੇ ਕਦਮਾਂ ਨਾਲ ਤੁਰਦੇ, ਜਦ ਕਿ ਉਹਨਾਂ ਦੀਆਂ ਰੇੜ੍ਹੀਆਂ ਹੁਣ ਘੱਟ ਉੱਚੀ ਪਰ ਵਧੇਰੇ ਲਮਕਾਵੇਂ ਢੰਗ ਨਾਲ ਚੀਂ-ਚੀਂ ਕਰਦੀਆਂ।

"ਜ਼ਰਾ ਫੁਰਤੀ ਨਾਲ, ਹਰਾਮਜ਼ਾਦਿਓ!" ਫ਼ੋਰਮੈਨ ਮਗਰੋਂ ਕੂਕਾਂ ਮਾਰਦਾ।

ਉਹ ਉਸੇ ਤਰ੍ਹਾਂ ਦਬਕੇ ਹੋਏ ਚੁੱਪ-ਚਾਪ ਕੰਮ ਕਰਦੇ ਰਹਿੰਦੇ, ਪਰ ਧੂੜ ਤੇ ਪਸੀਨੇ ਨਾਲ ਲਿਬੜੇ ਹੋਏ ਉਹਨਾਂ ਦੇ ਵੱਟੇ-ਪਏ ਮੂੰਹਾਂ ਦੀ ਫਰਕਣ ਤੋਂ ਕਦੀ ਕਦੀ ਗ਼ੁੱਸੇ ਤੇ ਰੋਸ ਦੀ ਝਲਕ ਦਿਸਦੀ। ਕਦੀ ਕਦੀ ਕੋਈ ਰੇੜ੍ਹੀ ਤਖ਼ਤੇ ਤੋਂ ਤਿਲਕ ਜਾਂਦੀ ਤੇ ਚਿੱਕੜ ਵਿਚ ਖੁਭ ਜਾਂਦੀ; ਅਗਲੀਆਂ ਰੇੜ੍ਹੀਆਂ ਇਸਤੋਂ ਦੂਰ ਨਿਕਲ ਜਾਂਦੀਆਂ; ਇਸਤੋਂ ਪਿਛਲੀਆਂ ਰੇੜ੍ਹੀਆਂ ਰੁਕ ਕੇ ਖੜੋ ਜਾਂਦੀਆਂ, ਚੀਥੜਿਆਂ ਵਾਲੇ ਤੇ ਗੰਦੇ ਲਟੋਰ, ਜਿਨ੍ਹਾਂ ਨੇ ਉਹ ਫੜੀਆਂ ਹੁੰਦੀਆਂ, ਮੂਰਖਾਂ ਵਾਂਗ ਤੇ ਬਿਨਾਂ ਮਦਦ ਕੀਤਿਆਂ ਵੇਖਦੇ ਰਹਿੰਦੇ, ਜਦੋਂ ਕਿ ਉਹਨਾਂ ਦਾ ਸਾਥੀ ਸੋਲਾਂ ਪੂਡ ਵਜ਼ਨ ਨੂੰ ਚੁੱਕ ਕੇ ਮੁੜ ਤਖ਼ਤੇ ਉਤੇ ਰੱਖਣ ਲਈ ਜ਼ੋਰ ਲਾ ਰਿਹਾ ਹੁੰਦਾ।

ਬੱਦਲਾਂ ਤੋਂ ਸੱਖਣੇ ਆਕਾਸ਼ ਵਿਚੋਂ ਗਰਮੀ ਦੀ ਗਹਿਰ ਵਿਚੋਂ ਦੱਖਣ ਦਾ ਲੂਹਣਾ ਸੂਰਜ ਧਰਤੀ ਵਿਚ ਹੋਰ ਵੀ ਜੋਸ਼ ਨਾਲ ਤਰੇੜਾਂ ਪਾ ਰਿਹਾ ਸੀ, ਜਿਵੇਂ ਇਹੋ ਹੀ ਦਿਨ ਸੀ ਜਦੋਂ ਉਸ ਲਈ ਇਹ ਸਾਬਤ ਕਰਨਾ ਜ਼ਰੂਰੀ ਸੀ ਕਿ ਉਹ ਧਰਤੀ ਵੱਲ ਕਿੰਨਾਂ ਪੁਰਜੋਸ਼ ਧਿਆਨ ਦੇਂਦਾ ਹੈ।

ਜਦੋਂ ਮੈਂ ਇਕ ਪਾਸੇ ਖੜਾ ਹੋ ਕੇ ਇਹ ਸਾਰਾ ਦਾ ਸਾਰਾ ਵੇਖ ਲਿਆ, ਤਾਂ ਮੈਂ ਇਥੇ ਕਿਸਮਤ ਅਜ਼ਮਾਈ ਕਰਨ ਦੀ ਸੋਚੀ, ਤੇ ਵਧੇਰੇ ਆਜ਼ਾਦ ਜਿਹਾ ਅੰਦਾਜ਼ ਧਾਰਨ ਕਰਦਿਆਂ ਮੈਂ ਤੁਰਦਾ ਹੋਇਆ ਉਸ ਤਖ਼ਤੇ ਤੱਕ ਗਿਆ ਜਿਸ ਉਤੋਂ ਦੀ ਮਜ਼ਦੂਰ ਖ਼ਾਲੀ ਰੇੜ੍ਹੀਆਂ ਖਿੱਚੀ ਜਾ ਰਹੇ ਸਨ।

"ਸਲਾਮ, ਭਰਾਵੋ। ਰੱਬ ਤੁਹਾਡਾ ਭਲਾ ਕਰੇ!"

ਪ੍ਰਤਿਕਰਮ ਬਿਲਕੁਲ ਉਮੀਦੋਂ ਉਲਟ ਸੀ। ਪਹਿਲੇ ਮਜ਼ਦੂਰ, ਇਕ ਤਕੜੇ ਧੌਲੇ ਵਾਲਾਂ ਵਾਲੇ ਬੁਢੇ ਨੇ, ਜਿਸਨੇ ਪਤਲੂਨ ਲਪੇਟ ਕੇ ਗੋਡਿਆਂ ਤੱਕ ਚੁੱਕੀ ਹੋਈ ਸੀ ਤੇ ਬਾਹਵਾਂ ਡੌਲਿਆਂ ਤੱਕ ਲਪੇਟੀਆਂ ਹੋਈਆਂ ਸਨ, ਜਿਸ ਨਾਲ ਉਸਦੇ ਮਜ਼ਬੂਤ ਸੰਵਲਾਏ ਸਰੀਰ ਦਾ ਪਤਾ ਲਗਦਾ ਸੀ, ਮੈਨੂੰ ਸੁਣਿਆਂ ਹੀ ਨਾ ਤੇ ਬਿਨਾਂ ਮੇਰੇ ਵੱਲ ਜ਼ਰਾ ਵੀ ਧਿਆਨ ਦਿਤਿਆਂ ਮੇਰੇ ਕੋਲੋਂ ਲੰਘ ਗਿਆ। ਦੂਜੇ ਮਜ਼ਦੂਰ, ਭੂਰੇ ਵਾਲਾਂ ਤੇ ਬਿੱਲੀਆਂ ਅੱਖਾਂ ਵਾਲੇ ਇਕ ਛੋਕਰੇ ਜਿਹੇ ਨੇ ਦੁਸ਼ਮਣਾਂ ਵਾਂਗ ਮੇਰੇ ਵੱਲ ਵੇਖਿਆ, ਮੂੰਹ ਚਿੜਾਇਆ ਤੇ ਉਤੋਂ ਵੱਡੀ ਸਾਰੀ ਗਾਲ੍ਹ ਵੀ ਕਢ ਗਿਆ। ਤੀਜੇ ਨੇ—ਜਿਹੜਾ ਪ੍ਰਤੱਖ ਤੌਰ ਉਤੇ ਯੂਨਾਨੀ ਸੀ ਕਿਉਂਕਿ ਉਸਦਾ ਰੰਗ ਭੰਵਰੇ ਵਰਗਾ ਤੇ ਵਾਲ ਕੁੰਡਿਆਲੇ ਸਨ—ਅਫ਼ਸੋਸ ਪ੍ਰਗਟ ਕੀਤਾ ਕਿ ਉਸਦੇ ਹੱਥ ਰੁਕੇ ਹੋਏ ਨੇ, ਜਿਸ ਕਾਰਨ ਉਹ ਆਪਣੇ ਘਸੁੰਨ ਦੀ ਮੇਰੇ ਨੱਕ ਨਾਲ ਜਾਣ-ਪਛਾਣ ਨਹੀਂ ਕਰਵਾ ਸਕਦਾ। ਇਹ ਗੱਲ ਇੰਝ ਲਾਪ੍ਰਵਾਹੀ ਜਿਹੀ ਨਾਲ ਕਹੀ ਗਈ ਸੀ ਜਿਹੜੀ ਪ੍ਰਗਟ ਕੀਤੀ ਗਈ ਇੱਛਾ ਨਾਲ ਮੇਲ ਨਹੀਂ ਸੀ ਖਾਂਦੀ। ਚੌਥਾ ਪੂਰਾ ਜ਼ੋਰ ਲਾ ਕੇ ਉੱਚੀ ਸਾਰੀ ਬੋਲਿਆ: "ਸਲਾਮ, ਸ਼ੀਸ਼ੇ ਦੇ ਡੇਲਿਆਂ ਵਾਲਿਆ," ਤੇ ਉਸਨੇ ਮੈਨੂੰ ਠੁੱਡਾ ਮਾਰਨ ਦੀ ਕੋਸ਼ਿਸ਼ ਕੀਤੀ।

ਜੇ ਮੈਂ ਗ਼ਲਤੀ ਨਹੀਂ ਕਰਦਾ, ਤਾਂ ਸਭਯ ਸਮਾਜ ਵਿਚ ਜਿਸ ਗਲ ਨੂੰ "ਠੰਡਾ ਸਵਾਗਤ ਹੋਣਾ" ਕਹਿੰਦੇ ਨੇ, ਉਹ ਇਹੀ ਸੀ, ਤੇ ਇਸ ਤੋਂ ਪਹਿਲਾਂ ਏਨੇ ਉਘੜਵੇਂ ਢੰਗ ਨਾਲ ਮੇਰਾ ਅਜਿਹਾ ਸਵਾਗਤ ਕਦੀ ਨਹੀਂ ਸੀ ਹੋਇਆ। ਮਾਯੂਸੀ ਵਿਚ, ਮੈਂ ਅਚੇਤ ਹੀ ਆਪਣੀ ਐਨਕ ਲਾਹੀ ਤੇ ਜੇਬ ਵਿਚ ਪਾ ਲਈ, ਤੇ ਫਿਰ ਮੈਂ ਫ਼ੋਰਮੈਨ ਵੱਲ ਹੋ ਤੁਰਿਆ, ਇਹ ਪੁੱਛਣ ਲਈ ਕਿ ਉਹ ਮੈਨੂੰ ਇਥੇ ਕੰਮ ਦੇ ਸਕਦਾ ਹੈ ਜਾ ਨਹੀਂ। ਇਸਤੋਂ ਪਹਿਲਾਂ ਕਿ ਮੈਂ ਉਸ ਤੱਕ ਪੁੱਜਦਾ, ਉਹ ਚਿੱਲਾਇਆ:

"ਕਿਉਂ, ਉਏ! ਕੀ ਚਾਹੀਦੈ ? ਕੰਮ ?"

ਮੈਂ ਕਿਹਾ, ਹਾਂ।

"ਅੱਗੇ ਕਦੀ ਰੇੜ੍ਹੀ ਖਿੱਚੀ ਊਟ ?"

ਮੈਂ ਦਸਿਆ ਕਿ ਪਹਿਲਾਂ ਮੈਂ ਮਿੱਟੀ ਢੋਂਦਾ ਰਿਹਾ ਹਾਂ।

"ਮਿੱਟੀ ? ਤਾਂ ਨਹੀਂ ਚੱਲਣਾ! ਇਹ ਬਿਲਕੁਲ ਵਖਰੀ ਗੱਲ ਏ। ਅਸੀਂ ਇਥੇ ਲੂਣ ਢੋਂਦੇ ਹਾਂ, ਮਿੱਟੀ ਨਹੀਂ। ਤੂੰ ਕਿਸੇ ਸੂਰਾਂ ਦੇ ਵਾੜੇ ਵਿਚ ਜਾਹ! ਐਧਰ, ਭੂਤਨੀ ਦਿਆ, ਮੇਰੇ ਪੈਰਾਂ ਵਿਚ ਸੁੱਟ।"

ਤੇ ਭੂਤਨੀ ਦੇ ਨੇ, ਜਿਹੜਾ ਕਿ ਲੰਮੀਆਂ ਮੁੱਛਾਂ ਤੇ ਕਿੱਲਾਂ ਵਾਲੇ ਲਾਲ ਨੱਕ ਵਾਲਾ ਮੋਟਾ ਜਿਹਾ ਹਰਕੁਲੀਸ ਸੀ, ਪੂਰਾ ਜ਼ੋਰ ਲਾ ਕੇ 'ਹੂੰ-ਊ' ਕੀਤਾ ਤੇ ਆਪਣੀ ਰੇੜ੍ਹੀ ਖ਼ਾਲੀ ਕਰ ਦਿਤੀ। ਲੂਣ ਹੇਠਾਂ ਡਿੱਗ ਪਿਆ। ਉਹ ਗਾਲ੍ਹਾਂ ਕਢਣ ਲੱਗ ਪਿਆ, ਫ਼ੋਰਮੈਨ ਉਸਤੋਂ ਵੀ ਵਧ ਗਾਲ੍ਹਾਂ ਕਢਣ ਲਗ ਪਿਆ, ਦੋਵੇਂ ਜਣੇ ਸੰਤੁਸ਼ਤ ਹੋ ਕੇ ਮੁਸਕ੍ਰਾਉਣ ਲੱਗੇ, ਤੇ ਫਿਰ ਦੋਵੇਂ ਹੀ ਮੇਰੇ ਵੱਲ ਮੁੜੇ।

"ਅਛਾ, ਤੈਨੂੰ ਕੀ ਚਾਹੀਦੈ?"

"ਤੂੰ ਸ਼ਾਇਦ ਏਥੇ ਪੂੜੀਆਂ ਖਾਣ ਆਇਆ ਹੋਵੇਂਗਾ, ਕਤਸਪ*?" ਫ਼ੋਰਮੈਨ ਨੂੰ ਅੱਖ ਮਾਰਦਾ ਹੋਇਆ ਹਰਕੁਲੀਸ ਬੋਲਿਆ।

ਮੈਂ ਫ਼ੋਰਮੈਨ ਉਤੇ ਜ਼ੋਰ ਦੇਣ ਲਗ ਪਿਆ ਕਿ ਉਹ ਮੈਨੂੰ ਕੰਮ ਉਤੇ ਲਾ ਲਵੇ, ਤੇ ਉਸਨੂੰ ਯਕੀਨ ਦੁਆਉਣ ਲਗ ਪਿਆ ਕਿ ਮੈਂ ਜਲਦੀ ਹੀ ਕੰਮ ਦਾ ਆਦੀ ਹੋ ਜਾਵਾਂਗਾ ਤੇ ਦੂਜਿਆਂ ਨਾਲੋਂ ਭੈੜਾ ਨਹੀਂ ਰਹਿਣ ਲਗਾ।

"ਆਦੀ ਹੋਣ ਤੋਂ ਪਹਿਲਾਂ ਤੂੰ ਆਪਣਾ ਲੱਕ ਤੁੜਵਾ ਬੈਠੇਂਗਾ। ਪਰ ਮੈਨੂੰ ਕੀ, ਜਾ ਫਿਰ। ਪਰ ਪਹਿਲੇ ਦਿਨ ਲਈ ਮੈਂ ਤੈਨੂੰ ਪੰਜਾਹ ਕੋਪੇਕ ਤੋਂ ਜ਼ਿਆਦਾ ਨਹੀਂ ਦਿਆਂਗਾ। ਓਏ! ਦੇ ਇਹਨੂੰ ਰੇੜ੍ਹੀ!"

ਪਤਾ ਨਹੀਂ ਕਿਥੋਂ ਸਿਰਫ਼ ਇਕ ਕਮੀਜ਼ ਪਾਈ ਮੁੰਡਾ ਆ ਹਾਜ਼ਰ ਹੋਇਆ; ਉਸਦੀਆਂ ਨੰਗੀਆਂ ਲੱਤਾਂ ਉਤੇ ਗੋਡਿਆਂ ਤੱਕ ਲੀਰਾਂ ਲਪੇਟੀਆਂ ਹੋਈਆਂ ਸਨ।

"ਚੱਲ ਆ," ਉਹ ਮੇਰੇ ਵੱਲ ਸ਼ਕ ਭਰੀਆਂ ਨਜ਼ਰਾਂ ਨਾਲ ਤੱਕਦਾ ਹੋਇਆ ਬੁੜਬੁੜਾਇਆ।

ਮੈਂ ਉਸਦੇ ਮਗਰ ਮਗਰ ਉਥੋਂ ਤੱਕ ਗਿਆ ਜਿਥੇ ਕੁਝ ਰੇੜ੍ਹੀਆਂ ਇਕ ਦੂਜੀ ਦੇ ਉਤੇ ਢੇਰੀ ਹੋਈਆਂ ਪਈਆਂ ਸਨ, ਤੇ ਸਭ ਤੋਂ ਹਲਕੀ ਆਪਣੇ ਲਈ ਚੁਣਨ ਲਗ ਪਿਆ। ਮੁੰਡਾ ਆਪਣੀਆਂ ਲੱਤਾਂ ਨੂੰ ਖੁਰਕਦਾ ਤੇ ਮੇਰੇ ਵੱਲ ਵੇਖਦਾ ਖੜਾ ਰਿਹਾ।

ਮੈਂ ਜਦੋਂ ਚੋਣ ਕਰ ਲਈ ਤਾਂ ਉਹ ਬੋਲਿਆ: "ਵੇਖ ਤੂੰ ਕੀ ਚੁਣਿਐ। ਦਿਸਦਾ ਨਹੀਂ ਇਹਦਾ ਪਹੀਆ ਮੁੜਿਆ ਹੋਇਐ?"—ਤੇ ਏਨਾ ਕਹਿ ਕੇ ਉਹ ਪਰੇ ਚਲਾ ਗਿਆ ਤੇ ਜ਼ਮੀਨ ਉਤੇ ਜਾ ਲੇਟਿਆ।

ਮੈਂ ਦੂਜੀ ਰੇੜ੍ਹੀ ਚੁਣੀ ਤੇ ਮਜ਼ਦੂਰਾਂ ਨਾਲ ਜਾ ਰਲਿਆ ਜਿਹੜੇ ਲੂਣ ਲੈਣ ਜਾ ਰਹੇ ਸਨ, ਪਰ ਮੈਨੂੰ ਅਸਪਸ਼ਟ ਜਿਹੀ ਬੇਚੈਨੀ ਨੇ ਮੱਲਿਆ ਹੋਇਆ ਸੀ ਜਿਹੜੀ ਮੈਨੂੰ ਆਪਣੇ ਸਾਥੀ ਕਾਮਿਆਂ ਨਾਲ ਗੱਲ ਕਰਨੋਂ ਰੋਕ ਰਹੀ ਸੀ। ਉਹਨਾਂ ਸਾਰਿਆਂ ਦੇ ਚਿਹਰਿਆਂ ਉਤੇ ਥਕੇਵੇਂ ਤੋਂ ਛੁੱਟ ਖਿਝ ਸਪਸ਼ਟ ਦਿਸਦੀ ਸੀ, ਭਾਵੇਂ ਇਹ ਅਜੇ ਲੁਕੀ ਹੋਈ ਸੀ। ਆਦਮੀ ਥੱਕੇ ਹੋਏ ਤੇ ਗ਼ੁੱਸੇ ਸਨ। ਗ਼ੁੱਸੇ ਸਨ—ਸੂਰਜ ਨਾਲ,

---

*ਕਤਸਪ—ਰੂਸੀਆ ਦੀ ਬੇਇਜ਼ਤੀ ਭਰੀ ਅਲ—**ਅਨੁ:**

ਜਿਹੜਾ ਉਹਨਾਂ ਦੀ ਚਮੜੀ ਨੂੰ ਬੇਰਹਿਮੀ ਉਤੇ ਲੂਹ ਰਿਹਾ ਸੀ, ਉਹਨਾਂ ਤਖ਼ਤਿਆਂ ਉਤੇ ਜਿਹੜੇ ਉਹਨਾਂ ਦੀਆਂ ਰੇੜ੍ਹੀਆਂ ਦੇ ਭਾਰ ਹੇਠ ਲਿਫਦੇ ਜਾ ਰਹੇ ਸਨ, ਉਸ "ਰਾਪ" ਉਤੇ, ਉਸ ਭੈੜੇ, ਗਾੜ੍ਹੇ ਤੇ ਲੂਣ ਵਾਲੇ ਗਾਰੇ ਉਤੇ, ਜਿਹੜਾ ਤੇਜ਼ ਕਲਮਾਂ ਨਾਲ ਭਰਿਆ ਪਿਆ ਸੀ, ਜਿਹੜੀਆਂ ਉਹਨਾਂ ਦੇ ਪੈਰਾਂ ਨੂੰ ਝਰੀਠਦੀਆਂ ਸਨ ਤੇ ਫਿਰ ਇਹਨਾਂ ਝਰੀਠਾਂ ਦੇ ਵਿਚ ਵੜ ਕੇ ਇਹਨਾਂ ਨੂੰ ਖਾਂਦੀਆਂ ਸਨ ਇਥੋਂ ਤਕ ਕਿ ਇਹ ਨਸੂਰ ਸਨ ਬਣ ਜਾਂਦੀਆਂ ਮਤਲਬ ਇਹ ਕਿ ਉਹ ਆਪਣੇ ਦੁਆਲੇ ਦੀ ਹਰ ਚੀਜ਼ ਨਾਲ ਗ਼ੁੱਸੇ ਸਨ। ਇਹ ਗ਼ੁੱਸਾ ਉਹਨਾਂ ਨਜ਼ਰਾਂ ਤੋਂ ਵੇਖਿਆ ਜਾ ਸਕਦਾ ਸੀ, ਜਿਹੜੀਆਂ ਉਹ ਕਦੀ ਕਦੀ ਇਕ ਦੂਜੇ ਵੱਲ ਸੁਟਦੇ ਸਨ, ਤੇ ਉਹਨਾਂ ਗਾਲ੍ਹਾਂ ਤੋਂ ਦਿਸਦਾ ਸੀ ਜਿਹੜੀਆਂ ਉਹਨਾਂ ਦੇ ਬੈਠੇ ਗਲਿਆਂ ਵਿਚੋਂ ਕਦੀ ਕਦੀ ਨਿਕਲਦੀਆਂ ਸਨ। ਮੇਰੇ ਵੱਲ ਕੋਈ ਵੀ ਜ਼ਰਾ ਜਿੰਨਾਂ ਵੀ ਧਿਆਨ ਨਹੀਂ ਸੀ ਦੇ ਰਿਹਾ। ਪਰ ਜਦੋਂ ਮੈਂ ਜ਼ਮੀਨ ਦੇ ਉਸ ਟੋਟੇ ਵਿਚ ਦਾਖ਼ਲ ਹੋਇਆ ਤੇ ਸਲੀਬ ਵਾਂਗ ਰਖੇ ਤਖ਼ਤਿਆਂ ਦੇ ਉਤੋਂ ਲੂਣ ਦੇ ਢੇਰਾਂ ਵੱਲ ਤੁਰਿਆ ਤਾਂ ਇਕਦਮ ਮੈਨੂੰ ਆਪਣੀ ਲੱਤ ਉਤੇ ਪਿਛੋਂ ਠੁੱਡਾ ਪਿਆ ਮਹਿਸੂਸ ਹੋਇਆ, ਤੇ ਜਦੋਂ ਮੈਂ ਮੁੜ ਕੇ ਵੇਖਿਆ ਤਾਂ ਕਿਸੇ ਨੇ ਇਹ ਲਫ਼ਜ਼ ਮੇਰੇ ਮੂੰਹ ਉਤੇ ਦੇ ਮਾਰੇ:

"ਆਪਣੀਆਂ ਅੱਡੀਆਂ ਉਤੇ ਚੁੱਕ, ਬੇਵਕੂਫ਼।"

ਮੈਂ ਜਲਦੀ ਨਾਲ ਆਪਣੀਆਂ ਅੱਡੀਆਂ ਉਤੇ ਚੁਕੀਆਂ, ਫਿਰ ਆਪਣੀ ਰੇੜ੍ਹੀ ਹੇਠਾਂ ਰਖ ਦਿਤੀ ਤੇ ਬੇਲਚੇ ਨਾਲ ਇਸ ਵਿਚ ਲੂਣ ਭਰਨ ਲਗ ਪਿਆ।

"ਪੂਰੀ ਤਰ੍ਹਾਂ ਭਰ," ਯੂਕਰੇਨੀ ਹਰਕੁਲੀਸ ਨੇ ਹੁਕਮ ਦਿਤਾ ਜਿਹੜਾ ਮੇਰੇ ਕੋਲ ਹੀ ਖੜਾ ਸੀ।

ਮੈਂ ਜਿੰਨਾਂ ਵਧ ਤੋਂ ਵਧ ਹੋ ਸਕਦਾ ਸੀ ਲੂਣ ਭਰ ਲਿਆ। ਉਸ ਘੜੀ ਪਿੱਛੇ ਖੜੇ ਬੰਦੇ ਅਗਲਿਆਂ ਉਤੇ ਕੂਕਾਂ ਛੱਡਣ ਲਗ ਪਏ: "ਤੁਰਦੇ ਹੋਵੋ!" ਅਗਲਿਆਂ ਨੇ ਆਪਣੇ ਹੱਥਾਂ ਉਤੇ ਥੁੱਕਿਆ ਤੇ ਉੱਚੀ ਉੱਚੀ ਹੂੰਗਰਦਿਆਂ, ਤੇ ਝੁਕ ਕੇ ਲਗਭਗ ਦੂਹਰੇ ਹੁੰਦਿਆਂ ਆਪਣੀਆਂ ਰੇੜ੍ਹੀਆਂ ਚੁੱਕੀਆਂ ਤੇ ਆਪਣੀਆਂ ਧੌਣਾਂ ਅੱਗੇ ਨੂੰ ਕਢੀ, ਜਿਵੇਂ ਕਿ ਇਸ ਨਾਲ ਭਾਰ ਹੌਲਾ ਹੁੰਦਾ ਹੋਵੇ, ਜ਼ੋਰ ਲਾ ਕੇ ਅੱਗੇ ਨੂੰ ਵਧਣ ਲਗੇ।

ਉਹਨਾਂ ਦੇ ਢੰਗ-ਤਰੀਕਿਆਂ ਦੀ ਨਕਲ ਕਰਦਾ, ਮੈਂ ਵੀ, ਜਿਥੋਂ ਤੱਕ ਹੋ ਸਕਦਾ ਸੀ, ਝੁਕਿਆ ਤੇ ਅੱਗੇ ਨੂੰ ਜ਼ੋਰ ਲਾਇਆ। ਮੈਂ ਰੇੜ੍ਹੀ ਚੁੱਕੀ। ਪਹੀਏ ਨੇ ਚੀਂ-ਚੀਂ ਕੀਤੀ, ਇੰਝ ਲੱਗਾ ਜਿਵੇਂ ਮੇਰੀ ਹੱਸਲੀ ਟੁੱਟਣ ਲੱਗੀ ਹੈ, ਤੇ ਮੇਰੀਆਂ ਬਾਹਵਾਂ ਦੇ ਪੱਠੇ ਖਿਚਾ ਨਾਲ ਫਰਕਣ ਲੱਗੇ। ਮੈਂ ਡਗਮਗਾਉਂਦਾ ਇਕ ਕਦਮ ਚੁੱਕਿਆ, ਫਿਰ ਇਕ ਹੋਰ... ਮੈਂ ਸੱਜੇ ਨੂੰ ਡਿੱਗਦਾ, ਖੱਬੇ ਨੂੰ ਡਿੱਗਦਾ, ਹਜੋਕਾ ਮਾਰ ਕੇ ਅੱਗੇ ਵਧਦਾ... ਰੇੜ੍ਹੀ ਦਾ ਪਹੀਆ ਤਖਤੇ ਤੋਂ ਹੇਠਾਂ ਉਤਰ ਗਿਆ ਤੇ ਮੈਂ ਉਡਦਾ ਹੋਇਆ ਮੂਧੇ ਮੂੰਹ ਚਿਕੜ ਵਿਚ ਜਾ ਡਿੱਗਾ। ਰੇੜ੍ਹੀ ਨੇ ਆਪਣੀ ਹੱਥੀ ਨਾਲ ਮੇਰੇ ਸਿਰ ਵਿਚ

ਕਰਾਰੀ ਜੜੀ ਤੇ ਫਿਰ ਹੌਲੀ ਹੌਲੀ ਉਲਟੀ ਹੋ ਗਈ। ਮੇਰੇ ਡਿੱਗਣ ਨਾਲ ਜਿਹੜਾ ਕੰਨ-ਪਾੜਵੀਆਂ ਸੀਟੀਆਂ, ਚੀਕਾਂ ਤੇ ਕੂਕਾਂ ਦਾ ਸ਼ੋਰ ਮਚਿਆ, ਉਹ ਮੈਨੂੰ ਗਾੜ੍ਹੇ ਨਿਘੇ ਚਿਕੜ ਵਿਚ ਹੋਰ ਹੇਠਾਂ ਧਸੀ ਜਾ ਰਿਹਾ ਲਗਦਾ ਸੀ। ਤੇ ਜਦੋਂ ਮੈਂ ਚਿੱਕੜ ਵਿਚ ਡੁੱਬੀ ਰੇੜ੍ਹੀ ਨੂੰ ਚੁਕੱਣ ਦੀ ਵਿਅਰਥ ਕੋਸ਼ਿਸ਼ ਕਰਦਾ ਡਿੱਗ-ਢਹਿ ਰਿਹਾ ਸਾਂ, ਤਾਂ ਮੈਂ ਆਪਣੀ ਛਾਤੀ ਵਿਚ ਸਖ਼ਤ ਚੀਸ ਮਹਿਸੂਸ ਕੀਤੀ।

"ਜ਼ਰਾ ਮਦਦ ਤਾਂ ਕਰੀਂ, ਦੋਸਤ!" ਮੈਂ ਯੂਕਰੇਨੀ ਵੱਲ ਮੁੜਦਿਆਂ ਉਸਨੂੰ ਕਿਹਾ, ਜਿਹੜਾ ਮੇਰੇ ਕੋਲ ਖੜਾ ਵੱਖੀਆਂ ਫੜੀ ਖਿੜਖਿੜ ਹੱਸਦਾ ਅੱਗੇ ਪਿੱਛੇ ਝੂਲ ਰਿਹਾ ਸੀ।

"ਹੱਤ, ਤੇਰੀ ਮਾਂ ਨੂੰ... ਨਹੀਂ ਸੀ! ਸ਼ੀ-ਸ਼ੀ, ਉੱਲੂ ਦਾ ਪੱਠਾ? ਰੱਖ ਇਹਨੂੰ ਚੁੱਕ ਕੇ ਮੁੜ ਤਖ਼ਤੇ ਉਤੇ। ਖੱਬੇ ਪਾਸੇ ਨੂੰ ਦਬਾ! ਸ਼ੀ! ਖ਼ਿਆਲ ਰੱਖ, ਨਹੀਂ ਤਾਂ ਚਿਕੜ ਤੈਨੂੰ ਚੂਸ ਲਵੇਗਾ।" ਤੇ ਉਸਨੇ ਆਪਣੀਆਂ ਵੱਖੀਆਂ ਉਤੇ ਹੱਥ ਰੱਖੀ ਫਿਰ ਹੱਸਣਾ ਸ਼ੁਰੂ ਕਰ ਦਿਤਾ, ਜਦੋਂ ਤੱਕ ਉਸਦੀਆਂ ਅੱਖਾਂ ਵਿਚ ਅੱਥਰੂ ਨਾ ਆ ਗਏ।

ਮੇਰੇ ਤੋਂ ਅਗਲੇ ਧੌਲੇ ਸਿਰ ਵਾਲੇ ਬੁਢੇ ਨੇ ਮੇਰੇ ਵੱਲ ਵੇਖਿਆ; "ਤੂੰ ਤਖ਼ਤੇ ਉਤੇ ਨਹੀਂ ਤੁਰ ਸਕਦਾ!" ਉਸਨੇ ਹੱਥ ਮਾਰਦਿਆਂ ਕਿਹਾ ਤੇ ਗ਼ੁੱਸੇ ਨਾਲ ਹੂੰਗਰਦਿਆਂ, ਆਪਣੀ ਰੇੜ੍ਹੀ ਅੱਗੇ ਲੈ ਗਿਆ।

ਅਗਲੇ ਆਪਣੇ ਰਾਹ ਤੁਰੀ ਗਏ; ਪਿਛਲੇ ਭੈੜੇ ਮੂੰਹ ਬਣਾ ਕੇ ਮੈਨੂੰ ਚਿਕੜ ਵਿਚੋਂ ਰੇੜ੍ਹੀ ਕਢਦੇ ਨੂੰ ਘੋਲ ਕਰਦਿਆਂ ਵੇਖਦੇ ਰਹੇ। ਮੇਰੇ ਤੋਂ ਪਸੀਨਾ ਤੇ ਚਿੱਕੜ ਨੁੱਚੜ ਰਹੇ ਸਨ। ਕਿਸੇ ਨੇ ਮੇਰੀ ਮੱਦਦ ਕਰਨ ਦੀ ਪੇਸ਼ਕਸ਼ ਨਾ ਕੀਤੀ। ਲੂਣ ਦੇ ਢੇਰ ਤੋਂ ਫ਼ੋਰਮੈਨ ਦੀ ਆਵਾਜ਼ ਆਈ:

"ਕਿਉਂ ਰੁਕ ਗਏ ਹੋ, ਭੂਤਨੀ ਦਿਓ! ਕੁੱਤਿਓ! ਸੂਰੋ! ਜ਼ਰਾ ਨਜ਼ਰ ਨਾ ਰਖੋ ਤਾਂ ਤੁਹਾਨੂੰ ਕਾਠ ਵੱਜ ਜਾਂਦਾ ਏ! ਚਲੋ, ਚਲੋ! ਤੁਹਾਡਾ ਬੇੜਾ ਗ਼ਰਕੇ!"

"ਰਸਤਾ ਛੱਡ," ਮੇਰੇ ਪਿੱਛੇ ਯੂਕਰੇਨੀ ਭੌਂਕਿਆ। ਕੋਲੋਂ ਦੀ ਲੰਘਦਿਆਂ ਉਸਨੇ ਆਪਣੀ ਰੇੜ੍ਹੀ ਦਾ ਪਾਸਾ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਤੇ ਮੇਰਾ ਸਿਰ ਮਸਾਂ ਹੀ ਬਚਿਆ।

ਜਦੋਂ ਇਕੱਲਾ ਰਹਿ ਗਿਆ ਤਾਂ ਮੈਂ ਕਿਸੇ ਨਾ ਕਿਸੇ ਤਰ੍ਹਾਂ ਰੇੜ੍ਹੀ ਬਾਹਰ ਕਢੀ, ਤੇ ਇਹ ਹੁਣ ਕਿਉਂਕਿ ਖ਼ਾਲੀ ਸੀ ਤੇ ਚਾਰੇ ਪਾਸਿਉਂ ਚਿੱਕੜ ਨਾਲ ਲਿੱਬੜੀ ਹੋਈ ਸੀ, ਇਸ ਲਈ ਮੈਂ ਇਸਨੂੰ ਬਦਲਣ ਦੀ ਇੱਛਾ ਨਾਲ ਦੌੜਦਾ ਹੋਇਆ ਗਿਆ।

"ਕਿਉਂ, ਭਰਾ, ਤਿਲਕ ਪਿਆ ਸੈਂ? ਕੋਈ ਗੱਲ ਨਹੀਂ, ਪਹਿਲਾਂ ਪਹਿਲਾਂ ਸਭ ਨਾਲ ਇਵੇਂ ਹੁੰਦੈ।"

ਮੈਂ ਮੁੜ ਕੇ ਵੇਖਿਆ ਤੇ ਮੇਰੀ ਨਜ਼ਰੀਂ ਵੀਹ ਕੁ ਸਾਲਾਂ ਦਾ ਇਕ ਮੁੰਡਾ ਪਿਆ ਜਿਹੜਾ ਲੂਣ ਦੀ ਢੇਰੀ ਕੋਲ ਚਿੱਕੜ ਵਿਚ ਤਖ਼ਤੇ ਉਤੇ ਬੈਠਾ ਹੋਇਆ ਸੀ। ਉਹ

ਆਪਣੀ ਹਥ ਦੀ ਤਲੀ ਨੂੰ ਚੂਸ ਰਿਹਾ ਸੀ। ਉਸਨੇ ਮੈਨੂੰ ਸਿਰ ਦੇ ਇਸ਼ਾਰੇ ਨਾਲ ਕੋਲ ਬੁਲਾਇਆ, ਤੇ ਉਸਦੀਆਂ ਉਂਗਲਾਂ ਦੇ ਵਿਚੋਂ ਦੇਖ ਰਹੀਆਂ ਅੱਖਾਂ ਵਿਚ ਮਿਹਰਬਾਨੀ ਤੇ ਮੁਸਕ੍ਰਾਹਟ ਸੀ।

"ਕੋਈ ਗੱਲ ਨਹੀਂ, ਯਾਰ! ਕਦੀ ਹੋ ਹੀ ਜਾਂਦੈ। ਪਰ ਤੇਰੇ ਹੱਥ ਨੂੰ ਕੀ ਹੋਇਐ?" ਮੈਂ ਪੁਛਿਆ।

"ਐਵੇਂ ਝਰੀਟ ਲਗ ਗਈ ਏ, ਪਰ ਲੂਣ ਇਸਨੂੰ ਵਿਚ ਵੜ ਵੜ ਕੇ ਖਾਈ ਜਾਂਦੈ। ਜੇ ਤੁਸੀਂ ਇਸਨੂੰ ਚੂਸ ਨਾ ਕਢੋ, ਤਾਂ ਹੋ ਸਕਦੈ ਤੁਹਾਨੂੰ ਕੰਮ ਹੀ ਛੱਡਣਾ ਪਵੇ—ਤੁਸੀਂ ਆਪਣਾ ਹੱਥ ਨਹੀਂ ਵਰਤ ਸਕੋਗੇ। ਪਰ ਤੂੰ ਜਾ ਆਪਣਾ ਕੰਮ ਕਰ ਨਹੀਂ ਤਾਂ ਫ਼ੋਰਮੈਨ ਗਾਲ੍ਹਾਂ ਕਢਣੀਆਂ ਸ਼ੁਰੂ ਕਰ ਦੇਵੇਗਾ ਈ।"

ਮੈਂ ਵਾਪਸ ਚਲਾ ਗਿਆ। ਦੂਜੀ ਵਾਰੀ ਮੇਰੇ ਨਾਲ ਕੋਈ ਹਾਦਸਾ ਨਾ ਹੋਇਆ; ਮੈਂ ਤੀਜੀ ਵਾਰੀ, ਚੌਥੀ ਵਾਰੀ, ਤੇ ਦੋ ਵਾਰੀ ਹੋਰ ਲੂਣ ਢੋਇਆ। ਕਿਸੇ ਨੇ ਮੇਰੇ ਵੱਲ ਜ਼ਰਾ ਵੀ ਧਿਆਨ ਨਾ ਦਿਤਾ, ਤੇ ਇਸ ਗੱਲ ਨੇ, ਸਾਧਾਰਨ ਤੌਰ ਉਤੇ ਜਿਸ ਤੋਂ ਬੰਦੇ ਨੂੰ ਨਿਰਾਸ਼ਾ ਹੋ ਸਕਦੀ ਹੈ, ਮੈਨੂੰ ਬੜੀ ਤਸੱਲੀ ਦਿਤੀ।

"ਚਲੋ ਭਈ, ਖਾਣੇ ਦਾ ਵੇਲਾ ਹੋ ਗਿਐ," ਕੋਈ ਕੂਕਿਆ।

ਸੁਖ ਦਾ ਸਾਹ ਲੈਂਦਿਆਂ ਮਜ਼ਦੂਰ ਖਾਣਾ ਖਾਣ ਚਲੇ ਗਏ, ਪਰ ਉਦੋਂ ਵੀ ਉਹਨਾਂ ਨੇ ਕੋਈ ਉਤਸਾਹ ਨਾ ਵਿਖਾਇਆ, ਆਰਾਮ ਕਰਨ ਦਾ ਮੌਕਾ ਮਿਲਣ ਉਤੇ ਉਹਨਾਂ ਨੂੰ ਕੋਈ ਖ਼ੁਸ਼ੀ ਨਾ ਹੋਈ। ਜੋ ਵੀ ਉਹ ਕਰਦੇ, ਬੱਧੇ-ਰੁਧੇ ਕਰਦੇ, ਦਬਾਏ ਹੋਏ ਗ਼ੁਸੇ ਤੇ ਨਫ਼ਰਤ ਨਾਲ। ਇੰਝ ਲਗਦਾ ਸੀ ਜਿਵੇਂ ਮੁਸ਼ੱਕਤ ਨਾਲ ਹਿੱਲੇ ਹੱਡਾਂ ਨੂੰ ਤੇ ਗਰਮੀ ਨਾਲ ਚੂਸੇ ਪੱਠਿਆਂ ਨੂੰ ਆਰਾਮ ਤੋਂ ਕੋਈ ਖ਼ੁਸ਼ੀ ਨਹੀਂ ਸੀ ਮਿਲਦੀ। ਮੇਰਾ ਲੱਕ ਦਰਦ ਕਰ ਰਿਹਾ ਸੀ, ਤੇ ਇਸੇ ਤਰ੍ਹਾਂ ਮੇਰੀਆਂ ਲੱਤਾਂ ਤੇ ਮੇਰੇ ਮੋਢੇ ਦੁਖ ਰਹੇ ਸਨ: ਪਰ ਮੈਂ ਕੋਸ਼ਿਸ਼ ਕੀਤੀ ਕਿ ਇਹ ਜ਼ਾਹਰ ਨਾ ਹੋਣ ਦਿਆਂ ਤੇ ਤੇਜ਼ ਤੇਜ਼ ਤੁਰਦਾ ਹੋਇਆ ਸ਼ੋਰਬੇ ਵਾਲੇ ਭਾਂਡੇ ਕੋਲ ਗਿਆ।

"ਰੁਕ ਜਾ," ਪਾਟੀ ਨੀਲੀ ਕੁੜਤੀ ਵਾਲੇ ਇਹ ਗੰਭੀਰ ਬੁਢੇ ਮਜ਼ਦੂਰ ਨੇ ਕਿਹਾ। ਪੀ ਪੀ ਕੇ ਉਸਦਾ ਮੂੰਹ ਵੀ ਉਸਦੀ ਕੁੜਤੀ ਵਰਗਾ ਹੀ ਨੀਲਾ ਹੋਇਆ ਪਿਆ ਸੀ ਤੇ ਉਸਦੇ ਭਰਵੱਟੇ ਭਾਰੇ ਤੇ ਵੱਟੇ ਹੋਏ ਸਨ, ਜਿਨ੍ਹਾਂ ਦੇ ਹੇਠੋਂ ਲਾਲ ਹੋਈਆਂ ਹੋਈਆਂ, ਕਰੋਧੀ ਤੇ ਮਜ਼ਾਕ ਉਡਾਉਂਦੀਆਂ ਅੱਖਾਂ ਲਿਸ਼ਕ ਰਹੀਆਂ ਸਨ। "ਠਹਿਰ ਜਾ। ਤੇਰਾ ਨਾਂ ਕੀ ਏ?"

ਮੈਂ ਦਸਿਆ।

"ਹੂੰ! ਮੂਰਖ ਸੀ ਤੇਰਾ ਪਿਓ ਜਿਸ ਨੇ ਤੇਰਾ ਇਹ ਨਾਂ ਰਖਿਆ। ਮੈਕਸਿਮਾਂ ਨੂੰ ਪਹਿਲੇ ਹੀ ਦਿਨ ਸ਼ੋਰਬੇ ਵਾਲੇ ਭਾਂਡੇ ਕੋਲ ਜਾਣ ਦੀ ਆਗਿਆ ਨਹੀਂ ਹੁੰਦੀ। ਪਹਿਲੇ ਦਿਨ ਮੈਕਸਿਮ ਆਪਣਾ ਹੀ ਖਾਣਾ ਖਾਂਦੇ ਨੇ, ਸਮਝੇ? ਜੇ ਤੇਰਾ ਨਾਂ ਈਵਾਨ

ਜਾਂ ਕੁਝ ਹੋਰ ਹੁੰਦਾ, ਤਾਂ ਗੱਲ ਹੋਰ ਸੀ। ਮੇਰੀ ਹੀ ਮਿਸਾਲ ਹੈ। ਮੇਰਾ ਨਾਂ ਮਤਵੇਈ ਏ, ਸੋ ਮੈਨੂੰ ਖਾਣ ਨੂੰ ਮਿਲ ਗਿਐ। ਪਰ ਮੈਕਸਿਮ ਸਿਰਫ ਖਾਂਦਿਆਂ ਵੇਖ ਹੀ ਸਕਦੈ। ਭਾਂਡੇ ਤੋਂ ਪਰੇ ਹੋ ਜਾ!"

ਮੈਂ ਹੱਕਾਬੱਕਾ ਹੋਇਆ ਉਸ ਵੱਲ ਵੇਖਣ ਲੱਗਾ, ਫਿਰ ਮੈਂ ਉਥੋਂ ਚਲਾ ਗਿਆ ਤੇ ਜ਼ਮੀਨ ਉਤੇ ਜਾ ਬੈਠਾ। ਇਹੋ ਜਿਹੇ ਵਤੀਰੇ ਉਤੇ ਮੈਨੂੰ ਹੈਰਾਨੀ ਹੋਈ। ਇਸਤੋਂ ਪਹਿਲਾਂ ਕਦੀ ਵੀ ਮੇਰੇ ਨਾਲ ਇੰਝ ਨਹੀਂ ਸੀ ਹੋਇਆ, ਤੇ ਯਕੀਨਨ ਮੈਂ ਅਜਿਹੀ ਗੱਲ ਕੋਈ ਨਹੀਂ ਸੀ ਕੀਤੀ ਕਿ ਇਸ ਵਤੀਰੇ ਦਾ ਹੱਕਦਾਰ ਬਣਦਾ। ਇਸਤੋਂ ਪਹਿਲਾਂ ਦਰਜਨਾਂ ਵਾਰੀ ਮੈਂ ਮਜ਼ਦੂਰਾਂ ਦੇ ਟੋਲਿਆਂ ਨਾਲ ਮਿਲ ਕੇ ਕੰਮ ਕੀਤਾ ਸੀ, ਤੇ ਸਾਡੇ ਸੰਬੰਧ ਹਮੇਸ਼ਾ ਸ਼ੁਰੂ ਤੋਂ ਹੀ ਸਾਦੇ ਤੇ ਸਾਥੀਆਂ ਵਾਲੇ ਰਹੇ ਸਨ। ਇਹ ਸਭ ਕੁਝ ਅਜੀਬ ਜਿਹਾ ਸੀ, ਤੇ ਹੋਈ ਬੇਇਜ਼ਤੀ ਤੇ ਲੱਗੀ ਠੇਸ ਦੇ ਬਾਵਜੂਦ ਮੇਰੀ ਉਤਸੁਕਤਾ ਜਾਗ ਉਠੀ। ਮੈਂ ਇਸ ਭੇਤ ਦਾ ਜਵਾਬ ਲੱਭਣ ਦੀ ਧਾਰ ਲਈ, ਤੇ ਇਹ ਇਰਾਦਾ ਕਰ ਲੈਣ ਪਿਛੋਂ, ਮੈਂ ਉਹਨਾਂ ਨੂੰ ਖਾਂਦਿਆਂ ਵੇਖਦਾ ਹੋਇਆ ਬਾਹਰੋਂ ਬਾਹਰੋਂ ਸ਼ਾਂਤ ਵਿਖਾਈ ਦੇਣ ਲਗਾ, ਤੇ ਵਾਪਸ ਕੰਮ ਉਤੇ ਜਾਣ ਦੀ ਉਡੀਕ ਕਰਨ ਲਗਾ। ਇਹ ਜਾਨਣਾ ਜ਼ਰੂਰੀ ਸੀ ਕਿ ਮੇਰੇ ਨਾਲ ਇਹ ਵਤੀਰਾ ਕਿਉਂ ਅਪਣਾਇਆ ਗਿਆ ਸੀ।

੨

ਆਖ਼ਰ ਉਹਨਾਂ ਨੇ ਖਾਣੇ ਦਾ ਕੰਮ ਮੁਕਾ ਲਿਆ, ਡਕਾਰ ਮਾਰਨ ਦਾ ਕੰਮ ਮੁਕਾ ਲਿਆ ਤੇ ਭਾਂਡੇ ਤੋਂ ਪਰੇ ਜਾਂਦੇ ਹੋਏ ਸਿਗਰਟਾਂ ਪੀਣ ਲਗੇ। ਯੂਕਰੇਨੀ ਹਰਕੁਲੀਸ ਤੇ ਪੱਟੀ-ਬੱਧੀਆਂ ਲੱਤਾਂ ਵਾਲਾ ਮੁੰਡਾ ਮੇਰੇ ਕੋਲ ਆਏ ਤੇ ਮੇਰੇ ਸਾਮ੍ਹਣੇ ਬਹਿ ਗਏ, ਜਿਸ ਨਾਲ ਤਖ਼ਤਿਆਂ ਉਤੇ ਰਖੀਆਂ ਰੇੜ੍ਹੀਆਂ ਦੀ ਕਤਾਰ ਮੈਨੂੰ ਦਿਸਣੋਂ ਹਟ ਗਈ।

"ਤਮਾਕੂ ਪੀਏਂਗਾ, ਦੋਸਤ?" ਯੂਕਰੇਨੀ ਪੁੱਛਣ ਲੱਗਾ।

"ਲਿਆ ਉਰੇ," ਮੈਂ ਕਿਹਾ।

"ਤੇਰੇ ਕੋਲ ਆਪਣਾ ਤਮਾਕੂ ਨਹੀਂ?"

"ਜੇ ਹੁੰਦਾ ਤਾਂ ਮੈਂ ਤੈਨੂੰ ਕਿਉਂ ਕਹਿੰਦਾ।"

"ਸੱਚ ਕਹਿੰਦੈਂ। ਆਹ ਲੈ," ਤੇ ਉਸਨੇ ਮੈਨੂੰ ਆਪਣਾ ਪਾਈਪ ਫੜਾਇਆ। "ਕਿਉਂ ਫਿਰ, ਕੰਮ ਕਰੀ ਜਾਏਂਗਾ?"

"ਹਾਂ, ਜਦੋਂ ਤੱਕ ਕਰ ਸਕਿਆ।"

"ਹੂੰ। ਕਿਥੋਂ ਦਾ ਏਂ?"

ਮੈਂ ਉਸਨੂੰ ਦਸਿਆ।

"ਇਹ ਬਹੁਤ ਦੂਰ ਏ, ਕੀ?"

"ਤਿੰਨ ਕੁ ਹਜ਼ਾਰ ਵਰਸਤ।"

"ਓਹੋ! ਬਹੁਤ ਦੂਰ। ਇਥੇ ਤੂੰ ਕਿਤਰਾਂ ਆਇਆ?"

"ਓਤਰਾਂ ਈ ਜਿਤਰਾਂ ਤੂੰ, ਹੋਰ ਕਿਤਰਾਂ?"

"ਸੋ ਤੈਨੂੰ ਵੀ ਪਿੰਡ ਚੋਂ ਚੋਰੀ ਕਰਨ ਕਰਕੇ ਕਢ ਦਿਤਾ ਗਿਆ ਸੀ?"

"ਇਹ ਕੀ ਗੱਲ ਹੋਈ?" ਮੈਂ ਪੁੱਛਿਆ, ਇਹ ਮਹਿਸੂਸ ਕਰਦਿਆਂ ਕਿ ਮੈਂ ਜਾਲ ਵਿਚ ਫਸ ਗਿਆ ਹਾਂ।

"ਮੈਂ ਇਥੇ ਇਸ ਕਰਕੇ ਆਇਆ ਸਾਂ ਕਿਉਂਕਿ ਚੋਰੀ ਕਰਨ ਕਰਕੇ ਮੈਨੂੰ ਪਿੰਡੋਂ ਕਢ ਦਿਤਾ ਗਿਆ ਸੀ, ਤੇ ਤੂੰ ਕਿਹੈ ਕਿ ਤੂੰ ਵੀ ਇਸੇਤਰ੍ਹਾਂ ਹੀ ਆਇਐਂ," ਤੇ ਉਹ ਮੈਨੂੰ ਫਸਾ ਲੈਣ ਉਤੇ ਖੁਸ਼ ਹੁੰਦਾ ਹੋਇਆ ਖਿੜਖਿੜਾ ਕੇ ਹੱਸ ਪਿਆ।

ਉਸਦੇ ਸਾਥੀ ਨੇ ਕੁਝ ਨਾ ਕਿਹਾ, ਸਿਰਫ ਉਸਨੂੰ ਅੱਖ ਮਾਰੀ ਤੇ ਖਚਰਿਆਂ ਵਾਂਗ ਮੁਸਕ੍ਰਾਇਆ।

"ਠਹਿਰ ਜਾ," ਮੈਂ ਗਲ ਸ਼ੁਰੂ ਕੀਤੀ।

"ਠਹਿਰਣ ਲਈ ਸਮਾਂ ਨਹੀਂ, ਦੋਸਤ। ਕੰਮ ਉਤੇ ਵਾਪਸ ਜਾਣੈ। ਚੱਲ ਆ। ਮੇਰੀ ਰੇੜ੍ਹੀ ਲੈ ਲੈ ਤੇ ਮੇਰੇ ਪਿੱਛੇ ਪਿੱਛੇ ਹੋ ਜਾ। ਮੇਰੀ ਰੇੜ੍ਹੀ ਬੜੀ ਭਰੋਸੇਯੋਗ ਏ। ਚੱਲ ਆ ਚੱਲੀਏ।"

ਤੇ ਉਹ ਤੁਰ ਪਿਆ। ਮੈਂ ਉਸਦੀ ਰੇੜ੍ਹੀ ਚੁੱਕਣ ਹੀ ਵਾਲਾ ਸਾਂ ਜਦੋਂ ਕਾਹਲੀ ਨਾਲ ਉਹ ਬੋਲਿਆ: "ਠਹਿਰ, ਮੈਂ ਆਪ ਲੈ ਜਾਨਾਂ। ਮੈਨੂੰ ਆਪਣੀ ਦੇ ਦੇ; ਤੇ ਆਪਣੇ ਵਾਲੀ ਮੈਂ ਇਸਦੇ ਵਿਚ ਰਖ ਲਵਾਂਗਾ ਤੇ ਹੂਟੇ ਦਿਆਂਗਾ—ਇਹ ਜ਼ਰਾ ਆਰਾਮ ਕਰ ਲਏ।"

ਮੈਨੂੰ ਸ਼ੱਕ ਪੈਣਾ ਸ਼ੁਰੂ ਹੋ ਗਿਆ। ਉਸਦੇ ਨਾਲ ਨਾਲ ਤੁਰਦਿਆਂ ਮੈਂ ਉਸਦੀ ਰੇੜ੍ਹੀ ਨੂੰ ਧਿਆਨ ਨਾਲ ਵੇਖਿਆ, ਜਿਹੜੀ ਪੁੱਠੀ ਪਈ ਹੋਈ ਸੀ, ਇਹ ਯਕੀਨ ਕਰਨ ਲਈ ਕਿ ਕੋਈ ਧੋਖਾ ਤਾਂ ਨਹੀਂ ਕੀਤਾ ਜਾ ਰਿਹਾ; ਪਰ ਇਕੋ ਇਕ ਗਲ ਜਿਹੜੀ ਮੇਰੇ ਧਿਆਨ ਵਿਚ ਆਈ, ਉਹ ਇਹ ਸੀ ਕਿ ਮੈਂ ਇਕਦਮ ਧਿਆਨ ਦਾ ਕੇਂਦਰ ਬਣ ਗਿਆ ਹਾਂ। ਇਸਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਪਰ ਅਕਸਰ ਅੱਖਾਂ ਮਾਰਨ ਤੋਂ ਤੇ ਮੇਰੇ ਵੱਲ ਇਸ਼ਾਰਾ ਕਰਕੇ ਸਿਰ ਮਾਰਨ ਤੋਂ ਤੇ ਚੱਲ ਰਹੀ ਸਾਰੀ ਕਾਨਾਫੂਸੀ ਤੋਂ ਮੈਂ ਇਸ ਬਾਰੇ ਸਪਸ਼ਟ ਵੇਖ ਸਕਦਾ ਸਾਂ। ਮੈਂ ਜਾਣਦਾ ਸਾਂ ਕਿ ਮੈਨੂੰ ਖ਼ਬਰਦਾਰ ਰਹਿਣਾ ਚਾਹੀਦਾ ਹੈ ਤੇ ਪਹਿਲਾਂ ਜੋ ਕਝ ਹੋ ਚੁਕਾ ਸੀ, ਉਸਤੋਂ ਅੰਦਾਜ਼ਾ ਲਾਇਆਂ ਮੈਂ ਫ਼ਰਜ਼ ਕਰ ਲਿਆ ਕਿ ਜੋ ਵੀ ਸਾਜ਼ਸ਼ ਬਣਾਈ ਜਾ ਰਹੀ ਹੈ, ਬੇਹਦ ਮੌਲਕ ਹੈ।

"ਅਸੀਂ ਪੁੱਜ ਗਏ ਹਾਂ," ਆਪਣੀ ਰੇੜ੍ਹੀ ਮੇਰੀ ਰੇੜ੍ਹੀ ਵਿਚੋਂ ਕਢਦਾ ਹੋਇਆ ਤੇ ਮੇਰੇ ਵੱਲ ਇਸਨੂੰ ਧੱਕਦਾ ਹੋਇਆ ਯੂਕਰੇਨੀ ਬੋਲਿਆ। "ਭਰ ਇਸਨੂੰ।"

ਮੈਂ ਆਲੇ-ਦੁਆਲੇ ਵੇਖਿਆ। ਹਰ ਕੋਈ ਪੂਰੇ ਦਿਲ ਨਾਲ ਕੰਮ ਕਰ ਰਿਹਾ ਸੀ, ਸੋ ਮੈਂ ਵੀ ਬੇਲਚੇ ਭਰ ਭਰ ਲੂਣ ਪਾਉਣਾ ਸ਼ੁਰੂ ਕਰ ਦਿਤਾ। ਹੋਰ ਕੋਈ ਆਵਾਜ਼ ਨਹੀਂ ਸੀ ਆ ਰਹੀ ਸਿਵਾਏ ਲੂਣ ਦੀ ਸਰਸਰ ਦੇ, ਜਦੋਂ ਇਹ ਬੇਲਚੇ ਤੋਂ ਡਿਗਦਾ ਸੀ, ਤੇ ਮੈਨੂੰ ਇਹ ਚੁੱਪ ਦਮ-ਘੁਟਵੀਂ ਲੱਗੀ। ਮੈਨੂੰ ਯਕੀਨ ਸੀ ਕਿ ਇਥੋਂ ਚਲਾ ਜਾਣਾ ਮੇਰੇ ਲਈ ਠੀਕ ਰਹੇਗਾ।

"ਚੱਲ ਲੈ ਜਾ ਹੁਣ। ਸੌਂ ਗਿਐਂ? ਲੈ ਜਾ," ਨੀਲੇ ਮੂੰਹ ਵਾਲੇ ਮਤਵੇਈ ਨੇ ਹੁਕਮ ਦਿਤਾ।

ਮੈਂ ਰੇੜ੍ਹੀ ਦੇ ਦਸਤਿਆਂ ਨੂੰ ਫੜਿਆ ਤੇ ਇਸਨੂੰ ਬੇਹੱਦ ਜ਼ੋਰ ਨਾਲ ਅੱਗੇ ਨੂੰ ਧੱਕਿਆ। ਸਖ਼ਤ ਦਰਦ ਨਾਲ ਮੇਰੀ ਚੀਕ ਨਿਕਲ ਗਈ ਤੇ ਮੇਰੇ ਹੱਥੋਂ ਰੇੜ੍ਹੀ ਛੁੱਟ ਗਈ। ਇਸ ਨਾਲ ਮੈਨੂੰ ਹੋਰ ਵੀ ਜ਼ਿਆਦਾ ਦਰਦ ਹੋਈ, ਪਹਿਲੀ ਨਾਲੋਂ ਵੀ ਬਦਤਰ: ਮੈਂ ਆਪਣੀਆਂ ਦੋਹਾਂ ਤਲੀਆਂ ਤੋਂ ਚਮੜੀ ਲੁਹਾ ਬੈਠਾ ਸਾਂ। ਦਰਦ ਤੇ ਗ਼ੁੱਸੇ ਨਾਲ ਦੰਦੀਆਂ ਕਰੀਚਦਿਆਂ, ਮੈਂ ਦਸਤਿਆਂ ਨੂੰ ਧਿਆਨ ਨਾਲ ਵੇਖਿਆ ਤੇ ਮੇਰੀ ਨਜ਼ਰੀਂ ਪਿਆ ਕਿ ਬਾਹਰਲੇ ਸਿਰੇ ਤੋਂ ਉਹਨਾਂ ਨੂੰ ਦੋ ਕੀਤਾ ਗਿਆ ਸੀ ਤੇ ਚੀਰੇ ਨੂੰ ਖੁਲ੍ਹਾ ਰੱਖਣ ਲਈ ਲੱਕੜੀ ਦੇ ਫਾਨੇ ਲਾ ਦਿਤੇ ਗਏ ਸਨ। ਇਹ ਏਨੀ ਹੁਸ਼ਿਆਰੀ ਨਾਲ ਕੀਤਾ ਗਿਆ ਸੀ ਕਿ ਇਸਦਾ ਪਤਾ ਲਾਉਣਾ ਮੁਸ਼ਕਲ ਸੀ। ਇਹ ਮਿਥ ਲਿਆ ਗਿਆ ਸੀ ਕਿ ਜਦੋਂ ਮੈਂ ਦਸਤਿਆਂ ਨੂੰ ਘੁੱਟ ਕੇ ਫੜਾਂਗਾ ਤਾਂ ਫਾਨੇ ਉੱਡ ਨਿਕਲਣਗੇ ਤੇ ਚੀਰ ਵਿਚ ਮੇਰੀ ਚਮੜੀ ਆ ਜਾਏਗੀ। ਉਹਨਾਂ ਦਾ ਅੰਦਾਜ਼ਾ ਠੀਕ ਨਿਕਲਿਆ ਸੀ। ਮੈਂ ਸਿਰ ਚੁੱਕਿਆ ਤੇ ਆਪਣੇ ਆਲੇ-ਦੁਆਲੇ ਵੇਖਿਆ। ਚੀਕਾਂ, ਕੂਕਾਂ ਤੇ ਮਸ਼ਖ਼ਰੀਆਂ ਮੇਰੇ ਮੂੰਹ ਉਤੇ ਪਈਆਂ ਤੇ ਆਪਣੇ ਚਾਰ-ਚੁਫ਼ੇਰੇ ਮੈਨੂੰ ਬਦਸੂਰਤ ਵਰਾਛਾਂ ਖੁਲ੍ਹੀਆਂ ਹੋਈਆਂ ਦਿੱਸੀਆਂ। ਲੂਣ ਦੇ ਢੇਰ ਵੱਲੋਂ ਫ਼ੋਰਮੈਨ ਦੀਆਂ ਭੱਦੀਆਂ ਗਾਲ੍ਹਾਂ ਆ ਰਹੀਆਂ ਸਨ, ਪਰ ਕੋਈ ਪ੍ਰਵਾਹ ਨਹੀਂ ਸੀ ਕਰ ਰਿਹਾ; ਉਹ ਮੇਰੇ ਨਾਲ ਬਹੁਤ ਰੁਝੇ ਹੋਏ ਸਨ। ਮੈਂ ਆਲੇ-ਦੁਆਲੇ ਖ਼ਾਲੀ ਨਜ਼ਰਾਂ ਨਾਲ, ਅੱਖਾਂ ਪਾੜ ਪਾੜ ਕੇ ਵੇਖਿਆ, ਇਸ ਗੱਲ ਤੋਂ ਚੇਤੰਨ ਕਿ ਅੰਦਰੋਂ ਮੈਂ ਠੇਸ ਦੇ ਅਹਿਸਾਸ ਨਾਲ, ਇਹਨਾਂ ਲੋਕਾਂ ਨਾਲ ਨਫ਼ਰਤ ਦੇ ਅਹਿਸਾਸ ਨਾਲ ਤੇ ਬਦਲਾ ਲੈਣ ਦੀ ਇੱਛਾ ਨਾਲ ਖੌਲ ਰਿਹਾ ਸਾਂ। ਆਦਮੀਆਂ ਨੇ ਹਸਦਿਆਂ ਤੇ ਗਾਲ੍ਹਾਂ ਕਢਦਿਆਂ ਨੇ, ਮੇਰੇ ਸਾਮ੍ਹਣੇ ਭੀੜ ਬਣਾ ਲਈ, ਤੇ ਮੈਂ ਉਹਨਾਂ ਦੀ ਬੇਇਜ਼ਤੀ ਕਰਨ ਲਈ ਤੇ ਉਹਨਾਂ ਨੂੰ ਨੀਂਵਾਂ ਦਿਖਾਉਣ ਲਈ ਤੜਪ ਰਿਹਾ ਸਾਂ, ਬਹੁਤ ਬੁਰੀ ਤਰ੍ਹਾਂ ਤੜਪ ਰਿਹਾ ਸਾਂ।

"ਤੁਸੀਂ, ਕਮੀਨਿਓ!" ਅੱਗੇ ਨੂੰ ਵਧਦਿਆਂ ਆਪਣੀਆਂ ਮੁੱਕੀਆਂ ਹਿਲਾਉਂਦਾ

ਹੋਇਆ ਤੇ ਓਨੀ ਹੀ ਵਹਿਸ਼ੀ ਤਰ੍ਹਾਂ ਨਾਲ ਗਾਲ੍ਹਾਂ ਕਢਦਾ ਹੋਇਆ, ਜਿਵੇਂ ਉਹ ਕਢ ਰਹੇ ਸਨ, ਮੈਂ ਚਿੱਲਾਇਆ।

ਭੀੜ ਦੇ ਜਿਸ ਤਰ੍ਹਾਂ ਪੈਰ ਉਖੜ ਗਏ ਤੇ ਉਹ ਕੁਝ ਬੇਚੈਨੀ ਜਿਹੀ ਵਿਚ ਪਿੱਛੇ ਹਟੀ। ਪਰ ਯੂਕਰੇਨੀ ਹਰਕੁਲੀਸ ਤੇ ਨੀਲੇ ਮੂੰਹ ਵਾਲਾ ਮਤਵੇਈ ਆਪਣੀ ਥਾਂ ਡਟੇ ਰਹੇ ਤੇ ਆਪਣੀਆਂ ਬਾਹਵਾਂ ਸ਼ਾਂਤੀ ਨਾਲ ਚੜ੍ਹਾਉਣ ਲਗ ਪਏ।

"ਹੱਛਾ, ਆ ਫਿਰ, ਆ ਫਿਰ! ਹੈਂ!"... ਯੂਕਰੇਨੀ ਬੜੇ ਮਜ਼ੇ ਲੈ ਲੈ ਕੇ ਹੌਲੀ ਹੌਲੀ ਕਹਿਣ ਲੱਗਾ। ਉਸਨੇ ਨਜ਼ਰਾਂ ਇਕਸਾਰ ਮੇਰੇ ਉਤੇ ਗੱਡੀਆਂ ਹੋਈਆਂ ਸਨ।

"ਜ਼ਰਾ ਧਰ ਇਹਦੇ, ਗਵਰੀਲਾ," ਮਤਵੇਈ ਨੇ ਉਹਨੂੰ ਸਲਾਹ ਦਿਤੀ।

"ਤੁਸੀਂ ਕਿਉਂ ਮੇਰੇ ਨਾਲ ਐਸਾ ਕੀਤੈ?" ਮੈਂ ਚਿੱਲਾਇਆ। "ਮੈਂ ਤੁਹਾਡਾ ਕੀ ਵਿਗਾੜਿਆ ਸੀ? ਕੀ ਮੈਂ ਤੁਹਾਡੇ ਸਾਰਿਆਂ ਵਰਗਾ ਬੰਦਾ ਨਹੀਂ?" ਮੈਂ ਕੁਝ ਹੋਰ ਮੂਰਖਾਂ ਵਾਲੇ, ਬੇਹੂਦਾ, ਬੇਮਤਲਬ ਲਫ਼ਜ਼ ਬੋਲੇ ਤੇ ਗ਼ੁੱਸੇ ਵਿਚ ਸਾਰਾ ਕੰਬਣ ਲੱਗਾ, ਨਾਲ ਹੀ ਮੈਂ ਤੇਜ਼ ਨਜ਼ਰਾਂ ਨਾਲ ਇਹ ਖ਼ਿਆਲ ਰੱਖ ਰਿਹਾ ਸਾਂ ਕਿ ਮੇਰੇ ਨਾਲ ਹੋਰ ਚਲਾਕੀਆਂ ਨਾਂ ਖੇਡੀਆਂ ਜਾਣ।

ਪਰ ਮੇਰੇ ਵੱਲ ਵੇਖ ਰਹੇ ਅਹਿਮਕ ਤੇ ਖ਼ਿਆਲਾਂ ਤੋਂ ਸੱਖਣੇ ਚਿਹਰਿਆਂ ਵਿਚ ਹੁਣ ਹਮਦਰਦੀ ਦੀ ਏਨੀ ਘਾਟ ਨਹੀਂ ਸੀ ਲਗਦੀ, ਤੇ ਉਹਨਾਂ ਵਿਚੋਂ ਕਈਆਂ ਉਤੇ ਤਾਂ ਲਗਭਗ ਦੋਸ਼ੀ ਹੋਣ ਦੇ ਹਾਵਭਾਵ ਦਿਸਦੇ ਸਨ। ਇਥੋਂ ਤੱਕ ਕਿ ਮਤਵੇਈ ਤੇ ਯੂਕਰੇਨੀ ਵੀ ਇਕ ਦੋ ਕਦਮ ਪਿੱਛੇ ਹੋ ਗਏ। ਮਤਵੇਈ ਨੇ ਆਪਣੀ ਕੁੜਤੀ ਮਰੋੜਨੀ ਸ਼ੁਰੂ ਕਰ ਦਿਤੀ ਤੇ ਯੂਕਰੇਨੀ ਆਪਣੀਆਂ ਜੇਬਾਂ ਫਰੋਲਣ ਲੱਗਾ।

"ਤੁਸੀਂ ਮੇਰੇ ਨਾਲ ਅਜਿਹਾ ਕਿਉਂ ਕੀਤੈ? ਕਾਹਦੇ ਲਈ?" ਮੈਂ ਪੁੱਛਣ ਲਈ ਬਜ਼ਿਦ ਸਾਂ।

ਉਹਨਾਂ ਭਾਵਹੀਣ ਚੁੱਪ ਕਾਇਮ ਰੱਖੀ। ਯੂਕਰੇਨੀ ਸਿਗਰਟ ਆਪਣੇ ਹੱਥਾਂ ਵਿਚ ਫੇਰਨ ਲੱਗਾ ਤੇ ਹੁਣ ਉਹ ਹੇਠਾਂ ਵੇਖ ਰਿਹਾ ਸੀ। ਮਤਵੇਈ ਪਰ੍ਹਾਂ ਨੂੰ ਤੁਰ ਪਿਆ ਤੇ ਸਭ ਤੋਂ ਪਿੱਛੇ ਜਾ ਖਲੋਤਾ। ਬਾਕੀ ਦੇ ਆਪਣੇ ਸਿਰ ਖੁਰਕਦੇ ਤੇ ਇਕ ਵੀ ਲਫ਼ਜ਼ ਬੋਲੇ ਬਿਨਾਂ ਆਪਣੀਆਂ ਰੇੜ੍ਹੀਆਂ ਵੱਲ ਮੁੜ ਪਏ। ਫ਼ੋਰਮੈਨ ਚਿੱਲਾਉਂਦਾ ਹੋਇਆ ਤੇ ਘਸੁੰਨ ਵਿਖਾਉਂਦਾ ਹੋਇਆ ਉਥੇ ਆ ਪੁੱਜਾ। ਇਹ ਸਾਰਾ ਕੁਝ ਏਨੀ ਜਲਦੀ ਵਾਪਰਿਆ ਕਿ ਲੂਣ ਫਰੋਲ ਰਹੀਆਂ ਔਰਤਾਂ, ਜਿਨ੍ਹਾਂ ਨੇ ਮੇਰੀ ਚੀਕ ਸੁਣ ਕੇ ਕੰਮ ਰੋਕ ਦਿਤਾ ਸੀ, ਸਾਡੇ ਤੱਕ ਉਦੋਂ ਹੀ ਪੁੱਜੀਆਂ ਜਦੋਂ ਮਜ਼ਦੂਰ ਆਪੋ-ਆਪਣੀਆਂ ਰੇੜ੍ਹੀਆਂ ਤੱਕ ਵਾਪਸ ਜਾ ਚੁੱਕੇ ਸਨ। ਮੈਂ ਇਕੱਲਾ ਰਹਿ ਗਿਆ ਸਾਂ, ਇਸ ਕੌੜੀ ਭਾਵਨਾ ਨਾਲ ਕਿ ਮੇਰੇ ਨਾਲ ਜੋ ਵਾਪਰਿਆ ਸੀ ਉਸਦਾ ਮੈਂ ਹੱਕਦਾਰ ਨਹੀਂ ਸਾਂ, ਤੇ ਨਾ ਹੀ ਬਦਲਾ ਲੈ ਸਕਿਆ ਸਾਂ। ਇਸ ਕਰਕੇ ਮੇਰੇ ਲਈ ਇਹ ਸਹਿਣਾ ਹੋਰ ਵੀ

ਮੁਸ਼ਕਲ ਹੋ ਗਿਆ। ਮੈਂ ਆਪਣੇ ਸਵਾਲ ਦਾ ਜਵਾਬ ਚਾਹੁੰਦਾ ਸਾਂ; ਮੈਂ ਬਦਲਾ ਚਾਹੁੰਦਾ ਸਾਂ। ਇਸ ਲਈ ਮੈਂ ਕੂਕਿਆ:

"ਜ਼ਰਾ ਰੁਕ ਜਾਓ, ਭਰਾਵੋ!"

ਉਹ ਰੁਕ ਗਏ ਤੇ ਗੁਸੇ ਨਾਲ ਮੇਰੇ ਵਲ ਵੇਖਣ ਲਗੇ।

"ਮੈਨੂੰ ਦਸੋ ਤਾਂ ਸਹੀ, ਆਖ਼ਰ ਕਿਉਂ ਤੁਸੀਂ ਮੇਰੇ ਨਾਲ ਇੰਞ ਕੀਤੈ। ਯਕੀਨਨ ਤੁਸੀਂ ਸਾਰੇ ਜ਼ਮੀਰ ਰਖਦੇ ਹੋ।"

ਅਜੇ ਵੀ ਕੋਈ ਜਵਾਬ ਨਹੀਂ ਸੀ ਆ ਰਿਹਾ, ਤੇ ਉਹਨਾਂ ਦੀ ਚੁੱਪ ਹੀ ਉਹਨਾਂ ਦਾ ਜਵਾਬ ਸੀ। ਹੁਣ ਮੈਂ ਵਧੇਰੇ ਸਵੈਭਰੋਸੇ ਨਾਲ ਉਹਨਾਂ ਨਾਲ ਗੱਲਾਂ ਕਰਨ ਲੱਗਾ। ਸਭ ਤੋਂ ਪਹਿਲਾਂ ਮੈਂ ਉਹਨਾਂ ਨੂੰ ਕਿਹਾ ਕਿ ਮੈਂ ਵੀ ਉਹਨਾਂ ਵਰਗਾ ਹੀ ਇਕ ਇਨਸਾਨ ਹਾਂ; ਕਿ ਉਹਨਾਂ ਵਾਂਗ ਹੀ ਮੈਨੂੰ ਵੀ ਖਾਣ ਨੂੰ ਚਾਹੀਦਾ ਹੈ; ਕਿ ਮੈਂ ਇਕ ਬਰਾਬਰ ਦੇ ਹਾਣੀ ਵਜੋਂ ਉਹਨਾਂ ਵਿਚ ਸ਼ਾਮਲ ਹੋਇਆ ਸਾਂ, ਕਿਉਂਕਿ ਸਾਂਝੀ ਤਕਦੀਰ ਸਾਨੂੰ ਇਕਮੁੱਠ ਕਰਦੀ ਸੀ; ਕਿ ਮੈਂ ਨਾ ਉਹਨਾਂ ਨੂੰ ਨਫ਼ਰਤ ਕਰਦਾ ਹਾਂ, ਨਾ ਹੀ ਆਪਣੇ ਆਪ ਨੂੰ ਉਹਨਾਂ ਤੋਂ ਉੱਚਾ ਸਮਝਦਾ ਹਾਂ।

"ਅਸੀਂ ਸਾਰੇ ਬਰਾਬਰ ਹਾਂ," ਮੈਂ ਕਿਹਾ, "ਤੇ ਸਾਨੂੰ ਇਕ ਦੂਜੇ ਨੂੰ ਸਮਝਣਾ ਚਾਹੀਦੈ, ਤੇ ਜਿਸਤਰ੍ਹਾਂ ਵੀ ਹੋ ਸਕੇ ਇਕ ਦੂਜੇ ਦੀ ਮੱਦਦ ਕਰਨੀ ਚਾਹੀਦੀ ਏ।"

ਉਹ ਧਿਆਨ ਨਾਲ ਸੁਣਦੇ ਉਥੇ ਖੜੇ ਰਹੇ, ਭਾਵੇਂ ਉਹ ਮੇਰੇ ਨਾਲ ਨਜ਼ਰਾਂ ਮਿਲਾਉਣ ਤੋਂ ਕਤਰਾਉਂਦੇ ਸਨ। ਮੈਂ ਵੇਖ ਰਿਹਾ ਸਾਂ ਕਿ ਮੇਰੇ ਲਫ਼ਜ਼ਾਂ ਦਾ ਉਹਨਾਂ ਉਤੇ ਅਸਰ ਹੋ ਰਿਹਾ ਹੈ ਤੇ ਇਸ ਗੱਲ ਨੇ ਮੈਨੂੰ ਪ੍ਰੇਰਨਾ ਦਿਤੀ। ਉਹਨਾਂ ਉਤੇ ਇਕ ਨਜ਼ਰ ਮਾਰਨ ਨਾਲ ਮੈਨੂੰ ਇਸ ਗੱਲ ਦਾ ਯਕੀਨ ਹੋ ਗਿਆ। ਤੇਜ਼ ਤੇ ਉਜਲ ਖ਼ੁਸ਼ੀ ਦੇ ਅਹਿਸਾਸ ਨੇ ਮੈਨੂੰ ਮੱਲ ਲਿਆ ਤੇ ਮੈਂ ਲੂਣ ਦੀ ਢੇਰੀ ਉਤੇ ਆਪਣੇ ਆਪ ਨੂੰ ਸੁੱਟਦਿਆਂ ਰੋਣ ਲੱਗ ਪਿਆ। ਕੌਣ ਨਹੀਂ ਰੋਵੇਗਾ!...

ਜਦੋਂ ਮੈਂ ਸਿਰ ਚੁੱਕਿਆ, ਤਾਂ ਮੈਂ ਇਕੱਲਾ ਸਾਂ। ਕੰਮ ਦੀ ਦਿਹਾੜੀ ਖਤਮ ਹੋ ਚੁੱਕੀ ਸੀ ਤੇ ਪੰਜ ਪੰਜ ਛੇ ਛੇ ਦੀਆਂ ਢਾਣੀਆਂ ਬਣਾ ਕੇ ਮਜ਼ਦੂਰ ਲੂਣ ਦੇ ਢੇਰ ਕੋਲ ਬੈਠੇ ਸਨ, ਤੇ ਉਹ ਧੁੱਪ-ਲਿਸ਼ਕਾਏ ਲੂਣ ਦੇ ਗੁਲਾਬੀ ਪਿਛੋਕੜ ਵਿਚ ਵਡੇ ਵਡੇ ਕਾਲੇ ਧੱਬੇ ਲਗਦੇ ਸਨ। ਚੁਪ-ਚਾਂ ਸੀ। ਸਾਗਰ ਵਲੋਂ ਸੀਤਲ ਹਵਾ ਰੁਮਕਦੀ ਆ ਰਹੀ ਸੀ। ਇਕ ਛੋਟਾ ਜਿੱਹਾ ਚਿੱਟਾ ਬੱਦਲ ਹੌਲੀ ਹੌਲੀ ਸਾਗਰ ਦੇ ਪਾਰ ਜਾ ਰਿਹਾ ਸੀ; ਉਸ ਨਾਲੋਂ ਹਲਕੀ ਜਿਹੀ ਨਿਰਮਲ ਧੁੰਦ ਵੱਖ ਹੋ ਕੇ ਨੀਲੇ ਆਕਾਸ਼ ਦੀ ਚੁੜਿੱਤਣ ਵਿਚ ਘੁਲਦੀ ਜਾ ਰਹੀ ਸੀ। ਇਹ ਸਾਰਾ ਕੁਝ ਬੜਾ ਉਦਾਸ ਕਰਨ ਵਾਲਾ ਸੀ।

ਮੈਂ ਬੁਠਿਆ ਤੇ ਲੂਣ ਦੇ ਢੇਰ ਵੱਲ ਗਿਆ। ਮੈਂ ਪੱਕੀ ਧਾਰ ਲਈ ਸੀ ਕਿ ਉਹਨਾਂ ਤੋਂ ਛੁੱਟੀ ਲੈ ਕੇ ਵਾਪਸ ਮਾਛੀਆਂ ਦੇ ਡੇਰੇ ਚਲਾ ਜਾਵਾਂਗਾ। ਜਦੋਂ ਮੈਂ ਉਹਨਾਂ ਦੇ ਨੇੜੇ

ਪੁਜਾ ਤਾਂ ਮਤਵੇਈ, ਯੂਕਰੇਨੀ, ਫ਼ੋਰਮੈਨ ਤੇ ਤਿੰਨ ਹੋਰ ਠੋਸ ਅਧਖੜ ਲਟੋਰ ਉਠੇ ਤੇ ਮੈਨੂੰ ਅਗੋਂ ਮਿਲਣ ਆਏ, ਤੇ ਇਸਤੋਂ ਪਹਿਲਾਂ ਕਿ ਮੈਂ ਕੋਈ ਲਫ਼ਜ਼ ਬੋਲਾਂ, ਮਤਵੇਈ ਨੇ ਆਪਣਾ ਹੱਥ ਮੇਰੇ ਵੱਲ ਵਧਾਇਆ ਤੇ, ਬਿਨਾਂ ਮੇਰੇ ਵੱਲ ਵੇਖਿਆਂ, ਬੋਲਿਆ:

"ਆਹ ਲੈ, ਦੋਸਤ! ਤੂੰ ਇਥੋਂ ਚਲਾ ਜਾ, ਤੇ ਆਪਣਾ ਰਾਹ ਲੈ, ਜਿਧਰ ਤੇਰਾ ਜੀ ਆਉਂਦੈ! ਹਾਂ! ਤੇ ਰਾਹ ਲਈ ਤੇਰੇ 'ਵਾਸਤੇ ਅਸੀਂ ਆਹ ਥੋਹੜੇ ਜਿਹੇ ਪੈਸੇ ਇਕੱਠੇ ਕੀਤੇ ਨੇ। ਲੈ ਲੈ!"

ਉਸਦੇ ਹੱਥਾਂ ਵਿਚ ਤਾਂਬੇ ਦੇ ਕੁਝ ਸਿੱਕੇ ਪਏ ਸਨ, ਜਿਹੜੇ ਮੈਨੂੰ ਫੜਾਉਂਦਿਆਂ ਉਸਦਾ ਹੱਥ ਕੰਬ ਰਿਹਾ ਸੀ। ਮੈਂ ਏਨਾ ਹੈਰਾਨ ਰਹਿ ਗਿਆ ਕਿ ਉਹਨਾਂ ਵੱਲ ਸਿਰਫ਼ ਇਕਟੱਕ ਵੇਖਦਾ ਹੀ ਰਹਿ ਗਿਆ। ਉਹ ਆਪਣੇ ਸਿਰ ਸੁੱਟੀ ਖੜੇ ਸਨ, ਚੁੱਪ-ਚਾਪ, ਮੂਰਖਾਂ ਵਾਂਗ ਆਪਣੇ ਚੀਥੜੇ ਖਿਚੱਦੇ ਹੋਏ, ਕਦੀ ਇਕ ਪੈਰ ਉਤੇ ਭਾਰ ਪਾਉਂਦੇ, ਕਦੀ ਦੂਜੇ ਉਤੇ, ਇਧਰ ਉਧਰ ਵੇਖੀ ਜਾਂਦੇ, ਮੋਢੇ ਹਿਲਾਈ ਜਾਂਦੇ; ਉਹਨਾਂ ਦੀ ਹਰ ਹਰਕਤ ਉਹਨਾਂ ਦੀ ਬੇਹਦ ਪਰੇਸ਼ਾਨੀ ਨੂੰ ਤੇ ਇਸ ਇੱਛਾ ਨੂੰ ਪ੍ਰਗਟ ਕਰਦੀ ਸੀ ਕਿ ਮੇਰੇ ਨਾਲ ਉਹਨਾਂ ਦਾ ਵਾਸਤਾ ਜਿੰਨੀਂ ਜਲਦੀ ਹੋ ਸਕੇ, ਖ਼ਤਮ ਹੋਵੇ।

"ਮੈਂ ਨਹੀਂ ਲਵਾਂਗਾ," ਮੈਂ ਮਤਵੇਈ ਦਾ ਹੱਥ ਪਰੇ ਕਰਦਿਆਂ ਕਿਹਾ।

"ਲੈ ਲੈ, ਸਾਨੂੰ ਹੁਣ ਨਾਰਾਜ਼ ਨਾ ਕਰ। ਅਸੀਂ ਕੈਸੇ ਹਾਂ? ਅਸੀਂ ਸਚਮੁਚ, ਜੇ ਇਮਾਨਦਾਰੀ ਨਾਲ ਗੱਲ ਕਰੀਏ ਤਾਂ ਇਹੋ ਜਿਹੇ ਨਹੀਂ।... ਅਸੀਂ, ਭਰਾ, ਸਮਝਦੇ ਹਾਂ ਕਿ ਅਸੀਂ ਤੈਨੂੰ ਠੇਸ ਪੁਚਾਈ ਏ; ਪਰ ਜੇ ਸੱਚੇ ਦਿਲ ਨਾਲ ਇਸ ਬਾਰੇ ਸੋਚੀਏ ਤਾਂ ਕੀ ਕਸੂਰ ਸਾਡਾ ਏ? ਨਹੀਂ, ਸਾਡਾ ਨਹੀਂ। ਜਿਸ ਤਰ੍ਹਾਂ ਅਸੀਂ ਰਹਿੰਦੇ ਹਾਂ, ਕਸੂਰ ਉਸਦਾ ਏ। ਅਸੀਂ ਕਿਸ ਤਰ੍ਹਾਂ ਦਾ ਜੀਵਨ ਜਿਊਂਦੇ ਹਾਂ? ਖੋਤੇ ਦਾ ਜੀਵਨ। ਸੋਲਾਂ ਪੂਡ ਦੀ ਰੇੜ੍ਹੀ, "ਰਾਪ" ਪੈਰਾਂ ਨੂੰ ਚਕ ਮਾਰਦੀ ਏ, ਧੁੱਪ ਸਾਰਾ ਦਿਨ ਪਿੱਠ ਨੂੰ ਸਾੜਦੀ ਏ ਤੇ ਦਿਹਾੜੀ ਦਾ ਮਿਲਦਾ ਕੀ ਏ—ਪੰਜਾਹ ਕੋਪੇਕ!—ਇਹ ਕੀ ਆਦਮੀ ਨੂੰ ਪਸ਼ੂ ਬਣਾ ਦੇਣ ਲਈ ਘੱਟ ਏ? ਕੰਮ ਕਰੀ ਜਾਓ, ਕੰਮ ਕਰੀ ਜਾਓ, ਜੋ ਕਮਾਓ ਉਸਦੀ ਸ਼ਰਾਬ ਪੀ ਲਵੋ, ਤੇ ਮੁੜ ਕੇ ਕੰਮ ਕਰੀ ਜਾਓ! ਤੇ ਬੱਸ। ਜਦੋਂ ਪੰਜ ਕੁ ਸਾਲ ਇਸਤਰ੍ਹਾਂ ਨਾਲ ਜੀ ਲਵੋ, ਤਾਂ ਤੁਹਾਡੇ ਵਿਚ ਬੰਦਿਆਂ ਵਾਲਾ ਕੱਖ ਨਹੀਂ ਰਹਿ ਜਾਂਦਾ, ਤੁਸੀਂ ਸਿਰਫ਼ ਜਾਨਵਰ ਬਣ ਕੇ ਰਹਿ ਜਾਂਦੇ ਹੋ—ਤੇ ਬੱਸ। ਅਸੀਂ, ਭਰਾ, ਆਪਸ ਵਿਚ ਉਸਤੋਂ ਵੀ ਭੈੜੀਆਂ ਕਰਤੂਤਾਂ ਕਰਦੇ ਹਾਂ, ਜਿਹੜੀ ਅਸੀਂ ਤੇਰੇ ਨਾਲ ਕੀਤੀ ਏ; ਤੇ ਅਸੀਂ, ਸਮਝ ਲਵੋ, ਇਕ ਦੂਜੇ ਦੇ ਯਾਰ ਹਾਂ, ਜਦ ਕਿ ਤੂੰ ਸਾਡੇ ਲਈ ਉਪਰਾ ਏਂ... ਅਸੀਂ ਤੇਰੇ ਨਾਲ ਘੱਟ ਕਿਉਂ ਕਰੀਏ? ਸੋ ਇਹ ਸਾਰੀ ਗੱਲ ਈ। ਤੂੰ ਉਥੇ ਸਾਨੂੰ ਜੋ ਕੁਝ ਕਿਹਾ ਸੀ—ਖ਼ੈਰ, ਕੀ ਫ਼ਰਕ ਪੈਂਦੈ? ਤੂੰ ਠੀਕ ਹੀ ਕਿਹਾ ਸੀ—ਸਭ ਸੱਚ ਏ—ਇੰਝ ਈ ਹੋਣਾ ਚਾਹੀਦੈ—ਸਿਰਫ਼ ਸਾਡੇ ਉਤੇ ਇਹ ਢੁਕਦਾ ਨਹੀਂ! ਤੂੰ ਏਨਾ ਦਿਲ ਨੂੰ ਨਾ ਲਾ। ਅਸੀਂ ਤਾਂ ਐਵੇਂ ਹਾਸਾ-

ਠੱਠਾ ਕਰਦੇ ਪਏ ਸਾਂ। ਆਖ਼ਰ ਸਾਡੇ ਵੀ ਦਿਲ ਨੇ। ਹਾਂ—ਆਂ! ਖ਼ੈਰ, ਜਾਹ ਤੂੰ, ਜਿਧਰ ਜੀ ਆਵੇ, ਆਪਣੇ ਸੱਚ ਨੂੰ ਲੈ ਕੇ, ਅਸੀਂ ਤਾਂ ਇਥੇ ਹੀ ਰਹਿਣੈ, ਆਪਣੇ ਸੱਚ ਨਾਲ। ਆਹ ਲੈ ਲੈ ਨਾ, ਤੇ ਜਾਹ। ਜਾਹ, ਭਰਾ! ਅਸੀਂ ਤੇਰੇ ਅੱਗੇ ਕੋਈ ਕਸੂਰ ਨਹੀਂ ਕੀਤਾ, ਤੇ ਤੂੰ ਸਾਨੂੰ ਕੋਈ ਨੁਕਸਾਨ ਨਹੀਂ ਪੁਚਾਇਆ। ਠੀਕ ਏ, ਸਾਡੇ ਇਥੇ ਕੋਈ ਚੰਗੀ ਗੱਲ ਨਹੀਂ ਵਾਪਰੀ—ਪਰ ਹੋਰ ਹੋ ਵੀ ਕੀ ਸਕਦੈ! ਸਾਡੇ ਇਥੇ ਚੰਗੀ ਗੱਲ ਕਦੀ ਨਹੀਂ ਵਾਪਰਦੀ। ਤੇਰੇ ਇਥੇ ਰੁਕਣ ਦਾ ਕੋਈ ਮਤਲਬ ਨਹੀਂ। ਤੂੰ ਇਥੇ ਮੁਆਫਕ਼ ਹੀ ਨਹੀਂ ਆਉਂਦਾ। ਅਸੀਂ ਤਾਂ ਇਕ ਦੂਜੇ ਦੇ ਆਦੀ ਹੋਏ ਹੋਏ ਹਾਂ, ਤੇ ਤੂੰ—ਤੂੰ ਸਾਡੇ ਵਿਚੋਂ ਨਹੀਂ। ਇਹਦਾ ਕੋਈ ਫ਼ਾਇਦਾ ਨਹੀਂ ਹੋਣ ਲੱਗਾ। ਸੋ ਜਾ ਤੂੰ। ਜਾ ਆਪਣਾ ਰਾਹ ਲੈ, ਭਲਾ ਹੋਵੇ ਈ। ਅਲਵਿਦਾ!"

ਮੈਂ ਉਹਨਾਂ ਵੱਲ ਸਭ ਪਾਸੇ ਨਜ਼ਰ ਮਾਰ ਕੇ ਵੇਖਿਆ। ਸਪਸ਼ਟ ਤੌਰ ਉਤੇ, ਉਹ ਸਾਰੇ ਮਤਵੇਈ ਨਾਲ ਸਹਿਮਤ ਸਨ, ਸੋ ਮੈਂ ਆਪਣਾ ਝੋਲਾ ਮੋਢੇ ਉਤੇ ਸੁੱਟਿਆ ਤੇ ਤੁਰਨ ਲੱਗਾ।

"ਠਹਿਰ ਜਾ, ਮੁੰਡਿਆ! ਇਕ ਗੱਲ ਮੇਰੀ ਵੀ ਸੁਣ ਲਾ!" ਮੇਰੇ ਮੋਢੇ ਉਤੇ ਹੱਥ ਰਖਦਿਆਂ ਯੂਕਰੇਨੀ ਬੋਲਿਆ। "ਜੇ ਤੇਰੀ ਥਾਂ ਕੋਈ ਹੋਰ ਹੁੰਦਾ ਤਾਂ ਮੈਂ ਜਾਂਦੇ ਜਾਂਦੇ ਦੇ ਵੱਖੀ ਵਿਚ ਇਕ ਧਰਦਾ। ਸਮਝਦੈਂ? ਪਰ ਤੂੰ ਐਵੇਂ ਹੀ ਜਾ ਰਿਹੈਂ, ਸਗੋਂ ਰਾਹ ਲਈ ਅਸੀਂ ਤੈਨੂੰ ਪੈਸੇ ਵੀ ਦੇ ਰਹੇ ਹਾਂ। ਤੈਨੂੰ ਇਹਦੇ ਲਈ ਸਾਡਾ ਸ਼ੁਕਰੀਆ ਅਦਾ ਕਰਨਾ ਚਾਹੀਦੈ।" ਉਹਨੇ ਪਾਸੇ ਵਲ ਥੁੱਕਿਆ, ਆਪਣੀ ਤਮਾਕੂ ਵਾਲੀ ਥੈਲੀ ਉਂਗਲਾਂ ਵਿਚ ਘੁਮਾਉਣ ਲੱਗਾ ਤੇ ਜੇਤੂ ਅੰਦਾਜ਼ ਵਿਚ ਚਾਰੇ ਪਾਸੇ ਵੇਖਣ ਲਗਾ, ਜਿਵੇਂ ਕਹਿਣਾ ਚਾਹੁੰਦਾ ਹੋਵੇ: ਵੇਖਿਆ ਮੈਂ ਕਿੰਨਾ ਸਿਆਣਾ ਆਦਮੀ ਹਾਂ!

ਮੈਂ ਇਸ ਸਭ ਕੁਝ ਹੇਠ ਪੀਸਿਆ ਜਾ ਰਿਹਾ ਸਾਂ। ਮੈਂ ਜਲਦੀ ਨਾਲ ਉਹਨਾਂ ਨੂੰ ਅਲਵਿਦਾ ਕਹੀ, ਤੇ ਸਾਗਰ ਦੇ ਕੰਢਿਓਂ-ਕੰਢੇ ਵਾਪਸ ਮਾਛੀਆਂ ਵੱਲ ਤੁਰ ਪਿਆ, ਜਿਥੇ ਮੈਂ ਰਾਤ ਕੱਟੀ ਸੀ। ਆਕਾਸ਼ ਸਾਫ਼ ਤੇ ਹੁੰਮਸ ਭਰਿਆ ਸੀ, ਸਾਗਰ ਖ਼ਾਲੀ ਤੇ ਸ਼ਾਨਦਾਰ ਸੀ। ਨਿੱਕੀਆਂ ਨਿੱਕੀਆਂ ਹਰੀਆਂ ਲਹਿਰਾਂ ਖੱਪ ਪਾਉਂਦੀਆਂ ਤੱਟ ਵੱਲ ਦੌੜੀਆਂ ਆ ਰਹੀਆਂ ਸਨ। ਪਤਾ ਨਹੀਂ ਕਿਉਂ ਮੈਂ ਅਕਹਿ ਤੌਰ ਤੇ ਦੁਖੀ ਤੇ ਸ਼ਰਮਿੰਦਾ ਮਹਿਸੂਸ ਕਰ ਰਿਹਾ ਸਾਂ। ਮੈਂ ਹੌਲੀ ਹੌਲੀ ਗਰਮ ਰੇਤ ਉਤੇ ਆਪਣੇ ਪੈਰ ਘਸੀਟਦਾ ਜਾ ਰਿਹਾ ਸਾਂ। ਸਾਗਰ ਸ਼ਾਂਤ ਅੰਦਾਜ਼ ਨਾਲ ਧੁਪ ਵਿਚ ਲਿਸ਼ਕ ਰਿਹਾ ਸੀ, ਲਹਿਰਾਂ ਕੁਝ ਉਦਾਸ ਉਦਾਸ ਤੇ ਸਮਝ ਨਾ ਆਉਣ ਵਾਲਾ ਗੁਣਗੁਣਾ ਰਹੀਆਂ ਸਨ।...

ਜਦੋਂ ਮੈਂ ਝੁੱਗੀ ਤੱਕ ਪੁੱਜਾ ਤਾਂ ਮੇਰਾ ਵਾਕਫ਼ ਮਾਛੀ ਮੈਨੂੰ ਮਿਲਣ ਲਈ ਉਠਿਆ।

"ਕਿਉਂ, ਭਰਾ, ਉਹ ਲੂਣ ਸੁਆਦ ਨਹੀਂ ਲੱਗਾ?" ਉਹ ਅਜਿਹੇ ਆਦਮੀ ਵਾਲੀ ਸੰਤੁਸ਼ਟਤਾ ਵਾਲੇ ਹਾਵਭਾਵ ਨਾਲ ਪੁੱਛਣ ਲੱਗਾ, ਜਿਸਦੀ ਭਵਿੱਖਬਾਣੀ ਸੱਚੀ ਨਿਕਲੀ ਸੀ।

ਮੈਂ ਬਿਨਾਂ ਇਕ ਵੀ ਲਫ਼ਜ਼ ਬਲਿਆਂ ਉਸ ਵੱਲ ਵਖਦਾ ਰਿਹਾ।

"ਹੱਤ ਤੇਰੀ! ਲੂਣ ਕੁਝ ਜ਼ਿਆਦਾ ਈ ਏ!" ਉਸਨੇ ਮੇਰੇ ਵੱਲ ਵੇਖਦਿਆਂ ਜ਼ੋਰ ਨਾਲ ਕਿਹਾ। "ਭੁੱਖ ਲੱਗੀ ਊ? ਜਾ, ਕੁਝ ਦਲੀਆ ਖਾ ਲੈ। ਪਤਾ ਨਹੀਂ ਕਿਉਂ ਉਹਨਾਂ ਅੱਜ ਏਨਾ ਬਣਾ ਲਿਆ ਸੀ, ਅੱਧ ਬਚਿਆ ਪਿਆ ਏ। ਚੱਲ ਜਾ, ਚਲਾ ਚਿਮਚਾ। ਬੜੀ ਸੁਹਣਾ ਦਲੀਆ ਏ, ਨਾਲ ਵਿਚ ਫਲਾਊਂਡਰ ਤੇ ਸਟੂਰਜੀਅਨ ਮੱਛੀ ਵੀ ਏ..."

ਦੋ ਮਿੰਟਾਂ ਪਿਛੋਂ ਮੈਂ ਝੁੱਗੀ ਦੇ ਬਾਹਰ ਛਾਂ ਵਿਚ ਬੈਠਾ ਸਾਂ—ਬੜਾ ਗੰਦਾ, ਬੜਾ ਥੱਕਿਆ ਹੋਇਆ ਤੇ ਭੁੱਖਾ। ਤੇ ਭਾਰੇ ਤੇ ਦੁਖੀ ਦਿਲ ਨਾਲ ਦਲੀਆ ਖਾ ਰਿਹਾ ਸਾਂ, ਜਿਸ ਵਿਚ ਫਲਾਊਂਡਰ ਤੇ ਸਟੂਰਜੀਅਨ ਮੱਛੀ ਵੀ ਪਈ ਹੋਈ ਸੀ।

੧੮੯੩

ਬਾਜ਼ ਦਾ ਗੀਤ

ਅਥਾਹ ਸਾਗਰ — ਤੱਟ ਦੇ ਨੇੜੇ ਆਲਸੀ ਜਿਹੇ ਢੰਗ ਨਾਲ ਸਾਹ ਲੈ ਰਿਹਾ, ਤੇ ਦੂਰ ਨੀਂਦ ਵਿਚ ਤੇ ਬੇਹਰਕਤ — ਡੂੰਘੀ ਨੀਲੀ ਚੰਨ-ਚਾਨਣੀ ਵਿਚ ਲਪੇਟਿਆ ਹੋਇਆ ਸੀ। ਨਰਮ ਤੇ ਚਾਂਦੀ ਰੰਗਾ, ਇਹ ਦੁਮੇਲ ਉਤੇ ਦੱਖਣ ਦੇ ਨੀਲੇ ਆਕਾਸ਼ ਨਾਲ ਇਕਮਿਕ ਹੋਇਆ ਹੋਇਆ ਸੀ ਤੇ ਘੂਕ ਸੁੱਤਾ ਹੋਇਆ ਸੀ, ਤੇ ਇਸ ਵਿਚ ਫੰਬਿਆਂ ਵਰਗੇ ਬੱਦਲਾਂ ਦਾ ਪਰਤੌ ਦਿਸਦਾ ਸੀ, ਜਿਹੜੇ ਉਪਰ ਬੇਹਰਕਤ ਲਟਕੇ ਪਏ ਸਨ ਤੇ ਤਾਰਿਆਂ ਦੀ ਸੁਨਹਿਰੀ ਨੱਕਾਸ਼ੀ ਉਤੇ ਪਰਦਾ ਤਾਣ ਰਹੇ ਸਨ, ਪਰ ਉਸ ਨੂੰ ਢੱਕ ਨਹੀਂ ਸਨ ਰਹੇ। ਆਕਾਸ਼ ਝੁਕ ਕੇ ਸਾਗਰ ਵੱਲ ਆਉਂਦਾ ਲਗਦਾ ਸੀ, ਇਹ ਸਮਝਣ ਦੀ ਇੱਛਾ ਨਾਲ ਕਿ ਬੇਚੈਨ ਲਹਿਰਾਂ, ਅਲਸਾਈਆਂ ਹੋਈਆਂ ਕੰਢਿਆਂ ਨੂੰ ਧੋਂਦੀਆਂ, ਉਹਨਾਂ ਦੇ ਕੰਨਾਂ ਵਿਚ ਕੀ ਕਹਿ ਰਹੀਆਂ ਹਨ।

ਹਵਾਵਾਂ ਨਾਲ ਟੁੱਟੇ ਦਰਖ਼ਤਾਂ ਨਾਲ ਢੱਕੇ ਹੋਏ ਪਹਾੜ ਆਪਣੀਆਂ ਦੰਦਿਆਂ ਵਰਗੀਆਂ ਚੋਟੀਆਂ ਆਪਣੇ ਉਪਰਲੇ ਨੀਲੇ ਖ਼ਿਲਾ ਵਿਚ ਖੋਭ ਰਹੇ ਸਨ, ਜਿਥੇ ਉਹਨਾਂ ਦੀਆਂ ਸਖ਼ਤ ਆਕਾਰ-ਰੇਖਾਵਾਂ ਨੂੰ ਦੱਖਣੀ ਰਾਤ ਦਾ ਨਿੱਘਾ ਤੇ ਸਹਿਲਾਉਂਦਾ ਹਨੇਰਾ ਕੋਮਲ ਬਣਾ ਰਿਹਾ ਸੀ।

ਪਹਾੜ ਡੂੰਘੀਆਂ ਸੋਚਾਂ ਵਿਚ ਡੁੱਬੇ ਹੋਏ ਸਨ। ਉਹਨਾਂ ਦੇ ਕਾਲੇ ਪਰਛਾਵੇਂ ਉਭਰਦੀਆਂ ਹਰੀਆਂ ਲਹਿਰਾਂ ਦੀਆਂ ਟੀਸੀਆਂ ਉਤੇ ਪੈ ਰਹੇ ਸਨ ਤੇ ਉਹਨਾਂ ਨੂੰ ਭੂਸ਼ਨ ਪਹਿਨਾ ਰਹੇ ਸਨ, ਜਿਵੇਂ ਉਹਨਾਂ ਦੇ ਲਗਾਤਾਰ ਉਤਾਰ-ਚੜ੍ਹਾ ਨੂੰ ਰੋਕਣਾ, ਪਾਣੀ ਦੀ ਨਿਰੰਤਰ ਥਪ-ਥਪ ਨੂੰ, ਤੇ ਝੱਗ ਦੇ ਹਉਕਿਆਂ ਨੂੰ ਚੁਪ ਕਰਾਉਣਾ ਚਾਹੁੰਦੇ ਹੋਣ — ਭਾਵ, ਉਹਨਾਂ ਸਾਰੀਆਂ ਆਵਾਜ਼ਾਂ ਨੂੰ ਜਿਹੜੀਆਂ ਉਸ ਰਹਸਮਈ ਚੁੱਪ ਨੂੰ

ਭੰਗ ਕਰ ਰਹੀਆਂ ਸਨ, ਜਿਹੜੀ ਇਸ ਸਾਰੇ ਦ੍ਰਿਸ਼ ਉਤੇ ਛਾਈ ਹੋਈ ਸੀ, ਚੰਨ ਦੀ ਚਾਂਦੀ ਵਰਗੀ ਨੀਲੀ ਚਾਨਣੀ ਵਾਂਗ, ਜਿਹੜਾ ਚੰਨ ਕਿ ਅਜੇ ਪਹਾੜਾਂ ਦੀਆਂ ਟੀਸੀਆਂ ਤੋਂ ਉਤੇ ਨਹੀਂ ਸੀ ਆਇਆ।

"ਅੱਲਾ-ਹੂ-ਅਕਬਰ!" ਨਾਦਰ ਰਹੀਮ ਓਗਲੀ ਨੇ ਹੌਲੀ ਜਿਹੀ ਸਾਹ ਲੈਂਦਿਆਂ ਕਿਹਾ। ਉਹ ਉੱਚਾ ਲੰਮਾਂ, ਧੌਲੀ ਦਾੜ੍ਹੀ ਵਾਲਾ ਤੇ ਦੱਖਣੀ ਧੁੱਪ ਦੇ ਸੰਵਲਾਏ ਰੰਗ ਵਾਲਾ, ਪਤਲਾ ਜਿਹਾ ਤੇ ਸਿਆਣਾ ਬਜ਼ੁਰਗ ਆਜੜੀ ਸੀ।

ਅਸੀਂ ਦੋਵੇਂ ਜਣੇ ਪਹਾੜ ਨਾਲੋਂ ਟੁੱਟੇ ਇਕ ਵੱਡੇ ਸਾਰੇ ਪੱਥਰ ਕੋਲ ਰੇਤ ਉਤੇ ਪਏ ਹੋਏ ਸਾਂ, ਜਿਸ ਪੱਥਰ ਉਤੇ ਉੱਲੀ ਜੰਮੀਂ ਹੋਈ ਸੀ—ਪਰਛਾਵਿਆਂ ਦੇ ਕਪੜੇ ਪਾਈ ਉਦਾਸ ਤੇ ਦਿਲਗੀਰ ਪੱਥਰ ਕੋਲ। ਇਸਦੀ ਸਾਗਰ ਵੱਲ ਦੀ ਵੱਖੀ ਉਤੇ ਲਹਿਰਾਂ ਨੇ ਸਮੁੰਦਰੀ ਕਾਈ ਤੇ ਪਾਣੀ ਵਿਚ ਉੱਗਣ ਵਾਲੀਆਂ ਹੋਰ ਬੂਟੀਆਂ ਲਿਆ ਸੁੱਟੀਆਂ ਸਨ ਜਿਹੜੀਆਂ ਇਸਨੂੰ ਸਾਗਰ ਤੇ ਪਹਾੜਾਂ ਵਿਚਕਾਰ ਛੋਟੇ ਜਿਹੇ ਰੇਤਲੇ ਟੋਟੇ ਨਾਲ ਬੰਨ੍ਹਦੀਆਂ ਲਗਦੀਆਂ ਸਨ। ਸਾਡੇ ਕੋਲ ਬਲਦੀ ਅੱਗ ਦੀਆਂ ਲਾਟਾਂ ਇਸਦੇ ਤੱਟ ਵਾਲੇ ਪਾਸੇ ਨੂੰ ਰੌਸ਼ਨ ਕਰ ਰਹੀਆਂ ਸਨ ਤੇ ਲਾਟਾਂ ਦੇ ਭੜਕਣ ਨਾਲ ਇਸ ਪੁਰਾਤਨ ਪੱਥਰ ਦੀ ਸਤਹ ਉਤੇ, ਜਿਸ ਉਤੇ ਡੂੰਘੀਆਂ ਤਰੇੜਾਂ ਦਾ ਜਾਲ ਵਿਛਿਆ ਹੋਇਆ ਸੀ ਪ੍ਰਛਾਵੇਂ ਦੌੜਣ ਲੱਗ ਪੈਂਦੇ ਸਨ।

ਰਹੀਮ ਤੇ ਮੈਂ ਕੁਝ ਮੱਛੀ ਉਬਾਲ ਰਹੇ ਸਾਂ, ਜਿਹੜੀ ਅਸਾਂ ਕੁਝ ਹੀ ਦੇਰ ਪਹਿਲਾਂ ਫੜੀ ਸੀ ਤੇ ਅਸੀਂ ਦੋਵੇਂ ਹੀ ਐਸੀ ਮਨੋਵਸਥਾ ਵਿਚ ਸਾਂ ਜਿਸ ਵਿਚ ਹਰ ਚੀਜ਼ ਉਜਲ, ਪ੍ਰੇਰਨਾ ਦੇਣ ਵਾਲੀ ਤੇ ਸਮਝ ਆਉਣ ਵਾਲੀ ਲਗਦੀ ਹੈ। ਸਾਡੇ ਦਿਲ ਹੌਲੇ-ਫੁੱਲ ਤੇ ਨਿਰਮਲ ਸਨ, ਤੇ ਇਕੋ ਇਕ ਖ਼ਾਹਸ਼ ਇਹਨਾਂ ਵਿਚ ਇਹ ਸੀ ਕਿ ਇਥੇ ਪਏ ਰਹੀਏ ਤੇ ਸੁਪਨੇ ਲਈ ਜਾਈਏ।

ਸਾਗਰ ਤੱਟ ਨਾਲ ਵੱਜ ਕੇ ਥਪ-ਥਪ ਕਰ ਰਿਹਾ ਸੀ, ਲਹਿਰਾਂ ਦੀ ਆਵਾਜ਼ ਏਨੀ ਨਿਮਰਤਾ-ਭਰੀ ਸੀ ਕਿ ਉਹ ਸਾਡੀ ਅੱਗ ਸੇਕਣ ਲਈ ਤਰਲੇ ਕਰਦੀਆਂ ਜਾਪਦੀਆਂ ਸਨ। ਕਦੀ ਕਦੀ ਨਿੱਕੀਆਂ ਲਹਿਰਾਂ ਦੀ ਇਕਸਾਰ ਘੂਕਰ ਵਿਚ ਵਧੇਰੇ ਉੱਚੀ ਤੇ ਵਧੇਰੇ ਚੰਚਲ ਆਵਾਜ਼ ਆ ਦਖ਼ਲ ਦੇਂਦੀ ਸੀ: ਇਹ ਕੋਈ ਵਡੇਰੀ ਤੇ ਵਧੇਰੇ ਦਲੇਰ ਲਹਿਰ ਹੁੰਦੀ ਸੀ, ਜਿਹੜੀ ਰਿੜ੍ਹਦੀ ਹੋਈ ਸਾਡੇ ਪੈਰਾਂ ਤੱਕ ਆ ਜਾਂਦੀ ਸੀ।

ਰਹੀਮ ਸਿਰ ਸਾਗਰ ਵੱਲ ਕਰਕੇ ਪੇਟ-ਭਾਰ ਰੇਤ 'ਤੇ ਲੇਟਿਆ ਹੋਇਆ ਸੀ। ਉਸਨੇ ਅਰਕਾਂ ਰੇਤ ਵਿਚ ਗੱਡੀਆਂ ਹੋਈਆਂ ਸਨ, ਗਲ੍ਹਾਂ ਹਥੇਲੀਆਂ ਵਿਚ ਲਈਆਂ ਹੋਈਆਂ ਸਨ ਤੇ ਸੋਚਦਾ ਹੋਇਆ ਧੁੰਦਲੀ ਦੂਰੀ ਵਿਚ ਤੱਕ ਰਿਹਾ ਸੀ। ਉਸਦਾ ਪੋਸਤੀਨ ਦਾ ਟੋਪ ਤਿਲਕ ਕੇ ਸਿਰ ਦੇ ਪਿਛਲੇ ਪਾਸੇ ਵੱਲ ਹੋ ਗਿਆ ਸੀ, ਤੇ ਤਾਜ਼ਾ ਸਮੁੰਦਰੀ ਹਵਾ ਬਰੀਕ ਲੀਕਾਂ ਨਾਲ ਭਰੇ ਉਸਦੇ ਚੌੜੇ ਮੱਥੇ ਨੂੰ ਪੱਖਾ ਝੱਲ ਰਹੀ ਸੀ।

ਉਹ ਫ਼ਲਸਫ਼ੀਆਨਾ ਟਿੱਪਣੀਆਂ ਕਰੀ ਜਾ ਰਿਹਾ ਸੀ, ਇਸ ਗੱਲੋਂ ਬਿਲਕੁਲ ਬੇਫ਼ਿਕਰ ਕਿ ਮੈਂ ਸੁਣ ਰਿਹਾ ਹਾਂ ਜਾਂ ਨਹੀਂ, ਜਿਵੇਂ ਕਿ ਉਹ ਸਾਗਰ ਨਾਲ ਗੱਲਾਂ ਕਰ ਰਿਹਾ ਹੋਵੇ।

"ਜਿਹੜਾ ਬੰਦਾ ਖ਼ੁਦਾ ਵਿਚ ਯਕੀਨ ਰਖਦੈ, ਉਹ ਜੱਨਤ ਵਿਚ ਜਾਂਦੈ। ਤੇ ਜਿਹੜਾ ਬੰਦਾ ਖ਼ੁਦਾ ਦੀ ਜਾਂ ਉਸਦੇ ਰਸੂਲ ਦੀ ਖ਼ਿਦਮਤ ਨਹੀਂ ਕਰਦਾ? ਸ਼ਾਇਦ ਉਹ ਔਥੇ ਹੋਵੇ—ਸਾਗਰ ਦੀ ਝੱਗ ਵਿਚ। ਹੋ ਸਕਦੈ ਪਾਣੀ ਉਪਰਲੇ ਚਾਂਦੀ ਵਰਗੇ ਟਿਮਕਣਿਆਂ ਵਿਚ ਉਹੋ ਹੋਵੇ। ਕੌਣ ਜਾਣੇ?"

ਹਨੇਰਾ, ਮਹਾਂ ਵਿਸ਼ਾਲ ਸਾਗਰ ਹੋਰ ਰੌਸ਼ਨ ਹੋ ਗਿਆ ਤੇ ਚੰਨ-ਚਾਨਣੀ ਦੇ ਧੱਬੇ ਇਸ ਉਤੇ ਬੇਤਰਤੀਬੀ ਨਾਲ ਖਿਲਰ ਗਏ। ਚੰਨ ਪਹਾੜਾਂ ਦੀਆਂ ਬੁਰਦਾਰ ਟੀਸੀਆਂ ਦੇ ਪਿਛੋਂ ਤਿਲਕਦਾ ਬਾਹਰ ਨਿਕਲ ਆਇਆ ਸੀ ਤੇ ਹੁਣ ਸੁਪਨਿਆਂ ਵਿਚ ਡੁੱਬਾ ਆਪਣੀ ਚਾਨਣੀ ਤੱਟ ਉਤੇ, ਉਸ ਪੱਥਰ ਉਤੇ ਜਿਸ ਕੋਲ ਅਸੀਂ ਬੈਠੇ ਸਾਂ, ਤੇ ਸਾਗਰ ਉਤੇ ਖਿਲਾਰ ਰਿਹਾ ਸੀ, ਜਿਹੜਾ ਨਿੱਕੀਆਂ ਨਿੱਕੀਆਂ ਆਹਵਾਂ ਭਰਦਾ ਇਸਨੂੰ ਮਿਲਣ ਲਈ ਉਪਰ ਉਠਦਾ ਸੀ।

"ਰਹੀਮ, ਮੈਨੂੰ ਕੋਈ ਕਹਾਣੀ ਸੁਣਾ," ਮੈਂ ਬਜ਼ੁਰਗ ਨੂੰ ਕਿਹਾ।

"ਕਾਹਦੇ ਲਈ?" ਉਸਨੇ ਮੇਰੇ ਵੱਲ ਵੇਖੇ ਬਿਨਾਂ ਪੁਛਿਆ।

"ਵੈਸੇ ਹੀ! ਮੈਨੂੰ ਤੇਰੀਆਂ ਕਹਾਣੀਆਂ ਸੁਣ ਕੇ ਬੜਾ ਮਜ਼ਾ ਆਉਂਦੈ।"

"ਮੈਂ ਤੈਨੂੰ ਸਤ ਕਹਾਣੀਆਂ ਸੁਣਾ ਚੁੱਕਾਂ। ਮੈਨੂੰ ਹੁਣ ਹੋਰ ਕੋਈ ਨਹੀਂ ਆਉਂਦੀ।"

ਉਸਦੀ ਇੱਛਾ ਇਹ ਹੁੰਦੀ ਸੀ ਕਿ ਮੈਂ ਉਸਦੇ ਤਰਲੇ ਕਰਾਂ। ਸੋ ਮੈਂ ਉਸਨੂੰ ਫ਼ਰਮਾਇਸ਼ ਕਰੀ ਗਿਆ।

"ਜੇ ਚਾਹੇਂ ਤਾਂ ਮੈਂ ਤੈਨੂੰ ਇਕ ਗੀਤ ਸੁਣਾਵਾਂ?" ਰਹੀਮ ਮੰਨ ਗਿਆ।

ਉਸਦੇ ਪੁਰਾਤਨ ਗੀਤ ਮੈਂ ਸੁਨਣਾ ਚਾਹੁੰਦਾ ਸਾਂ, ਸੋ ਉਸਨੇ ਲੈਅ ਨਾਲ, ਪੁਰਾਤਨ ਧੁਨ ਦੀ ਰੰਗਤ ਨੂੰ ਕਾਇਮ ਰਖਦਿਆਂ, ਸੁਨਾਉਣਾ ਸ਼ੁਰੂ ਕੀਤਾ।

੧

"ਉਪਰ ਪਹਾੜਾਂ ਵਿਚ ਇਕ ਸੱਪ ਰੀਂਗਦਾ ਜਾ ਪੁੱਜਾ, ਤੇ ਸਾਗਰ ਵੱਲ ਹੇਠਾਂ ਦੇਖਦੀ ਇਕ ਸਿਲੀ ਖੱਡ, ਵਿਚ ਡੇਰਾ ਲਾ ਲਿਆ।

"ਉਪਰ ਆਕਾਸ਼ ਵਿਚ ਸੂਰਜ ਚਮਕ ਰਿਹਾ ਸੀ ਤੇ ਪਹਾੜ ਆਪਣਾ ਗਰਮ ਸਾਹ ਆਕਾਸ਼ ਵੱਲ ਛੱਡ ਰਹੇ ਸਨ, ਤੇ ਹੇਠਾਂ ਲਹਿਰਾਂ ਜ਼ੋਰ ਜ਼ੋਰ ਦੀ ਪੱਥਰਾਂ ਨਾਲ ਪਟਕ ਰਹੀਆਂ ਸਨ।

"ਤੇ ਗੁਫਾ ਦੇ ਵਿਚੋਂ, ਹਨੇਰੇ ਤੇ ਧੁੰਦ ਦੇ ਵਿਚੋਂ, ਇਕ ਤੇਜ਼-ਧਾਰ ਝਰਨਾ ਵਹਿ ਰਿਹਾ ਸੀ, ਜਿਹੜਾ ਸਾਗਰ ਨੂੰ ਮਿਲਣ ਦੀ ਤੀਬਰ ਇੱਛਾ ਵਿਚ ਪੱਥਰਾਂ ਨੂੰ ਉਲਟਾਈ ਜਾ ਰਿਹਾ ਸੀ।

"ਝੱਗ ਦਾ ਤਾਜ ਪਹਿਨੀ, ਪੁਰਾਤਨ ਤੇ ਜ਼ੋਰਦਾਰ, ਇਹ ਪਹਾੜ ਨੂੰ ਚੀਰ ਗਿਆ ਸੀ ਤੇ ਗ਼ੁੱਸੇਭਰੀ ਗਰਜ ਨਾਲ ਸਾਗਰ ਵਿਚ ਜਾ ਡਿੱਗਾ ਸੀ।

"ਇਕਦਮ ਉਸ ਗੁਫਾ ਵਿਚ, ਜਿੱਥੇ ਸੱਪ ਕੁੰਡਲ ਮਾਰੀ ਬੈਠਾ ਸੀ, ਆਕਾਸ਼ ਤੋਂ ਇਕ ਬਾਜ਼ ਆ ਡਿੱਗਾ। ਉਸਦੇ ਸੀਨੇ 'ਤੇ ਜ਼ਖ਼ਮ ਤੇ ਪਰਾਂ 'ਤੇ ਲਹੂ ਸੀ।

"ਧਰਤੀ ਉਤੇ ਡਿਗਦਿਆਂ ਉਸਨੇ ਚੀਕ ਮਾਰੀ ਤੇ ਮਾਯੂਸੀ ਵਿਚ ਆਪਣੇ ਖੰਭ ਫੜਫੜਾਉਂਦਾ ਹੋਇਆ ਪੱਥਰ 'ਤੇ ਪਿਆ ਰਿਹਾ।

"ਸੱਪ ਡਰ ਗਿਆ ਤੇ ਉਥੋਂ ਨੱਸ ਗਿਆ, ਪਰ ਜਲਦੀ ਹੀ ਉਹਨੇ ਵੇਖਿਆ ਕਿ ਉਸ ਪੰਛੀ ਦਾ ਜੀਵਨ ਹੋਰ ਦੋ ਪਲ ਹੈ...

"ਸੋ ਉਹ ਰੀਂਗਦਾ ਹੋਇਆ ਮੁੜ ਜ਼ਖ਼ਮੀ ਪੰਛੀ ਕੋਲ ਗਿਆ ਤੇ ਤਨਜ਼ ਨਾਲ ਉਸ ਵੱਲ ਦੇਖਦਾ ਸ਼ੂਕਰਿਆ:

"'ਕਿਉਂ, ਮਰਨ ਲਗੈਂ?'

"'ਹਾਂ, ਮਰ ਰਿਹਾਂ,' ਬਾਜ਼ ਨੇ ਹਉਕਾ ਭਰਦਿਆਂ ਜਵਾਬ ਦਿਤਾ। "'ਪਰ ਮੈਂ ਖ਼ੂਬ ਜੀਵਿਆ ਹਾਂ! ਮੈਂ ਖ਼ੁਸ਼ੀ ਮਾਣੀ ਏ! ... ਬਹਾਦਰੀ ਨਾਲ ਰਿਹਾ ਹਾਂ!... ਮੈਂ ਆਕਾਸ਼ ਗਾਹਿਆ ਹੈ!... ਤੂੰ ਏਨਾ ਨੇੜਿਉਂ ਹੋ ਕੇ ਕਦੀ ਵੀ ਆਕਾਸ਼ ਨਹੀਂ ਵੇਖ ਸਕੇਂਗਾ! ਤੂੰ ਕਿਆ ਵਿਚਾਰੀ ਚੀਜ਼ ਏਂ...'

"'ਲੈ, ਆਕਾਸ਼ ਵਿਚ ਕੀ ਪਿਐ? ਖ਼ਾਲਮ-ਖ਼ਾਲੀ ਥਾਂ... ਉਥੇ ਮੈਂ ਰੀਂਗ ਸਕਦਾ ਹਾਂ? ਮੇਰੇ ਲਈ ਇਥੇ ਹੀ ਬੜਾ ਚੰਗਾ ਏ—ਏਨਾ ਨਿੱਘਾ ਤੇ ਸਿਲ੍ਹਾ।'

"ਇਸਤਰ੍ਹਾਂ ਸੱਪ ਨੇ ਆਜ਼ਾਦ ਪੰਛੀ ਨੂੰ ਜਵਾਬ ਦਿਤਾ ਤੇ ਦਿਲ ਹੀ ਦਿਲ ਵਿਚ ਉਸਦੀ ਇਸ ਬਕੜਵਾਹ ਉਤੇ ਹੱਸਣ ਲਗਾ।

"ਤੇ ਆਪਣੇ ਆਪ ਵਿਚ ਸੋਚਣ ਲੱਗਾ—'ਕੀ ਫ਼ਰਕ ਪੈਂਦਾ ਹੈ ਕਿ ਕੋਈ ਰੀਂਗਦਾ ਹੈ ਜਾਂ ਉਡਦਾ ਹੈ, ਹਸ਼ਰ ਤਾਂ ਸਭ ਦਾ ਇਕ ਹੈ: ਸਭ ਨੇ ਧਰਤੀ ਵਿਚ ਹੀ ਲੇਟਣਾ ਹੈ, ਮਿੱਟੀ ਨਾਲ ਮਿੱਟੀ ਹੀ ਹੋ ਜਾਣਾ ਹੈ।'

"ਪਰ ਬਾਜ਼ ਨੇ ਇਕਦਮ ਕੋਸ਼ਿਸ਼ ਕਰਕੇ ਜ਼ਰਾ ਕੁ ਸਿਰ ਚੁੱਕਿਆ ਤੇ ਖੱਡ ਵੱਲ ਇਕ ਨਜ਼ਰ ਸੁੱਟੀ।

"ਚੱਟਾਨ ਵਿਚਲੀਆਂ ਤਰੇੜਾਂ ਵਿਚੋਂ ਪਾਣੀ ਸਿੰਮਦਾ ਆ ਰਿਹਾ ਸੀ ਤੇ ਖੱਡ ਅੰਦਰਲੀ ਹਵਾ ਮੌਤ ਤੇ ਸੜਾਂਦ ਦੀ ਭਰੀ ਹੋਈ ਸੀ।

"ਤੇ ਸਾਰਾ ਜ਼ੋਰ ਲਾ ਕੇ ਬਾਜ਼ ਉਦਾਸੀ ਤੇ ਸਿੱਕ ਨਾਲ ਕੂਕ ਉਠਿਆ:

"'ਕਾਸ਼, ਕਿ ਮੈਂ ਆਕਾਸ਼ ਵਿਚ ਇਕ ਵਾਰੀ ਸਿਰਫ਼ ਹੋਰ ਉਡ ਸਕਦਾ!... ਮੈਂ ਆਪਣੇ ਦੁਸ਼ਮਣ ਨੂੰ ਆਪਣੇ ਜ਼ਖ਼ਮੀ ਸੀਨੇ ਨਾਲ ਰਗੜ ਸੁੱਟਦਾ ਤੇ ਆਪਣੇ ਖ਼ੂਨ ਵਿਚ ਡੋਬ ਕੇ ਮਾਰ ਦੇਂਦਾ।... ਉਫ਼, ਲੜਾਈ ਦਾ ਉਹ ਮਜ਼ਾ!'

"ਸੱਪ ਨੇ ਸੋਚਿਆ: 'ਆਕਾਸ਼ ਵਿਚ ਰਹਿਣਾ ਸਚਮੁਚ ਬੜਾ ਸ਼ਾਨਦਾਰ ਹੋਵੇਗਾ ਜੇ ਇਹ ਉਸ ਲਈ ਏਨੀਆਂ ਆਹਾਂ ਭਰ ਰਿਹਾ ਹੈ ਤਾਂ...

"ਤੇ ਉਸਨੇ ਆਜ਼ਾਦ ਪੰਛੀ ਨੂੰ ਤਜਵੀਜ਼ ਦਿਤੀ: 'ਰੀਂਗਦਾ ਹੋਇਆ ਗੁਫਾ ਦੇ ਸਿਰੇ ਤਕ ਜਾ ਤੇ ਆਪਣੇ ਆਪ ਨੂੰ ਹੇਠਾਂ ਸੁੱਟ ਦੇ। ਹੋ ਸਕਦਾ ਹੈ ਅਜੇ ਵੀ ਤੇਰੇ ਖੰਭ ਤੇਰਾ ਭਾਰ ਉਠਾ ਸਕਣ ਤੇ ਤੂੰ ਮੁੜ ਕੇ ਆਕਾਸ਼ ਵਿਚ ਉੱਡ ਸਕੇਂ।'

"ਬਾਜ਼ ਦਾ ਲੂੰ ਲੂੰ ਥਰਕ ਉਠਿਆ। ਇਸਨੇ ਮਾਣ ਨਾਲ ਇਕ ਕੂਕ ਛੱਡੀ ਤੇ ਜਿਲ੍ਹਣ ਵਿਚ ਆਪਣੇ ਪੰਜੇ ਖੋਭਦਾ ਰੀਂਗਦਾ ਹੋਇਆ ਦੰਦੀ ਤੱਕ ਆਇਆ।

"ਦੰਦੀ ਉਤੇ ਪਹੁੰਚਦਿਆਂ ਇਸਨੇ ਆਪਣੇ ਪਰ ਫੈਲਾਏ, ਡੂੰਘਾ ਸਾਹ ਭਰਿਆ ਤੇ ਚਮਕਦੀਆਂ ਅੱਖਾਂ ਨਾਲ ਹੇਠਾਂ ਚੁੱਭੀ ਮਾਰ ਗਿਆ।

"ਪੱਥਰ ਦੀ ਤੇਜ਼ੀ ਨਾਲ ਬਾਜ਼ ਡਿੱਗਾ, ਆਪਣੇ ਖੰਭ ਖਿਲਾਰਦਾ ਹੋਇਆ। ਤੇ ਡਿੱਗਣ ਨਾਲ ਇਸਦੇ ਪਰ ਨਾਲੋਂ ਲੱਥ ਗਏ।

"ਇਕ ਲਹਿਰ ਨੇ ਇਸਨੂੰ ਦਬੋਚ ਲਿਆ, ਇਸ ਦਾ ਖ਼ੂਨ ਧੋ ਕੇ ਸਾਫ਼ ਕੀਤਾ, ਇਸਨੂੰ ਝੱਗ ਵਿਚ ਲਪੇਟਿਆ ਤੇ ਉਡਾ ਕੇ ਸਾਗਰ ਵਿਚ ਲੈ ਗਈ।

"ਸੋਗੀ ਚੀਕਾਂ ਨਾਲ ਸਾਗਰ ਦੀਆਂ ਲਹਿਰਾਂ ਪੱਥਰਾਂ ਨਾਲ ਸਿਰ ਪਟਕਾਉਣ ਲਗੀਆਂ। ... ਪੰਛੀ ਦੀ ਲਾਸ਼ ਸਾਗਰ ਦੀ ਵਿਸ਼ਾਲਤਾ ਵਿਚ ਅਲੋਪ ਹੋ ਚੁਕੀ ਸੀ।

੨

"ਕਿੰਨਾਂ ਚਿਰ ਸੱਪ ਖੱਡ ਵਿਚ ਕੁੰਡਲ ਮਾਰੀ ਬੈਠਾ ਰਿਹਾ—ਪੰਛੀ ਦੀ ਮੌਤ ਬਾਰੇ ਸੋਚਦਾ, ਆਕਾਸ਼ ਲਈ ਉਸਦੇ ਪਿਆਰ ਬਾਰੇ ਸੋਚਦਾ।

"ਤੇ ਇਸਨੇ ਦੂਰ ਪੁਲਾੜ ਵਿਚ ਨਜ਼ਰ ਮਾਰੀ, ਜਿਥੇ ਖ਼ੁਸ਼ੀ ਬਾਰੇ ਸੁਪਨੇ ਸਦਾ ਅੱਖਾਂ ਨੂੰ ਖਿੱਚ ਪਾਉਂਦੇ ਰਹਿੰਦੇ ਨੇ।

"ਉਸ ਮਰਨੇ ਬਾਜ਼ ਨੂੰ ਬਿਨਾਂ ਤਲ ਤੇ ਬਿਨਾਂ ਕਿਨਾਰੇ ਦੇ ਇਸ ਖ਼ਿਲਾ ਵਿਚ ਕੀ ਦਿਸਿਆ ਸੀ? ਕਿਉਂ? ਉਸ ਵਰਗੇ, ਮਰਨਯੋਗੇ, ਆਕਾਸ਼ ਵਿਚ ਉੱਡਣ ਦੀ ਆਪਣੀ ਤਾਂਘ ਨਾਲ ਰੂਹ ਨੂੰ ਕਲਪਾਉਂਦੇ ਨੇ? ਉਥੇ ਉਹਨਾਂ ਨੂੰ ਕੀ ਦਿਸਦਾ ਹੈ? ਇਹ ਸਾਰਾ ਕੁਝ ਮੈਂ ਇਕੋ ਉਡਾਣ ਵਿਚ ਹੀ ਜਾਣ ਸਕਦਾ ਹਾਂ, ਭਾਵੇਂ ਇਹ ਛੋਟੀ ਜਿਹੀ ਹੀ ਕਿਉਂ ਨਾ ਹੋਵੇ।'

"ਕਿਹਾ, ਤੇ ਕਰ ਵਿਖਾਇਆ। ਇਸਨੇ ਹੋਰ ਵੀ ਜ਼ੋਰ ਦੀ ਕੁੰਡਲ ਮਾਰਿਆ ਤੇ ਕੁੱਦ ਪਿਆ। ਧੁੱਪ ਵਿਚ ਕਾਲੀ ਲਕੀਰ ਚਮਕਦੀ ਦਿਖਾਈ ਦਿਤੀ।

"ਪਰ ਰੀਂਗਣ ਲਈ ਜੰਮੇਂ ਕਿੱਦਾਂ ਉਡ ਸਕਦੇ ਨੇ? ਸੱਪ ਹੇਠਾਂ ਪੱਥਰਾਂ ਉਤੇ ਆ ਡਿੱਗਾ, ਪਰ ਮਰਿਆ ਨਾ। ਉਹ ਹੱਸਦਾ ਹੋਇਆ ਬੋਲਿਆ:

"'ਸੋ ਇਸ ਗੱਲ ਵਿਚ ਹੈ ਆਕਾਸ਼ ਵਿਚ ਉੱਡਣ ਦੀ ਖ਼ੁਸ਼ੀ! ਹੇਠਾਂ ਆ ਡਿੱਗਣ ਵਿਚ!... ਕਿਆ ਅਜੀਬ ਪੰਛੀ ਨੇ! ਧਰਤੀ ਨੂੰ ਜਾਣਦੇ ਨਹੀਂ, ਇਸ ਉਤੇ ਦਿਲਗੀਰ ਰਹਿੰਦੇ ਨੇ, ਆਕਾਸ਼ ਵਿਚ ਉੱਚਾ ਉੱਡਣਾ ਚਾਹੁੰਦੇ ਨੇ ਤੇ ਉਸ ਸਾੜਦੇ ਖ਼ਿਲਾ ਵਿਚ ਜ਼ਿੰਦਗੀ ਟੋਲਦੇ ਨੇ। ਉਥੇ ਸਿਰਫ਼ ਖ਼ਿਲਾ ਏ। ਚਾਨਣ ਉਥੇ ਬਹੁਤ ਏ, ਪਰ ਸ਼ਰੀਰ ਨੂੰ ਕਾਇਮ ਰੱਖਣ ਲਈ ਕੁਝ ਨਹੀਂ। ਤਾਂ ਏਨਾਂ ਮਾਣ ਕਾਹਦੇ ਲਈ? ਤੇ ਏਨੀ ਹਿਕਾਰਤ ਕਾਹਦੇ ਲਈ? ਦੁਨੀਆਂ ਤੋਂ ਆਪਣੀਆਂ ਪਾਗਲ ਲਾਲਸਾਵਾਂ ਤੇ ਜੀਵਨ ਦੇ ਕਾਰੋਬਾਰ ਨਾਲ ਨਜਿੱਠ ਸੱਕਣ ਵਿਚ ਆਪਣੀ ਅਸਫ਼ਲਤਾ ਛੁਪਾਉਣ ਲਈ? ਕਿਆ ਅਜੀਬ ਪੰਛੀ ਨੇ! ਕਦੀ ਵੀ ਫਿਰ ਤੇਰੇ ਲਫ਼ਜ਼ ਮੈਨੂੰ ਭੁਚਲਾ ਨਹੀਂ ਸਕਣਗੇ। ਕਿਉਂਕਿ ਹੁਣ ਮੈਂ ਸਭ ਕੁਝ ਜਾਣਦਾ ਹਾਂ। ਮੈਂ ਆਕਾਸ਼ ਵੇਖ ਲਿਆ ਹੈ, ਇਸ ਵਿਚ ਉਤੇ ਚੜ੍ਹਿਆ ਤੇ ਇਸਦੀ ਖੋਜ ਕੀਤੀ ਹੈ; ਤੇ ਆਕਾਸ਼ ਤੋਂ ਮੈਂ ਡਿੱਗਾ ਹਾਂ, ਭਾਵੇਂ ਮਰਿਆ ਨਹੀਂ। ਆਪਣੇ ਵਿਚ ਮੇਰਾ ਵਿਸ਼ਵਾਸ ਹੋਰ ਵੀ ਮਜ਼ਬੂਤ ਹੋ ਗਿਆ ਹੈ। ਜਿਹੜੇ ਧਰਤੀ ਨੂੰ ਨਹੀਂ ਪਿਆਰਦੇ, ਉਹਨਾਂ ਨੂੰ ਭੁਲੇਖਿਆਂ ਉਤੇ ਜਿਊਣ ਦਿਓ। ਮੈਂ ਸੱਚ ਪਾ ਲਿਆ ਹੈ। ਫਿਰ ਕਦੀ ਵੀ ਮੈਂ ਪੰਛੀ ਦੀ ਵੰਗਾਰ ਕਬੂਲ ਨਹੀਂ ਕਰਾਂਗਾ। ਧਰਤੀ ਦਾ ਜੰਮਿਆਂ, ਮੈਂ ਧਰਤੀ ਉਤੇ ਹੀ ਰਹਾਂਗਾ।'

"ਇਹ ਕਹਿੰਦਿਆਂ, ਇਸਨੇ ਹੋਰ ਵੀ ਘੁਮੰਡ ਵਿਚ ਆਉਂਦਿਆਂ ਇਕ ਪੱਥਰ ਉਤੇ ਕੁੰਡਲ ਮਾਰ ਲਿਆ।

ਤੇਜ਼ ਰੌਸ਼ਨੀ ਵਿਚ ਸਾਰਾ ਸਾਗਰ ਲਿਸ਼ਕਾਂ ਮਾਰ ਰਿਹਾ ਸੀ, ਤੇ ਲਹਿਰਾਂ ਜ਼ੋਰ ਜ਼ੋਰ ਦੀ ਆ ਕੇ ਕੰਢੇ ਨਾਲ ਪਟਕ ਰਹੀਆਂ ਸਨ।

ਉਹਨਾਂ ਦੀ ਸ਼ੇਰ ਵਰਗੀ ਗਰਜ ਵਿਚ ਬਾਜ਼ ਦੇ ਗੀਤ ਦੀ ਗੂੰਜ ਸੀ। ਸਾਗਰ ਦੇ ਥਪੇੜਿਆਂ ਨਾਲ ਚੱਟਾਨਾਂ ਕੰਬ ਰਹੀਆਂ ਸਨ, ਭਿਆਨਕ ਗੀਤ ਦੀਆਂ ਧੁਨਾਂ ਨਾਲ ਆਕਾਸ਼ ਕੰਬ ਰਿਹਾ ਸੀ:

"ਬਹਾਦਰਾਂ ਦੇ ਪਾਗਲਪਨ ਦੀ ਜੈ ਜੈ ਕਾਰ ਅਸੀਂ ਗਾ ਰਹੀਆਂ।

"ਬਹਾਦਰਾਂ ਦਾ ਪਾਗ਼ਲਪਨ ਜ਼ਿੰਦਗੀ ਦੀ ਸਿਆਣਪ ਹੈ। ਹੇ ਦਲੇਰ ਬਾਜ਼। ਦੁਸ਼ਮਣ ਨਾਲ ਲੜਦਿਆਂ ਤੂੰ ਖ਼ੂਨ ਡੋਹਲਿਆ, ਪਰ ਵਕਤ ਆਏਗਾ—ਤੇ ਤੇਰੇ ਗਰਮ ਖ਼ੂਨ ਦੀ ਹਰ ਬੂੰਦ ਤਾਰਾ ਬਣੇਗੀ, ਤੇ ਜ਼ਿੰਦਗੀ ਦੇ ਹਨੇਰੇ ਨੂੰ ਰੁਸ਼ਨਾਏਗੀ ਤੇ ਕਈ ਬਹਾਦਰ ਦਿਲਾਂ ਵਿਚ ਆਜ਼ਾਦੀ ਤੇ ਰੌਸ਼ਨੀ ਦੀ ਪਾਗਲ ਪਿਆਸ ਭੜਕਾਇਗੀ!

"'ਤੂੰ ਭਾਵੇਂ ਮਰ ਗਿਆ ਹੈਂ! ਪਰ ਬਹਾਦਰੀ ਦੇ ਗੀਤਾਂ ਵਿਚ ਤੂੰ ਮਿਸਾਲ ਬਣਕੇ, ਤੇ ਆਜ਼ਾਦੀ ਲਈ, ਰੌਸ਼ਨੀ ਲਈ ਮਾਨਭਰੀ ਵੰਗਾਰ ਬਣ ਕੇ ਤੂੰ ਸਦਾ ਜਿਊਂਦਾ ਰਹੇਂਗਾ!

"'ਬਹਾਦਰਾਂ ਦੇ ਪਾਗਲਪਨ ਦੀ ਜੈ ਜੈ ਕਾਰ ਅਸੀਂ ਗਾ ਰਹੀਆਂ!'"

... ਸਾਗਰ ਦੀਆਂ ਦੂਧੀਆ ਚੁੜਿਤਣਾਂ ਖ਼ਾਮੋਸ਼ ਹਨ। ਤੱਟ ਨਾਲ ਆ ਕੇ ਵਜਦੀਆਂ ਲਹਿਰਾਂ ਮਧਮ ਸੁਰ ਵਿਚ ਗਾ ਰਹੀਆਂ ਹਨ, ਤੇ ਮੈਂ ਵੀ, ਦੂਰ ਨਜ਼ਰ ਗੱਡੀ, ਚੁੱਪ ਬੈਠਾ ਹਾਂ। ਹੁਣ ਪਾਣੀ ਉਤੇ ਚਾਂਦੀ ਰੰਗੇ ਧੱਬੇ ਵਧ ਗਏ ਹਨ।... ਸਾਡੀ ਕੇਤਲੀ ਚੁੱਪ-ਚਾਪ ਖੌਲ ਰਹੀ ਹੈ।

ਇਕ ਲਹਿਰ ਆਪਣੀਆਂ ਭੈਣਾਂ ਨੂੰ ਪਿੱਛੇ ਛਡਦੀ ਹੋਈ, ਰਹੀਮ ਦੇ ਸਿਰ ਤੱਕ ਪਹੁੰਚਦੀ ਹੋਈ ਮਜ਼ਾਕ ਉਡਾਉਂਦੀ ਨਿੱਕੀ ਜਿਹੀ ਕੂਕ ਛੱਡਦੀ ਹੈ।

"ਕਿੱਧਰ ਆ ਰਹੀ ਹੈਂ?... ਚੱਲ ਪਿੱਛੇ!" ਰਹੀਮ ਆਪਣਾ ਹੱਥ ਮਾਰਦਾ ਹੋਇਆ ਚਿੱਲਾਉਂਦਾ ਹੈ, ਤੇ ਲਹਿਰ ਆਗਿਆਕਰੀ ਢੰਗ ਨਾਲ ਵਾਪਸ ਹੋ ਜਾਂਦੀ ਹੈ।

ਰਹੀਮ ਵਲੋਂ ਲਹਿਰ ਨੂੰ ਜਿਊਂਦੀ ਜਾਗਦੀ ਚੀਜ਼ ਮੰਨਣ ਉਤੇ ਮੈਨੂੰ ਜ਼ਰਾ ਵੀ ਹੈਰਾਨੀ ਨਹੀਂ ਹੁੰਦੀ, ਨਾਂ ਡਰ ਲਗਦਾ ਹੈ। ਸਾਡੇ ਆਲੇ-ਦੁਆਲੇ ਦੀ ਹਰ ਚੀਜ਼ ਬੇਮਿਸਾਲ ਤੌਰ ਉਤੇ ਸਜੀਵ, ਕੋਮਲ ਤੇ ਸਹਿਲਾਉਣ ਦਾ ਅਸਰ ਰਖਦੀ ਹੈ। ਸਾਗਰ ਸ਼ਾਂਤ ਹੈ, ਤੇ ਇਸਦੇ ਸੀਤਲ ਸਵਾਸ ਵਿਚ ਇਕ ਤਾਕਤ ਮਹਿਸੂਸ ਹੁੰਦੀ ਹੈ, ਜਿਹੜਾ ਇਹ ਦਿਨ ਦੀ ਗਰਮੀ ਨਾਲ ਅਜੇ ਤੱਕ ਭਰੀਆਂ ਹੋਈਆਂ ਪਹਾੜਾਂ ਦੀਆਂ ਟੀਸੀਆਂ ਵੱਲ ਛੱਡ ਰਿਹਾ ਹੈ। ਆਕਾਸ਼ ਦੇ ਗੂੜ੍ਹੇ ਨੀਲੇ ਪਿਛੋਕੜ ਵਿਚ ਸਿਤਾਰਿਆਂ ਨੇ ਸੁਨਹਿਰੀ ਅੱਖਰਾਂ ਵਿਚ ਕੋਈ ਜੇਤੂ ਸੰਦੇਸ਼ ਲਿਖ ਦਿਤਾ ਹੈ, ਕੋਈ ਅਜਿਹੀ ਗਲ ਜਿਹੜੀ ਰੂਹ ਨੂੰ ਮੁਗਧ ਕਰ ਰਹੀ ਹੈ ਤੇ ਕਿਸੇ ਅਗੰਮ-ਗਿਆਨ ਦੀ ਮਿੱਠੀ ਆਸ ਨਾਲ ਮਨ ਨੂੰ ਹਿਲੂਣ ਰਹੀ ਹੈ।

ਸਭ ਕੁਝ ਊਂਘ ਰਿਹਾ ਹੈ, ਪਰ ਇਕ ਖਿਚਾ-ਭਰੀ ਚੇਤਨਤਾ ਨਾਲ, ਜਿਵੇਂ ਕਿ ਹੋਰ ਘੜੀ ਨੂੰ ਸਭ ਚੀਜ਼ਾਂ ਆਪਣੀ ਨੀਂਦ ਲਾਹ ਮਾਰਨਗੀਆਂ ਤੇ ਕਿਸੇ ਅਕਹਿ ਮਿੱਠੀ

ਇਕਸੁਰਤਾ ਦੇ ਸਮੂਹਗਾਣ ਵਿਚ ਆਪਣੀਆਂ ਆਵਾਜ਼ਾਂ ਉੱਚੀਆਂ ਕਰਨਗੀਆਂ। ਇਹ ਇਕਸੁਰ ਗੀਤ ਜ਼ਿੰਦਗੀ ਦੇ ਭੇਤਾਂ ਦੀ ਗੱਲ ਕਰੇਗਾ, ਮਨ ਸਾਮ੍ਹਣੇ ਇਹਨਾਂ ਦੀ ਵਿਆਖਿਆ ਕਰੇਗਾ ਤੇ ਫਿਰ ਉਸਨੂੰ ਬੁਝਾ ਦੇਵੇਗਾ, ਕਿਸੇ ਬੇਵਜੂਦ ਅੱਗ ਵਾਂਗ, ਤੇ ਰੂਹ ਨੂੰ ਉਠਾ ਕੇ ਰਾਤ ਦੇ ਨੀਲੇ ਖ਼ਿਲਾਵਾਂ ਵਿਚ ਲੈ ਜਾਏਗਾ ਜਿਥੇ ਤਾਰਿਆਂ ਦੀ ਧੜਕਦੀ ਹੋਈ ਨੱਕਾਸ਼ੀ ਅਗੰਮ-ਗਿਆਨ ਦਾ ਉਹੋ ਦੈਵੀ ਗੀਤ ਗਾ ਰਹੀ ਹੈ।

੧੯੯੫.

ਚੇਲਕਾਸ਼

ਨੀਲਾ ਦੱਖਣੀ ਆਕਾਸ਼ ਧੂੜ ਨਾਲ ਇੰਝ ਢਕਿਆ ਹੋਇਆ ਸੀ ਕਿ ਧੁੰਦਲਾ ਜਿਹਾ ਲਗਦਾ ਸੀ। ਕੜਕਦੀ ਧੁੱਪ ਹਰੀ ਜਿਹੀ ਭਾਹ ਮਾਰਦੇ ਸਾਗਰ ਉਤੇ ਜਿਵੇਂ ਕਿਸੇ ਪਤਲੇ ਜਿਹੇ ਪਰਦੇ ਵਿਚੋਂ ਪੈ ਰਹੀ ਸੀ ਤੇ ਇਸਦੀਆਂ ਕਿਰਨਾਂ ਪਾਣੀ ਵਿਚ ਲਗਭਗ ਕੋਈ ਪਰਤੌ ਪੈਦਾ ਨਹੀਂ ਸਨ ਕਰ ਰਹੀਆਂ ਜਿਸਨੂੰ ਚੱਪੂਆਂ ਦੇ ਧੱਫੇ, ਸਟੀਮਰਾਂ ਦੇ ਪ੍ਰੋਪੈਲਰ, ਤੁਰਕ ਫੈਲੂਕਾ ਬੇੜੀਆਂ ਦੇ ਤਿੱਖੇ ਥੱਲੇ ਤੇ ਹੋਰ ਬੇੜੀਆਂ ਰਿੜਕ ਰਹੀਆਂ ਸਨ, ਜਿਹੜੀਆਂ ਇਸ ਭੀੜ-ਭਰੀ ਬੰਦਰਗਾਹ ਵਿਚ ਚਾਰ-ਚੁਫੇਰੇ ਆ-ਜਾ ਰਹੀਆਂ ਸਨ। ਆਪਣੀ ਕੰਜੂਰ ਦੀ ਵਲਗਣ ਵਿਚ ਆਪਣੇ ਉਪਰ ਤਰ ਰਹੇ ਅਥਾਹ ਬੋਝਾਂ ਹੇਠ ਕੁਚਲੀਆਂ ਜਾ ਰਹੀਆਂ ਸਾਗਰ ਦੀਆਂ ਲਹਿਰਾਂ ਆਪਣੇ ਆਪ ਨੂੰ ਤੱਟ ਉਤੇ ਤੇ ਬੇੜੀਆਂ ਦੇ ਪਾਸਿਆਂ ਨਾਲ ਪਟਕਾ ਰਹੀਆਂ ਸਨ — ਗਰਜਦੀਆਂ ਤੇ ਝੱਗ ਛਡਦੀਆਂ ਪਟਕਾ ਰਹੀਆਂ ਸਨ, ਤੇ ਉਹਨਾਂ ਦੇ ਪਾਸੇ ਹਰ ਤਰ੍ਹਾਂ ਦੇ ਗੰਦ-ਮੰਦ ਨਾਲ ਲਿਬੜੇ ਹੋਏ ਸਨ।

ਲੰਗਰਾਂ ਦੀਆਂ ਜ਼ੰਜੀਰਾਂ ਦਾ ਸ਼ੋਰ ਮਾਲ-ਲੱਦੀਆਂ ਵੈਗਨਾਂ ਦਾ ਇਕ ਦੂਜੇ ਨਾਲ ਵੱਜਣਾ, ਪਟੜੀਆਂ ਦੇ ਪੱਥਰਾਂ ਉਤੇ ਉਤਾਰੀਆਂ ਜਾ ਰਹੀਆਂ ਲੋਹੇ ਦੀਆਂ ਚਾਦਰਾਂ ਦਾ ਧਾਤਵੀ ਵਿਰਲਾਪ, ਲੱਕੜ ਉਤੇ ਲੱਕੜ ਦੇ ਵੱਜਣ ਦੀ ਥਪਕ, ਗੱਡਿਆਂ ਦੀ ਖੜ-ਖੜ, ਵਿਰਲਾਪ ਤੋਂ ਚੀਕ ਵਿਚ ਬਦਲਦੀਆਂ ਸਟੀਮਸ਼ਿਪਾਂ ਦੀਆਂ ਸੀਟੀਆਂ, ਪਾਂਡੀਆਂ, ਜਹਾਜ਼ੀਆਂ ਤੇ ਚੁੰਗੀ ਦੇ ਗਾਰਦਾਂ ਦੀਆਂ ਕੂਕਾਂ — ਇਹ ਸਭ ਕੁਝ ਮਿਲ ਕੇ ਕੰਮ ਦੀ ਦਿਹਾੜੀ ਦਾ ਕੰਨ ਬੋਲੇ ਕਰਨ ਵਾਲਾ ਸੰਗੀਤ ਬਣਦਾ ਸੀ ਜਿਹੜਾ ਬੰਦਰਗਾਹ ਤੋਂ ਵਿਦਰੋਹੀ ਢੰਗ ਨਾਲ ਉਤੇ ਆਕਾਸ਼ ਵਿਚ ਉਠਦਾ ਸੀ, ਜਦੋਂ ਕਿ ਹੇਠੋਂ ਧਰਤੀ ਤੋਂ ਇਸਨੂੰ ਮਿਲਣ ਲਈ ਆਵਾਜ਼ਾਂ ਦੀਆਂ ਨਵੀਆਂ ਲਹਿਰਾਂ ਉਠਦੀਆਂ

ਰਹਿੰਦੀਆਂ ਸਨ—ਕਦੀ ਕੋਈ ਹਲਕੀ ਜਿਹੀ ਧਮਕ ਧਰਤੀ ਨੂੰ ਹਿਲਾ ਦੇਂਦੀ ਸੀ, ਤੇ ਕਦੀ ਕਿਸੇ ਟੱਕਰ ਦੀ ਆਵਾਜ਼ ਸਾੜਦੀ ਲੋ ਨੂੰ ਚੀਰਦੀ ਆਉਂਦੀ ਸੀ।

ਕੰਜੂਰ, ਫ਼ੌਲਾਦ, ਲੱਕੜ, ਪਟੜੀਆਂ ਦੇ ਪੱਥਰ, ਬੇੜੀਆਂ ਤੇ ਲੋਕ—ਸਾਰਾ ਕੁਝ ਦੇਵਤੇ ਮਰਕਰੀ ਦੇ ਇਸ ਪੁਰਜੋਸ਼ ਭਜਨ ਦੀਆਂ ਬਲਵਾਨ ਆਵਾਜ਼ਾਂ ਛੱਡ ਰਿਹਾ ਸੀ। ਪਰ ਆਮ ਸਮੂਹ-ਗਾਣ ਵਿਚੋਂ ਮਨੁੱਖੀ ਆਵਾਜ਼ਾਂ ਨਖੇੜਨੀਆਂ ਮੁਸ਼ਕਲ ਸਨ, ਉਹ ਏਨੀਆਂ ਕਮਜ਼ੋਰ, ਸਗੋਂ ਹਾਸੋਹੀਣੀਆਂ ਸਨ। ਤੇ ਖ਼ੁਦ ਲੋਕ ਵੀ, ਜਿਨ੍ਹਾਂ ਦੀਆਂ ਘਾਲਨਾਵਾਂ ਇਸ ਸਾਰੀ ਆਵਾਜ਼ ਨੂੰ ਜਨਮ ਦੇ ਰਹੀਆਂ ਸਨ, ਹਾਸੋਹੀਣੇ ਤੇ ਤਰਸ-ਯੋਗ ਸਨ। ਉਹਨਾਂ ਦੇ ਆਕਾਰ, ਧੂੜ-ਲਪੇਟੇ, ਖੁਧੜ ਤੇ ਫੁਰਤੀਲੇ, ਆਪਣੀਆਂ ਪਿੱਠਾਂ ਉਤੇ ਲੱਦੇ ਭਾਰਾਂ ਹੇਠ ਦੂਹਰੇ ਹੋਏ ਹੋਏ ਸਨ, ਜਦੋਂ ਕਿ ਉਹ ਧੂੜ, ਦੇ ਬੱਦਲਾਂ, ਤੇ ਗਰਮੀ ਤੇ ਰੌਲੇ ਦੇ ਸਾਗਰ ਵਿਚ ਇਧਰ ਉਧਰ ਤੇਜ਼ ਤੇਜ਼ ਆ-ਜਾ ਰਹੇ ਸਨ, ਤੇ ਫ਼ੌਲਾਦ ਦੇ ਦਿਉਆਂ ਵਪਾਰਕ ਮਾਲ ਦੇ ਪਹਾੜਾਂ, ਰੇਲ ਦੇ ਟਕਰਾ ਰਹੇ ਡੱਬਿਆਂ ਤੇ ਉਹਨਾਂ ਸਾਰੀਆਂ ਬਾਕੀ ਚੀਜ਼ਾਂ ਦੇ ਮੁਕਾਬਲੇ ਉਤੇ ਉਹ ਕੁਝ ਵੀ ਨਹੀਂ ਸਨ, ਜਿਹੜੀਆਂ ਉਹਨਾਂ ਨੇ ਆਪ ਪੈਦਾ ਕੀਤੀਆਂ ਸਨ। ਉਹਨਾਂ ਦੀਆਂ ਆਪਣੀਆਂ ਸਿਰਜੀਆਂ ਚੀਜ਼ਾਂ ਨੇ ਉਹਨਾਂ ਨੂੰ ਗ਼ੁਲਾਮ ਬਣਾ ਲਿਆ ਸੀ ਤੇ ਉਹਨਾਂ ਦੀ ਸ਼ਖ਼ਸੀਅਤ ਨੂੰ ਲੁੱਟ ਲਿਆ ਸੀ।

ਭਾਫ਼ ਛਡਦੇ ਖੜੇ ਧੜਵੈਲ ਜਹਾਜ਼ ਸੀਟੀਆਂ ਮਾਰ ਰਹੇ ਤੇ ਸ਼ਾਂ-ਸ਼ਾਂ ਕਰ ਰਹੇ ਸਨ ਤੇ ਵਡੀਆਂ ਵਡੀਆਂ ਆਹਾਂ ਭਰ ਰਹੇ ਸਨ, ਤੇ ਉਹਨਾਂ ਵਿਚੋਂ ਨਿਕਲਦੀ ਹਰ ਆਵਾਜ਼ ਉਹਨਾਂ ਘਸਮੈਲੇ ਤੇ ਧੂੜ-ਭਰੇ ਲੋਕਾਂ ਦਾ ਠੱਠਾ ਉਡਾਉਂਦੀ ਨਫ਼ਰਤ ਨਾਲ ਭਰੀ ਹੋਈ ਸੀ ਜਿਹੜੇ ਉਹਨਾਂ ਦੇ ਡੂੰਘੇ ਢਿੱਡਾਂ ਨੂੰ ਗ਼ੁਲਾਮ ਕਿਰਤ ਦੀਆਂ ਉਪਜਾਂ ਨਾਲ ਭਰਨ ਲਈ ਉਹਨਾਂ ਦੇ ਡੈੱਕਾਂ ਉਪਰ ਰੀਂਗਦੇ ਫਿਰਦੇ ਸਨ। ਇਹਨਾਂ ਪਾਂਡੀਆਂ ਦੀਆਂ ਲੰਮੀਆਂ ਕਤਾਰਾਂ ਨੂੰ ਦੇਖ ਕੇ ਏਨਾ ਹਾਸਾ ਆਉਂਦਾ ਸੀ ਕਿ ਅੱਖਾਂ ਵਿਚ ਅਥਰੂ ਆ ਜਾਂਦੇ ਸਨ, ਜਿਹੜੇ ਹਜ਼ਾਰਾਂ ਪੂਡ ਕਣਕ ਇਹਨਾਂ ਜਹਾਜ਼ਾਂ ਦੇ ਲੋਹੇ ਦੇ ਢਿਡਾਂ ਵਿਚ ਭਰਨ ਲਈ ਆਪਣੀਆਂ ਪਿੱਠਾਂ ਉਤੇ ਢੋਂਦੇ ਸਨ, ਤਾਂ ਕਿ ਉਹ ਆਪਣੇ ਢਿੱਡ ਭਰਨ ਲਈ ਕੁਝ ਕਿਲੋਗਰਾਮ ਅਨਾਜ ਕਮਾ ਸਕਣ। ਇਹ ਖੁਥੜ ਪਸੀਨੋ ਪਸੀਨਾ ਹੋਏ, ਗਰਮੀ, ਰੌਲੇ ਤੇ ਲੱਕ-ਤੋੜਵੀਂ ਕਿਰਤ ਨਾਲ ਹਰਾਸੇ ਲੋਕ ਇਕ ਪਾਸੇ, ਤੇ ਦੂਜੇ ਪਾਸੇ ਸ਼ਕਤੀਸ਼ਾਲੀ ਮਸ਼ੀਨਾਂ, ਜਿਹੜੀਆਂ ਖ਼ੁਦ ਉਹਨਾਂ ਸਿਰਜੀਆਂ ਸਨ ਤੇ ਜਿਹੜੀਆਂ ਧੁੱਪ ਵਿਚ ਖ਼ੁਸ਼ਹਾਲੀ ਦੀ ਲਿਸ਼ਕ ਦੇਂਦੀਆਂ ਖੜੀਆਂ ਸਨ, ਉਹ ਮਸ਼ੀਨਾਂ ਜਿਹੜੀਆਂ, ਭਾਵੇਂ ਕੁਝ ਵੀ ਕਹਿ ਲਵੋ, ਆਖ਼ਰ ਭਾਫ਼ ਨਾਲ ਨਹੀਂ ਸਨੇ ਹਰਕਤ ਵਿਚ ਆਈਆਂ ਸਗੋਂ ਉਹਨਾਂ ਨੂੰ ਬਨਾਉਣ ਵਾਲੇ ਲੋਕਾਂ ਦੇ ਖ਼ੂਨ ਪਸੀਨੇ ਨਾਲ ਹਰਕਤ ਵਿਚ ਆਈਆਂ ਸਨ—ਇਸ ਮੁਕਾਬਲੇ ਵਿਚ ਕੌੜੇ ਵਿਅੰਗ ਦੀ ਇਕ ਪੂਰੀ ਕਵਿਤਾ ਲੁਕੀ ਹੋਈ ਸੀ।

ਰੌਲਾ ਬੋਝਲ ਸੀ; ਧੂੜ ਨਾਸਾਂ ਨੂੰ ਚੜ੍ਹਦੀ ਸੀ ਤੇ ਅੱਖਾਂ ਵਿਚ ਪੈਂਦੀ ਸੀ। ਤਪਸ਼ ਸਰੀਰ ਨੂੰ ਲੂੰਹਦੀ ਤੇ ਬੇਹਿੱਸ ਕਰ ਰਹੀ ਸੀ ਤੇ ਸਭ ਕੁਝ ਤਣਿਆ ਤਣਿਆ ਲਗ ਰਿਹਾ ਸੀ ਜਿਵੇਂ ਸਹਿਨ-ਸ਼ਕਤੀ ਖ਼ਤਮ ਹੋਣ ਉਤੇ ਆਈ ਹੋਵੇ ਤੇ ਦੁਖਾਂਤ ਹਾਦਸਾ ਵਾਪਰਨ ਵਾਲਾ ਹੋਵੇ, ਕੋਈ ਬਹੁਤ ਵੱਡਾ ਧਮਾਕਾ ਹੋਣ ਵਾਲਾ ਹੋਵੇ, ਜਿਹੜਾ ਹਵਾ ਨੂੰ ਸਾਫ਼ ਕਰ ਦੇਵੇਗਾ ਤਾਂ ਕਿ ਲੋਕ ਆਜ਼ਾਦੀ ਨਾਲ ਤੇ ਸੌਖੀ ਤਰ੍ਹਾਂ ਸਾਹ ਲੈ ਸਕਣ। ਤੇ ਫਿਰ ਧਰਤੀ ਉਤੇ ਚੁੱਪ ਛਾ ਜਾਏਗੀ, ਤੇ ਲੋਕਾਂ ਦੇ ਕੰਨ ਪਾੜਨ, ਉਹਨਾਂ ਨੂੰ ਖਿਝ ਚਾੜ੍ਹਨ ਤੇ ਪਾਗਲ ਬਣਾ ਦੇਣ ਵਾਲੀ ਧੂੜ ਤੇ ਹੱਲਾ-ਗੁੱਲਾ ਨਹੀਂ ਹੋਵੇਗਾ। ਤੇ ਫਿਰ ਸ਼ਹਿਰ, ਸਾਗਰ ਤੇ ਆਕਾਸ਼ ਸ਼ਾਂਤ ਤੇ ਨਿਰਮਲ ਤੇ ਸੁੰਦਰ ਹੋ... ਜਾਣਗੇ...

ਘੜਿਆਲ ਉਤੇ ਮਾਪੀਆਂ-ਤੋਲੀਆਂ ਤੇ ਗੂੰਜਵੀਆਂ ਬਾਰਾਂ ਸੱਟਾਂ ਸੁਣਾਈ ਦਿਤੀਆਂ। ਜਦੋਂ ਪਿੱਤਲ ਦੀਆਂ ਆਖ਼ਰੀ ਥਰਕਣਾਂ ਖ਼ਤਮ ਹੋ ਗਈਆਂ ਤਾਂ ਕਿਰਤ ਦਾ ਵਹਿਸ਼ੀ ਸੰਗੀਤ ਮੱਠਾ ਪੈ ਗਿਆ ਤੇ ਇਕ ਮਿੰਟ ਮਗਰੋਂ ਇਹ ਸਿਰਫ਼ ਅਸੰਤੋਖ ਦੀ ਬੁੜਬੁੜ ਬਣ ਕੇ ਹੀ ਰਹਿ ਗਿਆ। ਹੁਣ ਲੋਕਾਂ ਦੀਆਂ ਆਵਾਜ਼ਾਂ ਤੇ ਸਾਗਰ ਦੀ ਸ਼ਾਂ-ਸ਼ਾਂ ਵਧੇਰੇ ਸਪਸ਼ਟ ਸੁਣਾਈ ਦੇਂਦੀ ਸੀ। ਦੁਪਹਿਰ ਦੇ ਖਾਣੇ ਦਾ ਸਮਾਂ ਹੋ ਗਿਆ ਸੀ।

੧

ਜਦੋਂ ਪਾਂਡੀਆਂ ਨੇ ਕੰਮ ਕਰਨਾ ਬੰਦ ਕੀਤਾ ਤੇ ਰੌਲਾ ਪਾਉਂਦੀਆਂ ਟੋਲੀਆਂ ਬਣਾ ਕੇ ਛਾਬੜੀਆਂ ਵਾਲਿਆਂ ਤੋਂ ਕੁਝ ਖਾਣ-ਪੀਣ ਨੂੰ ਖ਼ਰੀਦਣ ਲਈ ਤੇ ਛਾਂਦਾਰ ਟਿਕਾਣੇ ਲੱਭਣ ਲਈ ਬੰਦਰਗਾਹ ਉਤੇ ਖਿੰਡ ਗਏ, ਜਿਥੇ ਪਟੜੀਆਂ ਉਤੇ ਬੈਠ ਕੇ ਉਹ ਆਪਣਾ ਖਾਣਾ ਖਾ ਸਕਣ, ਤਾਂ ਗਰੀਸ਼ਕਾ ਚੇਲਕਾਸ਼ ਆ ਗਿਆ। ਉਹ ਪੁਰਾਣੇ ਬੇਘਿਆੜ ਵਾਂਗ ਸੀ, ਜਿਸਦਾ ਹਮੇਸ਼ਾ ਪਿੱਛਾ ਕੀਤਾ ਜਾਂਦਾ ਸੀ। ਉਸਨੂੰ ਬੰਦਰਗਾਰ ਦੇ ਸਾਰੇ ਲੋਕ ਚੰਗੀ ਤਰ੍ਹਾਂ ਜਾਣਦੇ ਸਨ—ਪੱਕਾ ਸ਼ਰਾਬੀ, ਦਲੇਰ ਤੇ ਹੁਸ਼ਿਆਰ ਚੋਰ। ਉਹ ਨੰਗੇ ਸਿਰ ਤੇ ਨੰਗੇ ਪੈਰ ਸੀ; ਉਸਨੇ ਘਸੀ ਹੋਈ ਕਾਰਟਰਾਏ ਦੀ ਪੈਂਟ ਪਾਈ ਹੋਈ ਸੀ ਤੇ ਪਾਟੇ ਕਾਲਰ ਵਾਲੀ ਗੰਦੀ ਸੂਤੀ ਕਮੀਜ਼ ਵਿਚੋਂ ਉਸਦੀ ਸਾਂਵਲੇ ਰੰਗ ਦੀ ਚਮੜੀ ਵਾਲੀ ਹੱਡਲ ਛਾਤੀ ਦਿਸਦੀ ਸੀ। ਵਿਚੋਂ ਵਿਚੋਂ ਚਿੱਟੇ ਹੋਏ ਹੋਏ ਉਸਦੇ ਕਾਲੇ ਉਲਝੇ ਹੋਏ ਵਾਲਾਂ ਤੇ ਉਸਦੇ ਪਤਲੇ ਤੇ ਬਾਜ਼ ਵਰਗੇ ਚਿਹਰੇ ਦੀ ਫਿੱਸੀ ਹੋਈ ਦਿੱਖ ਤੋਂ ਪਤਾ ਲਗਦਾ ਸੀ ਕਿ ਉਹ ਅਜੇ ਹੁਣੇ ਹੁਣੇ ਸੁੱਤਾ ਉਠਿਆ ਸੀ। ਉਸਦੀ ਮੁੱਛ ਵਿਚ ਇਕ ਤੀਲਾ ਅੜਿਆ ਹੋਇਆ ਸੀ ਤੇ ਇਕ ਹੋਰ ਤੀਲਾ ਉਸਦੀ ਖੱਬੀ ਗੱਲ੍ਹ ਉਤੇ ਵਧੀ ਦਾੜ੍ਹੀ ਵਿਚ ਫਸਿਆ ਸੀ, ਜਦੋਂਕਿ ਉਸਨੇ ਕੰਨ ਦੇ

ਪਿੱਛੇ ਉਸੇ ਵੇਲੇ ਭੋੜੀ ਲਿੰਡਨ ਦੀ ਛੋਟੀ ਜਿਹੀ ਟਾਹਣੀ ਅੜਾਈ ਹੋਈ ਸੀ। ਲੰਮਾਂ, ਪਤਲਾ ਤੇ ਜ਼ਰਾ ਕੁ ਝੁਕਿਆ ਹੋਇਆ, ਉਹ ਪੱਥਰਾਂ ਦੀ ਬਣੀ ਸੜਕ ਉਤੇ ਹੌਲੀ ਹੌਲੀ ਟਹਿਲਦਾ ਹੋਇਆ ਆ ਰਿਹਾ ਸੀ। ਉਹ ਆਪਣੇ ਤੋਤੇ ਦੀ ਚੁੰਜ ਵਰਗੇ ਨੱਕ ਨਾਲ ਹਵਾ ਨੂੰ ਸੁੰਘ ਰਿਹਾ ਸੀ ਤੇ ਪਾਂਡੀਆਂ ਵਿਚੋਂ ਕਿਸੇ ਦੀ ਭਾਲ ਵਿਚ ਆਪਣੀਆਂ ਸਲੇਟੀ ਚਮਕਦੀਆਂ ਅੱਖਾਂ ਚਾਰ-ਚੁਫੇਰੇ ਘੁਮਾ ਰਿਹਾ ਸੀ। ਉਸਦੀਆਂ ਲੰਮੀਆਂ ਮੋਟੀਆਂ ਕਾਲੀਆਂ ਮੁੱਛਾਂ ਬਿੱਲੀ ਦੀਆਂ ਮੁੱਛਾਂ ਵਾਂਗ ਫਰਕਦੀਆਂ ਰਹਿੰਦੀਆਂ ਸਨ, ਉਸਨੇ ਆਪਣੇ ਹੱਥ ਪਿੱਠ ਪਿੱਛੇ ਕੀਤੇ ਹੋਏ ਸਨ ਤੇ ਉਹਨਾਂ ਨੂੰ ਲਗਾਤਾਰ ਰਗੜੀ ਜਾ ਰਿਹਾ ਸੀ ਤੇ ਆਪਣੀਆਂ ਲੰਮੀਆਂ ਵਿੰਗੀਆਂ-ਟੇਢੀਆਂ ਜਕੜ ਪਾਉਣ ਵਾਲੀਆਂ ਉਂਗਲਾਂ ਦੇ ਕੜਾਕੇ ਕਢੀ ਜਾ ਰਿਹਾ ਸੀ। ਇਥੇ ਵੀ, ਆਪਣੇ ਵਰਗੇ ਸੈਂਕੜੇ ਤੇਜ਼-ਤੱਰਾਰ ਆਵਾਰਾਗਰਦਾਂ ਵਿਚ ਵੀ, ਉਹ ਇਕਦਮ ਆਪਣੇ ਵੱਲ ਧਿਆਨ ਖਿੱਚ ਲੈਂਦਾ ਸੀ, ਕਿਉਂਕਿ ਆਪਣੇ ਵਹਿਸ਼ੀ ਪਤਲੇਪਣ ਤੇ ਮੰਤਵ-ਭਰਪੂਰ ਚਾਲ ਕਾਰਨ ਉਹ ਸਤੈਪੀ ਦੇ ਬਾਜ਼ ਦੇ ਨਾਲ ਮਿਲਦਾ ਸੀ, ਜਿਸ ਚਾਲ ਨੇ ਉਸ ਸ਼ਿਕਾਰੀ ਪੰਛੀ ਦੀ ਉਡਾਨ ਵਾਂਗ ਆਪਣੀ ਸਹਿਜ-ਸੁਭਾ ਸ਼ਾਂਤੀ ਦੀ ਦਿੱਖ ਹੇਠ ਖਿਚਾ-ਭਰੀ ਚੌਕਸੀ ਲੁਕਾਈ ਹੁੰਦੀ ਸੀ।

ਜਿਉਂ ਹੀ ਉਹ ਕੋਲੇ ਦੀਆਂ ਟੋਕਰੀਆਂ ਦੇ ਢੇਰ ਦੀ ਛਾਵੇਂ ਬੈਠੇ ਪਾਂਡੀਆਂ ਦੀ ਇਕ ਟੋਲੀ ਤੱਕ ਪੁੱਜਾ ਤਾਂ ਇਕ ਗਿੱਠਾ ਜਿਹਾ ਮੂਰਖਾਂ ਵਰਗੇ ਤੇ ਚਟਾਕਾਂ ਭਰੇ ਮੂੰਹ ਵਾਲਾ ਮੁੰਡਾ ਉਸਨੂੰ ਅੱਗੋਂ ਦੀ ਹੋ ਕੇ ਮਿਲਣ ਲਈ ਉਠਿਆ। ਉਸਦੀ ਧੌਣ ਉਤੇ ਖਰੂੰਢਾਂ ਦੇ ਨਿਸ਼ਾਨ ਸਨ, ਜਿਸ ਤੋਂ ਪਤਾ ਲਗਦਾ ਸੀ ਕਿ ਉਹ ਹੁਣੇ ਹੁਣੇ ਲੜ ਕੇ ਹਟਿਆ ਹੈ। ਉਹ ਚੇਲਕਾਸ਼ ਦੇ ਨਾਲ ਨਾਲ ਕਦਮ ਮਿਲਾ ਕੇ ਚੱਲਣ ਲੱਗਾ ਤੇ ਦੱਬੇ ਸਾਹ ਬੋਲਿਆ:

"ਗੁਦਾਮ ਵਾਲਿਆਂ ਨੂੰ ਕਪੜੇ ਦੀਆਂ ਦੋ ਗੰਢਾਂ ਨਹੀਂ ਲਭਦੀਆਂ, ਉਹ ਢੂੰਡ ਰਹੇ ਨੇ।"

"ਫੇਰ?" ਚੇਲਕਾਸ਼ ਨੇ ਆਪਣੀ ਨਜ਼ਰ ਉਸ ਉਤੇ ਦੌੜਾਉਂਦਿਆਂ ਆਰਾਮ ਨਾਲ ਪੁਛਿਆ।

"'ਫੇਰ' ਤੋਂ ਤੇਰਾ ਕੀ ਮਤਲਬ? ਮੈਂ ਕਹਿਨਾ ਉਹ ਢੂੰਡਦੇ ਫਿਰਦੇ ਨੇ, ਹੋਰ ਕੀ?"

"ਤੇ ਤੇਰਾ ਮਤਲਬ ਏ ਮੈਂ ਉਹਨਾਂ ਨੂੰ ਲੱਭਣ ਵਿਚ ਮਦਦ ਦਿਆਂ?"

ਤੇ ਚੇਲਕਾਸ਼ ਨੇ ਮੁਸਕ੍ਰਾਉਂਦਿਆਂ ਹੋਇਆਂ ਉਸ ਪਾਸੇ ਵੱਲ ਦੇਖਿਆ ਜਿਥੇ ਗੁਦਾਮ ਸਥਿਤ ਸੀ।

"ਪੈ ਢੱਠੇ ਖੂਹ ਵਿਚ।"

ਮੁੰਡਾ ਵਾਪਸ ਚਲਾ ਗਿਆ।

"ਉਏ, ਠਹਿਰ ਜ਼ਰਾ! ਤੇਰਾ ਇਹ ਸ਼ਿੰਗਾਰ ਕਿਨ੍ਹੇ ਕੀਤੈ? ਕਿਵ ਤੂੰ ਆਪਣਾ ਸਾਈਨਬੋਰਡ ਖ਼ਰਾਬ ਕਰ ਲਿਐ! ਮੀਸ਼ਕਾ ਕਿਧਰੇ ਦੇਖਿਐ?"

"ਬੜੇ ਚਿਰ ਦਾ ਨਹੀਂ ਦੇਖਿਆ," ਮੁੰਡੇ ਨੇ ਮੁੜ ਕੇ ਜਵਾਬ ਦਿਤਾ ਤੇ ਸਾਥੀਆਂ ਨਾਲ ਆ ਰਲਿਆ।

ਜਿਹੜਾ ਵੀ ਕੋਈ ਚੇਲਕਾਸ਼ ਨੂੰ ਮਿਲਦਾ ਸੀ, ਉਸਨੂੰ ਪੁਰਾਣੇ ਜਾਣੂਆਂ ਵਾਂਗ ਦੁਆ-ਸਲਾਮ ਕਰਦਾ ਸੀ, ਤੇ ਉਹ ਭਾਵੇਂ ਹਮੇਸ਼ਾ ਖ਼ੁਸ਼-ਰਹਿਣਾ ਤੇ ਕਾਟਵਾਂ ਹੁੰਦਾ ਸੀ, ਪਰ ਅੱਜ ਉਹਦਾ ਕੁਝ ਰੌ ਖ਼ਰਾਬ ਲਗਦਾ ਸੀ ਤੇ ਉਹ ਬਿਲਕੁਲ ਸੰਖੇਪ ਜੁਆਬ ਦੇ ਰਿਹਾ ਸੀ।

ਸਾਮਾਨ ਦੇ ਢੇਰ ਦੇ ਪਿਛਲੇ ਪਾਸਿਉਂ ਇਕਦਮ ਇਕ ਚੁੰਗੀ ਦਾ ਗਾਰਦ ਆ ਦਿਖਾਈ ਦਿਤਾ—ਗੂੜ੍ਹਾ-ਹਰਾ, ਧੂੜਲਿਬੜਿਆ ਲੜਾਕੇ ਹੋਣ ਦੀ ਹੱਦ ਤੱਕ ਸਿੱਧਾ। ਉਸਨੇ ਵੰਗਾਰਦੇ ਅੰਦਾਜ਼ ਵਿਚ ਚੇਲਕਾਸ਼ ਦਾ ਰਸਤਾ ਰੋਕ ਲਿਆ, ਆਪਣਾ ਖੱਬਾ ਹੱਥ ਆਪਣੇ ਛੁਰੇ ਦੀ ਮੁੱਠੀ ਉਤੇ ਰਖ ਲਿਆ ਤੇ ਆਪਣਾ ਸੱਜਾ ਹੱਥ ਚੇਲਕਾਸ਼ ਨੂੰ ਕਾਲਰ ਤੋਂ ਫੜਨ ਦੀ ਕੋਸ਼ਿਸ਼ ਵਿਚ ਵਧਾਇਆ।

"ਰੁਕ ਜਾ! ਕਿਧਰ ਚਲਿਐਂ?"

ਚੇਲਕਾਸ਼ ਇਕ ਕਦਮ ਪਿੱਛੇ ਹਟ ਗਿਆ, ਆਪਣੀਆਂ ਅੱਖਾਂ ਗਾਰਦ ਦੇ ਲਾਲ ਮੂੰਹ ਵੱਲ ਚੁੱਕੀਆਂ ਤੇ ਖ਼ੁਸ਼ਕ ਜਿਹਾ ਮੁਸਕ੍ਰਾਇਆ।

ਗਾਰਦ ਨੇ ਆਪਣੇ ਲਾਲ, ਚਤਰ ਪਰ ਸਦਭਾਵੀ ਚਿਹਰੇ ਉਤੇ ਸਖ਼ਤ ਹਾਵ-ਭਾਵ ਲਿਆਉਣ ਦੀ ਕੋਸ਼ਿਸ਼ ਕੀਤੀ: ਗਲ੍ਹਾਂ ਫੁਲਾ ਲਈਆਂ ਤੇ ਲਾਲ ਕਰ ਲਈਆਂ, ਭੱਰਵਟੇ ਸੁੰਗੇੜ ਲਏ, ਉਸਦੀਆਂ ਅੱਖਾਂ ਘੁੰਮਣ ਲਗੀਆਂ ਤੇ ਸਮੁੱਚੇ ਤੌਰ ਉਤੇ ਪ੍ਰਭਾਵ ਬੇਹਦ ਹਾਸੋਹੀਣਾ ਪੈਣ ਲਗਾ।

"ਮੈਂ ਤੈਨੂੰ ਇਸ ਵਾਰ ਕਹਿ ਦਿਤਾ ਹੋਇਐ ਕਿ ਬੰਦਰਗਾਹ ਵੱਲ ਆਉਣ ਦੀ ਹਿੰਮਤ ਨਾ ਕਰੀਂ, ਨਹੀਂ ਤਾਂ ਮੈਂ ਤੇਰੀਆਂ ਪੱਸਲੀਆਂ ਤੋੜ ਦਿਆਂਗਾ! ਤੇ ਤੂੰ ਫਿਰ ਇਥੇ ਪਿਆ ਫਿਰਦੈਂ?" ਗਾਰਦ ਕੜਕ ਕੇ ਬੋਲਿਆ।

"ਕੀ ਹਾਲ ਐ, ਸੇਮੀਓਨਿਚ! ਬੜੀ ਦੇਰ ਤੋਂ ਨਹੀਂ ਮਿਲੇ," ਅਡੋਲ ਚੇਲਕਾਸ਼ ਆਪਣਾ ਹੱਥ ਅੱਗੇ ਵਧਾਉਂਦਾ ਹੋਇਆ ਬੋਲਿਆ।

"ਹੋਰ ਸੌ ਸਾਲ ਨਾ ਮਿਲਾਂ ਤਾਂ ਕੀ ਫ਼ਰਕ ਪੈਂਦੈ! ਚੱਲ, ਚੱਲ!"

ਪਰ ਤਾਂ ਵੀ ਸੇਮੀਓਨਿਚ ਨੇ ਵਧਿਆ ਹੱਥ ਮਿਲਾ ਲਿਆ।

"ਮੈਨੂੰ ਬੱਸ ਇਕ ਗੱਲ ਦਸ," ਸੇਮੀਓਨਿਚ ਦਾ ਹੱਥ ਆਪਣੀਆਂ ਫ਼ੌਲਾਦੀ ਉਂਗਲੀਆਂ ਵਿਚ ਘੁਟਦਿਆਂ ਤੇ ਇਸਨੂੰ ਦੋਸਤਾਨਾ ਤਰੀਕੇ ਨਾਲ ਹਿਲਾਉਂਦਿਆਂ ਚੇਲਕਾਸ਼ ਨੇ ਗੱਲ ਜਾਰੀ ਰਖੀ। "ਮੀਸ਼ਕਾ ਨਹੀਂ ਦੇਖਿਆ ਕਿਧਰੇ?"

"ਕਿਹੜਾ ਮੀਸ਼ਕਾ? ਮੈਂ ਕਿਸੇ ਮੀਸ਼ਕੇ ਨੂੰ ਨਹੀਂ ਜਾਣਦਾ। ਚੱਲਦਾ ਹੋ, ਭਾਊ, ਔਧਰ ਨੂੰ! ਜੇ ਗਦਾਮ ਦੇ ਚੌਕੀਦਾਰ ਨੇ ਕਿਧਰੇ ਦੇਖ ਲਿਆ ਤਾਂ..."

"ਉਹ ਲਾਲ-ਸਿਰਾ, ਜਿਸਦੇ ਨਾਲ ਪਿਛਲੀ ਵਾਰੀ ਮੈਂ "ਕੋਸਤਰੋਮਾ" ਉਤੇ ਕੰਮ ਕਰਦਾ ਰਿਹਾਂ," ਚੇਲਕਾਸ਼ ਡਟਿਆ ਰਿਹਾ।

"ਜਿਥੇ ਤੁਸੀਂ ਇਕੱਠੇ ਚੋਰੀ ਕਰਦੇ ਰਹੇ ਹੋ, ਤੂੰ ਕਹਿਣਾ ਚਾਹੁੰਦੈਂ! ਹਸਪਤਾਲ ਲੈ ਗਏ ਨੇ ਉਹਨੂੰ, ਮੀਸ਼ਕੇ ਤੇਰੇ ਨੂੰ—ਕਿਸੇ ਲੋਹੇ ਨਾਲ ਲੱਤ ਫੇਹ ਲਈ ਸੂ। ਇਥੋਂ ਚਲਾ ਜਾ, ਮੈਂ ਤੈਨੂੰ ਸੱਚ ਕਹਿਨਾਂ, ਮਤਾਂ ਗਲਮਿਉਂ ਫੜ ਕੇ ਲਿਜਾਣਾ ਪਵੇ!"

"ਦੇਖ ਹੁਣ ਤੂੰ! ਆਪੇ ਤੂੰ ਕਿਹਾ ਸੀ ਤੂੰ ਕਿਸੇ ਮੀਸ਼ਕੇ ਨੂੰ ਨਹੀਂ ਜਾਣਦਾ। ਪਰ ਤੂੰ ਜਾਣਦੈਂ। ਤੂੰ ਕਿਉਂ ਏਨਾ ਚਿੜਚਿੜਾ ਹੋ ਗਿਐਂ, ਸੇਮੀਓਨਿਚ?"

"ਗੱਲਾਂ ਨਾ ਮਾਰ, ਤੇ ਚੱਲਦਾ ਹੋ!"

ਗਾਰਦ ਨੂੰ ਗ਼ੁੱਸਾ ਚੜ੍ਹਨਾ ਸ਼ੁਰੂ ਹੋ ਗਿਆ; ਉਸਨੇ ਆਸੇ-ਪਾਸੇ ਤੱਕਿਆ ਤੇ ਆਪਣਾ ਹੱਥ ਛੁਡਾਉਣ ਦੀ ਕੋਸ਼ਿਸ਼ ਕੀਤੀ, ਪਰ ਚੇਲਕਾਸ਼ ਨੇ ਇਹ ਫੜੀ ਰਖਿਆ, ਤੇ ਆਪਣੇ ਮੋਟੇ ਮੋਟੇ ਭਰਵੱਟਿਆਂ ਹੇਠੋਂ ਉਸ ਵੱਲ ਸ਼ਾਂਤੀ ਨਾਲ ਦੇਖਦਾ ਹੋਇਆ ਗੱਲਾਂ ਕਰੀ ਗਿਆ:

"ਕਾਹਲੀ ਕਾਹਦੀ ਏ? ਤੇਰੇ ਨਾਲ ਦੋ ਗੱਲਾਂ ਕਰਕੇ ਚਲਾ ਜਾਵਾਂਗਾ। ਕੀ ਹਾਲ ਏ? ਕਿਵੇਂ ਰਹਿ ਰਿਹੈਂ? ਬੀਵੀ ਕਿਦਾਂ ਏ, ਬੱਚੇ ਕਿਦਾਂ ਨੇ? ਠੀਕ ਠਾਕ ਨੇ?" ਉਸਦੀਆਂ ਅੱਖਾਂ ਚਮਕ ਰਹੀਆਂ ਸਨ ਤੇ ਉਸਦੇ ਦੰਦ ਲਿਸ਼ਕਦੇ ਨਜ਼ਰ ਪਏ ਜਦੋਂ ਉਸਨੇ ਠੱਠਾ ਉਡਾਉਂਦੀ ਮੁਸਕ੍ਰਾਹਟ ਨਾਲ ਗਲ ਅਗੇ ਵਧਾਈ ਰਲਾਇਆ: "ਕਿੰਨੇ ਚਿਰ ਤੋਂ ਸੋਚ ਰਿਹਾ ਸਾਂ ਤੈਨੂੰ ਮਿਲਣ ਆਵਾਂ, ਪਰ ਵਿਹਲ ਹੀ ਨਹੀਂ ਮਿਲਦੀ—ਦਰ-ਅਸਲ ਪੀਣਾ ਨਹੀਂ ਛੱਡਦਾ..."

"ਬੱਸ ਕਰ! ਬੱਸ ਕਰ! ਠੱਠਾ ਨਾ ਕਰ, ਹੱਡਲ ਸ਼ੈਤਾਨ! ਮੈਂ, ਭਾਊ, ਤੈਨੂੰ ਠੀਕ ਕਹਿਨਾਂ! ਪਰ ਸ਼ਾਇਦ ਤੇਰੀ ਫੇਰ ਘਰਾਂ ਨੂੰ ਸੰਨ੍ਹਾਂ ਲਾਉਣ ਦੀ ਤੇ ਗਲੀਆਂ ਬਾਜ਼ਾਰਾਂ ਵਿਚ ਲੋਕਾਂ ਨੂੰ ਲੁੱਟਣ ਦੀ ਮਰਜ਼ੀ ਊ?"

"ਕਾਹਦੇ ਲਈ? ਤੂੰ ਤੇ ਮੈਂ ਏਥੇ ਕੰਮ ਕਰਦੇ ਰਹੀਏ ਤਾਂ ਸਾਰੀ ਉਮਰ ਨਾ ਮੁੱਕੇ। ਸਹੁੰ ਰੱਬ ਦੀ, ਏਨਾਂ ਕੰਮ ਏ ਇਥੇ, ਸੇਮੀਓਨਿਚ! ਸੁਣਿਐ ਤੂੰ ਕਪੜਿਆਂ ਦੀਆਂ ਦੋ ਗੰਡਾਂ ਪੰਡਾਂ ਹੋਰ ਖਿਸਕਾ ਲਈਐਂ? ਧਿਆਨ ਰਖੀਂ, ਕਿਤੇ ਮੁਸੀਬਤ ਵਿਚ ਨਾ ਫਸ ਜਾਈਂ!"

ਸੇਮੀਓਨਿਚ ਗ਼ੁਸੇ ਨਾਲ ਕੰਬਣ ਲਗਾ ਤੇ ਜਦੋਂ ਉਸਨੇ ਆਪਣੇ ਗ਼ੁਸੇ ਨੂੰ ਲਫ਼ਜ਼ਾਂ ਵਿਚ ਜ਼ਾਹਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਦੇ ਮੂੰਹ ਵਿਚੋਂ ਥੁੱਕ ਉੱਡਣ ਲਗੀ। ਚੇਲਕਾਸ਼ ਨੇ ਉਸਦਾ ਹੱਥ ਛੱਡ ਦਿਤਾ ਤੇ ਆਰਾਮ ਨਾਲ ਆਪਣੀਆਂ ਲੰਮੀਆਂ ਲੱਤਾਂ ਨਾਲ ਪਲਾਂਘਾਂ ਭਰਦਾ ਬੰਦਰਗਾਹ ਦੇ ਗੇਟਾਂ ਤੱਕ ਚਲਾ ਗਿਆ। ਗਾਰਦ ਉਸਨੂੰ ਬੁਰਾ-ਭਲਾ ਕਹਿੰਦਾ ਹੋਇਆ ਉਸਦੇ ਮਗਰ ਮਗਰ ਤੁਰੀ ਆਇਆ।

ਚੇਲਕਾਸ਼ ਹੁਣ ਚੰਗੇਰੇ ਰੌਂ ਵਿਚ ਸੀ; ਉਸਨੇ ਆਪਣੇ ਦੰਦਾਂ ਵਿਚੋਂ ਸੀਟੀ ਨਾਲ ਕੋਈ ਧੁਨ ਕਢੀ, ਆਪਣੇ ਹੱਥ ਆਪਣੀਆਂ ਜੇਬਾਂ ਵਿਚ ਪਾ ਲਏ, ਚਾਲ ਹੌਲੀ ਕਰ ਲਈ ਤੇ ਸੱਜੇ ਖੱਬੇ ਮਜ਼ਾਕ ਕਰਨ ਲਗਾ ਤੇ ਹੱਸਣ ਲਗਾ। ਉਸ ਨਾਲ ਵੀ ਅਗੋਂ ਉਸੇ ਤਰ੍ਹਾਂ ਹੋਣ ਲਗਾ।

"ਜ਼ਰਾ ਵੇਖ, ਗਰੀਸ਼ਕਾ, ਮਾਲਕ ਤੇਰਾ ਕਿੰਨਾਂ ਖ਼ਿਆਲ ਰਖਦੇ ਨੇ!" ਇਕ ਪਾਂਡੀ ਬੋਲਿਆ, ਜਿਹੜਾ ਖਾਣੇ ਤੋਂ ਪਿਛੋਂ ਆਰਾਮ ਕਰ ਰਿਹਾ ਸੀ ਤੇ ਆਪਣੇ ਸਾਥੀਆਂ ਸਮੇਤ ਜ਼ਮੀਨ ਉਤੇ ਨਿੱਸਲ ਹੋਇਆ ਹੋਇਆ ਸੀ।

"ਸੇਮੀਓਨਿਚ ਵੇਖ ਰਿਹੈ ਕਿ ਮੈਂ ਨੰਗੇ ਪੈਰ ਕਿਧਰੇ ਕਿਸੇ ਕਿੱਲ ਉਤੇ ਨਾ ਰਖ ਲਵਾਂ," ਚੇਲਕਾਸ਼ ਨੇ ਜਵਾਬ ਦਿਤਾ।

ਉਹ ਦਰਵਾਜ਼ਿਆਂ ਤਕ ਆ ਗਏ। ਦੋ ਸਿਪਾਹੀਆਂ ਨੇ ਚੇਲਕਾਸ਼ ਨੂੰ ਟਟੋਲਿਆ ਤੇ ਉਸਨੂੰ ਬਾਜ਼ਾਰ ਵੱਲ ਧੱਕ ਦਿਤਾ।

ਉਸਨੇ ਸੜਕ ਪਾਰ ਕੀਤੀ ਤੇ ਸ਼ਰਾਬ ਦੇ ਠੇਕੇ ਦੇ ਸਾਮ੍ਹਣੇ ਪਾਸੇ ਇਕ ਥੜ੍ਹੇ ਉਤੇ ਜਾ ਬੈਠਾ। ਬੰਦਰਗਾਹ ਦੇ ਗੇਟਾਂ ਵਿਚੋਂ ਲੱਦੇ ਹੋਏ ਗੱਡਿਆਂ ਦੀ ਇਕ ਕਤਾਰ ਗੜ-ਗੜ ਕਰਦੀ ਬਾਹਰ ਆਈ, ਜਦੋਂ ਕਿ ਖ਼ਾਲੀ ਗੱਡਿਆਂ ਦੀ ਇਕ ਕਤਾਰ ਅੰਦਰ ਗਈ; ਉਹਨਾਂ ਦੇ ਗਾਡੀਵਾਨ ਆਪਣੀਆਂ ਸੀਟਾਂ ਉਤੇ ਭੜਕ ਰਹੇ ਸਨ। ਬੰਦਰਗਾਹ ਵਿਚੋਂ ਆਵਾਜ਼ਾਂ ਦੀ ਗਰਜ ਤੇ ਮਿੱਟੀ-ਘੱਟੇ ਦੇ ਬੱਦਲ ਆ ਰਹੇ ਸਨ, ਜਿਹੜੇ ਪਿੰਡੇ ਨਾਲ ਚਮੜਦੇ ਜਾਂਦੇ।

ਇਸ ਪਾਗਲਾਂ ਵਾਲੀ ਗੜਬੜ ਵਿਚਕਾਰ ਚੇਲਕਾਸ਼ ਆਪਣੇ ਪੂਰੇ ਰੌਂ ਵਿਚ ਸੀ। ਉਸ ਰਾਤ ਉਸਨੂੰ ਚੰਗਾ ਮਾਲ ਹੱਥ ਲੱਗਣ ਦੀ ਉਮੀਦ ਸੀ, ਜਿਸ ਮਾਲ ਲਈ ਉਸਨੂੰ ਬਹੁਤੀ ਕੋਸ਼ਿਸ਼ ਨਹੀਂ ਸੀ ਕਰਨੀ ਪੈਣੀ, ਪਰ ਬਹੁਤ ਹੁਸ਼ਿਆਰੀ ਦੀ ਲੋੜ ਸੀ। ਉਸਨੂੰ ਯਕੀਨ ਸੀ ਕਿ ਹੁਸ਼ਿਆਰੀ ਉਸ ਵਿਚ ਬਹੁਤ ਸੀ, ਤੇ ਉਸਨੇ ਆਪਣੀਆਂ ਅੱਖਾਂ ਖ਼ੁਸ਼ੀ ਨਾਲ ਸੁੰਗੇੜ ਲਈਆਂ ਜਦੋਂ ਉਸਨੇ ਮਨ ਹੀ ਮਨ ਵਿਚ ਸੋਚਿਆ ਕਿ ਭਲਕ ਨੂੰ ਉਹ ਆਪਣੇ ਸਾਰੇ ਬੈਂਕ-ਨੋਟ ਕਿਵੇਂ ਖ਼ਰਚ ਕਰੇਗਾ। ਉਸਨੂੰ ਆਪਣੇ ਯਾਰ ਮੀਸ਼ਕਾ ਦਾ ਖ਼ਿਆਲ ਆਇਆ। ਉਸਨੂੰ ਉਹਦੀ ਅੱਜ ਰਾਤ ਬਹੁਤ ਲੋੜ ਸੀ, ਤੇ ਉਹ ਸੀ ਕਿ ਆਪਣੀ ਲੱਤ ਤੁੜਵਾ ਕੇ ਬੈਠ ਗਿਆ ਸੀ। ਚੇਲਕਾਸ਼ ਆਪਣੇ ਆਪ ਉਤੇ ਗ਼ੁਸੇ ਹੋਣ ਲੱਗਾ, ਇਹ ਸੋਚਦਿਆਂ ਕਿ ਉਹ ਇਕੱਲਾ ਇਸ ਕੰਮ ਨੂੰ ਨਹੀਂ ਨਜਿੱਠ ਸਕੇਗਾ। ਮੌਸਮ ਕਿਹੋ ਜਿਹਾ ਹੋਵੇਗਾ ? ਉਸਨੇ ਆਕਾਸ਼ ਵੱਲ ਨਜ਼ਰ ਮਾਰੀ, ਤੇ ਫਿਰ ਬਾਜ਼ਾਰ ਵੱਲ।

ਉਸ ਤੋਂ ਛੇ ਕੁ ਕਦਮਾਂ ਦੀ ਵਿੱਥ ਉਤੇ, ਆਪਣੀ ਪਿੱਠ ਖੰਭੇ ਨਾਲ ਜੋੜ ਕੇ ਪਟੜੀ ਉਤੇ ਇਕ ਮੁੰਡਾ ਬੈਠਾ ਸੀ, ਜਿਸਨੇ ਘਰ ਦੀ ਬਣੀ ਕਮੀਜ਼ ਤੇ ਪਤਲੂਨ ਪਾਈ ਹੋਈ ਸੀ, ਪੈਰਾਂ ਵਿਚ ਦਰਖ਼ਤ ਦੀ ਛਾਲ ਦੀ ਜੁੱਤੀ ਤੇ ਪਾਟੀ ਹੋਈ ਭੂਰੀ

ਟੋਪੀ ਸਿਰ ਉਤੇ ਪਾਈ ਹੋਈ ਸੀ। ਉਸਦੇ ਕੋਲ ਹੀ ਇਕ ਛੋਟਾ ਜਿਹਾ ਝੋਲਾ ਤੇ ਦਸਤੇ ਤੋਂ ਬਿਨਾਂ ਦਾਤਰੀ ਪਈ ਸੀ ਜਿਹੜੀ ਤੂੜੀ ਵਿਚ ਲਪੇਟੀ ਤੇ ਬੜੀ ਸੁਥਰੀ ਤਰ੍ਹਾਂ ਰੱਸੀ ਨਾਲ ਬੰਨ੍ਹੀ ਹੋਈ ਸੀ। ਮੁੰਡਾ ਤਕੜਾ ਸੀ, ਚੌੜੀ ਛਾਤੀ, ਕੱਕੇ ਵਾਲ, ਚਿਹਰਾ ਧੁੱਪ ਤੇ ਹਵਾ ਨਾਲ ਸੰਵਲਾਇਆ ਹੋਇਆ, ਤੇ ਮੋਟੀਆਂ ਮੋਟੀਆਂ ਨੀਲੀਆਂ ਅੱਖਾਂ, ਜਿਹੜੀਆਂ ਚੇਲਕਾਸ਼ ਵੱਲ ਦੋਸਤਾਨਾ ਢੰਗ ਨਾਲ ਇਕ-ਟੱਕ ਵੇਖੀ ਜਾ ਰਹੀਆਂ ਸਨ।

ਚੇਲਕਾਸ਼ ਨੇ ਦੰਦ ਵਿਖਾਏ, ਜੀਭ ਬਾਹਰ ਕਢੀ, ਡਰਾਉਣਾ ਮੂੰਹ ਬਣਾਇਆ ਤੇ ਅੱਖਾਂ ਪਾੜ ਕੇ ਜਵਾਬ ਵਿਚ ਵੇਖਣ ਲਗਾ।

ਪਹਿਲਾਂ ਤਾਂ ਮੁੰਡਾ ਹੈਰਾਨ ਹੋ ਕੇ ਅੱਖਾਂ ਝਮਕਣ ਲੱਗਾ, ਫੇਰ ਉਹ ਖਿੜਖਿੜਾ ਕੇ ਹੱਸ ਪਿਆ; ਉਹ ਹੱਸੀ ਜਾ ਰਿਹਾ ਸੀ ਤੇ ਨਾਲੇ ਵਿਚ ਵਿਚ ਕਹੀ ਜਾ ਰਿਹਾ ਸੀ: "ਕਿਆ ਅਜੀਬ ਆਦਮੀ ਹੈ!" ਨਾਲ ਹੀ ਘੱਟੇ ਦੇ ਉਪਰ ਆਪਣਾ ਝੋਲਾ ਘਸੀਟਦਾ ਤੇ ਦਾਤਰੀ ਦੀ ਨੋਕ ਨਾਲ ਪੱਥਰਾਂ ਦੇ ਉਪਰ ਖੜਾਕ ਕਰਦਾ ਉਹ ਬਿਨਾਂ ਉਠਿਆਂ ਉਸ ਥੜ੍ਹੇ ਕੋਲ ਆਇਆ ਜਿਥੇ ਚੇਲਕਾਸ਼ ਬੈਠਾ ਸੀ।

"ਕਿਉਂ, ਭਾਊ, ਪੀਂਦਾ ਰਿਹਾ ਲਗਦੈਂ, ਖ਼ੂਬ!" ਉਹ ਚੇਲਕਾਸ਼ ਦੀ ਪਤਲੂਨ ਨੂੰ ਖਿੱਚਦਾ ਹੋਇਆ ਬੋਲਿਆ।

"ਹਾਂ, ਕੁਝ ਅਜਿਹਾ ਹੀ ਸੀ, ਬੱਚੂ, ਅਜਿਹਾ ਹੀ," ਮੁਸਕ੍ਰਾਉਂਦਿਆਂ ਹੋਇਆਂ ਚੇਲਕਾਸ਼ ਨੇ ਮੰਨਿਆ। ਉਹ ਇਕਦਮ ਇਸ ਚੰਗੇ ਸਿਹਤਮੰਦ, ਚੰਗੇ ਸੁਭਾ ਵਾਲੇ ਮੁੰਡੇ ਵੱਲ ਖਿਚਿਆ ਗਿਆ ਸੀ, ਜਿਸਦੀਆਂ ਬੱਚਿਆਂ ਵਰਗੀਆਂ ਚਮਕਦੀਆਂ ਅੱਖਾਂ ਸਨ। "ਘਾਹ ਕੱਟਦਾ ਰਿਹੈਂ?"

"ਹਾਂ, ਘਾਹ ਕੱਟਿਐ, ਪਰ ਪੈਸੇ ਨਹੀਂ ਬਣੇ। ਮਾੜੇ ਸਮੇਂ ਨੇ। ਕਦੀ ਤੁਹਾਨੂੰ ਏਨੇ ਲੋਕ ਨਹੀਂ ਸਨ ਦਿਸੇ! ਇਹ ਸਾਰੇ ਕਾਲ-ਮਾਰੇ ਇਲਾਕਿਆਂ ਤੋਂ ਦੌੜ ਕੇ ਇਥੇ ਆਏ ਨੇ। ਏਨੇ ਕੁ ਪੈਸਿਆਂ ਲਈ ਕੰਮ ਕਰਨ ਦਾ ਕੋਈ ਮਤਲਬ ਹੀ ਨਹੀਂ। ਕੂਬਾਨ ਵਿਚ ਸੱਠ ਕੋਪੇਕ ਮਿਲਦੇ ਨੇ, ਜ਼ਰਾ ਸੋਚ! ਕਹਿੰਦੇ ਨੇ ਉਹ ਤਿੰਨ ਜਾਂ ਚਾਰ ਰੂਬਲ, ਸਗੋਂ ਪੰਜ ਤੱਕ ਵੀ ਦੇਂਦੇ ਹੁੰਦੇ ਸਨ।"

"ਦੇਂਦੇ ਹੁੰਦੇ ਸਨ! ਉਹ ਸਿਰਫ਼ ਕਿਸੇ ਰੂਸੀ 'ਤੇ ਝਾਤੀ ਮਾਰਨ ਦੇ ਤਿੰਨ ਰੂਬਲ ਦੇ ਦੇਂਦੇ ਹੁੰਦੇ ਸਨ! ਦੱਸ ਸਾਲ ਪਹਿਲਾਂ ਮੈਂ ਏਸੇ ਤਰ੍ਹਾਂ ਤਾਂ ਰੋਜ਼ੀ ਕਮਾਉਂਦਾ ਰਿਹਾਂ। ਮੈਂ ਕਿਸੇ ਕੱਜ਼ਾਕ ਪਿੰਡ ਵਿਚ ਜਾਂਦਾ—'ਮੈਂ ਰੂਸੀ ਜੇ, ਲੋਕੋ!'—ਤੇ ਇਕਦਮ ਮੇਰੇ ਦੁਆਲੇ ਭੀੜ ਇਕੱਠੀ ਹੋ ਜਾਂਦੀ। ਉਹ ਮੈਨੂੰ ਚੂੰਢੀਆਂ ਵਢਦੇ, ਉਂਗਲਾਂ ਖੋਭਦੇ, ਹੂ-ਹੂ ਹਾ-ਹਾ, ਤੇ ਤਿੰਨ ਰੂਬਲ ਦੇ ਦੇਂਦੇ। ਖਾਣਾ ਪੀਣਾ ਨਾਲ ਵਾਧੂ ਦਾ, ਤੇ ਰਹੀ ਜਾਹ ਜਿੰਨਾਂ ਚਿਰ ਚਾਹੇਂ!"

ਪਹਿਲਾਂ ਤਾਂ ਉਸਦੇ ਗੋਲ ਚਿਹਰੇ ਉਤੇ ਅਚੰਭੇ-ਭਰੀ ਪ੍ਰਸ਼ੰਸਾ ਦਾ ਪ੍ਰਗਟਾਅ ਆ ਗਿਆ ਤੇ ਉਹਦਾ ਮੂੰਹ ਖੁਲ੍ਹੇ ਦਾ ਖੁਲ੍ਹਾ ਰਹਿ ਗਿਆ, ਪਰ ਜਦੋ ਉਸਨੂੰ ਸਮਝ ਆਈ ਕਿ ਚੇਲਕਾਸ਼ ਮਖ਼ੌਲ ਕਰ ਰਿਹਾ ਹੈ, ਤਾਂ ਉਸਨੇ ਆਪਣਾ ਮੂੰਹ ਬੰਦ ਕਰ ਲਿਆ, ਤੇ ਫਿਰ ਖਿੜਖਿੜਾ ਕੇ ਹੱਸ ਪਿਆ। ਚੇਲਕਾਸ਼ ਨੇ ਆਪਣਾ ਮੂੰਹ ਗੰਭੀਰ ਬਣਾਈ ਰਖਿਆ ਤੇ ਆਪਣੀ ਮੁਸਕਾਨ ਆਪਣੀਆਂ ਮੁੱਛਾਂ ਵਿਚ ਲੁਕਾ ਲਈ।

"ਅਜੀਬ ਸ਼ੈ ਏਂ ਤੂੰ, ਇੰਝ ਗੱਲ ਕਰਦੈਂ ਜਿਵੇਂ ਸਭ ਸੱਚ ਹੋਵੇ, ਤੇ ਮੈਂ ਸੁਣੀਂ ਜਾਨਾਂ ਤੇ ਯਕੀਨ ਕਰੀ ਜਾਨਾਂ। ਨਹੀਂ, ਸਹੁੰ ਰੱਬ ਦੀ, ਪਹਿਲਾਂ ਤਾਂ..."

"ਨਾ, ਤੇ ਕੀ? ਮੈਂ ਇਹੀ ਤਾਂ ਕਹਿ ਰਿਹਾਂ ਕਿ ਪਹਿਲਾਂ ਤਾਂ..."

"ਠਹਿਰ ਤਾਂ ਸਹੀ!" ਮੁੰਡੇ ਨੇ ਹੱਥ ਹਿਲਾਉਂਦਿਆਂ ਕਿਹਾ। "ਤੂੰ ਮੋਚੀ ਏਂ? ਕਿ ਦਰਜ਼ੀ? ਕਿ ਕੀ?"

"ਮੈਂ ਕੀ ਹਾਂ?" ਚੇਲਕਾਸ਼ ਨੇ ਮੁੜ ਕੇ ਪੁਛਿਆ ਤੇ ਜ਼ਰਾ ਕੁ ਸੋਚ ਕੇ ਬੋਲਿਆ, "ਮੈਂ ਮਾਛੀ..."

"ਮਾਛੀ? ਜ਼ਰਾ ਸੋਚੋ, ਮੱਛੀਆਂ ਫੜਦਾ ਹੁੰਦੈਂ?"

"ਮੱਛੀਆਂ ਕਿਉਂ? ਇਥੋਂ ਦੇ ਮਾਛੀ ਸਿਰਫ਼ ਮੱਛੀਆਂ ਨਹੀਂ ਫੜਦੇ। ਵਧੇਰੇ ਉਹ ਲਾਸ਼ਾਂ, ਪੁਰਾਣੇ ਲੰਗਰ, ਡੁੱਬੀਆਂ ਬੇੜੀਆਂ ਫੜਦੇ ਨੇ। ਇਹੋ ਜਿਹੀਆਂ ਚੀਜ਼ਾਂ ਫੜਨ ਲਈ ਖ਼ਾਸ ਕੁੰਡੇ ਹੁੰਦੇ ਨੇ।"

"ਝੂਠ ਬੋਲ ਰਿਹੈਂ, ਫੇਰ!... ਤੂੰ ਕਿਤੇ ਉਹਨਾਂ ਮਾਛੀਆਂ ਵਿਚੋਂ ਤਾਂ ਨਹੀਂ ਜਿਹੜੇ ਗੌਂਦੇ ਹੁੰਦੇ ਨੇ—

ਸੁੱਕੇ ਤੱਟਾਂ ਉਤੇ
ਅਸੀਂ ਸੁੱਟੀਏ ਜਾਲ
ਜਾਂ ਜਿਥੇ ਦਰ ਹੋਵੇ ਖੁਲ੍ਹਾ
ਜਾਂ ਪਿਆ ਹੋਵੇ ਢੇਰ ਮਾਲ!

"ਕਦੀ ਇਹੋ ਜਿਹਾ ਮਾਛੀ ਮਿਲਿਆ ਈ?" ਮੁੰਡੇ ਨੂੰ ਘੋਖਵੀਆਂ ਨਜ਼ਰਾਂ ਨਾਲ ਵੇਖਦਿਆਂ ਤੇ ਮੁਸਕ੍ਰਾਉਂਦਿਆਂ ਚੇਲਕਾਸ਼ ਨੇ ਪੁਛਿਆ।

"ਨਹੀਂ, ਪਰ ਮੈਂ ਉਹਨਾਂ ਬਾਰੇ ਸੁਣਿਆ ਹੋਇਐ।"

"ਪਸੰਦ ਨੇ?"

"ਕੌਣ, ਉਸ ਤਰ੍ਹਾਂ ਦੇ ਲੋਕ? ਕਿਉਂ ਨਹੀਂ? ਘਟੋ-ਘਟ ਉਹ ਆਜ਼ਾਦ ਤਾਂ ਨੇ; ਜੋ ਚਾਹੁਣ ਕਰ ਸਕਦੇ ਨੇ।"

"ਆਜ਼ਾਦੀ ਤੋਂ ਤੇਰੇ ਕੀ ਮਤਲਬ? ਤੂੰ, ਇਹਦਾ ਮਤਲਬ, ਆਜ਼ਾਦੀ ਚਾਹੁੰਦੈਂ?"

"ਹਾਂ, ਕਿਉਂ ਨਹੀਂ। ਆਪਣੇ ਮਾਲਕ ਆਪ, ਜਾਓ—ਜਿਥ ਚਾਹੋ, ਕਰੋ—ਜੋ ਚਾਹੋ। ਸਿਰਫ਼ ਜੇ ਤੁਸੀਂ ਆਪਣੇ ਆਪ ਨੂੰ ਸਿਧੇ ਰਖ ਸਕੋ, ਤੇ ਤੁਹਾਡੇ ਗਲ ਵਿਚ ਕੋਈ ਪੱਥਰ ਨਾ ਪੈ ਜਾਣ। ਇਸਨੂੰ ਛੱਡ ਕੇ, ਜਾਓ, ਤੇ ਸਿਵਾਏ ਰੱਬ ਦੇ ਤੇ ਆਪਣੀ ਜ਼ਮੀਰ ਦੇ ਹੋਰ ਕਿਸੇ ਗਲ ਬਾਰੇ ਵੀ ਸੋਚਿਆਂ ਬਿਨਾਂ ਮਜ਼ੇ ਮਾਣੋ।"

ਚੇਲਕਾਸ਼ ਨੇ ਨਫ਼ਰਤ ਨਾਲ ਥੁੱਕਿਆ ਤੇ ਮੂੰਹ ਮੋੜ ਲਿਆ।

"ਇਸ ਸਮੇਂ ਦਾ ਮੇਰਾ ਹਾਲ ਸੁਣ ਲੈ," ਉਹ ਬੋਲਦਾ ਗਿਆ। "ਮੇਰਾ ਪਿਓ ਚਲਦਾ ਹੋਇਆ, ਬਿਨਾਂ ਕੁਝ ਵੀ ਛਡਿਆਂ, ਮੇਰੀ ਮਾਂ ਬੁਢੀ ਏ, ਜ਼ਮੀਨ ਸੋਕੇ ਦਾ ਸ਼ਿਕਾਰ। ਮੈਂ ਕੀ ਕਰਾਂ? ਆਖ਼ਰ ਜੀਣਾ ਤਾਂ ਪੈਣਾ ਹੀ ਹੈ, ਪਰ ਕਿਸ ਤਰ੍ਹਾਂ? ਕੁਝ ਪਤਾ ਨਹੀਂ। ਇਕ ਚੰਗੇ ਘਰ ਮੇਰਾ ਰਿਸ਼ਤਾ ਹੋ ਸਕਦੈ। ਠੀਕ ਹੈ। ਜੇ ਉਹ ਆਪਣੀ ਧੀ ਨੂੰ ਉਸਦਾ ਹਿੱਸਾ ਦੇ ਦੇਣ ਤਾਂ। ਪਰ ਨਹੀਂ, ਸਹੁਰਾ ਚੰਡਾਲ ਇਹ ਕਰਨ ਨੂੰ ਤਿਆਰ ਨਹੀਂ। ਮੈਨੂੰ ਉਹਦੇ ਲਈ ਕੰਮ ਕਰਨਾ ਪਵੇਗਾ, ਤੇ ਕਿੰਨਾਂ ਹੀ ਚਿਰ। ਕਈ ਸਾਲ। ਸੋ, ਇਹ ਗੱਲ ਏ। ਸਿਰਫ਼ ਜੇ ਕਿਧਰੇ ਮੇਰੇ ਹੱਥ ਡੇਢ ਸੌ ਰੂਬਲ ਲਗ ਜਾਣ ਤਾਂ ਇਸੇ ਵਕਤ ਮੈਂ ਜਾ ਉਹਦੇ ਪਿਓ ਸਾਮ੍ਹਣੇ ਜਾ ਡਟਾਂ ਤੇ ਕਹਾਂ: 'ਆਪਣੀ ਮਾਰਫ਼ਾ ਮੇਰੇ ਨਾਲ ਵਿਆਹੇਂਗਾ? ਨਹੀਂ? ਨਾ ਸਹੀ, ਰੱਬ ਦੀ ਦਯਾ ਨਾਲ ਪਿੰਡ ਵਿਚ ਉਹੀ ਇਕ ਕੁੜੀ ਨਹੀਂ।' ਸੋ ਮਤਲਬ ਕੀ ਕਿ ਮੈਂ ਬਿਲਕੁਲ ਆਜ਼ਾਦ ਹੋਵਾਂਗਾ, ਆਪਣਾ ਮਾਲਕ ਆਪ। ਹਾਂ-ਆਂ", ਮੁੰਡੇ ਨੇ ਠੰਡਾ ਸਾਹ ਭਰਿਆ। "ਪਰ ਹੁਣ ਲਗਦੈ ਕਿ ਹੋਰ ਕੋਈ ਚਾਰਾ ਨਹੀਂ, ਸਿਵਾਏ ਉਥੇ ਰਿਸ਼ਤਾ ਕਰਨ ਦੇ। ਮੈਂ ਸੋਚਿਆ ਸੀ ਕਿ ਮੈਂ ਕੂਬਾਨ ਤੋਂ ਸੌ ਦੋ ਸੌ ਕਮਾ ਲਿਆਵਾਂਗਾ ਤੇ ਬੱਸ, ਫਿਰ ਮੈਂ ਇਜ਼ੱਤਦਾਰ ਬਣ ਜਾਵਾਂਗਾ। ਪਰ ਮੈਂ ਫੁੱਟੀ ਕੌਡੀ ਨਹੀਂ ਕਮਾ ਸਕਿਆ। ਹੁਣ ਮੈਨੂੰ ਮੁਜ਼ਾਰਾ ਹੀ ਬਨਣਾ ਪਏਗਾ। ਕਦੀ ਵੀ ਮੇਰੇ ਕੋਲ ਆਪਣਾ ਖੇਤ ਨਹੀਂ ਹੋਵੇਗਾ। ਸੋ ਇਹ ਨੇ ਗੱਲਾਂ! ਹਾ-ਹਾ!"

ਮੁੰਡਾ ਸਚਮੁਚ ਉਸ ਆਦਮੀ ਦਾ ਜਵਾਈ ਬਨਣਾ ਨਹੀਂ ਸੀ ਚਾਹੁੰਦਾ। ਉਸਦਾ ਮੂੰਹ ਵੀ ਉਦਾਸੀ ਨਾਲ ਝੌਂ ਗਿਆ। ਉਹ ਜ਼ਮੀਨ ਉਤੇ ਬੈਠਾ ਬੈਠਾ ਪਾਸੇ ਮਾਰਨ ਲੱਗਾ।

"ਤੇ ਹੁਣ ਕਿਧਰ ਨੂੰ ਜਾ ਰਿਹੈਂ?" ਚੇਲਕਾਸ਼ ਨੇ ਪੁਛਿਆ।

"ਘਰ ਨੂੰ—ਹੋਰ ਕਿਧਰ?"

"ਮੈਨੂੰ ਕੀ ਪਤਾ, ਹੋ ਸਕਦੈ ਤੂੰ ਤੁਰਕੀ ਹੀ ਨਾ ਚਲਿਆ ਹੋਵੇਂ..."

"ਤੁ-ਰ-ਕੀ!" ਮੁੰਡਾ ਕਹਿ ਉਠਿਆ। "ਕਿਹੜਾ ਇਮਾਨਦਾਰ ਇਸਾਈ ਕਦੀ ਤੁਰਕੀ ਜਾਏਗਾ? ਕੀ ਗੱਲ ਕੀਤੀ ਉ।"

"ਤੂੰ ਤਾਂ ਉੱਲੂ ਏਂ," ਚੇਲਕਾਸ਼ ਬੁੜਬੁੜਾਇਆ ਤੇ ਮੁੜਕੇ ਮੂੰਹ ਫੇਰ ਲਿਆ। ਤਾਂ ਵੀ ਇਸ ਸਿਹਤਮੰਦ ਪੇਂਡੂ ਮੁੰਡੇ ਨੇ ਉਸਦੇ ਅੰਦਰ ਕੁਝ ਜਗਾ ਦਿਤਾ ਸੀ...

ਉਸਦੇ ਅੰਦਰ ਧੁੰਦਲੇ ਜਿਹੇ ਅਸੰਤੋਖ ਦੀ ਭਾਵਨਾ ਹੌਲੀ ਹੌਲੀ ਰੂਪ ਧਾਰਦੀ ਜਾ ਰਹੀ ਸੀ ਤੇ ਇਹ ਗੱਲ ਉਸਨੂੰ ਉਸ ਕੰਮ ਉਪਰ ਆਪਣਾ ਧਿਆਨ ਕੇਂਦਰਿਤ

ਕਰਨ ਤੇ ਉਸ ਬਾਰੇ ਸੋਚਣ ਵਿਚ ਖ਼ਲਲ ਪਾਉਂਦੀ ਸੀ, ਜਿਹੜਾ ਕੰਮ ਉਸ ਰਾਤ ਕਰਨਾ ਜ਼ਰੂਰੀ ਸੀ।

ਚੇਲਕਾਸ਼ ਦੇ ਲਫ਼ਜ਼ਾਂ ਨੂੰ ਭੈੜਾ ਮਨਾਉਂਦਿਆਂ ਮੁੰਡਾ ਆਪਣੇ ਆਪ ਵਿਚ ਕੁਝ ਬੁੜਬੁੜਾਇਆ ਤੇ ਟੇਢੀਆਂ ਨਜ਼ਰਾਂ ਨਾਲ ਉਸ ਆਵਾਰਾ ਆਦਮੀ ਵੱਲ ਵੇਖਣ ਲਗਾ। ਉਸਨੇ ਹਾਸੋਹੀਣੇ ਢੰਗ ਨਾਲ ਗਲ੍ਹਾਂ ਫੁਲਾਈਆਂ ਹੋਈਆਂ ਸਨ, ਬੁਲ੍ਹ ਲਮਕਾਏ ਹੋਏ ਸਨ ਤੇ ਆਪਣੀਆਂ ਸੁੰਗੇੜੀਆਂ ਹੋਈਆਂ ਅੱਖਾਂ ਨੂੰ ਜਲਦੀ ਜਲਦੀ ਝਮਕ ਰਿਹਾ ਸੀ। ਸਾਫ਼ ਸੀ ਕਿ ਉਸਨੂੰ ਉਮੀਦ ਨਹੀਂ ਸੀ ਕਿ ਇਸ ਮੁੱਛਾਂ ਵਾਲੇ ਆਵਾਰਾ ਚੀਥੜੇਪੋਸ਼ ਨਾਲ ਉਸਦੀ ਗੱਲਬਾਤ ਏਨੀ ਜਲਦੀ ਤੇ ਏਨੀ ਅਸੰਤੋਖਜਨਕ ਢੰਗ ਨਾਲ ਖ਼ਤਮ ਹੋ ਜਾਇਗੀ।

ਚੀਥੜੇਪੋਸ਼ ਨੇ ਉਸ ਵੱਲ ਹੋਰ ਧਿਆਨ ਨਾ ਦਿਤਾ। ਉਸਦਾ ਧਿਆਨ ਕਿਸੇ ਹੋਰ ਪਾਸੇ ਲੱਗਾ ਹੋਇਆ ਸੀ, ਜਦੋਂ ਕਿ ਉਹ ਆਪਣੇ ਆਪ ਵਿਚ ਸੀਟੀਆਂ ਮਾਰਦਾ ਤੇ ਪੈਰ ਦੇ ਗੰਦੇ ਅੰਗੂਠੇ ਨਾਲ ਤਾਲ ਦੇਂਦਾ ਹੋਇਆ ਉਥੇ ਪਟੜੀ ਦੇ ਪਥਰ ਉਤੇ ਬੈਠਾ ਸੀ।

ਮੁੰਡਾ ਉਸ ਨਾਲ ਹਿਸਾਬ ਬਰਾਬਰ ਕਰਨਾ ਚਾਹੁੰਦਾ ਸੀ।

"ਏ, ਮਾਛੀ! ਅਕਸਰ ਦੌਰ ਚਲਦੇ ਹੁੰਦੇ ਨੇ?" ਉਸਨੇ ਗੱਲ ਸ਼ੁਰੂ ਕੀਤੀ, ਪਰ ਉਸੇ ਵੇਲੇ ਮਾਛੀ ਨੇ ਜਲਦੀ ਨਾਲ ਉਸ ਵੱਲ ਮੂੰਹ ਕੀਤਾ ਤੇ ਉਸਨੂੰ ਪੁੱਛਣ ਲਗਾ:

"ਸੁਣ, ਬਚੂੰਗੜੇ! ਅੱਜ ਰਾਤ ਮੇਰੇ ਨਾਲ ਕੰਮ ਕਰਨਾ ਚਾਹੁੰਦੈਂ? ਜਲਦੀ ਬੋਲ!"

"ਕਿਸ ਤਰ੍ਹਾਂ ਦਾ ਕੰਮ?" ਮੁੰਡੇ ਨੇ ਬੇਯਕੀਨੀ ਜਿਹੀ ਵਿਚ ਪੁਛਿਆ।

"ਕਿਸ ਤਰ੍ਹਾਂ ਦਾ ਕੀ? ਜਿਸ ਤਰ੍ਹਾਂ ਦਾ ਵੀ ਮੈਂ ਤੈਨੂੰ ਦੇਵਾਂ। ਮੱਛੀਆਂ ਫੜਨ ਚੱਲਾਂਗੇ। ਤੂੰ ਚੱਪੂ ਚਲਾਏਂਗਾ।"

"ਓ, ਇਹ ਤਾਂ ਮੈਂ ਕਰਨ ਨੂੰ ਤਿਆਰ ਹਾਂ, ਆਖ਼ਰ ਕੰਮ ਤਾਂ ਕਰਨਾ ਹੀ ਹੈ। ਪਰ ਤੂੰ ਕਿਤੇ ਮੈਨੂੰ ਮੁਸੀਬਤ ਵਿਚ ਨਾ ਫਸਾ ਦੇਵੀਂ। ਤੂੰ ਅਜੀਬ ਆਦਮੀ ਏਂ, ਤੇਰਾ ਕੀ ਪਤਾ..."

ਚੇਲਕਾਸ਼ ਦਾ ਜਿਵੇਂ ਦਿਲ ਸੜਨ ਲਗਾ।

"ਐਵੇਂ ਨਾ ਉਹਨਾਂ ਗੱਲਾਂ ਬਾਰੇ ਬਕੀ ਜਾਹ ਜਿਹੜੀਆਂ ਤੇਰੀ ਖੋਪੜੀ ਵਿਚ ਨਹੀਂ ਪੈਂਦੀਆਂ," ਉਹ ਠੰਢੇ ਕੀਨੇ ਨਾਲ ਬੋਲਿਆ। "ਮੈਂ ਇਕ ਧਰਾਂਗਾ ਕਰਾਰੀ ਤੇਰੀ ਖੋਪੜੀ ਉਤੇ ਤੇ ਫੇਰ ਭਾਵੇਂ ਉਸ ਵਿਚ ਚਾਨਣਾ ਹੋਵੇ।"

ਉਹ ਪਟੜੀ ਤੋਂ ਛਾਲ ਮਾਰ ਕੇ ਖੜਾ ਹੋ ਗਿਆ, ਉਸਦੀਆਂ ਅੱਖਾਂ ਚਮਕ ਰਹੀਆਂ ਸਨ, ਖੱਬੇ ਹੱਥ ਨਾਲ ਉਹ ਮੁੱਛ ਨੂੰ ਤਾ ਦੇ ਰਿਹਾ ਸੀ, ਤੇ ਸੱਜੇ ਹੱਥ ਨੂੰ ਉਸਨੇ ਸਖ਼ਤ ਤੇ ਉਭਰੀਆਂ ਨਸਾਂ ਵਾਲੇ ਮੁੱਕੇ ਵਿਚ ਵੱਟਿਆ ਹੋਇਆ ਸੀ।

ਮੁੰਡਾ ਡਰ ਗਿਆ। ਉਸਨੇ ਤੇਜ਼ ਤੇਜ਼ ਆਸ-ਪਾਸ ਨਜ਼ਰ ਮਾਰੀ ਤੇ ਫਿਰ, ਘਬਰਾਹਟ ਵਿਚ ਅੱਖਾਂ ਝਮਕਦਾ ਹੋਇਆ, ਉਹ ਵੀ ਭੁੜਕ ਕੇ ਉਠ ਖਲੋਤਾ। ਦੋਵੇਂ ਜਣੇ ਚੁਪ-ਚਾਪ ਇਕ ਦੂਜੇ ਨੂੰ ਆਪਣੀਆਂ ਅੱਖਾਂ ਨਾਲ ਮਾਪਦੇ ਹੋਏ ਉਥੇ ਖੜੇ ਰਹੇ।

"ਅੱਛਾ?" ਚੇਲਕਾਸ਼ ਕਰੱਖ਼ਤ ਢੰਗ ਨਾਲ ਬੋਲਿਆ। ਉਹ ਅੰਦਰੋਂ ਖੌਲ ਰਿਹਾ ਸੀ, ਉਸ ਬੇਇਜ਼ਤੀ ਨਾਲ ਉਸਦਾ ਅੰਗ ਅੰਗ ਫਰਕਣ ਲਗ ਪਿਆ ਸੀ ਜਿਹੜੀ ਇਸ ਢੱਗੇ ਨੇ ਉਸਦੀ ਕੀਤੀ ਸੀ, ਜਿਸਨੂੰ ਉਹ ਹੁਣ ਤੱਕ ਘਿਨਾਉਣੀ ਚੀਜ਼ ਸਮਝਦਾ ਰਿਹਾ ਸੀ, ਪਰ ਜਿਸਨੂੰ ਹੁਣ ਉਹ ਆਪਣੀ ਸਾਰੀ ਆਤਮਾ ਨਾਲ ਨਫ਼ਰਤ ਕਰਦਾ ਸੀ ਕਿਉਂਕਿ ਉਸਦੀਆਂ ਅੱਖਾਂ ਏਨੀਆਂ ਸਾਫ਼ ਨੀਲੀਆਂ ਸਨ, ਉਸਦਾ ਚਿਹਰਾ ਏਨਾ ਸਿਹਤਮੰਦ ਤੇ ਸੰਵਲਾਇਆ ਹੋਇਆ ਸੀ, ਉਸਦੀਆਂ ਬਾਹਵਾਂ ਨਿਕੀਆਂ ਪਰ ਮਜ਼ਬੂਤ ਸਨ; ਕਿਉਂਕਿ ਉਸਦਾ ਕੋਈ ਆਪਣਾ ਪਿੰਡ ਵੀ ਸੀ ਤੇ ਉਥੇ ਇਕ ਘਰ ਵੀ ਸੀ, ਤੇ ਕਿਸੇ ਰੱਜੇ-ਪੁੱਜੇ ਕਿਸਾਨ ਦਾ ਜਵਾਈ ਬਨਣ ਦੀ ਉਸ ਸਾਮ੍ਹਣੇ ਪੇਸ਼ਕਸ਼ ਵੀ ਸੀ; ਉਹ ਉਸਦੇ ਸਾਰੇ ਬੀਤੇ ਤੇ ਸਾਰੇ ਭਵਿਖ ਦੇ ਜੀਵਨ ਕਰਕੇ ਉਸਨੂੰ ਨਫ਼ਰਤ ਕਰਦਾ ਸੀ, ਪਰ ਸਭ ਤੋਂ ਜ਼ਿਆਦਾ ਨਫ਼ਰਤ ਉਹ ਉਸਨੂੰ ਇਸ ਕਰਕੇ ਕਰਦਾ ਸੀ ਕਿ ਉਹ, ਜਿਹੜਾ ਕਿ ਚੇਲਕਾਸ਼ ਦੇ ਮੁਕਾਬਲੇ ਉਤੇ ਇਕ ਬੱਚਾ ਜਿਹਾ ਸੀ, ਆਜ਼ਾਦੀ ਨੂੰ ਪਿਆਰਨ ਦੀ ਹਿੰਮਤ ਕਰਦਾ ਸੀ, ਜਿਸਦੀ ਨਾ ਉਹ ਕਦਰ ਜਾਣਦਾ ਸੀ, ਨਾ ਹੀ ਜਿਸਦੀ ਉਸਨੂੰ ਲੋੜ ਸੀ। ਇਹ ਪਤਾ ਲਗਣਾ ਹਮੇਸ਼ਾ ਹੀ ਅਸੁਖਾਵੀਂ ਗੱਲ ਹੁੰਦੀ ਹੈ ਕਿ ਉਹ ਆਦਮੀ, ਜਿਸਨੂੰ ਤੁਸੀਂ ਆਪਣੇ ਤੋਂ ਨੀਵਾਂ ਤੇ ਭੈੜਾ ਸਮਝਦੇ ਹੋ, ਬਿਲਕੁਲ ਉਹਨਾਂ ਹੀ ਚੀਜ਼ਾਂ ਨੂੰ ਪਸੰਦ ਜਾਂ ਨਫ਼ਰਤ ਕਰਦਾ ਹੈ, ਜਿਨ੍ਹਾਂ ਨੂੰ ਤੁਸੀਂ ਕਰਦੇ ਹੋ, ਤੇ ਇਸ ਤਰ੍ਹਾਂ ਉਹ ਤੁਹਾਡੇ ਨਾਲ ਕੁਝ ਮਿਲਦਾ ਜੁਲਦਾ ਹੈ।

ਮੁੰਡੇ ਨੇ ਚੇਲਕਾਸ਼ ਵੱਲ ਵੇਖਿਆ ਤੇ ਪਛਾਣ ਗਿਆ ਕਿ ਇਹ ਬੰਦਾ ਮਾਲਕ ਬਨਣ ਦੀਆਂ ਸਿਫ਼ਤਾਂ ਰਖਦਾ ਹੈ।

"ਮੈਨੂੰ ਕੀ ਇਤ... ਰਾਜ਼ ਹੋ ਸਕਦੈ," ਉਹ ਬੋਲਿਆ। "ਆਖ਼ਰ ਮੈਂ ਕੰਮ ਹੀ ਤਾਂ ਲਭਦਾ ਫਿਰਦਾਂ। ਕੀ ਫ਼ਰਕ ਪੈਂਦੈ, ਮੈਂ ਤੇਰੇ ਲਈ ਕੰਮ ਕਰਾਂ ਜਾਂ ਕਿਸੇ ਹੋਰ ਲਈ। ਮੈਂ ਤਾਂ ਇਹ ਸਿਰਫ਼ ਇਸ ਲਈ ਕਿਹਾ ਸੀ ਕਿ... ਖ਼ੈਰ, ਤੂੰ ਕੋਈ ਬਹੁਤ ਕਾਮਾ ਕਿਸਮ ਦਾ ਬੰਦਾ ਨਹੀਂ ਦਿਸਦਾ। ਤੂੰ ਏਨਾ... ਖੁਥੜ ਏਂ। ਪਰ ਮੈਨੂੰ ਪਤੈ ਇਹ ਗੱਲ ਤਾਂ ਕਿਸੇ ਨਾਲ ਵੀ ਵਾਪਰ ਸਕਦੀ ਹੈ। ਧਰਮ ਨਾਲ, ਮੈਂ ਭਲਾ ਪਹਿਲਾਂ ਕਦੀ ਸ਼ਰਾਬੀ ਨਹੀਂ ਵੇਖੇ? ਕਿੰਨੇ ਸਾਰੇ! ਕਈ ਤਾਂ ਤੇਰੇ ਨਾਲੋਂ ਵੀ ਭੈੜੀ ਹਾਲਤ ਵਿਚ।"

"ਚੱਲ ਠੀਕ ਏ, ਠੀਕ ਏ। ਸੋ ਰਜ਼ਾਮੰਦ ਹੈਂ?" ਚੇਲਕਾਸ਼ ਨੇ ਜ਼ਰਾ ਕੁ ਨਰਮ ਹੁੰਦਿਆਂ ਮੁੜ ਪੁਛਿਆ।

"ਰਜ਼ਾਮੰਦ ਹਾਂ! ਖ਼ੁਸ਼ੀ ਨਾਲ! ਦਸ ਕੀ ਦੇਵੇਂਗਾ।"

"ਮੇਰੇ ਨਾਲ ਤਾਂ ਜੈਸਾ ਕਾਮ ਵੈਸਾ ਦਾਮ। ਜਿੰਨਾਂ ਕੰਮ ਹੋ ਗਿਆ। ਹੋ ਸਕਦੈ ਤੈਨੂੰ ਪੰਜ ਰੂਬਲ ਹੀ ਮਿਲਣ।"

ਹੁਣ ਜਦ ਕਿ ਗੱਲ ਪੈਸਿਆਂ ਦੀ ਚੱਲ ਰਹੀ ਸੀ ਤਾਂ ਕਿਸਾਨ ਮੁੰਡਾ ਠੀਕ ਠੀਕ ਜਾਣਨਾ ਚਾਹੁੰਦਾ ਸੀ, ਤੇ ਉਸ ਬੰਦੇ ਤੋਂ ਵੀ ਕੁਝ ਠੀਕ ਠੀਕ ਦਸਣ ਦੀ ਮੰਗ ਕਰਦਾ ਸੀ ਜਿਸਨੇ ਉਸਨੂੰ ਕੰਮ ਦੇਣਾ ਸੀ। ਇਕ ਵਾਰੀ ਫਿਰ ਉਸਦੇ ਮਨ ਵਿਚ ਸ਼ੰਕੇ ਤੇ ਡਰ ਪੈਦਾ ਹੋ ਗਏ।

"ਇਹ ਨਹੀਂ ਮੈਨੂੰ ਪੁਜਣਾ, ਭਾਊ।"

ਚੇਲਕਾਸ਼ ਨੇ ਆਪਣਾ ਹੱਥ ਖੇਡਿਆ।

"ਚੱਲ ਹੁਣ ਇਹਦੇ ਬਾਰੇ ਗੱਲਾਂ ਛੱਡ। ਚੱਲ ਪਹਿਲਾਂ ਸ਼ਰਾਬਖ਼ਾਨੇ ਚੱਲੀਏ।"

ਤੇ ਉਹ ਗਲੀ ਵਿਚ ਨਾਲੋਂ ਨਾਲ ਚੱਲਣ ਲਗੇ, ਚੇਲਕਾਸ਼ ਆਪਣੀਆਂ ਮੁੱਛਾਂ ਨੂੰ ਮਾਲਕਾਂ ਵਾਂਗ ਤਾ ਦੇ ਰਿਹਾ ਸੀ; ਤੇ ਮੁੰਡਾ ਉਸਦੇ ਹੇਠਾਂ ਕੰਮ ਕਰਨ ਲਈ ਪੂਰੀ ਤਰ੍ਹਾਂ ਤਿਆਰ ਪਰ ਪੂਰੀ ਤਰ੍ਹਾਂ ਡਰ ਤੇ ਬੇਵਿਸ਼ਵਾਸੀ ਦੀ ਹਾਲਤ ਵਿਚ ਸੀ।

"ਤੇਰਾ ਨਾਂ ਕੀ ਏ?" ਚੇਲਕਾਸ਼ ਨੇ ਪੁਛਿਆ।

"ਗਵਰੀਲਾ," ਮੁੰਡੇ ਨੇ ਜਵਾਬ ਦਿਤਾ।

ਗੰਦੇ, ਧੂੰ ਨਾਲ ਕਲਖਾਏ ਹੋਏ ਸ਼ਰਾਬਖ਼ਾਨੇ ਵਿਚ ਦਾਖ਼ਲ ਹੁੰਦਿਆਂ, ਚੇਲਕਾਸ਼ ਕਾਊਂਟਰ ਤੱਕ ਗਿਆ ਤੇ ਨਿੱਤ ਦੇ ਗਾਹਕ ਵਾਲੇ ਦੇ ਸਹਿਜ-ਸੁਭਾ ਅੰਦਾਜ਼ ਵਿਚ ਵੋਦਕਾ ਦੀ ਇਕ ਬੋਤਲ, ਬੰਦ-ਗੋਭੀ ਦੇ ਸ਼ੋਰਬੇ, ਭੁੱਜੇ ਮਾਸ ਤੇ ਚਾਹ ਲਿਆਉਣ ਲਈ ਕਿਹਾ। ਚੀਜ਼ਾਂ ਮੁੜ ਗਿਣਵਾਉਂਦਿਆਂ ਚੇਲਕਾਸ਼ ਨੇ ਨਾਲ ਹੀ ਕਿਹਾ: "ਸਭ ਉਧਾਰ," ਜਿਸਦੇ ਜਵਾਬ ਵਿਚ ਬਾਰ ਵਾਲੇ ਨੇ ਹਾਂ ਵਿਚ ਸਿਰ ਹਿਲਾਇਆ। ਇਸ ਗੱਲ ਨੇ ਗਵਰੀਲਾ ਦੇ ਮਨ ਵਿਚ ਆਪਣੇ ਮਾਲਕ ਲਈ ਇਕਦਮ ਸਤਿਕਾਰ ਪੈਦਾ ਕਰ ਦਿਤਾ ਜਿਹੜਾ ਆਪਣੀ ਭੈੜੀ ਦਿੱਖ ਦੇ ਬਾਵਜੂਦ, ਪ੍ਰਤੱਖ ਤੌਰ ਉਤੇ ਪ੍ਰਸਿਧ ਸੀ ਤੇ ਉਸ ਉਤੇ ਵਿਸ਼ਵਾਸ ਕੀਤਾ ਜਾਂਦਾ ਸੀ।

"ਹੁਣ ਅਸੀਂ ਕੁਝ ਖਾਵਾਂਗੇ ਤੇ ਨਾਲੇ ਗੱਲ ਨਿਬੇੜਾਂਗੇ। ਤੂੰ ਇਥੇ ਬੈਠ ਤੇ ਮੈਂ ਜ਼ਰਾ ਇਥੋਂ ਨੇੜਿਉਂ ਕਿਧਰੋਂ ਹੋ ਆਵਾਂ।"

ਤੇ ਉਹ ਬਾਹਰ ਚਲਾ ਗਿਆ। ਗਵਰੀਲਾ ਨੇ ਆਸੇ-ਪਾਸੇ ਵੇਖਿਆ। ਸ਼ਰਾਬਖਾਨਾ ਇਕ ਭੋਰੇ ਵਿਚ ਸੀ; ਇਹ ਹਨੇਰਾ ਤੇ ਸਿਲ੍ਹਾ ਸੀ ਤੇ ਵੋਦਕਾ, ਤੰਬਾਕੂ ਦੇ ਧੂੰ, ਲੁੱਕ ਤੇ ਕਿਸੇ ਹੋਰ ਏਨੀ ਹੀ ਤੇਜ਼ ਚੀਜ਼ ਦੀ ਦਮ ਘੁਟਵੀਂ ਬੋ ਨਾਲ ਭਰਿਆ ਪਿਆ ਸੀ। ਲੁੱਕ ਤੇ ਕੋਲੇ ਦੀ ਧੂੜ ਵਿਚ ਲੱਥ-ਪੱਥ, ਲਾਲ ਦਾੜ੍ਹੀ ਵਾਲਾ ਜਹਾਜ਼ ਉਸਦੇ ਸਾਮ੍ਹਣੇ ਪਈ ਮੇਜ਼ ਤੇ ਢੱਠਾ ਪਿਆ ਸੀ। ਹਿਚਕੀਆਂ ਦੇ ਦਰਮਿਆਨ ਉਹ ਕੋਈ ਗੀਤ

ਗੁਣਗੁਣਾ ਰਿਹਾ ਸੀ, ਜਿਹੜਾ ਲਫਜ਼ਾਂ ਦੇ ਟੋਟਿਆਂ ਨੂੰ ਮਿਲਾ ਕੇ ਬਣਿਆ ਹੋਇਆ ਸੀ, ਜਿਹੜੇ ਇਕ ਘੜੀ ਸਾਰੇ ਦੇ ਸਾਰੇ ਕੰਠਵੀ ਧੁਨ ਦੇਂਦੇ ਸਨ ਤੇ ਦੂਜੇ ਪਲ ਊਸ਼ਮੀ। ਜ਼ਾਹਰ ਸੀ ਕਿ ਉਹ ਰੂਸੀ ਨਹੀਂ ਸੀ।

ਉਸਦੇ ਪਿਛਲੇ ਪਾਸੇ ਦੋ ਮੋਲਦਾਵੀ ਔਰਤਾਂ ਸਨ। ਸਾਂਵਲੀਆਂ, ਕਾਲੇ ਵਾਲਾਂ ਵਾਲੀਆਂ, ਲੀਰਾਂ ਪਾਈਆਂ ਹੋਈਆਂ, ਉਹ ਵੀ ਚੀਂ-ਚੀਂ ਕਰਕੇ ਕੋਈ ਸ਼ਰਾਬੀ ਜਿਹਾ ਗੀਤ ਗਾ ਰਹੀਆਂ ਸਨ।

ਪਰਛਾਵਿਆਂ ਵਿਚ ਹੋਰ ਵੀ ਆਕਾਰ ਦਿਸਦੇ ਸਨ, ਸਾਰੇ ਦੇ ਸਾਰੇ ਰੌਲਾ ਪਾਉਂਦੇ, ਬੇਚੈਨ, ਮੰਦੇ ਹਾਲ, ਸ਼ਰਾਬੀ ਹੋਏ ਹੋਏ...

ਗਵਰੀਲਾ ਨੂੰ ਹੌਲ ਪੈਣ ਲਗੇ। ਉਹ ਚਾਹੁੰਦਾ ਸੀ ਕਿ ਮਾਲਕ ਜਲਦੀ ਆ ਜਾਏ! ਸ਼ਰਾਬਖ਼ਾਨੇ ਦੀਆਂ ਆਵਾਜ਼ਾਂ ਮਿਲ ਕੇ ਇਕੋ ਆਵਾਜ਼ ਬਣੀਆਂ ਹੋਈਆਂ ਸਨ, ਤੇ ਇੰਝ ਲਗਦਾ ਸੀ ਕਿ ਜਿਵੇਂ ਇਸ ਪੱਥਰ ਦੇ ਟੋਏ ਵਿਚੋਂ ਨਿਕਲਣ ਦਾ ਵਿਅਰਥ ਸਾਧਨ ਲਭਦਾ ਹੋਇਆ ਕੋਈ ਵੱਡਾ ਸਾਰਾ ਬਹੁ-ਜੀਭਾ ਜਾਨਵਰ ਗਰਜ ਰਿਹਾ ਹੋਵੇ। ਗਵਰੀਲਾ ਨੂੰ ਕੁਝ ਨਸ਼ਾ ਆਪਣੇ ਸ਼ਰੀਰ ਵਿਚ ਰਚਦਾ ਜਾਪਿਆ, ਜਿਸ ਨਾਲ ਉਸਦਾ ਸਿਰ ਚਕਰਾਉਣ ਲੱਗਾ ਤੇ ਡਰਾਉਣੀ ਉਤਸੁਕਤਾ ਨਾਲ ਸ਼ਰਾਬਖ਼ਾਨੇ ਵਿਚ ਘੁੰਮਦੀਆਂ ਹੋਇਆਂ ਉਸਦੀਆਂ ਅੱਖਾਂ ਧੁੰਦਲਾ ਗਈਆਂ।

ਆਖ਼ਰ ਚੇਲਕਾਸ਼ ਵਾਪਸ ਆ ਗਿਆ ਤੇ ਦੋਹਾਂ ਨੇ ਖਾਣਾ ਤੇ ਪੀਣਾ ਤੇ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਵੋਦਕਾ ਦਾ ਤੀਜਾ ਗਲਾਸ ਲੈਣ ਪਿਛੋਂ ਗਵਰੀਲਾ ਨੂੰ ਚੜ੍ਹ ਗਈ। ਉਹ ਖ਼ੁਸ਼ ਖ਼ੁਸ਼ ਮਹਿਸੂਸ ਕਰਨ ਲਗਾ ਤੇ ਆਪਣੇ ਰਾਜਕੁਮਾਰਾਂ ਵਰਗੇ ਮਾਲਕ ਨੂੰ ਕੁਝ ਚੰਗਾ ਚੰਗਾ ਕਹਿਣਾ ਚਾਹੁੰਦਾ ਸੀ ਜਿਸਨੇ ਉਸਨੂੰ ਏਨਾ ਚੰਗਾ ਖਾਣਾ ਖੁਆਇਆ ਸੀ। ਪਰ ਪਤਾ ਨਹੀਂ ਕਿਉਂ, ਜਿਹੜੇ ਲਫ਼ਜ਼ ਉਸਦੇ ਗਲੇ ਤੱਕ ਆਉਂਦੇ ਸਨ, ਉਹ ਜ਼ਬਾਨ ਤੋਂ ਨਹੀਂ ਸਨ ਨਿਕਲਦੇ, ਇਕਦਮ ਮੋਟੇ ਮੋਟੇ ਤੇ ਬੇਕਾਬੂ ਜਿਹੇ ਹੋ ਜਾਂਦੇ ਸਨ।

ਚੇਲਕਾਸ਼ ਨੇ ਨਿਵਾਜਵੀਂ ਜਿਹੀ ਮੁਸਕ੍ਰਾਹਟ ਨਾਲ ਉਸ ਵੱਲ ਦੇਖਿਆ।

"ਬੱਸ, ਚੜ੍ਹ ਗਈ? ਹਟ, ਫੋਸੜ! ਪੰਜ ਗਲਾਸੀਆਂ ਨਾਲ ਹੀ! ਤੂੰ ਰਾਤ ਨੂੰ ਕੰਮ ਕਿਵੇਂ ਕਰੇਂਗਾ?"

"ਓ ਯਾਰ!" ਗਵਰੀਲਾ ਉਖੜਿਆ ਹੋਇਆ ਬੋਲਣ ਲਗਾ। "ਤੂੰ ਡਰ ਨਾ। ਮੈਂ ਤੈਨੂੰ ਕਰ ਕੇ ਵਿਖਾਵਾਂਗਾ। ਆ ਪਹਿਲਾਂ ਤੇਰਾ ਮੂੰਹ ਚੁੰਮਾਂ, ਹੈਂ?"

"ਚੱਲ, ਚੱਲ, ਰਹਿਣ ਦੇ। ਆਹ ਲੈ ਇਕ ਹੋਰ।"

ਗਵਰੀਲਾ ਪੀਂਦਾ ਗਿਆ, ਇਥੋਂ ਤਕ ਆਖ਼ਰ ਉਹ ਅਜਿਹੇ ਨੁਕਤੇ ਉਤੇ ਪਹੁੰਚ ਗਿਆ, ਕਿ ਉਸਨੂੰ ਆਪਣੇ ਦੁਆਲੇ ਬੜੇ ਤਾਲ ਨਾਲ ਲਹਿਰਾਂ ਵਿਚ ਸਭ ਕੁਝ ਹੇਠਾਂ ਉਪਰ ਹੁੰਦਾ ਜਾਪਦਾ ਸੀ। ਇਹ ਸਾਰਾ ਕੁਝ ਅਸੁਖਾਵਾਂ ਸੀ ਤੇ ਉਸਦਾ ਜੀਅ

ਖ਼ਰਾਬ ਕਰ ਰਿਹਾ ਸੀ। ਉਸਦਾ ਚਿਹਰਾ ਮੂਰਖਾਂ ਵਾਲੇ ਢੰਗ ਨਾਲ ਗਭੀਰ ਬਣਿਆ ਹੋਇਆ ਸੀ। ਜਦੋਂ ਵੀ ਉਹ ਕੁਝ ਕਹਿਣ ਦੀ ਕੋਸ਼ਿਸ਼ ਕਰਦਾ, ਉਸਦੇ ਬੁਲ੍ਹ ਹਸਾਉਣੇ ਢੰਗ ਨਾਲ ਇਕ ਦੂਜੇ ਨਾਲ ਵਜਦੇ ਤੇ ਕੁਝ ਬੁੜਬੁੜਾ ਦੇਂਦੇ। ਚੇਲਕਾਸ਼ ਉਸ ਵੱਲ ਇਕ ਟਕ ਵੇਖਦਾ ਹੋਇਆ ਆਪਣੀਆਂ ਮੁੱਛਾਂ ਨੂੰ ਤਾਅ ਦੇ ਰਿਹਾ ਸੀ ਤੇ ਗੰਭੀਰ ਮੁਸਕ੍ਰਾਹਟ ਸੁੱਟ ਰਿਹਾ ਸੀ, ਜਦੋਂ ਕਿ ਉਸਦਾ ਧਿਆਨ ਕਿਸੇ ਹੋਰ ਚੀਜ਼ ਵੱਲ ਲਗਾ ਹੋਇਆ ਸੀ।

ਤੇ ਸ਼ਰਾਬਖ਼ਾਨਾ ਉਸੇਤਰ੍ਹਾਂ ਸ਼ਰਾਬੀਆਂ ਦੇ ਰੌਲੇ ਨਾਲ ਗਰਜ ਰਿਹਾ ਸੀ। ਲਾਲ ਵਾਲਾਂ ਵਾਲਾ ਜਹਾਜ਼ੀ ਆਪਣੀਆਂ ਬਾਹਾਂ ਇਕੱਠੀਆਂ ਕਰਕੇ ਮੇਜ਼ ਉਤੇ ਘੂਕ ਸੁੱਤਾ ਪਿਆ ਸੀ।

"ਚੱਲ ਹੁਣ ਚਲੀਏ," ਚੇਲਕਾਸ਼ ਉਠਦਾ ਹੋਇਆ ਬੋਲਿਆ।

ਗਵਰੀਲਾ ਨੇ ਉੱਠਣ ਦੀ ਕੋਸ਼ਿਸ਼ ਕੀਤੀ, ਪਰ ਨਾ ਉਠ ਸਕਿਆ ਤੇ ਵੱਡੀ ਸਾਰੀ ਗਾਲ੍ਹ ਕਢ ਕੇ ਮੂਰਖਾਂ ਵਾਂਗ ਹੱਸ ਪਿਆ, ਜਿਵੇਂ ਸ਼ਰਾਬੀ ਹਸਦੇ ਹੁੰਦੇ ਨੇ।

"ਇਹ ਤਾਂ ਗਿਆ!" ਚੇਲਕਾਸ਼ ਮੁੜ ਕੇ ਬੈਠਦਾ ਹੋਇਆ ਬੁੜਬੁੜਾਇਆ।

ਗਵਰੀਲਾ ਹੱਸੀ ਗਿਆ ਤੇ ਧੁੰਦਲੀਆਂ ਅੱਖਾਂ ਨਾਲ ਆਪਣੇ ਮਾਲਕ ਵੱਲ ਵੇਖੀ ਗਿਆ, ਜਦੋਂ ਕਿ ਚੇਲਕਾਸ਼ ਇਕ ਟੱਕ, ਤੇਜ਼ ਤੇ ਸੋਚਵਾਨ ਨਜ਼ਰਾਂ ਨਾਲ ਉਸਨੂੰ ਵੇਖਣ ਲਗਾ। ਉਸਨੂੰ ਆਪਣੇ ਸਾਮ੍ਹਣੇ ਅਜਿਹਾ ਆਦਮੀ ਬੈਠਾ ਦਿਸਦਾ ਸੀ ਜਿਸਦੀ ਹੋਣੀ ਉਸਦੇ ਬਘਿਆੜ ਜਿਹੇ ਹੱਥਾਂ ਵਿਚ ਸੀ। ਚੇਲਕਾਸ਼ ਸਮਝ ਗਿਆ ਕਿ ਉਹ ਉਸ ਬੰਦੇ ਨਾਲ ਜੋ ਚਾਹੇ ਕਰ ਸਕਦਾ ਹੈ। ਉਹ ਉਸਨੂੰ ਆਪਣੇ ਹੱਥ ਵਿਚ ਤਾਸ਼ ਦੇ ਪੱਤੇ ਵਾਂਗ ਮਰੋੜ ਸਕਦਾ ਹੈ, ਜਾਂ ਉਹ ਉਸਦੀ ਠੋਸ ਕਿਸਾਨ ਜੀਵਨ ਵੱਲ ਪਰਤਣ ਵਿਚ ਮਦਦ ਕਰ ਸਕਦਾ ਹੈ। ਉਸ ਉਪਰ ਆਪਣੀ ਤਾਕਤ ਤੋਂ ਚੇਤੰਨ ਉਹ ਸੋਚਣ ਲਗਾ ਕਿ ਇਸ ਮੁੰਡੇ ਨੂੰ ਉਸ ਪਿਆਲੇ ਵਿਚੋਂ ਪੀਣਾ ਕਦੀ ਨਹੀਂ ਸੀ ਮਿਲਣਾ ਚਾਹੀਦਾ, ਜਿਹੜਾ ਪਿਆਲਾ ਕਿਸਮਤ ਨੇ ਉਸਨੂੰ, ਚੇਲਕਾਸ਼ ਨੂੰ, ਦਿਤਾ ਸੀ। ਉਸਨੂੰ ਮੁੰਡੇ ਉਤੇ ਰਸ਼ਕ ਵੀ ਆ ਰਿਹਾ ਸੀ, ਤਰਸ ਵੀ; ਉਹ ਉਸਨੂੰ ਨਫ਼ਰਤ ਕਰਦਾ ਸੀ, ਤਾਂ ਵੀ ਉਸਨੂੰ ਇਹ ਸੋਚ ਕੇ ਅਫ਼ਸੋਸ ਹੁੰਦਾ ਸੀ ਕਿ ਹੋ ਸਕਦਾ ਹੈ ਉਹ ਹੋਰਨਾਂ ਹੱਥਾਂ ਵਿਚ ਜਾ ਡਿਗਦਾ, ਜਿਹੜੇ ਉਸਦੇ ਆਪਣੇ ਹੱਥਾਂ ਨਾਲੋਂ ਕੋਈ ਚੰਗੇ ਨਹੀਂ ਸਨ। ਆਖ਼ਰ, ਚੇਲਕਾਸ਼ ਦੇ ਵਖੋ-ਵਖਰੇ ਹਾਵਭਾਵ ਮਿਲ ਕੇ ਇਕੋ ਇਕ ਹਾਵਭਾਵ ਬਣ ਗਏ, ਜਿਹੜਾ ਬਜ਼ੁਰਗਾਨਾ ਵੀ ਸੀ ਤੇ ਅਮਲੀ ਵੀ। ਉਸਨੂੰ ਮੁੰਡੇ ਉਤੇ ਤਰਸ ਆਉਂਦਾ ਸੀ ਤੇ ਉਸਦੀ ਲੋੜ ਵੀ ਸੀ। ਸੋ ਉਸਨੇ ਗਵਰੀਲਾ ਨੂੰ ਬਾਹਵਾਂ ਦੇ ਹੇਠਾਂ ਦੀ ਫੜਿਆ, ਉਠਾਇਆ ਤੇ ਆਪਣੇ ਗੋਡੇ ਨਾਲ ਮਾੜੇ ਮਾੜੇ ਧੱਕੇ ਲਾਉਂਦਾ ਹੋਇਆ, ਉਸਨੂੰ ਸ਼ਰਾਬਖ਼ਾਨੇ ਦੇ ਵਿਹੜੇ ਵਿਚ ਲੈ ਗਿਆ, ਤੇ ਲਕੜਾਂ ਦੇ ਢੇਰ ਦੀ ਛਾਂ ਵਿਚ ਜਾ ਲਿਟਾਇਆ। ਆਪ ਉਹ ਉਸਦੇ ਕੋਲ ਬੈਠ ਗਿਆ ਤੇ ਪਾਈਪ ਪੀਣ ਲਗਾ। ਗਵਰੀਲਾ ਨੇ ਕੁਝ ਪਾਸੇ ਮਾਰੇ, ਜ਼ਰਾ ਕੁ ਹੂੰ-ਹਾਂ ਕੀਤੀ, ਤੇ ਘੂਕ ਸੌਂ ਗਿਆ।

੨

"ਤਿਆਰ ਏਂ ?" ਚੇਲਕਾਸ਼ ਨੇ ਗਵਰੀਲਾ ਨੂੰ ਹੌਲੀ ਜਿਹੀ ਪੁਛਿਆ ਜਿਹੜਾ ਚੱਪੂਆ ਨੂੰ ਕੁਝ ਕਰ ਰਿਹਾ ਸੀ।

"ਇਕ ਮਿੰਟ 'ਚ। ਚੱਪੂ ਫਸਾਉਣ ਵਾਲਾ ਕੁੰਡਾ ਜ਼ਰਾ ਢਿਲੈ। ਚੱਪੂ ਨਾਲ ਜ਼ਰਾ ਠੋਕ ਲਵਾਂ ?"

"ਨਹੀਂ, ਨਹੀਂ। ਜ਼ਰਾ ਵੀ ਖੜਕਾ ਨਹੀਂ ਕਰਨਾ। ਆਪਣੇ ਹੱਥਾਂ ਨਾਲ ਇਹਨੂੰ ਜ਼ੋਰ ਦੀ ਦਬਾ ਦੇ, ਆਪੇ ਟਿਕਾਣੇ ਬੈਠ ਜਾਏਗਾ।"

ਉਹ ਦੋਵੇਂ ਹੀ ਚੁਪ-ਚਾਪ ਇਕ ਬੇੜੀ ਨਾਲ ਰੁਝੇ ਹੋਏ ਸਨ ਜਿਹੜੀ ਬਾਦਬਾਨਾਂ ਵਾਲੀਆਂ ਲਦੂ ਬੇੜੀਆਂ ਵਿਚੋਂ, ਜਿਨ੍ਹਾਂ ਤੇ ਬਲੂਤ ਦੀ ਲੱਕੜ ਲੱਦੀ ਹੋਈ ਸੀ, ਤੇ ਵਡੀਆਂ ਵਡੀਆਂ ਤੁਰਕ ਫੇਲੂਕਾਵਾਂ ਵਿਚੋਂ, ਜਿਨ੍ਹਾਂ ਵਿਚ ਤਾੜ ਅਤੇ ਸੰਦਲ ਦੀਆਂ ਗੇਲੀਆਂ ਲੱਦੀਆਂ ਹੋਈਆਂ ਸਨ, ਇਕ ਦੇ ਮਗਰ ਬੱਝੀ ਹੋਈ ਸੀ।

ਰਾਤ ਹਨੇਰੀ ਸੀ; ਫਟੇ ਬੱਦਲਾਂ ਦੇ ਵਡੇ ਵਡੇ ਟੋਟੇ ਆਕਾਸ਼ ਵਿਚ ਤਰਦੇ ਜਾ ਰਹੇ ਸਨ, ਸਾਗਰ ਸ਼ਾਂਤ ਤੇ ਕਾਲਾ ਤੇ ਤੇਲ ਵਾਂਗ ਭਾਰਾ ਸੀ। ਇਸ ਵਿਚੋਂ ਸਿਲ੍ਹੀ ਜਿਹੀ ਲੂਣੀ ਵਾਸ਼ਨਾ ਆ ਰਹੀ ਸੀ, ਤੇ ਇਹ ਤੱਟ ਨਾਲ ਜਾਂ ਬੇੜੀਆਂ ਦੇ ਪਾਸਿਆਂ ਨਾਲ ਵਜਦਾ ਮਧਮ ਜਿਹੀਆਂ ਆਵਾਜ਼ਾਂ ਪੈਦਾ ਕਰ ਰਿਹਾ ਸੀ, ਤੇ ਇਸ ਉਤੇ ਚੇਲਕਾਸ਼ ਦੀ ਬੇੜੀ ਜ਼ਰਾ ਜ਼ਰਾ ਡੋਲ ਰਹੀ ਸੀ। ਤੱਟ ਤੋਂ ਕੁਝ ਦੂਰ, ਆਕਾਸ਼ ਦੇ ਪਿਛੋਕੜ ਵਿਚ ਜਹਾਜ਼ਾਂ ਦੇ ਕਾਲੇ ਆਕਾਰ ਦਿਸਦੇ ਸਨ, ਉਹਨਾਂ ਦੇ ਮਸਤੂਲਾਂ ਉਤੇ ਰੰਗ-ਬਰੰਗੀਆਂ ਬੱਤੀਆਂ ਲਗੀਆਂ ਹੋਇਆਂ ਸਨ। ਇਹਨਾਂ ਬੱਤੀਆਂ ਦਾ ਪਰਤੌ ਸਾਗਰ ਵਿਚ ਪੈਂਦਾ ਸੀ, ਤੇ ਇਹ ਅਣਗਿਣਤ ਪੀਲੇ ਚਟਾਖ਼ਾਂ ਨਾਲ ਭਰਿਆ ਹੋਇਆ ਸੀ, ਜਿਹੜੇ ਕਾਲੀ ਮਖ਼ਮਲ ਦੇ ਪਿਛੋਕੜ ਵਿਚ ਥਰਕਦੇ ਹੋਏ ਬੜੇ ਸੁਹਣੇ ਲਗਦੇ ਸਨ। ਸਾਗਰ ਉਸੇ ਤਰ੍ਹਾਂ ਘੂਕ ਸੁੱਤਾ ਹੋਇਆ ਸੀ, ਜਿਸਤਰ੍ਹਾਂ ਦਿਹਾੜੀ ਦੇ ਕੰਮ ਪਿਛੋਂ ਥੱਕਿਆ ਹੋਇਆ ਕੋਈ ਕਾਮਾ ਸੌਂਦਾ ਹੈ।

"ਚੱਲ ਚਲੀਏ," ਗਵਰੀਲਾ ਨੇ ਚੱਪੂਆਂ ਨੂੰ ਨਾਣੀ ਵਿਚ ਡੁਬੋਦਿਆਂ ਕਿਹਾ।

"ਚਲ।" ਚੇਲਕਾਸ਼ ਨੇ ਪਤਵਾਰ ਨਾਲ ਜ਼ੋਰ ਜ਼ੋਰ ਦਾ ਧਕਾ ਦੇ ਕੇ ਬੇੜੀ ਨੂੰ ਲਦੂ ਜਹਾਜ਼ਾਂ ਵਿਚਕਾਰ ਪਾਣੀ ਦੀਆਂ ਗਲੀਆਂ ਵਿਚ ਧਕ ਦਿਤਾ। ਇਹ ਪਾਣੀ ਉਤੇ ਤੇਜ਼ੀ ਨਾਲ ਜਾ ਰਹੀ ਸੀ; ਜਿਥੇ ਵੀ ਚੱਪੂ ਪੈਂਦੇ, ਪਾਣੀ ਨੀਲੀ ਜਿਹੀ ਲਿਸ਼ਕ ਮਾਰਦਾ ਤੇ ਬੇੜੀ ਦੇ ਪਿੱਛੇ ਪਿੱਛੇ ਵੀ ਜਿਵੇਂ ਹਲਕਾ ਹਲਕਾ ਚਾਨਣ ਦੇਂਦਾ ਰਿਬਨ ਬਣਦਾ ਜਾ ਰਿਹਾ ਸੀ।

"ਤੇਰੇ ਸਿਰ ਦਾ ਕੀ ਹਾਲ ਏ ? ਅਜੇ ਵੀ ਦੁਖਦੈ ?" ਚੇਲਕਾਸ਼ ਨੇ ਪਿਆਰ ਨਾਲ ਪੁਛਿਆ।

"ਬੁਰੀ ਤਰ੍ਹਾਂ। ਸਿੱਕੇ ਵਾਂਗੂ ਭਾਰੈ। ਹੁਣ ਮੈਂ ਇਸਨੂੰ ਗਿੱਲਾ ਕਰਦਾਂ।"

"ਕਾਹਦੇ ਲਈ? ਆਪਣਾ ਅੰਦਰ ਗਿੱਲਾ ਕਰ, ਛੇਤੀ ਹੀ ਫ਼ਰਕ ਪਵੇਗਾ," ਚੇਲਕਾਸ਼ ਨੇ ਕਿਹਾ ਤੇ ਇਕ ਬੋਤਲ ਉਸ ਵੱਲ ਵਧਾਈ।

"ਆਹਾ, ਰਬ ਦੀ ਸੌਂਹ..."

ਕੁਝ ਗੁੜ-ਗੁੜ ਦੀ ਆਵਾਜ਼ ਆਈ।

"ਕਿਉਂ, ਖ਼ੁਸ਼ ਏਂ? ਬਹੁਤ ਏ, ਬੱਸ ਕਰ!" ਚੇਲਕਾਸ਼ ਨੇ ਰੋਕਿਆ।

ਇਕ ਵਾਰੀ ਫੇਰ ਦੂਜੀਆਂ ਬੇੜੀਆਂ ਦੇ ਵਿਚੋਂ ਰਸਤਾ ਬਣਾਉਂਦੀ ਹੋਈ ਤਿਖੀ ਤੇ ਬੇਆਵਾਜ਼ ਬੇੜੀ ਅਗੇ ਵਧਣ ਲਗੀ। ਇਕਦਮ ਇਹ ਉਹਨਾਂ ਨੂੰ ਪਾਰ ਕਰ ਗਈ ਤੇ ਸਾਗਰ—ਸ਼ਕਤੀਸ਼ਾਲੀ ਅਥਾਹ ਸਾਗਰ—ਦੂਰ ਗੂੜ੍ਹੇ ਨੀਲੇ ਦੁਮੇਲ ਤੱਕ ਫੈਲਿਆ ਹੋਇਆ ਸੀ, ਜਿਥੋਂ ਬੱਦਲਾਂ ਦੇ ਪਹਾੜ ਉਠ ਕੇ ਆਕਾਸ਼ ਵਿਚ ਜਾ ਰਹੇ ਸਨ—ਵੈਂਗਣੀ ਤੇ ਸਲੇਟੀ ਰੰਗ ਦੇ ਬੱਦਲ, ਕੰਢਿਆਂ ਤੋਂ ਰੂੰ ਵਰਗੇ ਤੇ ਪੀਲੇ; ਸਮੁੰਦਰ ਦਾ ਪਾਣੀ ਹਰਾ ਜਿਹਾ; ਐਸੀਆਂ ਉਦਾਸੀ ਭਰੀਆਂ, ਸਿੱਕੇ ਵਰਗੀਆਂ ਘਟਾਵਾਂ, ਜਿਹੜੀਆਂ ਕਾਲੇ ਤੇ ਗ਼ਮਗੀਨ ਪ੍ਰਛਾਵੇਂ ਸੁੱਟ ਰਹੀਆਂ ਸਨ। ਬੱਦਲ ਹੌਲੀ ਹੌਲੀ ਆਕਾਸ਼ ਵਿਚ ਤੁਰ ਰਹੇ ਸਨ, ਕਦੀ ਇਕ ਦੂਜੇ ਦੇ ਨਾਲ ਜਾ ਰਲਦੇ, ਰੂਪ ਤੇ ਰੰਗ ਮਿਲ ਕੇ ਇਕਮਿਕ ਹੋ ਜਾਂਦਾ, ਇਕ ਦੂਜੇ ਦਾ ਖ਼ਾਤਮਾ ਕਰ ਦੇਂਦੇ, ਤੇ ਅਗਲੇ ਪਲ ਨਵੇਂ ਰੂਪ ਧਾਰ ਕੇ ਫਿਰ ਸਾਮ੍ਹਣੇ ਆ ਜਾਂਦੇ, ਗੰਭੀਰ ਤਰ੍ਹਾਂ ਸ਼ਾਨਦਾਰ। ਇਹਨਾਂ ਬੇਜਾਨ ਰੂਪਾਂ ਦੀ ਧੀਮੀ ਹਰਕਤ ਵਿਚ ਕੁਝ ਮਾਰੂ ਜਿਹਾ ਸੀ। ਇੰਝ ਲਗਦਾ ਸੀ ਜਿਵੇਂ ਸਾਗਰ ਦੇ ਕੰਢੇ ਉਤੇ ਉਹਨਾਂ ਦੀ ਬੇਅੰਤ ਗਿਣਤੀ ਇਕੱਠੀ ਹੋਈ ਹੋਈ ਸੀ, ਤੇ ਜਿਵੇਂ ਕਿ ਉਹ ਹਮੇਸ਼ਾ ਹਮੇਸ਼ਾ ਆਕਾਸ਼ ਦੇ ਵਿਚੋਂ ਲੰਘਦੇ ਜਾਣਗੇ, ਆਪਣੀ ਇਸ ਖੋਰੀ ਇੱਛਾ ਦੇ ਪਰੇਰੇ ਹੋਏ, ਕਿ ਆਕਾਸ਼ ਨੂੰ ਆਪਣੀਆਂ ਲੱਖਾਂ ਸੁਨਹਿਰੀ ਅੱਖਾਂ, ਉਹਨਾਂ ਬਹੁ-ਰੰਗੇ ਸਿਤਾਰਿਆਂ ਨਾਲ, ਹੇਠਾਂ ਸੁੱਤੇ ਸਾਗਰ ਵੱਲ ਨਹੀਂ ਵੇਖਣ ਦੇਣਾ, ਜਿਹੜੇ ਸਿਤਾਰੇ ਉਪਰ ਸਜੀਵ ਤਰ੍ਹਾਂ ਤੇ ਗੰਭੀਰ ਲਿਸ਼ਕ ਦੇਂਦੇ ਹੋਏ ਲਟਕੇ ਹੋਏ ਸਨ, ਤੇ ਆਦਮੀਆਂ ਦੇ ਦਿਲਾਂ ਵਿਚ, ਜਿਨ੍ਹਾਂ ਲਈ ਉਹਨਾਂ ਦੀ ਨਿਰਮਲ ਚਮਕ ਇਕ ਕੀਮਤੀ ਚੀਜ਼ ਸੀ, ਉੱਚੀਆਂ ਆਸ਼ਾਵਾਂ ਜਗਾਉਂਦੇ ਸਨ।

"ਸਮੁੰਦਰ ਚੰਗੈ ਨਾ?" ਚੇਲਕਾਸ਼ ਨੇ ਪੁਛਿਆ।

"ਠੀਕ ਐ! ਸਿਰਫ਼ ਮੈਨੂੰ ਜ਼ਰਾ ਡਰ ਲਗਦੈ," ਜ਼ੋਰ ਨਾਲ ਤੇ ਇਕਸਾਰ ਚੱਪੂ ਮਾਰਦਾ ਹੋਇਆ ਗਵਰੀਲਾ ਬੋਲਿਆ। ਚੱਪੂ ਵੱਜਣ ਨਾਲ ਪਾਣੀ ਵਿਚ ਇਕ ਮਧਮ ਜਿਹੀ ਟੁਣਕਾਰ ਤੇ ਥਪਕ ਪੈਦਾ ਹੁੰਦੀ, ਤੇ ਇਹ ਅਜੇ ਵੀ ਉਹ ਹਲਕੀ ਜਿਹੀ ਨੀਲੀ ਲੋ ਦੇ ਰਿਹਾ ਸੀ।

"ਡਰਦੈਂ! ਤੂੰ ਵੀ ਲਲ੍ਹਾ ਈ ਏਂ!" ਠੱਠਾ ਉਡਾਉਂਦਿਆਂ ਚੇਲਕਾਸ਼ ਬੋਲਿਆ।

ਉਹ, ਇਕ ਚੋਰ, ਸਾਗਰ ਨੂੰ ਪਿਆਰ ਕਰਦਾ ਸੀ। ਉਸਦਾ ਨਿਧੜਕ, ਬੇਚੈਨ ਸੁਭਾ, ਹਮੇਸ਼ਾ ਨਵੇਂ ਪ੍ਰਭਾਵਾਂ ਦਾ ਪਿਆਸਾ, ਇਸਦੀਆਂ ਹਨੇਰੀਆਂ ਚੁੜਿਤਣਾਂ ਬਾਰੇ ਸੋਚਣ ਤੋਂ ਕਦੀ ਨਹੀਂ ਸੀ ਅੱਕਿਆਂ, ਜਿਹੜੀਆਂ ਏਨੀਆਂ ਅਸੀਮਤ, ਆਜ਼ਾਦ ਤੇ ਸ਼ਕਤੀਸ਼ਾਲੀ ਸਨ। ਤੇ ਜਿਸ ਸ਼ੈ ਨੂੰ ਉਹ ਪਿਆਰ ਕਰਦਾ ਸੀ, ਉਸਦੀ ਸੁੰਦਰਤਾ ਬਾਰੇ ਸਵਾਲ ਦਾ ਇਸਤਰ੍ਹਾਂ ਦਾ ਜਵਾਬ ਸੁਨਣਾ ਉਸਲਈ ਹੱਤਕ ਵਾਲੀ ਗੱਲ ਸੀ। ਬੇੜੀ ਦੇ ਪਿਛਲੇ ਪਾਸੇ ਬੈਠਾ, ਉਹ ਆਪਣੇ ਪਤਵਾਰ ਨਾਲ ਪਾਣੀ ਨੂੰ ਚੀਰੀ ਜਾ ਰਿਹਾ ਸੀ ਤੇ ਅਡੋਲ ਅੱਗੇ ਵੱਲ ਵੇਖੀ ਜਾ ਰਿਹਾ ਸੀ; ਇਸ ਮਖ਼ਮਲੀ ਤੱਲ ਉਪਰ ਦੂਰ ਦੁਰਾਡੇ ਜਾਣ ਦੀ ਇੱਛਾ ਨੇ ਉਸਨੂੰ ਮੱਲਿਆ ਹੋਇਆ ਸੀ।

ਜਦੋਂ ਵੀ ਉਹ ਸਾਗਰ ਦੇ ਤੱਲ ਉਤੇ ਹੁੰਦਾ, ਹਮੇਸ਼ਾ ਉਸਦੇ ਅੰਦਰ ਨਿਘੀ, ਵਿਸ਼ਾਲ ਭਾਵਨਾ ਪੈਦਾ ਹੋ ਜਾਂਦੀ। ਇਹ ਉਸਦੇ ਸਾਰੇ ਵਜੂਦ ਨੂੰ ਭਰ ਦੇਂਦੀ, ਤੇ ਰੋਜ਼ਾਨਾ ਜ਼ਿੰਦਗੀ ਦਾ ਘਟੀਆਪਣ ਉਸ ਵਿਚੋਂ ਕਢ ਮਾਰਦੀ। ਉਹ ਇਸਦੀ ਕਦਰ ਕਰਦਾ ਸੀ ਤੇ ਲਹਿਰਾਂ ਦੇ ਵਿਚਕਾਰ ਤੇ ਖੁਲ੍ਹੀ ਹਵਾ ਵਿਚ ਆਪਣੇ ਆਪ ਨੂੰ ਚੰਗੇਰਾ ਆਦਮੀ ਵੇਖਣਾ ਉਸਨੂੰ ਚੰਗਾ ਲਗਦਾ ਸੀ, ਜਿਥੇ ਜ਼ਿੰਦਗੀ ਬਾਰੇ ਵਿਚਾਰ ਆਪਣੀ ਕੁੜੱਤਣ ਗੁਆ ਬੈਠਦੇ ਨੇ ਤੇ ਜ਼ਿੰਦਗੀ ਖ਼ੁਦ ਆਪਣਾ ਕੀਮਤ ਗੁਆ ਬਹਿੰਦਾ ਹੈ। ਰਾਤ ਨੂੰ ਸੁੱਤੇ ਸਾਗਰ ਦਾ ਹਲਕਾ ਜਿਹਾ ਸਾਹ ਪਾਣੀਆਂ ਦੇ ਉਪਰੋਂ ਹੌਲੇ ਹੌਲੇ ਚਲਦਾ ਹੈ, ਤੇ ਇਹ ਕਲਾਵੇ ਵਿਚ ਨਾ ਆਉਣ ਵਾਲੀ ਆਵਾਜ਼ ਮਨੁੱਖ ਦੇ ਦਿਲ ਵਿਚ ਚੈਨ ਭਰ ਦੇਂਦੀ ਹੈ, ਇਸਦੇ ਭੈੜੇ ਵੇਗਾਂ ਨੂੰ ਧੱਕ ਕੇ ਬਾਹਰ ਕਢ ਮਾਰਦੀ ਹੈ, ਤੇ ਮਹਾਨ ਸੁਪਨਿਆਂ ਨੂੰ ਜਨਮ ਦੇਂਦੀ ਹੈ।

"ਮੱਛੀਆਂ ਫੜਣ ਦਾ ਸਾਮਾਨ ਕਿਥੇ ਏ?" ਗਵਰੀਲਾ ਨੇ ਉਤਸੁਕਤਾ ਨਾਲ ਬੇੜੀ ਵਿਚ ਝਾਕਦਿਆਂ ਹੋਇਆਂ ਅਚਾਨਕ ਪੁਛਿਆ।

ਚੇਲਕਾਸ਼ ਤ੍ਰਭਕ ਗਿਆ।

"ਮੱਛੀਆਂ ਫੜਣ ਦਾ ਸਾਮਾਨ? ਮੇਰੇ ਕੋਲ ਪਿੱਛੇ।"

ਉਹ ਇਸ ਬਾਲ ਜਿਹੇ ਅਗੇ ਝੂਠ ਨਹੀਂ ਸੀ ਬੋਲਣਾ ਚਾਹੁੰਦਾ ਤੇ ਉਸਨੂੰ ਅਫ਼ਸੋਸ ਹੋਇਆ ਕਿ ਉਸਦੀਆਂ ਸੋਚਾਂ ਤੇ ਭਾਵਨਾਵਾਂ ਵਿਚ ਵਿਘਣ ਪੈ ਗਿਆ ਸੀ। ਉਸਨੂੰ ਗ਼ੁੱਸਾ ਆ ਗਿਆ। ਇਕ ਵਾਰੀ ਫਿਰ ਉਸਨੂੰ ਗਲੇ ਵਿਚ ਤੇ ਛਾਤੀ ਵਿਚ ਅੱਗ ਜਿਹੀ ਦਾ ਅਹਿਸਾਸ ਹੋਣ ਲਗਾ ਤੇ ਉਹ ਖਰ੍ਹਵੀ ਤੇ ਪ੍ਰਭਾਵਸ਼ਾਲੀ ਆਵਾਜ਼ ਵਿਚ ਗਵਰੀਲਾ ਨੂੰ ਕਹਿਣ ਲਗਾ:

"ਸੁਣ, ਜਿੱਥੇ ਹੈਂ, ਬੈਠਾ ਰਹੁ ਤੇ ਆਪਣੇ ਕੰਮ ਨਾਲ ਕੰਮ ਰਖ। ਮੈਂ ਤੈਨੂੰ ਚੱਪੂ ਮਾਰਨ ਲਈ ਲਿਆਂਦੈ, ਸੋ ਤੂੰ ਚੱਪੂ ਮਾਰੀ ਚਲ। ਤੇ ਜੇ ਤੂੰ ਜ਼ਬਾਨ ਨਾਲ ਲੁਤਰ-ਲੁਤਰ ਕੀਤੀ ਤਾਂ ਮਾੜਾ ਹੋਏਗਾ। ਸਮਝਿਆ?"

ਬੇੜੀ ਮਾੜੇ ਜਿਹੇ ਧੱਕੇ ਨਾਲ ਰੁਕ ਗਈ, ਚੱਪੂ ਪਾਣੀ ਦੇ ਉਪਰ ਘਿਸਟਣ ਤੇ ਹਿੱਲਣ ਲਗੇ। ਗਵਰੀਲਾ ਬੇਚੈਨੀ ਵਿਚ ਆਪਣੀ ਥਾਂ ਤੇ ਹਿਲਣ ਲਗਾ।

"ਚੱਪੂ ਮਾਰ।"

ਕਾਟਵੀਂ ਗਾਲ੍ਹ ਹਵਾ ਵਿਚ ਗੂੰਜੀ। ਗਵਰੀਲਾ ਨੇ ਚੱਪੂ ਚੁੱਕੇ ਤੇ ਬੇੜੀ, ਜਿਵੇਂ ਉਹ ਡਰੀ ਹੋਵੇ, ਤੇਜ਼ ਘਬਰਾਏ ਹੋਏ ਝਟਕਿਆਂ ਨਾਲ ਅੱਗੇ ਵਧਣ ਲਗੀ, ਜਿਸ ਨਾਲ ਪਾਣੀ ਥਲ-ਥਲ ਕਰਨ ਲਗਾ।

"ਠੀਕ ਤਰ੍ਹਾਂ!"

ਚੇਲਕਾਸ਼ ਆਪਣਾ ਪਤਵਾਰ ਛੱਡੇ ਬਿਨਾਂ ਅੱਧਾ ਕੁ ਉਠਿਆ ਤੇ ਆਪਣੀਆਂ ਠੰਡੀਆਂ ਅੱਖਾਂ ਗਵਰੀਲਾ ਦੇ ਚਿੱਟੇ ਮੂੰਹ ਉਤੇ ਗੱਡ ਦਿਤੀਆਂ। ਅੱਗੇ ਨੂੰ ਝੁਕਿਆ ਹੋਇਆ ਉਥੇ ਖੜਾ ਉਹ ਝਪਟਾ ਮਾਰਨ ਲਈ ਤਿਆਰ ਬਿੱਲੀ ਵਾਂਗ ਲਗਦਾ ਸੀ। ਉਸਦੇ ਦੰਦ ਕਰੀਚਣ ਦੀ ਆਵਾਜ਼ ਸੁਣੀ ਜਾ ਸਕਦੀ ਸੀ, ਤੇ ਡਰ ਨਾਲ ਹੱਡੀਆਂ ਦੇ ਕੜਕਣ ਦੀ ਆਵਾਜ਼ ਵੀ।

'ਕੌਣ ਚੀਖ ਰਿਹੈ?" ਸਮੁੰਦਰ ਵਲੋਂ ਕਰੜੀ ਆਵਾਜ਼ ਵਿਚ ਕਿਸੇ ਨੇ ਪੁਛਿਆ।

"ਚੱਪੂ ਚਲਾ, ਹਰਾਮੀ, ਚੱਪੂ ਚਲਾ!... ਸ਼ੋਰ ਨਹੀਂ!... ਮੈਂ ਤੈਨੂੰ ਜਾਨੋਂ ਮਾਰ ਦਿਆਂਗਾ, ਕੁੱਤੇ!... ਚੱਲ, ਚੱਪੂ ਚਲਾ! ਇਕ ਦੋ! ਤੂੰ ਆਵਾਜ਼ ਕਢ ਸਹੀ, ਤੇਰੇ ਟੋਟੇ ਟੋਟੇ ਨਾ ਕਰ ਦਿਤੇ ਤਾਂ!" ਚੇਲਕਾਸ਼ ਦੱਬੀ ਆਵਾਜ਼ ਵਿਚ ਬੋਲਿਆ।

"ਹੇ ਪਾਕ ਮਰੀਅਮ, ਯਸੂਹ ਮਸੀਹ ਦੀ ਮਾਂ!" ਡਰ ਨਾਲ ਤੇ ਜ਼ੋਰ ਲਾਉਣ ਕਰਕੇ ਕੰਬਦਾ ਹੋਇਆ ਗਵਰੀਲਾ ਬੁੜਬੁੜਾਇਆ।

ਬੇੜੀ ਚੱਕਰ ਖਾ ਕੇ ਮੁੜੀ ਤੇ ਬੰਦਰਗਾਹ ਵੱਲ ਪਿੱਛੇ ਚਲੀ ਗਈ ਜਿਥੇ ਜਹਾਜ਼ਾਂ ਦੀਆਂ ਬੱਤੀਆਂ ਨੇ ਰੰਗੀਨ ਰੋਸ਼ਨੀਆਂ ਦੇ ਝੁੰਡ ਬਣਾਏ ਹੋਏ ਸਨ ਤੇ ਉਹਨਾਂ ਦੇ ਬਾਦਬਾਨ ਸਪਸ਼ਟ ਦਿਸਦੇ ਸਨ।

"ਹੇ! ਕੌਣ ਚੀਖ ਰਿਹੈ?" ਫਿਰ ਕਿਸੇ ਦੀ ਆਵਾਜ਼ ਆਈ। ਪਰ ਹੁਣ ਇਹ ਦੂਰੀ ਉਤੇ ਸੀ। ਚੇਲਕਾਸ਼ ਬੇਫ਼ਿਕਰ ਹੋ ਗਿਆ।

"ਤੂੰ ਆਪੇ ਹੀ ਚੀਕੀ ਜਾਨੈਂ!" ਉਹ ਉਧਰ ਨੂੰ ਮੂੰਹ ਕਰਕੇ ਬੋਲਿਆ, ਫਿਰ ਗਵਰੀਲਾ ਵੱਲ ਮੁੜਿਆ ਜਿਹੜਾ ਅਜੇ ਵੀ ਦੁਆਵਾਂ ਬੁੜਬੁੜਾਈ ਜਾ ਰਿਹਾ ਸੀ।

"ਤੂੰ ਖ਼ੁਸ਼ਕਿਸਮਤ ਏਂ, ਕਾਕਾ। ਜੇ ਇਹ ਸ਼ੈਤਾਨ ਸਾਡਾ ਪਿੱਛਾ ਕਰਦੇ ਤਾਂ ਤੇਰੇ ਵਾਲਾ ਕੰਮ ਹੋ ਗਿਆ ਸੀ। ਸਭ ਤੋਂ ਪਹਿਲਾਂ ਮੈਂ ਤੈਨੂੰ ਮੱਛੀਆਂ ਦਾ ਖਾਣਾ ਬਨਣ ਲਈ ਸੁੱਟ ਦੇਣਾ ਸੀ।"

ਇਹ ਵੇਖਕੇ ਕਿ ਚੇਲਕਾਸ਼ ਸ਼ਾਂਤ ਹੋ ਗਿਆ ਸੀ ਤੇ ਹੁਣ ਚੰਗੇ ਰੌਂ ਵਿਚ ਸੀ, ਕੰਬਦਾ ਹੋਇਆ ਗਵਰੀਲਾ ਉਸਦੇ ਤਰਲੇ ਕਰਨ ਲਗਾ:

"ਮੈਨੂੰ ਜਾਣ ਦੇ; ਸਹੁੰ ਰੱਬ ਦੀ, ਮੈਨੂੰ ਜਾਣ ਦੇ। ਮੈਨੂੰ ਕਿਤੇ ਉਤਾਰ ਦੇ। ਓਏ... ਹੋਏ... ਹੋਏ...! ਮੈਂ ਤਾਂ ਕੁੜਿੱਕੀ ਵਿਚ ਫਸ ਗਿਆਂ! ਰੱਬ ਦੇ ਵਾਸਤੇ ਮੈਨੂੰ ਜਾਣ ਦੇ। ਮੇਰੇ ਕੋਲੋਂ ਤੂੰ ਕੀ ਲੈਣੈਂ? ਮੈਂ ਇਹ ਨਹੀਂ ਕਰ ਸਕਦਾ। ਮੈਂ ਇਹੋ

ਜਿਹੇ ਕੰਮ ਵਿਚ ਕਦੀ ਨਹੀਂ ਪਿਆ। ਇਹ ਪਹਿਲੀ ਵਾਰੀ ਏ। ਹੇ ਰੱਬਾ, ਮੇਰੇ ਬਚਣ ਦਾ ਤਾਂ ਹੁਣ ਕੋਈ ਰਾਹ ਨਹੀਂ। ਤੂੰ ਮੇਰੇ ਨਾਲ ਇੰਞ ਕਿਉਂ ਕੀਤੈ? ਇਹ ਪਾਪ ਏ। ਤੂੰ ਆਪਣੀ ਆਤਮਾ ਨਾਲ ਇਸਦਾ ਹਿਸਾਬ ਤਾਰੇਂਗਾ। ਉਫ਼, ਕਿਹੋ ਜਿਹਾ ਕੰਮ ਏ!"

"ਕੰਮ?" ਚੇਲਕਾਸ਼ ਨੇ ਖਰ੍ਹਵੇ ਢੰਗ ਨਾਲ ਨਾਲ ਪੁਛਿਆ। "ਕਿਹੋ ਜਿਹਾ ਕੰਮ?"

ਮੁੰਡੇ ਦਾ ਡਰ ਨਾਲ ਕੰਬਣਾ ਉਸਨੂੰ ਖ਼ੁਸ਼ੀ ਦੇ ਰਿਹਾ ਸੀ ਤੇ ਉਹ ਮੁੰਡੇ ਬਾਰੇ ਤੇ ਇਸ ਗੱਲ ਬਾਰੇ ਸੋਚ ਕੇ ਖ਼ੁਸ਼ ਹੋ ਰਿਹਾ ਸੀ ਕਿ ਉਹ ਆਪ, ਚੇਲਕਾਸ਼, ਕਿੰਨਾਂ ਭਿਆਨਕ ਹੈ।

"ਮਾੜਾ ਕੰਮ ਏ, ਵੀਰ! ਰੱਬ ਦੇ ਵਾਸਤੇ ਮੈਨੂੰ ਜਾਣ ਦੇ। ਮੇਰੀ ਤੈਨੂੰ ਕੀ ਲੋੜ ਏ? ਚੱਲ ਆ, ਭਲਾ ਆਦਮੀ ਬਣ..."

"ਮੂੰਹ ਬੰਦ ਕਰ! ਜੇ ਤੇਰੀ ਮੈਨੂੰ ਲੋੜ ਨਾ ਹੁੰਦੀ ਤਾਂ ਮੈਂ ਤੈਨੂੰ ਲਿਆਉਂਦਾ ਹੀ ਕਿਉਂ, ਸਮਝਿਆ? ਸੋ, ਬਕਵਾਸ ਬੰਦ!"

"ਉਫ਼, ਰੱਬਾ," ਗਵਰੀਲਾ ਬੁੜਬੁੜਾਇਆ।

"ਬੰਦ ਕਰ ਬੁੜਬੁੜ," ਚੇਲਕਾਸ਼ ਨੇ ਉਸਨੂੰ ਸਖ਼ਤੀ ਨਾਲ ਟੋਕਿਆ।

ਪਰ ਗਵਰੀਲਾ ਹੁਣ ਆਪਣੇ ਆਪ ਨੂੰ ਹੋਰ ਕਾਬੂ ਨਹੀਂ ਸੀ ਰਖ ਸਕਦਾ; ਉਹ ਹੌਲੀ ਹੌਲੀ ਸੁੜਸੁੜ ਕਰਦਾ, ਰੋਂਦਾ, ਖੰਘਦਾ, ਸੂੰ-ਸੂੰ ਕਰਦਾ, ਪਾਸੇ ਮਾਰਦਾ, ਮਾਯੂਸੀ ਤੋਂ ਪੈਦਾ ਹੋਈ ਤਾਕਤ ਨਾਲ ਜ਼ੋਰ ਨਾਲ ਚੱਪੂ ਮਾਰੀ ਗਿਆ। ਬੇੜੀ ਤੀਰ ਵਾਂਗ ਸਿਧੀ ਅਗੇ ਜਾ ਰਹੀ ਸੀ। ਇਕ ਵਾਰੀ ਫਿਰ ਉਹਨਾਂ ਨੇ ਆਪਣੇ ਆਲੇ-ਦੁਆਲੇ ਜਹਾਜ਼ਾਂ ਦੇ ਕਾਲੇ ਆਕਾਰ ਦੇਖੇ। ਪਾਣੀ ਦੀਆਂ ਤੰਗ ਗਲੀਆਂ ਵਿਚੋਂ ਮੋੜ ਕੱਟਦੀ ਉਹਨਾਂ ਦੀ ਬੇੜੀ ਉਹਨਾਂ ਵਿਚ ਅਲੋਪ ਹੋ ਗਈ।

"ਉਏ! ਸੁਣ! ਖ਼ਬਰਦਾਰ ਜੇ ਕਿਸੇ ਤਰ੍ਹਾਂ ਦਾ ਸਵਾਲ ਪੁਛਿਆ ਤਾਂ, ਮੂੰਹ ਬੰਦ ਰਖ ਜੇ ਜ਼ਿੰਦਗੀ ਲੋੜੀਂਦੀ ਉ ਤਾਂ! ਸਮਝਿਆ?"

"ਉਫ਼, ਰੱਬਾ!" ਗਵਰੀਲਾ ਨੇ ਇਸ ਸਖ਼ਤ ਤਾੜਨਾ ਦੇ ਜਵਾਬ ਵਿਚ ਮਾਯੂਸੀ ਭਰਿਆ ਹਉਕਾ ਭਰਿਆ ਤੇ ਨਾਲ ਹੀ ਕੌੜੀ ਤਰ੍ਹਾਂ ਗਲ ਜੋੜੀ, "ਮੇਰੀ ਕਿਸਮਤ ਨੇ ਮੈਨੂੰ ਕਿਥੇ ਲਿਆ ਮਾਰਿਐ!"

"ਬੰਦ ਕਰ ਬੁੜਬੁੜ," ਚੇਲਕਾਸ਼ ਨੇ ਫਿਰ ਦੱਬੀ ਆਵਾਜ਼ ਵਿਚ ਕਿਹਾ।

ਇਸ ਦੱਬੀ ਆਵਾਜ਼ ਨਾਲ ਗਵਰੀਲਾ ਦੀ ਸਾਰੀ ਦਿਮਾਗ਼ੀ ਤਾਕਤ ਜਾਂਦੀ ਰਹੀ; ਉਹ ਮੁਸੀਬਤ ਦੇ ਕੰਬਣੀ-ਛੇੜਦੇ ਅਗਾਊਂ ਗਿਆਨ ਨਾਲ ਸੁੰਨ ਹੋ ਗਿਆ। ਉਸਨੇ ਬੇਧਿਆਨੇ ਆਪਣੇ ਚੱਪੂ ਪਾਣੀ ਵਿਚ ਸੁੱਟ ਦਿਤੇ ਉਹਨਾਂ ਨੂੰ ਖਿਚੱਦਾ ਹੋਇਆ ਪਿੱਛੇ ਨੂੰ ਲੇਟ ਗਿਆ, ਫਿਰ ਉਹਨਾਂ ਨੂੰ ਚੁੱਕਿਆ ਤੇ ਫਿਰ ਸੁੱਟ ਦਿਤਾ; ਉਸਦੀਆਂ ਨਜ਼ਰਾਂ ਇਕਸਾਰ ਆਪਣੇ ਦਰਖ਼ਤ ਦੀ ਛਾਲ ਦੇ ਜੁਤੀ ਉਤੇ ਟਿਕੀਆਂ ਹੋਇਆਂ ਸਨ।

ਲਹਿਰਾਂ ਦੀ ਉਂਘਲਾਉਂਦੀ ਥਪ-ਥਪ ਮਾਯੂਸੀ ਭਰੀ ਤੇ ਡਰਾਉਣੀ ਸੀ। ਪਰ ਹੁਣ ਉਹ ਜਹਾਜ਼ੀ ਗੋਦੀਆਂ ਵਿਚ ਸਨ। ਪੱਥਰ ਦੀ ਕੰਧ ਦੇ ਦੂਜੇ ਪਾਸਿਉਂ ਮਨੁੱਖੀ ਆਵਾਜ਼ਾਂ ਦੀ ਬਿੜਕ ਆ ਰਹੀ ਸੀ—ਗਾਉਣ ਦੀਆਂ, ਸੀਟੀਆਂ ਵਜਾਉਣ ਦੀਆਂ ਤੇ ਪਾਣੀ ਦੀ ਥਲਪ-ਥਲਪ ਦੀਆਂ।

"ਠਹਿਰ ਜਾ," ਚੇਲਕਾਸ਼ ਦੱਬੀ ਆਵਾਜ਼ ਵਿਚ ਬੋਲਿਆ। "ਚੱਪੂ ਛੱਡ ਦੇ। ਕੰਧ ਨੂੰ ਫੜ ਕੇ ਹੱਥਾਂ ਨਾਲ ਧੱਕ। ਚੁਪ, ਬਦਮਾਸ਼!"

ਗਵਰੀਲਾ ਤਿਲਕਵੇਂ ਪੱਥਰ ਨੂੰ ਫੜ ਫੜ ਕੇ ਬੇੜੀ ਨੂੰ ਅੱਗੇ ਲਿਜਾਣ ਲਗਾ। ਬੇੜੀ ਬਿਨਾਂ ਆਵਾਜ਼ ਕੀਤਿਆਂ ਵਧ ਰਹੀ ਸੀ, ਪੱਥਰਾਂ ਉਪਰ ਜੰਮੀਂ ਚੀਕਣੀ ਮਿੱਟੀ ਬੇੜੀ ਦੇ ਵੱਜਣ ਦੀ ਆਵਾਜ਼ ਨੂੰ ਖ਼ਤਮ ਕਰ ਰਹੀ ਸੀ।

"ਠਹਿਰ ਜਾ। ਚੱਪੂ ਮੈਨੂੰ ਦੇ ਦੇ; ਮੈਨੂੰ ਦੇ, ਮੈਂ ਕਿਹੈ। ਤੇਰਾ ਪਾਸਪੋਰਟ ਕਿਥੇ ਐ? ਤੇਰੇ ਝੋਲੇ ਵਿਚ? ਇਹ ਵੀ ਲਿਆ। ਜਲਦੀ ਕਰ। ਇਹ ਇਸ ਲਈ, ਕਿ ਕਿਧਰੇ ਤੂੰ ਨੱਠ ਨਾ ਜਾਵੇਂ, ਪਿਆਰੇ ਦੋਸਤ। ਹੁਣ ਇਸਦਾ ਕੋਈ ਡਰ ਨਹੀਂ। ਚੱਪੂਆਂ ਤੋਂ ਬਿਨਾਂ ਤੂੰ ਨੱਠ ਸਕਦਾ ਸੈਂ, ਪਰ ਆਪਣੇ ਪਾਸਪੋਰਟ ਤੋਂ ਬਿਨਾਂ ਨਹੀਂ। ਇਥੇ ਉਡੀਕ। ਤੇ ਖ਼ਿਆਲ ਰਖੀਂ, ਜੇ ਤੂੰ ਜ਼ਰਾ ਵੀ ਆਵਾਜ਼ ਕੱਢੀ, ਤਾਂ ਤੈਨੂੰ ਸਮੁੰਦਰ ਦੀ ਤਹਿ ਵਿਚੋਂ ਵੀ ਲਭ ਲਿਆਵਾਂਗਾ...।"

ਤੇ ਫਿਰ, ਆਪਣੇ ਹੱਥਾਂ ਨਾਲ ਆਪਣੇ ਆਪ ਨੂੰ ਉਤਾਂਹ ਖਿਦੱਦਾ ਹੋਇਆ, ਚੇਲਕਾਸ਼ ਕੰਧ ਤੋਂ ਪਾਰ ਹੋ ਲੋਪ ਗਿਆ।

ਇਹ ਸਾਰਾ ਕੁਝ ਏਨੀ ਜਲਦੀ ਵਿਚ ਹੋਇਆ ਕਿ ਗਵਰੀਲਾ ਦਾ ਮੂੰਹ ਖੁਲ੍ਹੇ ਦਾ ਖੁਲ੍ਹਾ ਹੀ ਰਹਿ ਗਿਆ। ਤੇ ਫਿਰ, ਉਸਦੇ ਦਿਲ ਦਾ ਬੋਝ ਤੇ ਉਸ ਪਤਲੇ ਜਿਹੇ ਮੁੱਛਾਂ ਵਾਲੇ ਚੋਰ ਵਲੋਂ ਪੈਦਾ ਕੀਤਾ ਗਿਆ ਸਾਰਾ ਡਰ ਇੰਝ ਲਹਿ ਗਿਆ, ਜਿਵੇਂ ਕੋਈ ਕਪੜਾ ਲਹਿ ਜਾਂਦਾ ਹੈ। ਹੁਣ ਉਹ ਦੌੜ ਜਾਏਗਾ! ਆਜ਼ਾਦੀ ਨਾਲ ਸਾਹ ਲੈਂਦਿਆਂ ਉਸਨੇ ਆਸੇ-ਪਾਸੇ ਨਜ਼ਰ ਮਾਰੀ। ਉਸਦੇ ਖੱਬੇ ਹਥ ਬਿਨਾਂ ਮਸਤੂਲਾਂ ਦੇ ਇਕ ਜਹਾਜ਼ ਦਾ ਧੜ ਸੀ, ਇਕ ਤਰ੍ਹਾਂ ਦਾ ਵੱਡਾ ਸਾਰਾ ਤਾਬੂਤ, ਖ਼ਾਲੀ ਤੇ ਛਡਿਆ ਹੋਇਆ। ਹਰ ਵਾਰੀ ਜਦੋਂ ਲਹਿਰਾਂ ਇਸ ਨਾਲ ਟਕਰਾਉਂਦੀਆਂ, ਤਾਂ ਇਸ ਵਿਚੋਂ ਇਕ ਖੋਖਲੀ ਜਿਹੀ ਆਵਾਜ਼ ਨਿਕਲਦੀ ਜਿਹੜੀ ਕੱਰਾਹਟ ਵੀ ਹੋ ਸਕਦੀ ਸੀ। ਖੱਬੇ ਪਾਸੇ ਚੀਕਣੀ ਮਿੱਟੀ ਨਾਲ ਕਜੀ ਪੁਸ਼ਤੇ ਦੀ ਕੰਧ ਸੀ, ਜਿਵੇਂ ਠੰਡਾ ਭਾਰੀ ਸੱਪ ਸਮੁੰਦਰ ਦੇ ਅੰਦਰ ਤੱਕ ਫੈਲਿਆ ਹੋਵੇ। ਉਸਦੇ ਪਿਛਲੇ ਪਾਸੇ ਹੋਰ ਕਾਲੇ ਆਕਾਰ ਉਭਰੇ ਹੋਏ ਸਨ, ਜਦੋਂ ਕਿ ਅਗਲੇ ਪਾਸੇ, ਕੰਧ ਤੇ ਤਾਬੂਤ ਵਿਚਲੀ ਖ਼ਾਲੀ ਥਾਂ ਵਿਚ ਉਸਨੂੰ ਸ਼ਾਂਤ, ਖ਼ਾਲੀ ਸਾਗਰ ਨਜ਼ਰ ਆਇਆ, ਜਿਸ ਉਤੇ ਕਾਲੇ ਬੱਦਲ ਛਾਏ ਹੋਏ ਸਨ। ਸੋਚੀਂ ਡੁੱਬੇ, ਬੋਝਲ ਤੇ ਧੜਵੈਲ, ਉਹ ਹੌਲੀ ਹੌਲੀ ਆਕਾਸ਼ ਦੇ ਆਰ-ਪਾਰ ਜਾਂ ਰਹੇ ਸਨ, ਹਨੇਰੇ ਵਿਚ ਦਹਿਸ਼ਤ ਫੈਲਾਉਂਦੇ ਹੋਏ, ਆਪਣੇ ਬਹੁਤ ਵਡੇ ਭਾਰ ਨਾਲ

ਮਨੁਖਾਂ ਨੂੰ ਕੁਚਲ ਦੇਣ ਦੀ ਧਮਕੀ ਦੇਂਦੇ। ਹਰ ਚੀਜ਼ ਠੰਡੀ, ਕਾਲੀ, ਕੁਸ਼ਗਣੀ ਸੀ। ਗਵਰੀਲਾ ਡਰ ਗਿਆ। ਤੇ ਉਸਦਾ ਇਹ ਡਰ ਚੇਲਕਾਸ਼ ਵਲੋਂ ਪੈਦਾ ਕੀਤੇ ਡਰ ਨਾਲੋਂ ਜ਼ਿਆਦਾ ਭੈੜਾ ਸੀ। ਇਸਨੇ ਜਿਵੇਂ ਉਸਨੂੰ ਛਾਤੀ ਦੁਆਲਿਉਂ ਜਕੜ ਲਿਆ, ਉਸ ਵਿਚੋਂ ਵਿਰੋਧ ਦੀ ਸਾਰੀ ਤਾਕਤ ਨਿਚੋੜ ਲਈ ਤੇ ਉਸਨੂੰ ਉਸ ਥਾਂ ਗਡ ਦਿਤਾ ਜਿਥੇ ਉਹ ਬੈਠਾ ਸੀ।

ਸਭ ਪਾਸੇ ਚੁੱਪ-ਚਾਂ ਸੀ। ਸਮੁੰਦਰ ਦੀਆਂ ਆਹਾਂ ਤੋਂ ਛੁੱਟ ਕੋਈ ਆਵਾਜ਼ ਸੁਣਾਈ ਨਹੀਂ ਸੀ ਦੇਂਦੀ। ਆਕਾਸ਼ ਵਿਚ ਬੱਦਲ ਉਸੇਤਰ੍ਹਾਂ ਹੌਲੀ ਹੌਲੀ ਤੇ ਗ਼ਮਗੀਨੀ ਨਾਲ ਤੁਰਦੇ ਜਾ ਰਹੇ ਸਨ, ਤੇ ਉਹ ਸਾਗਰ ਵਿਚੋਂ ਏਨੀਂ ਜ਼ਿਆਦਾ ਗਿਣਤੀ ਵਿਚ ਉਠ ਰਹੇ ਸਨ ਕਿ ਆਕਾਸ਼ ਵੀ ਸਾਗਰ ਹੀ ਬਣ ਗਿਆ ਸੀ, ਇਕ ਉਬਾਲੇ ਖਾਂਦਾ ਸਾਗਰ ਜਿਹੜਾ ਇਸ ਸ਼ਾਂਤ ਸੁੱਤੇ ਸਾਗਰ ਦੇ ਉਤੇ ਮੂਧਾ ਮਾਰ ਦਿਤਾ ਸੀ। ਬੱਦਲ ਛੱਲਾਂ ਵਾਂਗ ਸਨ ਜਿਨ੍ਹਾਂ ਦੀਆਂ ਗਿਆਲੀਆਂ ਟੀਸੀਆਂ ਹੇਠਾਂ ਧਰਤੀ ਵੱਲ ਦੌੜੀਆਂ ਆ ਰਹੀਆਂ ਸਨ, ਉਹਨਾਂ ਖੱਡਾਂ ਵੱਲ ਦੌੜੀਆਂ ਆ ਰਹੀਆਂ ਸਨ ਜਿਨ੍ਹਾਂ ਤੋਂ ਉਹ ਉਠੀਆਂ ਸਨ, ਨਵ-ਜਨਮੀਆਂ ਵਡੀਆਂ ਵਡੀਆਂ ਲਹਿਰਾਂ ਵੱਲ ਆ ਰਹੀਆਂ ਸਨ ਜਿਹੜੀਆਂ ਅਜੇ ਵਹਿਸ਼ੀ ਗ਼ੁੱਸੇ ਦੀ ਹਰੀ ਜਿਹੀ ਝੱਗ ਵਿਚ ਨਹੀਂ ਸਨ ਤਬਦੀਲ ਹੋਈਆਂ।

ਇਸ ਕਰੜੀ ਚੁੱਪ ਤੇ ਆਸ-ਪਾਸ ਦੀ ਸੁੰਦਰਤਾ ਦੇ ਬੋਝ ਹੇਠ ਗਵਰੀਲਾ ਇੰਝ ਦਬਿਆ ਹੋਇਆ ਸੀ ਕਿ ਉਹ ਛੇਤੀ ਤੋਂ ਛੇਤੀ ਮਾਲਕ ਨੂੰ ਵੇਖਣ ਲਈ ਉਤਵਲਾ ਹੋ ਗਿਆ। ਜੇ ਕਿਧਰੇ ਉਹ ਵਾਪਸ ਨਾ ਆਇਆ ਤਾਂ? ਸਮਾਂ ਪੈਰ ਘਸੀਟਦਾ ਲੰਘ ਰਿਹਾ ਸੀ—ਆਕਾਸ਼ ਵਿਚਲੇ ਬੱਦਲਾਂ ਤੋਂ ਵੀ ਹੌਲੀ ਤੁਰ ਰਿਹਾ ਸੀ। ਤੇ ਜਿੰਨਾ ਜ਼ਿਆਦਾ ਉਸਨੂੰ ਉਡੀਕਣਾ ਪੈ ਰਿਹਾ ਸੀ, ਚੁੱਪ ਉਨੀ ਹੀ ਜ਼ਿਆਦਾ ਭਿਆਨਕ ਹੁੰਦੀ ਜਾ ਰਹੀ ਸੀ। ਪਰ ਆਖ਼ਰ ਪਾਣੀ ਦੀ ਥਪ-ਥਪ, ਸੁਰ-ਸੁਰ, ਤੇ ਕੰਧ ਦੇ ਦੂਜੇ ਪਾਸਿਉਂ ਜਿਵੇਂ ਕੋਈ ਦੱਬੀ ਆਵਾਜ਼ ਵਿਚ ਬੋਲ ਰਿਹਾ ਹੋਵੇ। ਗਵਰੀਲਾ ਨੂੰ ਲੱਗਾ ਕਿ ਜਿਵੇਂ ਇਕ ਮਿੰਟ ਹੋਰ, ਤੇ ਮਰ ਜਾਏਗਾ।...

"ਉਏ! ਸੁੱਤਾ ਪਿਐਂ? ਐਹ ਫੜ, ਧਿਆਨ ਨਾਲ!" ਚੇਲਕਾਸ਼ ਦੀ ਦੱਬੀ ਹੋਈ ਆਵਾਜ਼ ਆਈ।

ਕੋਈ ਚੌਰਸ ਤੇ ਭਾਰੀ ਚੀਜ਼ ਕੰਧ ਦੇ ਉਪਰੋਂ ਦੀ ਹੇਠਾਂ ਡਿੱਗੀ। ਗਵਰੀਲਾ ਨੇ ਇਹ ਬੇੜੀ ਵਿਚ ਰਖ ਲਈ। ਇਸੇ ਤਰ੍ਹਾਂ ਦਾ ਇਕ ਬੰਡਲ ਹੋਰ ਆਇਆ। ਫਿਰ ਚੇਲਕਾਸ਼ ਦਾ ਪਤਲਾ ਜਿਹਾ ਆਕਾਰ ਹੇਠਾਂ ਨੂੰ ਤਿਲਕਿਆ, ਚੱਪੂ ਆ ਗਏ, ਗਵਰੀਲਾ ਦਾ ਝੋਲਾ ਉਸਦੇ ਪੈਰਾਂ ਵਿਚ ਆ ਡਿੱਗਾ ਤੇ ਤੇਜ਼ ਤੇਜ਼ ਸਾਹ ਲੈਂਦਿਆਂ ਚੇਲਕਾਸ਼ ਨੇ ਬੇੜੀ ਦੇ ਪਿਛਲੇ ਪਾਸੇ ਆਪਣੀ ਥਾਂ ਮੱਲ ਲਈ।

ਗਵਰੀਲਾ ਉਸ ਵੱਲ ਵੇਖਦਾ ਹੋਇਆ ਖ਼ੁਸ਼ੀ ਨਾਲ ਤੇ ਝੇਪੂ ਜਿਹੇ ਢੰਗ ਨਾਲ ਮੁਸਕ੍ਰਾਇਆ।

"ਥੱਕ ਗਿਐਂ ?" ਉਹ ਪੁੱਛਣ ਲਗਾ।

"ਹਾਂ, ਕੁਝ! ਖ਼ੈਰ, ਚਪੂ ਸੁੱਟ। ਪੂਰਾ ਜ਼ੋਰ ਲਾ ਕੇ ਖਿੱਚ। ਤੂੰ ਚੰਗੀ ਖੱਟੀ ਕਰ ਲਈ ਐ। ਅੱਧਾ ਕੰਮ ਹੋ ਗਿਐ; ਹੁਣ ਤੇਰਾ ਕੰਮ ਸਿਰਫ਼ ਇਹ ਹੈ ਕਿ ਉਹਨਾਂ ਹਰਾਮਜ਼ਾਦਿਆਂ ਤੋਂ ਨਜ਼ਰ ਬਚਾ ਕੇ ਨਿਕਲ ਚੱਲ ਤੇ ਫਿਰ—ਪੈਸੇ ਸਾਂਭ ਤੇ ਵਾਪਸ ਜਾਹ ਆਪਣੀ ਮਾਸ਼ਾ ਕੋਲ। ਮਾਸ਼ਾ ਈ ਏ ਨਾ ਤੇਰੀ ਕੁੜੀ ਦਾ ਨਾਂ ? ਹੈਂ, ਨਾ ?"

"ਨ-ਨਹੀਂ।" ਗਵਰੀਲਾ ਪੂਰਾ ਜ਼ੋਰ ਲਾ ਰਿਹਾ ਸੀ, ਉਸਦੇ ਫੇਫੜੇ ਧੌਂਕਣੀ ਵਾਂਗ ਚੱਲ ਰਹੇ ਸਨ, ਉਸਦੀਆਂ ਬਾਹਵਾਂ ਫ਼ੌਲਾਦੀ ਸਪਰਿੰਗਾਂ ਵਾਂਗ ਸਨ। ਪਾਣੀ ਬੇੜੀ ਹੇਠਾਂ ਗੁੜ-ਗੁੜ ਕਰ ਰਿਹਾ ਸੀ ਤੇ ਇਸਦੇ ਪਿੱਛੇ ਰਹਿ ਰਿਹਾ ਨੀਲਾ ਰਿਬਨ ਪਹਿਲਾਂ ਨਾਲੋਂ ਚੌੜਾ ਸੀ। ਗਵਰੀਲਾ ਮੁੜ੍ਹਕੇ ਨਾਲ ਭਿੱਜ ਗਿਆ, ਪਰ ਉਸਨੇ ਚੱਪੂ ਮਾਰਨੇ ਢਿਲੇ ਨਾ ਕੀਤੇ। ਉਸ ਰਾਤ ਦੋ ਵਾਰੀ ਉਹ ਬਹੁਤ ਡਰ ਚੁੱਕਾ ਸੀ, ਹੁਣ ਤੀਜੀ ਵਾਰੀ ਉਹ ਨਹੀਂ ਸੀ ਡਰਨਾ ਚਾਹੁੰਦਾ। ਉਹ ਬੱਸ ਇਹੀ ਚਾਹੁੰਦਾ ਸੀ ਕਿ ਇਹ ਲਾਅਨਤੀ ਕੰਮ ਜਿੰਨੀ ਛੇਤੀ ਤੋਂ ਛੇਤੀ ਹੋ ਸਕੇ, ਖ਼ਤਮ ਹੋਵੇ, ਉਹ ਸੁਕੀ ਭੋਂ ਉਤੇ ਪੈਰ ਧਰੇ ਤੇ ਜਿਉਂਦੇ ਜੀ ਤੇ ਬਿਨਾਂ ਜੇਲ੍ਹ ਦੀ ਹਵਾ ਖਾਣ ਦੇ ਇਸ ਆਦਮੀ ਤੋਂ ਛੁਟਕਾਰਾ ਪਾ ਲਏ। ਉਸਨੇ ਫ਼ੈਸਲਾ ਕੀਤਾ ਕਿ ਉਸ ਨਾਲ ਗੱਲ ਨਹੀਂ ਕਰੇਗਾ, ਕਿਸੇਤਰ੍ਹਾਂ ਵੀ ਉਸਦਾ ਵਿਰੋਧ ਨਹੀਂ ਕਰੇਗਾ, ਜੋ ਵੀ ਉਹ ਕਹੇ, ਕਰੇਗਾ, ਤੇ ਜੇ ਉਹ ਸੁੱਖੀ-ਸਾਂਦੀ ਬਚ ਨਿਕਲਣ ਵਿਚ ਸਫ਼ਲ ਹੋ ਜਾਏ, ਤਾਂ ਅਗਲੇ ਹੀ ਦਿਨ ਉਹ ਕਰਾਮਾਤੀ ਸੰਤ ਨਿਕੋਲਸ ਅਗੇ ਦੁਆ ਕਰੇਗਾ। ਇਕ ਜਜ਼ਬਿਆਂ ਨਾਲ ਗੁਧੀ ਦੁਆ ਉਸਦੀ ਜ਼ਬਾਨ ਉਤੇ ਸੀ, ਪਰ ਉਸਨੇ ਇਹ ਬਾਹਰ ਨਾ ਆਉਣ ਦਿਤੀ; ਉਹ ਰੇਲ-ਇੰਜਣ ਵਾਂਗ ਸ਼ੂਕ ਰਿਹਾ ਸੀ ਤੇ ਆਪਣੇ ਭਰਵੱਟਿਆਂ ਦੇ ਹੇਠੋਂ ਚੇਲਕਾਸ਼ ਵੱਲ ਵੇਖੀ ਜਾ ਰਿਹਾ ਸੀ।

ਚੇਲਕਾਸ਼, ਲੰਮਾ ਤੇ ਪਤਲਾ, ਇੰਝ ਸਿਮਟ ਕੇ ਬੈਠਾ ਹੋਇਆ ਸੀ ਜਿਵੇਂ ਕੋਈ ਉੱਡਣ ਲਈ ਤਿਆਰ ਪੰਛੀ ਹੋਵੇ, ਉਸਦੀਆਂ ਬਾਜ਼ ਵਰਗੀਆਂ ਅੱਖਾਂ ਅੱਗੇ ਹਨੇਰੇ ਵਿਚ ਵੇਖ ਰਹੀਆਂ ਸਨ, ਉਸਦਾ ਤੋਤੇ ਦੀ ਚੁੰਜ ਜਿਹਾ ਨੱਕ ਹਵਾ ਦੀ ਮੁਸ਼ਕ ਲੈ ਰਿਹਾ ਸੀ, ਇਕ ਹੱਥ ਪਤਵਾਰ ਉਤੇ ਸੀ ਤੇ ਦੂਜੇ ਨਾਲ ਉਹ ਆਪਣੀਆਂ ਮੁੱਛਾਂ ਨੂੰ ਤਾਅ ਦੇ ਰਿਹਾ ਸੀ, ਜਿਹੜੀਆਂ ਫਰਕ ਪੈਂਦੀਆਂ ਸਨ, ਜਿਸ ਵੇਲੇ ਉਸਦੇ ਪਤਲੇ ਬੁਲ੍ਹ ਮੁਸਕ੍ਰਾਹਟ ਲਈ ਫੈਲ ਜਾਂਦੇ ਸਨ। ਚੇਲਕਾਸ਼ ਆਪਣੀ ਪ੍ਰਾਪਤੀ ਉਤੇ, ਆਪਣੇ ਆਪ ਉਤੇ, ਤੇ ਆਪਣੇ ਨੌਜਵਾਨ ਉਤੇ ਖ਼ੁਸ਼ ਸੀ ਜਿਸਨੂੰ ਉਸਨੇ ਦਹਿਸ਼ਤ ਵਰਤ ਕੇ ਆਪਣਾ ਗ਼ੁਲਾਮ ਬਣਾ ਲਿਆ ਸੀ। ਗਵਰੀਲਾ ਨੂੰ ਜ਼ੋਰ ਲਾਉਂਦਿਆਂ ਵੇਖ ਕੇ ਉਸਨੂੰ ਉਸ ਉਤੇ ਤਰਸ ਆਉਣ ਲਗਾ ਤੇ ਸੋਚਣ ਲਗਾ ਕਿ ਉਸਦਾ ਦਿਲ ਵਧਾਉਣ ਲਈ ਕੁਝ ਕਹਿਣਾ ਚਾਹੀਦਾ ਹੈ।

"ਉਏ!", ਉਹ ਜ਼ਰਾ ਕੁ ਹਸਦਿਆਂ ਨਰਮੀ ਨਾਲ ਬੋਲਿਆ, "ਬਹੁਤ ਡਰ ਗਿਆ ਸੈਂ, ਹੈ ਨਾ?"

"ਇੰਝ ਈ ਏ," ਸਾਹ ਲੈਂਦਾ ਹੋਇਆ ਗਵਰੀਲਾ ਬੋਲਿਆ।

"ਹੁਣ ਭਾਵੇਂ ਨਾ ਲਾ ਏਨਾਂ ਜ਼ੋਰ ਚੱਪੂਆਂ ਉਤੇ। ਖ਼ਤਰਾ ਟਲ ਗਿਐ। ਹੁਣ ਸਿਰਫ਼ ਇਕ ਥਾਂ ਤੋਂ ਹੋਰ ਮਲਕੜੇ ਜਿਹੇ ਲੰਘਣੈਂ! ਆਰਾਮ ਕਰ ਲੈ।"

ਗਵਰੀਲਾ ਨੇ ਸੁਣਦਿਆਂ ਹੀ ਚੱਪੂ ਲਾਉਣਾ ਬੰਦ ਕਰ ਦਿਤਾ ਤੇ, ਬਾਂਹ ਨਾਲ ਪਸੀਨਾਂ ਪੂੰਝਦਿਆਂ ਇਕ ਵਾਰੀ ਫਿਰ ਚੱਪੂਆਂ ਨੂੰ ਪਾਣੀ ਵਿਚ ਛੱਡ ਦਿਤਾ।

"ਹੌਲੀ ਹੌਲੀ ਚੱਪੂ ਚਲਾ। ਪਾਣੀ ਦੀ ਆਵਾਜ਼ ਨਾ ਆਵੇ। ਇਕ ਗੇਟ ਹੈ ਜਿਸਦੇ ਵਿਚੋਂ ਅਸੀਂ ਲੰਘਣਾ ਏ। ਹੌਲੀ, ਹੌਲੀ...। ਇਥੋਂ ਦੇ ਲੋਕ ਗੰਭੀਰ ਨੇ।... ਤੁਹਾਨੂੰ ਪਤਾ ਨਹੀਂ ਲਗਦਾ ਕਿ ਕੀ ਵਜੈ, ਤੇ ਸਿਰ ਵਿਚ ਛੇਕ ਹੋਇਆ ਹੁੰਦੈ।"

ਹੁਣ ਬੇੜੀ ਲਗਭਗ ਬਿਨਾ ਆਵਾਜ਼ ਕੀਤਿਆਂ ਪਾਣੀ ਵਿਚੋਂ ਤਰਦੀ ਲੰਘ ਰਹੀ ਸੀ। ਇਸਦੇ ਹਰਕਤ ਵਿਚ ਹੋਣ ਦੀ ਇਕੋ ਇਕ ਨਿਸ਼ਾਨੀ ਇਸਦੇ ਚੱਪੂਆਂ ਤੋਂ ਡਿਗਦੇ ਪਾਣੀ ਦੀ ਨੀਲੀ ਚਮਕ ਤੇ ਸਾਗਰ ਵਿਚੋਂ ਨਿਕਲੀਆਂ ਨੀਲੀਆਂ ਲਾਟਾਂ ਸਨ, ਜਿਥੇ ਇਹ ਤੁਪਕੇ ਡਿਗਦੇ ਸਨ। ਰਾਤ ਹੋਰ ਹਨੇਰੀ ਤੇ ਹੋਰ ਸ਼ਾਂਤ ਹੋ ਗਈ ਸੀ। ਹੁਣ ਆਕਾਸ਼ ਖੌਲਦੇ ਸਾਗਰ ਜਿਹਾ ਨਹੀਂ ਸੀ ਲਗਦਾ—ਬੱਦਲ ਘੁਲ ਗਏ ਸਨ ਤੇ ਉਹਨਾਂ ਭਾਰੇ ਕੰਬਲ ਦਾ ਰੂਪ ਧਾਰ ਲਿਆ ਸੀ ਜਿਹੜਾ ਪਾਣੀ ਉਤੇ ਨੀਵਾਂ ਜਿਹਾ ਤੇ ਬੇਹਰਕਤ ਟੰਗਿਆ ਹੋਇਆ ਸੀ। ਸਾਗਰ ਹੋਰ ਵੀ ਜ਼ਿਆਦਾ ਸ਼ਾਂਤ ਤੇ ਕਾਲਾ ਸੀ। ਇਸਦੀ ਨਿਘੀ ਸਲੂਣੀ ਵਾਸ਼ਨਾ ਪਹਿਲਾਂ ਨਾਲੋਂ ਵੀ ਤੇਜ਼ ਸੀ ਤੇ ਹੁਣ ਇਹ ਪਹਿਲਾਂ ਵਾਂਗ ਅਸੀਮ ਨਹੀਂ ਸੀ ਲਗਦਾ।

"ਜੇ ਕਿਤੇ ਮੀਂਹ ਪੈਣ ਲਗ ਜਾਏ!" ਚੇਲਕਾਸ਼ ਬੁੜਬੁੜਾਇਆ। "ਇਹ ਸਾਨੂੰ ਪਰਦੇ ਵਾਂਗ ਢੱਕ ਲਵੇਗਾ।"

ਬੇੜੀ ਦੇ ਖੱਬੇ ਸੱਜੇ ਕਾਲੇ ਪਾਣੀ ਵਿਚੋਂ ਵਡੇ ਵਡੇ ਆਕਾਰ ਉਠ ਰਹੇ ਸਨ—ਲਾਦੂ ਜਹਾਜ਼ਾਂ ਦੇ, ਕਾਲੇ ਤੇ ਨੀਰਸ ਤੇ ਬੇਹਰਕਤ। ਉਹਨਾਂ ਵਿਚੋਂ ਇਕ ਉਤੇ ਇਕ ਰੋਸ਼ਨੀ ਫਿਰਦੀ ਦਿਸਦੀ ਸੀ: ਕੋਈ ਹੱਥ ਵਿਚ ਬੱਤੀ ਫੜ ਕੇ ਇਧਰ ਉਧਰ ਆ ਜਾ ਰਿਹਾ ਸੀ। ਜਹਾਜ਼ਾਂ ਦੇ ਪਾਸਿਆਂ ਨਾਲ ਵਜਦਾ ਪਾਣੀ ਮਧਮ ਜਿਹੀਆਂ ਤਰਲੇ ਕਰਦੀਆਂ ਆਵਾਜ਼ਾਂ ਕਢ ਰਿਹਾ ਸੀ, ਤੇ ਉਹ ਅਗੋਂ ਠੰਡੇ-ਸੀਤ ਤੇ ਖੋਖਲੇ ਜਵਾਬ ਦੇ ਰਹੇ ਸਨ ਜਿਵੇਂ ਕਿ ਉਹਨਾਂ ਦੀਆਂ ਬੇਨਤੀਆਂ ਕਬੂਲ ਕਰਨ ਲਈ ਰਾਜ਼ੀ ਨਾ ਹੋਣ।

"ਚੌਕੀ!" ਮਸਾਂ ਸੁਣੀਂਦੀ ਆਵਾਜ਼ ਵਿਚ ਚੇਲਕਾਸ਼ ਬੋਲਿਆ।

ਜਦੋਂ ਤੋਂ ਉਸਨੇ ਗਵਰੀਲਾ ਨੂੰ ਹੌਲੀ ਚੱਪੂ ਮਾਰਨ ਲਈ ਕਿਹਾ ਸੀ, ਉਦੋਂ ਤੋਂ ਇਕ ਵਾਰੀ ਫਿਰ ਕੁਝ ਵਾਪਰਨ ਦੀ ਖਿਚਾਅ ਭਰੀ ਉਮੀਦ ਨੇ ਉਸਨੂੰ ਮੱਲ ਲਿਆ

ਸੀ। ਜਦੋਂ ਉਹ ਜ਼ੋਰ ਲਾਉਂਦਾ ਹੋਇਆ ਅੱਗੇ ਹਨੇਰੇ ਵੱਲ ਵਧ ਰਿਹਾ ਸੀ ਤਾਂ ਉਸਨੂੰ ਲਗਾ ਕਿ ਉਹ ਵਡਾ ਹੋ ਰਿਹਾ ਹੈ—ਉਸਦੀਆਂ ਹੱਡੀਆਂ ਤੇ ਪੱਠੇ ਫੈਲਦੇ ਹੋਏ ਦਰਦ ਕਰ ਰਹੇ ਸਨ ਤੇ ਉਸਦਾ ਸਿਰ ਵੀ ਦਰਦ ਕਰ ਰਿਹਾ ਸੀ, ਤੇ ਇਹ ਸਿਰਫ਼ ਇਕੋ ਇਕ ਖ਼ਿਆਲ ਨਾਲ ਭਰਿਆ ਪਿਆ ਸੀ। ਉਸਦੀ ਪਿੱਠ ਦਾ ਮਾਸ ਫਰਕ ਰਿਹਾ ਸੀ ਤੇ ਉਸਨੂੰ ਇੰਝ ਲਗ ਰਿਹਾ ਸੀ ਜਿਵੇਂ ਉਸਦੇ ਪੈਰਾਂ ਵਿਚ ਛੋਟੀਆਂ ਤੇਜ਼ ਤੇ ਠੰਡੀਆਂ ਸੂਈਆਂ ਚੁਭ ਰਹੀਆਂ ਹਨ। ਉਸਦੀਆਂ ਅੱਖਾਂ ਨੂੰ ਲਗ ਰਿਹਾ ਸੀ ਜਿਵੇਂ ਕਿ ਉਹ ਹਨੇਰੇ ਵਿਚ ਇੰਝ ਪਾੜ ਪਾੜ ਕੇ ਵੇਖਦੀਆਂ ਫਟ ਜਾਣਗੀਆਂ, ਜਿਸ ਹਨੇਰੇ ਵਿਚੋਂ, ਉਸਨੂੰ ਲਗ ਰਿਹਾ ਸੀ, ਕਿਸੇ ਵੀ ਘੜੀ ਕੋਈ ਨਿਕਲ ਆਏਗਾ ਤੇ ਚਿੱਲਾ ਕੇ ਉਹਨਾਂ ਨੂੰ ਕਹੇਗਾ: "ਰੁਕ ਜਾਓ, ਚੋਰੋ!"

ਚੇਲਕਾਸ਼ ਨੂੰ "ਚੌਕੀ" ਕਹਿੰਦਿਆਂ ਸੁਣ ਕੇ ਗਵਰੀਲਾ ਕੰਬ ਉਠਿਆ। ਉਸਦੇ ਮਨ ਵਿਚ ਇਕ ਭਿਆਨਕ ਖ਼ਿਆਲ ਆਇਆ ਤੇ ਉਸਦੇ ਤਣੇ ਹੋਏ ਤੰਤੂਆਂ ਉਤੇ ਬਿਜਲੀ ਵਾਂਗ ਆ ਡਿੱਗਾ: ਉਸਨੂੰ ਖ਼ਿਆਲ ਆਇਆ ਕਿ ਸਹਾਇਤਾ ਲਈ ਆਵਾਜ਼ ਦੇਵੇ। ਇਥੋਂ ਤੱਕ ਕਿ ਉਸਨੇ ਆਪਣਾ ਮੂੰਹ ਵੀ ਖੋਲ੍ਹ ਲਿਆ ਆਪਣੀ ਥਾਂ ਉਤੇ ਜ਼ਰਾ ਉਪਰ ਉਠਿਆ, ਬੇੜੀ ਦੇ ਪਾਸੇ ਨਾਲ ਲਾ ਕੇ ਆਪਣੀ ਛਾਤੀ ਨੂੰ ਫੁਲਾਇਆ ਤੇ ਡੂੰਘਾ ਸਾਹ ਖਿਚਿਆ, ਪਰ ਇਸ ਗਲ ਦਾ ਡਰ, ਕਿ ਉਹ ਕੀ ਕਰਨ ਲਗਾ ਹੈ, ਉਸਨੂੰ ਛਾਂਟੇ ਵਾਂਗ ਵੱਜਾ; ਉਸਨੇ ਅੱਖਾਂ ਬੰਦ ਕਰ ਲਈਆਂ ਤੇ ਆਪਣੀ ਥਾਂ ਤੋਂ ਹੇਠਾਂ ਆ ਡਿੱਗਾ।

ਬੇੜੀ ਦੇ ਸਾਮ੍ਹਣੇ ਵੱਲ੍ਹ ਦੂਰ ਦੁਮੇਲ ਉਤੇ ਕਾਲੇ ਪਾਣੀਆਂ ਵਿਚੋਂ ਰੌਸ਼ਨੀ ਦੀ ਬਲਦੀ ਨੀਲੀ ਤਲਵਾਰ ਨਿਕਲੀ; ਤਲਵਾਰ ਉੱਠੀ ਤੇ ਇਸਨੇ ਰਾਤ ਦੇ ਹਨੇਰੇ ਵਿਚ ਪਾੜ ਪਾ ਦਿਤਾ; ਇਹ ਬਦਲਾਂ ਨੂੰ ਚੀਰਦੀ ਲੰਘਣ ਲਗੀ ਤੇ ਚਾਨਣ ਦੇ ਚੌੜੇ ਨੀਲੇ ਰਿਬਨ ਵਾਂਗ ਸਾਗਰ ਦੇ ਸੀਨੇ ਉਤੇ ਟਿਕ ਗਈ। ਉਥੇ, ਇਹ ਪਈ ਸੀ, ਇਸਦੀਆਂ ਕਿਰਨਾਂ ਅਜੇ ਤੱਕ ਅਣਦਿੱਸੇ ਜਹਾਜ਼ਾਂ ਦੇ ਆਕਾਰਾਂ ਨੂੰ ਉਘਾੜ ਰਹੀਆਂ ਸਨ—ਕਾਲੇ, ਚੁੱਪ ਆਕਾਰਾਂ ਨੂੰ ਜਿਹੜੇ ਰਾਤ ਦੇ ਹਨੇਰੇ ਵਿਚ ਲਿਪਟੇ ਪਏ ਸਨ। ਇੰਝ ਲਗਦਾ ਸੀ ਜਿਵੇਂ ਇਹ ਜਹਾਜ਼ ਕਿੰਨਾਂ ਚਿਰ ਸਾਗਰ ਦੀ ਤਹਿ ਵਿਚ ਪਏ ਰਹੇ ਹੋਣ, ਜਿਥੇ ਇਹਨਾਂ ਨੂੰ ਤੂਫ਼ਾਨ ਦੀਆਂ ਤਾਕਤਾਂ ਲੈ ਗਈਆਂ ਸਨ ਤੇ ਹੁਣ, ਸਾਗਰ ਤੋਂ ਜਨਮੀ ਇਸ ਬਲਦੀ ਤਲਵਾਰ ਦੀ ਰਜ਼ਾ ਨਾਲ ਉਹਨਾਂ ਨੂੰ ਉਤੇ ਲੈ ਆਂਦਾ ਗਿਆ ਹੈ ਤਾਂ ਜੁ ਉਹ ਆਕਾਸ਼ ਵੱਲ ਤੇ ਉਹਨਾਂ ਸਾਰੀਆਂ ਚੀਜ਼ਾਂ ਵੱਲ ਨਜ਼ਰ ਮਾਰ ਕੇ ਦੇਖ ਸਕਣ ਜਿਹੜੀਆਂ ਪਾਣੀ ਦੇ ਉਪਰ ਸਨ। ਉਹਨਾਂ ਦੇ ਰੱਸੇ ਉਹਨਾਂ ਦੇ ਮਸਤੂਲਾਂ ਨਾਲ ਚੰਬੜੇ ਇੰਝ ਹਿੱਲ ਰਹੀਆਂ ਸਨ ਜਿਵੇਂ ਸਾਗਰ ਦਾ ਘਾਹ-ਬੂਟ ਉਹਨਾਂ ਧੜਵੈਲ ਆਕਾਰਾਂ ਦੇ ਨਾਲ ਹੀ ਸਾਗਰ ਦੀ ਤਹਿ ਵਿਚੋਂ ਉਪਰ ਆ ਗਿਆ ਹੈ, ਜਿਨ੍ਹਾਂ ਨੂੰ ਇਸਨੇ ਜਾਲ ਬਣਾ ਕੇ ਹੇਠਾਂ ਘੇਰਿਆ ਹੋਇਆ ਸੀ। ਇਕ ਵਾਰੀ

ਫਿਰ ਇਹ ਡਰਾਉਣੀ ਨੀਲੀ ਤਲਵਾਰ, ਲਿਸ਼ਕਾਰੇ ਮਾਰਦੀ ਹੋਈ, ਸਾਗਰ ਦੇ ਸੀਨੇ ਤੋਂ ਉਠੀ, ਇਕ ਵਾਰੀ ਫਿਰ ਇਸਨੇ ਰਾਤ ਨੂੰ ਚੀਰਿਆ ਤੇ ਮੁੜ ਕੇ ਹੇਠਾਂ ਆ ਕੇ ਇਕ ਗਈ, ਐਤਕੀਂ ਕਿਸੇ ਦੂਜੀ ਥਾਂ। ਤੇ ਇਕ ਵਾਰੀ ਫਿਰ ਇਸਦੇ ਚਾਨਣ ਨਾਲ ਉਹਨਾਂ ਜਹਾਜ਼ਾਂ ਦੇ ਆਕਾਰ ਰੌਸ਼ਨ ਹੋ ਗਏ, ਜਿਹੜੇ ਪਹਿਲਾਂ ਨਹੀਂ ਸਨ ਦਿਸਦੇ।

ਚੇਲਕਾਸ਼ ਦੀ ਬੇੜੀ ਰੁਕ ਗਈ ਤੇ ਪਾਣੀ ਉੱਤੇ ਝੂਲਣ ਲਗ ਪਈ ਜਿਵੇਂ ਸੋਚ ਰਹੀ ਹੋਵੇ ਕਿ ਕੀ ਕੀਤਾ ਜਾਏ। ਗਵਰੀਲਾ ਬੇੜੀ ਵਿਚ ਹੇਠਾਂ ਪਿਆ ਹੋਇਆ ਸੀ, ਉਸਦੇ ਹੱਥ ਉਸਦੇ ਮੂੰਹ ਉਤੇ ਸਨ, ਜਦੋਂ ਕਿ ਚੇਲਕਾਸ਼ ਆਪਣੇ ਪੈਰ ਨਾਲ ਉਸਨੂੰ ਹੁੜਾਂ ਮਾਰ ਰਿਹਾ ਸੀ ਤੇ ਦੱਬੀ ਆਵਾਜ਼ ਵਿਚ ਵਹਿਸ਼ੀਆਂ ਵਾਂਗ ਕਹਿ ਰਿਹਾ ਸੀ:

"ਇਹ ਚੁੰਗੀ ਵਾਲਿਆਂ ਦੀ ਬੇੜੀ ਏ, ਮੂਰਖ! ਤੇ ਇਹ ਇਸਦੀ ਸਪਾਟਲਾਈਟ ਏ। ਉੱਠ। ਹੋਰ ਘੜੀ ਨੂੰ ਉਹਨਾਂ ਇਹ ਸਾਡੇ ਉਤੇ ਗੱਡ ਦੇਣੀ ਏ। ਤੂੰ ਮੇਰੀ, ਤੇ ਆਪਣੀ ਵੀ, ਬਰਬਾਦੀ ਦਾ ਕਾਰਨ ਬਣੇਂਗਾ, ਮੂਰਖਾ; ਉਠ ਖੜਾ ਹੋ।"

ਪਿੱਠ ਵਿਚ ਲਗੀ ਖ਼ਾਸ ਤੌਰ ਤੇ ਕਾਰਗਰ ਠੋਕਰ ਨੇ ਗਵਰੀਲਾ ਨੂੰ ਉਠਾ ਕੇ ਬਿਠਾ ਦਿਤਾ। ਆਪਣੀਆਂ ਅੱਖਾਂ ਖੋਹਲਣ ਤੋਂ ਅਜੇ ਵੀ ਡਰਦਾ, ਉਹ ਬੈਠ ਗਿਆ, ਚੱਪੂ ਟਟੋਲੇ ਤੇ ਮਾਰਨੇ ਸ਼ੁਰੂ ਕਰ ਦਿਤੇ।

"ਹੌਲੀ! ਮੈਂ ਜਾਨੋਂ ਮਾਰ ਦਿਆਂਗਾ ਤੈਨੂੰ, ਹੌਲੀ ਮਾਰ! ਮੂਰਖ, ਮੂਰਖ, ਤੈਨੂੰ ਰੱਬ ਚੁੱਕੇ! ਤੂੰ ਕਾਹਦੇ ਤੋਂ ਡਰਦਾ ਪਿਐਂ? ਬੱਤੀ ਏ ਇਹ, ਬੱਸ। ਹੌਲੀ ਚਲਾ ਚੱਪੂ, ਤੈਨੂੰ ਮਾਰ ਵਗੇ! ਉਹ ਸਮਗਲਰਾਂ ਨੂੰ ਲਭਦੇ ਫਿਰਦੇ ਨੇ। ਪਰ ਉਹ ਸਾਨੂੰ ਨਹੀਂ ਫੜ ਸਕਣ ਲਗੇ। ਉਹ ਬਹੁਤ ਦੂਰ ਨੇ, ਬਾਹਰ। ਐਵੇਂ ਨਾ ਡਰ, ਨਹੀਂ ਫੜਣ ਲਗੇ। ਹੁਣ ਅਸੀਂ...," ਚੇਲਕਾਸ਼ ਨੇ ਜੇਤੂ ਅੰਦਾਜ਼ ਵਿਚ ਆਸੇ-ਪਾਸੇ ਵੇਖਿਆ, "ਅਸੀਂ ਖ਼ਤਰੇ ਤੋਂ ਬਾਹਰ ਹਾਂ। ਹੱਤ!... ਖ਼ੁਸ਼ਕਿਸਮਤ ਏਂ ਤੂੰ, ਭਾਵੇਂ ਹੈਗਾ ਮਿਟੀ ਦਾ ਮਾਧੋ ਈ ਏਂ।"

ਗਵਰੀਲਾ ਬਿਨਾਂ ਕੁਝ ਕਿਹਾ ਚੱਪੂ ਮਾਰੀ ਗਿਆ; ਜ਼ੋਰ ਜ਼ੋਰ ਦੀ ਸਾਹ ਲੈਂਦਾ ਹੋਇਆ ਉਹ ਨਾਲ ਹੀ ਬਲਦੀ ਤਲਵਾਰ ਵੱਲ ਵੀ ਟੇਢੀਆਂ ਨਜ਼ਰਾਂ ਨਾਲ ਵੇਖੀ ਜਾਂਦਾ ਸੀ ਜਿਹੜੀ ਲਗਾਤਾਰ ਉਪਰ ਹੇਠਾਂ ਆ ਜਾ ਰਹੀ ਸੀ। ਚੇਲਕਾਸ਼ ਨੇ ਕਿਹਾ ਸੀ ਕਿ ਇਹ ਸਿਰਫ਼ ਇਕ ਬੱਤੀ ਹੈ, ਪਰ ਉਸਨੂੰ ਯਕੀਨ ਨਹੀਂ ਸੀ ਆ ਰਿਹਾ। ਹਨੇਰੇ ਨੂੰ ਪਾੜਦੀ, ਸਾਗਰ ਨੂੰ ਚਾਂਦੀ-ਰੰਗੀ ਥਰਕਣ ਦੇਂਦੀ ਇਸ ਠੰਢੀ ਨੀਲੀ ਰੌਸ਼ਨੀ ਵਿਚ ਕੁਝ ਰਮਜ਼-ਭਰਿਆ ਸੀ, ਤੇ ਗਵਰੀਲਾ ਦੇ ਦਿਲ ਉਤੇ ਇਕ ਵਾਰੀ ਫਿਰ ਡਰ ਛਾ ਗਿਆ। ਉਹ ਮਸ਼ੀਨੀ ਢੰਗ ਨਾਲ ਚੱਪੂ ਮਾਰੀ ਜਾ ਰਿਹਾ ਸੀ, ਉਸਦੇ ਸਾਰੇ ਪੱਠੇ, ਜਿਵੇਂ ਉਪਰੋਂ ਕੁਝ ਆ ਵੱਜਣ ਦੇ ਡਰ ਨਾਲ, ਤਣੇ ਹੋਏ ਸਨ ਤੇ ਹੁਣ ਕੋਈ ਖ਼ਿਆਲ ਨਹੀਂ ਸੀ ਜਿਸਦੀ ਉਸਨੂੰ ਇੱਛਾ ਹੋਵੇ; ਉਹ ਖ਼ਾਲੀ ਤੇ ਬੇਜਾਨ ਸੀ। ਉਸ ਰਾਤ ਦੇ ਸਾਰੇ ਹੰਗਾਮੇ ਨੇ ਉਸ ਵਿਚੋਂ ਮਨੁੱਖਾਂ ਵਾਲਾ ਸਾਰਾ ਕੁਝ ਨਚੋੜ ਲਿਆ ਸੀ।

ਪਰ ਚੇਲਕਾਸ਼ ਖੁਸ਼ੀ ਮਨਾ ਰਿਹਾ ਸੀ। ਦਬਾਅ ਦੇ ਆਦੀ ਉਸਦੇ ਤੰਤੂ ਜਲਦੀ ਹੀ ਆਰਾਮ ਵਿਚ ਆ ਜਾਂਦੇ ਸਨ। ਉਸਦੀਆਂ ਮੁੱਛਾਂ ਸੰਤੋਖ ਨਾਲ ਫਰਕ ਰਹੀਆਂ ਸਨ ਤੇ ਉਸਦੀਆਂ ਅੱਖਾਂ ਚਮਕ ਰਹੀਆਂ ਸਨ। ਉਹ ਕਦੀ ਵੀ ਇਸ ਨਾਲੋਂ ਚੰਗੇ ਰੌਂ ਵਿਚ ਨਹੀਂ ਸੀ ਹੋਇਆ; ਉਸਨੇ ਦੰਦਾਂ ਵਿਚੋਂ ਸੀਟੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ, ਸਾਗਰ ਦੀ ਸਿਲ੍ਹੀ ਹਵਾ ਵਿਚ ਡੂੰਘਾ ਸਾਹ ਲਿਆ, ਆਲੇ-ਦੁਆਲੇ ਵੇਖਿਆ, ਤੇ ਜਦੋਂ ਉਸਦੀਆਂ ਅੱਖਾਂ ਗਵਰੀਲਾ ਉਤੇ ਆ ਟਿਕੀਆਂ ਤਾਂ ਉਹ ਸਦਭਾਵੀ ਢੰਗ ਨਾਲ ਮੁਸਕ੍ਰਾਇਆ।

ਹਵਾ ਚੱਲਣ ਲਗ ਪਈ ਤੇ ਇਸਨੇ ਸਾਗਰ ਨੂੰ ਜਗਾ ਦਿਤਾ ਤੇ ਇਹ ਨਿਕੀਆਂ ਨਿਕੀਆਂ ਲਹਿਰਾਂ ਨਾਲ ਢਕਿਆ ਗਿਆ। ਬੱਦਲ ਪਤਲੇ ਪੈ ਗਏ ਤੇ ਵਧੇਰੇ ਪਾਰਦਰਸ਼ੀ ਹੋ ਗਏ, ਪਰ ਸਾਰਾ ਆਕਾਸ਼ ਅਜੇ ਵੀ ਉਹਨਾਂ ਨਾਲ ਢਕਿਆ ਪਿਆ ਸੀ। ਭਾਵੇਂ ਹਵਾ ਹੌਲੀ ਹੌਲੀ ਸਾਗਰ ਉਤੇ ਫਿਰ ਰਹੀ ਸੀ, ਪਰ ਬੱਦਲ ਬੇਹਰਕਤ ਲਟਕੇ ਹੋਏ ਸਨ ਜਿਵੇਂ ਕਿ ਅਕਾਵੇਂ ਜਿਹੇ, ਗ਼ੈਰ-ਦਿਲਚਸਪ ਵਿਚਾਰਾਂ ਵਿਚ ਡੂੰਘੀ ਤਰ੍ਹਾਂ ਡੁੱਬੇ ਹੋਣ।

"ਚੱਲ, ਭਾਊ, ਹੁਣ ਸੁਚੇਤ ਹੋ। ਤੇਰੇ ਵਿਚ ਤਾਂ ਇੰਝ ਜਾਪਦੈ ਜਿਵੇਂ ਜਾਨ ਹੀ ਨਹੀਂ ਰਹੀ; ਬੱਸ ਜਿਵੇਂ ਹੱਡੀਆਂ ਦਾ ਪਿੰਜਰ ਹੋਵੇਂ। ਜਿਵੇਂ ਦੁਨੀਆਂ ਖ਼ਤਮ ਹੋ ਚੱਲੀ ਹੈ।"

ਗਵਰੀਲਾ ਨੂੰ ਮਨੁੱਖੀ ਆਵਾਜ਼ ਸੁਣ ਕੇ ਖ਼ੁਸ਼ੀ ਹੋਈ, ਭਾਵੇਂ ਇਹ ਚੇਲਕਾਸ਼ ਦੀ ਹੀ ਸੀ।

"ਨਹੀਂ, ਮੈਂ ਠੀਕ ਹਾਂ," ਉਹ ਬੁੜਬੁੜਾਇਆ।

"ਚੱਲ, ਹਟ। ਫੌਸੜ-ਢੱਗਾ! ਲੈ, ਤੂੰ ਪਤਵਾਰ ਫੜ ਲੈ ਤੇ ਮੈਨੂੰ ਚੱਪੂ ਮਾਰਨ ਦੇ। ਤੂੰ ਥੱਕ ਗਿਆ ਹੋਵੇਂਗਾ।"

ਗਵਰੀਲਾ ਮਸ਼ੀਨੀ ਜਿਹੇ ਢੰਗ ਨਾਲ ਉਠਿਆ ਤੇ ਉਸ ਨਾਲ ਥਾਂ ਵਟਾ ਲਈ। ਕੋਲੋਂ ਲੰਘਦਿਆਂ ਚੇਲਕਾਸ਼ ਨੇ ਮੁੰਡੇ ਦਾ ਪੀਲਾ ਪਿਆ ਮੂੰਹ ਵੇਖਿਆ ਤੇ ਉਸਦਾ ਧਿਆਨ ਉਸਦੇ ਗੋਡਿਆਂ ਉਤੇ ਪਿਆ ਜਿਹੜੇ ਕੰਬ ਰਹੇ ਸਨ ਤੇ ਉਸਦਾ ਬੋਝ ਵੀ ਨਹੀਂ ਸਨ ਚੁੱਕ ਸਕਦੇ। ਇਸ ਨਾਲ ਉਸਨੂੰ ਉਸ ਉਤੇ ਪਹਿਲਾਂ ਨਾਲੋਂ ਵੀ ਜ਼ਿਆਦਾ ਤਰਸ ਆਉਣ ਲਗ ਪਿਆ, ਤੇ ਉਸਨੇ ਉਸਦੇ ਮੋਢੇ ਉਤੇ ਥਾਪੀ ਦਿਤੀ।

"ਹੱਟ, ਡਰੂ ਨਾ ਬਣ! ਤੂੰ ਵਾਹਵਾ ਕੰਮ ਕੀਤੈ। ਮੈਂ ਤੈਨੂੰ ਇਹਦੇ ਇਨਾਮ ਵਿਚ ਚੰਗੇ ਪੈਸੇ ਦਿਆਂਗਾ। ਕੀ ਖ਼ਿਆਲ ਏ ਜੇ ਮੈਂ ਤੈਨੂੰ ਪੰਝੀਆਂ ਦਾ ਇਕ ਨੋਟ ਫੜਾ ਦਿਆਂ ਤਾਂ, ਹੈਂ?"

"ਮੈਨੂੰ... ਕੁਝ ਨਹੀਂ ਚਾਹੀਦਾ। ਸਿਰਫ਼ ਕੰਢੇ ਲਗਣਾ ਚਾਹੁੰਦਾਂ..."

ਚੇਲਕਾਸ਼ ਨੇ ਹੱਥ ਮਾਰਿਆ, ਥੁੱਕਿਆ ਤੇ ਆਪਣੀਆਂ ਲੰਮੀਆਂ ਲੰਮੀਆਂ ਬਾਹਾਂ ਨਾਲ ਚੱਪੂਆਂ ਨੂੰ ਦੂਰ ਪਿੱਛੇ ਤੱਕ ਲਿਜਾਂਦਿਆਂ ਚੱਪੂ ਮਾਰਨਾ ਸ਼ੁਰੂ ਕਰ ਦਿਤਾ।

ਸਾਗਰ ਜਿਵੇਂ ਹੁਣ ਬਿਲਕੁਲ ਜਾਗ ਚੁਕਾ ਸੀ। ਨਿਕੀਆਂ ਨਿਕੀਆਂ ਲਹਿਰਾਂ ਬਣਾ ਕੇ, ਉਹਨਾਂ ਨੂੰ ਝੱਗ ਦੀਆਂ ਕਿਨਾਰੀਆਂ ਨਾਲ ਸਜਾ ਕੇ, ਤੇ ਉਹਨਾਂ ਨੂੰ ਇਕ ਦੂਜੀ ਨਾਲ ਟਕਰਾ ਕੇ, ਜਿਸ ਨਾਲ ਫੁਹਾਰ ਜਿਹੀ ਪੈਣ ਲਗ ਪੈਂਦੀ ਸੀ, ਸਾਗਰ ਖੇਡ ਰਿਹਾ ਸੀ। ਝੱਗ ਬੈਠਦੀ ਹੋਈ ਸੁਰ-ਸੁਰ ਕਰ ਰਹੀ ਤੇ ਹਉਕੇ ਭਰ ਰਹੀ ਸੀ, ਤੇ ਹਵਾ ਸੰਗੀਤਕ ਆਵਾਜ਼ਾਂ ਨਾਲ ਭਰੀ ਪਈ ਸੀ। ਹਨੇਰਾ ਵੀ ਜਾਗ ਪਿਆ ਜਾਪਦਾ ਸੀ।

"ਸੋ ਹੁਣ," ਚੇਲਕਾਸ਼ ਬੋਲਿਆ, "ਤੂੰ ਵਾਪਸ ਆਪਣੇ ਪਿੰਡ ਜਾਏਂਗਾ, ਵਿਆਹ ਕਰਾਏਂਗਾ, ਜ਼ਮੀਨ 'ਤੇ ਕੰਮ ਕਰਨਾ ਸ਼ੁਰੂ ਕਰੇਂਗਾ, ਕਣਕ ਉਗਾਏਂਗਾ, ਤੇਰੀ ਵਹੁਟੀ ਬੱਚੇ ਚੰਮੇਂਗੀ, ਖਾਣ ਲਈ ਕਾਫ਼ੀ ਨਹੀਂ ਹੋਵੇਗਾ, ਤੇ ਸਾਰੀ ਉਮਰ ਤੂੰ ਕੰਮ ਕਰ ਕਰ ਕੇ ਜਾਨ ਮਾਰ ਲਵੇਂਗਾ। ਇਹ ਵੀ ਕਿਹੋ ਜਿਹਾ ਤਮਾਸ਼ਾ ਹੈ?"

"ਤਮਾਸ਼ਾ?" ਗਵਰੀਲਾ ਨੇ ਬੜਾ ਹੌਲੀ ਜਿਹੀ ਤੇ ਜ਼ਰਾ ਕੁ ਕੰਬਣੀ ਨਾਲ ਦੁਹਰਾਇਆ।

ਕਿਧਰੇ ਕਿਧਰੇ ਹਵਾ ਨੇ ਬੱਦਲਾਂ ਵਿਚ ਪਾੜ ਪਾ ਦਿਤੇ ਸਨ, ਜਿਸ ਨਾਲ ਨੀਲਾ ਆਕਾਸ਼ ਦਿੱਸਣ ਲਗ ਪਿਆ ਸੀ ਜਿਸ ਵਿਚ ਇਕ ਦੋ ਤਾਰੇ ਜੜੇ ਹੋਏ ਸਨ। ਇਹਨਾਂ ਸਿਤਾਰਿਆਂ ਦਾ ਪਰਤੌ ਪਾਣੀ ਉਤੇ ਨੱਚ ਰਿਹਾ ਸੀ, ਕਦੀ ਅਲੋਪ ਹੋ ਜਾਂਦਾ, ਕਦੀ ਫੇਰ ਲਿਸ਼ਕਣ ਲਗ ਪੈਂਦਾ।

"ਸੱਜੇ ਪਾਸੇ ਨੂੰ ਜ਼ਰਾ ਦਬਾ ਕੇ ਰਖ," ਚੇਲਕਾਸ਼ ਬੋਲਿਆ। "ਅਸੀਂ ਪਹੁੰਚ ਹੀ ਗਏ ਹਾਂ। ਹਾਂ...ਕੰਮ ਮੁੱਕਾ। ਬਹੁਤ ਭਾਰੀ ਕੰਮ। ਪਤੈ ਕਿੰਨਾਂ? ਇਕ ਰਾਤ, ਵਿਚ ਰੂਬਲ ਪੰਜ ਸੌ!"

"ਪੰਜ ਸੌ?" ਬੇਯਕੀਨੀ ਨਾਲ ਗਵਰੀਲਾ ਨੇ ਦੁਹਰਾਇਆ। ਇਹਨਾਂ ਲਫਜ਼ਾਂ ਤੋਂ ਡਰ ਕੇ ਉਸਨੇ ਗੰਢਾਂ ਨੂੰ ਮਾੜਾ ਜਿਹਾ ਠੁੱਡਾ ਮਾਰਿਆ ਤੇ ਬੋਲਿਆ, "ਇਹਨਾਂ ਵਿਚ ਹੈ ਕੀ?"

"ਇਹਨਾਂ ਵਿਚ—ਕੀਮਤੀ ਚੀਜ਼ਾਂ। ਜੇ ਮੈਨੂੰ ਠੀਕ ਕੀਮਤ ਮਿਲ ਗਈ ਤਾਂ ਇਹਨਾਂ ਦੇ ਹਜ਼ਾਰ ਵੀ ਮਿਲ ਜਾਣਗੇ। ਪਰ ਮੈਨੂੰ ਕਾਹਦੀ ਪ੍ਰਵਾਹ। ਹੈ ਕਿ ਨਹੀਂ ਖ਼ੂਬ?"

"ਓਏ ਰੱਬਾ!" ਬੇਯਕੀਨੀ ਜਿਹੀ ਵਿਚ ਗਵਰੀਲਾ ਬੋਲਿਆ। "ਜੇ ਕਿਧਰੇ ਮੇਰੇ ਕੋਲ ਏਨੇ ਪੈਸੇ ਹੁੰਦੇ!" ਉਸਨੇ ਆਪਣੇ ਪਿੰਡ, ਆਪਣੇ ਤਬਾਹ ਹੋਏ ਘਰ-ਘਾਟ ਆਪਣੀ ਮਾਂ, ਤੇ ਉਹਨਾਂ ਸਾਰੀਆਂ ਪਿਆਰੀਆਂ ਤੇ ਦੂਰ ਰਹਿ ਗਈਆਂ ਚੀਜ਼ਾਂ ਬਾਰੇ ਸੋਚਦਿਆਂ ਹਉਕਾ ਭਰਿਆ, ਜਿਨ੍ਹਾਂ ਲਈ ਉਹ ਕੰਮ ਦੀ ਭਾਲ ਵਿਚ ਨਿਕਲ ਤੁਰਿਆ ਸੀ; ਜਿਨ੍ਹਾਂ ਲਈ ਉਸਨੇ ਰਾਤ ਦਾ ਕਸ਼ਟ ਸਹਾਰਿਆ ਸੀ। ਉਹ ਯਾਦਾਂ ਦੀ ਰੌ ਵਿਚ ਵਹਿ ਗਿਆ—ਪਹਾੜ ਦੀ ਢਕੀ ਉਤੇ ਹੇਠਾਂ ਦਰਿਆ ਤੱਕ ਜਾਂਦਾ ਉਸਦਾ ਨਿਕਾ

ਜਿਹਾ ਪਿੰਡ, ਤੇ ਦਰਿਆ ਬਰਚੇ, ਕਦੂ, ਬੇਰੀ ਤੇ ਰਸਭਰੀ ਦੇ ਬੂਟਿਆਂ ਨਾਲ ਢਕਿਆ ਹੋਇਆ। "ਕਿੰਨੀ ਲੋੜ ਏ ਮੈਨੂੰ ਇਹਨਾਂ ਦੀ!" ਉਸਨੇ ਉਦਾਸੀ ਵਿਚ ਹਉਕਾ ਭਰਿਆ।

"ਸਚੀਂ। ਮੇਰਾ ਖ਼ਿਆਲ ਏ ਕਿ ਤੂੰ ਤਾਂ ਸਿੱਧਾ ਗੱਡੀ ਤੇ ਬਹਿ ਕੇ ਘਰ ਨੱਠ ਜਾਏਂ। ਤੇ ਉਥੇ ਕੁੜੀਆਂ ਤੇਰੇ ਤੇ ਮਰਦੀਆਂ ਨਾ ਫਿਰਨਗੀਆਂ। ਜਿਹੜੀ ਮਰਜ਼ੀ ਚੁਣ ਲਈਂ! ਤੇ ਆਪਣੇ ਲਈ ਨਵਾਂ ਮਕਾਨ ਵੀ ਬਣਾ ਲਈਂ; ਪਰ ਨਵੇਂ ਮਕਾਨ ਲਈ ਏਨੇ ਪੈਸੇ ਕਾਫ਼ੀ ਨਹੀਂ।"

"ਹਾਂ, ਮਕਾਨ ਬਨਾਉਣ ਲਈ ਕਾਫ਼ੀ ਨਹੀਂ। ਸਾਡੇ ਤਾਂ ਲੱਕੜੀ ਹੀ ਕਿੰਨੀਂ ਮਹਿੰਗੀ ਏ।

"ਘਟੋ ਘਟ, ਪੁਰਾਣੇ ਮਕਾਨ ਨੂੰ ਠੀਕ ਠਾਕ ਕਰ ਲਵੇਂਗਾ। ਘੋੜਾ ਹੈ ਈ?"

"ਹਾਂ, ਹੈ, ਪਰ ਬੁਢਾ ਬੀਮਾਰ।"

"ਸੋ ਤੈਨੂੰ ਨਵਾਂ ਘੋੜਾ ਖ਼ਰੀਦਣਾ ਪਵੇਗਾ। ਅਬਲ ਨੰਬਰ ਦਾ ਘੋੜਾ। ਤੇ ਇਕ ਗਾਂ...ਤੇ ਕੁਝ ਭੇਡਾਂ। ਤੇ ਕੁਝ ਮੁਰਗੀਆਂ, ਹੈਂ?"

"ਨਾ ਕਰ ਗੱਲਾਂ ਐਹੋ ਜਿਹੀਆਂ! ਉਫ਼, ਪ੍ਰਮਾਤਮਾ! ਮੈਂ ਤਾਂ ਪਹਿਲਾਂ ਹੀ ਜਿਵੇਂ ਅਜਿਹਾ ਜੀਵਨ ਜਿਊਣ ਲਗ ਪਿਆ ਹੋਵਾਂ!"

"ਹਾਂ, ਭਾ, ਤੇ ਜ਼ਿੰਦਗੀ ਫਿਰ ਵਾਹਵਾ ਹੋਵੇਗੀ। ਮੈਂ ਆਪ ਵੀ ਇਹਦੇ ਬਾਰੇ ਕੁਝ ਜਾਣਦਾਂ। ਕਦੀ ਮੇਰਾ ਵੀ ਆਪਣਾ ਆਲ੍ਹਣਾ ਹੁੰਦਾ ਸੀ। ਮੇਰਾ ਪਿਓ ਪਿੰਡ ਦੇ ਸਭ ਤੋਂ ਅਮੀਰ ਬੰਦਿਆਂ ਵਿਚੋਂ ਹੁੰਦਾ ਸੀ।"

ਚੇਲਕਾਸ਼ ਬਹੁਤ ਹੌਲੀ ਹੌਲੀ ਚੱਪੂ ਮਾਰ ਰਿਹਾ ਸੀ। ਲਹਿਰਾਂ ਸ਼ਰਾਰਤੀ ਢੰਗ ਨਾਲ ਬੇੜੀ ਦੇ ਪਾਸਿਆਂ ਨਾਲ ਵੱਜ ਰਹੀਆਂ ਸਨ, ਜਿਸ ਨਾਲ ਬੇੜੀ ਡੋਲ ਰਹੀ ਸੀ, ਤੇ ਇਹ ਹਨੇਰੇ ਸਾਗਰ ਵਿਚ ਲਗ ਭਗ ਉਕਾ ਹੀ ਅੱਗੇ ਨਹੀਂ ਸੀ ਵਧ ਰਹੀ, ਜਿਹੜਾ ਹੁਣ ਵਧੇਰੇ ਚੁਹਲਾਂ ਕਰਦਾ ਜਾ ਰਿਹਾ ਸੀ। ਦੋਵੇਂ ਜਣੇ ਉਥੇ ਬੈਠੇ ਰਹੇ, ਡੋਲਦੇ ਤੇ ਆਲੇ-ਦੁਆਲੇ ਵੇਖਦੇ, ਆਪੋ ਆਪਣੇ ਖ਼ਿਆਲਾਂ ਵਿਚ ਡੁੱਬੇ ਹੋਏ। ਚੇਲਕਾਸ਼ ਨੇ ਗਵਰੀਲਾ ਨੂੰ ਸ਼ਾਂਤ ਕਰਨ ਲਈ ਤੇ ਉਸ ਵਿਚ ਜ਼ਰਾ ਖੇੜਾ ਲਿਆਉਣ ਲਈ ਉਸਨੂੰ ਪਿੰਡ ਯਾਦ ਕਰਾਇਆ ਸੀ। ਉਸਨੇ ਖਚਰੇ ਢੰਗ ਨਾਲ ਗੱਲ ਸ਼ੁਰੂ ਕੀਤੀ ਸੀ; ਪਰ ਆਪਣੇ ਸਾਥੀ ਨੂੰ ਕਿਸਾਨ ਜੀਵਨ ਦੀਆਂ ਖ਼ੁਸ਼ੀਆਂ ਦੀ ਯਾਦ ਕਰਾ ਕੇ ਟਕੋਰਾਂ ਕਰਦਿਆਂ, ਜਿਨ੍ਹਾਂ ਖ਼ੁਸ਼ੀਆਂ ਦੀ ਮੁਦਤਾਂ ਤੋਂ ਉਸਨੇ ਆਪ ਕਦਰ ਕਰਨੀ ਛੱਡ ਦਿਤੀ ਹੋਈ ਸੀ ਤੇ ਹੁਣ ਤੱਕ ਜਿਨ੍ਹਾਂ ਨੂੰ ਬਿਲਕੁਲ ਭੁਲਾ ਛਡਿਆ ਹੋਇਆ ਸੀ, ਉਹ ਆਪ ਹੌਲੀ ਹੌਲੀ ਵਹਿ ਤੁਰਿਆ, ਤੇ ਉਸਨੂੰ ਪਤਾ ਵੀ ਨਾ ਲਗਾ ਕਿ ਕਦੋਂ ਉਸਨੇ ਪਿੰਡ ਤੇ ਇਸਦੇ ਮਾਮਲਿਆਂ ਬਾਰੇ ਮੁੰਡੇ ਨੂੰ ਪੁੱਛਣ ਦੀ ਥਾਂ, ਇਸ ਵਿਸ਼ੇ ਆਪ ਵਿਆਖਿਆ ਕਰਨੀ ਸ਼ੁਰੂ ਕਰ ਦਿਤਾ।

"ਕਿਸਾਨ ਜੀਵਨ ਬਾਰੇ ਸਭ ਤੋਂ ਚੰਗੀ ਗਲ ਇਹ ਵੇ ਕਿ ਬੰਦਾ ਆਜ਼ਾਦ ਹੁੰਦੈ, ਆਪਣਾ ਮਾਲਕ ਆਪ ਹੁੰਦੈ। ਉਸ ਕੋਲ ਆਪਣਾ ਮਕਾਨ ਹੁੰਦੈ, ਭਾਵੇਂ ਮਾੜਾ ਜਿਹਾ ਹੀ ਕਿਉਂ ਨਾ ਹੋਵੇ। ਆਪਣੀ ਜ਼ਮੀਨ ਹੁੰਦੀ ਏ, ਭਾਵੇਂ ਟੋਟਾ ਕੁ ਹੀ ਹੋਵੇ, ਪਰ ਹੁੰਦੀ ਤਾਂ ਉਹਦੀ ਆਪਣੀ ਹੈ। ਉਹ ਬਾਦਸ਼ਾਹ ਹੁੰਦੈ, ਇਕ ਵਾਰੀ ਜਦੋਂ ਉਸ ਕੋਲ ਆਪਣੀ ਜ਼ਮੀਨ ਹੋ ਜਾਂਦੀ ਹੈ। ਉਸਦੀ ਫਿਰ ਪ੍ਰਵਾਹ ਕਰਨੈ ਲਗ ਪੈਂਦੇ ਨੇ। ਉਹ ਕਿਸੇ ਤੋਂ ਵੀ ਇਜ਼ਤ ਕਰਾਉਣ ਦਾ ਹੱਕਦਾਰ ਹੋ ਜਾਂਦੈ, ਕਿਉਂ, ਨਹੀਂ?" ਉਸਨੇ ਬੜੇ ਵਲਵਲੇ ਵਿਚ ਆਉਂਦਿਆਂ ਗੱਲ ਮੁਕਾਈ।

ਗਵਰੀਲਾ ਨੇ ਉਸ ਵੱਲ ਉਤਸੁਕ ਹੋ ਕੇ ਵੇਖਿਆ ਤੇ ਆਪ ਵੀ ਜੋਸ਼ ਵਿਚ ਆ ਗਿਆ। ਗੱਲਬਾਤ ਦੇ ਦੌਰਾਨ ਉਹ ਭੁੱਲ ਗਿਆ ਕਿ ਇਹ ਆਦਮੀ ਕੌਣ ਹੈ; ਉਸਦੇ ਰੂਪ ਵਿਚ ਉਹ ਸਿਰਫ਼ ਆਪਣੇ ਜਿਹਾ ਇਕ ਹੋਰ ਕਿਸਾਨ ਹੀ ਵੇਖਣ ਲਗਾ, ਜਿਹੜਾ ਵਡ-ਵਡੇਰਿਆਂ ਦੀਆਂ ਕਈ ਪੁਸ਼ਤਾਂ ਦੇ ਪਸੀਨੇ ਰਾਹੀਂ ਜ਼ਮੀਨ ਨਾਲ ਪੱਕੀ ਤਰ੍ਹਾਂ ਜੁੜਿਆ ਹੋਇਆ ਸੀ, ਬਚਪਨ ਦੀਆਂ ਯਾਦਾਂ ਕਰਕੇ ਇਸ ਨਾਲ ਬੱਝਾ ਹੋਇਆ ਸੀ; ਅਜਿਹਾ ਕਿਸਾਨ ਜਿਸਨੇ ਆਪਣੀ ਮਰਜ਼ੀ ਨਾਲ ਜ਼ਮੀਨ ਨਾਲੋਂ ਤੇ ਜ਼ਮੀਨ ਉਤੇ ਕੰਮ ਕਰਨ ਨਾਲੋਂ ਸੰਬੰਧ ਤੋੜ ਲਏ ਸਨ, ਜਿਸਦੀ ਉਸਨੂੰ ਯੋਗ ਸਜ਼ਾ ਮਿਲੀ ਸੀ।

"ਇਹ ਠੀਕ ਏ, ਭਾ! ਕਿੰਨਾ ਠੀਕ! ਹੁਣ, ਆਪਣੇ ਵੱਲ ਹੀ ਜ਼ਰਾ ਵੇਖ; ਬਿਨਾਂ ਜ਼ਮੀਨ ਦੇ ਤੂੰ ਕੀ ਏਂ? ਜ਼ਮੀਨ, ਭਾਊ, ਮਾਂ ਵਾਂਗ ਹੁੰਦੀ ਏ; ਬਹੁਤੀ ਦੇਰ ਨਹੀਂ ਭੁਲਾਈ ਜਾ ਸਕਦੀ।"

ਚੇਲਕਾਸ਼ ਆਪਣੇ ਖ਼ਿਆਲਾਂ ਵਿਚੋਂ ਪਰਤ ਆਇਆ। ਇਕ ਵਾਰੀ ਫਿਰ ਉਸਨੂੰ ਆਪਣੇ ਸੀਨੇ ਵਿਚ ਉਹ ਜਲਨ ਦਾ ਅਹਿਸਾਸ ਹੋਇਆ ਜਿਹੜਾ ਹਮੇਸ਼ਾ ਉਸਨੂੰ ਤੰਗ ਕਰਦਾ ਹੁੰਦਾ ਸੀ ਜਦੋਂ ਵੀ ਉਸਦੇ ਸਵੈਮਾਨ—ਸਿਰ-ਲਥ ਨਿਧੜਕ ਆਦਮੀ ਦੇ ਸਵੈਮਾਨ—ਨੂੰ ਠੇਸ ਪਹੁੰਚਦੀ ਹੁੰਦੀ ਸੀ, ਖ਼ਾਸ ਤੌਰ ਤੇ ਉਸ ਆਦਮੀ ਦੇ ਹੱਥੋਂ ਜਿਸਦੀ ਉਸਦੀਆਂ ਨਜ਼ਰਾਂ ਵਿਚ ਕੋਈ ਕੀਮਤ ਨਹੀਂ ਸੀ ਹੁੰਦੀ।

"ਮੈਨੂੰ ਸਿਖਿਆ ਦੇਨੈਂ!" ਉਹ ਗ਼ੁੱਸੇ ਨਾਲ ਕੜਕਿਆ। "ਤੂੰ ਸੋਚਿਆ ਹੋਵੇਗਾ ਕਿ ਮੈਂ ਸਚੀਮੁਚੀ ਇਹ ਸਭ ਕੁਝ ਕਹਿ ਰਿਹਾਂ! ਜ਼ਰਾ ਆਪਣਾ ਆਪ ਵੇਖ ਕੇ ਗੱਲ ਕਰ!"

"ਤੂੰ ਅਜੀਬ ਆਦਮੀ ਏਂ," ਗਵਰੀਲਾ ਨੇ ਪਹਿਲਾਂ ਵਾਂਗ ਹੀ ਡਰੂ ਜਿਹੇ ਢੰਗ ਨਾਲ ਕਿਹਾ। "ਮੇਰਾ ਮਤਲਬ ਤੇਰੇ ਤੋਂ ਨਹੀਂ ਸੀ। ਤੇਰੇ ਵਰਗੇ ਹੋਰ ਵੀ ਤਾਂ ਕਈ ਨੇ। ਉਫ, ਰੱਬਾ, ਦੁਨੀਆਂ ਵਿਚ ਕਿੰਨੇ ਬਦਕਿਸਮਤ ਲੋਕ ਨੇ। ਆਵਾਰਾ ਬੇਘਰ।"

"ਆਹ ਲੈ ਫੜ ਚੱਪੂ," ਚੇਲਕਾਸ਼ ਨੇ ਸੰਖੇਪ ਜਿਹਾ ਹੁਕਮ ਦਿਤਾ; ਉਹ ਆਪਣੇ ਅੰਦਰੋਂ ਉੱਠ ਕੇ ਗਲੇ ਤੱਕ ਆਉਂਦਾ ਗਰਮਾ-ਗਰਮ ਗਾਲ੍ਹਾਂ ਦਾ ਹੜ੍ਹ ਰੋਕ ਕੇ ਰਖ ਰਿਹਾ ਸੀ।

ਇਕ ਵਾਰੀ ਫਿਰ ਉਹਨਾਂ ਥਾਵਾਂ ਬਦਲ ਲਈਆਂ, ਤੇ ਜਦੋਂ ਚੇਲਕਾਸ਼ ਗੱਢਾਂ ਦੇ ਉਤੋਂ ਦੀ ਲੰਘ ਰਿਹਾ ਸੀ ਤਾਂ ਉਸ ਵਿਚ ਅਰੁਕ ਇੱਛਾ ਪੈਦਾ ਹੋ ਰਹੀ ਸੀ ਕਿ ਗਵਰੀਲਾ ਨੂੰ ਅਜਿਹਾ ਧੱਕਾ ਦੇਵੇ ਜਿਹੜਾ ਉਸਨੂੰ ਪਾਣੀ ਵਿਚ ਉਲਟਾ ਮਾਰੇ।

ਉਹਨਾਂ ਹੋਰ ਗਲ ਨਾ ਕੀਤੀ, ਪਰ ਗਵਰੀਲਾ ਦੀ ਚੁਪ ਵੀ ਚੇਲਕਾਸ਼ ਵੱਲ ਪਿੰਡ ਦੀ ਹਵਾ ਸੁੱਟ ਰਹੀ ਸੀ। ਚੇਲਕਾਸ਼ ਏਨਾ ਬੀਤੇ ਦੇ ਵਿਚਾਰਾਂ ਵਿਚ ਗੁੰਮ ਹੋ ਗਿਆ ਕਿ ਉਹ ਪਤਵਾਰ ਵਰਤਣਾ ਵੀ ਭੁੱਲ ਗਿਆ ਤੇ ਧਾਰਾ ਬੇੜੀ ਨੂੰ ਬਾਹਰ ਸਾਗਰ ਵੱਲ ਲੈ ਗਿਆ। ਲਹਿਰਾਂ ਨੂੰ ਜਿਵੇਂ ਪਤਾ ਲੱਗ ਗਿਆ ਹੋਵੇ ਕਿ ਇਹ ਬੇੜੀ ਮੁਹਾਣੇ ਬਿਨਾਂ ਦੇ ਜਾ ਰਹੀ ਹੈ, ਤੇ ਉਹ ਖ਼ੁਸ਼ੀ ਖ਼ੁਸ਼ੀ ਉਸਨਾਲ ਖੇਡਣ ਲਗੀਆਂ, ਇਸਨੂੰ ਆਪਣੀਆਂ ਟੀਸੀਆਂ ਉਤੇ ਉਛਾਲਦੀਆਂ ਤੇ ਚੱਪੂਆਂ ਦੁਆਲੇ ਨਿੱਕੀਆਂ ਨਿੱਕੀਆਂ ਨੀਲੀਆਂ ਲਾਟਾਂ ਬਣਾਉਂਦੀਆਂ। ਚੇਲਕਾਸ਼ ਦੀਆਂ ਅੱਖਾਂ ਅਗੇ ਬੀਤੇ ਦੀਆਂ, ਦੂਰ ਬੀਤੇ ਦੀਆਂ ਤਸਵੀਰਾਂ ਲੰਘਣ ਲਗੀਆਂ, ਜਿਨ੍ਹਾਂ ਨੂੰ ਯਾਰਾਂ ਸਾਲਾਂ ਦੇ ਆਵਾਰਾਗਰਦ ਜੀਵਨ ਦੀ ਖਾਈ ਅੱਜ ਨਾਲੋਂ ਨਿਖੇੜਦੀ ਸੀ। ਉਸਦੀਆਂ ਅੱਖਾਂ ਅੱਗੇ ਉਹ ਸਮਾਂ ਆਇਆ ਜਦੋਂ ਉਹ ਬੱਚਾ ਸੀ, ਉਸਦਾ ਜਨਮ-ਪਿੰਡ ਆਇਆ, ਆਪਣੀ ਮਾਂ ਆਈ—ਦਿਆਲੂ ਸਲੇਟੀ ਅੱਖਾਂ ਤੇ ਲਾਲ ਗਲ੍ਹਾਂ ਵਾਲੀ ਤਕੜੀ ਜ਼ਨਾਨੀ, ਤੇ ਉਸਦਾ ਪਿਓ—ਘੁੱਟੇ ਮੂੰਹ ਵਾਲਾ, ਲਾਲ ਦਾੜ੍ਹੀ ਵਾਲਾ ਸਾਹਸੀ ਬੰਦਾ। ਉਸਨੇ ਆਪਣੇ ਆਪ ਨੂੰ ਲਾੜੇ ਵਜੋਂ ਵੇਖਿਆ, ਤੇ ਆਪਣੀ ਲਾੜੀ ਦੇਖੀ, ਗੁਦਗੁਦੀ ਕਾਲੀਆਂ ਅੱਖਾਂ ਵਾਲੀ ਆਨਫ਼ੀਸਾ, ਨਰਮ, ਖ਼ੁਸ਼-ਰਹਿਣੀ ਤਬੀਅਤ ਵਾਲੀ, ਜਿਸਦੀਆਂ ਲੱਕ ਲੱਕ ਲੰਮੀਆਂ ਗੁਤਾਂ ਸਨ। ਫਿਰ ਉਸਨੇ ਆਪਣੇ ਆਪ ਨੂੰ ਖ਼ੂਬਸੂਰਤ ਗਾਰਡ ਰਜਮੈਂਟ ਦੇ ਫ਼ੌਜੀ ਵਜੋਂ ਵੇਖਿਆ; ਤੇ ਫਿਰ ਆਪਣੇ ਪਿਓ ਨੂੰ, ਜਿਸਦੇ ਹੁਣ ਵਾਲ ਚਿੱਟੇ ਹੋ ਚੁਕੇ ਸਨ ਸਖ਼ਤ ਮਿਹਨਤ ਕਰ ਕੇ ਕੁੱਬ ਨਿਕਲ ਆਇਆ ਸੀ; ਤੇ ਆਪਣੀ ਮਾਂ ਵੇਖੀ—ਝੁਰੜੀਆਂ ਤੇ ਝੁਕ ਨੇ ਦੂਹਰੀ ਹੋਈ ਹੋਈ। ਉਸਦੀਆਂ ਅੱਖਾਂ ਸਾਮ੍ਹਣੇ ਉਹ ਦਾਅਵਤ ਆਈ ਜਿਹੜੀ ਉਸਦੇ ਪਿੰਡ ਵਾਲਿਆਂ ਦਿਤੀ ਸੀ, ਜਦੋਂ ਉਸਦੀ ਫ਼ੌਜੀ ਸੇਵਾ ਮੁੱਕੀ ਸੀ, ਤੇ ਉਸਨੂੰ ਯਾਦ ਆਇਆ ਕਿ ਆਪਣੇ ਇਸ ਸਿਹਤਮੰਦ ਖ਼ੂਬਸੂਰਤ, ਮੁੱਛਾਂ ਵਾਲੇ ਫ਼ੌਜੀ ਪੁੱਤਰ ਦਾ ਗੁਆਂਢੀਆਂ ਅੱਗੇ ਵਿਖਾਵਾ ਕਰਕੇ ਉਸਦਾ ਪਿਓ ਕਿੰਨਾਂ ਮਾਣ ਮਹਿਸੂਸ ਕਰਦਾ ਸੀ। ਯਾਦਾਂ ਉਹਨਾਂ ਲੋਕਾਂ ਲਈ ਮੁਸੀਬਤ ਨੇ ਜਿਹੜੇ ਬਦਕਿਸਮਤੀ ਦਾ ਸ਼ਿਕਾਰ ਹੋ ਗਏ ਹੋਣ; ਇਹ ਬੀਤੇ ਦੇ ਹਰ ਪੱਥਰ ਵਿਚ ਜਾਨ ਪਾ ਦੇਂਦੀਆਂ ਨੇ ਤੇ ਕਿਸੇ ਦੂਰ ਬੀਤੇ ਸਮੇਂ ਵਿਚ ਪੀਤੇ ਕੌੜੇ ਤੋਂ ਕੌੜੇ ਘੁੱਟ ਵਿਚ ਵੀ ਸ਼ਹਿਦ ਦਾ ਤੁਪਕਾ ਮਿਲਾ ਦੇਂਦੀਆਂ ਨੇ।

ਚੇਲਕਾਸ਼ ਨੂੰ ਆਪਣੀ ਜਨਮ-ਥਾਂ ਦੀ ਹਵਾ ਦੇ ਸਹਿਲਾਉਂਦੇ ਫ਼ੱਰਾਟੇ ਚਲਦੇ ਮਹਿਸੂਸ ਹੋ ਰਹੇ ਸਨ, ਜਿਹੜੇ ਉਸਦੀ ਮਾਂ ਦੇ ਪਿਆਰ ਭਰੇ ਲਫ਼ਜ਼, ਉਸਦੇ ਪਿਉ,

ਅਸਲੀ ਕਿਸਾਨ, ਦੀ ਬੋਲੀ ਤੇ ਹੋਰ ਕਈ ਭੁੱਲੀਆਂ-ਵਿਸਰੀਆਂ ਆਵਾਜ਼ਾਂ ਉਸਦੇ ਕੰਨਾਂ ਵਿਚ ਪਾ ਰਹੇ ਸਨ; ਉਸਦੀਆਂ ਨਾਸਾਂ ਤੱਕ ਧਰਤੀ-ਮਾਂ ਦੀ ਮਹਿਕ ਪੁਚਾ ਰਹੇ ਸਨ—ਉਸ ਵੇਲੇ ਦੀ ਜਦੋਂ ਬਰਫ਼ ਪਿਘਲਦੀ ਹੈ, ਉਸ ਸਮੇਂ ਦੀ ਜਦੋਂ ਨਵਾਂ ਨਵਾਂ ਹਲ ਵਾਹਿਆ ਜਾਂਦਾ ਹੈ, ਉਸ ਸਮੇਂ ਦੀ ਜਦੋਂ ਹਾੜ੍ਹੀ ਦੀ ਰਾਈ ਦੀ ਸਬਜ਼ ਚਾਦਰ ਇਸਨੇ ਉਤੇ ਲਈ ਹੁੰਦੀ ਹੈ। ਉਸਨੇ ਮਹਿਸੂਸ ਕੀਤਾ ਕਿ ਉਹ ਇਕੱਲਾ ਹੈ, ਜੜ੍ਹੋਂ ਉਖੜਿਆ ਹੋਇਆ, ਉਸ ਜੀਵਨ-ਢੰਗ ਵਿਚੋਂ ਹਮੇਸ਼ਾ ਲਈ ਕੱਢ ਕੇ ਬਾਹਰ ਸੁੱਟ ਦਿਤਾ ਗਿਆ, ਜਿਸਨੇ ਉਸਦੀਆਂ ਰਗਾਂ ਵਿਚ ਦੌੜਦਾ ਖ਼ੂਨ ਪੈਦਾ ਕੀਤਾ ਸੀ।

"ਹੇ! ਅਸੀਂ ਜਾ ਕਿਧਰ ਰਹੇ ਹਾਂ?" ਗਵਰੀਲਾ ਕੂਕ ਉਠਿਆ।

ਚੇਲਕਾਸ਼ ਤ੍ਰਭਕ ਉਠਿਆ ਤੇ ਬਾਜ਼ ਵਾਲੀ ਚੌਕਸੀ ਨਾਲ ਆਸੇ-ਪਾਸੇ ਨਜ਼ਰ ਮਾਰੀ।

"ਵੇਖ, ਅਸੀਂ ਕਿਧਰ ਆ ਨਿਕਲੇ ਹਾਂ। ਜ਼ਰਾ ਜ਼ੋਰ ਦੀ ਚੱਪੂ ਲਾ।"

"ਸੁਪਨੇ ਲੈ ਰਿਹਾ ਸੈਂ?" ਮੁਸਕ੍ਰਾਉਂਦਿਆਂ ਹੋਇਆਂ ਗਵਰੀਲਾ ਨੇ ਪੁਛਿਆ।

"ਥੱਕ ਗਿਆ।"

"ਇਹਨਾਂ ਨਾਲ ਸਾਡੇ ਮੁਸੀਬਤ ਵਿਚ ਫਸਣ ਦਾ ਤਾਂ ਕੋਈ ਖ਼ਤਰਾ ਨਹੀਂ?" ਗੰਢਾਂ ਨੂੰ ਜ਼ਰਾ ਕੁ ਠੁਡਾ ਮਾਰਦਿਆਂ ਗਵਰੀਲਾ ਨੇ ਪੁਛਿਆ।

"ਨਹੀਂ, ਡਰ ਨਾ। ਮੈਂ ਹੁਣੇ ਇਹ ਦੇ ਕੇ ਆਪਣੇ ਪੈਸੇ ਲੈ ਲਵਾਂਗਾ।"

"ਪੰਜ ਸੌ?"

"ਘੱਟੋ-ਘੱਟ।"

"ਕਿੰਨੀਂ ਵਡੀ ਰਕਮ ਏ! ਜੇ ਕਿਧਰੇ ਇਹ ਮੇਰੇ ਕੋਲ ਹੁੰਦੀ! ਮੈਂ ਇਹਨਾਂ ਨਾਲ ਕੋਈ ਸੁਹਣਾ ਜਿਹਾ ਗੀਤ ਨਾ ਛੁਹ ਦੇਂਦਾ!"

"ਕਿਸਾਨੀ ਗੀਤ?"

"ਤੇ ਹੋਰ ਕੀ? ਮੈਂ..."

ਤੇ ਗਵਰੀਲਾ ਕਲਪਨਾ ਦੇ ਘੋੜੇ ਸਵਾਰ ਹੋ ਗਿਆ। ਚੇਲਕਾਸ਼ ਨੇ ਕੁਝ ਨਾ ਕਿਹਾ। ਉਸਦੀਆਂ ਮੁੱਛਾਂ ਡਿਗੀਆਂ ਹੋਈਆਂ ਸਨ, ਉਸਦਾ ਸੱਜਾ ਪਾਸਾ ਕਿਸੇ ਲਹਿਰ ਨੇ ਭਿਉਂ ਦਿਤਾ ਸੀ, ਉਸਦੀਆਂ ਅੱਖਾਂ ਅੰਦਰ ਧਸੀਆਂ ਹੋਈਆਂ ਸਨ ਤੇ ਉਹਨਾਂ ਦੀ ਲਿਸ਼ਕ ਜਾਂਦੀ ਰਹੀ ਸੀ। ਸਾਰਾ ਬਾਜ਼ਪੁਣਾ ਉਸ ਵਿਚੋਂ ਜਾਂਦਾ ਰਿਹਾ ਸੀ, ਉਹਨਾਂ ਜ਼ਲੀਲ ਕਰਨ ਵਾਲੀਆਂ ਸੋਚਾਂ ਨੇ ਉਸ ਵਿਚੋਂ ਨਿਚੋੜ ਲਿਆ ਸੀ, ਜਿਹੜੀਆਂ ਉਸਦੀ ਗੰਦੀ ਕਮੀਜ਼ ਦੀਆਂ ਤਹਿਆਂ ਵਿਚੋਂ ਵੀ ਝਾਕ ਰਹੀਆਂ ਸਨ।

ਉਸਨੇ ਇਕਦਮ ਬੇੜੀ ਮੋੜੀ ਤੇ ਪਾਣੀ ਵਿਚੋਂ ਉਭਰਦੇ ਇਕ ਕਾਲੇ ਆਕਾਰ ਵੱਲ ਲੈ ਤੁਰਿਆ।

ਇਕ ਵਾਰੀ ਫਿਰ ਆਕਾਸ਼ ਬੱਦਲਾਂ ਹੇਠ ਢਕਿਆ ਗਿਆ, ਤੇ ਨਿੱਘੀ ਫ਼ੁਹਾਰ ਪੈਣ ਲਗ ਪਈ, ਜਿਹੜੀ ਪਾਣੀ ਉਤੇ ਡਿਗਦੀ ਖ਼ੁਸ਼ੀਭਰੀ ਆਵਾਜ਼ ਪੈਦਾ ਕਰ ਰਹੀ ਸੀ।

"ਰੁਕ ਜਾ! ਹੌਲੀ!" ਚੇਲਕਾਸ਼ ਨੇ ਹੁਕਮ ਦਿਤਾ।

ਬੇੜੀ ਦਾ ਨੱਕ ਕਿਸੇ ਲਾਦੂ ਜਹਾਜ਼ ਵਿਚ ਜਾ ਵੱਜਾ ਸੀ।

"ਸੁੱਤੇ ਪਏ ਨੇ ਕੀ, ਹਰਾਮਜ਼ਾਦੇ?" ਚੇਲਕਾਸ਼ ਬੇੜੀ ਦੀ ਹੁੱਕ ਨੂੰ ਜਹਾਜ਼ ਦੇ ਪਾਸਿਆਂ ਵੱਲ ਲਟਕਦੇ ਕੁਝ ਰੱਸਿਆਂ ਵਿਚ ਅੜਾਉਂਦਾ ਹੋਇਆ ਬੁੜਬੁੜਾਇਆ। "ਪੌੜੀ ਹੇਠਾਂ ਸੁੱਟੋ! ਮੀਂਹ ਵੀ ਹੁਣੇ ਆਇਆ ਏ, ਪਹਿਲਾਂ ਪਤਾ ਨਹੀਂ ਕਿਥੇ ਸੀ! ਹੇ-ਏ, ਸਪੰਜ ਦੇ ਪੁੱਤਰੋ! ਹੇ-ਏ!"

"ਕੌਣ, ਸੇਲਕਾਸ਼ ਏ?" ਉਪਰੋਂ ਕੋਈ ਖਰਖਾਉਂਦੀ ਆਵਾਜ਼ ਵਿਚ ਬੋਲਿਆ।

"ਪੌੜੀ ਲਟਕਾ!"

"ਕਾਲੀਮੇਰਾ, ਸੇਲਕਾਸ਼!" *

"ਤੂੰ ਪੌੜੀ ਸੁੱਟ, ਭੂਤਨੀ ਦਿਆ!"

"ਉਫ਼, ਕਿੰਨੀਂ ਗਰਮੀ ਵਿਚ ਏ ਇਹ ਅੱਜ! ਏਲੋਊ!" **

"ਚੱਲ ਚੜ੍ਹ, ਗਵਰੀਲਾ," ਚੇਲਕਾਸ਼ ਨੇ ਆਪਣੇ ਸਾਥੀ ਨੂੰ ਕਿਹਾ।

ਅਗਲੇ ਪਲ ਉਹ ਡੈਕ ਉਤੇ ਸਨ, ਜਿਥੇ ਤਿੰਨ ਦਾੜ੍ਹੀਆਂ ਵਾਲੇ, ਸਾਂਵਲੇ ਜਿਹੇ ਬੰਦੇ ਚੇਲਕਾਸ਼ ਦੀ ਬੇੜੀ ਵਿਚ ਝਾਤੀਆਂ ਮਾਰਦੇ ਹੋਏ ਇਕ ਦੂਜੇ ਨਾਲ ਤੋਤਲੀ ਜਿਹੀ ਜ਼ਬਾਨ ਵਿਚ ਜੋਸ਼ ਵਿਚ ਆ ਕੇ ਗੱਲਾਂ ਕਰ ਰਹੇ ਸਨ। ਲੰਮੇਂ ਜਿਹੇ ਚੋਗੇ ਵਿਚ ਲਪੇਟਿਆ ਚੌਥਾ ਆਦਮੀ ਚੇਲਕਾਸ਼ ਵੱਲ ਆਇਆ ਤੇ ਬਿਨਾਂ ਇਕ ਵੀ ਲਫ਼ਜ਼ ਬੋਲਿਆਂ ਉਸ ਨਾਲ ਹੱਥ ਮਿਲਾਇਆ, ਤੇ ਫਿਰ ਸਵਾਲੀਆ ਨਜ਼ਰਾਂ ਨਾਲ ਗਵਰੀਲਾ ਵੱਲ ਦੇਖਣ ਲਗਾ।

"ਸਵੇਰ ਤੱਕ ਪੈਸੇ ਤਿਆਰ ਰਖਣੇ," ਚੇਲਕਾਸ਼ ਨੇ ਸੰਖੇਪ ਜਿਹੇ ਕਿਹਾ। "ਹੁਣ ਮੈਂ ਜ਼ਰਾ ਸੌਂ ਲਵਾਂ। ਚੱਲ ਆ, ਗਵਰੀਲਾ। ਕੁਝ ਖਾਣਾ ਈ?"

"ਨਹੀਂ, ਸੌਣੈ," ਗਵਰੀਲਾ ਬੋਲਿਆ। ਪੰਜ ਮਿੰਟ ਪਿਛੋਂ ਉਹ ਉੱਚੀ ਉੱਚੀ ਘੁਰਾੜੇ ਮਾਰ ਰਿਹਾ ਸੀ ਜਦੋਂ ਕਿ ਚੇਲਕਾਸ਼ ਉਸਦੇ ਕੋਲ ਬੈਠਾ ਕਿਸੇ ਹੋਰ ਦੇ ਬੂਟ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਇਕ ਪਾਸੇ ਵੱਲ ਥੁੱਕੀ ਜਾ ਰਿਹਾ ਸੀ ਤੇ ਦੰਦਾਂ ਦੇ ਵਿਚੋਂ ਦੀ ਸੀਟੀ ਨਾਲ ਕੋਈ ਉਦਾਸ ਜਿਹੀ ਧੁਨ ਕਢ ਰਿਹਾ ਸੀ। ਫਿਰ

---

* ਸ਼ੁਭ ਸਵੇਰ, ਚੇਲਕਾਸ਼ (ਯੂਨਾਨੀ ਬੋਲੀ ਵਿਚ)। — ਅਨੁ:

** ਆ ਜਾਓ (ਯੂਨਾਨੀ ਬੋਲੀ ਵਿਚ। — ਅਨੁ:

ਉਹ ਆਪਣੇ ਹੱਥ ਸਿਰ ਪਿੱਛੇ ਰਖ ਕੇ ਗਵਰੀਲਾ ਦੇ ਨਾਲ ਲੇਟ ਗਿਆ ਤੇ ਮੁੱਛਾਂ ਨੂੰ ਤਾਅ ਦੇਂਦਾ ਹੋਇਆ ਉਥੇ ਪਿਆ ਰਿਹਾ।

ਜਹਾਜ਼ ਲਹਿਰਾਂ ਉਤੇ ਤੈਰ ਰਿਹਾ ਸੀ, ਇਕ ਫੱਟਾ ਸੋਗੀ ਜਿਹੇ ਢੰਗ ਨਾਲ ਚੀਂ ਚੀਂ ਕਰ ਰਿਹਾ ਸੀ, ਬਾਰਸ਼ ਡੈਕ ਉਤੇ ਪੈ ਰਹੀ ਸੀ ਤੇ ਲਹਿਰਾਂ ਪਾਸਿਆਂ ਨਾਲ ਵੱਜ ਰਹੀਆਂ ਸਨ। ਇਹ ਸਾਰਾ ਕੁਝ ਬੜਾ ਸੋਗੀ ਸੀ ਤੇ ਕਿਸੇ ਮਾਂ ਦੀ ਇਕ ਲੋਰੀ ਯਾਦ ਦੁਆਉਂਦਾ ਸੀ, ਜਿਸਨੂੰ ਆਸ ਨਹੀਂ ਹੁੰਦੀ ਕਿ ਉਹ ਆਪਣੇ ਬੱਚੇ ਨੂੰ ਖ਼ੁਸ਼ ਵੇਖੇਗੀ।

ਚੇਲਕਾਸ਼ ਨੇ ਆਪਣੇ ਦੰਦ ਕਢੇ, ਸਿਰ ਚੁਕਿਆ, ਆਸੇਪਾਸੇ ਨਜ਼ਰ ਮਾਰੀ, ਆਪਣੇ ਆਪ ਵਿਚ ਹੀ ਕੁਝ ਬੁੜਬੁੜਾਇਆ ਤੇ ਆਪਣੀਆਂ ਲੱਤਾਂ ਨੂੰ ਪਸਾਰ ਕੇ ਮੁੜ ਪੈ ਗਿਆ, ਜਿਸ ਨਾਲ ਉਹ ਇਕ ਵਡੀ ਸਾਰੀ ਕੈਂਚੀ ਜਾਪਦਾ ਸੀ।

੩

ਉਹ ਸਭ ਤੋਂ ਪਹਿਲਾਂ ਜਾਗਿਆ। ਉਸਨੇ ਉਤਸੁਕਤਾ ਨਾਲ ਆਸੇ-ਪਾਸੇ ਨਜ਼ਰ ਮਾਰੀ, ਤੇ ਫਿਰ ਬੇਫ਼ਿਕਰ ਹੋ ਗਿਆ; ਉਸਨੇ ਗਵਰੀਲਾ ਵੱਲ ਵੇਖਿਆ ਜਿਹੜਾ ਆਨੰਦ ਨਾਲ ਘੁਰਾੜੇ ਮਾਰ ਰਿਹਾ ਸੀ; ਉਸਦੇ ਸਿਹਤਮੰਦ, ਧੁੱਪ-ਸੰਵਲਾਏ, ਮੁੰਡਿਆਂ ਵਰਗੇ ਮੂੰਹ ਉਤੇ ਮੁਸਕ੍ਰਾਹਟ ਫੈਲੀ ਹੋਈ ਸੀ। ਚੇਲਕਾਸ਼ ਨੇ ਹਉਕਾ ਭਰਿਆ ਤੇ ਤੰਗ ਜਿਹੀ ਰੱਸਿਆਂ ਵਾਲੀ ਪੌੜੀ ਰਾਹੀਂ ਉਤੇ ਚੜ੍ਹ ਗਿਆ। ਛੱਤ ਵਿਚਲੀ ਮੋਰੀ ਵਿਚੋਂ ਸਿੱਕੇ-ਰੰਗੇ ਆਕਾਸ਼ ਦਾ ਇਕ ਟੋਟਾ ਦਿਸਦਾ ਸੀ। ਚਾਨਣ ਹੋ ਚੁੱਕਾ ਸੀ, ਪਰ ਦਿਨ ਧੁੰਦਲਾ ਤੇ ਅਕਾਊ ਸੀ, ਜਿਵੇਂ ਪਤਝੜ ਵਿਚ ਅਕਸਰ ਹੁੰਦਾ ਹੈ।

ਦੋ ਕੁ ਘੰਟਿਆਂ ਵਿਚ ਚੇਲਕਾਸ਼ ਵਾਪਸ ਆ ਗਿਆ। ਉਸਦਾ ਮੂੰਹ ਲਾਲ ਸੀ ਤੇ ਮੁੱਛਾਂ ਨੂੰ ਤਾਅ ਦੇ ਕੇ ਉਤੇ ਵਲ ਕੀਤਾ ਹੋਇਆ ਸੀ। ਉਸਨੇ ਲੰਮੇ ਬੂਟਾਂ ਦਾ ਮਜ਼ਬੂਤ ਜੋੜਾ ਪਾਇਆ ਹੋਇਆ ਸੀ, ਸ਼ਿਕਾਰੀਆਂ ਵਾਲੀ ਚਮੜੇ ਦੀ ਜੈਕਟ ਤੇ ਬਿਰਜਸ ਪਾਈ ਹੋਈ ਸੀ। ਕਪੜੇ ਕੋਈ ਨਵੇਂ ਨਹੀਂ ਸਨ, ਪਰ ਚੰਗੀ ਹਾਲਤ ਵਿਚ ਸਨ ਤੇ ਉਸਨੂੰ ਬੜੇ ਜਚਦੇ ਸਨ, ਕਿਉਂਕਿ ਇਹਨਾਂ ਨਾਲ ਉਸਦਾ ਸਰੀਰ ਭਰ ਗਿਆ ਸੀ, ਨੁੱਕਰਾਂ ਗੋਲ ਹੋ ਗਈਆਂ ਸਨ ਤੇ ਉਸਨੂੰ ਫ਼ੌਜੀ ਜਿਹੀ ਦਿੱਖ ਮਿਲ ਗਈ ਸੀ।

"ਉੱਠ, ਕਤੂਰੇ ," ਉਹ ਗਵਰੀਲਾ ਨੂੰ ਹੌਲੀ ਜਿਹੀ ਠੁੱਡਾ ਮਾਰਦਾ ਹੋਇਆ ਬੋਲਿਆ।

ਗਵਰੀਲਾ ਜਾਗੋਮੀਟੀ ਵਿਚ ਭੁੜਕ ਕੇ ਉਠਿਆ ਤੇ ਡਰੀਆਂ ਨਜ਼ਰਾਂ ਨਾਲ ਚੇਲਕਾਸ਼ ਵੱਲ ਵੇਖਣ ਲਗਾ; ਉਸਨੇ ਉਹਨੂੰ ਪਛਾਣਿਆ ਨਹੀਂ ਸੀ। ਚੇਲਕਾਸ਼ ਖਿੜਖਿੜਾ ਕੇ ਹੱਸ ਪਿਆ।

"ਤੂੰ, ਸੱਚ, ਕਿਆ ਲਗਦੈਂ!" ਗਵਰੀਲਾ ਆਖਰ ਮੁਸਕ੍ਰਾਉਂਦਾ ਹੋਇਆ ਬੋਲਿਆ। "ਤੂੰ ਤਾਂ ਹੁਣ ਸਾਹਬ ਬਣ ਗਿਐਂ।"

"ਹਾਂ, ਸਾਹਬ ਵੀ ਅਸੀਂ ਛੇਤੀ ਹੀ ਬਣ ਜਾਂਦੇ ਹਾਂ। ਪਰ ਤੂੰ ਹੈਗਾ ਡਰੂ ਏਂ! ਰਾਤੀਂ ਕਿੰਨੀਂ ਵਾਰੀ ਤੂੰ ਮਰ ਹੀ ਚਲਿਆ ਸੈਂ!"

"ਹਾਂ, ਤੂੰ ਆਪ ਜ਼ਰਾ ਸੋਚ, ਪਹਿਲਾਂ ਕਦੀ ਵੀ ਮੈਂ ਇਹੋ ਜਿਹਾ ਕੰਮ ਨਹੀਂ ਕੀਤਾ। ਸਾਰੀ ਉਮਰ ਲਈ ਆਤਮਾ ਮਾਰ ਲੈਣੀ ਸੀ।"

"ਫਿਰ, ਮੁੜ ਕੇ ਇਹ ਕੰਮ ਕਰੇਂਗਾ, ਹੈਂ?"

"ਮੁੜ ਕੇ? ਲਗਦੈ ਕਿ ... ਮੈਂ ਤੈਨੂੰ ਕਿੱਦਾਂ ਦਸਾਂ? ਮੈਨੂੰ ਮਿਲੇਗਾ ਕੀ?... ਐਹ ਗੱਲ ਏ।"

"ਜੇ ਦੋ ਸੌ ਰੂਬਲ ਮਿਲ ਜਾਣ"

"ਦੋ ਸੌ ਰੂਬਲ, ਤੇਰਾ ਮਤਲਬ! ਮਾੜਾ ਨਹੀਂ... ਤਾਂ ਹੋ ਸਕਦੈ।"

"ਤੇ ਫੇਰ, ਆਤਮਾ ਨਹੀਂ ਮਾਰੀ ਜਾਏਗੀ?"

"ਹੋ ਸਕਦੈ... ਆਖ਼ਰ ਨਾ ਹੀ ਮਾਰੀ ਜਾਏ," ਗਵਰੀਲਾ ਮੁਸਕ੍ਰਾਇਆ।

"ਹਾਂ, ਨਹੀਂ ਮਾਰੀ ਜਾਏਗੀ ਤੇ ਤੂੰ ਬਾਕੀ ਦੀ ਸਾਰੀ ਜ਼ਿੰਦਗੀ ਲਈ ਬਣ ਜਾਵੇਂਗਾ।"

ਚੇਲਕਾਸ਼ ਖ਼ੁਸ਼ੀ ਨਾਲ ਖੁਲ੍ਹ ਕੇ ਹੱਸਿਆ।

"ਚੱਲ, ਬਥੇਰਾ ਠੱਠਾ ਹੋ ਗਿਐ। ਚੱਲ ਕੰਢੇ ਵੱਲ ਚੱਲੀਏ।"

ਤੇ ਇਕ ਵਾਰੀ ਫੇਰ ਉਹ ਬੇੜੀ ਵਿਚ ਸਨ, ਚੇਲਕਾਸ਼ ਪਤਵਾਰ ਚਲਾ ਰਿਹਾ ਸੀ, ਗਵਰੀਲਾ ਚੱਪੂ ਚਲਾਉਂਦਾ ਉਹਨਾਂ ਦੇ ਉਤੇ ਸਲੇਟੀ ਬੱਦਲਾਂ ਦਾ ਠੋਸ ਤੰਬੂ ਤਣਿਆ ਹੋਇਆ ਸੀ; ਸਮੁੰਦਰ ਘਸਮੈਲਾ ਜਿਹਾ ਹਰਾ ਸੀ ਤੇ ਇਹ ਖ਼ੁਸ਼ੀ ਵਿਚ ਬੇੜੀ ਨਾਲ ਖੇਡ ਰਿਹਾ ਸੀ, ਇਸਨੂੰ ਲਹਿਰਾਂ ਦੇ ਉਤੇ ਸੁਟ ਰਿਹਾ ਸੀ, ਜਿਹੜੀਆਂ ਅਜੇ ਆਕਾਰ ਵਿਚ ਵਡੀਆਂ ਨਹੀਂ ਸਨ ਹੋਈਆਂ, ਤੇ ਬੁੱਕ ਭਰ ਭਰ ਕੇ ਹਲਕੇ ਜਿਹੇ ਰੰਗ ਦੀ ਫੁਹਾਰ ਇਸਦੇ ਪਾਸਿਆਂ ਉਤੇ ਸੁਟ ਰਿਹਾ ਸੀ। ਉਹਨਾਂ ਦੇ ਅੱਗੇ ਦੂਰ ਕਰਕੇ ਪੀਲੀ ਰੇਤ ਦਾ ਟੋਟਾ ਵੇਖਿਆ ਜਾ ਸਕਦਾ ਸੀ, ਜਦੋਂ ਕਿ ਉਹਨਾਂ ਦੇ ਪਿਛੇ ਸਾਗਰ ਫੈਲਿਆ ਹੋਇਆ ਸੀ, ਜਿਹੜਾ ਸ਼ਾਨਦਾਰ ਚਿੱਟੀ ਝੱਗ ਨਾਲ ਸਜੀਆਂ ਹੋਈਆਂ ਲਹਿਰਾਂ ਦੇ ਝੁੰਡਾਂ ਵਿਚ ਵੰਡਿਆ ਹੋਇਆ ਸੀ। ਉਥੇ ਹੀ, ਦੂਰ ਕਿੰਨੇ ਸਾਰੇ ਜਹਾਜ਼ ਸਨ; ਦੂਰ ਖੱਬੇ ਹੱਥ ਮਸਤੂਲਾਂ ਦਾ ਪੂਰਾ ਜੰਗਲ ਉਗਿਆ ਹੋਇਆ ਸੀ ਤੇ ਸ਼ਹਿਰ ਦੇ ਘਰਾਂ ਦੇ ਚਿਟੇ ਝੁੰਡ ਸਨ। ਬੰਦਰਗਾਹ ਵੱਲੋਂ ਇਕ ਮਧਮ ਜਿਹੀ ਗੜਗੜ

ਸਾਗਰ ਵੱਲ ਆ ਰਹੀ ਸੀ, ਜਿਹੜੀ ਲਹਿਰਾਂ ਦੀ ਗਰਜ ਦੇ ਨਾਲ ਮਿਲ ਕੇ ਸੁਹਣਾ ਤਕੜਾ ਸੰਗੀਤ ਬਣਾ ਰਹੀ ਸੀ। ਤੇ ਧੁੰਦ ਦਾ ਪਤਲਾ ਜਿਹਾ ਪਰਦਾ ਸਭ ਕੁਝ ਨੂੰ ਦੁਰਾਡਾ ਬਣਾ ਰਿਹਾ ਸੀ।

"ਰਾਤੀਂ ਵੇਖਣ ਵਾਲਾ ਤਮਾਸ਼ਾ ਹੋਵੇਗਾ ਇਥੇ!" ਸਿਰ ਨਾਲ ਸਾਗਰ ਵੱਲ ਇਸ਼ਾਰਾ ਕਰਦਾ ਚੇਲਕਾਸ਼ ਬੋਲਿਆ।

"ਤੂਫ਼ਾਨ ਆਏਗਾ?" ਆਪਣੇ ਚੱਪੂਆਂ ਨਾਲ ਜ਼ੋਰ ਲਾਕੇ ਬੇੜੀ ਨੂੰ ਲਹਿਰਾਂ ਦੇ ਵਿਚੋਂ ਲਿਜਾਂਦਾ ਹੋਇਆ ਗਵਰੀਲਾ ਬੋਲਿਆ। ਹਵਾ ਨਾਲ ਆਉਂਦੀ ਫੁਹਾਰ ਨਾਲ ਉਸਦੇ ਕੱਪੜੇ ਭਿੱਜੇ ਪਏ ਸਨ।

"ਹਾਂ...," ਚੇਲਕਾਸ਼ ਨੇ ਪ੍ਰੋੜ੍ਹਤਾ ਕੀਤੀ।

ਗਵਰੀਲਾ ਸਵਾਲੀ ਨਜ਼ਰਾਂ ਨਾਲ ਉਸ ਵੱਲ ਵੇਖਣ ਲਗਾ।

"ਫਿਰ, ਕਿੰਨੇ ਪੈਸੇ ਮਿਲੇ?" ਉਸਨੇ ਇਹ ਵੇਖਦਿਆਂ ਕਿ ਚੇਲਕਾਸ਼ ਇਸ ਮਸਲੇ ਵੱਲ ਆਉਣ ਦੀ ਕੋਈ ਮਨਸ਼ਾ ਨਹੀਂ ਰਖਦਾ, ਆਖ਼ਰ ਪੁੱਛ ਹੀ ਲਿਆ।

"ਵੇਖ," ਤੇ ਚੇਲਕਾਸ਼ ਨੇ ਆਪਣੀ ਜੇਬ ਵਿਚੋਂ ਕੁਝ ਕਢਿਆ ਤੇ ਵਿਖਾਇਆ।

ਗਵਰੀਲਾ ਨੇ ਰੰਗ-ਬਰੰਗੇ ਕਾਗਜ਼ ਵੇਖੇ ਤੇ ਉਸਦੀਆਂ ਅੱਖਾਂ ਚਕਾ-ਚੌਂਧ ਰਹਿ ਗਈਆਂ।

"ਹਾ! ਤੇ ਮੈਂ ਸੋਚਦਾ ਪਿਆ ਸਾਂ ਕਿ ਤੂੰ ਝੂਠ ਬੋਲ ਰਿਹੈਂ! ਕਿੰਨੇ ਨੇ?"

"ਪੰਜ ਸੌ ਤੇ ਚਾਲ੍ਹੀ।"

"ਵਾਹਵੈ!" ਲਾਲਚੀ ਨਜ਼ਰਾਂ ਨਾਲ ਨੋਟਾਂ ਨੂੰ ਵਾਪਸ ਜੇਬ ਵਿਚ ਜਾਂਦਿਆਂ ਵੇਖਦਿਆਂ, ਗਵਰੀਲਾ ਨੇ ਠੰਡਾ ਸਾਹ ਭਰਿਆ। "ਹਾ... ਹਾ! ਜੇ ਕਿਧਰੇ ਮੇਰੇ ਕੋਲ ਏਨੇ ਸਾਰੇ ਪੈਸੇ ਹੋ ਜਾਣ!" ਤੇ ਉਸਨੇ ਅਫ਼ਸੋਸਿਆ ਹੋਇਆ ਹਉਕਾ ਭਰਿਆ।

"ਅੱਜ ਪੀਆਂਗੇ ਰਜ ਕੇ, ਬੱਚੂ," ਚੇਲਕਾਸ਼ ਵਜਦ ਵਿਚ ਆਕੇ ਬੋਲਿਆ। "ਹਾਂ ਖ਼ੂਬ ਪੀਆਂਗੇ। ਤੂੰ ਫ਼ਿਕਰ ਨਾ ਕਰ, ਤੈਨੂੰ ਤੇਰਾ ਹਿੱਸਾ ਦੇ ਦਿਆਂਗਾ। ਚਾਲ੍ਹੀ ਤੈਨੂੰ ਦੇ ਦਿਆਂਗਾ। ਬਹੁਤ ਨੇ, ਹੈਂ? ਹੁਣ ਦਿਆਂ ਜੇ ਚਾਹੁੰਦੈਂ ਤਾਂ?"

"ਹਾਂ, ਜੇ ਤੂੰ ਬੁਰਾ ਨਾ ਮੰਨੇਂ ਤਾਂ ਲੈ ਲੈਂਦਾ ਹਾਂ।"

ਗਵਰੀਲਾ ਆਸਵੰਦੀ ਵਿਚ ਕੰਬ ਰਿਹਾ ਸੀ।

"ਉਏ, ਜਾਹ ਉਏ, ਨਜ਼ਰਵੱਟੂ! 'ਲੈ ਲੈਂਦਾ ਹਾਂ!' ਆਹ ਲੈ, ਫੜ। ਫੜ ਲੈ ਹੁਣ, ਮੈਂ ਤੈਨੂੰ ਕਹਿਨਾਂ! ਮੈਂ ਏਨੇ ਸਾਰੇ ਪੈਸੇ ਕੀ ਕਰਨੇ ਨੇ। ਮੇਰੇ ਤੇ ਮਿਹਰਬਾਨੀ ਕਰ ਤੇ ਲੈ ਲੈ।"

ਚੇਲਕਾਸ਼ ਨੇ ਕਈ ਨੋਟ ਗਵਰੀਲਾ ਵਲ ਵਧਾਏ, ਜਿਸ ਨੇ ਚੱਪੂ ਛੱਡ ਕੇ ਕੰਬਦੀਆਂ ਉਂਗਲਾਂ ਨਾਲ ਫੜ ਲਏ ਤੇ ਅੱਖਾਂ ਸੁੰਗੇੜਦਿਆਂ ਤੇ ਉਭੇ ਸਾਹ ਲੈਂਦਿਆਂ,

ਜਿਵੇਂ ਉਸ ਨੇ ਹੁਣੇ ਹੁਣੇ ਤਾਲੂ ਸਾੜ ਲਿਆ ਹੋਵੇ ਆਪਣੀ ਕਮੀਜ਼ ਦੇ ਅੰਦਰ ਤੁੰਨ ਲਏ। ਚੇਲਕਾਸ਼ ਉਸਨੂੰ ਵੇਖ ਰਿਹਾ ਸੀ। ਉਸਦੇ ਬੁਲ੍ਹਾਂ ਉਤੇ ਖੋਚਰੀ ਮੁਸਕਾਨ ਸੀ। ਇਕ ਵਾਰੀ ਫਿਰ ਗਵਰੀਲਾ ਨੇ ਚੱਪੂ ਫੜ ਲਏ ਤੇ ਘਬਰਾਹਟ ਜਿਹੀ ਵਿਚ, ਕਾਹਲੀ ਕਾਹਲੀ ਚਲਾਉਣ ਲਗਾ, ਅੱਖਾਂ ਹੇਠਾਂ ਸੁੱਟੀ, ਅਜਿਹੇ ਬੰਦੇ ਵਾਂਗ ਜਿਸਦਾ ਅਜੇ ਹੁਣੇ ਜਿਹੇ ਡਰ ਨਾਲ ਸਾਹ ਨਿਕਲ ਚੱਲਿਆ ਸੀ। ਉਸਦੇ ਮੋਢੇ ਤੇ ਕੰਨ ਫਰਕ ਰਹੇ ਸਨ।

"ਤੂੰ ਲਾਲਚੀ ਏਂ! ਇਹ ਚੰਗੀ ਗੱਲ ਨਹੀਂ। ਪਰ ਹੋਰ ਆਸ ਵੀ ਕੀ ਰੱਖੀ ਜਾ ਸਕਦੀ ਏ—ਆਖ਼ਰ ਕਿਸਾਨ ਏਂ," ਚੇਲਕਾਸ਼ ਸੋਚਦਾ ਹੋਇਆ ਬੋਲਿਆ।

"ਪੈਸੇ ਨਾਲ ਬੰਦਾ ਕੀ ਨਹੀਂ ਕਰ ਸਕਦਾ!" ਗਵਰੀਲਾ ਇਕਦਮ ਜੋਸ਼ ਵਿਚ ਆ ਕੇ ਬੋਲ ਉਠਿਆ। ਫਿਰ ਉਸਨੇ ਜਲਦੀ ਜਲਦੀ, ਉੱਖੜੇ ਉਖੜੇ ਨੇ, ਆਪਣੇ ਵਿਚਾਰਾਂ ਦਾ ਪਿੱਛਾ ਕਰਦਿਆਂ ਤੇ ਉਡਦੇ ਜਾਂਦੇ ਆਪਣੇ ਲਫ਼ਜ਼ਾਂ ਨੂੰ ਫੜਦਿਆਂ, ਪਿੰਡ ਵਿਚ ਪੈਸੇ ਵਾਲੇ ਤੇ ਪੈਸੇ ਤੋਂ ਬਿਨਾ ਜੀਵਨ ਵਿਚਕਾਰ ਮੁਕਾਬਲਾ ਕੀਤਾ। ਇੱਜ਼ਤ-ਮਾਣ, ਆਰਾਮ, ਐਸ਼!

ਚੇਲਕਾਸ਼ ਬੜੇ ਧਿਆਨ ਨਾਲ ਉਸਦੀ ਗਲ ਸੁਣਦਾ ਰਿਹਾ; ਉਸਦਾ ਚਿਹਰਾ ਗੰਭੀਰ ਸੀ, ਉਸਨੇ ਸੋਚਾਂ ਵਿਚ ਡੁੱਬੇ ਨੇ ਅੱਖਾਂ ਸੁੰਗੇੜੀਆਂ ਹੋਈਆਂ ਸਨ। ਵਿਚ ਵਿਚ ਉਹ ਖ਼ੁਸ਼ ਹੋ ਕੇ ਮੁਸਕ੍ਰਾ ਪੈਂਦਾ।

"ਪਹੁੰਚ ਗਏ," ਉਸਨੇ ਗਵਰੀਲਾ ਦੇ ਵਿਖਿਆਨ ਨੂੰ ਵਿਚੇ ਹੀ ਟੋਕਿਆ।

ਬੇੜੀ ਇਕ ਅਜਿਹੀ ਲਹਿਰ ਉਤੇ ਚੜ੍ਹ ਗਈ ਸੀ ਜਿਸਨੇ ਉਸਨੂੰ ਰੇਤ ਵਿਚ ਧਸਾ ਦਿਤਾ।

"ਸੋ, ਸਫ਼ਰ ਖ਼ਤਮ ਹੋਇਆ। ਪਰ ਬੇੜੀ ਖਿੱਚ ਕੇ ਕਾਫ਼ੀ ਅਗੇ ਤੇ ਉਪਰ ਕਰ ਦੇਈਏ, ਤਾ ਕਿ ਕਿਤੇ ਰੁੜ੍ਹ ਨਾ ਜਾਏ। ਕੋਈ ਆ ਕੇ ਇਸਨੂੰ ਲੈ ਜਾਏਗਾ। ਤੇ ਹੁਣ, ਅਲਵਿਦਾ। ਅਸੀਂ ਸ਼ਹਿਰ ਤੋਂ ਅੱਠ ਕੁ ਵੇਰਸਤ ਹਾਂ। ਤੂੰ ਵਾਪਸ ਸ਼ਹਿਰ ਚਲ ਰਿਹੈਂ?"

ਚੇਲਕਾਸ਼ ਦਾ ਮੂੰਹ ਖਚਰੀ ਤੇ ਸਦਭਾਵੀ ਮੁਸਕ੍ਰਾਹਟ ਨਾਲ ਲਿਸ਼ਕ ਰਿਹਾ ਸੀ, ਜਿਵੇਂ ਕਿ ਉਹ ਆਪਣੇ ਲਈ ਕੋਈ ਬੜੀ ਖ਼ੁਸ਼ ਕਰਨ ਵਾਲੀ ਤੇ ਗਵਰੀਲਾ ਲਈ ਅਚਨਚੇਤੀ ਕੋਈ ਗੱਲ ਸੋਚ ਰਿਹਾ ਹੋਵੇ। ਉਸਨੇ ਆਪਣਾ ਹੱਥ ਆਪਣੀ ਜੇਬ ਵਿਚ ਤੁੰਨਿਆਂ ਤੇ ਉਥੇ ਨੋਟਾਂ ਨਾਲ ਸਰ ਸਰ ਕਰਨ ਲੱਗਾ।

"ਨਹੀਂ, ਮੈਂ ਨਹੀਂ ਜਾਂਦਾ। ਮੈਂ...ਮੈਂ...," ਗਵਰੀਲਾ ਥਥਲਾਉਣ ਲੱਗਾ, ਜਿਵੇਂ ਉਸਦਾ ਗਲਾ ਘੁਟਿਆ ਜਾ ਰਿਹਾ ਹੋਵੇ।

ਚੇਲਕਾਸ਼ ਉਸ ਵੱਲ ਵੇਖਣ ਲਗ ਪਿਆ।

"ਤੈਨੂੰ ਕੀ ਖਾਈ ਜਾ ਰਿਹੈ ?" ਉਹਨੇ ਪੁਛਿਆ।

"ਕੁਝ ਨਹੀਂ।" ਪਰ ਗਵਰੀਲਾ ਦਾ ਮੂੰਹ ਪਹਿਲਾਂ ਲਾਲ ਹੋ ਗਿਆ, ਫਿਰ ਭੂਸਲਾ ਪੈ ਗਿਆ ਤੇ ਉਹ ਕਦੀ ਆਪਣੇ ਇਕ ਪੈਰ ਉਤੇ ਭਾਰ ਪਾਉਂਦਾ, ਕਦੀ ਦੂਜੇ ਉਤੇ, ਜਿਵੇਂ ਉਹ ਚੇਲਕਾਸ਼ ਉਤੇ ਟੁੱਟ ਪੈਣਾ ਚਾਹੁੰਦਾ ਹੋਵੇ ਜਾਂ ਹੋਰ ਕੋਈ ਅਥਾਹ ਮੁਸ਼ਕਲ ਕੰਮ ਕਰਨਾ ਚਾਹੁੰਦਾ ਹੋਵੇ।

ਚੇਲਕਾਸ਼ ਇਸ ਮੁੰਡੇ ਵਿਚ ਏਨੀਂ ਭਾਵੁਕਤਾ ਵੇਖ ਕੇ ਹੈਰਾਨ ਰਹਿ ਗਿਆ। ਉਹ ਉਡੀਕਣ ਲੱਗਾ ਕਿ ਅਗੋਂ ਕੀ ਹੁੰਦਾ ਹੈ।

ਗਵਰੀਲਾ ਹੱਸਣ ਲਗ ਪਿਆ ਜਿਹੜਾ ਸਿਸਕੀਆਂ ਲੈਣ ਨਾਲ ਵਧੇਰੇ ਮਿਲਦਾ ਸੀ। ਉਸਨੇ ਸਿਰ ਹੇਠਾਂ ਸੁੱਟਿਆ ਹੋਇਆ ਸੀ, ਜਿਸ ਲਈ ਚੇਲਕਾਸ਼ ਉਸਦੇ ਚਿਹਰੇ ਦਾ ਹਾਵਭਾਵ ਨਹੀਂ ਸੀ ਵੇਖ ਸਕਦਾ, ਪਰ ਉਹ ਵੇਖ ਸਕਦਾ ਸੀ ਕਿ ਉਸਦੇ ਕੰਨ ਲਾਲ ਤੋਂ ਚਿੱਟੇ ਹੋ ਗਏ ਹਨ।

"ਖੱਡੇ 'ਚ ਪੈ," ਚੇਲਕਾਸ਼ ਨੇ ਖਿਝ ਕੇ ਹੱਥ ਮਾਰਦਿਆਂ ਕਿਹਾ। "ਤੈਨੂੰ ਮੇਰੇ ਨਾਲ ਪਿਆਰ ਹੋ ਗਿਐ, ਜਾਂ ਕੀ ? ਕੁੜੀਆਂ ਵਾਂਗ ਵਟ ਖਾਈ ਜਾ ਰਿਹੈਂ। ਜਾਂ ਮੇਰੇ ਨਾਲੋਂ ਵਿਛੜਨਾ ਤੇਰੇ ਲਈ ਔਖਾ ਏ ? ਬੋਲ ਤਾਂ ਸਾਹੀ, ਫੋਸੜ ਨਹੀਂ ਤਾਂ ਫਿਰ ਮੈਂ ਚਲਿਆਂ।"

"ਤੂੰ ਚਲਿਐਂ ?" ਗਵਰੀਲਾ ਦੀ ਚੀਕ ਨਿਕਲ ਗਈ।

ਸੁੰਨਸਾਨ ਰੇਤਲਾ ਤੱਟ ਚੀਕ ਨਾਲ ਕੰਬ ਉਠਿਆ, ਤੇ ਸਾਗਰ ਦੀਆਂ ਲਹਿਰਾਂ ਨਾਲ ਪੀਲੀ ਰੇਤ ਉਪਰ ਬਣੀਆਂ ਨਿਕੀਆਂ ਨਿਕੀਆਂ ਲਹਿਰਾਂ ਵੀ ਜਿਵੇਂ ਹੇਠਾਂ ਉਤੇ ਹੋਣ ਲਗੀਆਂ। ਚੇਲਕਾਸ਼ ਆਪ ਵੀ ਤ੍ਰਭਕ ਪਿਆ। ਅਚਨਚੇਤ ਗਵਰੀਲਾ ਉਸ ਵੱਲ ਧਾ ਕੇ ਆਇਆ, ਉਸਦੇ ਪੈਰਾਂ ਉਤੇ ਡਿਗ ਪਿਆ, ਉਸਦੇ ਗੋਡਿਆ ਨੂੰ ਵਲ ਲਿਆ ਤੇ ਉਸਨੂੰ ਖਿੱਚਣ ਲਗਾ। ਚੇਲਕਾਸ਼ ਲੜਖੜਾ ਗਿਆ ਤੇ ਰੇਤ ਉਤੇ ਧੜਮ ਦੇ ਕੇ ਬਹਿ ਗਿਆ; ਦੰਦਾਂ ਨੂੰ ਘੁੱਟ ਕੇ ਮੀਟਦਿਆਂ, ਉਸਨੇ ਘਸੁੰਨ ਵੱਟ ਕੇ ਆਪਣੀ ਲੰਮੀਂ ਬਾਂਹ ਲਹਿਰਾਈ ਪਰ ਸ਼ਰਮਿੰਦਾ ਤੇ ਮਿੰਨਤਾਂ ਕਰਦੀ ਫੁਸਫੁਸਾਹਟ ਵਿਚ ਗਵਰੀਲਾ ਦੇ ਤਰਲਿਆਂ ਨੇ ਉਸਨੂੰ ਰੋਕ ਲਿਆ:

"ਇਹ ਪੈਸੇ ਮੈਨੂੰ ਦੇ ਦੇ, ਭਲੇ ਆਦਮੀ! ਯਸੂ ਮਸੀਹ ਦੇ ਵਾਸਤੇ ਇਹ ਮੈਨੂੰ ਦੇ ਵੇਖ! ਤੂੰ ਇਹ ਕੀ ਕਰਨੇ ਨੇ! ਦੇ, ਇਕੋ ਰਾਤ ਵਿਚ, ਸਿਰਫ਼ ਇਕ ਰਾਤ ਵਿਚ! ਤੇ ਮੈਨੂੰ ਕਈ ਵਰ੍ਹੇ ਲਗ ਜਾਣਗੇ। ਮੈਨੂੰ ਦੇ ਦੇ। ਮੈਂ ਤੇਰੇ ਲਈ ਦੁਆਵਾਂ ਕਰਾਂਗਾ—ਸਾਰੀ ਜ਼ਿੰਦਗੀ। ਤਿੰਨਾਂ ਗਿਰਜਿਆਂ ਵਿਚ। ਤੇਰੀ ਆਤਮਾ ਦੀ ਮੁਕਤੀ ਲਈ। ਤੂੰ ਤਾਂ ਸਿਰਫ਼ ਉਡਾ ਹੀ ਦੇਣੇ ਨੇ, ਪਰ ਮੈਂ ? ਮੈਂ ਇਹ ਜ਼ਮੀਨ 'ਤੇ ਲਾਵਾਂਗਾ। ਇਹ ਮੈਨੂੰ ਦੇ ਦੇ! ਤੇਰੇ ਲਈ ਇਹ ਕੀ ਨੇ ? ਏਨੀ ਸੌਖੀ ਤਰ੍ਹਾਂ ਇਹ ਆ ਜਾਂਦੇ ਨੇ। ਰਾਤੋ ਰਾਤ ਤੂੰ ਅਮੀਰ ਬਣ ਜਾਂਦੈਂ। ਆਪਣੀ ਜ਼ਿੰਦਗੀ ਵਿਚ ਇਕ ਤਾਂ ਭਲਾ

ਕੰਮ ਕਰ ਜਾ। ਆਖ਼ਰ, ਤੂੰ ਜਿਹਾ ਹੋਇਆ, ਜਿਹਾ ਨਾ ਹੋਇਆ; ਤੇਰਾ ਨਾ ਕੋਈ ਅੱਗਾ, ਨਾ ਪਿੱਛਾ। ਤੇ ਮੈਂ—ਉਫ਼! ਮੈਨੂੰ ਦੇ ਦੇ ਇਹ!"

ਚੇਲਕਾਸ਼—ਡਰਿਆ ਹੋਇਆ, ਹੈਰਾਨ, ਗ਼ੁੱਸੇ ਵਿਚ ਆਇਆ ਹੋਇਆ—ਆਪਣੀਆਂ ਅਰਕਾਂ ਭਾਰ ਪਿੱਛੇ ਝੁਕਿਆ ਬੈਠਾ ਹੋਇਆ ਸੀ; ਇਕ ਵੀ ਲਫ਼ਜ਼ ਬੋਲੇ ਬਿਨਾਂ ਬੈਠਾ ਹੋਇਆ ਸੀ, ਉਸਦੀਆਂ ਅੱਖਾਂ ਇਸ ਮੁੰਡੇ ਨੂੰ ਚੀਰਦੀਆਂ ਲੰਘ ਰਹੀਆਂ ਸਨ, ਜਿਸਨੇ ਆਪਣਾ ਸਿਰ ਘੁੱਟ ਕੇ ਉਸਦੇ ਗੋਡਿਆਂ ਨਾਲ ਲਾਇਆ ਹੋਇਆ ਸੀ ਤੇ ਆਪ ਉਹ ਉਭੇ-ਸਾਹੀਂ ਮਿੰਨਤਾਂ ਕਰੀ ਜਾ ਰਿਹਾ ਸੀ। ਆਖ਼ਰ ਚੇਲਕਾਸ਼ ਭੁੜਕ ਕੇ ਆਪਣੇ ਪੈਰਾਂ ਉਤੇ ਖੜੇ ਗਿਆ, ਆਪਣਾ ਹੱਥ ਆਪਣੀ ਜੇਬ ਵਿਚ ਤੁੰਨਿਆਂ, ਤੇ ਨੋਟ ਕਢ ਕੇ ਗਵਰੀਲਾ ਦੇ ਮੂੰਹ ਉਤੇ ਮਾਰੇ।

"ਔਹ ਲੈ, ਚੱਟ ਲੈ!" ਜੋਸ਼, ਤਰਸ ਤੇ ਇਸ ਲਾਲਚੀ ਗ਼ੁਲਾਮ ਲਈ ਨਫ਼ਰਤ ਨਾਲ ਕੰਬਦਾ ਹੋਇਆ ਉਹ ਕੂਕਿਆ। ਉਸ ਵੱਲ ਪੈਸੇ ਸੁਟਦਿਆਂ ਉਸਨੇ ਆਪਣੇ ਆਪ ਨੂੰ ਯੋਧਾ ਮਹਿਸੂਸ ਕੀਤਾ।

"ਮੈਂ, ਕਿਸੇ ਤਰ੍ਹਾਂ ਵੀ, ਤੈਨੂੰ ਵਧੇਰੇ ਪੈਸੇ ਦੇ ਦੇਣੇ ਸਨ। ਮੈਂ ਆਪਣੇ ਪਿੰਡ ਬਾਰੇ ਸੋਚਦਾ ਰਾਤੀਂ ਤੇਰੇ ਉਤੇ ਤਰਸ ਖਾਣ ਲਗ ਪਿਆ ਸਾਂ। ਮੈਂ ਸੋਚਿਆ: ਮੈਂ ਮੁੰਡੇ ਦੀ ਮਦਦ ਕਰਾਂਗਾ। ਪਰ ਮੈਂ ਉਡੀਕਦਾ ਸਾਂ, ਕਿ ਵੇਖੀਏ ਤੂੰ ਮੰਗਦਾ ਏਂ ਜਾਂ ਨਹੀਂ। ਤੇ ਤੂੰ ਮੰਗ ਲਏ। ਹੱਤ, ਤੇਰੀ, ਗੁੱਦੜ! ਮੰਗਤਾ! ਪੈਸਿਆਂ ਲਈ ਆਪਣੇ ਆਪ ਨੂੰ ਏਨਾ ਮੁਸੀਬਤ ਵਿਚ ਪਾਉਣਾ? ਮੂਰਖ। ਲਾਲਚੀ ਕੁੱਤੇ। ਕੋਈ ਕਦਰ ਨਹੀਂ ਆਪਣੀ। ਪੰਜ ਕੋਪਕਾਂ ਪਿੱਛੇ ਆਪਣੇ ਆਪ ਨੂੰ ਵੇਚ ਦੇਣਗੇ!"

"ਤੂੰ ਕਿੰਨਾਂ ਚੰਗਾ ਏਂ! ਯਸੂ ਮਸੀਹ ਤੇਰੀ ਰਾਖੀ ਕਰੇ! ਵੇਖ ਹੁਣ, ਮੇਰੇ ਕੋਲ ਕੀ ਏ! ਮੈਂ ਹੁਣ... ਅਮੀਰ ਆਦਮੀ ਹਾਂ," ਸਾਰਾ ਮਸਤੀ ਵਿਚ ਆ ਕੇ ਕੰਬਦਾ ਹੋਇਆ ਤੇ ਪੈਸਿਆਂ ਨੂੰ ਆਪਣੀ ਕਮੀਜ਼ ਦੇ ਅੰਦਰ ਲੁਕਾਉਂਦਾ ਹੋਇਆ ਗਵਰੀਲਾ ਚੀਂ-ਚੀਂ ਕਰਦੀ ਆਵਾਜ਼ ਵਿਚ ਬੋਲ ਰਿਹਾ ਸੀ। "ਆਹ, ਤੂੰ ਕਿੰਨਾਂ ਚੰਗਾ ਏਂ! ਸਾਰੀ ਉਮਰ ਮੈਂ ਤੈਨੂੰ ਨਹੀਂ ਭੁਲਾਂਗਾ। ਕਦੀ ਨਹੀਂ। ਤੇ ਆਪਣੀ ਵਹੁਟੀ ਤੇ ਬੱਚਿਆਂ ਤੋਂ ਵੀ ਤੇਰੇ ਲਈ ਦੁਆਵਾਂ ਕਰਾਵਾਂਗਾ।"

ਚੇਲਕਾਸ਼ ਨੇ ਉਸਦੀਂ ਖ਼ੁਸ਼ੀਭਰੀ ਚੀਂ-ਚੀਂ ਸੁਣੀ, ਲਾਲਚ ਦੇ ਇਸ ਦੌਰੇ ਨਾਲ ਵਿਗੜੇ ਹੋਏ ਤੇ ਚਮਕਦੇ ਮੂੰਹ ਵੱਲ ਵੇਖਿਆ, ਤੇ ਮਹਿਸੂਸ ਕੀਤਾ ਕਿ ਭਾਵੇਂ ਮੈਂ ਚੋਰ ਤੇ ਸ਼ਰਬੀ ਹਾਂ, ਪਰ ਏਨਾ ਨੀਵਾਂ ਮੈਂ ਕਦੀ ਨਹੀਂ ਡਿੱਗਾਂਗਾ, ਕਦੀ ਵੀ ਏਨਾ ਲਾਲਚੀ, ਸਵੈਮਾਨ ਤੋਂ ਸੱਖਣਾ ਨਹੀਂ ਹੋਵਾਂਗਾ। ਕਦੀ ਨਹੀਂ, ਕਦੀ ਵੀ ਨਹੀਂ! ਤੇ ਇਸ ਖ਼ਿਆਲ ਨੇ, ਤੇ ਇਸ ਅਹਿਸਾਸ ਨੇ ਉਸਨੂੰ ਆਪਣੀ ਆਜ਼ਾਦੀ ਦੀ ਭਾਵਨਾ ਨਾਲ ਭਰ ਦਿਤਾ, ਤੇ ਉਹ ਸਾਗਰ ਤੱਟ ਉਤੇ ਗਵਰੀਲਾ ਦੇ ਕੋਲ ਕੁਝ ਦੇਰ ਹੋਰ ਅਟਕ ਗਿਆ।

"ਤੂੰ ਮੈਨੂੰ ਖ਼ੁਸ਼ੀ ਦੀ ਦਾਤ ਦਿਤੀ ਏ," ਚੇਲਕਾਸ਼ ਦਾ ਹੱਥ ਫੜਦਾ ਤੇ ਇਸਨੂੰ ਆਪਣੇ ਮੂੰਹ ਨਾਲ ਦਬਾਉਂਦਾ ਹੋਇਆ ਗਵਰੀਲਾ ਕੂਕਿਆ।

ਚੇਲਕਾਸ਼ ਨੇ ਬਘਿਆੜ ਵਾਂਗ ਆਪਣੇ ਦੰਦ ਕਢੇ, ਪਰ ਮੂੰਹੋਂ ਕੁਝ ਨਾ ਕਿਹਾ।

"ਤੇ ਪਤੈ, ਮੈਂ ਕੀ ਸੋਚਿਆ ਸੀ!" ਗਵਰੀਲਾ ਬੋਲੀ ਗਿਆ। "ਇਧਰ ਨੂੰ ਆਉਂਦਿਆਂ... ਮੈਂ ਆਪਣੇ ਆਪ ਵਿਚ ਸੋਚ ਰਿਹਾ ਸਾਂ... ਮੈਂ ਇਹਨੂੰ... ਤੈਨੂੰ... ਚੱਪੂ ਨਾਲ ਇਕ ਧਰਾਂਗਾ ... ਠਾਹ!... ਪੈਸੇ ਖੋਹ ਲਵਾਂਗਾ ਤੇ... ਇਹਨੂੰ... ਮਤਲਬ ਤੈਨੂੰ ... ਸਮੁੰਦਰ ਵਿਚ ਸੁੱਟ ਦੇਵਾਂਗਾ... ਹੈਂ? ਕਿਹਨੂੰ ਇਹਦੀ ਲੋੜ ਏ? ਮੈਂ ਸੋਚਿਆ। ਤੇ ਜਦੋਂ ਇਹਦੀ ਲਾਸ਼ ਮਿਲੇਗੀ ਤਾਂ ਕਿਸੇ ਨੇ ਪੁੱਛਣਾ ਤੱਕ ਨਹੀਂ ਇਹ ਕਿਨ੍ਹੇ ਕੀਤੈ ਤੇ ਕਿਵੇਂ। ਇਹਦੇ ਲਈ ਮੱਥਾ ਕੌਣ ਮਾਰੇਗਾ। ਇਹਦੀ ਇਥੇ ਕਿਹਨੂੰ ਲੋੜ ਏ! ਇਹਦੇ ਲਈ ਕੋਈ ਕੀ ਕਸ਼ਟ ਕਰੇਗਾ।"

"ਪੈਸੇ ਕਢ ਦੇ!" ਗਵਰੀਲਾ ਨੂੰ ਧੌਣ ਤੋਂ ਫੜਦਿਆਂ ਚੇਲਕਾਸ਼ ਗਰਜਿਆ।

ਗਵਰੀਲਾ ਨੇ ਇਕ ਦੋ ਵਾਰੀ ਬੁਕ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਚੇਲਕਾਸ਼ ਦੀ ਬਾਂਹ ਉਸ ਦੁਆਲੇ ਸੱਪ ਵਾਂਗ ਵਲੀ ਹੋਈ ਸੀ। ਕਮੀਜ਼ ਪਾਟਣ ਦੀ ਆਵਾਜ਼ ਆਈ ਤੇ ਗਵਰੀਲਾ ਰੇਤ ਉਤੇ ਚਿੱਤ ਡਿੱਗਾ ਪਿਆ ਸੀ, ਉਸਦੀਆਂ ਅਖਾਂ ਉਬਲ ਰਹੀਆਂ ਸਨ, ਉਸਦੀਆਂ ਉਂਗਲਾਂ ਜਿਵੇਂ ਹਵਾ ਨੂੰ ਫੜ ਰਹੀਆਂ ਹੋਣ, ਉਸਦੇ ਪੈਰ ਲਾਚਾਰੀ ਵਿਚ ਵੱਜ ਰਹੇ ਸਨ। ਚੇਲਕਾਸ਼ ਉਸਦੇ ਉਤੇ ਖੜਾ ਸੀ—ਪਤਲਾ, ਸਿੱਧਾ, ਬਾਜ਼ ਵਾਂਗ, ਸਖ਼ਤ ਖ਼ੁਸ਼ਕ ਹਾਸਾ ਹਸਦਿਆਂ ਦੰਦ ਕਢੇ ਹੋਏ, ਉਸਦੇ ਤਿੱਖੇ ਹੱਡਲ ਚਿਹਰੇ ਉਤੇ ਮੁੱਛਾਂ ਜਿਵੇਂ ਬੇਚੈਨੀ ਵਿਚ ਫਰਕ ਰਹੀਆਂ ਸਨ। ਆਪਣੀ ਜ਼ਿੰਦਗੀ ਵਿਚ ਉਸਨੂੰ ਕਦੀ ਏਨੀ ਬੁਰੀ ਤਰ੍ਹਾਂ ਠੇਸ ਨਹੀਂ ਸੀ ਲਗੀ, ਤੇ ਕਦੀ ਵੀ ਉਸਨੂੰ ਏਨਾ ਗ਼ੁੱਸਾ ਨਹੀਂ ਸੀ ਆਇਆ।

"ਕਿਉਂ, ਖ਼ੁਸ਼ ਏਂ ਹੁਣ?" ਉਹ ਹੱਸਿਆ, ਫਿਰ ਉਹ ਮੁੜਿਆ ਤੇ ਸ਼ਹਿਰ ਵੱਲ ਤੁਰ ਪਿਆ। ਅਜੇ ਉਹ ਪੰਜ ਕਦਮ ਵੀ ਨਹੀਂ ਸੀ ਗਿਆ ਕਿ ਗਵਰੀਲਾ ਬਿੱਲੀ ਵਾਂਗ ਕੁੱਬਾ ਹੋ ਕੇ ਭੁੜਕ ਕੇ ਆਪਣੇ ਪੈਰਾਂ ਭਾਰ ਹੋਇਆ, ਤੇ ਆਪਣੀ ਬਾਂਹ ਨੂੰ ਪੂਰਾ ਘੁਮਾਉਂਦਿਆਂ, ਇਕ ਵਡਾ ਸਾਰਾ ਪੱਥਰ ਉਸਨੂੰ ਦੇ ਮਾਰਿਆ।

"ਔਹ ਲੈ!"

ਚੇਲਕਾਸ਼ ਜ਼ਰਾ ਕੁ ਕੱਰਾਹਿਆ, ਆਪਣੇ ਹੱਥ ਸਿਰ ਵੱਲ ਖੜ੍ਹੇ, ਲੜਖੜਾਉਂਦਾ ਅੱਗੇ ਵਧਿਆ, ਪਿੱਛੇ ਗਵਰੀਲਾ ਵੱਲ ਮੁੜਿਆ, ਤੇ ਮੂੰਹ ਦੇ ਭਾਰ ਰੇਤ ਵਿਚ ਡਿਗ ਪਿਆ। ਗਵਰੀਲਾ ਡਰ ਨਾਲ ਸੁੰਨ ਹੋ ਗਿਆ। ਚੇਲਕਾਸ਼ ਨੇ ਇਕ ਲੱਤ ਹਿਲਾਈ, ਆਪਣਾ ਸਿਰ ਚੁੱਕਣ ਦੀ ਕੋਸ਼ਿਸ਼ ਕੀਤੀ, ਤੇ ਤਾਰ ਵਾਂਗ ਕੰਬਦਾ, ਫੈਲ ਗਿਆ। ਫਿਰ ਗਵਰੀਲਾ ਨੱਠ ਉਠਿਆ, ਪੂਰੇ ਜ਼ੋਰ ਨਾਲ, ਉਧਰ, ਜਿਧਰ ਹਨੇਰਾ ਸੀਤੇ ਧੁੰਦ ਵਿਚ ਲਪੇਟਾ ਸਤੇਪੀ ਉਤੇ ਝੰਡਲ ਕਾਲਾ ਬੱਦਲ ਲਟਕਿਆ ਹੋਇਆ ਸੀ। ਲਹਿਰਾਂ

ਦੀ ਸਰਸਰਾਹਟ ਸੁਣਾਈ ਦੇਂਦੀ ਸੀ ਜਦੋਂ ਉਹ ਰਿੜ੍ਹਦੀਆਂ ਰੇਤ ਉਤੇ ਆਉਂਦੀਆਂ, ਇਸ ਨਾਲ ਵਿਚ ਸਮਾ ਜਾਂਦੀਆਂ ਤੇ ਫਿਰ ਹੋਰ ਲਹਿਰਾ ਰਿੜ੍ਹਦੀਆਂ ਆ ਜਾਂਦੀਆਂ। ਝੱਗ ਸ਼ੂਕ ਰਹੀ ਸੀ ਤੇ ਹਵਾ ਫੁਹਾਰ ਨਾਲ ਭਰੀ ਹੋਈ ਸੀ।

ਮੀਂਹ ਪੈਣ ਲਗ ਪਿਆ। ਪਹਿਲਾਂ ਕਿਣ-ਮਿਣ ਸ਼ੁਰੂ ਹੋਈ, ਪਰ ਛੇਤੀ ਹੀ ਮੂਹਲੇਧਾਰ ਮੀਂਹ ਪੈਣ ਲਗਾ, ਜਿਹੜਾ ਆਕਾਸ਼ ਵਿਚੋਂ ਪਤਲੀਆਂ ਧਾਰਾਂ ਬਣਾ ਕੇ ਆ ਰਿਹਾ ਸੀ। ਇਹ ਨਦੀਆਂ ਪਾਣੀ ਦੇ ਧਾਗਿਆਂ ਦਾ ਇਕ ਜਾਲ ਉਣ ਰਹੀਆਂ ਸਨ ਜਿਹੜਾ ਸਤੇਪੀ ਦੇ ਸਾਰੇ ਪਸਾਰ ਨੂੰ, ਸਾਗਰ ਦੀ ਸਾਰੇ ਖਿਲਾਰ ਨੂੰ ਲਪੇਟ ਵਿਚ ਲੈ ਰਿਹਾ ਸੀ। ਗਵਰੀਲਾ ਇਸ ਵਿਚ ਲੋਪ ਹੋ ਗਿਆ। ਬਹੁਤ ਦੇਰ ਤਕ ਕੁਝ ਨਹੀਂ ਸੀ ਦਿਸਦਾ, ਸਿਵਾਏ ਮੀਂਹ ਦੇ ਅਤੇ ਸਾਗਰ ਦੇ ਕੰਢੇ ਉਤੇ ਰੇਤ ਵਿਚ ਪਏ ਆਦਮੀ ਦੇ ਲੰਮੇਂ ਜਿਹੇ ਆਕਾਰ ਦੇ। ਫਿਰ ਗਵਰੀਲਾ ਮੀਂਹ ਵਿਚੋਂ ਨਿਕਲ ਆਇਆ, ਜਿਵੇਂ ਕੋਈ ਪੰਛੀ ਝਪਟਾ ਮਾਰਦਾ ਹੈ। ਚੇਲਕਾਸ਼ ਕੋਲ ਪਹੁੰਚ ਕੇ ਉਹ ਉਸ ਕੋਲ ਗੋਡਿਆਂ ਭਾਰ ਹੋ ਗਿਆ ਤੇ ਉਸਨੂੰ ਚੁੱਕਣ ਦੀ ਕੋਸ਼ਿਸ਼ ਕਰਨ ਲਗਾ। ਉਸਦੇ ਹੱਥ ਨੂੰ ਕੁਝ ਕੋਸਾ ਕੋਸਾ, ਲਾਲ ਤੇ ਚਿਪਕਵਾਂ ਜਿਹਾ ਲਗਾ। ਉਹ ਕੰਬ ਉਠਿਆ ਤੇ ਤ੍ਰਭਕ ਕੇ ਪਿੱਛੇ ਹੋ ਗਿਆ। ਉਸਦੇ ਚਿੱਟੇ ਮੂੰਹ ਉਤੇ ਵਹਿਸ਼ੀ ਜਿਹਾ ਪ੍ਰਗਟਾਅ ਸੀ।

"ਉੱਠ, ਭਰਾ, ਉੱਠ!" ਉਹ ਬਾਰਸ਼ ਦੀ ਆਵਾਜ਼ ਤੋਂ ਉੱਚੀ ਉਸਦੇ ਕੰਨ ਵਿਚ ਬੋਲਿਆ।

ਚੇਲਕਾਸ਼ ਨੇ ਅੱਖਾਂ ਖੋਹਲੀਆਂ ਤੇ ਗਵਰੀਲਾ ਨੂੰ ਮਾੜਾ ਜਿਹਾ ਧੱਕਾ ਦਿਤਾ।

"ਦਫ਼ਾ ਹੋ ਜਾ," ਉਸਨੇ ਮੋਟੀ ਜਿਹੀ ਆਵਾਜ਼ ਵਿਚ ਫੁਸਫੁਸਾਇਆ।

"ਭਰਾ! ਮੈਨੂੰ ਮੁਆਫ ਕਰ ਦੇ! ਮੇਰੇ ਉਤੇ ਕੋਈ ਭੂਤ ਸਵਾਰ ਹੋ ਗਿਆ ਸੀ," ਚੇਲਕਾਸ਼ ਦੇ ਹੱਥ ਨੂੰ ਚੁੰਮਦਾ ਹੋਇਆ ਤੇ ਕੰਬਦਾ ਹੋਇਆ ਗਵਰੀਲਾ ਹੌਲੀ ਜਿਹੀ ਬੋਲਿਆ।

"ਦਫ਼ਾ ਹੋ ਜਾ! ਮੈਨੂੰ ਛਡ ਦੇ।"

"ਮੇਰੀ ਆਤਮਾ ਤੋਂ ਇਸ ਗੁਨਾਹ ਦਾ ਭਾਰ ਲਾਹ ਦੇ। ਮੈਨੂੰ ਮੁਆਫ ਕਰ ਦੇ, ਭਰਾ!"

"ਹੱਟ ਜਾ! ਦਫ਼ਾ ਹੋ ਜਾਹ! ਪੈ ਢੱਠੇ ਖੂਹ ਵਿਚ!" ਚੇਲਕਾਸ਼ ਇਕਦਮ ਚੀਕ ਉਠਿਆ, ਤੇ ਰੇਤ ਉਤੇ ਬੈਠ ਗਿਆ। ਉਸਦਾ ਚਿਹਰਾ ਪੀਲਾ ਪਿਆ ਹੋਇਆ ਤੇ ਗ਼ੁੱਸੇ ਵਿਚ ਸੀ, ਉਸਦੀਆਂ ਅੱਖਾਂ ਧੁੰਦਲੀਆਂ ਸਨ ਤੇ ਮੀਟੀਦੀਆਂ ਜਾ ਰਹੀਆਂ ਸਨ, ਜਿਵੇਂ ਉਸਨੂੰ ਨੀਂਦ ਆ ਰਹੀ ਹੋਵੇ। "ਹੋਰ ਤੈਨੂੰ ਕੀ ਚਾਹੀਦੈ? ਜੋ ਤੂੰ ਕਰਨਾ ਚਾਹੁੰਦਾ ਸੈਂ, ਕਰ ਲਿਐ। ਦਫ਼ਾ ਹੋ ਜਾ ਹੁਣ!" ਉਸਨੇ ਅਫ਼ਸੋਸੇ ਹੋਏ ਗਵਰੀਲਾ ਨੂੰ ਠੁੱਡਾ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਨਾ ਮਾਰ ਸਕਿਆ, ਤੇ ਮੁੜ ਕੇ ਢਹਿ ਜਾਂਦਾ ਜੇ ਗਵਰੀਲਾ ਉਸਦੇ ਮੋਢਿਆਂ ਦੁਆਲੇ ਬਾਂਹ ਨਾ ਵਲ ਲੈਂਦਾ। ਚੇਲਕਾਸ਼ ਦਾ

ਚਿਹਰਾ ਗਵਰੀਲਾ ਦੇ ਚਿਹਰੇ ਦੇ ਬਰਾਬਰ ਉਤੇ ਸੀ। ਦੋਵੇਂ ਚਿਹਰੇ ਜ਼ਰਦ ਤੇ ਭਿਆਨਕ ਸਨ।

"ਬ੍ਹੂ!" ਤੇ ਚੇਲਕਾਸ਼ ਨੇ ਆਪਣੇ ਸਹਾਇਕ ਦੀਆਂ ਚਪਾਟ ਖੁਲ੍ਹੀਆਂ ਅੱਖਾਂ ਵਿਚ ਥੁੱਕ ਦਿਤਾ।

"ਜੋ ਚਾਹੇਂ ਕਰ ਲੈ," ਉਹ ਮਸਾਂ ਸੁਣੀਦੀਂ ਆਵਾਜ਼ ਵਿਚ ਬੋਲਿਆ। "ਮੈਂ ਇਕ ਲਫ਼ਜ਼ ਨਹੀਂ ਬੋਲਾਂਗਾ। ਪਰ ਰੱਬ ਦੇ ਵਾਸਤੇ, ਮੈਨੂੰ ਮੁਆਫੀ ਦੇ ਦੇਹ।"

"ਤੂੰ ਕਮੀਨੇ! ਆਪਣਾ ਗੰਦਾ ਕੰਮ ਵੀ ਮਰਦਾਂ ਵਾਂਗ ਨਹੀਂ ਕਰ ਸਕਦਾ," ਹਿਕਾਰਤ ਨਾਲ ਚੇਲਕਾਸ਼ ਕੂਕਿਆ; ਉਸਨੇ ਆਪਣੀ ਜੈਕਟ ਦੇ ਅੰਦਰ ਹੱਥ ਖੜਿਆ ਤੇ ਆਪਣੀ ਕਮੀਜ਼ ਨਾਲੋਂ ਇਕ ਪੱਟੀ ਪਾੜ ਲਈ, ਜਿਸ ਨਾਲ ਉਸਨੇ ਚੁੱਪ-ਚਾਪ ਆਪਣਾ ਸਿਰ ਬੰਨ੍ਹ ਲਿਆ; ਕਦੀ ਕਦੀ ਉਹ ਦੰਦੀਆਂ ਕਰੀਚਣ ਲੱਗ ਪੈਂਦਾ। "ਤੂੰ ਪੈਸੇ ਲੈ ਲਏ ਨੇ?" ਉਸਨੇ ਦੰਦ ਪੀਂਹਦਿਆਂ ਪੁਛਿਆ।

"ਨਹੀਂ, ਭਰਾ, ਨਹੀਂ। ਤੇ ਮੈਂ ਲਵਾਂਗਾ ਵੀ ਨਹੀਂ। ਮੈਨੂੰ ਨਹੀਂ ਚਾਹੀਦੇ। ਇਹਨਾਂ ਤੋਂ ਸਿਰਫ਼ ਬਦਕਿਸਮਤੀ ਹੀ ਨਿਕਲਦੀ ਏ।"

ਚੇਲਕਾਸ਼ ਨੇ ਆਪਣਾ ਹੱਥ ਆਪਣੀ ਜੈਕਟ ਦੀ ਜੇਬ ਵਿਚ ਪਾਇਆ, ਨੋਟਾਂ ਦੀ ਦੱਥੀ ਕਢੀ, ਸੌ ਦਾ ਇਕ ਨੋਟ ਵਿਚੋਂ ਖਿੱਚਿਆ, ਉਹ ਵਾਪਸ ਆਪਣੀ ਜੇਬ ਵਿਚ ਪਾ ਲਿਆ ਤੇ ਬਾਕੀ ਦੇ ਗਵਰੀਲਾ ਵੱਲ ਸੁੱਟ ਦਿਤੇ।

"ਆਹ ਲੈ, ਤੇ ਨਠ ਜਾ!"

"ਮੈਂ ਨਹੀਂ ਲੈਣੇ, ਭਾ। ਮੈਂ ਨਹੀਂ ਲੈ ਸਕਦਾ। ਮੈਨੂੰ ਮੁਆਫ ਕਰ ਦੇ।"

"ਲੈ ਲੈ, ਤੈਨੂੰ ਕਿਹੈ," ਆਪਣੀਆਂ ਅੱਖਾਂ ਭਿਆਨਕ ਢੰਗ ਨਾਲ ਫੇਰਦਿਆਂ ਚੇਲਕਾਸ਼ ਕੜਕਿਆ।

"ਮੁਆਫ ਕਰ ਦੇਹ, ਤਾਂ ਲੈ ਲਾਂਗਾ," ਗਵਰੀਲਾ ਨੇ ਨਿਮਰਤਾ ਨਾਲ ਕਿਹਾ ਤੇ ਮੀਂਹ-ਭਿੱਜੀ ਰੇਤ ਵਿਚ ਚੇਲਕਾਸ਼ ਦੇ ਪੈਰਾਂ ਉਤੇ ਡਿਗ ਪਿਆ।

"ਬਕਵਾਸ ਕਰਦੈਂ। ਤੂੰ ਲੈ ਲਏਂਗਾ, ਕਮੀਨੇ," ਚੇਲਕਾਸ਼ ਯਕੀਨ ਨਾਲ ਬੋਲਿਆ। ਆਪਣੇ ਸਾਥੀ ਦਾ ਸਿਰ ਵਾਲਾਂ ਤੋਂ ਫੜ ਕੇ ਖਿਚਦਿਆਂ, ਉਸਨੇ ਪੈਸੇ ਉਸਦੇ ਨੱਕ ਦੇ ਹੇਠਾਂ ਧੱਕੇ।

"ਲੈ ਲੈ। ਲੈ ਲੈ। ਆਖ਼ਰ ਤੂੰ ਇਹਨਾਂ ਲਈ ਕੰਮ ਕੀਤੈ। ਲੈ ਲੈ, ਡਰ ਨਾ। ਤੇ ਸ਼ਰਮ ਨਾਂ ਖਾਹ ਕਿ ਤੂੰ ਇਕ ਬੰਦੇ ਨੂੰ ਲਗ ਭਗ ਕਤਲ ਹੀ ਕਰ ਦਿਤਾ ਮੇਰੇ ਜਿਹੇ ਬੰਦੇ ਨੂੰ ਮਾਰਨ ਲਈ ਤੇਰਾ ਕੋਈ ਪਿੱਛਾ ਨਹੀਂ ਕਰੇਗਾ। ਉਹ ਸਗੋਂ ਸ਼ੁਕਰ ਕਰਨਗੇ ਜਦੋਂ ਉਹਨਾਂ ਨੂੰ ਮੈਂ ਮਰਿਆ ਲੱਭਾ। ਐਹ ਲੈ, ਫੜ।"

ਚੇਲਕਾਸ਼ ਨੂੰ ਹਸਦਿਆਂ ਵੇਖ ਕੇ, ਗਵਰੀਲਾ ਦਾ ਦਿਲ ਹੌਲਾ ਹੋ ਗਿਆ। ਉਸਨੇ ਪੈਸੇ ਬੋਚ ਲਏ।

"ਤੇ ਤੂੰ ਮੈਨੂੰ ਮੁਆਫ ਕਰ ਦਿਤੈ, ਭਾ? ਤੂੰ ਮੇਰੀ ਖ਼ਾਤਰ ਏਨਾਂ ਨਹੀਂ ਕਰੇਂਗਾ?" ਉਸਨੇ ਹੰਝੂਆਂ ਨਾਲ ਤਰਲਾ ਲਿਆ।

"ਪਿਆਰੇ ਦੋਸਤ," ਉਠਦਾ ਹੋਇਆ ਤੇ ਆਪਣੇ ਪੈਰਾਂ ਉਤੇ ਖੜਾ ਝੂਲਦਾ ਹੋਇਆ ਚੇਲਕਾਸ਼ ਉਸੇ ਅੰਦਾਜ਼ ਵਿਚ ਬੋਲਿਆ। "ਮੁਆਫ ਕਰਨ ਵਾਲੀ ਗੱਲ ਹੀ ਕਿਹੜੀ ਏ? ਕੋਈ ਗੱਲ ਨਹੀਂ। ਅੱਜ ਤੂੰ ਮੇਰੇ ਨਾਲ ਹੱਥ ਖੇਡਿਐ, ਕੱਲ ਮੈਂ ਤੇਰੇ ਨਾਲ ਖੇਡਾਂਗਾ।"

"ਆਹ, ਭਰਾ ਮੇਰਿਆ," ਸਿਰ ਮਾਰਦਿਆਂ ਹੋਇਆਂ ਗਵਰੀਲਾ ਨੇ ਅਫ਼ਸੋਸ ਜਿਹੇ ਵਿਚ ਠੰਡਾ ਸਾਹ ਭਰਿਆ।

ਚੇਲਕਾਸ਼, ਮੂੰਹ ਉਤੇ ਅਜੀਬ ਜਿਹੀ ਮੁਸਕਾਨ ਨਾਲ, ਉਸਦੇ ਸਾਮ੍ਹਣੇ ਖੜਾ ਸੀ। ਉਸਦੇ ਸਿਰ ਉਤੇ ਬੱਝੀ ਪੱਟੀ, ਜਿਹੜੀ ਹੌਲੀ ਹੌਲੀ ਲਾਲ ਹੁੰਦੀ ਜਾਂਦੀ ਸੀ, ਤੁਰਕੀ ਟੋਪੀ ਨਾਲ ਮਿਲਦੀ ਜੁਲਦੀ ਸੀ।

ਮੀਂਹ ਮੋਘਲਾ ਬਣ ਗਿਆ। ਸਮੁੰਦਰ ਹੌਲੀ ਹੌਲੀ ਗਰਜ ਰਿਹਾ ਸੀ। ਲਹਿਰਾਂ ਵਹਿਸ਼ੀ ਢੰਗ ਨਾਲ ਕੰਢਿਆਂ ਵੱਲ ਧਾ ਰਹੀਆਂ ਸਨ।

ਦੋਵੇਂ ਬੰਦੇ ਚੁੱਪ-ਚਾਪ ਖੜੇ ਸਨ।

"ਅੱਛਾ, ਅਲਵਿਦਾ," ਜਾਣ ਲਈ ਮੁੜਦਿਆਂ ਚੇਲਕਾਸ਼ ਨੇ ਠੱਠਾ ਉਡਾਉਂਦੇ ਢੰਗ ਨਾਲ ਕਿਹਾ।

ਉਹ ਥਿੜਕਿਆ, ਉਸਦੀਆਂ ਲੱਤਾਂ ਕੰਬ ਰਹੀਆਂ ਸਨ, ਤੇ ਉਸਨੇ ਆਪਣਾ ਸਿਰ ਫੜਿਆ ਹੋਇਆ ਸੀ, ਜਿਵੇਂ ਡਰ ਰਿਹਾ ਹੋਵੇ ਕਿ ਕਿਧਰੇ ਗੁਆਚ ਨਾ ਜਾਏ।

"ਮੈਨੂੰ ਮੁਆਫ਼ ਕਰ ਦੇ, ਭਾ," ਗਵਰੀਲਾ ਨੇ ਇਕ ਵਾਰੀ ਹੋਰ ਮਿੰਨਤ ਕੀਤੀ।

"ਠੀਕ ਏ, ਕੋਈ ਗੱਲ ਨਹੀਂ," ਚੇਲਕਾਸ਼ ਨੇ ਭਾਵਹੀਣ ਢੰਗ ਨਾਲ ਕਿਹਾ ਤੇ ਤੁਰ ਪਿਆ।

ਉਹ ਠੇਡੇ ਖਾਂਦਾ ਵਧਦਾ ਗਿਆ; ਸਿਰ ਨੂੰ ਖੱਬੇ ਹੱਥ ਨਾਲ ਫੜੀ, ਸੱਜੇ ਹੱਥ ਨਾਲ ਉਹ ਹੌਲੀ ਹੌਲੀ ਆਪਣੀਆਂ ਕਾਲੀਆਂ ਮੁੱਛਾਂ ਨੂੰ ਮਰੋੜੀ ਜਾ ਰਿਹਾ ਸੀ।

ਗਵਰੀਲਾ ਉਥੇ ਖੜਾ ਉਸਨੂੰ ਦੇਖਦਾ ਰਿਹਾ ਜਦੋਂ ਤੱਕ ਉਹ ਮੀਂਹ ਵਿਚ ਲੋਪ ਨਾ ਹੋ ਗਿਆ, ਜਿਹੜਾ ਹੁਣ ਬਿਅੰਤ ਪਤਲੀਆਂ ਪਤਲੀਆਂ ਧਾਰਾਂ ਬਣਾ ਕੇ ਪੈ ਰਿਹਾ ਸੀ, ਤੇ ਸਤੈਪੀ ਨੂੰ ਅਟੁੱਟ ਗੂੜ੍ਹੀ ਸਲੇਟੀ ਉਦਾਸੀ ਵਿਚ ਲਪੇਟੀ ਜਾ ਰਿਹਾ ਸੀ।

ਫਿਰ ਉਸਨੇ ਆਪਣੀ ਗਿੱਲੀ ਟੋਪੀ ਲਾਹੀ, ਸਲੀਬ ਦਾ ਨਿਸ਼ਾਨ ਬਣਾਇਆ, ਆਪਣੇ ਹੱਥਾਂ ਵਿਚਲੇ ਪੈਸਿਆਂ ਵੱਲ ਵੇਖਿਆ, ਡੂੰਘਾ ਸੁਖ ਦਾ ਸਾਹ ਲਿਆ, ਪੈਸਿਆਂ ਨੂੰ ਆਪਣੀ ਕਮੀਜ਼ ਵਿਚ ਲੁਕਾਇਆ ਤੇ ਚੇਲਕਾਸ਼ ਤੋਂ ਉਲਟੇ ਪਾਸੇ ਤੱਟ ਉਤੇ ਭਰੋਸੇ ਨਾਲ ਤੁਰ ਪਿਆ।

ਸਾਗਰ ਆਪਣੀਆਂ ਲਹਿਰਾਂ ਨੂੰ ਰੇਤ ਉਤੇ ਸੁੱਟਦਾ ਹੋਇਆ ਤੇ ਉਹਨਾਂ ਨੂੰ ਪਟਕਾ ਕੇ ਝੱਗ ਤੇ ਫੁਹਾਰ ਵਿਚ ਬਦਲਦਾ ਹੋਇਆ ਗਰਜ ਰਿਹਾ ਸੀ। ਮੀਂਹ ਪਾਣੀ ਉਤੇ ਵੀ ਤੇ ਧਰਤੀ ਉਤੇ ਵੀ ਕੜਾਕੇਦਾਰ ਢੰਗ ਨਾਲ ਪੈ ਰਿਹਾ ਸੀ, ਹਵਾ ਚਾਂਘਰ ਰਹੀ ਸੀ। ਵਾਯੂਮੰਡਲ ਗਰਜ, ਚਿੱਲਾਹਟ ਤੇ ਸੁਰਸੁਰ ਨਾਲ ਭਰਿਆ ਪਿਆ ਸੀ। ਮੀਂਹ ਕਾਰਨ ਸਾਗਰ ਤੇ ਆਕਾਸ਼ ਨਹੀਂ ਸਨ ਦਿੱਸ' ਰਹੇ।

ਛੇਤੀ ਹੀ ਮੀਂਹ ਤੇ ਲਹਿਰਾਂ ਦੀ ਫੁਹਾਰ ਨੇ ਰੇਤ ਉਤੋਂ ਉਸ ਲਾਲ ਨਿਸ਼ਾਨ ਨੂੰ ਧੋ ਸੁੱਟਿਆ, ਜਿਥੇ ਚੇਲਕਾਸ਼ ਪਿਆ ਹੋਇਆ ਸੀ, ਚੇਲਕਾਸ਼ ਦੇ ਕਦਮਾਂ ਦੇ ਨਿਸ਼ਾਨ ਧੋ ਸੁੱਟੇ, ਉਸ ਨੌਜਵਾਨ ਦੇ ਕਦਮਾਂ ਦੇ ਨਿਸ਼ਾਨ ਧੋ ਸੁੱਟੇ... ਤੇ ਸਾਗਰ ਦੇ ਇਸ ਸੁੰਨੇ ਕਿਨਾਰੇ ਉਤੇ ਕੋਈ ਵੀ ਨਿਸ਼ਾਨ ਨਹੀਂ ਸੀ ਰਹਿ ਗਿਆ ਜਿਹੜਾ ਉਸ ਨਿੱਕੇ ਜਿਹੇ ਨਾਟਕ ਦੀ ਯਾਦ ਦੁਆਉਂਦਾ ਹੋਵੇ, ਜਿਹੜਾ ਇਥੇ ਦੋ ਬੰਦਿਆਂ ਵਿਚਕਾਰ ਖੇਡਿਆ ਗਿਆ ਸੀ।

੧੮੯੪

ਬੁਢੀ ਇਜ਼ਰਗੀਲ

ਮੈਂ ਇਹ ਕਹਾਣੀਆਂ ਆਕਰਮਾਨ ਦੇ ਨੇੜੇ ਬੇਸਸਾਰਬੀ ਤੱਟ ਉਤੇ ਇਕ ਥਾਂ ਸੁਣੀਆਂ ਸਨ।

ਇਕ ਸ਼ਾਮ, ਅੰਗੂਰ ਲਾਹੁਣ ਦਾ ਆਪਣਾ ਦਿਹਾੜੀ ਦਾ ਕੰਮ ਮੁਕਾ ਲੈਣ ਪਿਛੋਂ, ਮੋਲਦਾਵੀਅਨਾਂ ਦਾ ਟੋਲਾ, ਜਿਨ੍ਹਾਂ ਨਾਲ ਮੈਂ ਕੰਮ ਕਰ ਰਿਹਾ ਸਾਂ, ਸਾਗਰ ਕੰਢੇ ਚਲਾ ਗਿਆ। ਮੈਂ ਬੁਢੀ ਇਜ਼ਰਗੀਲ ਕੋਲ ਪਿਛੇ ਰਹਿ ਗਿਆ। ਅੰਗੂਰਾਂ ਦੀ ਇਕ ਸੰਘਣੀ ਵੇਲ ਦੇ ਪ੍ਰਛਾਵੇਂ ਹੇਠ ਜ਼ਮੀਨ ਉਤੇ ਲੇਟਿਆ ਹੋਇਆ, ਮੈਂ ਸਾਗਰ ਵੱਲ ਜਾਂਦੇ ਲੋਕਾਂ ਦੇ ਆਕਾਰਾਂ ਨੂੰ ਰਾਤ ਦੇ ਸੰਘਣੇ ਹੋ ਰਹੇ ਹਨੇਰੇ ਨਾਲ ਇਕਮਿਕ ਹੁੰਦਿਆਂ ਚੁਪ ਚਾਪ ਵੇਖ ਰਿਹਾ ਸਾਂ।

ਉਹ ਗਾਉਂਦੇ ਤੇ ਹਸਦੇ ਤੁਰੀ ਜਾ ਰਹੇ ਸਨ। ਤਾਂਬੇ-ਰੰਗੇ ਚਿਹਰਿਆਂ ਵਾਲੇ ਆਦਮੀਆਂ ਨੇ ਛੋਟੀਆਂ ਕੁੜਤੀਆਂ ਤੇ ਖੁਲ੍ਹੀ ਮੂਹਰੀ ਦੀਆਂ ਪਤਲੂਨਾਂ ਪਾਈਆਂ ਹੋਈਆਂ ਸਨ, ਉਹਨਾਂ ਦੀਆਂ ਮੋਟੀਆਂ ਮੋਟੀਆਂ ਕਾਲੀਆਂ ਮੁੱਛਾਂ ਸਨ ਤੇ ਵਾਲਾਂ ਦੀਆਂ ਭਾਰੀਆਂ ਲਿਟਾਂ, ਜਿਹੜੀਆਂ ਉਹਨਾਂ ਦੇ ਮੋਢਿਆਂ ਤੱਕ ਆਉਂਦੀਆਂ ਸਨ। ਔਰਤਾਂ ਤੇ ਕੁੜੀਆਂ, ਪ੍ਰਸੰਨ ਤੇ ਲਚਕੀਲੇ ਪਿੰਡਿਆਂ ਵਾਲੀਆਂ, ਗੂੜ੍ਹੀਆਂ ਨੀਲੀਆਂ ਅੱਖਾਂ ਵਾਲੀਆਂ; ਤੇ ਚਿਹਰੇ ਉਹਨਾਂ ਦੇ ਵੀ ਤਾਂਬੇ-ਰੰਗੇ ਸਨ। ਉਹਨਾਂ ਦੇ ਸ਼ਾਹ-ਕਾਲੇ, ਰੇਸ਼ਮੀ ਵਾਲ ਲੱਕ ਲੱਕ ਤੱਕ ਲਮਕੇ ਹੋਏ ਸਨ, ਤੇ ਨਿੱਘੀ, ਰੁਮਕਦੀ ਹਵਾ ਉਹਨਾਂ ਦੀਆਂ ਲਿਟਾਂ ਵਿਚੋਂ ਲੰਘਦੀ ਸ਼ਿੰਗਾਰ ਲਈ ਉਹਨਾਂ ਵਿਚ ਗੁੰਦੇ ਸਿੱਕਿਆ ਨੂੰ ਟੁਣਕਾ ਜਾਂਦੀ ਸੀ। ਹਵਾ ਵਿਸ਼ਾਲ, ਇਕਸਾਰ ਰੌਅ ਵਿਚ ਵਹਿ ਰਹੀ ਸੀ; ਪਰ ਕਦੀ ਕਦੀ ਇੰਝ ਲਗਦਾ ਸੀ ਜਿਵੇਂ ਇਹ ਕਿਸੇ ਅਦਿੱਖ ਠਕਰ ਉਤੋਂ ਤਿਲਕ ਪਈ ਹੋਵੇ, ਤੇ ਫਿਰ ਹਵਾ ਦੇ ਤੇਜ਼ ਬੁਲ੍ਹੇ ਔਰਤਾਂ ਦੇ ਵਾਲਾਂ ਨੂੰ ਉਹਨਾਂ ਦੇ ਸਿਰਾਂ ਦੁਆਲੇ

ਅਦਭੁਤ ਅੱਯਾਲਾਂ ਵਾਂਗ ਫੈਲਾ ਦੇਂਦੇ, ਤੇ ਉਹ ਇੰਝ ਲਗਣ ਲਗ ਪੈਂਦੀਆਂ, ਜਿਵੇਂ ਕਿਸੇ ਵਿਚਿਤ੍ਰ ਪਰੀ-ਕਹਾਣੀ ਦੇ ਦੇਸ ਵਿਚੋਂ ਆਈਆਂ ਹੋਣ। ਜਿਉਂ ਜਿਉਂ ਉਹ ਸਾਡੇ ਤੋਂ ਦੂਰ ਜਾਈ ਜਾਂਦੀਆਂ, ਤਿਉਂ ਤਿਉਂ ਰਾਤ ਤੇ ਮੇਰੀ ਕਲਪਨਾ ਉਹਨਾਂ ਨੂੰ ਹੋਰ ਵੀ ਵਧੇਰੇ ਸੁੰਦਰ ਭਸ਼ਨਾਂ ਨਾਲ ਸਜਾਈ ਜਾਂਦੀ।

ਕੋਈ ਵਾਇਲਿਨ ਵਜਾ ਰਿਹਾ ਸੀ।... ਇਕ ਕੁੜੀ ਹੌਲੀ ਹੌਲੀ ਮਧਮ ਸੁਰ ਵਿਚ ਗਾ ਰਹੀ ਸੀ। ਹਾਸੇ ਦੀਆਂ ਆਵਾਜ਼ਾਂ ਆ ਰਹੀਆਂ ਸਨ...

ਹਵਾ ਸਾਗਰ ਦੀ ਤੁਰਸ਼ ਮਹਿਕ ਨਾਲ ਤੇ ਸੂਰਜ ਡੁੱਬਣ ਤੋਂ ਜ਼ਰਾ ਹੀ ਪਹਿਲਾਂ ਮੀਂਹ ਨਾਲ ਤਰੋ-ਤਰ ਹੋਈ ਜ਼ਮੀਨ ਤੋਂ ਨਿਕਲਦੀ ਹਵਾੜ ਨਾਲ ਭਰੀ ਹੋਈ ਸੀ। ਹੁਣ ਵੀ ਬੱਦਲਾਂ ਦੇ ਟੋਟੇ ਬੇਢੱਬੇ ਰੂਪਾਂ ਤੇ ਰੰਗਾਂ ਵਿਚ ਆਕਾਸ਼ ਦੇ ਆਰ-ਪਾਰ ਜਾ ਰਹੇ ਸਨ — ਕਿਧਰ ਹਲਕੇ, ਧੂਏਂ ਦੇ ਚੱਕਰਾਂ ਵਰਗੇ, ਨੀਲੇ ਤੇ ਸੁਆਹ-ਰੰਗੇ, ਤੇ ਕਿਤੇ ਫਟੇ ਹੋਏ, ਚੱਟਾਨ ਦੇ ਟੋਟਿਆਂ ਵਰਗੇ, ਅਧ-ਕਾਲੇ ਜਾਂ ਭੂਰੇ। ਉਹਨਾਂ ਦੇ ਵਿਚੋਂ ਸੁਨਹਿਰੀ ਸਿਤਾਰਿਆਂ ਨਾਲ ਜੜੇ ਹੋਏ ਆਕਾਸ਼ ਦੇ ਗੂੜ੍ਹੇ ਨੀਲੇ ਟੋਟੇ ਉਤਸੁਕਤਾ ਨਾਲ ਝਾਤੀਆਂ ਮਾਰ ਰਹੇ ਸਨ। ਇਹ ਸਾਰਾ ਕੁਝ — ਆਵਾਜ਼ਾਂ ਤੇ ਮਹਕਾਂ, ਬੱਦਲ ਤੇ ਲੋਕ — ਵਿਚਿੱਤਰ ਢੰਗ ਨਾਲ ਸੁੰਦਰ ਤੇ ਉਦਾਸ ਲਗ ਰਿਹਾ ਸੀ, ਜਿਵੇਂ ਕਿਸੇ ਅਦਭੁਤ ਪਰੀ-ਕਹਾਣੀ ਦਾ ਆਰੰਭ ਹੋਵੇ। ਤੇ ਸਭ ਕੁਝ ਇੰਝ ਲਗ ਰਿਹਾ ਸੀ ਜਿਵੇਂ ਕਿ ਇਸਦੇ ਵਾਧੇ ਨੂੰ ਰੋਕ ਦਿਤਾ ਗਿਆ ਹੋਵੇ, ਜਿਵੇਂ ਕਿ ਇਹ ਮਰ ਰਿਹਾ ਹੋਵੇ। ਆਵਾਜ਼ਾਂ ਦੀ ਖੱਪ ਦੂਰ ਹੁੰਦੀ ਜਾ ਰਹੀ ਸੀ, ਘਟਦੀ ਜਾ ਰਹੀ ਸੀ, ਤੇ ਸੋਗੀ ਹਉਕਿਆਂ ਵਾਂਗ ਬਣ ਕੇ ਰਹਿ ਗਈ।

"ਤੂੰ ਉਹਨਾਂ ਨਾਲ ਕਿਉਂ ਨਹੀਂ ਜਾਂਦਾ?" ਬੁਢੀ ਇਜ਼ਰਗੀਲ ਨੇ ਉਸ ਪਾਸੇ ਵੱਲ ਸਿਰ ਨਾਲ ਇਸ਼ਾਰਾ ਕਰਦਿਆਂ ਮੈਨੂੰ ਪੁਛਿਆ, ਜਿਧਰ ਲੋਕ ਗਏ ਸਨ।

ਸਮੇਂ ਨੇ ਉਸਨੂੰ ਝੁਕਾ ਕੇ ਦੂਹਰੀ ਕਰ ਦਿਤਾ ਸੀ; ਉਸਦੀਆਂ ਕਦੀ ਚਮਕਦੀਆਂ ਕਾਲੀਆਂ ਅੱਖਾਂ ਹੁਣ ਧੁੰਦਲੀਆਂ ਹੋ ਗਈਆਂ ਸਨ, ਤੇ ਉਹਨਾਂ ਵਿਚੋਂ ਪਾਣੀ ਵਗਦਾ ਰਹਿੰਦਾ ਸੀ। ਉਸਦੀ ਖੁਸ਼ਕ ਆਵਾਜ਼ ਅਜੀਬ ਜਿਹੀ ਲਗਦੀ ਸੀ; ਇਹ ਇੰਝ ਕਿੜ-ਕਿੜ ਕਰਦੀ ਸੀ, ਜਿਵੇਂ ਉਹ ਹੱਡੀਆਂ ਚੱਬ ਰਹੀ ਹੋਵੇ।

"ਮੇਰਾ ਜੀ ਨਹੀਂ ਕਰਦਾ!" ਮੈਂ ਜਵਾਬ ਦਿਤਾ।

"ਏਖ!... ਤੁਸੀਂ ਰੂਸੀ ਜੰਮਦੇ ਹੀ ਬੁਢੇ ਹੁੰਦੇ ਹੋ। ਸਾਰੇ ਦੇ ਸਾਰੇ ਨਿਮੋਝੂਣੇ, ਪ੍ਰੇਤਾਂ ਵਾਂਗ।... ਸਾਡੀਆਂ ਕੁੜੀਆਂ ਤੁਹਾਡੇ ਤੋਂ ਡਰਦੀਆਂ ਨੇ।... ਪਰ ਤੂੰ ਤਾਂ ਜਵਾਨ ਏਂ, ਤਕੜਾ ਏਂ..."

ਚੰਨ ਨਿਕਲ ਆਇਆ — ਵੱਡਾ ਸਾਰਾ, ਗੋਲ ਤੇ ਲਾਲ-ਸੂਹਾ, ਲਗਦਾ ਸੀ ਜਿਵੇਂ ਇਸ ਸਤੇਪੀ ਦੇ ਪੇਟ ਵਿਚੋਂ ਨਿਕਲਿਆ ਹੋਵੇ, ਜਿਹੜਾ ਆਪਣੇ ਸਮੇਂ ਵਿਚ ਏਨਾ ਜ਼ਿਆਦਾ ਮਨੁੱਖੀ ਮਾਸ ਤੇ ਖ਼ੂਨ ਪਚਾ ਚੁਕਾ ਸੀ, ਤੇ ਸ਼ਾਇਦ ਇਸੇ ਕਰਕੇ ਇਹ

ਏਨਾ ਭਰਪੂਰ ਤੇ ਉਪਜਾਊ ਬਣ ਗਿਆ ਸੀ। ਤੇ ਜਿਉਂ ਜਿਉਂ ਇਹ ਉਤਾਂਹ ਜਾਈ ਜਾਂਦਾ ਸੀ, ਇਹ ਸਾਡੇ ਉਤੇ ਵੇਲ ਦੇ ਪੱਤਿਆਂ ਦੇ ਫ਼ੀਤਿਆਂ ਵਰਗੇ ਪ੍ਰਛਾਵੇਂ ਸੁੱਟੀ ਜਾਂਦਾ ਸੀ, ਤੇ ਇੰਝ ਲਗਦਾ ਸੀ ਜਿਵੇਂ ਮੈਂ ਤੇ ਬੁਢੀ ਜਾਲ ਨਾਲ ਢਕੇ ਹੋਈਏ। ਸਾਡੇ ਖੱਬੇ ਪਾਸੇ ਬੱਦਲਾਂ ਦੇ ਪ੍ਰਛਾਵੇਂ ਸਤੇਪੀ ਦੇ ਆਰ-ਪਾਰ ਨੱਠੇ ਜਾ ਰਹੇ ਸਨ; ਤੇ ਖ਼ੁਦ ਬੱਦਲ, ਚੰਨ ਦੀਆਂ ਕਾਸ਼ਨੀ ਰਿਸ਼ਮਾਂ ਦੇ ਚਮਕਾਏ ਹੋਏ, ਹੋਰ ਵੀ ਚਮਕਦਾਰ ਤੇ ਹੋਰ ਵੀ ਪਾਰਦਰਸ਼ੀ ਲਗ ਰਹੇ ਸਨ।

"ਵੇਖ, ਔਹ ਲਾਰਾ ਜਾਂਦਾ ਈ!"

ਮੈਂ ਉਧਰ ਦੇਖਿਆ, ਜਿਧਰ ਬੁਢੀ ਆਪਣੇ ਕੰਬਦੇ ਹੱਥਾਂ ਤੇ ਮੁੜੀਆਂ ਉਂਗਲਾਂ ਨਾਲ ਇਸ਼ਾਰਾ ਕਰ ਰਹੀ ਸੀ, ਤੇ ਮੈਨੂੰ ਪ੍ਰਛਾਵੇਂ ਤਰਦੇ ਦਿਖਾਈ ਦਿਤੇ, ਕਿੰਨੇ ਸਾਰੇ; ਪਰ ਉਹਨਾਂ ਵਿਚੋਂ ਇਕ ਬਾਕੀਆਂ ਨਾਲੋਂ ਕਾਲਾ ਤੇ ਸੰਘਣਾ ਸੀ, ਤੇ ਇਹ ਬਾਕੀਆਂ ਨਾਲੋਂ ਤੇਜ਼ ਤੇ ਨੀਵਾਂ ਹੋ ਕੇ ਚਲ ਰਿਹਾ ਸੀ—ਇਹ ਬੱਦਲਾਂ ਦੇ ਗੁੱਛੇ ਵਿਚੋਂ ਡਿਗ ਪਿਆ ਸੀ, ਜਿਹੜਾ ਧਰਤੀ ਦੇ ਨੇੜੇ ਨੇੜੇ ਹੋ ਕੇ ਉਡ ਰਿਹਾ ਸੀ ਤੇ ਦੂਜਿਆਂ ਨਾਲੋਂ ਤੇਜ਼ ਚਲ ਰਿਹਾ ਸੀ।

"ਮੈਨੂੰ ਤਾਂ ਕੋਈ ਨਹੀਂ ਦਿਸਦਾ," ਮੈਂ ਕਿਹਾ।

"ਤੈਨੂੰ ਮੇਰੇ, ਬੁਢੀ, ਨਾਲੋਂ ਵੀ ਘੱਟ ਦਿਸਦੈ! ਦੇਖ—ਔਹ, ਕਾਲਾ ਜਿਹਾ, ਸਤੇਪੀ ਦੇ ਆਰ-ਪਾਰ ਨਠਦਾ ਪਿਆ!"

ਮੈਂ ਫਿਰ ਵੇਖਿਆ, ਤੇ ਫਿਰ ਮੈਨੂੰ ਪਰਛਾਵਿਆਂ ਤੋਂ ਬਿਨਾਂ ਕੁਝ ਨਜ਼ਰੀਂ ਨਾ ਪਿਆ।

"ਉਹ ਤਾਂ ਪਰਛਾਵਾਂ ਏ! ਤੂੰ ਇਸਨੂੰ ਲਾਰਾ ਕਿਉਂ ਕਹਿੰਦੀ ਏਂ!"

"ਕਿਉਂਕਿ ਇਹ ਉਹੀ ਏ। ਹੁਣ ਉਹ ਪਰਛਾਵਾਂ ਜਿਹਾ ਹੀ ਰਹਿ ਗਿਐ। ਕੋਈ ਹੈਰਾਨੀ ਵਾਲੀ ਗੱਲ ਨਹੀਂ! ਹਜ਼ਾਰ ਸਾਲ ਦਾ ਤਾਂ ਉਹ ਹੋ ਗਿਐ: ਧੁੱਪ ਨੇ ਉਸਦਾ ਸਰੀਰ, ਉਸਦਾ ਖ਼ੂਨ, ਉਸਦੀਆਂ ਹੱਡੀਆਂ ਸੁਕਾ ਛੱਡੀਐਂ ਤੇ ਹਵਾ ਉਹਨਾਂ ਨੂੰ ਧੂੜ ਵਾਂਗ ਉਡਾ ਕੇ ਲੈ ਗਈ ਏ। ਵੇਖਿਆ, ਰੱਬ ਬੰਦੇ ਦਾ ਕੀ ਬਣਾ ਦੇਂਦੈ, ਜੇ ਉਹ ਮਾਣ ਕਰੇ ਤਾਂ!"

"ਮੈਨੂੰ ਦਸ, ਇਹ ਕਿਵੇਂ ਹੋਇਆ!" ਮੈਂ ਬੁਢੀ ਦਾ ਤਰਲਾ ਕੀਤਾ, ਇਸ ਉਮੀਦ ਨਾਲ ਕਿ ਮੈਂ ਸਤੇਪੀ ਵਿਚ ਸਿਰਜੀ ਗਈ ਇਕ ਅਦਭੁਤ ਪਰੀ-ਕਹਾਣੀ ਸੁਣਾਂਗਾ।

ਤੇ ਉਸਨੇ ਮੈਨੂੰ ਹੇਠ ਲਿਖੀ ਪਰੀ-ਕਹਾਣੀ ਸੁਣਾਈ।

"ਇਸ ਗੱਲ ਨੂੰ ਹਜ਼ਾਰਾਂ ਸਾਲ ਹੋ ਗਏ ਨੇ। ਸਾਗਰ ਤੋਂ ਪਾਰ, ਦੂਰ ਜਿਥੇ ਸੂਰਜ ਚੜ੍ਹਦੈ, ਇਕ ਦੇਸ ਏ, ਜਿਥੇ ਇਕ ਵੱਡਾ ਸਾਰਾ ਦਰਿਆ ਵਗਦੈ: ਤੇ ਉਸ

ਦੇਸ ਵਿਚ ਹਰ ਦਰਖ਼ਤ ਤੇ ਘਾਹ ਦੀ ਹਰ ਤਿੜ ਦਾ ਪਰਛਾਵਾਂ ਏਡਾ ਵੱਡਾ ਹੁੰਦੈ, ਜਿੱਡਾ ਆਦਮੀ ਨੂੰ ਧੁੱਪ ਤੋਂ ਬਚਣ ਲਈ ਚਾਹੀਦੈ, ਕਿਉਂਕਿ ਧੁੱਪ ਉਥੇ ਬਹੁਤ ਤੇਜ਼ ਹੁੰਦੀ ਏ।

"ਉਸ ਦੇਸ ਦੀ ਧਰਤੀ ਇਸਤਰ੍ਹਾਂ ਦੀ ਭਰਪੂਰ ਏ!

"ਉਸ ਦੇਸ ਵਿਚ ਆਦਮੀਆਂ ਦਾ ਇਕ ਸ਼ਕਤੀਸ਼ਾਲੀ ਕਬੀਲਾ ਰਿਹਾ ਕਰਦਾ ਸੀ। ਉਹ ਆਪਣੇ ਪਸ਼ੂ ਪਾਲਦੇ, ਤੇ ਆਪਣੀ ਤਾਕਤ ਤੇ ਮਰਦਾਨਗੀ ਸ਼ਿਕਾਰ ਖੇਡਣ ਵਿਚ ਖ਼ਰਚ ਕਰਦੇ, ਸ਼ਿਕਾਰ ਤੋਂ ਪਿਛੋਂ ਦਾਅਵਤਾਂ ਰਚਾਉਂਦੇ, ਗੀਤ ਗਾਉਂਦੇ ਤੇ ਕੁੜੀਆਂ ਨਾਲ ਰੰਗ-ਰਲੀਆਂ ਮਨਾਉਂਦੇ।

"ਇਕ ਦਿਨ, ਇਕ ਦਾਅਵਤ ਸਮੇਂ, ਸ਼ਾਹ-ਕਾਲੇ ਵਾਲਾਂ ਵਾਲੀ ਤੇ ਰਾਤ ਵਰਗੀ ਮਲੂਕ ਇਕ ਕੁੜੀ ਨੂੰ ਇਕ ਬਾਜ਼ ਚੁੱਕ ਕੇ ਲੈ ਗਿਆ, ਜਿਹੜਾ ਅਸਮਾਨੋਂ ਆ ਝਪਟਿਆ ਸੀ। ਉਸ ਵੱਲ ਆਦਮੀ ਜਿਹੜੇ ਤੀਰ ਛੱਡਦੇ, ਉਹ ਮੰਦੇ ਹਾਲ, ਵਾਪਸ ਜ਼ਮੀਨ ਉਤੇ ਆ ਡਿਗਦੇ। ਫਿਰ ਉਹ ਕੁੜੀ ਨੂੰ ਲੱਭਣ ਟੁਰ ਪਏ, ਪਰ ਉਹ ਨਾ ਲਭੀ। ਤੇ ਫਿਰ, ਉਹ ਉਸਨੂੰ ਭੁਲ-ਭੁਲਾ ਗਏ, ਜਿਸਤਰ੍ਹਾਂ ਦੁਨੀਆਂ ਵਿਚ ਹਰ ਚੀਜ਼ ਵਿਸਾਰ ਦਿਤੀ ਜਾਂਦੀ ਏ।"

ਬੁਢੀ ਨੇ ਠੰਡਾ ਸਾਹ ਭਰਿਆ ਤੇ ਰੁਕ ਗਈ। ਉਸਦੀ ਚੱਕੀ ਵਰਗੀ ਆਵਾਜ਼ ਸਾਰੇ ਭੁੱਲੇ-ਵਿਸਰੇ ਜੁਗਾਂ ਦੀਆਂ ਸ਼ਿਕਾਇਤਾਂ ਬਣ ਗਈ ਲਗਦੀ ਸੀ, ਜਿਹੜੀਆਂ ਹਨੇਰੀਆਂ ਯਾਦਾਂ ਬਣ ਕੇ ਉਸਦੇ ਸੀਨੇ ਵਿਚ ਜਾਗ ਪਈਆਂ ਸਨ। ਸਾਗਰ ਉਹਨਾਂ ਪੁਰਾਤਨ ਕਥਾਵਾਂ ਵਿਚੋਂ ਇਕ ਦੇ ਆਰੰਭ ਦੇ ਨਾਲ ਮਲਕੜੇ ਜਿਹੇ ਰਲ ਗਿਆ ਸੀ, ਜਿਹੜੀਆਂ ਸ਼ਾਇਦ ਇਸਦੇ ਤੱਟ ਉਤੇ ਸਿਰਜੀਆਂ ਗਈਆਂ ਸਨ।

"ਵੀਹ ਸਾਲ ਮਗਰੋਂ, ਕੁੜੀ ਆਪੇ ਵਾਪਸ ਆ ਗਈ, ਥੱਕੀ-ਟੁੱਟੀ ਤੇ ਮੰਦੇ ਹਾਲ। ਉਸਦੇ ਨਾਲ ਇਕ ਗਭਰੂ ਸੀ, ਸੁਹਣਾ ਤੇ ਤਕੜਾ, ਜਿਸਤਰ੍ਹਾਂ ਵੀਹ ਸਾਲ ਪਹਿਲਾਂ ਉਹ ਆਪ ਹੁੰਦੀ ਸੀ। ਜਦੋਂ ਉਸਨੂੰ ਪੁਛਿਆ ਗਿਆ ਕਿ ਤੂੰ ਕਿਥੇ ਰਹੀ ਏਂ, ਤਾਂ ਉਸਨੇ ਦਸਿਆ ਕਿ ਬਾਜ਼ ਉਸਨੂੰ ਚੁੱਕ ਕੇ ਪਹਾੜਾਂ ਵਿਚ ਲੈ ਗਿਆ ਸੀ ਤੇ ਉਥੇ ਉਹ ਉਸਦੀ ਪਤਨੀ ਬਣ ਕੇ ਰਹਿੰਦੀ ਰਹੀ ਹਾਂ। ਉਹ ਮੁੰਡਾ ਉਸਦਾ ਬੇਟਾ ਸੀ; ਉਸਦਾ ਪਿਓ ਮਰ ਚੁਕਾ ਸੀ। ਜਦੋਂ ਉਹ ਕਮਜ਼ੋਰ ਹੋ ਗਿਆ। ਤਾਂ ਉਹ ਆਖ਼ਰੀ ਵਾਰੀ ਉਪਰ ਆਕਾਸ਼ ਵਿਚ ਉਡਿਆ, ਤੇ ਆਪਣੇ ਪਰ ਸਮੇਟ ਕੇ, ਪਹਾੜਾਂ ਦੀਆਂ ਦੰਦੇਦਾਰ ਚੋਟੀਆਂ ਉਤੇ ਜ਼ੋਰ ਦੀ ਆ ਕੇ ਡਿੱਗਾ ਤੇ ਦਮ ਤੋੜ ਗਿਆ...

"ਹਰ ਕੋਈ ਬਾਜ਼ ਦੇ ਬੇਟੇ ਵੱਲ ਹੈਰਾਨੀ ਨਾਲ ਵੇਖਣ ਲਗਾ, ਤੇ ਉਹਨਾਂ ਵੇਖਿਆ ਕਿ ਉਹ ਉਹਨਾਂ ਨਾਲੋਂ ਕਿਸੇ ਤਰ੍ਹਾਂ ਵੀ ਵਖਰਾ ਨਹੀਂ ਸੀ, ਸਿਵਾਏ ਇਸਦੇ ਕਿ ਉਸਦੀਆਂ ਅੱਖਾਂ ਠੰਡੀਆਂ-ਠਾਰ ਤੇ ਘੁਮੰਡੀ ਸਨ, ਜਿਸਤਰ੍ਹਾਂ ਪੰਛੀਆਂ ਦੇ ਉਸ ਬਾਦਸ਼ਾਹ ਦੀਆਂ ਹੁੰਦੀਆਂ ਹਨ। ਜਦੋਂ ਉਹ ਉਸ ਨਾਲ ਗੱਲਾਂ ਕਰਦੇ ਤਾਂ ਉਹ ਜੇ

ਚਾਹੁੰਦਾ ਤਾਂ ਜਵਾਬ ਦੇਂਦਾ, ਨਹੀਂ ਤਾਂ ਚੁੱਪ ਰਹਿੰਦਾ; ਤੇ ਜਦੋਂ ਕਬੀਲੇ ਦੇ ਸਰਦਾਰ ਉਸ ਕੋਲ ਆਏ ਤੇ ਉਸ ਨਾਲ ਗੱਲਾਂ ਕਰਨ ਲਗੇ, ਤਾਂ ਉਹ ਉਹਨਾਂ ਨਾਲ ਇੰਝ ਬੋਲਿਆ, ਜਿਵੇਂ ਕੋਈ ਬਰਾਬਰ ਦਾ ਹੋਵੇ। ਉਹਨਾਂ ਨੇ ਇਸਨੂੰ ਗੁਸਤਾਖ਼ੀ ਸਮਝਿਆ। ਉਹਨਾਂ ਨੇ ਉਸਨੂੰ ਝਿੜਕਿਆ ਤੇ ਕਹਿਣ ਲੱਗੇ ਕਿ ਉਹ ਅਜੇ ਬਿਨਾਂ ਖੰਭਾਂ ਦੇ ਤੀਰ ਏ, ਜਿਸਦੀ ਨੋਕ ਵੀ ਅਜੇ ਤਿੱਖੀ ਨਹੀਂ, ਤੇ ਉਸਨੂੰ ਦਸਿਆ ਕਿ ਉਸਦੇ ਵਰਗੇ ਹਜ਼ਾਰਾਂ, ਤੇ ਉਸਦੇ ਨਾਲੋਂ ਦੂਣੀ ਉਮਰ ਦੇ ਹਜ਼ਾਰਾਂ ਬੰਦੇ ਉਹਨਾਂ ਦਾ ਸਤਿਕਾਰ ਕਰਦੇ ਤੇ ਹੁਕਮ ਮੰਨਦੇ ਨੇ। ਪਰ ਉਹ ਉਸੇਤਰ੍ਹਾਂ ਆਕੜ ਨਾਲ ਉਹਨਾਂ ਵੱਲ ਵੇਖੀ ਗਿਆ ਤੇ ਕਹਿਣ ਲਗਾ ਕਿ ਉਸਦੇ ਬਰਾਬਰ ਦਾ ਹੋਰ ਕੋਈ ਨਹੀਂ, ਤੇ ਜੇ ਦੂਜੇ ਉਹਨਾਂ ਦੀ ਇੱਜ਼ਤ ਕਰਦੇ ਨੇ ਤਾਂ ਕਰਨ, ਉਸਦੀ ਅਜਿਹਾ ਕਰਨ ਦੀ ਕੋਈ ਇੱਛਾ ਨਹੀਂ, ਓ!... ਫਿਰ ਉਹ ਉਸ ਨਾਲ ਸਚਮੁਚ ਨਾਰਾਜ਼ ਹੋ ਗਏ, ਤੇ ਨਾਰਾਜ਼ਗੀ ਨਾਲ ਬੋਲੇ:

"'ਸਾਡੇ ਵਿਚ ਇਸ ਲਈ ਕੋਈ ਥਾਂ ਨਹੀਂ! ਇਹ ਜਿਥੇ ਚਾਹੁੰਦਾ ਏ ਜਾਏ!'

"ਉਹ ਹੱਸਿਆ ਤੇ ਜਿਧਰ ਉਸਦਾ ਜੀ ਆਇਆ, ਚਲਾ ਗਿਆ—ਇਕ ਸੁਹਣੀ ਜਿਹੀ ਕੁੜੀ ਕੋਲ ਜਿਹੜੀ ਉਸ ਵੱਲ ਇਕ-ਟਕ ਵੇਖਦੀ ਰਹੀ ਸੀ; ਉਹ ਉਸ ਤੱਕ ਗਿਆ ਤੇ ਉਸਨੂੰ ਜੱਫੀ ਵਿਚ ਲੈ ਲਿਆ। ਪਰ ਉਹ ਉਹਨਾਂ ਸਰਦਾਰਾਂ ਵਿਚੋਂ ਇਕ ਦੀ ਧੀ ਸੀ, ਜਿਨ੍ਹਾਂ ਨੇ ਉਸਨੂੰ ਝਿੜਕਾਂ ਦਿਤੀਆਂ ਸਨ, ਤੇ ਭਾਵੇਂ ਉਹ ਕਿੰਨਾਂ ਸੁਹਣਾ ਸੀ, ਉਸ ਕੁੜੀ ਨੇ ਉਸਨੂੰ ਪਰ੍ਹੇ ਧੱਕ ਦਿਤਾ, ਕਿਉਂਕਿ ਉਹ ਆਪਣੇ ਪਿਉ ਤੋਂ ਡਰਦੀ ਸੀ। ਉਸਨੇ ਉਸਨੂੰ ਪਰ੍ਹੇ ਧੱਕਿਆ, ਤੇ ਉਥੋਂ ਟੁਰ ਪਈ; ਪਰ ਉਸਨੂੰ ਮੁੰਡੇ ਨੇ ਮੁੱਕਾ ਮਾਰਿਆ, ਤੇ ਜਦੋਂ ਉਹ ਜ਼ਮੀਨ ਉਤੇ ਡਿੱਗ ਪਈ ਤਾਂ ਉਹ ਉਸਦੀ ਛਾਤੀ ਉਤੇ ਚੜ੍ਹ ਕੇ ਖੜੋ ਗਿਆ, ਜਿਸ ਨਾਲ ਕੁੜੀ ਦੇ ਮੂੰਹ ਵਿਚੋਂ ਖ਼ੂਨ ਦੀ ਤਤੀਰੀ ਨਿਕਲ ਕੇ ਆਕਾਸ਼ ਵੱਲ ਨੂੰ ਜਾਣ ਲਗੀ। ਕੁੜੀ ਨੇ ਉਭੇ ਸਾਹ ਲਏ, ਸੱਪ ਵਾਂਗ ਮਰੋੜੇ ਖਾਧੇ, ਤੇ ਮਰ ਗਈ।

"ਜਿਸ ਕਿਸੇ ਨੇ ਇਹ ਦ੍ਰਿਸ਼ ਦੇਖਿਆ, ਉਹ ਡਰ ਨਾਲ ਸੁੰਨ ਹੋ ਗਿਆ — ਇਹ ਪਹਿਲੀ ਵਾਰ ਸੀ ਕਿ ਉਹਨਾਂ ਵਿਚਕਾਰ ਕਿਸੇ ਔਰਤ ਨੂੰ ਇੰਝ ਮਾਰਿਆ ਗਿਆ ਸੀ। ਉਹ ਕਿੰਨਾਂ ਚਿਰ ਚੁੱਪ ਖੜੇ ਰਹੇ, ਕਦੀ ਮੋਈ ਕੁੜੀ ਵੱਲ ਵੇਖਦੇ ਜਿਹੜੀ ਖ਼ੂਨ-ਲਿਬੜੇ ਮੂੰਹ ਤੇ ਖੁਲ੍ਹੀਆਂ ਅੱਖਾਂ ਨਾਲ ਜ਼ਮੀਨ ਉਤੇ ਪਈ ਸੀ, ਤੇ ਕਦੀ ਉਸ ਮੁੰਡੇ ਵੱਲ ਵੇਖਦੇ ਜਿਹੜਾ ਕੁੜੀ ਦੇ ਕੋਲ ਖੜਾ ਸੀ, ਪੂਰੇ ਮਾਣ ਵਿਚ ਉਹਨਾਂ ਵੱਲ ਵੇਖਦਾ ਹੋਇਆ—ਉਸਨੇ ਆਪਣਾ ਸਿਰ ਨੀਵਾਂ ਨਾ ਸੁੱਟਿਆ, ਜਿਵੇਂ ਕਿ ਸਜ਼ਾ ਦੇਣ ਲਈ ਕਹਿ ਰਿਹਾ ਬੰਦਾ ਹੁੰਦਾ ਹੈ। ਜਦੋਂ ਉਹ ਆਪਣੇ ਆਪ ਵਿਚ ਆਏ ਤਾਂ ਉਹਨਾਂ ਨੇ ਉਸਨੂੰ ਫੜ ਲਿਆ ਤੇ ਬੰਨ੍ਹ ਦਿਤਾ, ਤੇ ਉਥੇ ਹੀ ਛੱਡ ਗਏ; ਕਿਉਂਕਿ ਉਹਨਾਂ ਦਾ

ਖ਼ਿਆਲ ਸੀ ਕਿ ਉਸਨੂੰ ਉਸੇ ਵੇਲੇ ਮਾਰ ਦੇਣਾ ਬੜੀ ਸੌਖੀ ਗੱਲ ਹੋਵੇਗੀ ਜਿਸ ਨਾਲ ਉਹਨਾਂ ਨੂੰ ਤਸੱਲੀ ਨਹੀਂ ਹੋਵੇਗੀ।"

ਰਾਤ ਦਾ ਹਨੇਰਾ ਵਧਦਾ ਗਿਆ ਤੇ ਇਹ ਅਜੀਬ, ਹਲਕੀਆਂ ਹਲਕੀਆਂ ਆਵਾਜ਼ਾਂ ਨਾਲ ਭਰ ਗਈ। ਸਤੇਪੀ ਵਿਚ ਪਹਾੜੀ ਚੂਹੇ ਸੋਗੀ ਤਰ੍ਹਾਂ ਨਾਲ ਸੀਟੀਆਂ ਛੱਡ ਰਹੇ ਸਨ, ਤੇ ਟਿਡਿਆਂ ਦੀ ਧਾਤ ਵਰਗੀ ਕਰੀਚਣ ਦੀ ਆਵਾਜ਼ ਅੰਗੂਰਾਂ ਦੀ ਵੇਲ ਦੇ ਪੱਤਿਆਂ ਵਿਚ ਸੁਣਾਈ ਦੇਂਦੀ ਸੀ; ਪੱਤੇ ਆਹਾਂ ਭਰ ਰਹੇ ਸਨ ਤੇ ਇਕ ਦੂਜੇ ਨਾਲ ਘੁਸਰ-ਮੁਸਰ ਕਰ ਰਹੇ ਸਨ; ਪੁੰਨਿਆਂ ਦਾ ਚੰਨ, ਜਿਹੜਾ ਪਹਿਲਾਂ ਲਾਲ-ਸੂਹਾ ਸੀ, ਹੁਣ ਪੀਲਾ ਪੈ ਗਿਆ ਸੀ ਤੇ ਜਿਉਂ ਜਿਉਂ ਇਹ ਧਰਤੀ ਤੋਂ ਉਤਾਂਹ ਜਾਈ ਜਾਂਦਾ ਸੀ, ਹੋਰ ਪੀਲਾ ਪਈ ਜਾਂਦਾ ਸੀ; ਨੀਲੀ ਭਾਹ ਮਾਰਦੀ ਧੁੰਦ ਸਤੇਪੀ ਉਤੇ ਹੋਰ ਵਿਸ਼ਾਲ ਢੰਗ ਨਾਲ ਪੱਸਰ ਗਈ ਸੀ...

"ਸੋ, ਉਹ ਇਕੱਠੇ ਹੋਏ, ਕੋਈ ਅਜਿਹੀ ਸਜ਼ਾ ਸੋਚਣ ਲਈ ਜਿਹੜੀ ਉਸਦੇ ਜੁਰਮ ਨਾਲ ਮੇਲ ਖਾਂਦੀ ਹੋਵੇ।... ਕੁਝ ਲੋਕਾਂ ਨੇ ਸੁਝਾ ਦਿਤਾ ਕਿ ਘੋੜਿਆਂ ਨਾਲ ਬੰਨ੍ਹ ਕੇ ਉਸਦੇ ਟੁਕੜੇ ਕਰ ਦਿਤੇ ਜਾਣ; ਪਰ ਇਹ ਬਹੁਤ ਨਰਮ ਸਜ਼ਾ ਲਗਦੀ ਸੀ। ਦੂਜਿਆਂ ਨੇ ਕਿਹਾ ਕਿ ਹਰ ਕੋਈ ਉਸਨੂੰ ਇਕ ਇਕ ਤੀਰ ਮਾਰੇ, ਪਰ ਇਹ ਵੀ ਰੱਦ ਕਰ ਦਿਤਾ ਗਿਆ। ਕਿਸੇ ਹੋਰ ਨੇ ਕਿਹਾ ਕਿ ਉਸਨੂੰ ਸਾੜਿਆ ਜਾਏ, ਪਰ ਇਹ ਵੀ ਰੱਦ ਕਰ ਦਿਤਾ ਗਿਆ, ਕਿਉਂਕਿ ਅੱਗ ਤੋਂ ਨਿਕਲਦੇ ਧੂਏਂ ਨੇ ਉਹਨਾਂ ਨੂੰ ਵੇਖਣ ਨਹੀਂ ਸੀ ਦੇਣਾ ਕਿ ਉਸਨੂੰ ਕਿੰਨਾਂ ਕਸ਼ਟ ਹੋ ਰਿਹਾ ਹੈ। ਕਈ ਤਜਵੀਜ਼ਾਂ ਦਿਤੀਆਂ ਗਈਆਂ, ਪਰ ਇਕ ਵੀ ਸਾਰਿਆਂ ਨੂੰ ਤਸੱਲੀਬਖ਼ਸ਼ ਨਹੀਂ ਸੀ ਲਗਦੀ। ਤੇ ਉਹ ਜਿਸ ਸਮੇਂ ਵਿਚਾਰ ਕਰ ਰਹੇ ਸਨ, ਤਾਂ ਉਸਦੀ ਮਾਂ ਉਹਨਾਂ ਸਾਮ੍ਹਣੇ ਚੁੱਪ-ਚਾਪ ਗੋਡੇ ਟੇਕੀ ਬੈਠੀ ਸੀ, ਉਸਨੂੰ ਨਾ ਅੱਥਰੂ ਆਉਂਦੇ ਸਨ ਨਾ ਉਹ ਸ਼ਬਦ ਜਿਨ੍ਹਾਂ ਨਾਲ ਉਹ ਰਹਿਮ ਲਈ ਵਾਸਤਾ ਪਾਏ। ਉਹ ਘੰਟਿਆਂ-ਬੱਧੀ ਬੋਲੀ ਗਏ, ਤੇ ਆਖ਼ਰ ਇਕ ਸਿਆਣਾ ਬੜੀ ਸੋਚ ਤੋਂ ਪਿਛੋਂ ਬੋਲਿਆ:

"'ਆਓ, ਪੁੱਛੀਏ, ਕਿ ਇਸਨੇ ਇਹ ਕੀਤਾ ਕਿਉਂ!'

"ਉਹ ਉਸਨੂੰ ਪੁੱਛਣ ਲਗੇ, ਤਾਂ ਉਸਨੇ ਜਵਾਬ ਦਿਤਾ:

"'ਮੈਨੂੰ ਖੋਹਲ ਦਿਓ! ਬੱਝਾ ਹੋਇਆ ਮੈਂ ਕੋਈ ਗੱਲ ਨਹੀਂ ਕਰਾਂਗਾ!'

"ਤੇ ਜਦੋਂ ਉਹਨਾਂ ਉਸਨੂੰ ਖੋਹਲ ਦਿਤਾ ਤਾਂ ਉਹ ਇਸ ਅੰਦਾਜ਼ ਵਿਚ ਪੁੱਛਣ ਲੱਗਾ ਜਿਵੇਂ ਗ਼ੁਲਾਮਾਂ ਨਾਲ ਗੱਲ ਕਰੀਦੀ ਏ:

"'ਕੀ ਚਾਹੁੰਦੇ ਹੋ?'

"'ਤੂੰ ਸੁਣ ਚੁਕੈਂ,' ਸਿਆਣੇ ਨੇ ਜਵਾਬ ਦਿਤਾ।

"'ਮੈਂ ਆਪਣੇ ਵਿਹਾਰ ਦੀ ਤੁਹਾਡੇ ਸਾਮ੍ਹਣੇ ਵਿਆਖਿਆ ਕਿਉਂ ਕਰਾਂ?'

"'ਤਾਂ ਕਿ ਅਸੀਂ ਸਮਝ ਸਕੀਏ। ਸੁਣ, ਘੁਮੰਡੀ ਜੀਵ! ਤੂੰ ਹਰ ਹਾਲਤ ਵਿਚ ਮਰਨਾ ਹੀ ਏ।... ਜੋ ਤੂੰ ਕੀਤਾ ਏ, ਉਹ ਸਾਨੂੰ ਸਮਝਾ ਤਾਂ ਦੇ। ਅਸੀਂ ਜਿਉਂਦੇ ਰਹਿਣਾ ਏ, ਤੇ ਹੁਣ ਅਸੀਂ ਜੋ ਕੁਝ ਜਾਣਦੇ ਹਾਂ, ਉਸ ਨਾਲੋਂ ਜ਼ਿਆਦਾ ਜਾਨਣਾ ਸਾਡੇ ਲਈ ਲਾਭਦਾਇਕ ਰਹੇਗਾ।'

"'ਚੰਗਾ, ਮੈਂ ਤੁਹਾਨੂੰ ਦਸਦਾ ਹਾਂ, ਭਾਵੇਂ ਮੈਂ ਆਪ ਪੂਰੀ ਤਰ੍ਹਾਂ ਨਹੀਂ ਜਾਣਦਾ, ਜੋ ਵਾਪਰਿਆ ਹੈ। ਮੇਰਾ ਖ਼ਿਆਲ ਏ ਕਿ ਮੈਂ ਉਸਨੂੰ ਇਸ ਲਈ ਮਾਰਿਆ, ਕਿਉਂਕਿ ਉਸਨੇ ਮੈਨੂੰ ਠੁਕਰਾ ਦਿਤਾ ਸੀ।... ਪਰ ਮੈਨੂੰ ਉਸਦੀ ਲੋੜ ਸੀ।'

"'ਪਰ ਉਹ ਤੇਰੀ ਨਹੀਂ ਸੀ!' ਉਹ ਬੋਲੇ।

"'ਕੀ ਤੁਸੀਂ ਸਿਰਫ਼ ਉਹੋ ਕੁਝ ਵਰਤਦੇ ਹੋ ਜੋ ਕੁਝ ਤੁਹਾਡਾ ਹੁੰਦਾ ਹੈ? ਮੈਂ ਵੇਖਦਾ ਹਾਂ ਕਿ ਹਰ ਆਦਮੀ ਕੋਲ ਸਿਰਫ਼ ਬੋਲੀ, ਲੱਤਾਂ ਤੇ ਬਾਹਵਾਂ ਨੇ... ਪਰ ਉਹ ਪਸ਼ੂਆਂ, ਔਰਤਾਂ ਤੇ ਜ਼ਮੀਨ ... ਤੇ ਕਈ ਹੋਰ ਚੀਜ਼ਾਂ ਦਾ ਵੀ ਮਾਲਕ ਬਣਿਆ ਹੋਇਐ।'

"ਇਸਦੇ ਜਵਾਬ ਵਿਚ ਉਸਨੂੰ ਦਸਿਆ ਗਿਆ ਕਿ ਆਦਮੀ ਜੋ ਕੁਝ ਵੀ ਲੈਂਦਾ ਹੈ, ਉਸ ਦੀ ਕੀਮਤ ਉਹ ਆਪਣੇ ਆਪ ਨਾਲ ਅਦਾ ਕਰਦਾ ਹੈ: ਆਪਣੀ ਸਿਆਣਪ ਨਾਲ, ਆਪਣੀ ਤਾਕਤ ਨਾਲ, ਤੇ ਕਦੀ ਕਦੀ ਆਪਣੀ ਜ਼ਿੰਦਗੀ ਨਾਲ ਵੀ। ਪਰ ਉਹ ਬੋਲਿਆ ਕਿ ਮੈਂ ਆਪਣਾ ਆਪਾ ਪੂਰਾ ਰਖਣਾ ਚਾਹੁੰਦਾ ਹਾਂ।

"ਉਹ ਕਿੰਨਾਂ ਚਿਰ ਉਸ ਨਾਲ ਗੱਲਾਂ ਕਰਦੇ ਰਹੇ ਤੇ ਆਖ਼ਰ ਸਮਝ ਗਏ ਕਿ ਉਹ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਉਚਾ ਇਨਸਾਨ ਸਮਝਦਾ ਹੈ, ਤੇ ਆਪਣੇ ਤੋਂ ਛੁਟ ਹੋਰ ਕਿਸੇ ਨੂੰ ਕੁਝ ਨਹੀਂ ਸਮਝਦਾ। ਉਹ ਸਾਰੇ ਤ੍ਰਾਹੁਣ ਲਗ ਪਏ ਜਦੋਂ ਉਹਨਾਂ ਵੇਖਿਆ ਕਿ ਉਸਨੇ ਆਪਣੇ ਆਪ ਨੂੰ ਕਿਵੇਂ ਇੱਕਲੇਪਣ ਵਿਚ ਸੁੱਟ ਲਿਐ। ਉਸਦਾ ਕੋਈ ਕਬੀਲਾ ਨਹੀਂ ਸੀ, ਕੋਈ ਮਾਂ ਨਹੀਂ, ਕੋਈ ਢੋਰ-ਡੰਗਰ ਨਹੀਂ ਸਨ, ਨਾ ਹੀ ਪਤਨੀ ਸੀ, ਤੇ ਉਹ ਅਜਿਹੀ ਕਿਸੇ ਚੀਜ਼ ਦਾ ਇਛੁੱਕ ਨਹੀਂ ਸੀ।

"ਜਦੋਂ ਲੋਕਾਂ ਨੇ ਇਹ ਸਮਝ ਲਿਆ, ਤਾਂ ਉਹਨਾਂ ਨੇ ਇਕ ਵਾਰ ਫਿਰ ਵਿਚਾਰਨਾ ਸ਼ੁਰੂ ਕਰ ਦਿਤਾ ਕਿ ਉਸਨੂੰ ਕੀ ਸਜ਼ਾ ਦਿਤੀ ਜਾਏ। ਪਰ ਇਸ ਵਾਰੀ ਉਹ ਬਹੁਤੀ ਲੰਮੀਂ ਬਹਿਸ ਵਿਚ ਨਾ ਪਏ। ਸਿਆਣਾ ਆਦਮੀ, ਜਿਹੜਾ ਹੁਣ ਤਕ ਚੁੱਪ ਰਿਹਾ ਸੀ, ਬੋਲਿਆ ਤੇ ਕਹਿਣ ਲਗਾ:

"'ਠਹਿਰੋ! ਇਕ ਸਜ਼ਾ ਹੈ। ਭਿਆਨਕ ਸਜ਼ਾ; ਹਜ਼ਾਰ ਸਾਲ ਲਾ ਕੇ ਵੀ ਤੁਸੀਂ ਇਹੋ ਜਿਹੀ ਸਜ਼ਾ ਨਹੀਂ ਸੋਚ ਸਕਦੇ! ਇਹ ਸਜ਼ਾ ਉਸਦੇ ਆਪਣੇ ਵਿਚ ਹੀ ਹੈ। ਉਸਨੂੰ ਜਾਣ ਦਿਓ, ਉਸਨੂੰ ਆਜ਼ਾਦ ਕਰ ਦਿਓ। ਇਹ ਉਸਦੀ ਸਜ਼ਾ ਹੋਵੇਗੀ!'

"ਉਸੇ ਘੜੀ ਇਕ ਅਦਭੁਤ ਚੀਜ਼ ਵਾਪਰੀ। ਆਕਾਸ਼ ਵਿਚ ਉੱਚੀ ਜਿਹੀ ਗਰਜ ਸੁਣਾਈ ਦਿਤੀ, ਭਾਵੇਂ ਕੋਈ ਬੱਦਲ ਵਿਖਾਈ ਨਹੀਂ ਸਨ ਦੇਂਦੇ। ਇਸਤਰ੍ਹਾਂ ਅਰਸ਼ੀ

ਤਾਕਤਾਂ ਨੇ ਉਸਦਾ ਸਮਰਥਨ ਕੀਤਾ ਜੋ ਕੁਝ ਸਿਆਣੇ ਨੇ ਕਿਹਾ ਸੀ। ਸਾਰਿਆਂ ਨੇ ਸਿਰ ਝੁਕਾਏ ਤੇ ਚਲੇ ਗਏ। ਪਰ ਨੌਜਵਾਨ, ਜਿਸਨੂੰ ਹੁਣ ਲਾਰਾ ਦਾ ਨਾਂ ਦਿਤਾ ਗਿਆ ਸੀ, ਜਿਸਦਾ ਮਤਲਬ ਏ ਸਮਾਜੋਂ ਛੇਕਿਆ, ਲੋਕਾਂ ਉਤੇ ਉੱਚੀ ਜਿਹੀ ਹੱਸਿਆ ਜਿਹੜੇ ਉਸਨੂੰ ਛੱਡ ਕੇ ਜਾ ਰਹੇ ਸਨ। ਉਹ ਹੱਸਿਆ ਕਿਉਂਕਿ ਹੁਣ ਉਹ ਇਕੱਲਾ ਰਹਿ ਗਿਆ ਸੀ, ਆਜ਼ਾਦ ਸੀ, ਆਪਣੇ ਪਿਉ ਵਾਂਗ। ਪਰ ਉਸਦਾ ਪਿਉ ਮਨੁੱਖ ਨਹੀਂ ਸੀ, ਜਦੋਂ ਕਿ ਉਹ ਆਪ ਮਨੁੱਖ ਸੀ। ਸੋ ਉਸਨੇ ਆਜ਼ਾਦ ਪੰਛੀ ਵਾਂਗ ਰਹਿਣਾ ਸ਼ੁਰੂ ਕਰ ਦਿਤਾ। ਉਹ ਚੋਰੀ ਚੋਰੀ ਕਬੀਲੇ ਦੇ ਰਹਿਣ ਵਾਲੇ ਟਿਕਾਣੇ ਤੱਕ ਜਾਂਦਾ ਤੇ ਉਹਨਾਂ ਦੇ ਡੰਗਰ, ਕੁੜੀਆਂ, ਜੋ ਕੁਝ ਵੀ ਜੀ ਆਉਂਦਾ ਲੈ ਜਾਂਦਾ। ਉਹ ਉਸਨੂੰ ਤੀਰ ਮਾਰਦੇ, ਪਰ ਉਸਦਾ ਸਰੀਰ ਉਸਨੂੰ ਮਿਲੀ ਸਭ ਤੋਂ ਵਡੀ ਸਜ਼ਾ ਦੀ ਅਦਿੱਖ ਸੰਜੋਅ ਨਾਲ ਕੱਜਿਆ ਹੋਇਆ ਸੀ। ਉਹ ਚੁਸਤ, ਅਤਿਆਚਾਰੀ, ਤਕੜਾ ਤੇ ਜ਼ਾਲਮ ਸੀ, ਪਰ ਆਦਮੀਆਂ ਨੂੰ ਉਹ ਕਦੀ ਸਾਮ੍ਹਣਿਉਂ ਹੋ ਕੇ ਨਹੀਂ ਸੀ ਮਿਲਦਾ। ਉਹ ਹਮੇਸ਼ਾ ਕੁਝ ਵਿੱਥ ਉਤੇ ਹੀ ਦਿਸਦਾ। ਤੇ ਇਸਤਰ੍ਹਾਂ ਉਹ ਇੱਕਲਾ ਭੌਂਦਾ ਰਿਹਾ, ਕਬੀਲੇ ਦੇ ਘਰਾਂ ਦੁਆਲੇ, ਕਿੰਨਾਂ ਸਮਾਂ, ਕਈ ਦਰਜਨਾਂ ਸਾਲ। ਪਰ ਇਕ ਦਿਨ ਉਹ ਕਬੀਲੇ ਦੀ ਬਸਤੀ ਦੇ ਬਹੁਤ ਨੇੜੇ ਆ ਗਿਆ, ਤੇ ਜਦੋਂ ਆਦਮੀ ਉਸਨੂੰ ਫੜਨ ਲਈ ਦੌੜੇ, ਤਾਂ ਉਹ ਦੌੜਿਆ ਨਾ, ਤੇ ਉਸਨੇ ਕੋਈ ਅਜਿਹੀ ਹਰਕਤ ਨਾ ਕੀਤੀ ਜਿਸ ਤੋਂ ਪਤਾ ਲਗਦਾ ਕਿ ਉਹ ਆਪਣੀ ਰਾਖੀ ਕਰਨਾ ਚਾਹੁੰਦਾ ਹੈ। ਇਕ ਆਦਮੀ ਨੇ ਅੰਦਾਜ਼ਾ ਲਾ ਲਿਆ ਕਿ ਕੀ ਗੱਲ ਹੈ ਤੇ ਉਹ ਉਚੀ ਜਿਹੀ ਬੋਲਿਆ:

"'ਇਸਨੂੰ ਨਾ ਛੇੜਿਉ! ਇਹ ਮਰਨਾ ਚਾਹੁੰਦਾ ਜੇ!'

"ਤੇ ਸਾਰੇ ਇਕਦਮ ਰੁਕ ਗਏ; ਉਹ ਉਸ ਬੰਦੇ ਦੀ ਹੋਣੀ ਨੂੰ ਸੌਖਿਆਂ ਨਹੀਂ ਸਨ ਕਰਨਾ ਚਾਹੁੰਦੇ, ਜਿਸਨੇ ਉਹਨਾਂ ਨਾਲ ਬਦੀ ਕੀਤੀ ਸੀ, ਉਹ ਉਸਨੂੰ ਮਾਰਨਾ ਨਹੀਂ ਸਨ ਚਾਹੁੰਦੇ। ਉਹ ਰੁਕ ਗਏ ਤੇ ਉਸ ਉਤੇ ਹੱਸਣ ਲਗੇ। ਉਹ ਕੰਬਦਾ ਹੋਇਆ, ਤੇ ਉਹਨਾਂ ਦਾ ਹਾਸਾ ਸੁਣਦਾ ਹੋਇਆ ਖੜਾ ਰਿਹਾ, ਤੇ ਲਗਦਾ ਸੀ ਜਿਵੇਂ ਉਹ ਆਪਣੀ ਛਾਤੀ ਵਿਚ ਕੁਝ ਲਭ ਰਿਹਾ ਹੈ। ਫਿਰ ਉਹ ਇਕਦਮ ਝੁਕਿਆ, ਇਕ ਪੱਥਰ ਚੁਕਿਆ ਤੇ ਲੋਕਾਂ ਨੂੰ ਮਾਰਨ ਲਈ ਦੌੜਿਆ। ਪਰ ਉਹ ਉਸਦੀ ਮਾਰ ਤੋਂ ਬਚਦੇ, ਤੇ ਉਸਨੂੰ ਕੁਝ ਨਾ ਕਹਿੰਦੇ; ਤੇ ਆਖ਼ਰ ਜਦੋਂ ਹਾਰ ਕੇ ਉਹ ਥਕਾਵਟ ਦੀ ਨਿਰਾਸ਼ਾ ਭਰੀ ਚੀਕ ਨਾਲ ਜ਼ਮੀਨ ਉਤੇ ਢਹਿ ਪਿਆ ਤਾਂ ਉਹ ਇਕ ਪਾਸੇ ਖੜੋਤੇ ਉਸਨੂੰ ਵੇਖਦੇ ਰਹੇ। ਉਹ ਉਠਿਆ, ਇਕ ਚਾਕੂ ਚੁੱਕਿਆ, ਜਿਹੜਾ ਉਸ ਨਾਲ ਇਸ ਸਾਰੇ ਝਗੜੇ ਸਮੇਂ ਇਕ ਆਦਮੀ ਹੱਥੋਂ ਡਿਗ ਪਿਆ ਸੀ, ਤੇ ਆਪਣੀ ਛਾਤੀ ਵਿਚ ਜਾ ਮਾਰਿਆ। ਪਰ ਚਾਕੂ ਮੁੜ ਗਿਆ, ਜਿਵੇਂ ਇਹ ਕਿਸੇ ਪੱਥਰ ਵਿਚ ਵੱਜਾ ਹੋਵੇ। ਉਹ ਫਿਰ ਡਿੱਗ ਪਿਆ ਤੇ ਜ਼ਮੀਨ ਉਤੇ ਆਪਣਾ ਸਿਰ ਮਾਰਨ ਲਗਾ, ਪਰ ਜ਼ਮੀਨ ਵੀ ਉਸਤੋਂ ਬਚਦੀ ਤੇ ਇਸ ਵਿਚ ਸਿਰਫ਼ ਕੁਝ ਟੋਏ ਹੀ ਪੈ ਗਏ।

"'ਇਹ ਨਹੀਂ ਮਰ ਸਕਦਾ!' ਲੋਕ ਕੱਛਾਂ ਵਜਾਉਂਦੇ ਹੋਏ ਕੂਕੇ।

"ਉਹ ਚਲੇ ਗਏ ਤੇ ਉਸਨੂੰ ਛੱਡ ਗਏ। ਉਹ ਉਤਾਂਹ ਨੂੰ ਮੂੰਹ ਕਰਕੇ ਪਿਆ ਰਿਹਾ, ਤੇ ਤਾਕਤਵਰ ਬਾਜ਼ ਉੱਪਰ ਆਕਾਸ਼ ਵਿਚ ਉਡਦੇ ਉਸਨੂੰ ਦਿਖਾਈ ਦਿਤੇ, ਕਾਲੇ ਟਿਮਕਣਿਆਂ ਵਾਂਗ, ਤੇ ਉਸਦੀਆਂ ਅੱਖਾਂ ਵਿਚ ਏਨੀਂ ਕੌੜ ਭਰ ਗਈ ਕਿ ਸਾਰੀ ਦੁਨੀਆਂ ਦੇ ਲੋਕਾਂ ਨੂੰ ਉਸ ਨਾਲ ਜ਼ਹਿਰ ਦਿਤੀ ਜਾ ਸਕਦੀ ਸੀ। ਉਦੋਂ ਤੋਂ ਉਹ ਇੱਕਲਾ ਹੈ, ਆਜ਼ਾਦ, ਮੌਤ ਦੀ ਉਡੀਕ ਕਰ ਰਿਹਾ। ਤੇ ਉਸੇਤਰ੍ਹਾਂ ਉਹ ਭੌਂਦਾ ਰਹਿੰਦੈ, ਹਰ ਥਾਂ ਭੌਂਦਾ ਰਹਿੰਦੈ।... ਤੂੰ ਵੇਖਿਐ? ਉਹ ਪਹਿਲਾਂ ਹੀ ਪ੍ਰਛਾਵਾਂ ਬਣ ਚੁਕੇ, ਤੇ ਇਸੇਤਰ੍ਹਾਂ ਉਹ ਹਮੇਸ਼ਾ ਰਹੇਗਾ। ਉਹ ਨਾ ਮਨੁਖਾਂ ਦੀ ਬੋਲੀ ਸਮਝਦੈ, ਨਾ ਉਹਨਾਂ ਦੇ ਕੰਮ, ਉਹ ਕੁਝ ਨਹੀਂ ਸਮਝਦਾ। ਉਹ ਕੁਝ ਨਹੀਂ ਕਰਦਾ, ਸਿਰਫ਼ ਭੌਂਦਾ ਰਹਿੰਦੈ, ਭੌਂਦਾ ਰਹਿੰਦੈ, ਕਿਸੇ ਚੀਜ਼ ਦੀ ਭਾਲ ਕਰਦਾ ਰਹਿੰਦੈ। ... ਉਸਨੂੰ ਜ਼ਿੰਦਗੀ ਦਾ ਨਹੀਂ ਪਤਾ, ਨਾ ਹੀ ਮੌਤ ਉਸਨੂੰ ਵੇਖਕੇ ਮੁਸਕ੍ਰਾਉਂਦੀ ਹੈ। ਆਦਮੀਆਂ ਵਿਚਕਾਰ ਉਸਦੀ ਕੋਈ ਥਾਂ ਨਹੀਂ।... ਇਉਂ ਮਿਲੀ ਸੀ ਸਜ਼ਾ ਇਕ ਆਦਮੀ ਨੂੰ ਉਸਦੇ ਘੁਮੰਡ ਲਈ!"

ਬੁਢੀ ਨੇ ਠੰਡਾ ਸਾਹ ਭਰਿਆ ਤੇ ਬੋਲਣਾ ਬੰਦ ਕਰ ਦਿਤਾ, ਤੇ ਉਸਦਾ ਸਿਰ, ਜਿਹੜਾ ਉਸਦੀ ਛਾਤੀ ਨਾਲ ਜਾ ਲਗਾ ਸੀ, ਬੜੇ ਅਜੀਬ ਤਰੀਕੇ ਨਾਲ ਕਈ ਵਾਰੀ ਇਧਰ ਉਧਰ ਝੂਲਿਆ।

ਮੈਂ ਉਸ ਵੱਲ ਵੇਖਿਆ। ਮੈਨੂੰ ਲਗਾ ਜਿਵੇਂ ਨੀਂਦ ਉਸ ਉਤੇ ਭਾਰੂ ਹੋ ਰਹੀ ਹੈ, ਤੇ ਪਤਾ ਨਹੀਂ ਕਿਉਂ, ਮੈਨੂੰ ਉਸ ਉਤੇ ਬੜਾ ਤਰਸ ਆਇਆ। ਉਸਨੇ ਆਪਣੀ ਕਹਾਣੀ ਏਨੇ ਗੌਰਵਮਈ, ਏਨੇ ਤਾੜਨਾ ਕਰਦੇ ਅੰਦਾਜ਼ ਨਾਲ ਖ਼ਤਮ ਕੀਤੀ ਸੀ, ਪਰ ਤਾਂ ਵੀ, ਇਸ ਅੰਦਾਜ਼ ਵਿਚ ਡਰਪੋਕਾਂ ਵਾਲੀ, ਗ਼ੁਲਾਮਾਂ ਵਾਲੀ ਝਲਕ ਮਿਲਦੀ ਸੀ।

ਸਾਗਰ-ਕੰਢੇ ਲੋਕਾਂ ਨੇ ਗਾਉਣਾ ਸ਼ੁਰੂ ਕਰ ਦਿਤਾ, ਤੇ ਵਿਚਿਤ੍ਰ ਤਰ੍ਹਾਂ ਨਾਲ ਗਾਉਣ ਲਗੇ। ਪਹਿਲਾਂ ਇਕ ਮਧਮ ਸੁਰ ਵਾਲੀ ਆਵਾਜ਼ ਸੁਣਾਈ ਦਿਤੀ। ਇਸਨੇ ਦੋ ਤਿੰਨ ਤੁਕਾਂ ਗਾਈਆਂ, ਤੇ ਇਕ ਹੋਰ ਆਵਾਜ਼ ਨੇ ਗੀਤ ਮੁਢੋਂ-ਸੁਢੋਂ ਸ਼ੁਰੂ ਕਰ ਦਿਤਾ, ਜਦ ਕਿ ਪਹਿਲੀ ਆਵਾਜ਼ ਜਾਰੀ ਰਹੀ।... ਤੇ ਫਿਰ ਤੀਜੀ, ਚੌਥੀ ਤੇ ਪੰਜਵੀਂ ਆਵਾਜ਼ ਨੇ ਇਕ ਇਕ ਕਰਕੇ ਉਹੋ ਗੀਤ ਸ਼ੁਰੂ ਕੀਤਾ। ਇਕਦਮ ਉਹੋ ਗੀਤ ਬਹੁਤ ਸਾਰੀਆਂ ਮਰਦਾਵੀਆਂ ਆਵਾਜ਼ਾਂ ਨੇ ਮਿਲ ਕੇ ਮੁਢੋਂ-ਸੁਢੋਂ ਫਿਰ ਸ਼ੁਰੂ ਕਰ ਦਿਤਾ।

ਹਰ ਔਰਤ ਦੀ ਆਵਾਜ਼ ਬਾਕੀਆਂ ਨਾਲੋਂ ਨਿਖੜਵੀਂ ਸੁਣਾਈ ਦੇਂਦੀ ਸੀ, ਤੇ ਉਹਨਾਂ ਸਾਰਿਆਂ ਦੀਆਂ ਰਲੀਆਂ-ਮਿਲੀਆਂ ਆਵਾਜ਼ਾਂ ਸੱਤਰੰਗੀ ਪਹਾੜੀ ਨਦੀ ਵਾਂਗ ਲਗਦੀਆਂ ਸਨ, ਜਿਹੜੀ ਸਿਲੋਂ-ਸਿਲ ਦੌੜੀ ਆਉਂਦੀ ਹੈ, ਛਾਲਾਂ ਮਾਰਦੀ ਤੇ ਗੜ-ਗੜ ਕਰਦੀ; ਇਥੋਂ ਤੱਕ ਕਿ ਉਹ ਮਰਦਾਵੀਆਂ ਆਵਾਜ਼ਾਂ ਦੀਆਂ ਖਰਜ ਧੁਨਾਂ ਨਾਲ ਮਿਲ ਗਈਆਂ, ਜਿਹੜੀਆਂ ਉਹਨਾਂ ਨੂੰ ਮਿਲਣ ਲਈ ਉਪਰ ਨੂੰ ਉੱਠੀਆਂ, ਉਹਨਾਂ

ਨਾਲੋਂ ਵੱਖ ਰਹਿੰਦੀਆਂ ਹੋਈਆਂ, ਉਹਨਾਂ ਨੂੰ ਆਪਣੇ ਵਿਚ ਡਬੋਂਦੀਆਂ ਹੋਈਆਂ, ਤੇ ਫਿਰ ਉੱਚੀਆਂ ਉਠਦੀਆਂ ਹੋਈਆਂ, ਸ਼ੁਧ ਤੇ ਭਰਵੀਆਂ, ਇਕ ਇਕ ਕਰਕੇ।

ਆਵਾਜ਼ਾਂ ਕਰਕੇ, ਸਾਗਰ ਦੀਆਂ ਲਹਿਰਾਂ ਦਾ ਰੌਲਾ ਹੋਰ ਸੁਣਾਈ ਨਹੀਂ ਸੀ ਦੇਂਦਾ।

੨

"ਤੂੰ ਹੋਰ ਕਿਧਰੇ ਲੋਕਾਂ ਨੂੰ ਇੰਝ ਗਾਉਂਦਿਆਂ ਸੁਣਿਐ?" ਆਪਣਾ ਸਿਰ ਚੁੱਕਦੀ ਨੇ ਤੇ ਮੁਸਕ੍ਰਾਉਂਦੀ ਨੇ, ਜਿਸ ਨਾਲ ਉਸਦੇ ਦੰਦਾਂ ਤੋਂ ਖ਼ਾਲੀ ਬੁੱਟ ਦਿਸਣ ਲਗ ਪਏ ਸਨ, ਇਜ਼ਰਗੀਲ ਨੇ ਮੈਨੂੰ ਪੁਛਿਆ।

"ਨਹੀਂ, ਮੈਂ ਨਹੀਂ ਸੁਣਿਆ, ਮੈਂ ਕਦੀ ਕਿਧਰੇ ਅਜਿਹੀ ਗਲ ਨਹੀਂ ਸੁਣੀ।..."

"ਤੇ ਕਦੀ ਸੁਣੇਂਗਾ ਵੀ ਨਹੀਂ। ਅਸੀਂ ਗਾਉਣ ਦੇ ਬੜੇ ਸ਼ੁਕੀਨ ਹਾਂ। ਸਿਰਫ਼ ਸੁਹਣੇ ਲੋਕੀਂ ਚੰਗਾ ਗਾ ਸਕਦੇ ਨੇ, ਸੁਹਣੇ ਲੋਕੀਂ, ਜਿਹੜੇ ਜ਼ਿੰਦਗੀ ਦੇ ਆਸ਼ਕ ਹੁੰਦੇ ਨੇ। ਅਸੀਂ ਜ਼ਿੰਦਗੀ ਦੇ ਆਸ਼ਕ ਹਾਂ। ਕੀ ਉਥੇ ਗਾ ਰਹੇ ਲੋਕ ਆਪਣੇ ਦਿਹਾੜੀ ਦੇ ਕੰਮ ਪਿਛੋਂ ਥੱਕੇ ਨਹੀਂ ਹੋਏ? ਉਹ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਡੁੱਬਣ ਤੱਕ ਕੰਮ ਕਰਦੇ ਰਹੇ ਨੇ, ਪਰ ਜਿਉਂ ਹੀ ਚੰਨ ਚੜ੍ਹਿਆ, ਉਹਨਾਂ ਗਾਉਣਾ ਸ਼ੁਰੂ ਕਰ ਦਿਤਾ। ਜਿਨ੍ਹਾਂ ਨੂੰ ਜਿਊਣਾ ਨਹੀਂ ਆਉਂਦਾ, ਉਹ ਸਿੱਧੇ ਮੰਜੇ 'ਤੇ ਜਾ ਪੈਂਦੇ ਨੇ, ਪਰ ਜਿਹੜੇ ਜਿਊਣ ਵਿਚ ਖ਼ੁਸ਼ੀ ਲੈਂਦੇ ਨੇ, ਉਹ ਗਾਉਂਦੇ ਨੇ।"

"ਪਰ ਸਿਹਤ..." ਮੈਂ ਸ਼ੁਰੂ ਕੀਤਾ।

"ਜਿਊਣ ਜੋਗੀ ਬੰਦੇ ਕੋਲ ਹਮੇਸ਼ਾ ਹੀ ਸਿਹਤ ਹੁੰਦੀ ਏ। ਸਿਹਤ! ਜੇ ਤੇਰੇ ਕੋਲ ਪੈਸੇ ਹੋਣ, ਤਾਂ ਤੂੰ ਖ਼ਰਚੇਂਗਾ ਨਹੀਂ? ਸਿਹਤ ਵੀ ਸੋਨੇ ਵਾਂਗ ਹੁੰਦੀ ਏ। ਤੈਨੂੰ ਪਤੈ, ਜਦੋਂ ਮੈਂ ਜਵਾਨ ਸਾਂ, ਕੀ ਕਰਦੀ ਹੁੰਦੀ ਸਾਂ? ਮੈਂ ਸੂਰਜ ਚੜ੍ਹਨ ਤੋਂ ਸੂਰਜ ਡੁੱਬਣ ਤਕ ਗ਼ਲੀਚੇ ਉਣਦੀ ਰਹਿੰਦੀ ਸਾਂ, ਬਿਨਾਂ ਇਕ ਵਾਰ ਵੀ ਉਠਿਆਂ। ਮੈਂ ਸੂਰਜ ਦੀ ਕਿਰਨ ਵਰਗੀ ਚੰਚਲ ਹੁੰਦੀ ਸਾਂ, ਪਰ ਤਾਂ ਵੀ ਮੈਨੂੰ ਸਾਰੀ ਦਿਹਾੜੀ ਬੈਠਣਾ ਪੈਂਦਾ ਸੀ, ਪੱਥਰ ਵਾਂਗ ਅਹਿੱਲ। ਤੇ ਮੈਂ ਏਨੀ ਦੇਰ ਬੈਠੀ ਰਹਿੰਦੀ ਕਿ ਮੇਰੀਆਂ ਸਾਰੀਆਂ ਹੱਡੀਆਂ ਦੁਖਣ ਲਗ ਪੈਂਦੀਆਂ। ਪਰ ਜਦੋਂ ਰਾਤ ਪੈਂਦੀ, ਤਾਂ ਮੈਂ ਨੱਠ ਕੇ ਉਸ ਕੋਲ ਚਲੀ ਜਾਂਦੀ ਜਿਸਨੂੰ ਮੈਂ ਪਿਆਰ ਕਰਦੀ ਸਾਂ, ਉਸਨੂੰ ਚੁੰਮਣ ਤੇ ਗਲਵਕੜੀ ਪਾਉਣ। ਤੇ ਪੂਰੇ ਤਿੰਨ ਮਹੀਨੇ ਮੈਂ ਇੰਝ ਕਰਦੀ ਰਹੀ, ਜਦੋਂ ਤਕ ਪਿਆਰ ਚਲਦਾ ਰਿਹਾ; ਮੈਂ ਆਪਣੀਆਂ ਸਾਰੀਆਂ ਰਾਤਾਂ ਉਸ ਨਾਲ ਕੱਟਦੀ। ਤੇ ਤਾਂ ਵੀ ਮੈਂ ਹੁਣ ਤੱਕ ਜਿਊਂਦੀ ਹਾਂ—ਮੇਰੀਆਂ ਰਗਾਂ ਵਿਚ ਬਥੇਰਾ ਖ਼ੂਨ ਸੀ, ਨਹੀਂ? ਤੇ ਕਿੰਨਾਂ ਮੈਂ ਪਿਆਰ ਕੀਤਾ! ਕਿੰਨੇ ਚੁੰਮਣ ਲਏ, ਕਿੰਨੇ ਚੁੰਮਣ ਦਿਤੇ!..."

ਮੈਂ ਉਸਦੇ ਚਿਹਰੇ ਵੱਲ ਤਕਿਆ। ਉਸਦੀਆਂ ਕਾਲੀਆਂ ਅੱਖਾਂ ਉਸੇਤਰ੍ਹਾਂ ਬੇ-ਚਮਕ ਸਨ, ਉਸਦੀਆਂ ਯਾਦਾਂ ਨੇ ਉਹਨਾਂ ਵਿਚ ਕੋਈ ਚੰਗਿਆੜੀ ਨਹੀਂ ਸੀ ਬਾਲੀ। ਚੰਨ ਨੇ ਉਸਦੇ ਖ਼ੁਸ਼ਕ, ਪਾਟੇ ਬੁਲ੍ਹਾਂ ਨੂੰ, ਉਸਦੀ ਚਿੱਟੇ ਵਾਲਾਂ ਵਾਲੀ ਠੋਡੀ ਨੂੰ ਤੇ ਉਸਦੇ ਝੁਰੜਾਏ ਨੱਕ ਨੂੰ, ਜਿਹੜਾ ਉੱਲੂ ਦੀ ਚੁੰਜ ਵਾਂਗ ਲਮਕਿਆ ਹੋਇਆ ਸੀ, ਰੁਸ਼ਨਾ ਦਿਤਾ ਸੀ। ਉਸਦੀਆਂ ਗਲ੍ਹਾਂ ਕਾਲੇ ਗੜ੍ਹੇ ਸਨ, ਜਿਨ੍ਹਾਂ ਵਿਚੋਂ ਇਕ ਵਿਚ ਸੁਆਹ-ਰੰਗੇ ਵਾਲਾਂ ਦੀ ਲਿਟ ਟਿਕੀ ਹੋਈ ਸੀ, ਜਿਹੜੀ ਉਸਦੇ ਕਿਰਮਚੀ ਪਟਕੇ ਵਿਚੋਂ ਨਿਕਲ ਆਈ ਸੀ, ਜਿਹੜਾ ਉਸਨੇ ਆਪਣੇ ਸਿਰ ਦੁਆਲੇ ਬੰਨ੍ਹਿਆ ਹੋਇਆ ਸੀ। ਉਸਦਾ ਚਿਹਰਾ, ਧੌਣ ਤੇ ਹੱਥ ਝੁਰੜਾਏ ਹੋਏ ਸਨ, ਹਰ ਵਾਰੀ ਜਦੋਂ ਉਹ ਹਿਲਦੀ, ਮੈਨੂੰ ਲਗਦਾ ਕਿ ਉਸਦੀ ਖ਼ੁਸ਼ਕ ਚਮੜੀ ਤਿੜਕ ਜਾਏਗੀ ਤੇ ਪਾਟ ਜਾਏਗੀ ਤੇ ਟੋਟੇ ਟੋਟੇ ਹੋ ਕੇ ਡਿੱਗ ਪਵੇਗੀ, ਤੇ ਮੇਰੇ ਸਾਮ੍ਹਣੇ ਨਿਰਾ ਪਿੰਜਰ ਰਹਿ ਜਾਏਗਾ, ਬੇਚਮਕ ਤੇ ਕਾਲੀਆ ਅੱਖਾਂ ਵਾਲਾ।

ਉਸਨੇ ਫਿਰ ਆਪਣੀ ਚੱਕੀ ਵਰਗੀ ਆਵਾਜ਼ ਵਿਚ ਬੋਲਣਾ ਸ਼ੁਰੂ ਕੀਤਾ:

"ਮੈਂ ਦਰਿਆ ਬੀਰਲਾਤ ਦੇ ਬਿਲਕੁਲ ਕੰਢੇ ਉਤੇ, ਫ਼ਾਲਮੀ ਦੇ ਨੇੜੇ ਆਪਣੀ ਮਾਂ ਕੋਲ ਰਹਿੰਦੀ ਸਾਂ; ਮੈਂ ਪੰਦਰ੍ਹਾਂ ਸਾਲਾਂ ਦੀ ਸਾਂ ਜਦੋਂ ਉਹ ਪਹਿਲੀ ਵਾਰ ਫ਼ਾਰਮ ਉਤੇ ਆਇਆ। ਉਹ ਉਚਾ-ਲੰਮਾਂ ਤੇ ਛਮਕ ਵਰਗਾ ਸੀ, ਤੇ ਉਸਦੀਆਂ ਕਾਲੀਆਂ ਮੁੱਛਾਂ ਸਨ, ਤੇ ਉਹ ਕਿੰਨਾਂ ਖੁਸ਼-ਮਿਜ਼ਾਜ ਸੀ! ਉਹ ਬੇੜੀ ਵਿਚ ਸੀ, ਤੇ ਗੂੰਜਵੀਂ ਆਵਾਜ਼ ਵਿਚ ਉਹ ਸਾਡੀ ਬਾਰੀ ਵੱਲ ਮੂੰਹ ਕਰਕੇ ਉੱਚੀ ਸਾਰੀ ਬੋਲਿਆ: 'ਹੇ! ਤੁਹਾਡੇ ਕੋਲ ਕੋਈ ਸ਼ਰਾਬ ਹੈ... ਤੇ ਕੁਝ ਖਾਣ ਨੂੰ?' ਮੈਂ ਬਾਰੀ ਵਿਚੋਂ ਬਾਹਰ ਝਾਤੀ ਮਾਰੀ ਤੇ ਖੈਰ ਦੇ ਦਰਖ਼ਤ ਦੀਆਂ ਟਹਿਣੀਆਂ ਵਿਚੋਂ ਮੈਨੂੰ ਦਰਿਆ ਵਿਖਾਈ ਦਿਤਾ, ਜਿਹੜਾ ਚੰਨ-ਚਾਨਣੀ ਨਾਲ ਸਾਰਾ ਨੀਲਾ ਹੋਇਆ ਪਿਆ ਸੀ। ਤੇ ਉਹ, ਚਿੱਟੀ ਕੁੜਤੀ ਪਾਈ, ਤੇ ਲੱਕ ਦੁਆਲੇ ਚੌੜਾ ਰੁਮਾਲ ਬੰਨ੍ਹੀਂ, ਜਿਸਦੇ ਸਿਰੇ ਦੋਵੇਂ ਪਾਸੇ ਲਟਕੇ ਹੋਏ ਸਨ, ਇਕ ਪੈਰ ਬੇੜੀ ਵਿਚ ਤੇ ਦੂਜਾ ਕੰਢੇ ਉਤੇ ਰਖੀ ਖੜਾ ਸੀ, ਝੂਲਦਾ ਹੋਇਆ ਤੇ ਆਪਣੇ ਆਪ ਵਿਚ ਗਾਉਂਦਾ ਹੋਇਆ। ਜਦੋਂ ਉਸਨੇ ਮੈਨੂੰ ਵੇਖਿਆ, ਤਾਂ ਬੋਲਿਆ: 'ਕਿਆ ਸੁਹਣੀ ਕੁੜੀ ਇਥੇ ਰਹਿੰਦੀ ਏ!... ਤੇ ਮੈਨੂੰ ਪਤਾ ਹੀ ਨਹੀਂ ਸੀ!' ਜਿਵੇਂ ਮੇਰੇ ਤੋਂ ਸਿਵਾ, ਉਸਨੂੰ ਦੁਨੀਆਂ ਵਿਚ ਰਹਿੰਦੀਆਂ ਬਾਕੀ ਸਭ ਸੁਹਣੀਆਂ ਕੁੜੀਆਂ ਦਾ ਪਤਾ ਸੀ। ਮੈਂ ਉਸਨੂੰ ਸ਼ਰਾਬ ਤੇ ਕੁਝ ਉਬਲਿਆ ਸੂਰ ਦਾ ਮਾਸ ਦਿਤਾ। ... ਚਾਰ ਦਿਨਾਂ ਮਗਰੋਂ ਮੈਂ ਆਪਣਾ ਆਪ ਉਸਦੇ ਹਵਾਲੇ ਕਰ ਦਿਤਾ, ਪੂਰੀ ਤਰ੍ਹਾਂ। ਅਸੀਂ ਰਲ ਕੇ ਰਾਤ ਨੂੰ ਬੇੜੀ ਵਿਚ ਬੈਠ ਕੇ ਜਾਂਦੇ। ਉਹ ਆਉਂਦਾ ਤੇ ਪਹਾੜੀ ਚੂਹੇ ਵਾਂਗ ਹੌਲੀ ਜਿਹੀ ਸੀਟੀ ਮਾਰਦਾ, ਤੇ ਮੈਂ ਬਾਰੀ ਵਿਚੋਂ ਦਰਿਆ ਵਿਚ ਛਾਲ ਮਾਰ ਦੇਂਦੀ, ਮੱਛੀ ਵਾਂਗ। ਤੇ ਫਿਰ ਅਸੀਂ ਬੇੜੀ ਵਿਚ ਬੈਠ ਕੇ ਚਲੇ ਜਾਂਦੇ, ਦੂਰ, ਕਿੰਨੀਂ ਦੂਰ।... ਉਹ ਪਰੂਤ ਦਰਿਆ ਦਾ ਮਾਛੀ ਸੀ, ਤੇ ਪਿਛੋਂ ਜਦੋਂ ਮੇਰੀ ਮਾਂ ਨੂੰ ਸਭ

ਪਤਾ ਲੱਗਾ ਤੇ ਉਸਨੇ ਮੈਨੂੰ ਕੁੱਟਿਆ, ਤਾਂ ਉਸਨੇ ਮੈਨੂੰ ਮਨਾਉਣ ਦੀ ਕੋਸ਼ਸ਼ ਕੀਤੀ ਕਿ ਮੈਂ ਉਸਦੇ ਨਾਲ ਦੋਬਰੂਜਾ ਤੱਕ, ਤੇ ਉਸਤੋਂ ਵੀ ਅਗੇ, ਜਿਥੇ ਡੈਨਿਊਬ ਦਰਿਆ ਵੰਡਿਆ ਜਾਂਦਾ ਹੈ, ਉਥੋਂ ਤੱਕ ਚਲੀ ਚਲਾਂ। ਪਰ ਉਦੋਂ ਤਕ ਉਸ ਲਈ ਮੇਰਾ ਪਿਆਰ ਖ਼ਤਮ ਹੋ ਚੁਕਾ ਸੀ—ਉਹ ਸਿਰਫ਼ ਗਾਉਂਦਾ ਰਹਿੰਦਾ ਤੇ ਚੁੰਮਦਾ ਰਹਿੰਦਾ, ਤੇ ਬੱਸ! ਮੈਂ ਇਸ ਤੋਂ ਅੱਕ ਗਈ ਸਾਂ। ਉਦੋਂ ਹੁਜ਼ੂਲੀਅਨਾਂ ਦੀ ਇਕ ਟੋਲੀ ਉਹਨਾਂ ਪਾਸਿਆਂ ਵੱਲ ਗੇੜੇ ਲਾਉਂਦੀ ਹੁੰਦੀ ਸੀ। ਉਹਨਾਂ ਦੇ ਉਥੇ ਆਪਣੇ ਮਸੂਕ ਹੁੰਦੇ ਸਨ।... ਤੇ ਇਹਨਾਂ ਕੁੜੀਆਂ ਦਾ ਬੜਾ ਸੁਹਣਾ ਸਮਾਂ ਲੰਘਦਾ ਸੀ! ਉਹਨਾਂ ਵਿਚੋਂ ਇਕ ਆਪਣੇ ਕਾਰਪੇਖਿਆਈ ਨੂੰ ਉਡੀਕਦੀ ਰਹਿੰਦੀ, ਉਡੀਕਦੀ ਰਹਿੰਦੀ, ਹੈਰਾਨ ਹੁੰਦੀ ਰਹਿੰਦੀ ਕਿ ਉਹ ਫੜਿਆ ਗਿਐ, ਜਾਂ ਕਿਸੇ ਥਾਂ ਲੜਾਈ ਵਿਚ ਮਾਰਿਆ ਗਿਐ, ਤੇ ਅਚਨਚੇਤ ਉਹ ਆ ਟਪਕਦਾ, ਇੱਕਲਾ ਜਾਂ ਆਪਣੇ ਦੋ ਤਿੰਨ ਸਾਥੀਆਂ ਨਾਲ, ਜਿਵੇਂ ਅਸਮਾਨੋਂ ਡਿੱਗਾ ਹੋਵੇ। ਉਹ ਉਸ ਲਈ ਖ਼ੂਬ ਸੁਗਾਤਾਂ ਲਿਆਉਂਦਾ—ਆਖ਼ਰ, ਉਹਨਾਂ ਨੂੰ ਸਭ ਕੁਝ ਏਨੀ ਸੌਖੀ ਤਰ੍ਹਾਂ ਮਿਲ ਜਾਂਦਾ ਸੀ! ਤੇ ਉਹ ਉਸ ਕੁੜੀ ਦੇ ਘਰ ਦਾਅਵਤਾਂ ਕਰਦਾ ਤੇ ਆਪਣੇ ਸਾਥੀਆਂ ਸਾਮ੍ਹਣੇ ਉਸਦੀਆਂ ਤਰੀਫ਼ਾਂ ਕਰਦਾ ਸੀ। ਇਸ ਗਲ ਉਤੇ ਉਸ ਕੁੜੀ ਨੂੰ ਬਹੁਤ ਖ਼ੁਸ਼ੀ ਹੁੰਦੀ। ਮੈਂ ਇਕ ਕੁੜੀ ਨੂੰ, ਜਿਸਦਾ ਪਰੇਮੀ ਇਕ ਹੁਜ਼ੂਲੀਅਨ ਸੀ, ਕਿਹਾ, ਕਿ ਮੈਨੂੰ ਵੀ ਉਹਨਾਂ ਨਾਲ ਮਿਲਾਵੇ। ... ਉਹਦਾ ਨਾਂ ਕੀ ਸੀ? ਮੈਨੂੰ ਭੁਲ ਗਿਐ!... ਹੁਣ ਸਭ ਕੁਝ ਮੈਨੂੰ ਭੁੱਲਣ ਲਗ ਪਿਐ। ਇਹ ਬਹੁਤ ਦੇਰ ਪਹਿਲਾਂ ਦੀ ਗੱਲ ਏ। ਕੋਈ ਅਜੀਬ ਗੱਲ ਨਹੀਂ, ਮੈਨੂੰ ਭੁੱਲ ਗਿਐ! ਖ਼ੈਰ, ਉਸਨੇ ਉਹਨਾਂ ਮੁੰਡਿਆਂ ਵਿਚੋਂ ਇਕ ਨਾਲ ਮੈਨੂੰ ਮਿਲਾਇਆ। ਚੰਗਾ ਸੁਹਣਾ ਮੁੰਡਾ ਸੀ ਉਹ।... ਲਾਲ ਵਾਲ, ਸਾਰੇ ਲਾਲ—ਮੁੱਛਾਂ ਤੇ ਸਿਰ ਦੇ! ਅੱਗ ਵਰਗਾ ਸਿਰ! ਪਰ ਉਹ ਏਨਾ ਉਦਾਸ ਲਗਦਾ ਸੀ। ਕਦੀ ਕਦੀ ਉਹ ਮਿੱਠਾ ਹੁੰਦਾ, ਪਰ ਕਦੀ ਕਦੀ ਉਹ ਜੰਗਲੀ ਜਾਨਵਰਾਂ ਵਾਂਗ ਲੜਦਾ ਤੇ ਗਰਜਦਾ। ਇਕ ਦਿਨ ਉਸਨੇ ਮੈਨੂੰ ਚਪੇੜ ਕਢ ਮਾਰੀ... ਤੇ ਮੈਂ ਉਸ ਉਤੇ ਬਿੱਲੀ ਵਾਂਗ ਝਪਟ ਪਈ ਤੇ ਆਪਣੇ ਦੰਦ ਉਸਦੀ ਗਲ੍ਹ ਵਿਚ ਖੋਭ ਦਿਤੇ।... ਉਸਤੋਂ ਪਿਛੋਂ ਉਸਦੀ ਉਸ ਗਲ੍ਹ ਵਿਚ ਟੋਆ ਪੈਣ ਲਗ ਪਿਆ, ਤੇ ਮੇਰਾ ਉਸ ਟੋਏ ਨੂੰ ਚੁੰਮਣਾ ਉਸਨੂੰ ਬੜਾ ਚੰਗਾ ਲਗਦਾ..."

"ਪਰ ਉਸ ਮਛੇਰੇ ਦਾ ਕੀ ਬਣਿਆ?" ਮੈਂ ਪੁਛਿਆ।

"ਮਛੇਰਾ? ਅੱਛਾ, ਉਹ... ਉਹ ਹਜ਼ੂਲੀਅਨਾਂ ਦੀ ਉਸ ਟੋਲੀ ਨਾਲ ਜਾ ਰਲਿਆ। ਪਹਿਲਾਂ ਪਹਿਲਾਂ ਉਸਨੇ ਮੈਨੂੰ ਮਨਾਉਣ ਦੀ ਕੋਸ਼ਿਸ਼ ਕੀਤੀ, ਤੇ ਡਰਾਵੇ ਦੇਣ ਲਗ ਪਿਆ ਕਿ ਜੇ ਨਾ ਮੰਨੀਂ ਤਾਂ ਦਰਿਆ ਵਿਚ ਸੁੱਟ ਦੇਵੇਗਾ। ਪਰ ਕੁਝ ਚਿਰ ਪਿਛੋਂ ਉਸਨੇ ਛੱਡ ਦਿਤਾ। ਉਹ ਉਸ ਟੋਲੀ ਨਾਲ ਰਲ ਗਿਆ ਤੇ ਦੂਜੀ ਕੁੜੀ ਲਭ ਲਈ। ... ਉਹ ਦੋਵੇਂ ਇਕੱਠੇ ਹੀ ਫਾਹੇ ਲਗੇ ਸਨ—ਉਹ ਮਛੇਰਾ ਤੇ ਦੂਜਾ ਮੁੰਡਾ।

ਮੈਂ ਉਹਨਾਂ ਨੂੰ ਫਾਹੇ ਲਗਦਾ ਵੇਖਣ ਗਈ ਸਾਂ। ਦੋਬਰੂਜਾ ਵਿਚ ਉਹ ਫਾਹੇ ਲਗੇ ਸਨ। ਮਛੇਰਾ ਰੋਂਦਾ ਹੋਇਆ ਫਾਂਸੀ ਵੱਲ ਗਿਆ, ਮੁਰਦੇ ਵਰਗਾ ਪੀਲਾ ਪਿਆ ਹੋਇਆ; ਪਰ ਦੂਜਾ ਮੁੰਡਾ ਸ਼ਾਂਤੀ ਨਾਲ ਆਪਣਾ ਪਾਈਪ ਪੀ ਰਿਹਾ ਸੀ। ਉਹ ਤਮਾਕੂ ਪੀਂਦਾ ਹੀ ਗਿਆ, ਹੱਥ ਜੇਬਾਂ ਵਿਚ ਪਾਈ, ਇਕ ਮੁੱਛ ਉਸਦੇ ਮੋਢੇ ਉਤੇ ਪਈ ਸੀ, ਦੂਜੀ ਛਾਤੀ ਉਤੇ ਲਟਕ ਰਹੀ ਸੀ। ਉਸਨੇ ਮੈਨੂੰ ਵੇਖਿਆ, ਤੇ ਆਪਣੇ ਮੂੰਹ ਵਿਚੋਂ ਪਾਈਪ ਕਢਦਾ, ਉਚੀ ਜਿਹੀ ਬੋਲਿਆ: 'ਅਲਵਿਦਾ!'... ਪੂਰਾ ਸਾਲ ਮੈਂ ਉਸਦਾ ਸੋਗ ਮਨਾਇਆ। ਏਖ!... ਇਹ ਗੱਲ ਉਦੋਂ ਵਾਪਰੀ ਜਦੋਂ ਉਹ ਕਰਪੇਥੀਆ ਵਿਚ ਆਪਣੇ ਘਰਾਂ ਨੂੰ ਜਾਣ ਹੀ ਵਾਲੇ ਸਨ। ਇਕ ਰੁਮਾਨੀਅਨ ਦੇ ਘਰ ਵਿਚ ਉਹਨਾਂ ਦੀ ਅਲਵਿਦਾਈ ਪਾਰਟੀ ਹੋਈ, ਤੇ ਉਥੋਂ ਹੀ ਉਹ ਫੜੇ ਗਏ ਸਨ। ਸਿਰਫ਼ ਦੋ ਜਣੇ ਹੀ ਫੜੇ ਗਏ। ਕਈ ਮਾਰੇ ਗਏ, ਤੇ ਬਾਕੀ ਦੇ ਨੱਠ ਗਏ। ... ਉਹਨਾਂ ਨੇ ਰੁਮਾਨੀਅਨ ਦਾ ਭਾਵੇਂ ਇਸ ਲਈ ਬਦਲਾ ਚੁਕਾ ਦਿਤਾ,... ਉਹਨਾਂ ਉਸਦੇ ਘਰ ਨੂੰ, ਉਸਦੀ ਹਵਾ-ਚੱਕੀ ਨੂੰ ਤੇ ਉਸਦੇ ਕਣਕ ਦੇ ਕੋਠਿਆਂ ਨੂੰ ਅੱਗ ਲਾ ਦਿਤੀ। ਉਸਤੋਂ ਪਿਛੋਂ ਉਹ ਮੰਗਤਾ ਬਣ ਗਿਆ।

"ਇਹ ਤੂੰ ਕੀਤਾ ਸੀ?" ਮੈਂ ਪੁੱਛਿਆ।

"ਉਹਨਾਂ ਹੁਜ਼ੂਲੀਅਨਾਂ ਦੇ ਬਥੇਰੇ ਦੋਸਤ ਸਨ, ਇਕੱਲੀ ਮੈਂ ਹੀ ਨਹੀਂ ਸਾਂ।... ਜਿਹੜਾ ਵੀ ਕੋਈ ਉਹਨਾਂ ਦਾ ਚੰਗਾ ਦੋਸਤ ਸੀ, ਉਸ ਨੇ ਉਹਨਾਂ ਦੀ ਯਾਦ ਵਿਚ ਅਜਿਹਾ ਕੀਤਾ ਸੀ..."

ਤੱਟ ਉਪਰ ਗਾਣਾ ਹੁਣ ਬੰਦ ਹੋ ਚੁਕਾ ਸੀ, ਤੇ ਬੁਢੀ ਦੀ ਆਵਾਜ਼ ਦੇ ਨਾਲ ਸਿਰਫ਼ ਠਾਠਾਂ ਮਾਰਦੇ ਸਾਗਰ ਦੀ ਆਵਾਜ਼ ਆ ਰਹੀ ਸੀ—ਉਹ ਸੋਚਾਂ-ਡੁੱਬੀ ਬੇਚੈਨ ਆਵਾਜ਼, ਸਚਮੁਚ, ਬੇਚੈਨ ਜੀਵਨ ਦੀ ਕਹਾਣੀ ਦੀ ਸੰਗਤ ਲਈ ਸ਼ਾਨਦਾਰ ਸੀ। ਹਲਕੀ ਪੀਲੀ ਚੰਨ ਚਾਨਣੀ ਨੇ ਰਾਤ ਨੂੰ ਵਧੇਰੇ ਉਜਲੀ ਬਣਾ ਦਿਤਾ ਸੀ ਤੇ ਇਹ ਘੱਟ ਸੱਘਣੀ ਹੋ ਗਈ ਸੀ; ਰਾਤ ਦੇ ਅਦਿੱਖ ਵਾਸੀਆਂ ਦੇ ਬੇਚੈਨ ਜੀਵਨ ਦੀਆਂ ਅਸਪਸ਼ਟ ਆਵਾਜ਼ਾਂ ਹੌਲੀ ਹੌਲੀ ਖ਼ਤਮ ਹੋ ਗਈਆਂ ਸਨ, ਲਹਿਰਾਂ ਦੀ ਉੱਚੀ ਹੁੰਦੀ ਆਵਾਜ਼ ਵਿਚ ਉਹ ਡੁੱਬ ਗਈਆਂ ਸਨ... ਕਿਉਂਕਿ ਹਵਾ ਤੇਜ਼ ਹੁੰਦੀ ਜਾ ਰਹੀ ਸੀ।

"ਇਕ ਤੁਰਕ ਵੀ ਸੀ, ਜਿਸਨੂੰ ਮੈਂ ਪਿਆਰ ਕਰਦੀ ਸਾਂ। ਮੈਂ ਸਕੂਤਰੀ ਵਿਚ ਉਸਦੇ ਹਰਮ ਵਿਚ ਰਹੀ। ਮੈਂ ਪੂਰਾ ਇਕ ਹਫ਼ਤਾ ਉਥੇ ਰਹੀ। ਏਨਾ ਮਾੜਾ ਨਹੀਂ ਸੀ, ਪਰ ਮੈਂ ਅੱਕ ਗਈ।... ਕੁਝ ਵੀ ਨਹੀਂ ਸੀ ਹੁੰਦਾ, ਬੱਸ ਔਰਤਾਂ ਹੀ ਔਰਤਾਂ ... ਉਸ ਕੋਲ ਅੱਠ ਹੁੰਦੀਆਂ ਸਨ।... ਸਾਰੀ ਦਿਹਾੜੀ ਉਹ ਬੱਸ ਕੁਝ ਨਾ ਕਰਦੀਆਂ, ਸਿਵਾਏ ਖਾਣ ਦੇ, ਸੌਣ ਦੇ ਤੇ ਬਕਵਾਸ ਕਰਨ ਦੇ।... ਜਾਂ ਉਹ ਲੜਨ ਲਗ ਪੈਂਦੀਆਂ ਤੇ ਇਕ ਦੂਜੀ ਉਤੇ ਕੁੜ-ਕੁੜ ਕਰਦੀਆਂ, ਜਿਵੇਂ ਕੁਕੜੀਆਂ

ਕਰਦੀਆਂ ਨੇ।... ਉਹ ਹੁਣ ਕੋਈ ਜਵਾਨ ਨਹੀਂ ਸੀ ਰਹਿ ਗਿਆ, ਉਹ ਤੁਰਕ। ਉਸਦੇ ਵਾਲ ਲਗਭਗ ਧੌਲੇ ਹੋ ਚੁਕੇ ਸੀ, ਤੇ ਉਹ ਏਨਾ ਅੜ੍ਹਕ-ਮੜ੍ਹਕ ਵਾਲਾ ਲਗਦਾ। ਉਹ ਅਮੀਰ ਵੀ ਸੀ। ਉਹ ਬਿਸ਼ਪ ਵਾਂਗ ਬੋਲਦਾ ਸੀ।... ਉਸਦੀਆਂ ਕਾਲੀਆਂ ਅੱਖਾਂ ਸਨ... ਤੇ ਉਹ ਸਿਧੀਆਂ ਤੁਹਾਡੇ ਵੱਲ ਵੇਖਦੀਆਂ ਸਨ... ਸਿਧੀਆਂ ਤੁਹਾਡੀ ਰੂਹ ਵਿਚ ਵੇਖਦੀਆਂ ਸਨ। ਉਹ ਨਮਾਜ਼ ਪੜ੍ਹਨ ਦਾ ਬੜਾ ਸ਼ੁਕੀਨ ਸੀ। ਪਹਿਲੀ ਵਾਰ ਮੈਂ ਉਸਨੂੰ ਬੁਖ਼ਾਰੈਸਟ ਵਿਚ ਵੇਖਿਆ ਸੀ... ਮੰਡੀ ਵਿਚ। ਉਹ ਕਿਸੇ ਬਾਦਸ਼ਾਹ ਵਾਂਗ ਫਿਰ-ਤੁਰ ਰਿਹਾ ਸੀ, ਵੇਖਣ ਨੂੰ ਲਗਦਾ ਸੀ ਜਿਵੇਂ ਬੜਾ ਮਹਤਵਪੂਰਨ ਹੋਵੇ। ਮੈਂ ਉਸ ਵੱਲ ਵੇਖ ਕੇ ਮੁਸਕਰਾਈ। ਉਸੇ ਸ਼ਾਮ ਮੈਨੂੰ ਗਲੀ ਵਿਚ ਫੜ ਲਿਆ ਗਿਆ ਤੇ ਉਸਦੇ ਘਰ ਲੈ ਆਂਦਾ ਗਿਆ। ਉਹ ਸੌਦਾਗਰ ਸੀ ਜਿਹੜਾ ਸੰਦਲ ਤੇ ਖਜੂਰ ਦੀ ਲੱਕੜ ਦਾ ਵਪਾਰ ਕਰਦਾ ਸੀ, ਤੇ ਕੁਝ ਖ਼ਰੀਦਣ ਬੁਖ਼ਾਰੈਸਟ ਆਇਆ ਹੋਇਆ ਸੀ। 'ਮੇਰੇ ਨਾਲ ਚਲੇਂਗੀ?' ਉਸਨੇ ਮੈਨੂੰ ਪੁਛਿਆ। "ਹਾਂ, ਜ਼ਰੂਰ ਚਲਾਂਗੀ!' 'ਚੰਗਾ ਫਿਰ!' ਤੇ ਮੈਂ ਉਸ ਨਾਲ ਚਲੀ ਗਈ। ਉਹ ਅਮੀਰ ਸੀ, ਉਹ ਤੁਰਕ। ਉਸਦਾ ਇਕ ਮੁੰਡਾ ਸੀ—ਸਾਂਵਲਾ ਛੋਟਾ ਜਿਹਾ ਮੁੰਡਾ ਤੇ ਏਨਾਂ ਅਲੂਆਂ ਜਿਹਾ।... ਉਹ ਸੋਲਾਂ ਕੁ ਸਾਲਾਂ ਦਾ ਹੋਵੇਗਾ। ਉਹਦੇ ਨਾਲ ਮੈਂ ਤੁਰਕ ਦੇ ਘਰੋਂ ਨੱਠੀ ਸਾਂ।... ਮੈਂ ਨੱਠ ਕੇ ਬਲਗ਼ਾਰੀਆ ਚਲੀ ਗਈ, ਲੋਮ-ਪਾਲਾਨਕਾ ਨੂੰ... ਉਥੇ ਇਕ ਬਲਗ਼ਾਰੀਅਨ ਔਰਤ ਨੇ ਮੈਨੂੰ ਛਾਤੀ ਵਿਚ ਛੁਰਾ ਕੱਢ ਮਾਰਿਆ ਸੀ, ਆਪਣੇ ਮੰਗੇਤਰ ਲਈ ਕਿ ਘਰ ਵਾਲੇ ਲਈ, ਮੈਨੂੰ ਹੁਣ ਚੰਗੀ ਤਰ੍ਹਾਂ ਯਾਦ ਨਹੀਂ।

"ਮੈਂ ਇਕ ਸਾਧਣੀਆਂ ਦੇ ਮੱਠ ਵਿਚ ਕਿੰਨਾਂ ਚਿਰ ਬਿਮਾਰ ਪਈ ਰਹੀ। ਇਕ ਪੋਲਿਸਤਾਨੀ ਕੁੜੀ ਮੇਰਾ ਖ਼ਿਆਲ ਰਖਦੀ ਹੁੰਦੀ ਸੀ। ਉਸਦਾ ਇਕ ਭਰਾ ਸੀ, ਆਰਜ਼ੇਰ-ਪਾਲਾਨਕਾ ਦੇ ਨੇੜੇ ਇਕ ਮੱਠ ਵਿਚ ਸਾਧ ਸੀ ਉਹ, ਤੇ ਉਹ ਉਸਨੂੰ ਮਿਲਣ ਆਉਂਦਾ ਹੁੰਦਾ ਸੀ। ਉਹ ਮੇਰੇ ਅੱਗੇ ਕੀੜੇ ਵਾਂਗ ਰੀਂਗਦਾ ਹੁੰਦਾ ਸੀ... ਜਦੋਂ ਮੈਂ ਰਾਜ਼ੀ ਹੋਈ ਤਾਂ ਉਸ ਨਾਲ ਚਲੀ ਗਈ... ਉਸਦੇ ਦੇਸ, ਪੋਲੈਂਡ।"

"ਠਹਿਰ ਜ਼ਰਾ! ਤੇ ਛੋਟਾ ਤੁਰਕ ਕਿਥੇ ਗਿਆ?"

"ਉਹ ਮੁੰਡਾ? ਉਹ ਮੁੰਡਾ ਮਰ ਗਿਆ। ਘਰ ਦੇ ਹੇਰਵੇ ਨਾਲ, ਜਾਂ ਪਿਆਰ ਕਾਰਨ, ਮੈਨੂੰ ਨਹੀਂ ਪਤਾ, ਪਰ ਉਹ ਕੁਮਲਾ ਗਿਆ—ਨਵੇਂ ਨਵੇਂ ਲਾਏ ਬੂਟੇ ਵਾਂਗ, ਜਿਸ ਉਤੇ ਬਹੁਤ ਧੁੱਪ ਪੈਂਦੀ ਹੋਵੇ।... ਉਹ ਬੱਸ ਸੁੱਕ ਹੀ ਗਿਆ।... ਮੈਂ ਹੁਣ ਵੀ ਉਸਨੂੰ ਲਗਭਗ ਵੇਖ ਸਕਦੀ ਹਾਂ, ਲੰਮਾਂ ਪਿਆ ਹੋਇਆ, ਸਾਰਾ ਪਾਰਦਰਸ਼ੀ ਤੇ ਨੀਲਾ, ਬਰਫ਼ ਦੇ ਡਲੇ ਵਾਂਗ। ਪਰ ਪਿਆਰ ਦੀ ਲਾਟ ਅਜੇ ਵੀ ਉਸ ਵਿਚ ਬਲ ਰਹੀ ਸੀ... ਤੇ ਉਹ ਮੇਰੇ ਤਰਲੇ ਕਰਦਾ ਰਹਿੰਦਾ ਕਿ ਉਸ ਉਤੇ ਝੁਕਾਂ ਤੇ ਉਸਨੂੰ ਚੁੰਮਾਂ।... ਮੈਂ ਉਸਨੂੰ ਪਿਆਰ ਕਰਦੀ ਸਾਂ, ਤੇ ਮੈਨੂੰ ਯਾਦ ਏ, ਉਸਨੂੰ ਬੜਾ ਚੁੰਮਦੀ ਹੁੰਦੀ ਸਾਂ।... ਫਿਰ ਉਹਦੀ ਹਾਲਤ ਬੜੀ ਮਾੜੀ ਹੋ ਗਈ—ਉਹ ਹਿੱਲ ਵੀ ਨਹੀਂ ਸੀ ਸਕਦਾ।

ਉਹ ਆਪਣੇ ਮੰਜੇ ਉਤੇ ਪਿਆ ਰਹਿੰਦਾ ਤੇ ਬੜੇ ਤਰਸਯੋਗ ਢੰਗ ਨਾਲ ਮੇਰੇ ਤਰਲੇ ਕਰਦਾ, ਜਿਵੇਂ ਕੋਈ ਮੰਗਤਾ ਭਿਖਿਆ ਮੰਗ ਰਿਹਾ ਹੋਵੇ, ਕਿ ਮੈਂ ਉਸਦੇ ਨਾਲ ਲੇਟ ਜਾਵਾਂ ਤੇ ਉਸਨੂੰ ਨਿੱਘਾ ਕਰਾਂ। ਮੈਂ ਇਸੇਤਰ੍ਹਾਂ ਕਰਦੀ, ਤੇ ਜਿਉਂ ਹੀ ਮੈਂ ਉਸਦੇ ਨਾਲ ਲੇਟਦੀ, ਉਹ ਅੱਗ ਵਾਂਗ ਭਖ ਉਠਦਾ। ਇਕ ਵਾਰ ਮੈਨੂੰ ਜਾਗ ਆਈ, ਤਾਂ ਮੈਂ ਦੇਖਿਆ ਕਿ ਉਹ ਬਿਲਕੁਲ ਠੰਡਾ ਹੋਇਆ ਪਿਆ ਸੀ।... ਉਹ ਮਰ ਚੁਕਾ ਸੀ... ਮੈਂ ਉਸ ਉਤੇ ਬੜਾ ਰੋਈ। ਕੌਣ ਜਾਣੇ ? ਕੀ ਪਤਾ ਮੈਂ ਹੀ ਨਹੀਂ ਸੀ ਉਸਦੀ ਜਾਨ ਲਈ । ਉਦੋਂ ਮੇਰੀ ਉਮਰ ਉਸ ਨਾਲੋਂ ਦੂਣੀ ਸੀ। ਤੇ ਮੈਂ ਏਨੀ ਤਕੜੀ ਤੇ ਜ਼ੋਰਾਵਰ ਸਾਂ... ਪਰ ਉਹ—ਨਿਰਾ ਬੱਚਾ ਸੀ!"

ਉਸਨੇ ਠੰਡਾ ਸਾਹ ਭਰਿਆ ਤੇ—ਪਹਿਲੀ ਵਾਰ ਮੈਂ ਉਸਨੂੰ ਇੰਝ ਕਰਦਿਆਂ ਵੇਖਿਆ—ਉਸਨੇ ਤਿੰਨ ਵਾਰੀ ਸਲੀਬ ਨਿਸ਼ਾਨ ਬਣਾਇਆ ਤੇ ਆਪਣੇ ਸੁੱਕੇ ਬੁਲ੍ਹਾਂ ਵਿਚ ਕੁਝ ਬੁੜਬੁੜਾਇਆ।

"ਅਛਾ, ਸੋ ਤੂੰ ਪੋਲੈਂਡ ਚਲੀ ਗਈ"—ਮੈਂ ਉਸਨੂੰ ਗੱਲ ਟੋਰਨ ਦਾ ਸੁਝਾ ਦਿਤਾ।

"ਹਾਂ... ਉਸ ਨਿੱਕੇ ਪੋਲ ਨਾਲ। ਉਹ ਇਕ ਕਮੀਨੀ ਤੇ ਹਾਸੋਹੀਣੀ ਚੀਜ਼ ਸੀ। ਜਦੋਂ ਉਸਨੂੰ ਔਰਤ ਦੀ ਲੋੜ ਹੁੰਦੀ ਤਾਂ ਉਹ ਬਿੱਲੀ ਵਾਂਗ ਮੇਰੇ ਕੋਲ ਰੀਂਗਦਾ ਹੋਇਆ ਆਉਂਦਾ ਤੇ ਇਉਂ ਗੱਲਾਂ ਕਰਦਾ ਕਿ ਉਸਦੇ ਬੁਲ੍ਹਾਂ ਤੋਂ ਕੋਸਾ ਕੋਸਾ ਸ਼ਹਿਦ ਚੋ ਰਿਹਾ ਹੋਵੇ; ਪਰ ਜਦੋਂ ਉਸਨੂੰ ਮੇਰੀ ਲੋੜ ਨਾ ਹੁੰਦੀ, ਤਾਂ ਉਹ ਇੰਝ ਕਿੜ-ਕਿੜ ਕਰਕੇ ਬੋਲਦਾ, ਜਿਵੇਂ ਚਾਬਕ ਕਰਦੀ ਹੈ। ਇਕ ਵਾਰ ਅਸੀਂ ਦਰਿਆ ਦੇ ਕੰਢੇ ਟੁਰ-ਫਿਰ ਰਹੇ ਸਾਂ ਤੇ ਉਹ ਮੇਰੇ ਨਾਲ ਗ਼ੁਸਤਾਖ ਤੇ ਬੇਇਜ਼ਤੀ ਕਰਨ ਵਾਲੇ ਢੰਗ ਨਾਲ ਪੇਸ਼ ਆਇਆ। ਓ! ਓ! ਮੈਨੂੰ ਗ਼ੁੱਸਾ ਆ ਗਿਆ! ਮੈਂ ਉਬਲਦੀ ਲੁੱਕ ਵਾਂਗ ਬੁਲਬੁਲੇ ਛਡਣ ਲਗੀ! ਮੈਂ ਉਸਨੂੰ ਬੱਚੇ ਵਾਂਗ ਆਪਣੀਆਂ ਬਾਹਵਾਂ ਵਿਚ ਚੁੱਕ ਲਿਆ—ਉਹ ਨਿਕਾ ਜਿਹਾ ਹੀ ਤਾਂ ਹੁੰਦਾ ਸੀ—ਉਸਨੂੰ ਜਕੜ ਲਿਆ ਤੇ ਵੱਖੀਆਂ ਤੋਂ ਏਨਾਂ ਜ਼ੋਰ ਦੀ ਘੁੱਟਿਆ ਕਿ ਉਹ ਸਾਰਾ ਨੀਲਾ ਪੈ ਗਿਆ। ਫਿਰ ਮੈਂ ਉਸਨੂੰ ਘੁਮਾਇਆ ਤੇ ਦਰਿਆ ਵਿਚ ਸੁਟ ਦਿਤਾ। ਉਹ ਬਕਣ ਲਗਾ। ਉਸਨੂੰ ਬਕਦਿਆਂ ਸੁਨਣਾ ਕਿੰਨਾਂ ਅਜੀਬ ਲਗਦਾ ਸੀ। ਮੈਂ ਉਪਰੋਂ ਉਸ ਵਲ ਵੇਖਦੀ ਰਹੀ, ਉਹ ਪਾਣੀ ਵਿਚ ਹੱਥ-ਪੈਰ ਮਾਰ ਰਿਹਾ ਸੀ, ਤੇ ਫਿਰ ਮੈਂ ਚਲੀ ਗਈ। ਉਸਤੋਂ ਪਿਛੋਂ ਉਹ ਮੈਨੂੰ ਨਹੀਂ ਟੱਕਰਿਆ। ਇਸ ਪੱਖੋਂ ਮੈਂ ਖੁਸ਼ਕਿਸਮਤ ਸਾਂ: ਮੈਂ ਜਿਨ੍ਹਾਂ ਨੂੰ ਪਿਆਰ ਕਰਦੀ ਸਾਂ, ਪਿਛੋਂ ਉਹਨਾਂ ਨੂੰ ਕਦੀ ਨਹੀਂ ਵੇਖਿਆ। ਇਹ ਕੋਈ ਚੰਗੀਆਂ ਮਿਲਣੀਆਂ ਨਹੀਂ ਹੁੰਦੀਆਂ। ਇਹ ਇੰਝ ਹੀ ਹੁੰਦੈ, ਜਿਵੇਂ ਕੋਈ ਮੁਰਦੇ ਨੂੰ ਮਿਲ ਪਵੇ।"

ਬੁਢੀ ਬੋਲਣੋਂ ਰੁਕ ਗਈ ਤੇ ਠੰਡਾ ਸਾਹ ਭਰਿਆ। ਮੈਂ ਉਹਨਾਂ ਲੋਕਾਂ ਨੂੰ ਆਪਣੀਆਂ ਅੱਖਾਂ ਸਾਮ੍ਹਣੇ ਚਿਤਰਨ ਲੱਗਾ, ਜਿਨ੍ਹਾਂ ਨੂੰ ਉਹ ਕਬਰਾਂ 'ਚੋਂ ਜਗਾ ਲਿਆਈ

ਸੀ: ਅੱਗ ਵਰਗੇ ਲਾਲ ਸਿਰ ਤੇ ਮੁੱਛਾਂ ਵਾਲਾਂ ਹੁਜ਼ੂਲੀਅਨ, ਸ਼ਾਂਤੀ ਨਾਲ ਆਪਣਾ ਪਾਈਪ ਪੀਂਦਾ ਹੋਇਆ ਫਾਂਸੀ ਦੇ ਤਖ਼ਤੇ ਵੱਲ ਜਾ ਰਿਹਾ; ਹੋ ਸਕਦਾ ਹੈ ਉਸਦੀਆਂ ਅੱਖਾਂ ਠੰਡੀਆਂ ਨੀਲੀਆਂ ਸਨ, ਜਿਹੜੀਆਂ ਹਰ ਚੀਜ਼ ਵੱਲ ਦਰਿੜ੍ਹ ਤੇ ਬਝਵੀਂ ਨਜ਼ਰ ਨਾਲ ਵੇਖਦੀਆਂ ਸਨ। ਉਸਦੇ ਨਾਲ, ਪਰੂਤ ਤੋਂ ਕਾਲੀਆਂ ਮੁੱਛਾਂ ਵਾਲਾ ਮਾਛੀ ਰੋਂਦਾ ਹੋਇਆ, ਜਿਹੜਾ ਮਰਨਾ ਨਹੀਂ ਸੀ ਚਾਹੁੰਦਾ। ਆਉਂਦੀ ਮੌਤ ਦੇ ਖ਼ਿਆਲ ਨਾਲ ਮੂੰਹ ਪੀਲਾ ਪਿਆ ਹੋਇਆ, ਉਸਦੀਆਂ ਖ਼ੁਸ਼ ਅੱਖਾਂ ਹੁਣ ਤੇਜਹੀਨ ਸਨ, ਤੇ ਉਸਦੀਆਂ ਮੁੱਛਾਂ ਅੱਥਰੂਆਂ ਨਾਲ ਗਿੱਲੀਆਂ, ਉਸਦੇ ਮੁੜੇ ਹੋਏ ਮੂੰਹ ਦੇ ਕੋਨਿਆਂ ਤੋਂ ਹੁਣ ਨਿਰਾਸ਼ਾ ਵਿਚ ਲਟਕ ਰਹੀਆਂ ਸਨ। ਤੇ ਬੁਢਾ, ਅੜ੍ਹਕ-ਮੜ੍ਹਕ ਵਾਲਾ ਤੁਰਕ, ਸ਼ਾਇਦ ਕਿਸਮਤ ਉਤੇ ਯਕੀਨ ਕਰਨ ਵਾਲਾ ਤੇ ਤਾਨਾਸ਼ਾਹ, ਉਸਦੇ ਨਾਲ ਉਸਦਾ ਮੁੰਡਾ, ਪੂਰਬ ਦਾ ਪੀਲਾ ਤੇ ਮਲੂਕ ਫੁੱਲ, ਚੁੰਮਣਾਂ ਦੀ ਜ਼ਹਿਰ ਨਾਲ ਮੋਇਆ। ਤੇ ਉਹ ਫਿੱਟਿਆ ਹੋਇਆ ਪੋਲ, ਨਰਮਦਿਲ ਤੇ ਜ਼ਾਲਮ, ਫਰ-ਫਰ ਬੋਲਣ ਵਾਲਾ, ਤੇ ਠੰਡਾਯੱਖ਼।... ਹੁਣ ਉਹ ਸਾਰੇ ਧੁੰਦਲੇ ਜਿਹੇ ਪਰਛਾਵੇਂ ਰਹਿ ਗਏ ਨੇ, ਤੇ ਜਿਸਨੂੰ ਉਹ ਗਲਵਕੜੀ ਵਿਚ ਲਿਆ ਕਰਦੇ ਸਨ, ਉਹ ਜਿਊਂਦੀ-ਜਾਗਦੀ ਮੇਰੇ ਕੋਲ ਬੈਠੀ ਹੋਈ ਸੀ, ਪਰ ਸਮੇਂ ਨਾਲ ਝੈਂ ਚੁਕੀ, ਬਿਨਾਂ ਬੁੱਤ, ਬਿਨਾਂ ਖ਼ੂਨ, ਖ਼ਾਹਿਸ਼ਾਂ ਤੋਂ ਖ਼ਾਲੀ ਦਿਲ, ਤੇ ਅੱਖਾਂ—ਜਿਨ੍ਹਾਂ ਵਿਚੋਂ ਜ਼ਿੰਦਗੀ ਦੀ ਚਮਕ ਗ਼ਾਇਬ ਸੀ—ਉਹ ਵੀ ਲਗਭਗ ਪਰਛਾਵਾਂ ਬਣ ਚੁਕੀ ਸੀ।

ਉਸਨੇ ਮੁੜ ਬੋਲਣਾ ਸ਼ੁਰੂ ਕੀਤਾ:

"ਪੋਲੈਂਡ ਵਿਚ ਮੇਰਾ ਸਮਾਂ ਔਖਾ ਲੰਘਿਆਂ। ਉਥੇ ਠੰਡੇ ਤੇ ਝੂਠੇ ਲੋਕ ਰਹਿੰਦੇ ਨੇ। ਮੈਨੂੰ ਉਹਨਾਂ ਦੀ ਸੱਪ ਵਾਲੀ ਜ਼ਬਾਨ ਸਮਝ ਨਹੀਂ ਸੀ ਪੈਂਦੀ। ਉਹ ਜਦੋਂ ਬੋਲਦੇ ਨੇ ਤਾਂ ਸ਼ੂਕਦੇ ਨੇ।... ਉਹ ਕੋਈ ਸ਼ੂਕਦੇ ਨੇ? ਜ਼ਰੂਰ ਰੱਬ ਨੇ ਉਹਨਾਂ ਨੂੰ ਇਹ ਸੱਪ ਵਾਲੀ ਬੋਲੀ ਦਿਤੀ ਹੋਵੇਗੀ, ਕਿਉਂਕਿ ਉਹ ਝੂਠੇ ਨੇ। ਮੈਂ ਦੇਸ ਵਿਚ ਭੌਂਦੀ ਰਹਿੰਦੀ, ਤੇ ਪਤਾ ਨਾ ਲਗਦਾ ਕਿਥੇ ਜਾ ਰਹੀ ਹਾਂ, ਪਰ ਮੈਂ ਵੇਖਿਆ ਕਿ ਉਹ ਤੁਹਾਡੇ, ਰੂਸੀਆਂ, ਦੇ ਖ਼ਿਲਾਫ਼ ਬਗ਼ਾਵਤ ਦੀਆਂ ਤਿਆਰੀਆਂ ਕਰ ਰਹੇ ਹਨ। ਮੈਂ ਬੋਖ਼ਨੀਆ ਸ਼ਹਿਰ ਪਹੁੰਚ ਗਈ। ਇਕ ਯਹੂਦੀ ਨੇ ਮੈਨੂੰ ਖ਼ਰੀਦ ਲਿਆ, ਆਪਣੇ ਲਈ ਨਹੀਂ, ਸਗੋਂ ਮੇਰੇ ਸਰੀਰ ਦਾ ਵਪਾਰ ਕਰਨ ਲਈ। ਮੈਂ ਮੰਨ ਗਈ। ਜਿਊਣ ਲਈ ਕੁਝ ਤਾਂ ਕਰਨਾ ਹੀ ਪੈਂਦਾ ਏ ਨਾ। ਮੈਂ ਕੁਝ ਵੀ ਨਹੀਂ ਸਾਂ ਕਰ ਸਕਦੀ, ਸੋ ਮੈਨੂੰ ਆਪਣੇ ਸਰੀਰ ਨਾਲ ਮੁਲ ਦੇਣਾ ਪਿਆ। ਪਰ ਮੈਂ ਸੋਚਿਆ: ਜਦੋਂ ਮੇਰੇ ਕੋਲ ਏਨੇ ਕੁ ਪੈਸੇ ਹੋ ਗਏ ਕਿ ਮੈਂ ਬੀਰਲਾਤ ਆਪਣੇ ਘਰ ਵਾਪਸ ਜਾ ਸਕਾਂ, ਤਾਂ ਮੈਂ ਆਪਣੀਆਂ ਜ਼ੰਜੀਰਾਂ ਤੋੜ ਦਿਆਂਗੀ, ਭਾਵੇਂ ਉਹ ਕਿੰਨੀਆਂ ਵੀ ਪੱਕੀਆਂ ਕਿਉਂ ਨਾ ਹੋਣ। ਉਥੇ ਮੈਂ ਕਿਹੋ ਜਿਹਾ ਜੀਵਨ ਬਿਤਾਇਆ! ਅਮੀਰ ਜ਼ਿਮੀਂਦਾਰ ਮੇਰੇ ਕੋਲ ਆਉਂਦੇ, ਤੇ ਓਥੇ ਦਾਅਵਤਾਂ ਉਡਾਉਂਦੇ। ਉਹਨਾਂ ਦਾ ਕਾਫ਼ੀ ਖਰਚਾ ਹੋ ਜਾਂਦਾ ਸੀ, ਮੈਂ ਤੈਨੂੰ ਦਸ

ਦਿਆਂ। ਉਹ ਮੇਰੇ ਲਈ ਲੜ ਪੈਂਦੇ ਤੇ ਆਪਣੇ ਆਪ ਨੂੰ ਬਰਬਾਦ ਕਰ ਲੈਂਦੇ। ਇਕ ਜਣਾ ਮੈਨੂੰ ਲੈਣ ਲਈ ਕਿੰਨਾਂ ਸਮਾਂ ਕੋਸ਼ਿਸ਼ ਕਰਦਾ ਰਿਹਾ, ਤੇ ਉਸਨੇ ਇੰਝ ਕੀਤਾ ਇਕ ਦਿਨ ਉਹ ਮੇਰੇ ਕੋਲ ਆਇਆ; ਉਹਦੇ ਨਾਲ ਇਕ ਨੌਕਰ ਸੀ, ਜਿਸਨੇ ਇਕ ਝੋਲਾ ਚੁਕਿਆ ਹੋਇਆ ਸੀ। ਜ਼ਿਮੀਂਦਾਰ ਨੇ ਝੋਲਾ ਫੜਿਆ, ਤੇ ਉਸ ਵਿਚ ਜੋ ਕੁਝ ਸੀ, ਮੇਰੇ ਸਿਰ ਉਪਰ ਉਲੱਦ ਦਿਤਾ। ਝੋਲੇ ਵਿਚੋਂ ਸੋਨੇ ਦੇ ਸਿੱਕੇ ਕਿਰਨ ਲਗੇ; ਉਹ ਮੇਰੇ ਸਿਰ ਵਿਚ ਵਜਦੇ, ਪਰ ਉਹਨਾਂ ਦੇ ਜ਼ਮੀਨ ਉਤੇ ਡਿੱਗਣ ਨਾਲ ਜਿਹੜੀ ਛਣਕਾਰ ਪੈਦਾ ਹੁੰਦੀ ਸੀ, ਉਹ ਮੇਰੇ ਕੰਨਾਂ ਨੂੰ ਬੜੀ ਚੰਗੀ ਲਗਦੀ ਸੀ। ਤਾਂ ਵੀ ਮੈਂ ਉਸਨੂੰ ਘਰੋਂ ਕਢ ਦਿਤਾ। ਉਸਦਾ ਮੂੰਹ ਮੋਟਾ ਤੇ ਸਿਲ੍ਹਾ ਸੀ, ਤੇ ਢਿਡ ਵਡੇ ਸਾਰੇ ਸਿਰ੍ਹਾਣੇ ਜਿਹਾ। ਉਹ ਚੰਗੇ ਪਲੇ ਸੂਰ ਵਾਂਗ ਲਗਦਾ ਸੀ। ਹਾਂ, ਮੈਂ ਉਸਨੂੰ ਘਰੋਂ ਕਢ ਦਿਤਾ, ਭਾਵੇਂ ਉਸਨੇ ਮੈਨੂੰ ਦਸਿਆ ਸੀ ਕਿ ਉਸਨੇ ਆਪਣੀ ਸਾਰੀ ਜ਼ਮੀਨ, ਆਪਣਾ ਘਰ ਤੇ ਆਪਣੇ ਘੋੜੇ ਵੇਚ ਦਿਤੇ ਹਨ, ਤਾਂ ਕਿ ਉਹ ਮੇਰੇ ਉਪਰ ਸੋਨੇ ਦੀ ਵਰਖਾ ਕਰ ਸਕੇ। ਉਦੋਂ ਮੈਂ ਇਕ ਯੋਗ ਸਾਊ ਬੰਦੇ ਨੂੰ ਪਿਆਰ ਕਰਦੀ ਸਾਂ, ਜਿਸਦੇ ਮੂੰਹ ਉਤੇ ਫਟਾਂ ਦੇ ਨਿਸ਼ਾਨ ਹੁੰਦੇ ਸੀ। ਫਟਾਂ ਦੇ ਨਿਸ਼ਾਨਾਂ ਨਾਲ ਉਸਦੇ ਚਿਹਰੇ ਉਤੇ ਕਾਟੇ ਪਏ ਹੋਏ ਸਨ, ਜਿਹੜੇ ਕਿ ਤੁਰਕਾਂ ਦੇ ਲਾਏ ਜ਼ਖ਼ਮਾਂ ਦਾ ਸਿੱਟਾ ਸਨ, ਜਿਨ੍ਹਾਂ ਨਾਲ ਉਹ ਕੁਝ ਹੀ ਸਮਾਂ ਪਹਿਲਾਂ ਯੂਨਾਨੀਆਂ ਵਲੋਂ ਲੜਦਾ ਰਿਹਾ ਸੀ। ਉਹ ਸੀ ਆਦਮੀ! ਯੂਨਾਨੀਆਂ ਨਾਲ ਉਸਦਾ ਕੀ ਵਾਸਤਾ ਸੀ, ਜੇ ਆਪ ਉਹ ਪੋਲ ਸੀ ਤਾਂ? ਪਰ ਉਹ ਉਹਨਾਂ ਦੇ ਦੁਸ਼ਮਣਾਂ ਦੇ ਖ਼ਿਲਾਫ਼ ਲੜਾਈ ਵਿਚ ਉਹਨਾਂ ਦੀ ਮਦਦ ਕਰਨ ਗਿਆ ਸੀ। ਉਸਦਾ ਚਿਹਰਾ ਕੱਟਿਆ ਪਿਆ ਸੀ, ਉਸਦੀ ਇਕ ਅੱਖ ਜਾਂਦੀ ਰਹੀ ਸੀ, ਤੇ ਖੱਬੇ ਹੱਥ ਦੀਆਂ ਦੋ ਉਂਗਲਾਂ ਵੀ।... ਉਹ ਪੋਲ ਸੀ, ਸੋ ਕਿਉਂ ਯੂਨਾਨੀਆਂ ਬਾਰੇ ਫ਼ਿਕਰਮੰਦ ਸੀ? ਇਸ ਲਈ ਕਿ ਉਹ ਬਹਾਦਰ ਕਾਰਨਾਮਿਆਂ ਦੀ ਤਾਰੀਫ਼ ਕਰਦਾ ਸੀ, ਤੇ ਜਿਹੜਾ ਵੀ ਕੋਈ ਬਹਾਦਰ ਕਾਰਨਾਮਿਆਂ ਨੂੰ ਸਲਾਹੁੰਦਾ ਏ, ਉਸਨੂੰ ਬਹਾਦਰ ਕਾਰਨਾਮੇ ਕਰਨ ਦਾ ਮੌਕਾ ਵੀ ਹਮੇਸ਼ਾ ਮਿਲ ਜਾਏਗਾ। ਤੈਨੂੰ ਪਤੈ, ਜ਼ਿੰਦਗੀ ਵਿਚ ਬਹਾਦਰ ਕਾਰਨਾਮੇ ਕਰਨ ਦਾ ਹਮੇਸ਼ਾ ਮੌਕਾ ਹੁੰਦੈ। ਤੇ ਜਿਨ੍ਹਾਂ ਨੂੰ ਇਹ ਕਰਨ ਲਈ ਕੋਈ ਮੌਕਾ ਨਹੀਂ ਮਿਲਦਾ, ਉਹ, ਬੱਸ, ਜਾਂ ਦਲਿਦਰੀ ਹਨ ਜਾਂ ਬੁਜ਼ਦਿਲ, ਜਾਂ ਉਹਨਾਂ ਨੂੰ ਪਤਾ ਹੀ ਨਹੀਂ ਜ਼ਿੰਦਗੀ ਕੀ ਹੁੰਦੀ ਏ, ਕਿਉਂਕਿ ਜੇ ਲੋਕਾਂ ਨੂੰ ਪਤਾ ਹੋਵੇ ਕਿ ਜ਼ਿੰਦਗੀ ਕੀ ਹੁੰਦੀ ਏ ਤਾਂ ਉਹ ਸਾਰੇ ਚਾਹੁਣਗੇ ਕਿ ਉਹਨਾਂ ਦੀ ਯਾਦ ਇਸ ਵਿਚ ਰਹੇ, ਜਦੋਂ ਉਹ ਆਪ ਨਾ ਵੀ ਰਹਿਣ। ਤੇ ਫਿਰ ਜ਼ਿੰਦਗੀ ਲੋਕਾਂ ਨੂੰ ਇੰਝ ਹੜੱਪ ਨਾ ਕਰ ਜਾਏ, ਬਿਨਾਂ ਕੋਈ ਵੀ ਨਿਸ਼ਾਨ ਛੱਡਣ ਦੇ।... ਓ! ਉਹ ਜ਼ਖ਼ਮਾਂ ਦੇ ਨਿਸ਼ਾਨਾਂ ਵਾਲਾ ਆਦਮੀ ਸਚਮੁਚ ਭਲਾ ਆਦਮੀ ਸੀ! ਉਹ ਕੋਈ ਕਰਨ-ਯੋਗ ਕਾਰਨਾਮਾ ਕਰਨ ਲਈ ਦੁਨੀਆਂ ਦੇ ਸਿਰੇ ਤੱਕ ਵੀ ਚਲਾ ਜਾਂਦਾ। ਮੇਰਾ ਖ਼ਿਆਲ ਏ ਕਿ ਬਗ਼ਾਵਤ ਦੇ ਦੌਰਾਨ ਤੇਰੇ ਲੋਕਾਂ

ਨੇ ਉਸਨੂੰ ਮਾਰ ਦਿਤਾ ਹੋਵੇਗਾ। ਤੁਸੀਂ ਮਗੀਆਰਾਂ ਨਾਲ ਕਾਹਦੇ ਲਈ ਲੜਨ ਗਏ ਸੋ? ਚੱਲ, ਠੀਕ ਏ, ਠੀਕ ਏ, ਰਹਿਣ ਦੇ!"

ਮੈਨੂੰ ਚੁੱਪ ਰਹਿਣ ਦਾ ਹੁਕਮ ਦੇ ਕੇ, ਬੁਢੀ ਇਜ਼ਰਗੀਲ ਆਪ ਵੀ ਚੁੱਪ ਕਰ ਗਈ ਤੇ ਸੋਚਾਂ ਵਿਚ ਡੁੱਬ ਗਈ। ਕੁਝ ਚਿਰ ਪਿਛੋਂ ਉਹ ਬੋਲੀ:

"ਮੈਂ ਵੀ ਇਕ ਮਗੀਆਰ ਨੂੰ ਜਾਣਦੀ ਸਾਂ। ਇੱਕ ਦਿਨ ਉਹ ਮੇਰੇ ਘਰੋਂ ਗਿਆ— ਇਹ ਸਰਦੀਆਂ ਦੀ ਗੱਲ ਹੈ—ਤੇ ਸਿਰਫ਼ ਬਸੰਤ ਵਿਚ ਹੀ ਉਹ ਲਭਾ, ਜਦੋਂ ਬਰਫ਼ ਪਿਘਲੀ; ਉਹ ਕਿਸੇ ਖੇਤ ਵਿਚ ਪਿਆ ਸੀ, ਤੇ ਉਸਦੇ ਸਿਰ ਵਿਚੋਂ ਗੋਲੀ ਲੰਘੀ ਹੋਈ ਸੀ। ਤੇਰਾ ਇਹਦੇ ਬਾਰੇ ਕੀ ਖ਼ਿਆਲ ਏ? ਵੇਖਿਆ, ਪਿਆਰ ਨਾਲ ਕੋਈ ਪਲੇਗ ਨਾਲੋਂ ਘੱਟ ਬੰਦੇ ਨਹੀਂ ਮਰਦੇ; ਮੈਨੂੰ ਯਕੀਨ ਏ, ਜੇ ਤੂੰ ਗਿਣੇਂ ਤਾਂ ਇਹ ਠੀਕ ਨਿਕਲੇਗਾ।... ਮੈਂ ਕੀ ਗੱਲ ਕਰ ਰਹੀ ਸਾਂ? ਹਾਂ, ਪੋਲੈਂਡ ਬਾਰੇ ... ਹਾਂ, ਮੈਂ ਆਪਣੀ ਆਖ਼ਰੀ ਖੇਡ ਉਥੇ ਖੇਡੀ। ਉਥੇ ਮੈਨੂੰ ਇਕ ਨਵਾਬਜ਼ਾਦਾ ਮਿਲਿਆ। ... ਕਿੰਨਾਂ ਸੁਹਣਾ ਸੀ ਉਹ! ਸ਼ੈਤਾਨ ਵਰਗਾ ਸੁਹਣਾ। ਮੈਂ ਉਦੋਂ ਤੱਕ ਸਿਆਣੀ ਹੋ ਚੁਕੀ ਸਾਂ, ਹਾਂ, ਸਿਆਣੀ! ਮੈਂ ਚਾਲ੍ਹੀਆਂ ਦੀ ਹੋ ਗਈ ਹੋਵਾਂਗੀ? ਹਾਂ, ਮੇਰਾ ਖ਼ਿਆਲ ਏ।... ਉਹ ਅਜੇ ਵੀ ਮਾਣ-ਮੱਤਾ ਸੀ, ਤੇ ਅਜੇ ਵੀ ਸਾਡਾ ਔਰਤਾਂ ਦਾ ਵਿਗਾੜਿਆਂ ਹੋਇਆ। ਉਸਨੂੰ ਪਾਉਣ ਲਈ ਮੈਨੂੰ ਬੜਾ ਕੁਝ ਦੇਣਾ ਪਿਆ।... ਹਾਂ।... ਉਹ ਮੈਨੂੰ ਉਸ ਵੇਲੇ ਆਮ ਜ਼ਨਾਨੀ ਵਾਂਗ ਰਖਣਾ ਚਾਹੁੰਦਾ ਸੀ, ਪਰ ਇਸ ਨਾਲ ਮੈਂ ਸਹਿਮਤ ਨਹੀਂ ਸਾਂ। ਮੈਂ ਕਦੀ ਕਿਸੇ ਦੀ ਗ਼ੁਲਾਮ ਨਹੀਂ ਸਾਂ ਰਹੀ। ਯਹੂਦੀ ਨਾਲ ਮੈਂ ਪਹਿਲਾਂ ਹੀ ਹਿਸਾਬ ਮੁਕਾ ਚੁਕੀ ਸਾਂ। ਮੈਂ ਉਸਨੂੰ ਬਹੁਤ ਸਾਰੇ ਪੈਸੇ ਦੇ ਦਿਤੇ, ਤੇ ਹੁਣ ਮੈਂ ਕਰਾਕੋ ਵਿਚ ਰਹਿ ਰਹੀ ਸਾਂ। ਉਦੋਂ ਮੇਰੇ ਕੋਲ ਸਭ ਕੁਝ ਸੀ, ਘੋੜੇ, ਤੇ ਸੋਨਾ, ਤੇ ਨੌਕਰ-ਚਾਕਰ।... ਉਹ ਮੇਰੇ ਕੋਲ ਆਉਂਦਾ, ਦੈਂਤ ਵਾਂਗ ਘੁਮੰਡੀ, ਤੇ ਚਾਹੁੰਦਾ ਕਿ ਮੈਂ ਆਪਣਾ ਆਪ ਉਸਦੀਆਂ ਬਾਹਾਂ ਵਿਚ ਸੁੱਟ ਦੇਵਾਂ। ਅਸੀਂ ਲੜ ਪੈਂਦੇ।... ਮੈਨੂੰ ਯਾਦ ਏ ਕਿ ਸਗੋਂ ਮੇਰੀ ਸੁਹਣੀ ਸ਼ਕਲ ਵੀ ਇਸੇ ਕਰਕੇ ਵਿਗੜ ਗਈ। ਬਹੁਤ ਦੇਰ ਤੱਕ ਇੰਝ ਚਲਦਾ ਰਿਹਾ।... ਪਰ ਆਖ਼ਰ ਮੇਰੀ ਜਿੱਤ ਹੋਈ; ਉਸਨੇ ਮੇਰੇ ਸਾਮ੍ਹਣੇ ਗੋਡੇ ਟੇਕ ਦਿਤੇ।... ਪਰ ਮੈਨੂੰ ਪਾਉਣ ਤੋਂ ਛੇਤੀ ਹੀ ਪਿਛੋਂ, ਉਸਨੇ ਮੈਨੂੰ ਛੱਡ ਦਿਤਾ। ਉਦੋਂ ਮੈਂ ਮਹਿਸੂਸ ਕੀਤਾ ਕਿ ਮੈਂ ਸਚਮੁਚ ਬੁਢੀ ਹੋ ਚੁਕੀ ਸਾਂ।... ਓ! ਕਿੰਨਾਂ ਕੌੜਾ ਸੀ ਇਹ! ਹਾਂ, ਕਿੰਨਾਂ ਕੌੜਾ! ਵੇਖਿਆ, ਮੈਂ ਉਸ ਸ਼ੈਤਾਨ ਨੂੰ ਪਿਆਰ ਕਰਦੀ ਸਾਂ... ਪਰ ਜਦੋਂ ਉਹ ਮੈਨੂੰ ਮਿਲਦਾ, ਉਹ ਮੇਰਾ ਮਜ਼ਾਕ ਉਡਾਉਂਦਾ।... ਕਮੀਨਾ ਆਦਮੀ! ਤੇ ਉਹ ਦੂਜਿਆਂ ਸਾਮ੍ਹਣੇ ਵੀ ਮੇਰਾ ਮਜ਼ਾਕ ਉਡਾਉਂਦਾ ਸੀ, ਮੈਨੂੰ ਪਤਾ ਸੀ। ਇਹ ਸਹਿਣਾ ਮੁਸ਼ਕਲ ਸੀ, ਮੈਂ ਤੈਨੂੰ ਦਸ ਦਿਆਂ! ਪਰ ਉਹ ਮੇਰੇ ਨੇੜੇ ਤਾਂ ਰਹਿੰਦਾ ਸੀ, ਤੇ ਕੁਝ ਵੀ ਹੋਵੇ, ਮੈਂ ਉਸਨੂੰ ਪਿਆਰ ਕਰਦੀ ਸਾਂ। ਜਦੋਂ ਉਹ ਤੁਹਾਡੇ ਰੂਸੀਆਂ ਨਾਲ ਲੜਨ ਗਿਆ, ਤਾਂ

ਮੈਂ ਉਹਦੇ ਲਈ ਤਰਸ ਗਈ। ਮੈਂ ਆਪਣੀ ਇਹ ਭਾਵਨਾ ਖ਼ਤਮ ਕਰਨ ਲਈ ਜ਼ੋਰ ਲਾਇਆ, ਪਰ ਨਾ ਕਰ ਸਕੀ।... ਤੇ ਮੈਂ ਫ਼ੈਸਲਾ ਕੀਤਾ ਕਿ ਮੈਂ ਉਸ ਕੋਲ ਜਾਵਾਂਗੀ। ਉਹ ਵਾਰਸਾ ਦੇ ਨੇੜੇ ਜੰਗਲਾਂ ਵਿਚ ਸੀ।

"ਪਰ ਜਦੋਂ ਮੈਂ ਉਥੇ ਪਹੁੰਚੀ ਤਾਂ ਮੈਨੂੰ ਪਤਾ ਲਗਾ ਕਿ ਤੁਹਾਡੇ ਲੋਕ ਪਹਿਲਾਂ ਹੀ ਉਸਨੂੰ ਹਰਾ ਚੁਕੇ ਨੇ ਤੇ ਉਹ ਕੁਝ ਹੀ ਦੂਰ ਇਕ ਪਿੰਡ ਵਿਚ ਕੈਦੀ ਬਣਿਆ ਹੋਇਆ ਸੀ।

"ਇਸਦਾ ਮਤਲਬ ਏ, ਮੈਂ ਸੋਚਿਆ, ਕਿ ਮੈਂ ਉਸਨੂੰ ਹੁਣ ਹੋਰ ਨਹੀਂ ਵੇਖ ਸਕਾਂਗੀ। ਪਰ ਵੇਖਣ ਲਈ ਮੈਂ ਕਿਵੇਂ ਸਿੱਕਦੀ ਸਾਂ! ਸੋ ਮੈਂ ਉਸਨੂੰ ਮਿਲਣ ਟੁਰ ਪਈ। ਮੈਂ ਮੰਗਤੀ ਵਰਗਾ ਭੇਸ ਬਣਾ ਲਿਆ, ਲੰਗੜੀ ਹੋਣ ਦਾ ਬਹਾਨਾ ਕੀਤਾ, ਤੇ ਆਪਣੇ ਮੂੰਹ ਨੂੰ ਬੰਨ੍ਹਦੀ ਹੋਈ ਮੈਂ ਉਸ ਪਿੰਡ ਪੁਜ ਗਈ। ਇਹ ਕੱਜ਼ਾਖਾਂ ਤੇ ਸਿਪਾਹੀਆਂ ਨਾਲ ਭਰਿਆ ਪਿਆ ਸੀ।... ਉਥੋਂ ਤੱਕ ਪਹੁੰਚਣਾ ਮੈਨੂੰ ਬੜਾ ਮਹਿੰਗਾ ਪਿਆ! ਮੈਂ ਲੱਭ ਲਿਆ ਕਿ ਪੋਲ ਕਿਥੇ ਨੇ। ਮੈਂ ਵੇਖ ਸਕਦੀ ਸਾਂ ਕਿ ਉਥੋਂ ਤਕ ਪੁੱਜਣਾ ਕੋਈ ਸੌਖਾ ਕੰਮ ਨਹੀਂ ਸੀ। ਪਰ ਮੈਂ ਪੁੱਜਣਾ ਸੀ। ਸੋ, ਇਕ ਰਾਤ ਮੈਂ ਰਿੜ੍ਹਦੀ ਹੋਈ ਉਸ ਥਾਂ ਤੱਕ ਜਾ ਪਹੁੰਚੀ, ਇਕ ਸਬਜ਼ੀਆਂ ਦੀ ਪੈਲੀ 'ਚੋਂ ਦੀ, ਸਿਆੜਾਂ ਦੇ ਵਿਚੋਂ, ਤੇ ਇਕਦਮ ਇਕ ਸੰਤਰੀ ਨੇ ਮੇਰਾ ਰਾਹ ਰੋਕ ਲਿਆ।... ਪਰ ਪੋਲਾਂ ਦੀ ਗਾਉਂਦਿਆਂ ਦੀ ਤੇ ਉਚੀ ਉਚੀ ਗੱਲਾਂ ਕਰਦਿਆਂ ਦੀ ਮੈਨੂੰ ਆਵਾਜ਼ ਆਉਣ ਲਗ ਪਈ ਸੀ। ਉਹ ਮਾਂ ਮੇਰੀ ਦਾ ਗੀਤ ਗਾ ਰਹੇ ਸਨ, ਤੇ ਮੈਂ ਆਪਣੇ ਅਰਕਾਦੇਕ ਦੀ ਆਵਾਜ਼ ਸੁਣ ਸਕਦੀ ਸਾਂ। ਮੈਂ, ਕਸੈਲੇ ਸੁਆਦ ਨਾਲ, ਉਹਨਾਂ ਸਮਿਆਂ ਨੂੰ ਯਾਦ ਕੀਤੇ ਬਿਨਾਂ ਨਾ ਰਹਿ ਸਕੀ ਜਦੋਂ ਆਦਮੀ ਮੇਰੇ ਸਾਮ੍ਹਣੇ ਰੀਂਗਦੇ ਹੁੰਦੇ ਸਨ, ਤੇ ਹੁਣ ਮੈਂ ਸਾਂ ਕਿ ਇਕ ਆਦਮੀ ਦੀ ਖ਼ਾਤਰ ਸੱਪ ਵਾਂਗ ਜ਼ਮੀਨ ਉਤੇ ਰੀਂਗ ਰਹੀ ਸਾਂ, ਤੇ ਸ਼ਾਇਦ ਰੀਂਗਦੀ ਹੋਈ ਮੌਤ ਵੱਲ ਜਾ ਰਹੀ ਸਾਂ। ਸੰਤਰੀ ਨੇ ਮੇਰਾ ਖੜਾਕ ਸੁਣਿਆ ਤੇ ਅਗੇ ਵਧਿਆ। ਮੈਂ ਕੀ ਕਰਦੀ? ਮੈਂ ਜ਼ਮੀਨ ਤੋਂ ਉੱਠੀ ਉਸ ਵੱਲ ਵਧੀ। ਮੇਰੇ ਕੋਲ ਕੋਈ ਚਾਕੂ, ਕੋਈ ਕੁਝ ਨਹੀਂ ਸੀ, ਸਿਰਫ਼ ਮੇਰੇ ਹੱਥ ਸਨ ਤੇ ਮੇਰੀ ਜੀਭ ਸੀ। ਮੈਨੂੰ ਅਫ਼ਸੋਸ ਹੋਇਆ ਕਿ ਮੈਂ ਆਪਣਾ ਛੁਰਾ ਨਾਲ ਨਹੀਂ ਸੀ ਲਿਆਂਦਾ। ਮੈਂ ਹੌਲੀ ਜਿਹੀ ਕਿਹਾ: 'ਰੁਕ ਜਾ!' ਪਰ ਸਿਪਾਹੀ ਨੇ ਆਪਣੀ ਸੰਗੀਨ ਮੇਰੇ ਗਲੇ ਵੱਲ ਸੇਧ ਦਿਤੀ। ਮੈਂ ਉਸਨੂੰ ਮਸਾਂ ਸੁਣੀਂਦੀ ਆਵਾਜ਼ ਵਿਚ ਕਿਹਾ: "ਮੈਨੂੰ ਸੰਗੀਨ ਨਾਲ ਨਾ ਮਾਰ, ਰੁਕ ਜਾ! ਮੇਰੀ ਗੱਲ ਸੁਣ, ਜੇ ਤੇਰੇ ਵਿਚ ਰੂਹ ਹੈ ਤਾਂ! ਮੇਰੇ ਕੋਲ ਤੈਨੂੰ ਦੇਣ ਲਈ ਕੁਝ ਨਹੀਂ, ਪਰ ਮੈਂ ਵਾਸਤਾ ਪਾਉਂਦੀ ਹਾਂ...' ਉਸਨੇ ਬੰਦੂਕ ਨੀਵੀਂ ਕਰ ਲਈ, ਤੇ ਮਸਾਂ ਸੁਣੀਂਦੀ ਆਵਾਜ਼ ਵਿਚ ਹੀ ਮੈਨੂੰ ਕਹਿਣ ਲਗਾ: 'ਚਲੀ ਜਾ, ਬੁਢੀਏ! ਚਲੀ ਜਾ! ਇਥੋਂ ਤੂੰ ਕੀ ਲੈਣੈ?' ਮੈਂ ਉਸਨੂੰ ਦਸਿਆ ਕਿ ਮੇਰਾ ਪੁਤਰ ਇਥੇ ਕੈਦੀ ਏ। 'ਤੂੰ ਸਮਝਦੈਂ, ਸਿਪਾਹੀ-ਬੇਟਾ! ਤੇਰੀ ਵੀ ਮਾਂ ਹੈ, ਕਿ ਨਹੀਂ? ਮੇਰੇ

ਵੱਲ ਵੇਖ, ਫਿਰ—ਤੇਰੇ ਵਰਗਾ ਮੇਰਾ ਬੇਟਾ ਏ, ਤੇ ਉਹ ਔਥੇ ਹੈ! ਮੈਨੂੰ ਇਕ ਨਜ਼ਰ ਉਸਨੂੰ ਵੇਖ ਲੈਣ ਦੇ, ਕੀ ਪਤਾ ਉਹ ਜਲਦੀ ਹੀ ਮਰਨ ਵਾਲਾ ਨਹੀਂ... ਤੇ ਕੀ ਪਤਾ ਤੂੰ ਵੀ ਭਲਕ ਨੂੰ ਨਹੀਂ ਮਾਰਿਆ ਜਾਣਾ। ਕੀ ਤੇਰੀ ਮਾਂ ਤੈਨੂੰ ਨਹੀਂ ਰੋਏਗੀ? ਆਪਣੀ ਮਾਂ ਨੂੰ ਦੇਖੇ ਬਿਨਾਂ ਮਰਨਾ ਤੈਨੂੰ ਮੁਸ਼ਕਲ ਨਹੀਂ ਲਗੇਗਾ? ਇਸੇਤਰ੍ਹਾਂ ਮੇਰੇ ਬੇਟੇ ਲਈ ਹੋਏਗਾ। ਆਪਣੇ ਉਤੇ ਰਹਿਮ ਕਰ, ਤੇ ਉਹਦੇ ਉਤੇ, ਤੇ ਮੇਰੇ ਉਤੇ— ਇਕ ਮਾਂ ਉਤੇ!

"ਉਫ਼, ਕਿੰਨਾਂ ਚਿਰ ਮੈਂ ਉਸਦੇ ਤਰਲੇ ਕਰਦੀ ਰਹੀ! ਬਾਰਸ਼ ਹੋ ਰਹੀ ਸੀ, ਤੇ ਅਸੀਂ ਦੋਵੇਂ ਭਿੱਜੇ ਪਏ ਸਾਂ। ਹਵਾ ਝੁੱਲ ਰਹੀ ਤੇ ਗਰਜ ਰਹੀ ਸੀ, ਕਦੀ ਮੈਨੂੰ ਪਿਛੋਂ ਦੀ ਪੈਂਦੀ, ਕਦੀ ਕਦੀ ਅਗੋਂ ਦੀ। ਮੈਂ ਉਸ ਪੱਥਰ-ਦਿਲ ਸਿਪਾਹੀ ਅੱਗੇ ਝੂਲਦੀ ਖੜੀ ਰਹੀ, ਪਰ ਉਹ ਕਹੀ ਗਿਆ: 'ਨਹੀਂ! ਨਹੀਂ!' ਤੇ ਹਰ ਵਾਰੀ ਜਦੋਂ ਮੈਂ ਇਹ ਠੰਡਾ-ਯੱਖ ਲਫ਼ਜ਼ ਸੁਣਦੀ, ਮੇਰੀ ਛਾਤੀ ਵਿਚ ਆਪਣੇ ਅਰਕਾਦੇਕ ਨੂੰ ਵੇਖਣ ਦੀ ਇੱਛਾ ਹੋਰ ਵੀ ਤੇਜ਼ ਬਲ ਉਠਦੀ। ... ਉਸਦੇ ਨਾਲ ਗੱਲਾਂ ਕਰਦੀ ਕਰਦੀ ਨੇ ਮੈਂ ਉਸ ਸਿਪਾਹੀ ਨੂੰ ਭਾਂਪਿਆ—ਉਹ ਮਧਰਾ ਤੇ ਪਤਲਾ ਸੀ, ਤੇ ਖੰਘਦਾ ਸੀ। ਮੈਂ ਉਸਦੇ ਸਾਮ੍ਹਣੇ ਜ਼ਮੀਨ ਉਤੇ ਡਿੱਗ ਪਈ ਤੇ ਉਸਦੇ ਗੋਡਿਆਂ ਨੂੰ ਜੱਫੀ ਪਾ ਲਈ, ਭਖਦੇ ਲਫ਼ਜ਼ਾਂ ਨਾਲ ਵਾਸਤੇ ਪਾਉਣ ਲਗੀ ਕਿ ਮੈਨੂੰ ਲੰਘ ਜਾਣ ਦੇ। ਇਕਦਮ ਮੈਂ ਉਸਨੂੰ ਜ਼ੋਰ ਦੀ ਖਿੱਚਿਆ ਤੇ ਉਹ ਜ਼ਮੀਨ ਉਤੇ ਡਿੱਗ ਪਿਆ, ਚਿੱਕੜ ਵਿਚ। ਮੈਂ ਉਸਨੂੰ ਇਕਦਮ ਮੂਧਾ ਕਰ ਦਿਤਾ ਤੇ ਉਸਦਾ ਮੂੰਹ ਇਕਦਮ ਇਕੱਠੇ ਹੋਏ ਪਾਣੀ ਵਿਚ ਦਬਾ ਦਿਤਾ, ਕਿ ਉਹ ਚੀਕ ਨਾ ਸਕੇ। ਪਰ ਉਹ ਚੀਕਿਆ ਨਾ, ਸਿਰਫ਼ ਮੈਨੂੰ ਆਪਣੀ ਪਿੱਠ ਤੋਂ ਲਾਹੁਣ ਲਈ ਜ਼ੋਰ ਲਾਉਂਦਾ ਰਿਹਾ। ਮੈਂ ਉਸਦਾ ਸਿਰ ਆਪਣੇ ਦੋਹਾਂ ਹੱਥਾਂ ਨਾਲ ਹੋਰ ਡੂੰਘਾ ਚਿੱਕੜ ਵਿਚ ਦਬਾ ਦਿਤਾ, ਤੇ ਉਸਦਾ ਸਾਹ ਘੁਟਿਆ ਗਿਆ। ਫਿਰ ਮੈਂ ਉਸ ਕੋਠੇ ਵੱਲ ਨੱਠ ਪਈ, ਜਿਥੇ ਪੋਲ ਬੰਦ ਸੀ। 'ਅਰਕਾਦੇਕ!' ਮੈਂ ਕੰਧ ਵਿਚਲੀ ਝੀਤ ਵਿਚੋਂ ਹੌਲੀ ਜਿਹੀ ਕਿਹਾ। ਉਹਨਾਂ ਪੋਲਾਂ ਦੇ ਬੜੇ ਤੇਜ਼ ਦਿਮਾਗ ਹੁੰਦੇ ਨੇ। ਉਹਨਾਂ ਮੇਰੀ ਆਵਾਜ਼ ਸੁਣੀ ਪਰ ਗਾਉਣਾ ਬੰਦ ਨਾ ਕੀਤਾ! ਮੈਂ ਉਸਦੀਆਂ ਅੱਖਾਂ ਦੂਜੇ ਪਾਸੇ ਬਿਲਕੁਲ ਸਾਮ੍ਹਣੇ ਵੇਖ ਸਕਦੀ ਸਾਂ। 'ਕੀ ਤੂੰ ਬਾਹਰ ਇਥੇ ਆ ਸਕਦੈਂ?' ਮੈਂ ਮਸਾਂ ਸੁਣੀਂਦੀ ਆਵਾਜ਼ ਵਿਚ ਕਿਹਾ। 'ਹਾਂ, ਫ਼ਰਸ਼ ਰਾਹੀਂ।' ਉਹ ਬੋਲਿਆ। 'ਆ ਜਾ, ਫਿਰ।' ਤੇ ਉਹ ਚਾਰ ਜਣੇ ਰੀਂਗਦੇ ਹੋਵੇ ਕੋਠੇ 'ਚੋਂ ਬਾਹਰ ਆ ਗਏ—ਤਿੰਨ ਤੇ ਮੇਰਾ ਅਰਕਾਦੇਕ। 'ਸੰਤਰੀ ਕਿਥੇ ਐ?' ਅਰਕਾਦੇਕ ਮੈਨੂੰ ਪੁੱਛਣ ਲਗਾ। 'ਉਹ ਔਥੇ ਪਿਐ।' ਤੇ ਅਸੀਂ ਚੁੱਪ-ਚਾਪ, ਹੋਰ ਵੀ ਜ਼ਿਆਦਾ ਚੁੱਪ-ਚਾਪ ਰੀਂਗਦੇ ਗਏ, ਬਿਲਕੁਲ ਜ਼ਮੀਨ ਦੇ ਨਾਲ ਨਾਲ ਲਗ ਕੇ। ਬਾਰਸ਼ ਮੋਹਲੇਧਾਰ ਹੋ ਰਹੀ ਸੀ, ਹਵਾ ਗਰਜ ਰਹੀ ਸੀ। ਅਸੀਂ ਪਿੰਡ ਵਿਚੋਂ ਨਿਕਲੇ ਤੇ

ਜੰਗਲ ਵਿਚ ਜਾ ਵੜੇ। ਅਸੀਂ ਕਿੰਨੀਂ ਦੇਰ ਚੁੱਪ-ਚਾਪ ਟੁਰਦੇ ਰਹੇ। ਅਸੀਂ ਤੇਜ਼ ਤੇਜ਼ ਟੁਰ ਰਹੇ ਸਾਂ। ਅਰਕਾਦੇਕ ਨੇ ਮੇਰਾ ਹੱਥ ਫੜਿਆ ਹੋਇਆ ਸੀ; ਉਸਦਾ ਹੱਥ ਗਰਮ ਤੇ ਕੰਬਦਾ ਪਿਆ ਸੀ। ਉਫ਼! ਉਸਦੇ ਨਾਲ ਨਾਲ ਤੁਰਨਾ ਮੈਨੂੰ ਕਿੰਨਾਂ ਚੰਗਾ ਲਗਾ, ਜਦੋਂ ਤੱਕ ਉਹ ਇਕ ਲਫ਼ਜ਼ ਵੀ ਨਹੀਂ ਸੀ ਬੋਲ ਰਿਹਾ। ਉਹ ਆਖ਼ਰੀ ਘੜੀਆਂ ਸਨ, ਆਖ਼ਰੀ ਚੰਗੀਆਂ ਘੜੀਆਂ, ਮੇਰੀ ਲਾਲਚੀ ਜ਼ਿੰਦਗੀ ਦੀਆਂ। ਆਖ਼ਰ ਅਸੀਂ ਇਕ ਜੂਹ ਵਿਚ ਆ ਗਏ, ਤੇ ਰੁਕ ਗਏ। ਉਹਨਾਂ ਚੌਹਾਂ ਨੇ ਮੇਰਾ ਧੰਨਵਾਦ ਕੀਤਾ। ਉਫ਼, ਕਿੰਨਾਂ ਚਿਰ ਤੇ ਕਿੰਨਾਂ ਜ਼ਿਆਦਾ ਉਹ ਕਿਸੇ ਗਲ ਬਾਰੇ ਗੱਲਾਂ ਕਰਦੇ ਰਹੇ, ਜਿਸਦੀ ਮੈਨੂੰ ਸਮਝ ਨਾ ਆਈ। ਮੈਂ ਉਹਨਾਂ ਨੂੰ ਸੁਣਦੀ ਰਹੀ, ਪਰ ਆਪਣੀਆਂ ਅੱਖਾਂ ਆਪਣੇ ਨਵਾਬਜ਼ਾਦੇ ਉਤੇ ਟਿਕਾ ਛਡੀਆਂ, ਇਹ ਸੋਚਦਿਆਂ ਕਿ ਉਹ ਕੀ ਕਹੇਗਾ। ਇਕਦਮ ਉਸਨੇ ਮੈਨੂੰ ਜੱਫੀ ਪਾ ਲਈ ਤੇ ਇੰਝ ਅਹਿਮ ਬੰਦਿਆਂ ਵਾਲੇ ਅੰਦਾਜ਼ ਵਿਚ ਬੋਲਿਆ।...ਮੈਨੂੰ ਹੁਣ ਯਾਦ ਨਹੀਂ ਉਸਨੇ ਠੀਕ ਠੀਕ ਕੀ ਕਿਹਾ ਸੀ, ਪਰ ਉਸਦਾ ਮਤਲਬ ਇਹ ਸੀ ਕਿ ਹੁਣ ਉਹ ਮੈਨੂੰ ਕ੍ਰਿਤਗਤਾ ਦੀ ਖ਼ਾਤਰ ਪਿਆਰ ਕਰੇਗਾ, ਕਿਉਂਕਿ ਮੈਂ ਉਸਦੀ ਦੌੜਨ ਵਿਚ ਸਹਾਇਤਾ ਕੀਤੀ ਸੀ। ਤੇ ਉਹ ਮੇਰੇ ਅੱਗੇ ਗੋਡਿਆਂ ਭਾਰ ਹੋ ਗਿਆ ਤੇ ਮੁਸਕ੍ਰਾਉਂਦਾ ਹੋਇਆ ਕਹਿਣ ਲੱਗਾ: 'ਮੇਰੀ ਮਲਕਾ!' ਝੂਠਾ ਕੁੱਤਾ! ਮੈਂ ਉਸਨੂੰ ਠੁੱਡਾ ਮਾਰਿਆ ਤੇ ਇਕ ਥੱਪੜ ਲਾਉਣਾ ਚਾਹੁੰਦੀ ਸਾਂ, ਕਿ ਉਹ ਡਿਗਦਾ ਡਿਗਦਾ ਭੁੜਕ ਕੇ ਖੜੋ ਗਿਆ। ਉਹ ਪੀਲਾ ਪਿਆ ਹੋਇਆ ਤੇ ਡਰਾਵੇ ਦੇਂਦਾ ਮੇਰੇ ਅਗੇ ਖੜਾ ਸੀ।... ਬਾਕੀ ਤਿੰਨੋ ਵੀ ਮੂੰਹ ਵੱਟੀ ਖੜੇ ਹੋ ਗਏ। ਤੇ ਕਿਸੇ ਨੇ ਕੋਈ ਲਫ਼ਜ਼ ਨਾ ਕਿਹਾ। ਮੈਂ ਉਹਨਾਂ ਵੱਲ ਦੇਖਿਆ ਤੇ—ਮੈਨੂੰ ਬੜੀ ਚੰਗੀ ਤਰ੍ਹਾਂ ਯਾਦ ਏ—ਸਿਰਫ਼ ਘਿਰਣਾ ਤੇ ਭਾਵਹੀਨਤਾ ਦਾ ਅਹਿਸਾਸ ਹੀ ਮੈਨੂੰ ਹੋਇਆ। ਮੈਂ ਉਹਨਾਂ ਨੂੰ ਕਿਹਾ: 'ਜਾਓ!' ਉਹ ਕੁੱਤੇ ਮੈਨੂੰ ਪੁੱਛਣ ਲਗੇ: 'ਤੂੰ ਹੁਣ ਉਥੇ ਵਾਪਸ ਜਾਏਗੀ ਤੇ ਦਸੇਂਗੀ ਕਿ ਅਸੀਂ ਕਿਹੜੇ ਰਾਹ ਗਏ ਹਾਂ?' ਏਨੇ ਕਮੀਨੇ ਸਨ ਉਹ! ਤਾਂ ਵੀ, ਉਹ ਚਲੇ ਗਏ, ਤੇ ਮੈਂ ਵੀ ਚਲੀ ਗਈ। ... ਅਗਲੇ ਦਿਨ ਤੁਹਾਡੇ ਲੋਕਾਂ ਨੇ ਮੈਨੂੰ ਫੜ ਲਿਆ, ਪਰ ਜਲਦੀ ਹੀ ਛੱਡ ਦਿਤਾ। ਫਿਰ ਮੈਂ ਮਹਿਸੂਸ ਕੀਤਾ ਕਿ ਹੁਣ ਵੇਲਾ ਏ ਕਿ ਆਪਣੇ ਲਈ ਕੋਈ ਆਲ੍ਹਣਾ ਬਣਾਵਾਂ। ਬਥੇਰਾ ਕੋਇਲ ਵਾਂਗ ਰਹਿ ਲਿਆ ਸੀ! ਮੈਂ ਭਾਰੀ ਹੋ ਗਈ ਸਾਂ, ਮੇਰੇ ਖੰਭ ਕਮਜ਼ੋਰ ਹੋ ਗਏ ਸਨ, ਤੇ ਮੇਰੇ ਖੰਭਾਂ ਦੀ ਚਮਕ ਜਾਂਦੀ ਰਹੀ ਸੀ।... ਹਾਂ, ਹੁਣ ਸਮਾਂ ਸੀ! ਸੋ ਮੈਂ ਗਾਲੀਸ਼ੀਆ ਚਲੀ ਗਈ, ਤੇ ਉਥੋਂ ਦੋਬਰੂਜਾ। ਉਦੋਂ ਤੋਂ ਮੈਂ ਇਥੇ ਰਹਿ ਰਹੀ ਹਾਂ, ਲਗਭਗ ਤੀਹ ਸਾਲ ਹੋ ਗਏ ਨੇ। ਮੇਰਾ ਘਰ ਵਾਲਾ ਵੀ ਸੀ, ਇਕ ਮੋਲਦਾਵੀਅਨ। ਸਾਲ ਕੁ ਹੀ ਹੋਇਐ, ਉਸਨੂੰ ਮਰਿਆਂ। ਤੇ ਹੁਣ ਮੈਂ ਇਉਂ ਰਹਿ ਰਹੀ ਹਾਂ! ਇਕੱਲੀ... ਨਹੀਂ, ਇਕੱਲੀ ਨਹੀਂ। ਉਹਨਾਂ ਨਾਲ।"

ਇਹ ਕਹਿੰਦਿਆਂ ਬੁਢੀ ਨੇ ਸਾਗਰ ਵਾਲੇ ਪਾਸੇ ਹੱਥ ਨਾਲ ਇਸ਼ਾਰਾ ਕੀਤਾ। ਸਾਗਰ-ਕੰਢੇ ਹੁਣ ਚੁੱਪ-ਚਾਂ ਹੋ ਚੁਕੀ ਸੀ। ਕਦੀ ਕਦੀ ਕੋਈ ਛੋਟੀ ਜਿਹੀ, ਬੜੀ ਹੌਲੀ ਜਿਹੀ ਆਵਾਜ਼ ਪੈਦਾ ਹੁੰਦੀ, ਤੇ ਇਕਦਮ ਖ਼ਤਮ ਹੋ ਜਾਂਦੀ।

"ਉਹ ਮੈਨੂੰ ਪਸੰਦ ਕਰਦੇ ਨੇ। ਮੈਂ ਉਹਨਾਂ ਨੂੰ ਕਿੰਨੀਆਂ ਸਾਰੀਆਂ ਦਿਲਚਸਪ ਗੱਲਾਂ ਸੁਣਾਉਂਦੀ ਹਾਂ, ਤੇ ਉਹਨਾਂ ਨੂੰ ਇਸਦੀ ਲੋੜ ਏ। ਉਹ ਸਾਰੇ ਅਜੇ ਜਵਾਨ ਨੇ।... ਉਹਨਾਂ ਨਾਲ ਰਹਿਣਾ ਚੰਗਾ ਚੰਗਾ ਲਗਦੈ। ਮੈਂ ਉਹਨਾਂ ਵੱਲ ਵੇਖਦੀ ਹਾਂ, ਤੇ ਆਪਣੇ ਬਾਰੇ ਸੋਚਦੀ ਹਾਂ: 'ਮੈਂ ਵੀ ਕਦੀ ਉਹਨਾਂ ਵਰਗੀ ਹੁੰਦੀ ਸਾਂ।... ਸਿਰਫ਼, ਮੇਰੇ ਵੇਲੇ ਲੋਕਾਂ ਵਿਚ ਜ਼ਿਆਦਾ ਬਲ ਤੇ ਅੱਗ ਹੁੰਦੀ ਸੀ; ਤੇ ਇਸੇ ਕਰਕੇ ਉਹ ਜ਼ਿਆਦਾ ਚੰਗਾ ਤੇ ਜ਼ਿਆਦਾ ਖ਼ੁਸ਼ ਰਹਿੰਦੇ ਸਨ।... ਹਾਂ!..."

ਉਹ ਚੁੱਪ ਹੋ ਗਈ। ਉਸਦੇ ਕੋਲ ਬੈਠਾ ਮੈਂ ਉਦਾਸ ਉਦਾਸ ਮਹਿਸੂਸ ਕਰਨ ਲਗਾ। ਪਰ ਉਹ ਉਂਘਲਾਉਣ ਲਗ ਪਈ, ਆਪਣਾ ਸਿਰ ਮਾਰਦੀ ਹੋਈ ਤੇ ਆਪਣੇ ਆਪ ਵਿਚ ਕੁਝ ਬੁੜਬੁੜਾਉਂਦੀ ਹੋਈ।... ਸ਼ਾਇਦ ਉਹ ਪ੍ਰਾਰਥਨਾ ਕਰ ਰਹੀ ਸੀ।

ਸਾਗਰ ਤੋਂ ਇਕ ਬੱਦਲ ਉਠਿਆ—ਕਾਲਾ, ਭਾਰੀ ਤੇ ਪਹਾੜੀ ਸਿਲਸਿਲੇ ਦੀਆਂ ਚੋਟੀਆਂ ਵਾਂਗ, ਖੁਰਦਰੀਆਂ ਰੇਖਾਵਾਂ ਵਾਲਾ। ਇਹ ਰੀਂਗਦਾ ਹੋਇਆ ਸਤੇਪੀ ਉਤੇ ਛਾ ਗਿਆ; ਤੇ ਜਿਉਂ ਜਿਉਂ ਇਹ ਤੁਰੀ ਗਿਆ, ਬੱਦਲ ਦੇ ਟੋਟੇ ਇਸਦੀ ਸਿਖਰ ਨਾਲੋਂ ਟੁਟਦੇ ਗਏ ਇਸਦੇ ਅਗੇ ਅਗੇ ਦੌੜਣ ਲਗ ਪਏ, ਤੇ ਇਉਂ ਇਕ ਇਕ ਕਰਕੇ ਸਿਤਾਰੇ ਬੁਝਾਉਂਦੇ ਚਲੇ ਗਏ। ਸਾਗਰ ਹੋਰ ਵੀ ਉੱਚੀ ਗਰਜਣ ਲੱਗਾ। ਅੰਗੂਰਾਂ ਦੀਆਂ ਵੇਲਾਂ ਵਿਚ, ਸਾਡੇ ਤੋਂ ਕੁਝ ਹੀ ਦੂਰ, ਚੁੰਮਣ, ਫੁਸਫੁਸ ਕਰਨ ਤੇ ਆਹਾਂ ਭਰਨ ਦੀਆਂ ਆਵਾਜ਼ਾਂ ਸੁਣੀਆਂ ਜਾ ਸਕਦੀਆਂ ਸਨ। ਦੂਰ ਸਤੇਪੀ ਵਿਚ ਇਕ ਕੁੱਤਾ ਰੋ ਰਿਹਾ ਸੀ।... ਹਵਾ ਅਜੀਬ ਜਿਹੀ ਵਾਸ਼ਨਾ ਨਾਲ, ਜਿਹੜੀ ਨਾਸਾਂ ਮਲੂਣ ਕਰਦੀ ਸੀ, ਤੰਤੂਆਂ ਨੂੰ ਖਿਝ ਚਾੜ੍ਹਦੀ ਸੀ। ਆਕਾਸ਼ ਦੇ ਆਰ-ਪਾਰ ਜਾਂਦੇ ਬੱਦਲ, ਜ਼ਮੀਨ ਉਤੇ ਅਣਗਿਣਤ ਪਰਛਾਵੇਂ ਸੁੱਟ ਰਹੇ ਸਨ, ਪੰਛੀਆਂ ਦੀ ਡਾਰ ਵਾਂਗ, ਜਿਹੜੀ ਗੁੰਮ ਹੋ ਜਾਂਦੀ ਸੀ ਤੇ ਫਿਰ ਆ ਵਿਖਾਈ ਦੇਂਦੀ ਸੀ।... ਚੰਨ ਧੁੰਦਲਾ ਜਿਹਾ, ਦੂਧੀਆ ਪਥਰ ਦਾ ਟੋਟਾ ਜਿਹਾ ਰਹਿ ਗਿਆ ਸੀ, ਤੇ ਕਦੀ ਕਦੀ ਇਹ ਵੀ ਬੱਦਲ ਦੇ ਸਲੇਟੀ ਟੋਟੇ ਹੇਠ ਲੁਕ ਜਾਂਦਾ। ਤੇ ਦੂਰ ਸਤੇਪੀ ਵਿਚ, ਜਿਹੜਾ ਹੁਣ ਕਾਲ ਤੇ ਗੰਭੀਰ ਲਗ ਰਿਹਾ ਸੀ, ਜਿਵੇਂ ਕਿ ਇਹ ਆਪਣੇ ਵਿਚ ਕੁਝ ਲੁਕਾ ਰਿਹਾ ਅੱਖਾਂ ਤੋਂ ਬਚਾ ਰਿਹਾ ਹੈ, ਨਿੱਕੀਆਂ ਨਿੱਕੀਆਂ ਨੀਲੀਆਂ ਰੋਸ਼ਨੀਆਂ ਚਮਕ ਰਹੀਆਂ ਸਨ। ਉਹ ਕਦੀ ਇਕ ਥਾਂ, ਕਦੀ ਦੂਜੀ ਥਾਂ ਅੱਖ-ਪਲਕਾਰੇ ਲਈ ਦਿਸਦੀਆਂ ਤੇ ਗੁੰਮ ਹੋ ਜਾਂਦੀਆਂ, ਜਿਵੇਂ ਕਿ ਬਹੁਤ ਸਾਰੇ ਲੋਕ ਸਤੇਪੀ ਉਤੇ ਖਿਲਰੇ ਹੋਣ, ਇਕ ਦੂਜੇ ਤੋਂ ਥੋੜੇ ਥੋੜ ਫ਼ਾਸਲੇ ਉਤੇ, ਤੇ ਕਿਸੇ ਚੀਜ਼ ਦੀ ਭਾਲ ਕਰ ਰਹੇ ਹੋਣ, ਤੇ

੧੦

ਮਾਰਸਾਂ ਬਾਲ ਰਹੇ ਹੋਣ ਜਿਨ੍ਹਾਂ ਨੂੰ ਹਵਾ ਇਕਦਮ ਬੁਝਾ ਦੇਂਦੀ ਹੋਵੇ। ਉਹ ਲਾਟਾਂ ਦੀਆਂ ਨੀਲੀਆਂ ਜੀਭਾਂ ਸਨ, ਤੇ ਉਹਨਾਂ ਬਾਰੇ ਕੁਝ ਭੇਤ-ਭਰਿਆ ਸੀ।

"ਤੈਨੂੰ ਕੋਈ ਚੰਗਿਆੜੀਆਂ ਦਿਸਦੀਆਂ ਨੇ?" ਇਜ਼ਰਗੀਲ ਮੈਨੂੰ ਪੁੱਛਣ ਲਗੀ।

"ਕਿਹੜੀਆਂ, ਔਹ ਨੀਲੀਆਂ?" ਮੈਂ ਦੂਰ ਇਸ਼ਾਰਾ ਕਰਦਿਆਂ ਕਿਹਾ।

"ਨੀਲੀਆਂ? ਹਾਂ ਇਹ ਉਹੋ ਨੇ।... ਸੋ ਆਖ਼ਰ ਉਹ ਉਡ ਰਹੀਆਂ ਨੇ! ਚੰਗਾ! ਚਲੋ! ਹੁਣ ਉਹ ਮੈਨੂੰ ਦਿਸਦੀਆਂ ਨਹੀਂ। ਕਿੰਨਾਂ ਕੁਝ ਏ, ਜਿਹੜਾ ਹੁਣ ਮੈਂ ਨਹੀਂ ਵੇਖ ਸਕਦੀ।"

"ਇਹ ਚੰਗਿਆੜੀਆਂ ਕਿਥੋਂ ਆਉਂਦੀਆਂ ਨੇ?" ਮੈਂ ਬੁਢੀ ਨੂੰ ਪੁਛਿਆ।

ਮੈਂ ਪਹਿਲਾਂ ਉਹਨਾਂ ਚੰਗਿਆੜੀਆਂ ਬਾਰੇ ਕੁਝ ਸੁਣ ਚੁੱਕਾ ਸਾਂ, ਪਰ ਮੈਂ ਸੁਨਣਾ ਚਾਹੁੰਦਾ ਸਾਂ ਕਿ ਬੁਢੀ ਇਜ਼ਰਗੀਲ ਮੈਨੂੰ ਉਹਨਾਂ ਬਾਰੇ ਕੀ ਦਸਦੀ ਹੈ।

"ਇਹ ਚੰਗਿਆੜੀਆਂ ਦਾਨਕੋ ਦੇ ਬਲਦੇ ਦਿਲ 'ਚੋਂ ਨਿਕਲਦੀਆਂ ਨੇ," ਉਹ ਬੋਲੀ। "ਇਕ ਵਾਰੀ ਦੀ ਗੱਲ ਏ ਕਿ ਇਕ ਦਿਲ ਹੁੰਦਾ ਸੀ, ਜਿਹੜਾ ਇਕ ਦਿਨ ਲਾਟ ਬਣ ਕੇ ਬਲਣ ਲਗ ਪਿਆ।... ਤੇ ਇਹ ਚੰਗਿਆੜੀਆਂ ਉਸ ਲਾਟ 'ਚੋਂ ਨਿਕਲਦੀਆਂ ਨੇ। ਮੈਂ ਤੈਨੂੰ ਇਸ ਬਾਰੇ ਦਸਦੀ ਹਾਂ।... ਇਹ ਵੀ ਇਕ ਪੁਰਾਣੀ ਕਹਾਣੀ ਏ। ... ਪੁਰਾਣੀ। ਸਭ ਕੁਝ ਪੁਰਾਣਾ ਏ! ਦੇਖਦੈਂ, ਪੁਰਾਣੇ ਦਿਨਾਂ ਵਿਚ ਕਿੰਨਾਂ ਕੁਝ ਵਾਪਰਦਾ ਸੀ! ਅੱਜ ਕੱਲ ਇਹੋ ਜਿਹੀ ਕੋਈ ਗੱਲ ਨਹੀਂ—ਕੋਈ ਵਡੇ ਕਾਰਨਾਮੇ ਨਹੀਂ, ਕੋਈ ਆਦਮੀ ਨਹੀਂ, ਕੋਈ ਕਹਾਣੀਆਂ ਨਹੀਂ!... ਕਿਉਂ?... ਅੱਛਾ, ਦਸ ਮੈਨੂੰ! ਤੂੰ ਨਹੀਂ ਮੈਨੂੰ ਦਸ ਸਕਦਾ।... ਤੈਨੂੰ ਪਤਾ ਹੀ ਕੀ ਏ? ਤੁਹਾਨੂੰ, ਨੌਜਵਾਨਾਂ, ਵਿਚੋਂ ਕਿਸੇ ਨੂੰ ਵੀ ਕੀ ਪਤੈ? ਏਖ਼... ਏਖ਼! ਜੇ ਤੁਸੀਂ ਬੀਤੇ ਵੱਲ ਜ਼ਰਾ ਚੰਗੀ ਤਰ੍ਹਾਂ ਵੇਖੋਂ, ਤਾਂ ਤੁਹਾਨੂੰ ਆਪਣੇ ਸਾਰੇ ਮਸਲਿਆਂ ਦੇ ਹਲ ਲਭ ਪੈਣਗੇ। ... ਪਰ ਤੁਸੀਂ ਨਹੀਂ ਵੇਖਦੇ, ਤੇ ਇਸੇ ਕਰਕੇ ਤੁਹਾਨੂੰ ਪਤਾ ਨਹੀਂ ਲਗਦਾ, ਕਿਵੇਂ ਰਹੀਏ।... ਮੈਂ ਵੇਖਦੀ ਨਹੀਂ ਲੋਕੀਂ ਕਿਵੇਂ ਰਹਿੰਦੇ ਨੇ? ਉਫ਼, ਮੈਂ ਸਾਰਾ ਕੁਝ ਵੇਖਦੀ ਹਾਂ, ਭਾਵੇਂ ਮੇਰੀਆਂ ਅੱਖਾਂ ਹੁਣ ਏਨੀਆਂ ਚੰਗੀਆਂ ਨਹੀਂ ਰਹੀਆਂ, ਜਿੰਨੀਆਂ ਕਦੀ ਹੁੰਦੀਆਂ ਸਨ! ਪਰ ਮੈਂ ਵੇਖਦੀ ਹਾਂ ਕਿ ਲੋਕੀਂ ਜਿਊਂਦੇ ਨਹੀਂ, ਸਗੋਂ ਜਿਊਣ ਦਾ ਨਿਸ਼ਾਨਾ ਲਭਦੇ ਨੇ, ਨਿਸ਼ਾਨਾ ਲਭਦੇ ਨੇ, ਤੇ ਇਸੇਤਰ੍ਹਾਂ ਸਾਰੀ ਜ਼ਿੰਦਗੀ ਕੱਟ ਲੈਂਦੇ ਨੇ। ਤੇ ਆਪਣੇ ਆਪ ਨੂੰ ਪ੍ਰਾਪਤ ਕਰਨ ਯੋਗ ਹਰ ਚੀਜ਼ ਤੋਂ ਵਾਂਝਿਆਂ ਕਰਦਿਆਂ, ਆਪਣਾ ਸਾਰਾ ਸਮਾਂ ਗੁਆ ਲੈਣ ਪਿਛੋਂ, ਉਹ ਆਪਣੀ ਕਿਸਮਤ ਉਤੇ ਵਿਰਲਾਪ ਕਰਨ ਲਗ ਪੈਂਦੇ ਨੇ! ਇਸ ਨਾਲ ਕਿਸਮਤ ਦਾ ਕੀ ਵਾਸਤਾ? ਹਰ ਕੋਈ ਆਪਣੀ ਕਿਸਮਤ ਦਾ ਆਪ ਫ਼ੈਸਲਾ ਕਰਦੈ! ਮੈਨੂੰ ਅੱਜ ਕੱਲ ਹਰ ਤਰ੍ਹਾਂ ਦੇ ਬੰਦੇ ਦਿਸਦੇ ਨੇ, ਪਰ ਕੋਈ ਤਕੜਾ ਬੰਦਾ ਨਹੀਂ ਦਿਸਦਾ! ਉਹਨਾਂ ਨੂੰ ਕੀ ਹੋ ਗਿਐ?... ਤੇ ਸੁਹਣੇ ਬੰਦੇ ਵੀ ਦਿਨੋਂ ਦਿਨ ਘਟਦੇ ਜਾਂਦੇ ਨੇ।"

ਬੁਢੀ ਸੋਚਾਂ ਵਿਚ ਡੁੱਬ ਗਈ, ਇਸ ਗੱਲ ਬਾਰੇ ਹੈਰਾਨ ਹੁੰਦੀ ਹੋਈ ਕਿ ਤਕੜੇ ਤੇ ਸੁਹਣੇ ਆਦਮੀਆਂ ਤੇ ਔਰਤਾਂ ਦਾ ਕੀ ਬਣਿਆ; ਤੇ ਉਹ ਹਨੇਰੀ ਸਤੇਪੀ ਵਿਚ ਇਕ-ਟਕ ਦੇਖ ਰਹੀ ਸੀ, ਜਿਵੇਂ ਉਥੋਂ ਜਵਾਬ ਲਭ ਰਹੀ ਹੋਵੇ।

ਮੈਂ ਚੁੱਪ ਚਾਪ ਉਸਦੀ ਕਹਾਣੀ ਦੀ ਉਡੀਕ ਕਰਨ ਲਗਾ, ਕਿਉਂਕਿ ਮੈਨੂੰ ਡਰ ਸੀ ਕਿ ਜੇ ਮੈਂ ਕੁਝ ਪੁਛਿਆ ਤਾਂ ਉਹ ਇਕ ਵਾਰੀ ਫਿਰ ਲਾਂਭੇ ਚਲੀ ਜਾਇਗੀ।

ਆਖ਼ਰ ਉਸਨੇ ਬੋਲਣਾ ਸ਼ੁਰੂ ਕੀਤਾ ਤੇ ਮੈਨੂੰ ਹੇਠ ਲਿਖੀ ਕਹਾਣੀ ਸੁਣਾਈ।

੩

"ਇਕ ਵਾਰ ਦੀ ਗੱਲ ਏ, ਬਹੁਤ ਸਮਾਂ ਪਹਿਲਾਂ ਇਕ ਲੋਕਾਂ ਦਾ ਕਬੀਲਾ ਹੁੰਦਾ ਸੀ, ਜਿਹੜਾ ਸਤੇਪੀ ਵਿਚ ਰਹਿੰਦਾ ਸੀ, ਜਿਹੜੀ ਤਿੰਨ ਪਾਸਿਉਂ ਸੰਘਣੇ ਜੰਗਲਾਂ ਨਾਲ ਘਿਰੀ ਹੋਈ ਸੀ। ਉਹ ਖੁਸ਼-ਰਹਿਣੇ, ਬਲਵਾਨ ਤੇ ਬਹਾਦਰ ਲੋਕ ਸਨ। ਪਰ ਇਕ ਵਾਰ ਉਹਨਾਂ ਉਤੇ ਡਾਢਾ ਸਮਾਂ ਆਇਆ, ਓਪਰੇ ਕਬੀਲੇ ਕਿਧਰੋਂ ਗ਼ੈਬੋਂ ਆ ਉਤਰੇ ਤੇ ਉਹਨਾਂ ਨੂੰ ਧੁਰ ਜੰਗਲਾਂ ਵਿਚ ਧੱਕ ਦਿਤਾ। ਜੰਗਲ ਹਨੇਰਾ ਤੇ ਦਲਦਲ ਵਾਲਾ ਸੀ, ਕਿਉਂਕਿ ਦਰਖ਼ਤ ਬੜੇ ਬੁਢੇ ਸਨ, ਤੇ ਉਹਨਾਂ ਦੀਆਂ ਟਹਿਣੀਆਂ ਏਨੀ ਸੰਘਣੀ ਤਰ੍ਹਾਂ ਇਕ ਦੂਜੀ ਨਾਲ ਲਿਪਟੀਆਂ ਹੋਈਆਂ ਸਨ ਕਿ ਉਹਨਾਂ ਅਸਮਾਨ ਪੂਰੀ ਤਰ੍ਹਾਂ ਢਕਿਆ ਹੋਇਆ ਸੀ, ਤੇ ਸੂਰਜ ਦੀਆਂ ਕਿਰਨਾਂ ਮੁਸ਼ਕਲ ਨਾਲ ਹੀ ਸੰਘਣੇ ਪੱਤਿਆਂ ਵਿਚੋਂ ਲੰਘਕੇ ਜ਼ਮੀਨ ਤੱਕ ਪਹੁੰਚ ਸਕਦੀਆਂ ਸਨ। ਜਦੋਂ ਸੂਰਜ ਦੀਆਂ ਕਿਰਨਾਂ ਜ਼ਮੀਨ ਤੱਕ ਪਹੁੰਚ ਹੀ ਜਾਂਦੀਆਂ, ਤਾਂ ਉਹ ਅਜਿਹੀ ਬਦਬੂਦਾਰ ਹਵਾੜ ਪੈਦਾ ਕਰਦੀਆਂ ਕਿ ਲੋਕ ਇਸ ਨਾਲ ਮਰ ਜਾਂਦੇ। ਤੇ ਫਿਰ ਇਸ ਕਬੀਲੇ ਦੀਆਂ ਔਰਤਾਂ ਤੇ ਬੱਚੇ ਰੋਣ ਲਗੇ, ਤੇ ਆਦਮੀ ਦਿਲਗੀਰ ਹੋ ਗਏ। ਉਹਨਾਂ ਸਮਝ ਲਿਆ ਕਿ ਜੇ ਬਚਣਾ ਹੈ ਤਾਂ ਜੰਗਲ ਵਿਚੋਂ ਨਿਕਲਣਾ ਜ਼ਰੂਰੀ ਹੈ। ਪਰ ਇੰਝ ਕਰਨ ਦੇ ਸਿਰਫ਼ ਦੋ ਹੀ ਤਰੀਕੇ ਸਨ: ਉਹ ਆਪਣੀ ਪੁਰਾਣੀ ਬਸਤੀ ਵੱਲ ਵਾਪਸ ਜਾ ਸਕਦੇ ਸਨ, ਪਰ ਉਥੇ ਉਹਨਾਂ ਦਾ ਵਾਹ ਆਪਣੇ ਤੋਂ ਜ਼ੋਰਾਵਰ ਤੇ ਦੁਸ਼ਟ ਦੁਸ਼ਮਣਾਂ ਨਾਲ ਪੈਣਾ ਸੀ; ਜਾਂ ਉਹ ਅੱਗੇ ਨੂੰ ਵਧ ਸਕਦੇ ਸਨ, ਪਰ ਇਥੇ ਉਹਨਾਂ ਦਾ ਰਾਹ ਮਤਵੈਲ ਦਰਖ਼ਤਾਂ ਨੇ ਰੋਕਿਆ ਹੋਇਆ ਸੀ, ਜਿਹੜੇ ਆਪਣੀਆਂ ਟਹਿਣੀਆਂ ਰਾਹੀਂ ਇਕ ਦੂਜੇ ਨੂੰ ਇੰਝ ਘੁੱਟ ਕੇ ਜੱਫੀਆਂ ਪਾਈ ਖੜੇ ਸਨ ਤੇ ਆਪਣੀਆਂ ਵਿੰਗ-ਤੜਿੰਗੀਆਂ ਜੜ੍ਹਾਂ ਨਾਲ ਦਲਦਲੀ ਜ਼ਮੀਨ ਨੂੰ ਇੰਝ ਘੁੱਟ ਕੇ ਚੰਬੜੇ ਹੋਏ ਸਨ। ਇਹ ਪਾਸ਼ਾਨਾਂ ਵਰਗੇ ਦਰਖ਼ਤ ਦਿਨ ਵੇਲੇ ਚੁੱਪ-ਚਾਪ ਤੇ ਬੇਹਰਕਤ, ਉਦਾਸ ਨਿਮੋਝੂਣੇ ਹੋਏ ਖੜੇ ਰਹਿੰਦੇ, ਤੇ ਰਾਤ ਨੂੰ ਉਹ ਉਹਨਾਂ ਲੋਕਾਂ ਦੁਆਲੇ ਹੋਰ ਵੀ ਤੰਗ ਝੁਰਮਟ ਪਾ

ਲੈਂਦੇ, ਜਦੋਂ ਉਹ ਆਪਣੀਆਂ ਅੱਗਾਂ ਬਾਲਦੇ। ਦਿਨੇ ਰਾਤ ਇਹ ਲੋਕ—ਜਿਹੜੇ ਸਤੇਪੀ ਦੀਆਂ ਖੁਲ੍ਹੀਆਂ ਚੁੜਿਤਣਾਂ ਦੇ ਆਦੀ ਸਨ—ਇਸ ਹਨੇਰੇ, ਗੰਦੀ ਵਾਸ਼ਨਾ ਵਾਲੇ ਜੰਗਲ ਵਿਚ ਸੁੰਗੜੇ ਰਹਿੰਦੇ, ਜਿਹੜਾ, ਜਾਪਦਾ ਸੀ, ਉਹਨਾਂ ਨੂੰ ਕੁਚਲ ਦੇਣਾ ਚਾਹੁੰਦਾ ਹੈ। ਜਦੋਂ ਹਵਾ ਦਰਖ਼ਤਾਂ ਦੀਆਂ ਟੀਸੀਆਂ ਦੇ ਉਪਰੋਂ ਦੀ ਵਗਦੀ ਤਾਂ ਇਹ ਹੋਰ ਵੀ ਭਿਆਨਕ ਲਗਦਾ, ਤੇ ਸਾਰਾ ਜੰਗਲ ਕੁਸ਼ਗਣੀ ਜਿਹੀ ਘੂਕਰ ਨਾਲ ਭਰ ਜਾਂਦਾ ਜਿਹੜੀ ਮਾਤਮੀ ਧੁਨ ਵਾਂਗ ਲਗਦੀ ਸੀ। ਇਹ ਲੋਕ ਤਕੜੇ ਸਨ ਤੇ ਉਹਨਾਂ ਲੋਕਾਂ ਕੋਲ ਜਾ ਸਕਦੇ ਸਨ ਜਿਨ੍ਹਾਂ ਨੇ ਉਹਨਾਂ ਨੂੰ ਹਰਾਇਆ ਸੀ, ਪਰ ਉਹਨਾਂ ਦਾ ਲੜਾਈ ਵਿਚ ਮਰਨ ਦਾ ਹੌਸਲਾ ਨਹੀਂ ਸੀ ਪੈਂਦਾ, ਕਿਉਂਕਿ ਉਹਨਾਂ ਦੀਆਂ ਰਵਾਇਤਾਂ ਸਨ, ਜਿਹੜੀਆਂ ਸੰਭਾਲੀਆਂ ਜਾਣੀਆਂ ਜ਼ਰੂਰੀ ਸਨ, ਤੇ ਜੇ ਉਹ ਮਾਰੇ ਜਾਂਦੇ, ਤਾਂ ਉਹਨਾਂ ਦੀਆਂ ਰਵਾਇਤਾਂ ਵੀ ਖ਼ਤਮ ਹੋ ਜਾਣੀਆਂ ਸਨ। ਤੇ ਇਉਂ ਉਹ ਜੰਗਲ ਦੀ ਘੂਕਰ ਤੇ ਦਲਦਲ ਦੀ ਜ਼ਹਿਰੀ ਹਵਾੜ ਦੇ ਦਰਮਿਆਨ ਸੋਗੀ ਖ਼ਿਆਲਾਂ ਵਿਚ ਡੁੱਬੇ, ਸਾਰੀ ਸਾਰੀ ਰਾਤ ਬੈਠ ਕੇ ਕੱਟ ਦੇਂਦੇ। ਤੇ ਜਦੋਂ ਉਹ ਬੈਠੇ ਹੁੰਦੇ, ਤਾਂ ਉਹਨਾਂ ਦੀਆਂ ਬਾਲੀਆਂ ਅੱਗਾਂ ਨਾਲ ਪੈਂਦੇ ਪਰਛਾਵੇਂ ਉਹਨਾਂ ਦੁਆਲੇ ਚੁੱਪ ਨਾਚ ਵਿਚ ਦੁੜੰਗੇ ਲਾਉਂਦੇ ਰਹਿੰਦੇ; ਤੇ ਇੰਝ ਜਾਪਦਾ ਕਿ ਇਹ ਪਰਛਾਵੇਂ ਨਹੀਂ ਸਨ ਜਿਹੜੇ ਨੱਚ ਰਹੇ ਸਨ, ਸਗੋਂ ਜੰਗਲ ਤੇ ਦਲਦਲ ਦੇ ਭੂਤ ਸਨ ਜਿਹੜੇ ਆਪਣੀ ਜਿੱਤ ਮਨਾ ਰਹੇ ਸਨ।... ਤੇ ਇਉਂ ਇਹ ਲੋਕ ਬੈਠੇ ਰਹਿੰਦੇ ਤੇ ਸੋਚਦੇ ਰਹਿੰਦੇ, ਪਰ ਨਾ ਹੀ ਸਖ਼ਤ ਮੁਸ਼ੱਕਤ ਤੇ ਨਾ ਹੀ ਔਰਤਾਂ, ਕੁਝ ਵੀ ਆਦਮੀਆਂ ਦੀਆਂ ਦੇਹਾਂ ਤੇ ਰੂਹਾਂ ਨੂੰ ਇੰਝ ਨਹੀਂ ਥਕਾਉਂਦਾ, ਜਿਵੇਂ ਕਿ ਸੋਗੀ ਖ਼ਿਆਲ। ਤੇ ਇਉਂ ਇਹ ਲੋਕ ਆਪਣੀਆਂ ਸੋਚਾਂ ਕਾਰਨ ਕਮਜ਼ੋਰ ਪੈ ਗਏ।... ਉਹਨਾਂ ਵਿਚ ਡਰ ਪੈਦਾ ਹੋ ਗਿਆ ਤੇ ਇਸਨੇ ਉਹਨਾਂ ਦੀਆਂ ਤਾਕਤਵਰ ਬਾਹਵਾਂ ਨੂੰ ਜ਼ੰਜੀਰਾਂ ਪਾ ਦਿਤੀਆਂ। ਔਰਤਾਂ ਬੋ ਨਾਲ ਮਰਨ ਵਾਲਿਆ ਦੀਆਂ ਲੋਥਾਂ ਉਪਰ, ਤੇ ਉਹਨਾਂ ਜਿਊਂਦਿਆਂ ਦੀ ਕਿਸਮਤ ਉਪਰ, ਜਿਨ੍ਹਾਂ ਨੂੰ ਡਰ ਨੇ ਬੰਨ੍ਹ ਛਡਿਆ ਸੀ, ਵੈਣ ਪਾ ਪਾ ਕੇ ਸੋਗ ਮਨਾਉਣ ਲਗੀਆਂ। ਤੇ ਜੰਗਲ ਵਿਚ ਬੁਜ਼ਦਿਲਾਂ ਵਾਲੇ ਲਫ਼ਜ਼ ਸੁਣਾਈ ਦੇਣ ਲਗੇ, ਪਹਿਲਾਂ ਹੌਲੀ ਹੌਲੀ ਤੇ ਦੱਬੇ-ਘੁਟੇ, ਪਰ ਪਿਛੋਂ ਉੱਚੀ, ਤੇ ਹੋਰ ਉੱਚੀ।... ਲੋਕ ਪਹਿਲਾਂ ਹੀ ਦੁਸ਼ਮਣ ਕੋਲ ਜਾ ਕੇ ਆਪਣੀ ਆਜ਼ਾਦੀ ਉਸਨੂੰ ਭੇਟ ਕਰਨ ਲਈ ਤਿਆਰ ਹੋ ਚੁਕੇ ਸਨ; ਸਾਰੇ ਮੌਤ ਤੋਂ ਡਰਦੇ ਸਨ; ਗ਼ੁਲਾਮੀ ਦੇ ਜੀਵਨ ਤੋਂ ਕੋਈ ਵੀ ਨਹੀਂ ਸੀ ਡਰਦਾ। ... ਪਰ ਬਿਲਕੁਲ ਉਸੇ ਵੇਲੇ ਦਾਨਕੋ ਸਾਮ੍ਹਣੇ ਆਇਆ ਤੇ ਉਸਨੇ ਬਿਨਾਂ ਕਿਸੇ ਦੀ ਸਹਾਇਤਾ ਤੋਂ ਉਹਨਾਂ ਸਾਰਿਆਂ ਨੂੰ ਬਚਾ ਲਿਆ।"

ਸਾਫ਼ ਸੀ ਕਿ ਬੁਢੀ ਦਾਨਕੋ ਦੇ ਬਲਦੇ ਦਿਲ ਦੀ ਕਹਾਣੀ ਕਈ ਵਾਰ ਸੁਣਾ ਚੁਕੀ ਸੀ, ਕਿਉਂਕਿ ਉਸਦਾ ਲੈ ਭਰਿਆ ਅੰਦਾਜ਼, ਤੇ ਉਸਦੀ ਨੀਵੀਂ ਤੇ ਕਰੀਚਵੀਂ

ਆਵਾਜ਼ ਮੇਰੇ ਸਾਮ੍ਹਣੇ ਜੰਗਲ ਦੀ ਆਵਾਜ਼ ਦੀ ਸਪਸ਼ਟ ਤਸਵੀਰ ਲਿਆ ਰਹੇ ਸਨ, ਜਿਸਦੇ ਦਰਮਿਆਨ ਨਾਖ਼ੁਸ਼, ਘਿਰੇ ਹੋਏ ਲੋਕ ਦਲਦਲ ਦੇ ਜ਼ਹਿਰੀ ਸਾਹ ਕਾਰਨ ਮਰ ਰਹੇ ਸਨ।

"ਦਾਨਕੋ ਉਹਨਾਂ ਲੋਕਾਂ ਵਿਚੋਂ ਇਕ ਸੀ, ਜਵਾਨ ਤੇ ਸੁਹਣਾ। ਸੁਹਣੇ ਲੋਕ ਹਮੇਸ਼ਾ ਹੀ ਬਹਾਦਰ ਹੁੰਦੇ ਨੇ। ਸੋ, ਉਹ ਆਪਣੇ ਸਾਥੀਆਂ ਨੂੰ ਕਹਿਣ ਲਗਾ:

"'ਤੁਸੀਂ ਸੋਚਾਂ ਨਾਲ ਆਪਣੇ ਰਸਤੇ ਵਿਚੋਂ ਪੱਥਰ ਨਹੀਂ ਹਟਾ ਸਕਦੇ। ਜਿਹੜੇ ਕੁਝ ਨਹੀਂ ਕਰਦੇ, ਉਹਨਾਂ ਨੂੰ ਕੁਝ ਨਹੀਂ ਜੁੜਦਾ। ਅਸੀਂ ਕਿਉਂ ਆਪਣੀ ਤਾਕਤ ਸੋਚਣ ਤੇ ਗ਼ਮ ਕਰਨ ਵਿਚ ਜ਼ਾਇਆ ਕਰ ਰਹੇ ਹਾਂ? ਉਠੋ! ਆਓ, ਜੰਗਲ ਦੇ ਵਿਚੋਂ ਆਪਣੇ ਰਾਹ ਬਣਾਈਏ, ਆਖ਼ਰ ਇਸਦਾ ਵੀ ਕਿਧਰੇ ਅੰਤ ਹੋਵੇਗਾ—ਧਰਤੀ ਉਤੇ ਹਰ ਚੀਜ਼ ਦਾ ਅੰਤ ਹੁੰਦਾ ਹੈ! ਆਓ ਚੱਲੀਏ! ਚਲੋ!'

"ਉਹਨਾਂ ਉਸ ਵੱਲ ਨਜ਼ਰ ਮਾਰੀ ਤੇ ਵੇਖਿਆ ਕਿ ਉਹ ਉਹਨਾਂ ਵਿਚੋਂ ਸਭ ਤੋਂ ਚੰਗਾ ਸੀ, ਕਿਉਂਕਿ ਮਹਾਨ ਤਾਕਤ ਤੇ ਸਜੀਵ ਅੱਗ ਉਸਦੀਆਂ ਅੱਖਾਂ ਵਿਚ ਚਮਕਦੀ ਸੀ।

"'ਸਾਡੀ ਅਗਵਾਈ ਕਰ!' ਉਹ ਬੋਲੇ।

"ਤੇ ਉਹ ਉਹਨਾਂ ਦੀ ਅਗਵਾਈ ਕਰਨ ਲਗਾ...".

ਬੁਢੀ ਰੁਕੀ, ਤੇ ਸਤੇਪੀ ਵਿਚ ਵੇਖਣ ਲਗੀ ਜਿਥੇ ਹਨੇਰਾ ਹੋਰ ਸੰਘਣਾ ਹੋ ਰਿਹਾ ਸੀ। ਦੂਰ ਦੂਰ ਦਾਨਕੋ ਦੇ ਬਲਦੇ ਦਿਲ ਦੀਆਂ ਚੰਗਿਆੜੀਆਂ ਜਗ ਬੁਝ ਰਹੀਆਂ ਸਨ, ਨੀਲੇ ਫੁੱਲਾਂ ਵਾਂਗ, ਜਿਹੜੇ ਸਿਰਫ਼ ਘੜੀ-ਪਲ ਲਈ ਖਿੜਦੇ ਹਨ।

"ਦਾਨਕੋ ਉਹਨਾਂ ਦੀ ਅਗਵਾਈ ਕਰਨ ਲਗਾ। ਸਾਰੇ ਇਕਮੁਠ ਹੋ ਕੇ ਉਸਦੇ ਮਗਰ ਚੱਲਣ ਲਗੇ, ਕਿਉਂਕਿ ਉਹਨਾਂ ਨੂੰ ਉਸਦੇ ਵਿਚ ਯਕੀਨ ਸੀ। ਇਹ ਸਖ਼ਤ ਰਸਤਾ ਸੀ! ਹਨੇਰਾ ਸੀ; ਹਰ ਕਦਮ ਉਤੇ ਦਲਦਲ ਆਪਣਾ ਲਾਲਚੀ, ਸੜਾਂਦ ਮਾਰਦਾ ਮੂੰਹ ਖੋਹਲਦੀ ਤੇ ਆਦਮੀਆਂ ਨੂੰ ਹੜੱਪ ਕਰ ਜਾਂਦੀ; ਤੇ ਦਰਖ਼ਤ ਪੱਕੀ ਕੰਧ ਬਣ ਕੇ ਉਹਨਾਂ ਦਾ ਰਾਹ ਰੋਕ ਲੈਂਦੇ, ਉਹਨਾਂ ਦੀਆਂ ਟਹਿਣੀਆਂ ਇਕ ਦੂਜੀ ਨਾਲ ਲਿਪਟੀਆਂ ਹੁੰਦੀਆਂ, ਤੇ ਉਹਨਾਂ ਦੀਆਂ ਜੜ੍ਹਾਂ ਸੱਪਾਂ ਵਾਂਗ ਸਭ ਪਾਸੇ ਫੈਲੀਆਂ ਹੁੰਦੀਆਂ। ਹਰ ਕਦਮ ਉਤੇ ਉਹਨਾਂ ਲੋਕਾਂ ਨੂੰ ਕਿੰਨਾਂ ਲਹੂ-ਪਸੀਨਾ ਵਹਾਉਣਾ ਪੈਂਦਾ। ਉਹ ਕਿੰਨਾਂ ਚਿਰ ਆਪਣੇ ਰਾਹ ਉਤੇ ਵਧਦੇ ਗਏ।... ਜਿਉਂ ਜਿਉਂ ਉਹ ਵਧਦੇ ਗਏ, ਜੰਗਲ ਹੋਰ ਸੰਘਣਾ ਹੁੰਦਾ ਗਿਆ, ਤੇ ਉਹਨਾਂ ਦਾ ਸਾਹ-ਸਤ ਖ਼ਤਮ ਹੁੰਦਾ ਗਿਆ! ਆਖ਼ਰ ਦਾਨਕੋ ਦੇ ਖਿਲਾਫ਼ ਬੁੜਬੁੜ ਸ਼ੁਰੂ ਹੋ ਗਈ; ਲੋਕ ਕਹਿਣ ਲਗ ਪਏ ਕਿ ਉਹ ਕਚ-ਉਮਰਾ ਤੇ ਤਜਰਬੇ ਤੋਂ ਸੱਖਣਾ ਏ; ਤੇ ਉਸਨੂੰ ਆਪ ਪਤਾ ਨਹੀਂ ਕਿ ਉਹਨਾਂ ਨੂੰ ਕਿਥੇ ਲਿਜਾ ਰਿਹੈ। ਪਰ ਉਹ ਉਹਨਾਂ ਦੇ ਅਗੇ ਅਗੇ ਟੁਰੀ ਗਿਆ, ਮਗਨ ਤੇ ਸ਼ਾਂਤ।

"ਇਕ ਦਿਨ ਜੰਗਲ ਵਿਚ ਤੂਫ਼ਾਨ ਆ ਗਿਆ ਤੇ ਦਰਖ਼ਤ ਕੁਸ਼ਗਨੇ ਡਰਾਉਣੇ ਤਰੀਕੇ ਨਾਲ ਘੁਸਰ-ਮੁਸਰ ਕਰਨ ਲਗੇ। ਜੰਗਲ ਏਨਾ ਹਨੇਰਾ ਹੋ ਗਿਆ ਕਿ ਇੰਝ ਲਗਦਾ ਸੀ ਕਿ ਇਸਦੇ ਪੈਦਾ ਹੋਣ ਤੋਂ ਲੈ ਕੇ ਜਿੰਨੀਆਂ ਰਾਤਾਂ ਲੰਘੀਆਂ ਨੇ, ਉਹ ਉਸ ਇਕ ਥਾਂ ਇਕੱਠੀਆਂ ਹੋ ਗਈਆਂ ਹੋਣ। ਤੇ ਇਹ ਨਿਕੇ ਨਿਕੇ ਲੋਕ ਵਡੇ ਵਡੇ ਦਰਖ਼ਤਾਂ ਦੇ ਵਿਚੋਂ ਤੂਫ਼ਾਨ ਦੇ ਭਿਆਨਕ ਸ਼ੋਰ ਦੇ ਦਰਮਿਆਨ ਆਪਣਾ ਰਾਹ ਬਣਾਉਂਦੇ ਗਏ; ਉਹ ਅਗੇ ਵਧਦੇ ਗਏ, ਤੇ ਸ਼ਕਤੀਸ਼ਾਲੀ ਝੂਲਦੇ ਦਰਖ਼ਤ ਗ਼ੁੱਸੇ ਵਿਚ ਕਿੜ-ਕਿੜ ਕਰਦੇ ਤੇ ਸੂਕਦੇ, ਜਦੋਂ ਕਿ ਦਰਖ਼ਤਾਂ ਦੀਆਂ ਟੀਸੀਆਂ ਉਪਰ ਬਿਜਲੀ ਦੀ ਲਿਸ਼ਕ ਪੈਂਦੀ ਤੇ ਉਹਨਾਂ ਨੂੰ ਆਪਣੀ ਠੰਡੀ ਨੀਲੀ ਰੋਸ਼ਨੀ ਨਾਲ ਚਮਕਾ ਦੇਂਦੀ, ਤੇ ਜਿੰਨੀਂ ਤੇਜ਼ੀ ਨਾਲ ਆਉਂਦੀ, ਓਨੀ ਤੇਜ਼ੀ ਨਾਲ ਲੋਪ ਹੋ ਜਾਂਦੀ। ਲੋਕ ਡਰ ਗਏ। ਬਿਜਲੀ ਦੇ ਠੰਡੇ ਝਲਕਾਰਿਆਂ ਨਾਲ ਰੁਸ਼ਨਾਏ ਦਰਖ਼ਤ ਇੰਝ ਲਗਦੇ ਸਨ, ਜਿਵੇਂ ਜਿਊਂਦੇ ਹੋਣ, ਜਿਵੇਂ ਕਿ ਉਹ ਆਪਣੀਆਂ ਲੰਮੀਆਂ, ਵਿੰਗ-ਤੜਿੰਗੀਆਂ, ਇਕ ਦੂਜੀ ਨਾਲ ਲਿਪਟੀਆਂ ਬਾਹਵਾਂ ਨਾਲ ਉਹਨਾਂ ਦੁਆਲੇ ਜਾਲ ਵਲ ਰਹੇ ਹੋਣ, ਤਾਂ ਕਿ ਉਹਨਾਂ ਨੂੰ ਰੋਕ ਸਕਣ, ਉਹਨਾਂ ਨੂੰ ਆਪਣੀ ਹਨੇਰੀ ਜੇਲ੍ਹ ਵਿਚੋਂ ਬਚ ਨਿਕਲਣ ਤੋਂ ਰੋਕ ਸਕਣ। ਤੇ ਟਹਿਣੀਆਂ ਵਿਚਲੀ ਕਾਲਖ ਵਿਚੋਂ ਕੁਝ ਭਿਆਨਕ, ਹਨੇਰਾ ਤੇ ਠੰਡਾ ਉਹਨਾਂ ਵੱਲ ਅੱਖਾਂ ਪਾੜ ਪਾੜ ਵੇਖ ਰਿਹਾ ਸੀ। ਰਾਹ ਮੁਸ਼ਕਲ ਸੀ, ਤੇ ਇਸ ਤੋਂ ਥੱਕੇ ਹੋਏ ਲੋਕ ਦਿਲ ਢਾਹ ਬੈਠੇ। ਪਰ ਉਹ ਆਪਣੀ ਕਮਜ਼ੋਰੀ ਮੰਨਣੋਂ ਸ਼ਰਮਾ ਰਹੇ ਸਨ, ਇਸਲਈ ਉਹਨਾਂ ਨੇ ਆਪਣਾ ਗ਼ੁੱਸਾ ਦਾਨਕੋ ਉਪਰ ਕਢਿਆ, ਜਿਹੜਾ ਉਹਨਾਂ ਦੇ ਅਗੇ ਅਗੇ ਜਾ ਰਿਹਾ ਸੀ। ਉਹ ਸ਼ਿਕਵੇ ਕਰਨ ਲਗੇ ਕਿ ਉਸਨੂੰ ਪਤਾ ਨਹੀਂ ਕਿ ਉਹਨਾਂ ਦੀ ਅਗਵਾਈ ਕਿਵੇਂ ਕਰਨੀ ਹੈ। ਤੇਰਾ ਇਸ ਬਾਰੇ ਕੀ ਖ਼ਿਆਲ ਏ!

"ਉਹ ਜੰਗਲਾਂ ਦੀਆਂ ਕੁਸ਼ਗਣੀਆਂ ਆਵਾਜ਼ਾਂ ਦੇ ਦਰਮਿਆਨ, ਥਰਕਦੇ ਹਨੇਰੇ ਦੇ ਦਰਮਿਆਨ, ਥੱਕੇ-ਹਾਰੇ ਤੇ ਭੁੱਖੇ-ਭਾਣੇ, ਰੁਕ ਗਏ ਤੇ ਦਾਨਕੋ ਨੂੰ ਝਾੜਨ ਲਗੇ:

"'ਤੂੰ ਨਿਕੰਮੇ ਤੇ ਨੁਕਸਾਨ ਪੁਚਾਉਣ ਵਾਲੇ ਬੰਦੇ,' ਉਹ ਬੋਲੇ, 'ਤੂੰ ਸਾਡੀ ਅਗਵਾਈ ਕੀਤੀ ਤੇ ਸਾਨੂੰ ਥਕਾ ਮਾਰਿਆ, ਤੇ ਹੁਣ ਤੈਨੂੰ ਇਸ ਲਈ ਮਰਨਾ ਪਵੇਗਾ!'

"'ਤੁਸੀਂ ਕਿਹਾ ਸੀ: "ਸਾਡੀ ਅਗਵਾਈ ਕਰ!" ਤੇ ਮੈਂ ਤੁਹਾਡੀ ਅਗਵਾਈ ਕਰਨ ਲਗਾ!' ਦਾਨਕੋ ਉਹਨਾਂ ਸਾਮ੍ਹਣੇ ਮਾਣ ਨਾਲ ਖੜਾ, ਕੂਕਿਆ। 'ਮੇਰੇ ਵਿਚ ਅਗਵਾਈ ਕਰਨ ਦੀ ਹਿੰਮਤ ਹੈ, ਤੇ ਇਸੇ ਕਰਕੇ ਮੈਂ ਤੁਹਾਡੀ ਅਗਵਾਈ ਕੀਤੀ ਹੈ। ਪਰ ਤੁਸੀਂ? ਤੁਸੀਂ ਆਪਣੀ ਮਦਦ ਆਪ ਕਰਨ ਲਈ ਕੀ ਕੀਤਾ ਹੈ? ਤੁਸੀਂ ਸਿਰਫ਼ ਮੇਰੇ ਪਿੱਛੇ ਆਉਂਦੇ ਰਹੇ ਹੋ ਲੰਮੇਂ ਸਫ਼ਰ ਲਈ ਆਪਣੀ ਤਾਕਤ ਵੀ ਸਾਂਭ ਕੇ ਨਹੀਂ ਰਖ ਸਕੇ! ਤੁਸੀਂ ਸਿਰਫ਼ ਟੁਰਦੇ ਰਹੇ, ਟੁਰਦੇ ਰਹੇ, ਜਿਵੇਂ ਭੇਡਾਂ ਦਾ ਇਜੱੜ ਹੁੰਦਾ ਹੈ!'

"ਪਰ ਇਹਨਾਂ ਲਫ਼ਜ਼ਾਂ ਨੇ ਸਿਰਫ਼ ਉਹਨਾਂ ਸਾਰਿਆਂ ਨੂੰ ਹੋਰ ਗ਼ੁੱਸਾ ਹੀ ਚੜ੍ਹਾਇਆ।

"'ਤੈਨੂੰ ਮਰਨਾ ਪਵੇਗਾ! ਤੈਨੂੰ ਮਰਨਾ ਪਵੇਗਾ!' ਉਹ ਚਿੱਲਾਏ।

"ਜੰਗਲ ਸ਼ੂਕਰਦਾ ਰਿਹਾ, ਸ਼ੂਕਰਦਾ ਰਿਹਾ, ਉਹਨਾਂ ਦੀਆਂ ਚੀਕਾਂ ਦੀ ਗੂੰਜ ਪੈਦਾ ਕਰਦਾ ਰਿਹਾ ਤੇ ਬਿਜਲੀ ਹਨੇਰੇ ਨੂੰ ਪਾੜ ਕੇ ਲੀਰਾਂ ਲੀਰਾਂ ਕਰਦੀ ਰਹੀ। ਦਾਨਕੋ ਨੇ ਉਹਨਾਂ ਵੱਲ ਨਜ਼ਰ ਮਾਰੀ, ਜਿਨ੍ਹਾਂ ਦੀ ਖ਼ਾਤਰ ਉਸਨੇ ਏਨੀ ਜਾਨ ਮਾਰੀ ਸੀ, ਤੇ ਵੇਖਿਆ ਕਿ ਉਹ ਜੰਗਲੀ ਜਾਨਵਰਾਂ ਵਾਂਗ ਸਨ। ਉਹਨਾਂ ਨੇ ਉਸ ਦੁਆਲੇ ਭੀੜ ਪਾ ਲਈ। ਉਹਨਾਂ ਵਿਚੋਂ ਇਕ ਦੇ ਚਿਹਰੇ ਉਤੇ ਵੀ ਕੋਈ ਇਨਸਾਨੀ ਭਾਵ ਨਹੀਂ ਸੀ, ਤੇ ਉਹਨਾਂ ਤੋਂ ਰਹਿਮ ਦੀ ਕੋਈ ਆਸ ਨਹੀਂ ਸੀ ਕੀਤੀ ਜਾ ਸਕਦੀ। ਫਿਰ ਦਾਨਕੋ ਦਾ ਦਿਲ ਰੋਹ ਨਾਲ ਭਖ ਉਠਿਆ, ਪਰ ਲੋਕਾਂ ਲਈ ਤਰਸ ਮਹਿਸੂਸ ਕਰਦਿਆਂ ਉਸਨੇ ਇਸਨੂੰ ਦਬਾ ਲਿਆ। ਉਹ ਇਹਨਾਂ ਲੋਕਾਂ ਨੂੰ ਪਿਆਰ ਕਰਦਾ ਸੀ, ਤੇ ਉਸਨੂੰ ਯਕੀਨ ਸੀ ਕਿ ਉਸਤੋਂ ਬਿਨਾਂ ਉਹ ਤਬਾਹ ਹੋ ਜਾਣਗੇ। ਉਸਦਾ ਦਿਲ ਉਹਨਾਂ ਨੂੰ ਬਚਾਉਣ ਦੀ, ਉਹਨਾਂ ਨੂੰ ਉਥੋਂ ਕੱਢ ਕੇ ਕਿਸੇ ਸੌਖੇਰੇ ਰਾਹ ਉਤੇ ਲਿਜਾਣ ਦੀ ਤਾਂਘ ਨਾਲ ਬਲ ਉਠਿਆ, ਤੇ ਇਸ ਸ਼ਕਤੀਸ਼ਾਲੀ ਅੱਗ ਦੀ ਰੋਸ਼ਨੀ ਉਸਦੀਆਂ ਅੱਖਾਂ ਵਿਚ ਚਮਕਣ ਲਗੀ।... ਪਰ ਇਹ ਵੇਖ ਕੇ ਉਹਨਾਂ ਸੋਚਿਆ ਕਿ ਉਸਦੀਆਂ ਅੱਖਾਂ ਰੋਹ ਨਾਲ ਬਲ ਰਹੀਆਂ ਨੇ, ਕਿ ਰੋਹ ਕਾਰਨ ਉਸਦੀਆਂ ਅੱਖਾਂ ਵਿਚ ਏਨੀ ਤੇਜ਼ ਚਮਕ ਹੈ; ਤੇ ਉਹ ਖ਼ਬਰਦਾਰ ਹੋ ਕੇ ਖੜੋ ਗਏ, ਬਘਿਆੜਾਂ ਵਾਂਗ, ਤੇ ਉਡੀਕਣ ਲੱਗੇ ਕਿ ਉਹ ਕਦੋਂ ਉਹਨਾਂ ਉਤੇ ਹਮਲਾ ਕਰਦਾ ਹੈ; ਤੇ ਉਹਨਾਂ ਉਸ ਦੁਆਲੇ ਘੇਰਾ ਹੋਰ ਤੰਗ ਕਰ ਲਿਆ ਤਾਂ ਕਿ ਉਸਨੂੰ ਫੜ ਕੇ ਮਾਰ ਸਕਣ। ਉਸਨੇ ਉਹਨਾਂ ਦੀਆਂ ਸੋਚਾਂ ਪੜ੍ਹ ਲਈਆਂ, ਤੇ ਇਸ ਨਾਲ ਉਸਦੇ ਦਿਲ ਦੀ ਅੱਗ ਹੋਰ ਵੀ ਤੇਜ਼ ਬਲਣ ਲਗੀ, ਕਿਉਂਕਿ ਉਹਨਾਂ ਦੀਆਂ ਸੋਚਾਂ ਨੇ ਉਸਨੂੰ ਉਦਾਸ ਕਰ ਦਿਤਾ ਸੀ।

"ਜੰਗਲ ਸੋਗੀ ਧੁਨ ਗੁਣ-ਗੁਣਾਈ ਜਾ ਰਿਹਾ ਸੀ, ਬਿਜਲੀ ਗਰਜ ਰਹੀ ਸੀ ਤੇ ਮੋਹਲੇਧਾਰ ਮੀਂਹ ਵਸ ਰਿਹਾ ਸੀ...

"'ਮੈਂ ਇਹਨਾਂ ਲੋਕਾਂ ਲਈ ਕੀ ਕਰ ਸਕਦਾ ਹਾਂ!?' ਦਾਨਕੋ ਅਜਿਹੀ ਆਵਾਜ਼ ਵਿਚ ਕੂਕਿਆ, ਕਿ ਜਿਸ ਨਾਲ ਬਿਜਲੀ ਦੀ ਗਰਜ ਵੀ ਗੁੰਮ ਹੋ ਗਈ।

"ਇਕਦਮ ਉਸਨੇ ਆਪਣੀ ਛਾਤੀ ਨੂੰ ਫੜਿਆ, ਇਸਨੂੰ ਪਾੜ ਕੇ ਖੋਹਲ ਦਿਤਾ, ਆਪਣਾ ਦਿਲ ਕਢਿਆ ਤੇ ਆਪਣੇ ਸਿਰ ਉਤੇ ਉਚਾ ਕਰਕੇ ਫੜ ਛਡਿਆ।

"ਇਹ ਸੂਰਜ ਵਾਂਗ, ਸਗੋਂ ਉਸ ਨਾਲੋਂ ਵੀ ਤੇਜ਼ ਬਲ ਰਿਹਾ ਸੀ। ਸਾਰੇ ਜੰਗਲ ਵਿਚ ਚੁਪ ਛਾ ਗਈ, ਤੇ ਇਹ ਮਨੁੱਖੀ ਪਿਆਰ ਦੀ ਇਸ ਮਿਸ਼ਾਲ ਨਾਲ ਜਗਮਗਾ

ਉਠਿਆ। ਹਨੇਰਾ ਚਾਨਣ ਸਾਮ੍ਹਣੇ ਨੱਠ ਕੇ ਜੰਗਲ ਦੇ ਧੁਰ ਅੰਦਰ ਚਲਾ ਗਿਆ, ਤੇ ਕੰਬਦਾ ਹੋਇਆ, ਦਲਦਲ ਦੇ ਸੜਾਂਦ ਮਾਰਦੇ ਚਿਡ ਵਿਚ ਜਾ ਡਿੱਗਾ। ਲੋਕ ਹੈਰਾਨੀ ਨਾਲ ਦਹਿਲ ਗਏ।

"'ਆਓ ਚਲੀਏ!' ਦਾਨਕੋ ਅੱਗੇ ਧਾਉਂਦਾ ਹੋਇਆ ਤੇ ਆਪਣੇ ਬਲਦੇ ਦਿਲ ਨਾਲ ਰਾਹ ਨੂੰ ਰੌਸ਼ਨ ਕਰਦਾ ਹੋਇਆ ਕੂਕਿਆ।

"ਉਹ, ਜਿਵੇਂ ਕੀਲੇ ਹੋਏ, ਉਸਦੇ ਮਗਰ ਮਗਰ ਅਗੇ ਵਧੇ। ਫਿਰ ਜੰਗਲ ਇਕ ਵਾਰੀ ਫਿਰ ਸੂਕਣ ਲਗਾ, ਦਰਖ਼ਤ ਹੈਰਾਨ ਹੋਏ ਹੋਏ ਝੂਲਣ ਲਗੇ, ਪਰ ਇਸਦੀ ਖੱਪ ਦੌੜਦੇ ਲੋਕਾਂ ਦੇ ਪੈਰਾਂ ਦੇ ਸ਼ੋਰ ਵਿਚ ਡੁਬ ਗਈ। ਬਲਦੇ ਦਿਲ ਦੇ ਅਦਭੁਤ ਦ੍ਰਿਸ਼ ਦੇ ਖਿੱਚੇ ਹੋਏ, ਉਹ ਤੇਜ਼ ਤੇ ਦਲੇਰੀ ਨਾਲ ਦੌੜ ਰਹੇ ਸਨ। ਹੁਣ ਵੀ ਲੋਕ ਮਰ ਰਹੇ ਸਨ, ਪਰ ਹੁਣ ਬਿਨਾਂ ਸ਼ਿਕਵਿਆਂ ਤੇ ਬਿਨਾਂ ਅੱਥਰੂਆਂ ਦੇ ਮਰ ਰਹੇ ਸਨ। ਤੇ ਦਾਨਕੋ ਅਜੇ ਵੀ ਅੱਗੇ ਅੱਗੇ ਸੀ, ਤੇ ਉਸਦਾ ਦਿਲ ਲਾਟੋ-ਲਾਟ ਹੋਇਆ ਹੋਇਆ ਸੀ, ਲਾਟੋ-ਲਾਟ।

"ਅਚਨਚੇਤ ਉਹਨਾਂ ਸਾਮ੍ਹਣੇ ਜੰਗਲ ਨੇ ਰਾਹ ਛੱਡ ਦਿਤਾ, ਰਾਹ ਛੱਡ ਦਿਤਾ ਤੇ ਪਿੱਛੇ ਹਟ ਗਿਆ, ਸੰਘਣਾ ਤੇ ਚੁੱਪ-ਚਾਪ; ਤੇ ਦਾਨਕੋ ਤੇ ਸਾਰੇ ਲੋਕ ਧੁੱਪ ਦੇ ਤੇ ਬਾਰਸ਼ ਨਾਲ ਸਾਫ਼ ਹੋਈ ਸ਼ੁਧ ਹਵਾ ਦੇ ਸਾਗਰ ਵਿਚ ਟੁੱਭੀਆਂ ਲਾਉਣ ਲਗੇ। ਤੂਫ਼ਾਨ ਹੁਣ ਉਹਨਾਂ ਦੇ ਪਿੱਛੇ ਜੰਗਲ ਦੇ ਉਪਰ ਝੁੱਲ ਰਿਹਾ ਸੀ; ਪਰ ਇਥੇ ਧੁੱਪ ਨਿਖਰੀ ਹੋਈ ਸੀ, ਸਤੇਪੀ ਸਾਹ ਲੈ ਰਿਹਾ ਸੀ, ਘਾਹ ਆਪਣੀਆਂ ਤਿੜਾਂ ਉਤੇ ਪਏ ਮੀਂਹ ਦੇ ਹੀਰਿਆਂ ਨਾਲ ਚਮਕ ਰਿਹਾ ਸੀ, ਤੇ ਦਰਿਆ ਸੋਨੇ ਵਾਂਗ ਲਿਸ਼ਕਾਂ ਮਾਰ ਰਿਹਾ ਸੀ।... ਸ਼ਾਮ ਪੈ ਚੁਕੀ ਸੀ, ਤੇ ਦਰਿਆ, ਡੁਬਦੇ ਸੂਰਜ ਦੀਆਂ ਕਿਰਨਾਂ ਨੂੰ ਪਰਤਾਉਂਦਾ ਹੋਇਆ, ਲਾਲ ਲਗ ਰਿਹਾ ਸੀ, ਉਸ ਖ਼ੂਨ ਵਾਂਗ, ਜਿਹੜਾ ਦਾਨਕੋ ਦੀ ਚੀਰੀ ਹੋਈ ਛਾਤੀ ਵਿਚੋਂ ਗਰਮ ਧਾਰ ਬਣ ਕੇ ਵਹਿ ਰਿਹਾ ਸੀ।

"ਮਾਣ-ਭਰੇ ਤੇ ਦਲੇਰ ਦਾਨਕੋ ਨੇ ਆਪਣੇ ਸਾਮ੍ਹਣੇ ਫੈਲੇ ਵਿਸ਼ਾਲ ਸਤੇਪੀ ਉਤੇ ਘੋਖਵੀਂ ਨਜ਼ਰ ਮਾਰੀ: ਉਹ ਆਜ਼ਾਦ ਧਰਤੀ ਵੱਲ ਖ਼ੁਸ਼ੀ ਨਾਲ ਵੇਖਣ ਲਗਾ ਤੇ ਹੱਸਣ ਲਗ ਪਿਆ, ਤੇ ਉਸਦੇ ਹਾਸੇ ਵਿਚ ਮਾਣ ਦੀ ਛਣਕਾਰ ਸੀ। ਤੇ ਫਿਰ ਉਹ ਡਿਗ ਪਿਆ ਤੇ—ਮਰ ਗਿਆ।

"ਖ਼ੁਸ਼ੀ ਵਿਚ ਫੁੱਲੇ ਨਾ ਸਮਾਉਂਦੇ, ਤੇ ਆਸ ਨਾਲ ਭਰੇ ਹੋਏ ਲੋਕਾਂ ਨੇ ਇਹ ਨਾ ਵੇਖਿਆ ਕਿ ਉਹ ਮਰ ਗਿਐ, ਤੇ ਉਹਨਾਂ ਇਹ ਨਾ ਵੇਖਿਆ ਕਿ ਉਸਦਾ ਬਹਾਦਰ ਦਿਲ ਅਜੇ ਵੀ ਉਸਦੇ ਮੁਰਦਾ ਸਰੀਰ ਕੋਲ ਪਿਆ ਬਲ ਰਿਹਾ ਸੀ। ਉਹਨਾਂ ਵਿਚੋਂ ਸਿਰਫ਼ ਇਕ ਨੇ, ਜਿਹੜਾ ਬਾਕੀਆਂ ਨਾਲੋਂ ਵਧੇਰੇ ਖ਼ਬਰਦਾਰ ਸੀ, ਇਸਨੂੰ ਵੇਖਿਆ ਤੇ, ਡਰ ਨਾਲ ਭੈ-ਭੀਤ ਹੋਏ ਨੇ ਦਿਲ ਉਪਰ ਪੈਰ ਰਖ ਦਿਤਾ।... ਤੇ ਦਿਲ ਫਟ ਕੇ ਚੰਗਿਆੜੀਆਂ ਵਿਚ ਬਦਲ ਗਿਆ, ਤੇ ਬੁਝ ਗਿਆ।

"ਇਸ ਕਰਕੇ ਸਟੈਪੀ ਵਿਚ ਇਹ ਨੀਲੇ ਚੰਗਿਆੜੇ ਪੈਦਾ ਹੁੰਦੇ ਨੇ, ਜਿਹੜੇ ਤੂਫ਼ਾਨ ਤੋਂ ਪਹਿਲਾਂ ਇਥੇ ਦਿਸਦੇ ਨੇ!"

ਹੁਣ, ਜਦੋਂ ਬੁਢੀ ਨੇ ਆਪਣੀ ਸੁੰਦਰ ਕਹਾਣੀ ਮੁਕਾ ਲਈ, ਤਾਂ ਸਤੇਪੀ ਵਿਚ ਮਹਾਨ ਸ਼ਾਂਤੀ ਛਾ ਗਈ, ਜਿਵੇਂ ਇਹ ਵੀ ਬਹਾਦਰ ਦਾਨਕੋ ਵਲੋਂ ਵਿਖਾਈ ਗਈ ਦ੍ਰਿੜ੍ਹਤਾ ਦੀ ਤਾਕਤ ਉਤੇ ਹੈਰਾਨ ਰਹਿ ਗਈ ਹੋਵੇ, ਜਿਸਨੇ ਮਨੁਖਾਂ ਦੀ ਖ਼ਾਤਰ ਆਪਣਾ ਬਲਦਾ ਦਿਲ ਚੀਰ ਕਢਿਆ ਸੀ, ਤੇ ਆਪਣੇ ਲਈ ਬਿਨਾਂ ਕੋਈ ਇਨਾਮ ਮੰਗਣ ਦੇ, ਮਰ ਗਿਆ ਸੀ। ਬੁਢੀ ਉਂਘਲਾ ਰਹੀ ਸੀ। ਮੈਂ ਉਸ ਵੱਲ ਨਜ਼ਰ ਮਾਰੀ ਤੇ ਆਪਣੇ ਆਪ ਤੋਂ ਪੁਛਿਆ ਕਿ ਹੋਰ ਕਿੰਨੀਆਂ ਕਹਾਣੀਆਂ ਤੇ ਯਾਦਾਂ ਉਸਦੇ ਮਨ ਵਿਚ ਦੱਬੀਆਂ ਪਈਆਂ ਹਨ। ਤੇ ਮੈਂ ਦਾਨਕੋ ਦੇ ਮਹਾਨ ਬਲਦੇ ਦਿਲ ਬਾਰੇ, ਤੇ ਮਨੁਖੀ ਕਲਪਨਾ ਬਾਰੇ ਸੋਚਣ ਲਗਾ, ਜਿਸਨੇ ਇਹੋ ਜਿਹੀਆਂ ਸੁੰਦਰ ਤੇ ਝੂਣ ਦੇਣ ਵਾਲੀਆਂ ਵਾਰਤਾਵਾਂ ਘੜੀਆਂ ਸਨ।

ਇਜ਼ਰਗੀਲ ਹੁਣ ਘੂਕ ਸੌਂ ਚੁਕੀ ਸੀ। ਹਵਾ ਨੇ ਉਸਦੇ ਪਾਟੇ ਕਪੜੇ ਉਡਾ ਕੇ ਇਕ ਪਾਸੇ ਕਰ ਦਿਤੇ ਸਨ ਤੇ ਉਸਦੀਆਂ ਸੁੱਕ ਚੁੱਕੀਆਂ ਛਾਤੀਆਂ ਨੰਗੀਆਂ ਹੋ ਗਈਆਂ ਸਨ। ਮੈਂ ਉਸਦੀ ਬੁਢੀ ਕੋਹ ਨੂੰ ਢਕਿਆ ਤੇ ਉਸਦੇ ਕੋਲ ਹੀ ਪਰ੍ਹੇ ਕਰਕੇ ਜ਼ਮੀਨ ਉਤੇ ਲੇਟ ਗਿਆ। ਸਤੇਪੀ ਹਨੇਰਾ ਤੇ ਸ਼ਾਂਤ ਸੀ। ਬੱਦਲ ਅਜੇ ਵੀ ਹੌਲੀ ਹੌਲੀ ਤੇ ਨਿਮੋਝੂਣੇ ਆਕਾਸ਼ ਦੇ ਆਰ-ਪਾਰ ਜਾ ਰਹੇ ਸਨ।... ਸਾਗਰ ਦੀਆਂ ਖੋਖਲੀਆਂ, ਸੋਗੀ ਆਵਾਜ਼ਾਂ ਮੇਰੇ ਕੰਨਾਂ ਤੱਕ ਪਹੁੰਚ ਰਹੀਆਂ ਸਨ।

੧੮੯੪

ਅਕੇਵੇਂ ਦੇ ਮਾਰੇ

ਸੰਘਣੇ, ਸਲੇਟੀ ਧੂਏਂ ਦੇ ਬੱਦਲ ਛੱਡਦੀ ਹੋਈ ਸਵਾਰੀ ਗੱਡੀ, ਕਿਸੇ ਵੱਡੇ ਸਾਰੇ ਸੱਪ ਦੀ ਤਰ੍ਹਾਂ, ਸਤੈਪੀ ਦੀਆਂ ਚੁੜਿੱਤਣਾ ਵਿਚਲੇ ਕਣਕ ਦੇ ਸੁਨਹਿਰੀ ਸਾਗਰ ਵਿਚ ਅਲੋਪ ਹੋ ਗਈ। ਚਲਦੀ ਲੋ ਵਿਚ ਗੱਡੀ ਦੇ ਧੂ ਦੇ ਨਾਲ ਨਾਲ ਗ਼ੁੱਸਾ ਚੜ੍ਹਾਉਣ ਵਾਲੀ ਖੱਪ ਵੀ ਘੁਲਦੀ ਗਈ, ਜਿਹੜੀ ਕੁਝ ਘੜੀਆਂ ਉਸ ਵਿਸ਼ਾਲ ਤੇ ਖਾਲੀ ਮੈਦਾਨ ਦੀ ਇਕਸਾਰ ਚੁੱਪ ਨੂੰ ਤੋੜਦੀ ਰਹੀ ਸੀ; ਇਸ ਮੈਦਾਨ ਦੇ ਦਰਮਿਆਨ ਇਕ ਛੋਟਾ ਜਿਹਾ ਰੇਲਵੇ ਸਟੇਸ਼ਨ ਸੀ ਜਿਸਦੀ ਇਕੱਲਤਾ ਬੇਹਦ ਸੋਗੀ ਭਾਵਨਾਵਾਂ ਉਜਾਗਰ ਕਰਦੀ ਸੀ।

ਤੇ ਜਦੋਂ ਗੱਡੀ ਦੀ ਖੱਪ, ਜਿਹੜੀ ਭਾਵੇਂ ਕੰਨ-ਪਾੜਵੀਂ ਸੀ, ਪਰ ਜਿਉਂਦੀ-ਜਾਗਦੀ ਸੀ, ਨਿਰਮਲ ਆਕਾਸ਼ ਦੇ ਗੁੰਬਦ ਹੇਠ ਅਲੋਪ ਹੋ ਗਈ, ਤਾਂ ਉਸੇ ਦਮ-ਘੁਟਣੀ ਚੁੱਪ ਨੇ ਇਕ ਵਾਰੀ ਫਿਰ ਸਟੇਸ਼ਨ ਨੂੰ ਮੱਲ ਲਿਆ।

ਸਤੈਪੀ ਸੁਨਹਿਰੇ ਪੀਲੇ ਰੰਗ ਦਾ ਸੀ, ਆਕਾਸ਼ ਗੂੜ੍ਹੇ ਨੀਲੇ ਰੰਗ ਦਾ। ਤੇ ਦੋਹਾਂ ਦਾ ਹੀ ਕੋਈ ਹੱਦ-ਬੰਨਾਂ ਨਹੀਂ ਸੀ। ਇਹੋ ਜਿਹੀ ਵਿਸ਼ਾਲਤਾ ਦੇ ਵਿਚਕਾਰ ਸਟੇਸ਼ਨ ਦੀਆਂ ਨਿੱਕੀਆਂ ਜਿਹੀਆਂ ਭੂਰੀਆਂ ਇਮਾਰਤਾਂ ਇੰਝ ਲਗਦੀਆਂ ਸਨ ਜਿਵੇਂ ਕਿ ਬੇਧਿਆਨੇ ਵੱਜੇ ਹੋਏ ਕੁਝ ਬੁਰਸ਼ ਹੋਣ ਜਿਹੜੇ ਕਲਪਨਾ ਤੋਂ ਸੱਖਣੇ ਕਿਸੇ ਚਿਤਰਕਾਰ ਵਲੋਂ ਬੜੀ ਘਾਲਣਾ ਕਰਕੇ ਬਣਾਈ ਸੋਗੀ ਜਿਹੀ ਤਸਵੀਰ ਨੂੰ ਐਨ ਵਿਚਕਾਰੋਂ ਖ਼ਰਾਬ ਕਰ ਰਹੇ ਹੋਣ।

ਹਰ ਰੋਜ਼ ਦੁਪਹਿਰ ਦੇ ਬਾਰ੍ਹਾਂ ਵਜੇ ਤੇ ਸ਼ਾਮ ਦੇ ਚਾਰ ਵਜੇ ਸਤੈਪੀ ਵਲੋਂ ਗੱਡੀਆਂ ਆਉਂਦੀਆਂ ਤੇ ਪੂਰੇ ਦੋ ਮਿੰਟ ਲਈ ਸਟੇਸ਼ਨ ਉਤੇ ਆ ਖੜ੍ਹੋਂਦੀਆਂ। ਇਹ ਚਾਰ

ਮਿੰਟ ਸਟੇਸ਼ਨ ਵਾਲਿਆਂ ਲਈ ਮੁਖ ਤੇ ਇਕੋ ਇਕ ਦਿਲ-ਬਹਿਲਾਵਾ ਸਨ, ਕਿਉਂਕਿ ਇਹ ਆਪਣੇ ਨਾਲ ਉਥੇ ਕੰਮ ਕਰਦੇ ਲੋਕਾਂ ਲਈ ਸੱਜਰੇ ਪ੍ਰਭਾਵ ਲੈ ਕੇ ਆਉਂਦੇ।

ਹਰ ਗੱਡੀ ਵਿਚ ਹਰ ਤਰ੍ਹਾਂ ਦੇ ਕੱਪੜੇ ਪਾਈ ਹਰ ਤਰ੍ਹਾਂ ਦੇ ਲੋਕ ਹੁੰਦੇ। ਸਿਰਫ਼ ਪਲ ਦੇ ਪਲ ਉਹਨਾਂ ਨੂੰ ਵੇਖਿਆ ਜਾ ਸਕਦਾ ਸੀ: ਡੱਬਿਆਂ ਦੀਆਂ ਬਾਰੀਆਂ ਵਿਚ ਥੱਕੇ ਹੋਏ, ਉਤਾਵਲੇ, ਬੇਧਿਆਨੇ ਚਿਹਰਿਆਂ ਦੀ ਬਸ ਝਲਕ ਹੀ ਮਿਲਦੀ—ਤੇ ਫਿਰ ਘੰਟੀ, ਸੀਟੀ ਤੇ ਸ਼ੋਰ ਪਾਉਂਦੀ ਗੱਡੀ ਉਹਨਾਂ ਨੂੰ ਸਤੈਪੀ ਵਿਚ, ਦੂਰ, ਸ਼ਹਿਰ ਵੱਲ ਲੈ ਜਾਂਦੀ, ਜਿਥੇ ਰੌਲੇ-ਰੱਪੇ ਵਾਲੀ ਜ਼ਿੰਦਗੀ ਖੌਲ ਰਹੀ ਹੁੰਦੀ।

ਸਟੇਸ਼ਨ ਉਤੇ ਕੰਮ ਕਰਨ ਵਾਲੇ ਇਹਨਾਂ ਚਿਹਰਿਆਂ ਵੱਲ ਬੜੀ ਉਤਸੁਕਤਾ ਨਾਲ ਵੇਖਦੇ, ਤੇ ਜਦੋਂ ਗੱਡੀ ਚਲੀ ਜਾਂਦੀ ਤਾਂ ਉਹ ਇਕ ਦੂਜੇ ਨੂੰ ਆਪਣੇ ਪ੍ਰਭਾਵ ਦਸਦੇ। ਉਹਨਾਂ ਦੇ ਚਾਰ-ਚੁਫੇਰੇ ਚੁੱਪ ਸਤੈਪੀ ਫੈਲਿਆ ਹੁੰਦਾ, ਉਹਨਾਂ ਦੇ ਉਤੇ ਅਡੋਲ ਆਕਾਸ਼ ਦਾ ਗੁੰਬਦ ਹੁੰਦਾ, ਤੇ ਉਹਨਾਂ ਦੇ ਦਿਲਾਂ ਵਿਚ ਇਹਨਾਂ ਲੋਕਾਂ ਲਈ ਧੁੰਦਲੀ ਜਿਹੀ ਈਰਖਾ ਦਾ ਭਾਵ ਹੁੰਦਾ, ਜਿਹੜੇ ਹਰ ਰੋਜ਼ ਅਣਜਾਣੀਆਂ ਮੰਜ਼ਲਾਂ ਵੱਲ ਦੌੜੇ ਜਾਂਦੇ ਸਨ—ਉਹਨਾਂ ਦੇ ਕੋਲੋਂ ਲੰਘਦੇ ਹੋਏ, ਉਹਨਾਂ ਨੂੰ ਇਸ ਉਜਾੜ ਵਿਚ, ਜਿਵੇਂ ਕਿ ਜ਼ਿੰਦਗੀ ਤੋਂ ਬਾਹਰ, ਛਡਦੇ ਹੋਏ।

ਤੇ ਗੱਡੀ ਨੂੰ ਤੋਰ ਕੇ, ਉਹ ਪਲੈਟਫ਼ਾਰਮ ਉਤੇ ਖੜੇ ਹਨ, ਜਾਂਦੀ ਗੱਡੀ ਦਾ ਕਾਲਾ ਜਿਹਾ ਰਿਬਨ ਕਣਕਾਂ ਦੇ ਸੁਨਹਿਰੀ ਸਾਗਰ ਵਿਚ ਅਲੋਪ ਹੁੰਦਾ ਦੇਖ ਰਹੇ ਹਨ। ਤੇ ਜ਼ਿੰਦਗੀ ਦੇ ਇਸ ਪਲ ਕੁ ਝਲਕਾਰੇ ਬਾਰੇ ਆਪਣੇ ਪ੍ਰਭਾਵਾਂ ਵਿਚ ਉਹ ਏਨੇ ਮਗਨ ਹਨ, ਕਿ ਉਹ ਚੁੱਪ ਕੀਤੇ ਹੋਏ ਹਨ।

ਲਗਭਗ ਹਰ ਕੋਈ ਇਥੇ ਹੈ: ਸਟੇਸ਼ਨ ਮਾਸਟਰ, ਇਕ ਭਲਾ ਆਦਮੀ, ਮੋਟਾ-ਤਾਜ਼ਾ, ਕੱਕੇ ਵਾਲ ਤੇ ਕਜ਼ਾਕਾਂ ਵਾਲੀਆਂ ਵਡੀਆਂ ਵਡੀਆਂ ਮੁੱਛਾਂ; ਉਸਦਾ ਸਹਾਇਕ, ਲਾਲ ਵਾਲਾਂ ਵਾਲਾ ਤੇ ਨੁਕੀਲੀ ਦਾੜ੍ਹੀ ਵਾਲਾ ਨੌਜਵਾਨ; ਲੂਕਾ, ਸਟੇਸ਼ਨ ਦਾ ਚੌਕੀਦਾਰ, ਮਧਰਾ, ਛੁਹਲਾ ਤੇ ਚਾਲਾਕ; ਤੇ ਗੋਮੋਜ਼ੋਵ ਨਾਂ ਦਾ ਇਕ ਕਾਂਟੇ ਵਾਲਾ, ਸੰਘਣੀ ਦਾੜ੍ਹੀ ਤੇ ਗਠੇ ਸਰੀਰ ਵਾਲਾ, ਚੁੱਪ-ਰਹਿਣਾ ਆਦਮੀ।

ਸਟੇਸ਼ਨ ਮਾਸਟਰ ਦੀ ਪਤਨੀ ਸਟੇਸ਼ਨ ਦੇ ਦਰਵਾਜ਼ੇ ਕੋਲ ਇਕ ਬੈਂਚ ਉਤੇ ਬੈਠੀ ਹੈ। ਉਹ ਮਧਰੀ ਤੇ ਮੋਟੀ ਹੈ, ਤੇ ਗਰਮੀ ਉਸਨੂੰ ਬਹੁਤ ਤੰਗ ਕਰਦੀ ਹੈ। ਉਸਦੀ ਗੋਦ ਵਿਚ ਇਕ ਬਾਲ ਸੌਂ ਰਿਹਾ ਹੈ ਤੇ ਬਾਲ ਦਾ ਮੂੰਹ ਵੀ ਉਸ ਤਰ੍ਹਾਂ ਗੋਲ ਤੇ ਲਾਲ ਹੈ, ਜਿਸ ਤਰ੍ਹਾਂ ਉਸਦੀ ਮਾਂ ਦਾ।

ਗੱਡੀ ਨੀਵਾਣ ਵੱਲ ਨੂੰ ਹੇਠਾਂ ਜਾਂਦੀ ਹੈ ਤੇ ਲਗਦਾ ਹੈ ਜਿਵੇਂ ਧਰਤੀ ਉਸਨੂੰ ਪੜੱਪ ਕਰ ਗਈ ਹੋਵੇ।

ਸਟੇਸ਼ਨ ਮਾਸਟਰ ਆਪਣੀ ਪਤਨੀ ਵੱਲ ਮੁੜਦਾ ਕਹਿੰਦਾ ਹੈ:

"ਸਾਮਾਵਰ ਤਿਆਰ ਏ, ਸੋਨੀਆ?"

"ਬੇਸ਼ਕ," ਉਹ ਮਧਮ ਤੇ ਲਮਕਵੀਂ ਆਵਾਜ਼ ਵਿਚ ਜਵਾਬ ਦੇਂਦੀ ਹੈ।

"ਲੂਕਾ! ਜ਼ਰਾ ਚੀਜ਼ਾਂ ਠੀਕ ਠਾਕ ਕਰਕੇ ਰੱਖ ਏਥੇ—ਪਲੈਟਫ਼ਾਰਮ ਤੇ ਜੰਗਲੇ ਸਾਫ਼ ਕਰ, ਵੇਖ, ਚਾਰੇ ਪਾਸੇ ਕਿੰਨਾਂ ਗੰਦ ਪਾ ਗਏ ਨੇ ਉਹ...."

"ਮੈਨੂੰ ਪਤੈ, ਮਤਵੇਈ ਯੇਗੋਰੋਵਿਚ..."

"ਅੱਛਾ, ਫਿਰ ਕੀ ਖ਼ਿਆਲ ਏ? ਚਾਹ ਪੀਏ, ਨਿਕੋਲਾਈ ਪਿਤਰੋਵਿਚ?"

"ਬਦਸਤੂਰ", ਉਸਦਾ ਸਹਾਇਕ ਜਵਾਬ ਦੇਂਦਾ ਹੈ।

ਤੇ ਜੇ ਦੁਪਹਿਰ ਦੀ ਗੱਡੀ ਲੰਘ ਕੇ ਗਈ ਹੋਵੇ, ਤਾਂ ਮਤਵੇਈ ਯੇਗੋਰੋਵਿਚ ਆਪਣੀ ਪਤਨੀ ਨੂੰ ਪੁੱਛਦਾ ਹੈ:

"ਖਾਣਾ ਤਿਆਰ ਏ, ਸੋਨੀਆ?"

ਫਿਰ ਉਹ ਲੂਕਾ ਨੂੰ ਹਦਾਇਤਾਂ ਦੇਂਦਾ ਹੈ, ਜਿਹੜੀਆਂ ਹਮੇਸ਼ਾ ਉਹੋ ਹੁੰਦੀਆਂ ਹਨ, ਤੇ ਆਪਣੇ ਸਹਾਇਕ ਨੂੰ ਕਹਿੰਦਾ ਹੈ, ਜਿਹੜਾ ਖਾਣਾ ਉਹਨਾਂ ਨਾਲ ਖਾਂਦਾ ਹੈ:

"ਅਛਾ, ਫਿਰ ਕੀ ਖ਼ਿਆਲ ਏ? ਖਾਣਾ ਖਾਈਏ?"

"ਬਦਸਤੂਰ," ਸਹਾਇਕ ਮੁਨਾਸਬ ਤਰੀਕੇ ਨਾਲ ਜਵਾਬ ਦੇਂਦਾ ਹੈ।

ਤੇ ਉਹ ਪਲੈਟਫ਼ਾਰਮ ਤੋਂ ਇਕ ਕਮਰੇ ਵਿਚ ਚਲੇ ਜਾਂਦੇ ਨੇ, ਜਿਸ ਵਿਚ ਫ਼ਰਨੀਚਰ ਘੱਟ ਤੇ ਪੌਦੇ ਜ਼ਿਆਦਾ ਪਏ ਹੁੰਦੇ ਨੇ, ਜਿਸ ਵਿਚੋਂ ਖਾਣੇ ਦੀ ਤੇ ਪੋਤੜਿਆਂ ਦੀ ਵਾਸ਼ਨਾ ਆ ਰਹੀ ਹੁੰਦੀ ਹੈ ਤੇ ਜਿਥੇ ਮੇਜ਼ ਦੁਆਲੇ ਗੱਲਾਂ ਹਮੇਸ਼ਾ ਉਹੀ ਹੁੰਦੀਆਂ ਨੇ ਕਿ ਉਹਨਾਂ ਨੇ ਕੀ ਲੰਘਦਾ ਦੇਖਿਆ ਹੈ।

"ਤੂੰ ਵੇਖੀ ਸੀ, ਨਿਕੋਲਾਈ ਪਿਤਰੋਵਿਚ, ਸੈਕੰਡ ਕਲਾਸ ਵਿਚ ਜਿਹੜੀ ਕਾਲੇ ਵਾਲਾਂ ਵਾਲੀ ਪੀਲੇ ਕਪੜੇ ਪਾਈ ਬੈਠੀ ਸੀ? ਬੜੀ ਕਾਤਲ ਚੀਜ਼ ਸੀ!"

"ਮਾੜੀ ਨਹੀਂ ਸੀ, ਪਰ ਕਪੜੇ ਪਾਉਣ ਦਾ ਨਹੀਂ ਪਤਾ," ਉਸਦਾ ਸਹਾਇਕ ਕਹਿੰਦਾ ਹੈ।

ਉਸਦੀ ਟਿੱਪਣੀ ਹਮੇਸ਼ਾ ਸੰਖੇਪ ਤੇ ਸਵੈ-ਯਕੀਨ ਨਾਲ ਕਹੀ ਗਈ ਹੁੰਦੀ ਹੈ, ਕਿਉਂਕਿ ਉਸਨੂੰ ਆਪਣੇ ਪੜ੍ਹਿਆ-ਲਿਖਿਆ ਤੇ ਤਜਰਬੇਕਾਰ ਹੋਣ ਉਤੇ ਮਾਣ ਹੈ। ਉਸਨੇ ਜਿਮਨੇਜ਼ੀਅਮ ਦਾ ਇਮਤਿਹਾਨ ਪਾਸ ਕੀਤਾ ਹੋਇਆ ਹੈ। ਉਸਨੇ ਕਾਲੀ ਜਿਲਦ ਵਾਲੀ ਇਕ ਨੋਟਬੁੱਕ ਰੱਖੀ ਹੋਈ ਹੈ ਜਿਸ ਵਿਚ ਉਹ ਹੱਥ-ਲਗਦੀਆਂ ਕਿਤਾਬਾਂ ਤੇ ਅਖ਼ਬਾਰਾਂ ਵਿਚੋ ਪ੍ਰਸਿੱਧ ਵਿਅਕਤੀਆਂ ਦੇ ਕਥਨ ਲਿਖਦਾ ਰਹਿੰਦਾ ਹੈ। ਕੰਮ ਤੋਂ ਬਾਹਰ ਦੇ ਸਭ ਮਾਮਲਿਆਂ ਵਿਚ ਸਟੇਸ਼ਨ ਮਾਸਟਰ ਬਿਨਾਂ ਕਿੰਤੂ ਉਠਾਇਆਂ ਉਸਨੂੰ ਪ੍ਰਮਾਣੀਕ ਮੰਨਦਾ ਹੈ, ਤੇ ਜੋ ਕੁਝ ਕਹਿੰਦਾ ਹੈ, ਉਸਨੂੰ ਧਿਆਨ ਨਾਲ ਸੁਣਦਾ ਹੈ। ਉਹ ਸਿਆਣਪ ਦੇ ਉਹਨਾਂ ਹੀਰਿਆਂ ਤੋਂ ਖ਼ਾਸ ਤੌਰ ਤੇ ਪ੍ਰਭਾਵਤ ਹੁੰਦਾ ਹੈ ਜਿਹੜੇ ਨਿਕੋਲਾਈ ਪਿਤਰੋਵਿਚ ਦੀ ਨੋਟਬੁੱਕ ਵਿਚ ਮਿਲਦੇ ਨੇ, ਤੇ ਬੜੇ ਸਾਦਾ-ਦਿਲ ਤਰੀਕੇ

ਨਾਲ ਉਹਨਾਂ ਉਤੇ ਮੁਗਧ ਹੋ ਹੋ ਜਾਂਦਾ ਹੈ। ਕਾਲੇ ਵਾਲਾਂ ਵਾਲੀ ਦੇ ਕਪੜਿਆਂ ਬਾਰੇ ਆਪਣੇ ਸਹਾਇਕ ਦੀ ਟਿੱਪਣੀ ਮਤਵੇਈ ਯੇਗੋਰੋਵਿਚ ਦੇ ਮੂੰਹ ਉਤੇ ਇਹ ਸਵਾਲ ਲੈ ਆਉਂਦੀ ਹੈ:

"ਕਿਉਂ? ਕਾਲੇ ਵਾਲਾਂ ਵਾਲੀਆਂ ਨੂੰ ਪੀਲੇ ਕਪੜੇ ਨਹੀਂ ਪਾਉਣੇ ਚਾਹੀਦੇ?"

"ਮੈਂ ਰੰਗ ਦੀ ਗੱਲ ਨਹੀਂ ਕਰਦਾ, ਕੱਟ ਦੀ ਗੱਲ ਕਰਦਾ ਹਾਂ," ਸ਼ੀਸ਼ੇ ਦੀ ਪਲੇਟ ਵਿਚੋਂ ਬੜੀ ਸਫ਼ਾਈ ਨਾਲ ਆਪਣੀ ਪਲੇਟ ਵਿਚ ਕੁਝ ਮੁਰੱਬਾ ਪਾਉਂਦਾ ਹੋਇਆ ਨਿਕੋਲਾਈ ਪਿਤਰੋਵਿਚ ਸਪਸ਼ਟ ਕਰਦਾ ਹੈ।

"ਕੱਟ? ਇਹ ਦੂਜੀ ਗੱਲ ਏ," ਸਟੇਸ਼ਨ ਮਾਸਟਰ ਸਹਿਮਤ ਹੋ ਜਾਂਦਾ ਹੈ।

ਉਸਦੀ ਪਤਨੀ ਗੱਲਬਾਤ ਵਿਚ ਸ਼ਾਮਲ ਹੋ ਜਾਂਦੀ ਹੈ, ਕਿਉਂਕਿ ਇਹ ਵਿਸ਼ਾ ਉਸਦੇ ਦਿਲ ਨੂੰ ਪਿਆਰਾ ਤੇ ਉਸਦੇ ਦਿਮਾਗ਼ ਦੀ ਪਹੁੰਚ ਵਿਚ ਹੈ। ਪਰ ਕਿਉਂਕਿ ਇਹਨਾਂ ਲੋਕਾਂ ਦੀਆਂ ਬੁਧੀਆਂ ਡੂੰਘੀਆਂ ਨਹੀਂ, ਇਸ ਲਈ ਉਹਨਾਂ ਦੀ ਗੱਲਬਾਤ ਸੁਸਤ-ਚਾਲ ਲਮਕਵੀਂ ਜਿਹੀ ਹੁੰਦੀ ਹੈ ਤੇ ਉਹਨਾਂ ਦੇ ਭਾਵਾਂ ਨੂੰ ਨਹੀਂ ਛੂੰਹਦੀ।

ਬਾਰੀਆਂ ਵਿਚੋਂ ਸਤੇਪੀ ਦੇਖੀ ਜਾ ਸਕਦੀ ਹੈ, ਜਿਸ ਉਤੇ ਚੁੱਪ ਤਾਰੀ ਹੈ; ਤੇ ਆਕਾਸ਼, ਜਿਹੜਾ ਆਪਣੀ ਨਿਰਮਲਤਾ ਵਿਚ ਬੜਾ ਸ਼ਾਨਦਾਰ ਲਗਦਾ ਹੈ।

ਲਗਭਗ ਹਰ ਘੰਟੇ ਪਿਛੋਂ ਮਾਲ ਗੱਡੀਆਂ ਲੰਘਦੀਆਂ ਹਨ। ਇਹਨਾਂ ਸਾਰੀਆਂ ਗੱਡੀਆਂ ਦਾ ਅਮਲਾ ਪੁਰਾਣਾ ਜਾਣਿਆ-ਪਛਾਣਿਆ ਹੈ। ਇਹਨਾਂ ਦੇ ਗਾਰਡ ਉਂਘਲਾਉਂਦੇ ਜਿਹੇ ਹੁੰਦੇ ਨੇ, ਸਤੈਪੀ ਦੇ ਚੱਕਰ ਲਾ ਲਾ ਕੇ ਬੋਰ ਹੋਏ ਹੋਏ। ਬੇਸ਼ਕ, ਕਦੀ ਕਦੀ ਉਹ ਰੇਲ ਦੀ ਪਟੜੀ ਉਤੇ ਹੋਏ ਹਾਦਸਿਆਂ ਦੀਆਂ ਕਹਾਣੀਆਂ ਸੁਣਾਉਂਦੇ ਹਨ: ਫ਼ਲਾਣੀ ਫ਼ਲਾਣੀ ਥਾਂ ਕੋਈ ਬੰਦਾ ਮਾਰਿਆ ਗਿਆ। ਜਾਂ ਆਪਣੇ ਕੰਮ ਨਾਲ ਸੰਬੰਧਤ ਖ਼ਬਰਾਂ ਦੱਸਣ ਲਗ ਪੈਂਦੇ ਨੇ: ਫ਼ਲਾਣੇ ਫ਼ਲਾਣੇ ਨੂੰ ਜੁਰਮਾਨਾ ਹੋ ਗਿਐ, ਫ਼ਲਾਣੇ ਦੀ ਤਬਦੀਲੀ ਹੋ ਗਈ ਹੈ। ਇਹਨਾਂ ਖ਼ਬਰਾਂ ਉਤੇ ਬਹਿਸ ਨਹੀਂ ਕੀਤੀ ਜਾਂਦੀ; ਇਹਨਾਂ ਨੂੰ ਬਸ ਹੜੱਪ ਕਰ ਲਿਆ ਜਾਂਦੈ; ਜਿਸ ਤਰ੍ਹਾਂ ਕੋਈ ਪੇਟੂ ਕਿਸੇ ਦੁਰਲੱਭ ਤੇ ਸੁਆਦੀ ਖਾਣੇ ਨੂੰ ਹੜੱਪ ਲੈਂਦਾ ਹੈ।

ਹੌਲੀ ਹੌਲੀ ਸੂਰਜ ਸਤੈਪੀ ਦੇ ਕੰਢੇ ਨਾਲ ਹੇਠਾਂ ਜਾ ਲਗਦਾ ਹੈ, ਤੇ ਧਰਤੀ ਦੇ ਨੇੜੇ ਆਉਂਦਾ ਆਉਂਦਾ ਲਾਲ-ਸੂਹਾ ਹੋਈ ਜਾਂਦਾ ਹੈ। ਇਕ ਲਾਲ ਜਿਹੀ ਚਮਕ ਸਤੈਪੀ ਦੀ ਹਰ ਚੀਜ਼ ਉਤੇ ਪੈਂਦੀ ਹੈ, ਜਿਸ ਨਾਲ ਇਕ ਸਿੱਕ ਜਿਹੀ ਬੀਆਬਾਨ ਤੋਂ ਪਰੇ ਦੀਆਂ ਚੁੜਿੱਤਣਾਂ ਦੀ ਖਿੱਚ—ਪੈਦਾ ਹੋ ਜਾਂਦੀ ਹੈ। ਆਖ਼ਰ ਸੂਰਜ ਦੁਮੇਲ ਨੂੰ ਜਾ ਛੂੰਹਦਾ ਹੈ ਤੇ ਨਿਸੱਤਾ ਜਿਹਾ ਹੋ ਕੇ ਇਸ ਵਿਚ ਜਾਂ ਇਸ ਪਿੱਛੇ ਜਾ ਡਿਗਦਾ ਹੈ। ਉਸਤੋਂ ਬਹੁਤ ਸਮਾਂ ਪਿਛੋਂ ਤੱਕ ਸੰਧਿਆ ਦੇ ਚਾਨਣ ਦੇ ਚਮਕੀਲੇ ਰੰਗ ਆਕਾਸ਼ ਵਿਚ ਮਧਮ ਜਿਹਾ ਸੰਗੀਤ ਵਰਜਾਉਂਦੇ ਰਹਿੰਦੇ ਹਨ, ਪਰ ਜਿਉਂ ਜਿਉਂ ਨਿੱਘੀ ਤੇ ਬੇਆਵਾਜ਼ ਸੰਧਿਆ ਗੂੜ੍ਹੀ ਹੋਈ ਜਾਂਦੀ ਹੈ, ਇਹ ਸੰਗੀਤ ਹੋਰ ਧੀਮਾ ਹੋਈ

ਜਾਂਦਾ ਹੈ। ਤਾਰੇ ਨਿਕਲ ਆਉਂਦੇ ਹਨ, ਕੰਬਦੇ ਕੰਬਦੇ, ਜਿਵੇਂ ਕਿ ਧਰਤੀ ਉਤੇ ਅਕੇਵੇਂ ਤੋਂ ਡਰ ਰਹੇ ਹੋਣ।

ਸੰਧਿਆ ਦੇ ਹਨੇਰੇ ਵਿਚ ਸਤੈਪੀ ਸੁੰਗੜ ਗਿਆ ਲਗਦਾ ਹੈ; ਰਾਤ ਦੇ ਪ੍ਰਛਾਵੇਂ ਚੁੱਪ-ਚਾਪ ਸਭ ਪਾਸਿਆਂ ਤੋਂ ਸਟੇਸ਼ਨ ਵੱਲ ਰੀਂਗਦੇ ਆਉਂਦੇ ਨੇ। ਤੇ ਫਿਰ ਰਾਤ ਪੈ ਜਾਂਦੀ ਹੈ—ਕਾਲੀ-ਬੋਲੀ ਤੇ ਸੋਗਮਈ।

ਸਟੇਸ਼ਨ ਉਤੇ ਬੱਤੀਆ ਜਗਾ ਦਿਤੀਆਂ ਜਾਂਦੀਆਂ ਹਨ। ਬਾਕੀ ਸਾਰੀਆਂ ਬੱਤੀਆਂ ਨਾਲੋਂ ਤੇਜ਼ ਤੇ ਉੱਚੀ ਬੱਤੀ ਹਰੇ ਸਿਗਨਲ ਦੀ ਹੁੰਦੀ ਹੈ, ਜਿਹੜੀ ਹਨੇਰੇ ਤੇ ਚੁੱਪ ਵਿਚ ਘਿਰੀ ਹੁੰਦੀ ਹੈ।

ਸਮੇਂ ਸਮੇਂ ਘੰਟੀ ਵਜਦੀ ਹੈ, ਤੇ ਗੱਡੀ ਦੇ ਆਉਣ ਦੀ ਸੂਚਨਾ ਦੇਂਦੀ ਹੈ; ਘੰਟੀ ਦੀ ਕਾਹਲੀ ਕਾਹਲੀ ਆਵਾਜ਼ ਸਤੈਪੀ ਵਿਚ ਪਹੁੰਚ ਜਾਂਦੀ ਹੈ ਤੇ ਉਥੇ ਜਾ ਕੇ ਖ਼ਤਮ ਹੋ ਜਾਂਦੀ ਹੈ।

ਘੰਟੀ ਵੱਜਣ ਤੋਂ ਜਲਦੀ ਹੀ ਮਗਰੋਂ, ਹਨੇਰੀਆਂ ਚੁੜਿੱਤਣਾਂ ਵਿਚੋਂ ਲਾਲ ਚਮਕਦੀ ਰੌਸ਼ਨੀ ਨੱਠੀ ਆਉਂਦੀ ਦਿਸਦੀ ਹੈ ਤੇ ਹਨੇਰੇ ਵਿਚ ਲਪੇਟੇ ਕੱਲੇਕਾਰੇ ਸਟੇਸ਼ਨ ਵੱਲ ਨੂੰ ਆ ਰਹੀ ਗੱਡੀ ਦੀ ਗੜਗੜਾਹਟ ਸਤੈਪੀ ਦੀ ਚੁੱਪ ਨੂੰ ਭੰਗ ਕਰ ਦੇਂਦੀ ਹੈ।

ਸਟੇਸ਼ਨ ਦੇ ਛੋਟੇ ਜਿਹੇ ਸਮਾਜ ਦੀਆਂ ਹੇਠਲੀਆਂ ਜਮਾਤਾਂ ਕੁਲੀਨ ਵਰਗ ਨਾਲੋਂ ਵਖਰੀ ਤਰ੍ਹਾਂ ਰਹਿੰਦੀਆਂ ਸਨ। ਲੂਕਾ ਨੂੰ ਆਪਣੀ ਪਤਨੀ ਤੇ ਭਰਾ ਕੋਲ ਨੱਠ ਜਾਣ ਦੀ ਇੱਛਾ ਨਾਲ ਨਿਰੰਤਰ ਘੋਲ ਕਰਨਾ ਪੈਂਦਾ, ਜਿਹੜੇ ਸਟੇਸ਼ਨ ਤੋਂ ਸੱਤ ਵਰਸਤ ਦੂਰ ਰਹਿੰਦੇ ਸਨ। ਉਥੇ ਉਸਦਾ "ਘਰ-ਘਾਟ" ਸੀ, ਜਿਵੇਂ ਕਿ ਉਹ ਆਮ ਤੌਰ ਤੇ ਗੋਮੋਜ਼ੋਵ ਨੂੰ ਕਿਹਾ ਕਰਦਾ ਸੀ, ਜਦੋਂ ਵੀ ਉਹ ਇਸ ਚੁੱਪ-ਗੜੁੱਪ ਤੇ ਮੀਸਣੇ ਕਾਂਟੇ ਵਾਲੇ ਨੂੰ ਆਪਣੀ ਥਾਂ "ਡਿਊਟੀ ਕਰਨ ਲਈ" ਕਹਿੰਦਾ।

"ਘਰ-ਘਾਟ" ਸ਼ਬਦ ਉਤੇ ਗੋਮੋਜ਼ੋਵ ਹਮੇਸ਼ਾ ਲੰਮਾਂ ਜਿਹਾ ਠੰਡਾ ਸਾਹ ਭਰਦਾ ਤੇ ਲੂਕਾ ਨੂੰ ਕਹਿੰਦਾ:

"ਠੀਕ ਹੈ, ਜਾਹ ਫਿਰ, ਘਰ-ਘਾਟ ਦਾ ਤਾਂ ਖ਼ਿਆਲ ਰਖਣਾ ਹੀ ਪੈਂਦੈ, ਇਹਦੇ ਵਿਚ ਕੀ ਸ਼ੱਕ ਏ..."

ਪਰ ਦੂਜਾ ਕਾਂਟੇ ਵਾਲਾ—ਅਫ਼ਾਨਾਸੀ ਯਾਗੋਦਕਾ, ਧੌਲੇ ਖੁਰਦਰੇ ਵਾਲਾਂ ਨਾਲ ਢੱਕੇ ਹੋਏ ਗੋਲ ਲਾਲ ਮੂੰਹ ਵਾਲਾ ਬੁਢਾ ਸਿਪਾਹੀ—ਮਜ਼ਾਕ ਉਡਾਉਣ ਵਾਲਾ ਤੇ ਗ਼ੁਸੈਲ ਸੀ; ਉਹ ਲੂਕਾ ਉਤੇ ਯਕੀਨ ਨਹੀਂ ਸੀ ਕਰਦਾ।

"ਘਰ-ਘਾਟ!" ਉਹ ਮਜ਼ਾਕ ਉਡਾਉਂਦਾ ਹੋਇਆ ਕਹਿੰਦਾ। "ਵਹੁਟੀ? ਮੈਨੂੰ ਪਤੈ, ਕੀ ਹੁੰਦੀ ਏ।... ਪਰ ਤੇਰੀ ਵਹੁਟੀ—ਕੀ ਉਹ ਵਿਧਵਾ ਹੈ? ਜਾਂ ਫ਼ੌਜੀ ਦੀ ਘਰ ਵਾਲੀ ਹੈ?"

"ਤੂੰ ਕਬੂਤਰਾਂ ਦੇ ਜਰਨੈਲ!" ਲੂਕਾ ਉਸਨੂੰ ਕਾਟਵੇਂ ਢੰਗ ਨਾਲ ਕੂਕ ਕੇ ਕਹਿੰਦਾ।

ਉਹ ਯਾਗੋਦਕਾ ਨੂੰ ਕਬੂਤਰਾਂ ਦਾ ਜਰਨੈਲ ਇਸ ਲਈ ਕਹਿੰਦਾ ਸੀ ਕਿ ਬੁੱਢੇ ਸਿਪਾਹੀ ਨੂੰ ਪੰਛੀਆਂ ਨਾਲ ਬਹੁਤ ਪਰੇਮ ਸੀ। ਉਸਦੇ ਨਿੱਕੇ ਜਿਹੇ ਘਰ ਦੇ ਅੰਦਰ ਬਾਹਰ ਪਿੰਜਰੇ ਲਟਕੇ ਹੁੰਦੇ ਸਨ ਤੇ ਪੰਛੀਆਂ ਦੇ ਬੈਠਣ ਲਈ ਥਾਵਾਂ ਬਣੀਆਂ ਹੁੰਦੀਆਂ ਸਨ; ਤੇ ਸਾਰਾ ਦਿਨ, ਘਰ ਦੇ ਅੰਦਰ ਤੇ ਚਾਰ-ਚੁਫੇਰੇ ਪੰਛੀਆਂ ਦਾ ਚੀਕ-ਚਿਹਾੜਾ ਸੁਣਾਈ ਦੇਂਦਾ ਰਹਿੰਦਾ ਸੀ। ਸਿਪਾਹੀ ਦੇ ਫਾਹੇ ਹੋਏ ਬਟੇਰੇ ਅਕਾਵੇਂ ਢੰਗ ਨਾਲ ਤੇ ਇਕਸਾਰ "ਚੀਂ-ਚਰੀਂ" ਕਰੀ ਜਾਂਦੇ, ਮੈਨਾ ਲੰਮੀਆਂ ਲੰਮੀਆਂ ਤਕਰੀਰਾਂ ਕਰਦੀਆਂ ਰਹਿੰਦੀਆਂ, ਸਭ ਰੰਗਾਂ ਦੇ ਨਿਕੇ ਨਿਕੇ ਪੰਛੀ ਝਾਕਦੇ ਰਹਿੰਦੇ, ਚੀਂ-ਚੀਂ ਕਰਦੇ ਰਹਿੰਦੇ ਤੇ ਅਣਥੱਕ ਤੌਰ ਉਤੇ ਗਾਉਂਦੇ ਰਹਿੰਦੇ, ਤੇ ਇਉਂ ਸਿਪਾਹੀ ਦੇ ਇਕਲਾਪੇ ਜੀਵਨ ਨੂੰ ਖ਼ੁਸ਼ੀ ਨਾਲ ਭਰਦੇ ਰਹਿੰਦੇ, ਉਹ ਆਪਣਾ ਸਾਰਾ ਵਿਹਲਾ ਸਮਾਂ ਉਹਨਾਂ ਉਤੇ ਖ਼ਰਚ ਕਰ ਦੇਂਦਾ, ਪਰ ਪੰਛੀਆਂ ਵੱਲ ਏਨੀ ਫਿਕਰਮੰਦੀ ਤੇ ਲਗਣ ਦਿਖਾਉਂਦਾ ਹੋਇਆ, ਉਹ ਸਟੇਸ਼ਨ ਦੇ ਆਪਣੇ ਸਾਥੀਆਂ ਵਿਚ ਜ਼ਰਾ ਦਿਲਚਸਪੀ ਨਾ ਵਿਖਾਉਂਦਾ। ਉਹ ਲੂਕਾ ਨੂੰ ਸੱਪ ਕਹਿੰਦਾ ਤੇ ਗੋਮੋਜ਼ੋਵ ਨੂੰ ਕਤਸਪ, ਤੇ ਉਹਨਾਂ ਦੇ ਮੂੰਹ ਉਤੇ ਉਹਨਾਂ ਨੂੰ "ਰੰਨਾਂ ਦੇ ਪਿਛਲੱਗ" ਕਹਿੰਦਾ ਜਿਸ ਲਈ, ਉਸਦੇ ਖ਼ਿਆਲ ਵਿਚ, ਉਹਨਾਂ ਨੂੰ ਚੰਗੀ ਕੁੱਟ ਪੈਣੀ ਚਾਹੀਦੀ ਸੀ।

ਆਮ ਤੌਰ ਤੇ ਲੂਕਾ ਉਹਦੇ ਕਹਿਣ ਵੱਲ ਬਹੁਤਾ ਧਿਆਨ ਨਾ ਦੇਂਦਾ, ਪਰ ਜਦੋਂ ਸਿਪਾਹੀ ਹੱਦੋਂ ਵਧ ਜਾਂਦਾ ਤਾਂ ਲੂਕਾ ਉਸਨੂੰ ਕਿੰਨਾਂ ਚਿਰ ਤੇ ਬਦਲੇ ਦੀ ਭਾਵਨਾ ਨਾਲ ਡਾਂਟਦਾ ਰਹਿੰਦਾ:

"ਤੂੰ ਕਿਲੇ ਦੇ ਚੂਹੇ, ਅਧ-ਕੁਤਰੇ ਗੋਗਲੂ! ਤੈਨੂੰ ਸਮਝ ਹੀ ਕੀ ਹੈ, ਰਟੈਰ ਹੋਏ ਬੱਕਰੇ ਦੇ ਢੋਲਚੀ! ਸਾਰੀ ਜ਼ਿੰਦਗੀ ਤੂੰ ਤੋਪਾਂ ਹੇਠੋਂ ਡੱਡੂ ਕਢਦਾ ਰਿਹੈਂ ਤੇ ਆਪਣੀ ਪਲਟਨ ਦੀ ਬੰਦ-ਗੋਭੀ ਦੀ ਰਾਖੀ ਕਰਦਾ ਰਿਹੈ। ਦੂਜਿਆਂ ਨੂੰ ਗੱਲਾਂ ਕਰਨ ਜੋਗਾ ਤੂੰ ਕਿਥੋਂ ਹੋ ਗਿਆ? ਜਾਹ ਨੂੰ ਆਪਣੇ ਬਟੇਰਿਆਂ ਕੋਲ, ਵਡੇ ਚਿੜੀਆਂ ਦੇ ਜਰਨੈਲ!"

ਇਹੋ ਜਿਹੀ ਵਾਛੜ ਨੂੰ ਸ਼ਾਂਤੀ ਨਾਲ ਸੁਣਨ ਤੋਂ ਪਿਛੋਂ ਯਾਗੋਦਕਾ ਸਟੇਸ਼ਨ ਮਾਸਟਰ ਕੋਲ ਸ਼ਿਕਾਇਤ ਕਰਨ ਚਲਾ ਜਾਂਦਾ, ਤੇ ਉਹ ਅਗੋਂ ਚੀਖ ਕੇ ਉਸਨੂੰ ਕਹਿੰਦਾ ਕਿ ਉਹਦੇ ਕਰਨ ਜੋਗੇ ਹੋਰ ਜ਼ਿਆਦਾ ਜ਼ਰੂਰੀ ਕੰਮ ਪਏ ਨੇ, ਤੇ ਉਸਨੂੰ ਬਾਹਰ ਕੱਢ ਦੇਂਦਾ। ਇਹ ਸੁਣਕੇ ਯਾਗੋਦਕਾ ਲੂਕਾ ਨੂੰ ਲੱਭਣ ਚਲਾ ਜਾਂਦਾ ਤੇ ਉਸਨੂੰ ਆਪ ਜਾ ਕੇ ਗਾਲ੍ਹਾਂ ਕਢਣ ਲਗ ਪੈਂਦਾ—ਆਰਾਮ ਨਾਲ, ਬਿਨਾਂ ਗਰਮ ਹੋਇਆਂ, ਏਨੇ ਭਾਰੇ ਭਾਰੇ ਫੱਕੜ ਤੋਲਦਾ ਹੋਇਆ ਕਿ ਲੂਕਾ ਆਪਣੇ ਕੰਨਾਂ ਵਿਚ ਉਂਗਲਾਂ ਦੇ ਕੇ ਉਥੋਂ ਨੱਠ ਉਠਦਾ।

ਜੇ ਸਿਪਾਹੀ ਗੋਮੋਜ਼ੋਵ ਦੀਆਂ ਕਰਤੂਤਾਂ ਲਈ ਉਸਨੂੰ ਕੁਝ ਕਹਿੰਦਾ, ਤਾਂ ਉਹ ਠੰਡਾ ਸਾਹ ਭਰਦਾ ਤੇ ਘਬਰਾਹਟ ਜਿਹੀ ਵਿਚ ਆਪਣੇ ਆਪ ਨੂੰ ਠੀਕ ਸਿਧ ਕਰਨ ਦੀ ਕੋਸ਼ਿਸ਼ ਕਰਦਾ।

"ਕੀ ਕੀਤਾ ਜਾ ਸਕਦੈ? ਕੁਝ ਨਹੀਂ ਕੀਤਾ ਜਾ ਸਕਦਾ, ਸਚਮੁਚ।... ਠੀਕ ਹੈ ਕਿ ਇਹ ਸ਼ੈਤਾਨੀ ਹੈ... ਪਰ ਤਾਂ ਵੀ... ਕਹਿੰਦੇ ਹੁੰਦੇ ਨੇ ਨਾ, ਦੂਜਿਆਂ ਦੇ ਨੁਕਸ ਨਾ ਕਢੋ, ਤਾਂ ਤੁਹਾਡੇ ਵੀ ਕੋਈ ਨਹੀਂ ਕਢੇਗਾ।"

ਇਕ ਦਿਨ ਸਿਪਾਹੀ ਨੇ ਜ਼ਰਾ ਕੁ ਹਸਦਿਆਂ ਉਸਦੀ ਇਸ ਗੱਲ ਦਾ ਜਵਾਬ ਦਿਤਾ:

"ਉਹ ਪੁਰਾਣਾ ਨੁਸਖ਼ਾ ਸਭ ਰੋਗਾਂ ਦਾ! ਨੁਕਸ ਨਾ ਕਢੋ,... ਨੁਕਸ ਨਾ ਕਢੋ... ਤੇ ਜੇ ਨੁਕਸ ਹੀ ਨਹੀਂ ਕਢਣੇ ਤਾਂ ਲੋਕੀਂ ਫਿਰ ਗੱਲਾਂ ਕਾਹਦੇ ਬਾਰੇ ਕਰਨਗੇ!"

ਸਟੇਸ਼ਨ ਮਾਸਟਰ ਦੀ ਪਤਨੀ ਤੋਂ ਛੁੱਟ ਸਟੇਸ਼ਨ ਉਤੇ ਇਕ ਹੋਰ ਵੀ ਔਰਤ ਸੀ। ਇਹ ਸੀ ਰਸੋਈ ਦਾ ਕੰਮ ਕਰਨ ਵਾਲੀ, ਆਰੀਨਾ। ਉਹ ਲਗਭਗ ਚਾਲ੍ਹੀ ਸਾਲਾਂ ਦੀ ਸੀ ਤੇ ਬੇਹਦ ਬਦਸੂਰਤ—ਮਧਰੀ ਤੇ ਗਠੀ ਹੋਈ, ਲੰਮੀਆਂ ਝੂਲਦੀਆਂ ਛਾਤੀਆਂ, ਤੇ ਹਮੇਸ਼ਾ ਗੰਦੀ ਤੇ ਅਣਸੰਵਰੀ। ਉਹ ਬੱਤਖ਼ ਦੀ ਚਾਲ ਚਲਦੀ ਤੇ ਉਸਦੇ ਮਾਤਾ ਦੇ ਦਾਗਾਂ ਭਰੇ ਚਿਹਰੇ ਵਿਚ ਚਮਕਦੀਆਂ ਅੱਖਾਂ ਦੀਆਂ ਝੀਥਾਂ ਵਿਚ ਕੋਈ ਸਹਿਮੀ ਸਹਿਮੀ ਜਿਹੀ ਨਜ਼ਰ ਹੁੰਦੀ। ਉਸਦੀ ਭੱਦੀ ਜਿਹੀ ਬਣਤਰ ਵਿਚ ਕੁਝ ਡਰੂ-ਡਰੂ ਜਿਹਾ, ਗ਼ੁਲਾਮਾਂ ਵਰਗਾ ਹੁੰਦਾ। ਉਹ ਆਪਣੇ ਮੋਟੇ ਮੋਟੇ ਬੁਲ੍ਹਾਂ ਨੂੰ ਹਮੇਸ਼ਾ ਸੁੰਗੇੜ ਕੇ ਰਖਦੀ, ਜਿਵੇਂ ਉਹ ਹਰ ਇਕ ਤੋਂ ਮੁਆਫ਼ੀ ਮੰਗਣਾ ਚਾਹੁੰਦੀ ਹੋਵੇ—ਜਿਵੇਂ ਉਹ ਲੋਕਾਂ ਸਾਮ੍ਹਣੇ ਗਿੜਗਿੜਾਉਣਾ ਚਾਹੁੰਦੀ ਹੋਵੇ, ਪਰ ਰੋਣ ਤੋਂ ਡਰਦੀ ਹੋਵੇ। ਅੱਠ ਮਹੀਨੇ ਗੋਮੋਜ਼ੋਵ ਉਸ ਵੱਲ ਬਿਨਾਂ ਕੋਈ ਖ਼ਾਸ ਧਿਆਨ ਦਿਤਿਆਂ ਰਹਿੰਦਾ ਰਿਹਾ। ਉਹ ਲੰਘਦਾ ਜਾਂਦਾ ਉਸਨੂੰ "ਹੱਲੋ" ਕਹਿ ਛਡਦਾ, ਉਹ ਵੀ ਉਸੇਤਰ੍ਹਾਂ ਉਸਦਾ ਜਵਾਬ ਦੇ ਛਡਦੀ, ਕੋਈ ਇਕ ਅੱਧੀ ਗੱਲ ਕਰਦੇ ਤੇ ਫਿਰ ਆਪੋ ਆਪਣੇ ਰਾਹ ਤੁਰ ਜਾਂਦੇ। ਪਰ ਇਕ ਦਿਨ ਗੋਮੋਜ਼ੋਵ ਸਟੇਸ਼ਨ ਮਾਸਟਰ ਦੀ ਰਸੋਈ ਵਿਚ ਗਿਆ ਤੇ ਆਰੀਨਾ ਨੂੰ ਕਹਿਣ ਲੱਗਾ ਕਿ ਕੁਝ ਕਮੀਜ਼ਾਂ ਬਣਾ ਦੇ। ਉਹ ਸਹਿਮਤ ਹੋ ਗਈ ਤੇ ਜਦੋਂ ਤਿਆਰ ਹੋ ਗਈਆਂ ਤਾਂ ਉਹ ਆਪ ਲੈ ਕੇ ਉਸ ਕੋਲ ਗਈ।

"ਸ਼ੁਕਰੀਆ", ਗੋਮੋਜ਼ੋਵ ਬੋਲਿਆ। "ਤਿੰਨ ਕਮੀਜ਼ਾਂ, ਇਕ ਕਮੀਜ਼ ਦੇ ਦਸ ਕੋਪੇਕ, ਇਹ ਹੋ ਗਏ ਤੀਹ ਕੋਪਕ, ਹੈਂ ਨਾ?"

"ਮੇਰਾ ਖ਼ਿਆਲ ਏ," ਆਰੀਨਾ ਬੋਲੀ।

ਗੋਮੋਜ਼ੋਵ ਸੋਚਣ ਲਗ ਪਿਆ।

"ਤੂੰ ਕਿਹੜੇ ਗੁਬੇਰਨੀਆ ਤੋਂ ਏਂ?" ਆਖ਼ਰ ਉਹ ਇਸ ਔਰਤ ਨੂੰ ਕਹਿਣ ਲਗਾ, ਜਿਸਨੇ ਇਹ ਸਾਰਾ ਸਮਾਂ ਆਪਣੀਆਂ ਅੱਖਾਂ ਉਸਦੀ ਦਾੜ੍ਹੀ ਉਤੇ ਗੱਡੀ ਰਖੀਆਂ ਸਨ।

"ਰਿਆਜ਼ਾਨ," ਉਹ ਬੋਲੀ।

"ਬਹੁਤ ਦੂਰ ਏ। ਤੂੰ ਏਥੇ ਆਈ ਕਿੱਦਾਂ?"

"ਮੈਨੂੰ ਨਹੀਂ ਪਤਾ। ਮੈਂ ਇਕੱਲੀ ਹਾਂ। ਮੇਰਾ ਕੋਈ ਵੀ ਨਹੀਂ।"

"ਇਸ ਕਰਕੇ ਤਾਂ ਬੰਦਾ ਹੋਰ ਵੀ ਦੂਰ ਜਾਣ ਲਈ ਤਿਆਰ ਹੋ ਜਾਂਦੈ," ਗੋਮੋਜ਼ੋਵ ਨੇ ਠੰਡਾ ਸਾਹ ਭਰਿਆ।

ਤੇ ਦੋਵੇਂ ਫਿਰ ਕਿੰਨਾਂ ਚਿਰ ਚੁੱਪ ਕੀਤੇ ਰਹੇ।

"ਮੇਰੀ ਵੀ ਇਹੋ ਗੱਲ ਏ। ਮੈਂ ਨੀਜ਼ਨੀ ਨੋਵਗੋਰੋਦ ਤੋਂ ਹਾਂ। ਸਿਰਗਾਚ ਉਯੇਜ਼ਦ," ਗੋਮੋਜ਼ੋਵ ਕੁਝ ਸਮੇਂ ਮਗਰੋਂ ਬੋਲਿਆ। "ਮੈਂ ਵੀ ਇਕੱਲਾ ਹਾਂ। ਬਿਲਕੁਲ ਕੋਈ ਨਹੀਂ। ਪਰ ਕਦੀ ਮੇਰਾ ਘਰ ਹੁੰਦਾ ਸੀ, ਬੀਵੀ ਹੁੰਦੀ ਸੀ ਤੇ ਬੱਚੇ ਹੁੰਦੇ ਸਨ। ਦੋ। ਮੇਰੀ ਬੀਵੀ ਹੈਜ਼ੇ ਨਾਲ ਮਰ ਗਈ, ਤੇ ਬੱਚੇ ਬਸ ਏਸੇ ਤਰ੍ਹਾਂ ਹੀ ਚਲਦੇ ਹੋਏ।... ਤੇ ਮੈਂ ... ਮੈਂ ਕਲੇਸ਼ ਨਾਲ ਆਪਣੇ ਆਪ ਨੂੰ ਗਾਲਣ ਲਗਾ। ਹਾਂ... ਆਂ...। ਮਗਰੋਂ, ਮੈਂ ਜ਼ਿੰਦਗੀ ਮੁੜ ਨਵੇਂ ਸਿਰਿਉਂ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਵਿਅਰਥ। ਮਸ਼ੀਨ ਦੇ ਪੇਚ ਢਿਲੇ ਹੋ ਚੁਕੇ ਸਨ, ਹੁਣ ਇਹ ਕੰਮ ਨਹੀਂ ਸੀ ਕਰਦੀ। ਸੋ ਮੈਂ ਤੁਰ ਪਿਆ—ਆਪਣੇ ਰਾਹ, ਜਿਧਰ ਨੂੰ ਜਿਥੋਂ ਤੱਕ ਜਾ ਸਕਦਾ ਸਾਂ। ਤੇ ਹੁਣ ਤੀਜਾ ਸਾਲ ਜਾਂਦੈ..."

"ਭੈੜਾ ਹਾਲ ਹੁੰਦੈ, ਜਦੋਂ ਕੋਈ ਆਪਣਾ ਆਲ੍ਹਣਾ ਨਾ ਹੋਵੇ ਤਾਂ," ਹੌਲੀ ਜਿਹੀ ਆਰੀਨਾ ਬੋਲੀ।

"ਹਾਂ, ਬਹੁਤ ਭੈੜਾ। ਤੂੰ ਵਿਧਵਾ ਏਂ?"

"ਕੁਆਰੀ..."

"ਵੇਖ ਖਾਂ!" ਗੋਮੋਜ਼ੋਵ ਨੇ ਬੇਝਿਜਕ ਸ਼ੱਕ ਜ਼ਾਹਰ ਕੀਤਾ।

"ਧਰਮ ਨਾਲ, ਕੁੰਆਰੀ ਹਾਂ," ਆਰੀਨਾ ਨੇ ਯਕੀਨ ਦੁਆਇਆ।

"ਤੂੰ ਵਿਆਹ ਕਿਉਂ ਨਾ ਕਰਾਇਆ?"

"ਮੈਨੂੰ ਕੌਣ ਲੈਂਦਾ? ਮੇਰੇ ਵਿਚ ਹੈ ਹੀ ਕੀ... ਕਿਸੇ ਨੂੰ ਕੀ ਪਈ ਏ ਮੇਰੇ ਨਾਲ ਵਿਆਹ ਕਰਾਏ... ਤੇ ਫੇਰ ਮੈਂ ਕਿੰਨੀਂ ਬਦਸ਼ਕਲ ਹਾਂ..."

"ਹੂੰ...," ਗੋਮੋਜ਼ੋਵ ਨੇ ਸੋਚਦੇ ਹੋਏ ਨੇ ਲਮਕਾਵੇਂ ਅੰਦਾਜ਼ ਵਿਚ ਰਿਹਾ, ਤੇ ਦਾੜ੍ਹੀ ਉਤੇ ਹੱਥ ਫੇਰਦਾ ਹੋਇਆ ਉਸਦੀ ਗਹੁ ਨਾਲ ਜਾਂਚ ਕਰਨ ਲਗਾ। ਫਿਰ ਉਹ ਉਸਨੂੰ ਪੁੱਛਣ ਲੱਗਾ ਕਿ ਉਹਨੂੰ ਕਿੰਨੇਂ ਪੈਸੇ ਮਿਲਦੇ ਨੇ।

"ਢਾਈ..."

"ਸੋ। ਤਾਂ ਮੈਂ ਤੇਰੇ ਤੀਹ ਕੋਪੇਕ ਦੇਣੇ ਹੋਏ, ਹੈ?

"ਦੇਖ, ਅੱਜ ਰਾਤੀਂ ਆ ਕੇ ਇਹ ਲੈ ਜਾਈਂ। ਦਸ ਕੁ ਵਜੇ, ਠੀਕ? ਤੇ ਮੈਂ ਤੈਨੂੰ ਪੈਸੇ ਦੇ ਦੇਵਾਂਗਾ.... ਕੱਪ ਕੱਪ ਚਾਹ ਦਾ ਪੀਆਂਗੇ, ਅਕੇਵਾਂ ਦੂਰ ਕਰਨ ਲਈ ਕੁਝ ਗੱਲਾਂ ਕਰਾਂਗੇ... ਅਸੀਂ ਦੋਵੇਂ ਹੀ ਕੱਲੇ-ਕਾਰੇ ਹਾਂ। ਜ਼ਰੂਰ ਆਈਂ!"

"ਆਵਾਂਗੀ," ਉਸਨੇ ਸਾਦੇ ਜਿਹੇ ਅੰਦਾਜ਼ ਵਿਚ ਕਿਹਾ ਤੇ ਚਲੀ ਗਈ।

ਫਿਰ, ਠੀਕ ਦੱਸ ਵਜੇ ਉਹ ਉਹਦੇ ਕੋਲ ਆ ਗਈ ਤੇ ਸਵੇਰੇ ਪਹੁ-ਫੁਟਾਲਾ ਹੋ ਚੁਕਾ ਸੀ; ਜਦੋਂ ਗਈ।

ਗੋਮੋਜ਼ੋਵ ਨੇ ਉਸਨੂੰ ਮੁੜ ਕੇ ਆਉਣ ਦਾ ਸੱਦਾ ਨਾ ਦਿਤਾ ਤੇ ਨਾ ਹੀ ਉਸਦੇ ਤੀਹ ਕੋਪੇਕ ਉਸਨੂੰ ਦਿਤੇ। ਉਹ ਆਪਣੀ ਮਰਜ਼ੀ ਨਾਲ ਮੁੜ ਕੇ ਆਈ। ਮੂਰਖ ਤੇ ਆਜਿਜ਼, ਉਹ ਉਸ ਕੋਲ ਆਈ ਤੇ ਚੁੱਪ-ਚਾਪ ਉਸਦੇ ਸਾਮ੍ਹਣੇ ਖੜੋ ਗਈ। ਉਹ ਮੰਜੇ ਉਤੇ ਪਿਆ ਉਸ ਵੱਲ ਵੇਖਦਾ ਰਿਹਾ ਤੇ ਕੰਧ ਵੱਲ ਨੂੰ ਸਰਕਦਾ ਹੋਇਆ, ਬੋਲਿਆ:

"ਬਹਿ ਜਾ।"

ਜਦੋਂ ਉਹ ਬੈਠ ਗਈ ਤਾਂ ਉਸਨੂੰ ਕਹਿਣ ਲਗਾ:

"ਸੁਣ, ਇਸਨੂੰ ਲੁਕਾ ਕੇ ਰਖੀਂ। ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਾ ਲਗੇ, ਸੁਣਦੀ ਏਂ? ਮੇਰੇ ਲਈ ਮੁਸੀਬਤ ਆ ਜਾਏਗੀ। ਮੈਂ ਹੁਣ ਕੋਈ ਜਵਾਨ ਨਹੀਂ, ਤੇ ਨਾ ਹੀ ਤੂੰ ਏਂ, ਸਮਝੀ?"

ਉਸਨੇ ਸਹਿਮਤੀ ਵਿਚ ਸਿਰ ਹਿਲਾ ਦਿਤਾ।

ਬਾਹਰ ਨੂੰ ਤੋਰਦਿਆਂ ਉਸਨੇ ਆਪਣੇ ਕੁਝ ਕੱਪੜੇ ਉਸਨੂੰ ਤੋਪਾ ਲਾਉਣ ਲਈ ਦਿਤੇ।

"ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਾ ਲਗੇ," ਉਸਨੇ ਇਕ ਵਾਰੀ ਫਿਰ ਉਸਨੂੰ ਯਾਦ ਕਰਾਇਆ।

ਤੇ ਇਉਂ ਸਾਰਿਆਂ ਤੋਂ ਆਪਣੇ ਸੰਬੰਧਾਂ ਨੂੰ ਲੁਕਾਉਂਦਿਆਂ ਹੋਇਆਂ, ਉਹ ਇਕੱਠੇ ਰਹਿੰਦੇ ਰਹੇ।

ਰਾਤ ਨੂੰ ਉਹ ਉਸ ਕੋਲ ਚੋਰੀ-ਛੁਪੇ ਆ ਜਾਂਦੀ। ਉਹ ਬੜੇ ਅਹਿਸਾਨ ਕਰਦੇ ਤਰੀਕੇ ਨਾਲ ਉਸਦਾ ਸੁਆਗਤ ਕਰਦਾ, ਜਿਵੇਂ ਉਹ ਉਸਦਾ ਮਾਲਕ ਹੋਵੇ। ਤੇ ਕਦੀ ਕਦੀ ਸਾਫ਼ ਸਾਫ਼ ਕਹਿ ਦੇਂਦਾ,

"ਮੂੰਹ ਤੇਰਾ ਕਿੰਨਾਂ ਭੈੜਾ ਏ!"

ਉਹ ਸਿਰਫ਼ ਮੁਸਕ੍ਰਾ ਛਡਦੀ, ਹਲਕਾ ਜਿਹਾ ਤੇ ਮੁਆਫ਼ੀ ਮੰਗਦੇ ਅੰਦਾਜ਼ ਨਾਲ, ਤੇ ਜਾਣ ਲਗੀ ਉਸਦੇ ਕੰਮ ਦਾ ਪਲੰਦਾ ਆਪਣੇ ਨਾਲ ਲੈ ਜਾਂਦੀ।

ਉਹ ਇਕ ਦੂਜੇ ਨੂੰ ਅਕਸਰ ਹੀ ਨਹੀਂ ਸਨ ਮਿਲਦੇ। ਪਰ ਕਦੀ ਕਦੀ

ਜਦੋਂ ਉਹ ਸਟੇਸ਼ਨ ਉਤੇ ਮਿਲਦੇ, ਤਾਂ ਉਹ ਉਸਦੇ ਕੰਨ ਵਿਚ ਕਹਿ ਜਾਂਦਾ:

"ਅੱਜ ਰਾਤੀਂ ਆਈਂ।"

ਤੇ ਉਹ ਆਗਿਆ ਮੰਨਦੀ ਹੋਈ ਤੇ ਆਪਣੇ ਮਾਤਾ ਦੇ ਦਾਗ਼ਾਂ ਵਾਲੇ ਚਿਹਰੇ ਉਤੇ ਇੰਝ ਗੰਭੀਰਤਾ ਨਾਲ ਆਉਂਦੀ, ਜਿਵੇਂ ਕਿ ਉਹ ਕੋਈ ਅਜਿਹਾ ਫ਼ਰਜ਼ ਨਿਭਾਹੁਣ ਆਈ ਹੋਵੇ, ਜਿਸਦੀ ਮਹੱਤਤਾ ਨੂੰ ਉਹ ਪੂਰੀ ਤਰ੍ਹਾਂ ਜਾਣਦੀ ਹੋਵੇ।

ਪਰ ਘਰ ਨੂੰ ਜਾਂਦਿਆਂ ਉਸਦੇ ਚਿਹਰੇ ਉਤੇ ਮੁੜ ਕੇ ਗੁਨਾਹ ਦਾ ਤੇ ਡਰ ਦਾ ਅਹਿਸਾਸ ਉਕਰਿਆ ਦਿਖਾਈ ਦੇਂਦਾ।

ਕਦੀ ਕਦੀ ਉਹ ਕਿਸੇ ਨਵੇਕਲੀ ਨੁੱਕਰ ਵਿਚ ਜਾਂ ਕਿਸੇ ਦਰਵਾਜ਼ੇ ਦੇ ਪਿੱਛੇ ਸਤੈਪੀ ਉਤੇ ਨਜ਼ਰ ਮਾਰਨ ਲਈ ਰੁਕ ਜਾਂਦੀ। ਉਥੇ ਰਾਤ ਦਾ ਰਾਜ ਹੁੰਦਾ, ਤੇ ਇਸ ਦੀ ਸੋਗੀ ਚੁੱਪ ਉਸਦੇ ਦਿਲ ਵਿਚ ਦਹਿਸ਼ਤ ਭਰ ਦੇਂਦੀ।

ਇਕ ਦਿਨ, ਦੁਪਹਿਰ ਤੋਂ ਮਗਰਲੀ ਗੱਡੀ ਨੂੰ ਤੋਰ ਕੇ, ਸਟੇਸ਼ਨ ਦੇ ਕਰਮਚਾਰੀ ਸਟੇਸ਼ਨ ਮਾਸਟਰ ਦੇ ਕਮਰਿਆਂ ਦੀਆਂ ਬਾਰੀਆਂ ਦੇ ਬਾਹਰ ਉਗੇ ਕੁਝ ਸਫ਼ੈਦੇ ਦੇ ਰੁੱਖੇ ਦੀ ਛਾਂ ਹੇਠ ਚਾਹ ਪੀਣ ਬੈਠ ਗਏ।

ਗਰਮੀ ਵਾਲੇ ਦਿਨੀਂ ਉਹ ਅਕਸਰ ਚਾਹ ਉਥੇ ਪੀਂਦੇ ਸਨ—ਇਸ ਨਾਲ ਉਹਨਾਂ ਦੀਆਂ ਜ਼ਿੰਦਗੀਆਂ ਦੀ ਨੀਰਸਤਾ ਵਿਚ ਜ਼ਰਾ ਕੁ ਹੋਰ ਵੰਨਗੀ ਆ ਜਾਂਦੀ।

ਉਸ ਖ਼ਾਸ ਦਿਨ ਉਹ ਚੁੱਪ ਚਾਪ ਚਾਹ ਪੀ ਰਹੇ ਸਨ; ਆਖ਼ਰੀ ਗੱਡੀ ਬਾਰੇ ਜੋ ਕੁਝ ਕਿਹਾ ਜਾਣ ਵਾਲਾ ਸੀ, ਕਿਹਾ ਜਾ ਚੁਕਾ ਸੀ।

"ਅੱਜ ਕੱਲ ਨਾਲੋਂ ਜ਼ਿਆਦਾ ਗਰਮੀ ਏ," ਇਕ ਹੱਥ ਨਾਲ ਆਪਣਾ ਖ਼ਾਲੀ ਗਲਾਸ ਆਪਣੀ ਪਤਨੀ ਨੂੰ ਫੜਾਉਂਦਿਆਂ ਤੇ ਦੂਜੇ ਹੱਥ ਨਾਲ ਮੱਥੇ ਤੋਂ ਮੁੜ੍ਹਕਾ ਪੂੰਝਦਿਆਂ ਸਟੇਸ਼ਨ ਮਾਸਟਰ ਬੋਲਿਆ।

"ਅਕੇਵੇਂ ਕਰਕੇ ਲਗਦੈ ਕਿ ਗਰਮੀ ਜ਼ਿਆਦਾ ਏ," ਉਸਦੀ ਪਤਨੀ ਗਲਾਸ ਫੜਦੀ ਹੋਈ ਬੋਲੀ।

"ਹੂੰ। ਹੋ ਸਕਦੈ ਤੂੰ ਠੀਕ ਹੋਵੇਂ। ਇਹੋ ਜਿਹੀ ਹਾਲਤ ਵਿਚ ਤਾਸ਼ ਚੰਗੀ ਰਹਿੰਦੀ ਏ। ਪਰ ਅਸੀਂ ਸਿਰਫ਼ ਤਿੰਨ ਜਣੇ ਹਾਂ।"

ਉਸਦੇ ਸਹਾਇਕ ਨੇ ਮੋਢੇ ਸੁੰਗੇੜੇ, ਅੱਖਾਂ ਰੱਤਾ ਕੁ ਮੀਟੀਆਂ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਹਿਣ ਲਗਾ:

"ਤਾਸ਼, ਸ਼ੋਪਨਹਾਵਰ ਦੇ ਕਹਿਣ ਅਨੁਸਾਰ, ਦਿਮਾਗ਼ ਦੇ ਦੀਵਾਲੀਆਪੁਣੇ ਦਾ ਪ੍ਰਗਟਾਅ ਏ।"

"ਕਿੱਡੀ ਸਿਆਣੀ ਗੱਲ ਏ," ਸਟੇਸ਼ਨ ਮਾਸਟਰ ਨੇ ਖੁਸ਼ ਹੁੰਦਿਆਂ ਕਿਹਾ। "ਕੀ ਕਿਹਾ? ਦਿਮਾਗ਼ ਦਾ ਦੀਵਾਲੀਆਪੁਣੇ —ਹੂੰ! ਕਿਸਨੇ ਕਿਹਾ ਸੀ?"

"ਸ਼ੋਪਨਹਾਵਾਰ ਨੇ। ਜਰਮਨ ਫ਼ਿਲਾਸਫ਼ਰ ਸੀ ਉਹ।"

"ਫ਼ਿਲਾਸਫ਼ਰ ? ਹੂੰ।"

"ਤੇ ਇਹ ਫ਼ਿਲਾਸਫ਼ਰ ਕੀ ਹੁੰਦੇ ਨੇ? ਯੂਨੀਵਰਸਿਟੀਆਂ ਵਿਚ ਕੰਮ ਕਰਦੇ ਨੇ?" ਸੋਨੀਆ ਪੁੱਛਣ ਲਗੀ।

"ਮੈਂ ਤੁਹਾਨੂੰ ਕਿਵੇਂ ਦਸਾਂ, ਕੀ ਹੁੰਦੇ ਨੇ? ਫ਼ਿਲਾਸਫ਼ਰ ਹੋਣਾ ਕੋਈ ਪੇਸ਼ਾ ਨਹੀਂ ਹੁੰਦਾ, ਸਗੋਂ, ਸਮਝ ਲਵੋ, ਕੁਦਰਤੀ ਸਿਫ਼ਤ ਹੁੰਦੀ ਏ। ਕੋਈ ਵੀ ਫ਼ਿਲਾਸਫ਼ਰ ਹੋ ਸਕਦੈ —ਕੋਈ ਵੀ, ਜਿਹੜਾ ਸੋਚਣ ਦਾ ਤੇ ਹਰ ਗੱਲ ਵਿਚ ਕਾਰਨਾਂ ਤੇ ਅਸਰਾਂ ਨੂੰ ਲੱਭਣ ਦਾ ਮੁਹਾਣ ਲੈ ਕੇ ਜੰਮਿਆਂ ਹੋਵੇ। ਬੇਸ਼ਕ, ਫ਼ਿਲਾਸਫ਼ਰ ਕਦੀ ਕਦੀ ਯੂਨੀਵਰਸਿਟੀਆਂ ਵਿਚ ਮਿਲਦੇ ਨੇ, ਪਰ ਉਹ ਕਿਤੇ ਵੀ ਹੋ ਸਕਦੇ ਨੇ—ਰੇਲਵੇ ਦੀ ਨੌਕਰੀ ਕਰਦੇ ਵੀ ਹੋ ਸਕਦੇ ਨੇ।"

"ਤੇ ਕੀ ਉਹ ਬਥੇਰੇ ਪੈਸੇ ਬਣਾ ਲੈਂਦੇ ਨੇ—ਜਿਹੜੇ ਯੂਨੀਵਰਸਿਟੀਆਂ ਵਿਚ ਕੰਮ ਕਰਦੇ ਨੇ?"

"ਸਾਰਾ ਉਹਨਾਂ ਦੀ ਸਿਆਣਪ ਉਤੇ ਨਿਰਭਰ ਕਰਦੈ।"

"ਜੇ ਕਿਤੇ ਸਾਡੇ ਕੋਲ ਚੌਥਾ ਬੰਦਾ ਹੁੰਦਾ, ਤਾਂ ਅਸੀਂ ਇਕ ਦੋ ਘੰਟੇ ਜ਼ਰਾ ਚੰਗੇ ਕੱਟ ਲੈਂਦੇ," ਸਟੇਸ਼ਨ ਮਾਸਟਰ ਠੰਡਾ ਸਾਹ ਭਰਦਾ ਬੋਲਿਆ।

ਤੇ ਫਿਰ ਗੱਲਬਾਤ ਦੀ ਲੜੀ ਟੁੱਟ ਗਈ।

ਉਪਰ ਨੀਲੇ ਆਕਾਸ਼ ਵਿਚ ਚੰਡੋਲ ਗਾ ਰਹੇ ਸਨ, ਸਫੈਦਿਆਂ ਦੀਆਂ ਟਾਹਣੀਆਂ ਉਤੇ ਸੁਰਖ਼ ਫੁਦਕਦੇ ਫਿਰਦੇ ਸਨ, ਹੌਲੀ ਹੌਲੀ ਸੀਟੀਆਂ ਮਾਰਦੇ ਹੋਏ। ਘਰ ਦੇ ਅੰਦਰੋਂ ਬੱਚੇ ਦੇ ਰੋਣ ਦੀ ਆਵਾਜ਼ ਆਈ।

"ਆਰੀਨਾ ਅੰਦਰ ਏ?" ਸਟੇਸ਼ਨ ਮਾਸਟਰ ਨੇ ਪੁਛਿਆ।

"ਬੇਸ਼ਕ," ਉਸਦੀ ਪਤਨੀ ਨੇ ਜਵਾਬ ਦਿਤਾ।

"ਇਸ ਔਰਤ ਬਾਰੇ ਕੁਝ ਬੜਾ ਹੀ ਮੌਲਕ ਹੈ, ਤੂੰ ਕਦੀ ਖ਼ਿਆਲ ਕੀਤੈ, ਨਿਕੋਲਾਈ ਪਿਤਰੋਵਿਚ?"

"'ਮੌਲਕਤਾ ਤੁੱਛਤਾ ਦੀ ਮਾਂ ਹੁੰਦੀ ਏ,' " ਬੜਾ ਫ਼ਿਲਾਸਫ਼ਰਾਂ ਵਾਂਗ ਤੇ ਸੋਚਵਾਨ ਲਗਦਿਆਂ, ਨਿਕੋਲਾਈ ਪਿਤਰੋਵਿਚ ਨੇ ਟਿੱਪਣੀ ਕੀਤੀ, ਜਿਵੇਂ ਆਪਣੇ ਆਪ ਨਾਲ ਗੱਲ ਕਰ ਰਿਹਾ ਹੋਵੇ।

"ਕੀ, ਕੀ?" ਸਟੇਸ਼ਨ ਮਾਸਟਰ ਨੇ ਉਤਸੁਕ ਹੁੰਦਿਆਂ ਪੁਛਿਆ।

ਜਦੋਂ ਨਿਕੋਲਾਈ ਪਿਤਰੋਵਿਚ ਨੇ ਸਮਝਾਉਣ ਵਾਲੇ ਅੰਦਾਜ਼ ਵਿਚ ਕਥਣ ਦੁਹਰਾਇਆ, ਤਾਂ ਸਟੇਸ਼ਨ ਮਾਸਟਰ ਨੇ ਸਵਾਦ-ਸਵਾਦ ਹੁਦਿਆ ਅੱਖਾਂ ਅਧੀਆਂ ਕੁ

ਮੀਟ ਲਈਆਂ, ਜਦ ਕਿ ਉਸਦੀ ਪਤਨੀ ਅਲਸਾਵੇਂ ਜਿਹੇ ਤਰੀਕੇ ਨਾਲ ਬੋਲੀ;

"ਤੁਸੀਂ ਜੋ ਪੜ੍ਹਦੇ ਹੋ, ਉਹ ਤੁਹਾਨੂੰ ਕਿੰਨਾਂ ਚੰਗੀ ਤਰ੍ਹਾਂ ਯਾਦ ਰਹਿ ਜਾਂਦੈ! ਮੈਨੂੰ ਤਾਂ ਅਗਲੇ ਦਿਨ ਸਭ ਪੜ੍ਹਿਆ-ਪੜ੍ਹਾਇਆ ਭੁੱਲ ਜਾਂਦੈ।... ਅਜੇ ਕੁਝ ਹੀ ਦਿਨ ਹੋਏ ਮੈਂ 'ਨੀਵਾ' ਵਿਚ ਕੋਈ ਏਨੀਂ ਜ਼ਿਆਦਾ ਦਿਲਚਸਪ, ਏਨੀ ਹਾਸੇ ਵਾਲੀ ਚੀਜ਼ ਪੜ੍ਹੀ ਸੀ, ਤੇ ਹੁਣ? ਇਕ ਲਫ਼ਜ਼ ਨਹੀਂ ਮੈਨੂੰ ਯਾਦ।"

"ਆਦਤ ਦੀ ਗੱਲ ਹੁੰਦੀ ਏ," ਸੰਖੇਪ ਵਿਚ ਨਿਕੋਲਾਈ ਪਿਤਰੋਵਿਚ ਸਪਸ਼ਟ ਕਰਦਾ ਹੈ।

"ਪਰ ਉਹ ਇਹਦੇ ਨਾਲੋਂ ਵੀ ਚੰਗਾ ਸੀ—ਕੀ ਨਾਂ ਏ ਉਸਦਾ? ਸ਼ੋਪਨਹਾਵਰ," ਸਟੇਸ਼ਨ ਮਾਸਟਰ ਨੇ ਮੁਸਕ੍ਰਾਉਂਦਿਆਂ ਹੋਇਆਂ ਕਿਹਾ। "ਦੂਜੇ ਸ਼ਬਦਾਂ ਵਿਚ, ਹਰ ਨਵੀਂ ਚੀਜ਼ ਪੁਰਾਣੀ ਹੋ ਜਾਂਦੀ ਹੈ।"

"ਜਾਂ ਬਿਲਕੁਲ ਇਸ ਤੋਂ ਉਲਟ, ਕਿਉਂਕਿ, ਜਿਵੇਂ ਕਿ ਇਕ ਕਵੀ ਨੇ ਲਿਖਿਆ ਹੈ: 'ਸੰਜਮ ਜ਼ਿੰਦਗੀ ਦੀ ਸਿਆਣਪ ਹੈ: ਇਹ ਹਰ ਨਵੀਂ ਚੀਜ਼ ਪੁਰਾਣੀ ਵਿਚੋਂ ਹੀ ਬਣਾਉਂਦੀ ਹੈ।'"

"ਹੱਤ, ਤੇਰੀ! ਕਿਥੋਂ ਆਉਂਦੀਆਂ ਨੇ ਤੈਨੂੰ ਇਹ ਸਾਰੀਆਂ? ਤੇਰੇ ਨਾਲ ਤਾਂ ਇਹ ਇੰਝ ਏ ਜਿਵੇਂ ਛਾਨਣੀ ਵਿਚੋਂ ਪੁਣੀਦਾ ਆ ਰਿਹਾ ਹੋਵੇ!"

ਸਟੇਸ਼ਨ ਮਾਸਟਰ ਖ਼ੁਸ਼ੀ ਵਿਚ ਖਿੜ ਖਿੜ ਕਰਕੇ ਹਸਿਆ, ਉਸਦੀ ਪਤਨੀ ਮਿਠੀ ਤਰ੍ਹਾਂ ਮੁਸਕ੍ਰਾਈ ਤੇ ਨਿਕੋਲਾਈ ਪਿਤਰੋਵਿਚ ਨੇ ਆਪਣੀ ਸੰਤੁਸ਼ਟਤਾ ਨੂੰ ਲੁਕਾਉਣ ਦਾ ਵਿਅਰਥ ਯਤਨ ਕੀਤਾ।

"ਕੌਣ ਸੀ, ਜਿਨ੍ਹੇ ਤੁੱਛਤਾ ਬਾਰੇ ਕਿਹਾ ਸੀ?"

"ਬਰਿਆਤਿੰਸਕੀ, ਇਕ ਕਵੀ।"

"ਤੇ ਦੂਜੀ ਗੱਲ ਕਿਨ੍ਹੇ ਕਹੀ ਸੀ?"

"ਉਹ ਵੀ ਕਵੀ ਸੀ, ਫ਼ੋਫ਼ਾਨੋਵ।"

"ਹੁਸ਼ਿਆਰ ਆਦਮੀ ਸਨ," ਸਟੇਸ਼ਨ ਮਾਸਟਰ ਨੇ ਕਵੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ, ਤੇ ਉਸਦੇ ਕਥਨ ਨੂੰ ਗਾਉਣ ਵਾਲੇ ਅੰਦਾਜ਼ ਵਿਚ ਦੁਹਰਾਇਆ। ਉਸਦੇ ਮੂੰਹ ਉਤੇ ਖ਼ੁਸ਼ੀ ਭਰੀ ਮੁਸਕ੍ਰਾਹਟ ਸੀ।

ਉਹਨਾਂ ਦੀ ਜ਼ਿੰਦਗੀ ਦਾ ਅਕੇਵਾਂ ਉਹਨਾਂ ਨਾਲ ਇਕ ਤਰ੍ਹਾਂ ਖੇਡ ਖੇਡਦਾ ਸੀ; ਇਹ ਉਹਨਾਂ ਨੂੰ ਘੜੀ ਪਲ ਲਈ ਆਪਣੀ ਜਕੜ ਵਿਚੋਂ ਛਡਦਾ, ਸਿਰਫ਼ ਅਗਲੀ ਘੜੀ ਹੋਰ ਘੁੱਟ ਕੇ ਫੜ ਲੈਣ ਲਈ। ਫਿਰ ਉਹ ਮੁੜ ਕੇ ਚੁੱਪ ਕਰ ਜਾਂਦੇ ਤੇ ਗਰਮੀ ਨਾਲ ਹੌਂਕਦੇ ਰਹਿੰਦੇ। ਚਾਹ ਗਰਮੀ ਨੂੰ ਸਗੋਂ ਵਧਾ ਦੇਂਦੀ।

ਸਤੇਪੀ ਵਿਚ ਸਿਰਫ਼ ਸੂਰਜ ਸੀ।

"ਮੈਂ ਜਿਸ ਤਰ੍ਹਾਂ ਆਰੀਨਾ ਬਾਰੇ ਕਹਿ ਰਿਹਾ ਸਾਂ," ਸਟੇਸ਼ਨ ਮਾਸਟਰ ਨੇ ਮੁੜ

ਕੇ ਗੱਲ ਸ਼ੁਰੂ ਕੀਤੀ, "ਉਹ ਬੜੀ ਅਜੀਬ ਜਿਹੀ ਔਰਤ ਹੈ, ਮੈਂ ਉਸਨੂੰ ਵੇਖ ਵੇਖ ਕੇ ਹੈਰਾਨ ਹੁੰਦਾ ਰਹਿੰਦਾ ਹਾਂ। ਜਿਵੇਂ ਉਸਦਾ ਦਿਲ ਕਿਸੇ ਚੀਜ਼ ਤੋਂ ਬੁਝ ਗਿਆ ਹੋਵੇ—ਕਦੀ ਹੱਸੇਗੀ ਨਹੀਂ, ਕਦੀ ਗਾਏਗੀ ਨਹੀਂ, ਬਹੁਤ ਘੱਟ ਬੋਲੇਗੀ। ਬਿਲਕੁਲ ਬੁੱਤ ਦਾ ਬੁੱਤ। ਪਰ ਕੰਮ ਉਹ ਵਾਹਵਾ ਕਰਦੀ ਏ, ਤੇ ਪਤੈ, ਲਿਓਲੀਆ ਦਾ ਧਿਆਨ ਤਾਂ ਇੰਝ ਰਖਦੀ ਏ, ਕਿ ਕਹਿਣ ਦੀ ਗੱਲ ਨਹੀਂ।"

ਉਹ ਆਵਾਜ਼ ਧੀਮੀ ਕਰਕੇ ਬੋਲ ਰਿਹਾ ਸੀ, ਮਤਾਂ ਆਗੀਨਾ ਸੁਣ ਲਵੇ। ਉਹ ਚੰਗੀ ਤਰ੍ਹਾਂ ਚੌਕਸ ਸੀ ਕਿ ਨੌਕਰਾਂ ਦੀ ਕਦੀ ਤਰੀਫ਼ ਨਹੀਂ ਕਰਨੀ ਚਾਹੀਦੀ, ਇਸ ਨਾਲ ਉਹ ਵਿਗੜ ਜਾਂਦੇ ਨੇ। ਸੋਨੀਆ ਨੇ ਉਸਨੂੰ ਟੋਕਿਆ ਤੇ ਬੜੇ ਭਾਵ-ਪੂਰਨ ਢੰਗ ਨਾਲ ਤਿਊੜੀ ਪਾਉਂਦੀ ਹੋਈ ਬੋਲੀ:

"ਬਸ ਕਰ; ਰਹਿਣ ਦੇ। ਉਹਦੇ ਬਾਰੇ ਤੈਨੂੰ ਕਈ ਗੱਲਾਂ ਦਾ ਨਹੀਂ ਪਤਾ।"

ਆਪਣੇ ਚਿਮਚੇ ਨਾਲ ਮੇਜ਼ ਉਤੇ ਤਾਲ ਦੇਂਦਾ ਹੋਇਆ ਨਿਕੋਲਾਈ ਪੇਤਰੋਵਿਚ ਹੌਲੀ ਹੌਲੀ ਗਾਉਣ ਲੱਗਾ:

ਪਿਆਰ ਤੇਰੇ ਦਾ ਗ਼ੁਲਾਮ
ਮੈਂ ਕਿਥੋਂ ਲਿਆਵਾਂ ਤਾਣ
ਘੁਲਣ ਲਈ ਤੇਰੇ ਨਾਲ
ਹੇ ਮੇਰੀ ਚੰਡਾਲ!

"ਕੀ, ਇਹ ਕੀ? ਉਹ ਔਰਤ? ਤੁਸੀਂ ਜ਼ਰੂਰ ਉੱਲੂ ਬਣਾ ਰਹੇ ਹੋ, ਦੋਵੇਂ ਜਣੇ!"

ਤੇ ਉਹ ਖਿੜਖਿੜਾ ਕੇ ਹੱਸਣ ਲਗ ਪਿਆ। ਉਸਦੀਆਂ ਗਲ੍ਹਾਂ ਹਿੱਲਣ ਲਗੀਆਂ, ਤੇ ਮੱਥੇ ਤੋਂ ਮੁੜ੍ਹਕਾ ਚੋਣ ਲੱਗਾ।

"ਇਸ ਵਿਚ ਜ਼ਰਾ ਵੀ ਕੁਝ ਅਜੀਬ ਨਹੀਂ," ਸੋਨੀਆ ਬੋਲੀ। "ਪਹਿਲੀ ਗੱਲ ਤਾਂ ਇਹ ਕਿ ਬੱਚਾ ਉਸਦੇ ਸਪੁਰਦ ਹੈ, ਤੇ ਦੂਜੀ ਗੱਲ, ਜ਼ਰਾ ਇਸ ਰੋਟੀ ਵੱਲ ਤਾਂ ਵੇਖੋ! ਸੜੀ ਹੋਈ ਤੇ ਖ਼ਮੀਰੀ। ਪਰ ਕਿਉਂ?"

"ਇਸ ਵਿਚ ਕੋਈ ਸ਼ਕ ਨਹੀਂ, ਰੋਟੀ ਜਿਹੋ ਜਿਹੀ ਹੋਣੀ ਚਾਹੀਦੀ ਏ, ਉਸ ਤਰ੍ਹਾਂ ਦੀ ਨਹੀਂ। ਉਸਨੂੰ ਜ਼ਰਾ ਸਮਝਾਉਣਾ ਪਵੇਗਾ। ਪਰ, ਸਹੁੰ ਰੱਬ ਦੀ, ਇਸ ਗੱਲ ਦੀ ਮੈਨੂੰ ਕਦੀ ਉਮੀਦ ਨਹੀਂ ਸੀ। ਉਹ ਤਾਂ ਆਪ ਗੁੰਨ੍ਹੇ ਹੋਏ ਆਟੇ ਵਰਗੀ ਏ। ਤੇ ਉਹ! ਉਹ ਕੌਣ ਏ? ਲੂਕਾ? ਮੈਂ ਜ਼ਰਾ ਸਾਰ ਲਵਾਂਗਾ, ਬੁਢਾ ਸ਼ੈਤਾਨ! ਜਾਂ ਯਾਗੋਦਕਾ ਹੈ ਇਹ—ਉਹ ਮੁੱਛਾਂ ਮੁੰਨਾ!"

"ਗੋਮੋਜ਼ੋਵ," ਨਿਕੋਲਾਈ ਪਿਤਰੋਵਿਚ ਨੇ ਸੰਖੇਪ ਜਿਹੇ ਦਸਿਆ।

"ਉਹ? ਉਹ ਚੁੱਪੂ? ਓ-ਓ? ਤੁਸੀਂ ਕਿਤੇ ਐਵੇਂ ਤਾਂ ਨਹੀਂ ਬਣਾ ਰਹੇ?"

ਮਤਵੇਈ ਯੇਗੋਰੋਵਿਚ ਨੂੰ ਇਹ ਹਸਾਉਣੀ ਕਹਾਣੀ ਬੜੀ ਦਿਲਚਸਪ ਲਗਦੀ ਹੈ। ਇਕ ਮਿੰਟ ਉਹ ਖਿੜਖਿੜਾ ਕੇ ਹੱਸਦਾ ਹੈ, ਪਰ ਅਗਲੀ ਘੜੀ ਉਹ ਗੰਭੀਰ ਹੋ ਕੇ ਕਹਿੰਦਾ ਹੈ ਕਿ ਪਰੇਮੀਆਂ ਨੂੰ ਗੰਭੀਰ ਡਾਂਟ-ਡਪਟ ਕਰਨੀ ਪਵੇਗੀ ਤੇ ਫਿਰ ਜਦੋਂ ਉਹ ਉਹਨਾਂ ਵਿਚਕਾਰ ਕਹੇ-ਸੁਣੇ ਗਏ ਪਰੇਮ-ਭਰੇ ਲਫਜ਼ਾਂ ਦੀ ਕਲਪਨਾ ਕਰਦਾ ਹੈ ਤੇ ਇਕ ਵਾਰੀ ਫਿਰ ਖਿੜਖਿੜਾ ਕੇ ਹੱਸ ਪੈਂਦਾ ਹੈ।

ਅਖੀਰ ਉਸਨੇ ਵਿਸਥਾਰ ਨਾਲ ਪਤਾ ਕਰਨਾ ਸ਼ੁਰੂ ਕੀਤਾ। ਇਸ ਉਤੇ ਨਿਕੋਲਾਈ ਪਿਤਰੋਵਿਚ ਨੇ ਗੰਭੀਰ ਜਿਹਾ ਮੂੰਹ ਬਣਾ ਲਿਆ ਤੇ ਸੋਨੀਆ ਨੇ ਆਪਣੇ ਪਤੀ ਨੂੰ ਵਿਚੋਂ ਟੋਕ ਦਿਤਾ।

"ਆਹ, ਸ਼ੈਤਾਨ! ਦੇਖੋ ਮੈਂ ਕਿਵੇਂ ਉਹਨਾਂ ਦਾ ਮੌਜੂ ਬਣਾਉਂਦਾ ਹਾਂ! ਦਿਲਚਸਪ ਏ!" ਸਟੇਸ਼ਨ ਮਾਸਟਰ ਆਪਣੇ ਆਪ ਨੂੰ ਰੋਕ ਨਹੀਂ ਸਕਦਾ।

ਇਨੇ ਵਿਚ ਲੂਕਾ ਆ ਗਿਆ ਤੇ ਕਹਿਣ ਲੱਗਾ:

"ਤਾਰ ਖੜਕ ਰਹੀ ਏ।"

"ਮੈਂ ਆਇਆ। ਬਤਾਲੀ ਨੰਬਰ ਦਾ ਸਿੰਗਲ ਡਾਊਨ ਕਰ ਦੇਹ।"

ਜਲਦੀ ਹੀ ਉਹ ਤੇ ਉਸਦਾ ਸਹਾਇਕ ਸਟੇਸ਼ਨ ਵੱਲ ਚਲੇ ਗਏ ਜਿਥੇ ਲੂਕਾ ਗੱਡੀ ਦੀ ਆਮਦ ਦੀ ਘੰਟੀ ਵਜਾ ਰਿਹਾ ਸੀ। ਨਿਕੋਲਾਈ ਪਿਤਰੋਵਿਚ ਨੇ ਬਤਾਲੀ ਨੰਬਰ ਗੱਡੀ ਨੂੰ ਤੋਰਨ ਲਈ ਤਾਰ ਰਾਹੀਂ ਅਗਲੇ ਸਟੇਸ਼ਨ ਤੋਂ ਆਗਿਆ ਮੰਗੀ, ਜਦ ਕਿ ਸਟੇਸ਼ਨ ਮਾਸਟਰ ਆਪਣੇ ਆਪ ਵਿਚ ਮੁਸਕ੍ਰਾਉਂਦਾ ਆਪਣੇ ਦਫ਼ਤਰ ਵਿਚ ਇਧਰ-ਉਧਰ ਆ ਜਾ ਰਿਹਾ ਸੀ ਤੇ ਕਹਿ ਰਿਹਾ ਸੀ:

"ਤੂੰ ਤੇ ਮੈਂ ਉਹਨਾਂ ਨਾਲ ਇਕ ਮਜ਼ਾਕ ਕਰਾਂਗੇ, ਠੀਕ ਏ?... ਐਵੇਂ ਜ਼ਰਾ ਅਕੇਵੇਂ ਨੂੰ ਦੂਰ ਕਰਨ ਲਈ। ਜ਼ਰਾ ਹੱਸ ਹੀ ਲਵਾਂਗੇ।"

"ਇਹ ਜਾਇਜ਼ ਏ," ਤਾਰ ਵਾਲੇ ਯੰਤਰ ਦੀ ਚਾਬੀ ਘੁਮਾਉਂਦਾ ਹੋਇਆ ਨਿਕੋਲਾਈ ਪਿਤਰੋਵਿਚ ਬੋਲਿਆ।

ਉਸਨੂੰ ਪਤਾ ਹੈ ਕਿ ਫ਼ਿਲਾਸਫ਼ਰਾਂ ਨੂੰ ਸੰਖੇਪ ਗੱਲ ਕਰਨੀ ਚਾਹੀਦੀ ਹੈ।

ਜਲਦੀ ਹੀ ਹੱਸਣ ਦਾ ਮੌਕਾ ਉਹਨਾਂ ਨੂੰ ਮਿਲ ਗਿਆ।

ਇਕ ਰਾਤ ਗੋਮੋਜ਼ੋਵ ਆਰੀਨਾ ਨੂੰ ਤਹਿਖ਼ਾਨੇ ਵਿਚ ਮਿਲਣ ਗਿਆ ਜਿਥੇ ਉਸਦੇ ਹੁਕਮ ਨਾਲ ਤੇ ਆਪਣੀ ਮਾਲਕਣ ਦੀ ਆਗਿਆ ਨਾਲ, ਆਰੀਨਾ ਨੇ ਹਰ ਤਰ੍ਹਾਂ ਦੇ ਕੂੜ-ਕਬਾੜ ਦੇ ਦਰਮਿਆਨ ਆਪਣਾ ਬਿਸਤਰਾ ਵਿਛਾਇਆ ਹੋਇਆ ਸੀ। ਉਥੇ

ਠੰਡ ਸੀ, ਤੇ ਸਿਲ੍ਹ, ਤੇ ਟੁੱਟੀਆਂ ਕੁਰਸੀਆਂ, ਰੱਦੀ ਕਰਕੇ ਸੁੱਟੇ ਟੱਬ, ਤਖ਼ਤੇ ਤੇ ਹੋਰ ਕਬਾੜ ਹਨੇਰੇ ਵਿਚ ਭਿਆਨਕ ਰੂਪ ਧਾਰਨ ਕਰ ਲੈਂਦਾ ਸੀ। ਜਦੋਂ ਆਰੀਨਾ ਇਕੱਲੀ ਹੁੰਦੀ ਤਾਂ ਉਹ ਏਨੀ ਡਰ ਜਾਂਦੀ ਕਿ ਸੌਂ ਨਾ ਸਕਦੀ ਤੇ ਘਾਹ-ਫੂਸ ਦੇ ਬਿਸਤਰੇ ਵਿਚ ਅੱਖਾਂ ਪੂਰੀ ਤਰ੍ਹਾਂ ਖੋਹਲੀ ਪਈ ਰਹਿੰਦੀ ਤੇ ਦੁਆਵਾਂ ਗੁਣਗੁਣਾਉਂਦੀ ਰਹਿੰਦੀ।

ਗੋਮੋਜ਼ੋਵ ਆਇਆ, ਕਿੰਨਾਂ ਚਿਰ ਤੇ ਚੁੱਪ-ਚਾਪ ਉਸਨੂੰ ਰਗੜਦਾ ਰਿਹਾ, ਫਿਰ ਥੱਕ ਗਿਆ ਤੇ ਸੌਂ ਗਿਆ। ਪਰ ਆਰੀਨਾ ਨੇ ਜਲਦੀ ਹੀ ਉਸਨੂੰ ਜਗਾ ਦਿਤਾ ਤੇ ਘਬਰਾਈ ਹੋਈ ਕੰਨ ਵਿਚ ਬੋਲੀ:

"ਤਿਮੋਫ਼ੇਈ ਪਿਤਰੋਵਿਚ! ਤਿਮੋਫ਼ੇਈ ਪਿਤਰੋਵਿਚ!"

"ਕੀ ਗੱਲ ਏ?" ਸੁੱਤਾ ਸੁੱਤਾ ਹੀ ਗੋਮੋਜ਼ੋਵ ਬੋਲਿਆ।

"ਉਹਨਾਂ ਬਾਹਰ ਤਾਲਾ ਲਾ ਦਿਤੈ।"

"ਕੀ ਕਿਹਾ?" ਉਸਨੇ ਪੁਛਿਆ, ਤੇ ਭੁੜਕ ਕੇ ਉਠ ਖਲੋਤਾ।

"ਉਹਨਾਂ ਦਰਵਾਜ਼ੇ ਕੋਲ ਆ ਕੇ ਬਾਹਰੋਂ ਤਾਲਾ ਲਾ ਦਿਤੈ।"

"ਤੇਰਾ ਦਿਮਾਗ਼ ਟਿਕਾਣੇ ਹੈ!" ਉਹ ਉਸਨੂੰ ਪਰ੍ਹੇ ਧਕਦਾ ਹੋਇਆ ਡਰ ਤੇ ਗੁੱਸੇ ਵਿਚ ਬੁੜਬੁੜਾਇਆ।

"ਭਾਵੇਂ ਆਪ ਵੇਖ ਲੈ," ਉਹ ਨਿਮਰਤਾ ਨਾਲ ਬੋਲੀ।

ਉਹ ਉਠ ਖੜੋਤਾ, ਕੂੜ-ਕਬਾੜ ਨਾਲ ਠੇਡੇ ਖਾਂਦਾ ਹੋਇਆ ਦਰਵਾਜ਼ੇ ਤਕ ਗਿਆ ਤੇ ਇਸਨੂੰ ਧੱਕਾ ਮਾਰਿਆ।

"ਇਹ ਸਾਰੀ ਉਸ ਫ਼ੌਜੀ ਦੀ ਕਰਤੂਤ ਏ," ਉਹ ਜ਼ਰਾ ਕੁ ਰੁਕ ਕੇ ਉਦਾਸੀ ਵਿਚ ਬੋਲਿਆ।

ਦਰਵਾਜ਼ੇ ਦੇ ਦੂਜੇ ਪਾਸਿਉਂ ਕਿਸੇ ਦੇ ਖ਼ਿੜਖਿੜਾ ਕੇ ਹੱਸਣ ਦੀ ਆਵਾਜ਼ ਆਈ।

"ਮੈਨੂੰ ਬਾਹਰ ਨਿਕਲਣ ਦੇ!" ਗੋਮੋਜ਼ੋਵ ਨੇ ਆਵਾਜ਼ ਦਿਤੀ।

"ਕੀ?" ਫ਼ੌਜੀ ਦੀ ਆਵਾਜ਼ ਗੂੰਜੀ।

"ਮੈਨੂੰ ਬਾਹਰ ਨਿਕਲਣ ਦੇ, ਤੈਨੂੰ ਕਿਹੈ।"

"ਸਵੇਰੇ ਕਢਾਂਗੇ," ਫ਼ੌਜੀ ਬੋਲਿਆ ਤੇ ਚਲਾ ਗਿਆ।

"ਮੈਂ ਡਿਊਟੀ ਤੇ ਜਾਣੈ, ਤੂੰ ਸ਼ੈਤਾਨ!" ਉਹ ਰੋਹ ਵਿਚ ਤੇ ਤਰਲੇ ਪਾਉਂਦੀ ਆਵਾਜ਼ ਵਿਚ ਬੋਲਿਆ।

"ਡਿਊਟੀ ਤੇਰੀ ਥਾਂ ਮੈਂ ਕਰ ਦਿਆਂਗਾ। ਜਿਥੇ ਹੈਂ, ਪਿਆ ਰਹੁ।"

ਤੇ ਫ਼ੌਜੀ ਚਲਾ ਗਿਆ।

"ਆਹ, ਕੁੱਤਾ!" ਕਾਂਟੇ ਵਾਲਾ ਬੇਬਸੀ ਦੀ ਹਾਲਤ ਵਿਚ ਬੁੜਬੁੜਾਇਆ। "ਸੁਣ, ਤੂੰ ਮੈਨੂੰ ਇੰਝ ਅੰਦਰ ਬੰਦ ਨਹੀਂ ਕਰ ਸਕਦਾ। ਆਖ਼ਰ ਸਟੇਸ਼ਨ ਮਾਸਟਰ ਵੀ ਏ, ਉਸਨੂੰ ਤੂੰ ਕੀ ਕਹੇਂਗਾ? ਉਹ ਜ਼ਰੂਰ ਤੈਨੂੰ ਪੁੱਛੇਗਾ ਗੋਮੋਜ਼ੋਵ ਕਿਥੇ ਹੈ, ਤੇ ਫਿਰ ਤੂੰ ਕੀ ਕਹੇਂਗਾ?"

"ਸਟੇਸ਼ਨ ਮਾਸਟਰ ਨੇ ਆਪ ਹੀ ਤਾਂ ਉਸਨੂੰ ਕਿਹੈ ਇਹਦੇ ਵਾਸਤੇ," ਆਰੀਨਾ ਨਿਰਾਸ਼ਾ ਵਿਚ ਹੌਲੀ ਜਿਹੀ ਬੋਲੀ।

"ਸਟੇਸ਼ਨ ਮਾਸਟਰ ਨੇ?" ਗੋਮੋਜ਼ੋਵ ਨੇ ਡਰ ਵਿਚ ਦੁਹਰਾਇਆ। "ਉਹ ਇੰਝ ਕਿਉਂ ਕਰੇਗਾ?" ਉਹ ਘੜੀ ਪਲ ਲਈ ਸੋਚਣ ਲਗ ਪਿਆ, ਫਿਰ ਚਿੱਲਾ ਕੇ ਉਸਨੂੰ ਬੋਲਿਆ, "ਤੂੰ ਝੂਠ ਬੋਲਦੀ ਏਂ।"

ਡੂੰਘਾ ਹਉਕਾ ਬੱਸ ਉਸਦਾ ਇਕੋ ਇਕ ਜਵਾਬ ਸੀ।

"ਹੁਣ ਕੀ ਬਣੇਗਾ?" ਦਰਵਾਜ਼ੇ ਦੇ ਨੇੜੇ ਟੱਬ ਉਤੇ ਬੈਠਦਾ ਹੋਇਆ ਕਾਂਟੇ ਵਾਲਾ ਬੋਲਿਆ। "ਮੇਰੇ ਲਈ ਕਿੰਨੀਂ ਸ਼ਰਮਿੰਦਗੀ ਦੀ ਗੱਲ ਏ। ਤੇ ਸਾਰਾ ਤੇਰਾ ਕਸੂਰ ਏ, ਚੰਡਾਲਨੀਏਂ!"

ਤੇ ਉਸਨੇ ਆਪਣਾ ਮੁੱਕਾ ਉਸ ਪਾਸੇ ਵੱਲ ਨੂੰ ਘੁਮਾਇਆ, ਜਿਧਰੋਂ ਉਸਦੇ ਸਾਹ ਲੈਣ ਦੀ ਆਵਾਜ਼ ਆ ਰਹੀ ਸੀ। ਉਹ ਕੁਝ ਨਾ ਬੋਲੀ।

ਉਹ ਸਿਲ੍ਹੇ ਹਨੇਰੇ ਵਿਚ ਘਿਰੇ ਹੋਏ ਸਨ, ਜਿਸ ਵਿਚ ਉੱਲੀ ਤੇ ਖੱਟੀ ਬੰਦ-ਗੋਭੀ ਦੀ ਵਾਸ਼ਨਾ ਤੇ ਕੁਝ ਹੋਰ ਸਖ਼ਤ ਵਾਸ਼ਨਾ ਭਰੀ ਪਈ ਸੀ, ਜਿਹੜੀ ਨੱਕ ਵਿਚ ਜਲੂਣ ਕਰਦੀ ਸੀ। ਦਰਵਾਜ਼ੇ ਦੀਆਂ ਝੀਤਾਂ ਵਿਚੋਂ ਚਾਨਣੀ ਦੇ ਪਤਲੇ ਪਤਲੇ ਰਿਬਨ ਅੰਦਰ ਤਿਲਕਦੇ ਆ ਰਹੇ ਸਨ। ਬਾਹਰੋਂ ਮਾਲਗੱਡੀ ਦੀ ਗੜਗੜ ਸੁਣਾਈ ਦੇ ਰਹੀ ਸੀ, ਜਿਹੜੀ ਸਟੇਸ਼ਨ ਤੋਂ ਜਾ ਰਹੀ ਸੀ।

"ਕਿਉਂ ਚੁੱਪ ਵੱਟੀ ਬੈਠੀ ਏਂ, ਭੂਤਨੀ ਦੀਏ?" ਗ਼ੁੱਸੇ ਤੇ ਨਫ਼ਰਤ ਨਾਲ ਗੋਮੋਜ਼ੋਵ ਬੋਲਿਆ। "ਹੁਣ ਮੈਂ ਕੀ ਕਰਾਂਗਾ? ਤੂੰ ਮੈਨੂੰ ਇਸ ਸਿਆਪੇ ਵਿਚ ਫਸਾ ਦਿਤੈ, ਤੇ ਹੁਣ ਮੂੰਹ ਨੂੰ ਤਾਲਾ ਲਾ ਲਿਆ ਈ?, ਕੁਝ ਸੋਚ, ਚੰਡਾਲਨੀਏਂ, ਕੀ ਕਰਾਂਗੇ? ਮੈਂ ਇਸ ਬੇਇਜ਼ਤੀ ਨਾਲ ਕਿਵੇਂ ਰਹਾਂਗਾ? ਉਫ਼, ਪ੍ਰਮਾਤਮਾ! ਇਹੋ ਜਿਹੀ ਕਲੂਖਤ ਨੂੰ ਮੈਂ ਮੂੰਹ ਕਿਉਂ ਲਾਇਆ!"

"ਮੈਂ ਉਹਨਾਂ ਨੂੰ ਕਹਾਂਗੀ, ਮੁਆਫ਼ ਕਰ ਦਿਓ," ਆਰੀਨਾ ਹੌਲੀ ਜਿਹੀ ਬੋਲੀ।

"ਅੱਛਾ?"

"ਸ਼ਾਇਦ ਉਹ ਮੁਆਫ਼ ਕਰ ਦੇਣ..."

"ਮੈਨੂੰ ਇਹਦੇ ਨਾਲ ਕੀ ਫ਼ਰਕ ਪੈਂਦੈ? ਠੀਕ ਏ, ਤੈਨੂੰ ਉਹ ਮੁਆਫ਼ ਕਰ ਦੇਣਗੇ, ਫਿਰ? ਮੇਰੀ ਇੱਜ਼ਤ ਘੱਟੇ ਰੁਲ ਗਈ ਕਿ ਨਹੀਂ? ਮੇਰੇ ਉਤੇ ਉਹ ਫੇਰ ਵੀ ਹਸਦੇ ਰਹਿਣਗੇ।"

ਕੁਝ ਦੇਰ ਚੁੱਪ ਰਹਿਣ ਪਿਛੋਂ ਉਸਨੇ ਮੁੜ ਉਸਨੂੰ ਚੰਗਾ ਮੰਦਾ ਕਹਿਣਾ ਸ਼ੁਰੂ ਕਰ ਦਿਤਾ। ਸਮਾਂ ਗੁਜ਼ਰਦਾ ਗਿਆ, ਮਸਾਂ ਪੈਰ ਘਸੀਟਦਾ। ਆਖ਼ਰ ਔਰਤ ਕੰਬਦੀ ਆਵਾਜ਼ ਨਾਲ ਉਸਨੂੰ ਕਹਿਣ ਲਗੀ:

"ਮੈਨੂੰ ਮੁਆਫ਼ ਕਰ ਦੇ, ਤਿਮੋਫ਼ੇਈ ਪਿਤਰੋਵਿਚ।"

"ਡੰਡੇ ਨਾਲ ਤੈਨੂੰ ਮੁਆਫ਼ ਕਰਨ ਤੇ ਜੀਅ ਕਰਦੈ," ਉਹ ਗ਼ੁੱਰਾਇਆ।

ਤੇ ਫਿਰ ਚੁੱਪ ਵਾਪਰ ਗਈ, ਭਾਰੀ ਤੇ ਬੋਝਲ, ਹਨੇਰੇ ਵਿਚ ਕੈਦ ਦੋ ਬੰਦਿਆਂ ਲਈ ਦੁਖਦਾਈ ਕਸ਼ਟ ਨਾਲ ਭਰੀ ਹੋਈ।

"ਹੇ ਪ੍ਰਮਾਤਮਾ! ਕਿਤੇ ਚਾਨਣ ਹੋ ਜਾਏ ਜਲਦੀ!" ਆਰੀਨਾ ਨੇ ਹਉਕਾ ਭਰਿਆ।

"ਬਕਵਾਸ ਬੰਦ ਕਰ! ਮੈਂ ਵਿਖਾਵਾਂਗਾ ਤੈਨੂੰ ਚਾਨਣ!" ਗੋਮੋਜ਼ੋਵ ਨੇ ਡਰਾਵਾ ਦਿਤਾ ਤੇ ਗਾਲ੍ਹਾਂ ਦੀ ਇਕ ਹੋਰ ਵਾਛੜ ਉਸ ਉਤੇ ਲਾ ਦਿਤੀ। ਫਿਰ ਤਸੀਹੇਭਰੀ ਚੁੱਪ ਵਾਪਰ ਗਈ। ਜਿਉਂ ਜਿਉਂ ਸਵੇਰ ਹੋਣ ਦਾ ਵੇਲਾ ਆਈ ਜਾਂਦਾ ਸੀ, ਸਮਾਂ ਹੋਰ ਵੀ ਜ਼ਾਲਮ ਢੰਗ ਨਾਲ ਹੌਲੀ ਬੀਤ ਰਿਹਾ ਸੀ, ਜਿਵੇਂ ਹਰ ਮਿੰਟ ਜਾਣ ਬੁਝ ਕੇ ਉਥੇ ਗੇੜੇ ਲਾਉਣ ਲਗ ਪੈਂਦਾ ਹੋਵੇ ਤੇ ਇਹਨਾਂ ਦੋ ਬੰਦਿਆਂ ਦੀ ਹਾਸੋਹੀਣੀ ਹਾਲਤ ਦਾ ਆਨੰਦ ਮਾਨਣ ਲਗ ਪੈਂਦਾ ਹੋਵੇ।

ਆਖ਼ਰ ਗੋਮੋਜ਼ੋਵ ਨੂੰ ਨੀਂਦ ਆ ਗਈ ਤੇ ਤਹਿਖ਼ਾਨੇ ਤੋਂ ਬਾਹਰ ਕੁੱਕੜ ਦੀ ਬਾਂਗ ਨਾਲ ਕਿਧਰੇ ਉਸਨੂੰ ਜਾਗ ਆਈ।

"ਹੇ, ਚੁੜੇਲੇ, ਸੁੱਤੀ ਪਈ ਏਂ ਅੱਜੇ?" ਉਹ ਹੌਲੀ ਜਿਹੀ ਬੋਲਿਆ।

"ਨਹੀਂ," ਆਰੀਨਾ ਨੇ ਹਉਕਾ ਭਰਿਆ।

"ਸੌਂ ਹਟੀ ਹੋਵੇਂਗੀ," ਕਾਂਟੇ ਵਾਲੇ ਨੇ ਮਸ਼ਕਰੀ ਨਾਲ ਕਿਹਾ। "ਹੱਤ ਤੇਰੀ!"

"ਤਿਮੋਫ਼ੇਈ ਪਿਤਰੋਵਿਚ!" ਰੋਂਦੀ ਹੋਈ ਆਵਾਜ਼ ਵਿਚ ਆਰੀਨਾ ਬੋਲੀ। "ਮੇਰੇ ਨਾਲ ਨਾਰਾਜ਼ ਨਾ ਹੋ। ਮੇਰੇ ਤੇ ਰਹਿਮ ਕਰ। ਯਸੂ ਮਸੀਹ ਦੇ ਵਾਸਤੇ, ਮੇਰੇ ਤੇ ਤਰਸ ਖਾ। ਮੈਂ 'ਕੱਲੀਕਾਰੀ ਹਾਂ, ਦੁਨੀਆਂ ਵਿਚ ਮੇਰਾ ਕੋਈ ਵੀ ਨਹੀਂ। ਤੂੰ—ਇਕੋ ਇਕ ਤੂੰ ਈ ਏਂ ਮੇਰਾ। ਆਖ਼ਰ, ਅਸੀਂ—"

"ਇਹ ਚੀਖ-ਚਿਹਾੜਾ ਬੰਦ ਕਰ! ਮਜ਼ਾਕ ਨਾ ਬਣ ਲੋਕਾਂ ਦਾ," ਗੋਮੋਜ਼ੋਵ ਨੇ ਉਸਦੇ ਹਿਸਟੀਰੀਏ ਭਰੇ ਵਿਰਲਾਪ ਨੂੰ ਕਰਖ਼ਤ ਆਵਾਜ਼ ਨਾਲ ਵਿਚੇ ਹੀ ਟੋਕਿਆ। "ਬਕਵਾਸ ਬੰਦ ਕਰ, ਨਾ ਅਕਲ ਨਾ ਮੌਤ।"

ਤੇ ਇਕ ਵਾਰੀ ਫਿਰ ਚੁੱਪ ਚਾਪ ਉਹ ਹਰ ਅਗਲੇ ਮਿੰਟ ਦੀ ਉਡੀਕ ਕਰਨ ਲਗੇ। ਪਰ ਮਿੰਟ ਜਿਵੇਂ ਆਉਂਦੇ ਗਏ, ਉਸੇ ਤਰ੍ਹਾਂ ਲੰਘਦੇ ਗਏ। ਆਖ਼ਰ ਦਰਵਾਜ਼ੇ ਦੀਆਂ ਝੀਤਾਂ ਵਿਚੋਂ ਸੂਰਜ ਦੀਆਂ ਕਿਰਨਾਂ ਚਮਕਦੇ ਧਾਗਿਆਂ ਵਾਂਗ ਹਨੇਰੇ ਨੂੰ ਚੀਰਦੀਆ ਅੰਦਰ ਆਉਣ ਲਗੀਆਂ। ਬਾਹਰ ਕਦਮਾਂ ਦੀ ਆਵਾਜ਼

ਆਈ। ਕੋਈ ਦਰਵਾਜ਼ੇ ਤਕ ਆਇਆ, ਕੁਝ ਦੇਰ ਖੜਾ ਰਿਹਾ ਤੇ ਚਲਾ ਗਿਆ।

"ਜ-ਜੱਲਾਦ!" ਜ਼ੋਰ ਦੀ ਥੁੱਕਦਾ ਹੋਇਆ ਗੋਮੋਜ਼ੋਵ ਗਰਜਿਆ। ਖਿਚਾਅ-ਭਰੀ ਚੁੱਪ ਵਿਚ ਉਹ ਇਕ ਵਾਰੀ ਫੇਰ ਉਡੀਕਣ ਲਗੇ।

"ਹੇ ਪ੍ਰਮਾਤਮਾ, ਰਹਿਮ ਕਰ..." ਆਰੀਨੌਾ ਬੁੜਬੁੜਾਈ।

ਹੌਲੇ ਹੌਲੇ ਕਦਮ ਸੁਣਾਈ ਦਿਤੇ। ਇਕਦਮ ਜੰਦਰਾ ਖੁਲ੍ਹਣ ਦੀ ਆਵਾਜ਼ ਆਈ ਤੇ ਸਟੇਸ਼ਨ ਮਾਸਟਰ ਕਰੜੀ ਆਵਾਜ਼ ਵਿਚ ਬੋਲਦਾ ਸੁਣਾਈ ਦਿਤਾ।

"ਗੋਮੋਜ਼ੋਵ!" ਉਹ ਚਿੱਲਾਇਆ, "ਆਰੀਨਾ ਦੀ ਬਾਂਹ ਫੜ ਤੇ ਉਸਨੂੰ ਬਾਹਰ ਲਿਆ! ਜ਼ਰਾ ਖ਼ੁਸ਼ ਹੋ ਕੇ..."

"ਇਧਰ ਆ, ਤੂੰ!" ਗੋਮੋਜ਼ੋਵ ਬੁੜਬੁੜਾਇਆ। ਆਰੀਨਾ ਉਸ ਕੋਲ ਗਈ ਤੇ ਸਿਰ ਸੁੱਟੀ ਉਸ ਕੋਲ ਜਾ ਖਲੋਤੀ।

ਦਰਵਾਜ਼ਾ ਖੁਲ੍ਹਿਆ ਤੇ ਸਾਮ੍ਹਣੇ ਸਟੇਸ਼ਨ ਮਾਸਟਰ ਖੜਾ ਸੀ। ਉਹ ਝੁਕਿਆ ਤੇ ਕਹਿਣ ਲੱਗਾ:

"ਤੁਹਾਡੇ ਕਾਨੂੰਨੀ ਵਿਆਹ ਉਤੇ ਮੈਂ ਵਧਾਈ ਦੇਂਦਾ ਹਾਂ। ਚਲੋ, ਬੈਂਡ—ਸ਼ੁਰੂ ਕਰੋ!"

ਗੋਮੋਜ਼ੋਵ ਨੇ ਬਾਹਰ ਕਦਮ ਧਰਿਆ, ਪਰ ਕੰਨ-ਪਾੜਵੇਂ ਰੌਲੇ ਨੇ ਉਸਨੂੰ ਰੋਕ ਲਿਆ। ਲੂਕਾ, ਯਾਗੋਦਕਾ ਤੇ ਨਿਕੋਲਾਈ ਪਿਤਰੋਵਿਚ ਦਰਵਾਜ਼ੇ ਦੇ ਬਾਹਰ ਖੜੇ ਸਨ। ਲੂਕਾ ਇਕ ਬਾਲਟੀ ਦੇ ਥੱਲੇ ਨੂੰ ਆਪਣੇ ਮੁੱਕੇ ਨਾਲ ਕੁੱਟ ਰਿਹਾ ਸੀ ਤੇ ਮੋਟੀ ਜਿਹੀ ਆਵਾਜ਼ ਵਿਚ ਉਚੀ ਸਾਰੀ ਕੁਝ ਬੋਲ ਰਿਹਾ ਸੀ; ਫ਼ੌਜੀ ਟੀਨ ਦਾ ਘੂਤੂ ਵਜਾ ਰਿਹਾ ਸੀ; ਪਿਤਰੋਵਿਚ ਗਲ੍ਹਾਂ ਫੁਲਾ ਕੇ ਬੁਲ੍ਹਾਂ ਵਿਚੋਂ ਫੂਕ ਮਾਰ ਰਿਹਾ ਸੀ ਤੇ ਇਕ ਹੱਥ ਹਿਲਾ ਰਿਹਾ ਸੀ ਜਿਵੇਂ ਕਿ ਤੂਤੀ ਵਜਾ ਰਿਹਾ ਹੋਵੇ:

"ਪੌਮ! ਪੌਮ! ਪੌਮ-ਪੌਮ-ਪੌਮ! "

ਬਾਲਟੀ ਗੜ੍ਹਕਵੀਂ ਆਵਾਜ਼ ਪੈਦਾ ਕਰ ਰਹੀ ਸੀ, ਘੂਤੂ ਚੀਖ ਰਿਹਾ ਤੇ ਵਿਰਲਾਪ ਕਰ ਰਿਹਾ ਸੀ। ਸਟੇਸ਼ਨ ਮਾਸਟਰ ਹੱਸਦਾ ਹੱਸਦਾ ਦੂਹਰਾ ਹੁੰਦਾ ਜਾ ਰਿਹਾ ਸੀ। ਉਸਦਾ ਸਹਾਇਕ ਵੀ ਸੁੰਨ ਹੋਏ ਹੋਏ ਗੋਮੋਜ਼ੋਵ ਨੂੰ ਵੇਖ ਕੇ ਖਿੜਖਿੜਾ ਕੇ ਹੱਸ ਪਿਆ। ਗੋਮੋਜ਼ੋਵ ਦਾ ਚਿਹਰਾ ਭੁਸਲਾ ਪਿਆ ਹੋਇਆ ਸੀ ਤੇ ਉਸਦੇ ਕੰਬਦੇ ਬੁਲ੍ਹ ਘਬਰਾਹਟ ਭਰੀ ਮੁਸਕ੍ਰਾਹਟ ਨਾਲ ਮੁੜੇ ਹੋਏ ਸਨ। ਉਸਦੇ ਪਿੱਛੇ ਆਰੀਨਾ ਖੜੀ ਸੀ, ਸਿਰ ਛਾਤੀ ਉਤੇ ਸੁੱਟੀ, ਤੇ ਬੇਹਰਕਤ ਜਿਵੇਂ ਪੱਥਰ ਹੋ ਗਈ ਹੋਵੇ।

ਲੂਕਾ ਨੇ ਗੋਮੋਜ਼ੋਵ ਨੂੰ ਮੂੰਹ ਚਿੜਾਉਂਦਿਆਂ ਗਾਉਣਾ ਸ਼ੁਰੂ ਕਰ ਦਿਤਾ:

ਤਿਮੋਫ਼ੇਈ ਨੂੰ ਆਰੀਨਾ
ਬੋਲੇ ਮਿੱਠੇ ਬੋਲ ਵਿਚ ਕੰਨਾਂ!

ਫ਼ੌਜੀ ਗੋਮੋਜ਼ੋਵ ਕੋਲ ਗਿਆ ਤੇ ਬਿਲਕੁਲ ਉਸਦੇ ਕੰਨ ਵਿਚ ਧੂਤੂ ਵਜਾਉਣ ਲਗ ਪਿਆ।

"ਚਲੋ, ਚਲੋ। ਲੈ, ਉਹਦਾ ਹੱਥ ਫੜ ਕੇ ਚੱਲ!" ਸਟੇਸ਼ਨ ਮਾਸਟਰ ਬੋਲਿਆ; ਉਸਦਾ ਹਾਸਾ ਹੀ ਨਹੀਂ ਸੀ ਰੁਕ ਰਿਹਾ।

"ਉਫ਼! ਚੁਪ ਕਰੋ! ਮੇਰੀ ਜਾਨ ਨਿਕਲਦੀ ਜਾਂਦੀ ਏ!" ਸੋਨੀਆ ਚਿੱਲਾਈ, ਜਿਹੜੀ ਡਿਓੜੀ ਵਿਚ ਬੈਠੀ ਹਾਸੇ ਨਾਲ ਲੋਟ-ਪੋਟ ਹੁੰਦੀ ਜਾ ਰਹੀ ਸੀ।

"ਇਕ ਘੜੀ ਦੇ ਮੇਲ ਲਈ
ਮੈਂ ਸਭ ਮੁਸੀਬਤ ਝੇਲ ਲਈ।"

ਨਿਕੋਲਾਈ ਪਿਤਰੋਵਿਚ ਬਿਲਕੁਲ ਜਿਵੇਂ ਗੋਮੋਜ਼ੋਵ ਦੇ ਨੱਕ ਦੇ ਹੇਠਾਂ ਕਰਕੇ ਗਾ ਰਿਹਾ ਸੀ।

ਗੋਮੋਜ਼ੋਵ ਨੇ ਕਦਮ ਅੱਗੇ ਪੁੱਟਿਆ ਤਾਂ ਸਟੇਸ਼ਨ ਮਾਸਟਰ ਨੇ ਨਾਅਰਾ ਲਾਇਆ, "ਹੁੱਰਾ, ਨਵ-ਵਿਆਹੇ ਜੋੜੇ ਲਈ!" ਤੇ ਫਿਰ ਚਾਰੇ ਦੇ ਚਾਰੇ ਕੂਕ ਉੱਠੇ "ਹੁੱਰਾ!" ਵਿਚ ਫ਼ੌਜੀ ਦੀ ਖਰਜ ਦੀ ਗੂੰਜਵੀਂ ਆਵਾਜ਼ ਵੀ ਸੀ।

ਆਰੀਨਾ ਗੋਮੋਜ਼ੋਵ ਦੇ ਪਿੱਛੇ ਪਿੱਛੇ ਤੁਰ ਪਈ। ਹੁਣ ਉਸਦਾ ਸਿਰ ਚੁਕਿਆ ਹੋਇਆ ਸੀ, ਉਸਦਾ ਮੂੰਹ ਖੁਲ੍ਹਾ ਸੀ ਤੇ ਉਸਦੀਆਂ ਬਾਹਵਾਂ ਉਸਦੇ ਪਾਸਿਆਂ ਵੱਲ ਐਵੇਂ ਝੂਲ ਰਹੀਆਂ ਸਨ। ਉਸਦੀਆਂ ਧੁੰਦਲੀਆਂ ਅੱਖਾਂ ਸਾਮ੍ਹਣੇ ਵੱਲ ਇਕ ਟੱਕ ਵੇਖੀ ਜਾ ਰਹੀਆਂ ਸਨ, ਪਰ ਇਸ ਬਾਰੇ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ ਕਿ ਉਹ ਕੁਝ ਵੇਖ ਵੀ ਰਹੀਆਂ ਸਨ ਜਾਂ ਨਹੀਂ।

"ਮੋਤੀਆ, ਉਹਨਾਂ ਨੂੰ ਕਹੁ ਇਕ ਦੂਜੇ ਦਾ ਮੂੰਹ ਚੁੰਮਣ! ਹਾ, ਹਾ, ਹਾ!"

"ਚੁੰਮਣ, ਨਵ-ਵਿਆਹਿਆ ਵਲੋ!" ਨਿਕੋਲਾਈ ਪਿਤਰੋਵਿਚ ਕੂਕਿਆ, ਜਿਸ ਉਤੇ ਸਟੇਸ਼ਨ ਮਾਸਟਰ ਦੀਆਂ ਲੱਤਾਂ ਨੇ ਉਸਨੂੰ ਆਸਰਾ ਦੇਣ ਤੋਂ ਇਨਕਾਰ ਕਰ ਦਿਤਾ ਤੇ ਉਸਨੇ ਦਰਖ਼ਤ ਨਾਲ ਢਾਸਣਾ ਲਾ ਲਿਆ। ਬਾਲਟੀ ਵਜਦੀ ਜਾ ਰਹੀ ਸੀ, ਧੂਤੂ ਤੂ-ਤੂ ਕਰੀ ਜਾ ਰਿਹਾ ਸੀ ਤੇ ਲੂਕਾ ਗਾਉਂਦਾ ਗਾਉਂਦਾ ਜ਼ਰਾ ਨਾਲ ਨੱਚੀ ਵੀ ਜਾ ਰਿਹਾ ਸੀ:

ਆਰੀਨਾ ਨੇ ਕੜਾਹ ਬਣਾਇਆ
ਵਿਚ ਘਿਓ-ਮੱਖਣ ਵਾਹਵਾ ਪਾਇਆ!

ਨਿਕੋਲਾਈ ਪਿਤਰੋਵਿਚ ਫਿਰ ਗਲ੍ਹਾਂ ਫੁਲਾ ਕੇ ਫੂਕਾਂ ਮਾਰਨ ਲਗ ਪਿਆ:

"ਪੌਮ-ਪੌਮ-ਪੌਮ! ਤੂ-ਤੂ-ਤੂ! ਪੌਮ-ਪੌਮ! ਤੂ-ਤੂ!"

ਜਦੋਂ ਗੋਮੋਜ਼ੋਵ ਬੈਰਕਾਂ ਦੇ ਦਰਵਾਜ਼ੇ ਤਕ ਪੁੱਜਾ ਤਾਂ ਉਹ ਅਲੋਪ ਹੋ ਗਿਆ। ਆਰੀਨਾ ਵਿਹੜੇ ਵਿਚ ਇਕੱਲੀ ਖੜੀ ਰਹਿ ਗਈ, ਹੱਦੋਂ-ਟੱਪੇ ਲੋਕਾਂ ਦੇ ਟੋਲੇ ਵਿਚ ਘਿਰੀ ਹੋਈ, ਜਿਹੜੇ ਕੂਕਾਂ ਛੱਡ ਰਹੇ ਸਨ, ਹੱਸ ਰਹੇ ਸਨ, ਉਸਦੇ ਕੰਨਾਂ ਵਿਚ ਸੀਟੀਆਂ ਮਾਰ ਰਹੇ ਸਨ ਤੇ ਖ਼ੁਸ਼ੀ ਨਾਲ ਮਸਤੇ ਹੋਏ ਉਸਦੇ ਦੁਆਲੇ ਟਪੂਸੀਆਂ ਮਾਰ ਰਹੇ ਸਨ। ਉਹ ਉਥੇ ਉਹਨਾਂ ਵਿਚਕਾਰ ਖੜੀ ਸੀ—ਅਹਿੱਲ ਚਿਹਰੇ ਨਾਲ, ਗੰਦੀ, ਅਣਸੰਵਰੀ, ਤਰਸਯੋਗ, ਬੇਹੂਦਾ।

"ਲਾੜਾ ਨੱਠ ਗਿਐ ਤੇ ਇਹ ਪਿੱਛੇ ਰਹਿ ਗਈ," ਸਟੇਸ਼ਨ ਮਾਸਟਰ ਨੇ ਆਪਣੀ ਪਤਨੀ ਨੂੰ ਆਵਾਜ਼ ਦੇ ਕੇ ਕਿਹਾ; ਉਸਨੇ ਉਂਗਲ ਆਰੀਨਾ ਵੱਲ ਕੀਤੀ ਹੋਈ ਸੀ ਤੇ ਹਾਸੇ ਨਾਲ ਦੂਹਰਾ ਹੁੰਦਾ ਜਾ ਰਿਹਾ ਸੀ।

ਆਰੀਨਾ ਨੇ ਮੂੰਹ ਉਸ ਵੱਲ ਮੋੜਿਆ, ਤੇ ਫਿਰ ਬੈਰਕਾਂ ਦੇ ਕੋਲੋਂ ਹੁੰਦੀ ਹੋਈ ਬਾਹਰ ਸਤੈਪੀ ਵਿਚ ਚਲੀ ਗਈ। ਉਸਦੇ ਜਾਂਦੀ ਉਤੇ ਵੀ ਮਗਰੋਂ ਬੋਲ ਕੱਸੇ ਗਏ, ਕੂਕਾਂ ਛੱਡੀਆਂ ਗਈਆਂ, ਹੱਸਿਆ ਗਿਆ।

"ਬਥੇਰੀ ਹੋ ਗਈ! ਹੁਣ ਛੱਡੋ ਸੂ!" ਸੋਨੀਆ ਬੋਲੀ। "ਉਸਨੂੰ ਹੁਣ ਸੰਭਲਣ ਦਾ ਮੌਕਾ ਦਿਓ। ਰੋਟੀ ਵੀ ਪਕਾਉਣੀ ਏ।"

ਆਰੀਨਾ ਸਤੈਪੀ ਵਿਚ ਚਲੀ ਗਈ; ਦੂਰ ਉੱਚੀ-ਨੀਵੀਂ ਕਣਕ ਦੇ ਖੇਤ ਦੀ ਹੱਦ ਤੋਂ ਪਰੇ। ਉਹ ਹੌਲੀ ਹੌਲੀ ਤੁਰ ਰਹੀ ਸੀ, ਜਿਵੇਂ ਕੋਈ ਸੋਚਾਂ ਵਿਚ ਡੁੱਬਾ ਹੋਵੇ।

"ਕਿਸਤਰ੍ਹਾਂ ਰਾਹੀ? ਕਿਸ ਤਰ੍ਹਾਂ?" ਸਟੇਸ਼ਨ ਮਾਸਟਰ ਇਸ ਮਜ਼ਾਕ ਵਿਚ ਹਿੱਸਾ ਲੈਣ ਵਾਲਿਆਂ ਨੂੰ ਮੁੜ ਮੁੜ ਕੇ ਪੁੱਛ ਰਿਹਾ ਸੀ, ਜਿਹੜੇ ਹੁਣ ਇਕ ਦੂਜੇ ਨੂੰ ਨਵ-ਵਿਆਹੇ ਜੋੜੇ ਦੇ ਵਿਹਾਰ ਦੀਆਂ ਚੋਣਵੀਆਂ ਗੱਲਾਂ ਸੁਣਾ ਰਹੇ ਸਨ। ਉਹ ਸਾਰੇ ਉੱਚੀ ਉੱਚੀ ਖਿੜਖਿੜਾ ਕੇ ਹੱਸ ਰਹੇ ਸਨ। ਤੇ ਨਿਕੋਲਾਈ ਪਿਤਰੋਵਿਚ ਨੇ ਇਥੇ ਵੀ ਆਪਣੀ ਸਿਆਣਪ ਜੜਣ ਵਾਸਤੇ ਮੌਕਾ ਤੇ ਥਾਂ ਲਭ ਲਈ:

ਹੱਸਣਾ ਤਾਂ ਨਹੀਂ ਕੋਈ ਗੁਨਾਹ
ਜੇ ਮੌਕਾ ਹੋਵੇ ਹੱਸਣ ਦਾ

ਇਹ ਗੱਲ ਉਹਨੇ ਸੋਫ਼ੀਆ ਈਵਾਨੋਵਨਾ ਨੂੰ ਕਹੀ ਤੇ ਨਾਲ ਹੀ ਚੌਕਸ ਕਰਦੇ ਢੰਗ ਨਾਲ ਕਹਿ ਦਿਤਾ:

"ਪਰ ਬਹੁਤਾ ਹੱਸਣਾ ਮਾੜਾ ਹੁੰਦੈ।"

ਸਟੇਸ਼ਨ ਉਤੇ ਉਸ ਰੋਜ਼ ਸਾਰੀ ਦਿਹਾੜੀ ਬੜਾ ਹਾਸਾ ਪੈਂਦਾ ਰਿਹਾ, ਪਰ ਬੜਾ ਭੈੜਾ ਖਾਣਾ ਮਿਲਿਆ, ਕਿਉਂਕਿ ਆਰੀਨਾ ਖਾਣਾ ਬਨਾਉਣ ਲਈ ਨਹੀਂ ਸੀ ਮੁੜੀ, ਤੇ ਇਹ ਕੰਮ ਸਟੇਸ਼ਨ ਮਾਸਟਰ ਦੀ ਵਹੁਟੀ ਨੂੰ ਕਰਨਾ ਪਿਆ ਸੀ। ਪਰ ਭੈੜਾ ਖਾਣਾ ਵੀ ਲੋਕਾਂ ਦੀ ਚੰਗੀ ਮੌਜ ਨੂੰ ਨਾ ਮਾਰ ਸਕਿਆ। ਗੋਮੋਜ਼ੋਵ ਬੈਰਕਾਂ ਵਿਚ ਉਦੋਂ ਤੱਕ ਬਾਹਰ ਨਾ ਆਇਆ, ਜਦੋਂ ਤੱਕ ਉਸਦੀ ਡਿਊਟੀ ਦਾ ਵੇਲਾ ਨਾ ਹੋ ਗਿਆ। ਜਦੋਂ ਉਹ ਬਾਹਰ ਆਇਆ ਹੀ ਤਾਂ ਉਸਨੂੰ ਸਟੇਸ਼ਨ ਮਾਸਟਰ ਦੇ ਦਫ਼ਤਰ ਵਿਚ ਸੱਦਿਆ ਗਿਆ ਜਿਥੇ ਨਿਕੋਲਾਈ ਪਿਤਰੋਵਿਚ ਨੇ ਉਸਤੋਂ ਪੁੱਛਣਾ ਸ਼ੁਰੂ ਕੀਤਾ ਕਿ ਉਸਨੇ ਆਪਣੀ ਸੁੰਦਰੀ ਉਤੇ ਕਿਵੇਂ "ਵਿਜੇ ਪਾਈ ਸੀ," ਜਿਸਨੂੰ ਸੁਣਕੇ ਮਤਵੇਈ ਯੇਗੋਰੋਵਿਚ ਤੇ ਲੂਕਾ ਬੜੇ ਖ਼ੁਸ਼ ਹੋ ਰਹੇ ਸਨ।

"ਆਪਣੀ ਅਸਾਧਾਰਨਤਾ ਵਿਚ ਇਹ ਮਨੁੱਖ ਦੇ ਭਰਮਾਏ ਜਾਣ ਤੇ ਗਿਰਨ ਦੀ ਕਹਾਣੀ ਨੰਬਰ ਇਕ ਏ," ਨਿਕੋਲਾਈ ਪਿਤਰੋਵਿਚ ਸਟੇਸ਼ਨ ਮਾਸਟਰ ਨੂੰ ਕਹਿਣ ਲਗਾ।

"ਤੇ ਕਿਆ ਗਿਰਨਾ ਸੀ ਇਹ," ਚੁੱਪੂ ਗੋਮੋਜ਼ੋਵ ਆਪਣੇ ਮੂੰਹ ਉਤੇ ਮਾਂਦ ਜਿਹੀ ਮੁਸਕ੍ਰਾਹਟ ਲਿਆਉਂਦਾ ਬੋਲਿਆ। ਉਹ ਸਮਝ ਗਿਆ ਸੀ ਕਿ ਜੇ ਉਹ ਆਰੀਨਾ ਨੂੰ ਹਾਸੋਹੀਣੀ ਬਣਾਉਂਦੀ ਕੋਈ ਕਹਾਣੀ ਬਣਾ ਸਕੇ, ਤਾਂ ਉਸਦਾ ਹਾਸਾ ਉਡਾਇਆ ਜਾਣਾ ਬਹੁਤ ਘੱਟ ਹੋ ਜਾਇਗਾ।

"ਪਹਿਲਾਂ ਪਹਿਲ ਉਹ ਸਿਰਫ਼ ਮੈਨੂੰ ਅੱਖਾਂ ਮਾਰਦੀ ਹੁੰਦੀ ਸੀ," ਉਹ ਬੋਲਿਆ।

"ਅੱਖਾਂ ਮਾਰਦੀ ਹੁੰਦੀ ਸੀ? ਹੋ, ਹੋ, ਹੋ! ਜ਼ਰਾ ਕਲਪਨਾ ਕਰੋ, ਨਿਕੋਲਾਈ ਪਿਤਰੋਵਿਚ, ਉਹ ਕਿਵੇਂ ਇਸਨੂੰ ਅੱਖਾਂ ਮਾਰਦੀ ਹੋਵੇਗੀ। ਕਮਾਲ ਏ!"

"ਉਹ, ਮਤਲਬ ਕੀ ਕਿ ਅੱਖਾਂ ਮਾਰਦੀ ਰਹਿੰਦੀ, ਤੇ ਮੈਂ ਵੇਖਦਾ ਤੇ ਆਪਣੇ ਆਪ ਵਿਚ ਸੋਚਦਾ—ਸ਼ਰਾਰਤਾਂ ਕਰਦੀ ਏਂ ਤੂੰ! ਫੇਰ ਉਹ ਮੈਨੂੰ ਕਹਿਣ ਲਗੀ 'ਜੇ ਤੂੰ ਕਹੇਂ ਤਾਂ ਮੈਂ ਤੈਨੂੰ ਕੁਝ ਕਮੀਜ਼ਾਂ ਸਿਊ ਦੇਵਾਂ।"

"ਪਰ 'ਉਹਦੀ ਸਿਲਾਈ 'ਚ ਨਹੀਂ ਸੀ ਤਬਾਹੀ," ਨਿਕੋਲਾਈ ਪਿਤਰੋਵਿਚ ਨੇ ਟਿੱਪਣੀ ਕੀਤੀ ਤੇ ਨਾਲ ਹੀ ਸਟੇਸ਼ਨ ਮਾਸਟਰ ਕੋਲ ਵਿਆਖਿਆ ਕਰਨ ਲਗਾ, "ਇਹ ਤੁਹਾਨੂੰ ਪਤੈ, ਨਿਕਰਾਸੋਵ ਦੀ ਇਕ ਕਵਿਤਾ 'ਖ਼ੁਸ਼-ਪੋਸ਼ ਤੇ ਕੰਗਾਲ' ਵਿਚੋਂ ਹੈ। ਹਾਂ ਅੱਗੇ, ਗੋਮੋਜ਼ੋਵ।"

ਤੇ ਗੋਮੋਜ਼ੋਵ ਸੁਣਾਈ ਗਿਆ, ਪਹਿਲਾਂ ਜ਼ਰਾ ਯਤਨ ਕਰਕੇ, ਪਰ ਹੌਲੀ ਹੌਲੀ ਆਪਣੇ ਝੂਠਾਂ ਤੋਂ ਪ੍ਰੇਰਨਾ ਲੈਂਦਾ ਹੋਇਆ, ਕਿਉਂਕਿ ਉਹ ਵੇਖ ਰਿਹਾ ਸੀ ਕਿ ਝੂਠ ਉਸਦਾ ਚੰਗਾ ਬੁੱਤਾ ਸਾਰ ਰਹੇ ਨੇ।

ਉਧਰ, ਜਿਸ ਬਾਰੇ ਉਹ ਗੱਲਾਂ ਕਰ ਰਿਹਾ ਸੀ, ਉਹ ਸਤੈਪੀ ਵਿਚ ਪਈ ਸੀ। ਉਹ ਕਣਕ ਦੇ ਸਾਗਰ ਵਿਚ ਬਹੁਤ ਦੂਰ ਤੱਕ ਚਲੀ ਗਈ ਸੀ, ਜਿਥੇ ਉਹ

ਜ਼ਮੀਨ ਉੱਤੇ ਢਹਿ ਪਈ ਸੀ ਤੇ ਬਿਨਾਂ ਹਿੱਲਿਆਂ ਪਈ ਰਹੀ ਸੀ। ਜਦੋਂ ਆਪਣੀ ਪਿੱਠ ਉੱਤੇ ਧੁੱਪ ਸਹਿਣੀ ਹੋਰ ਮੁਸ਼ਕਲ ਹੋ ਗਈ ਤਾਂ ਉਹ ਸਿਧੀ ਹੋ ਗਈ ਤੇ ਆਪਣਾ ਮੂੰਹ ਆਪਣੇ ਹੱਥਾਂ ਨਾਲ ਢੱਕ ਲਿਆ, ਤਾ ਕਿ ਉਹ ਆਕਾਸ਼ ਨਾ ਵੇਖ ਸਕੇ ਜਿਹੜਾ ਬਹੁਤ ਹੀ ਨਿਰਮਲ ਸੀ ਤੇ ਸੂਰਜ ਨਾ ਵੇਖ ਸਕੇ ਜ੍ਹਿਹੜਾ ਬਹੁਤ ਹੀ ਚਮਕਦਾ ਸੀ।

ਸ਼ਰਮ ਦੀ ਮਾਰੀ ਇਸ ਔਰਤ ਦੇ ਦੁਆਲੇ ਕਣਕ ਦੇ ਸੁੱਕੇ ਸਿੱਟੇ ਸਰਸਰ ਕਰ ਰਹੇ ਸਨ; ਅਣਗਿਣਤ ਟਿਡੇ ਲਗਾਤਾਰ ਤੇ ਪ੍ਰੇਸ਼ਾਨੀ ਵਿਚ ਟੱਰਾ ਰਹੇ ਸਨ। ਗਰਮੀ ਸੀ। ਉਸਨੇ ਦੁਆ ਕਰਨ ਦੀ ਕੋਸ਼ਿਸ਼ ਕੀਤੀ, ਪਰ ਦੁਆ ਦੇ ਸ਼ਬਦ ਉਸਨੂੰ ਯਾਦ ਨਾ ਆਏ। ਖਿੱਲੀ ਉਡਾਉਂਦੇ ਚਿਹਰੇ ਉਸਦੀਆਂ ਅੱਖਾਂ ਸਾਮ੍ਹਣੇ ਨਾਚ ਕਰ ਰਹੇ ਸਨ। ਉਸਦੇ ਕੰਨਾਂ ਵਿਚ ਹਾਸੇ ਦੀਆਂ ਆਵਾਜ਼ਾਂ, ਧੂਤੂ ਦੀ ਤੂ-ਤੂ ਤੇ ਲੂਕਾ ਦੀ ਚੀਖਵੀਂ ਆਵਾਜ਼ ਗੂੰਜੀ ਜਾ ਰਹੀ ਸੀ। ਇਸ ਨਾਲ ਜਾਂ ਗਰਮੀ ਨਾਲ ਉਸਦੀ ਛਾਤੀ ਘੁਟਣ ਲਗ ਪਈ, ਤੇ ਉਸਨੇ ਆਪਣੇ ਬਲਾਊਜ਼ ਨੂੰ ਢਿਲਿਆਂ ਕਰ ਦਿਤਾ ਤੇ ਨੰਗੇ ਸਰੀਰ ਉਤੇ ਧੁੱਪ ਪਵਾਉਣ ਲੱਗੀ, ਇਸ ਉਮੀਦ ਵਿਚ ਕਿ ਇਸ ਨਾਲ ਸਾਹ ਲੈਣਾ ਸੌਖਾ ਹੋ ਜਾਇਗਾ। ਧੁੱਪ ਉਸਦੀ ਚਮੜੀ ਨੂੰ ਲੂਹ ਰਹੀ ਸੀ; ਉਸਦੀ ਛਾਤੀ ਵਿਚ ਜਿਵੇਂ ਕੋਈ ਗਰਮ ਚੀਜ਼ ਛੇਕ ਕਰ ਰਹੀ ਹੋਵੇ; ਉਹ ਉਭੇ ਸਾਹ ਲੈ ਰਹੀ ਸੀ।

"ਪ੍ਰਮਾਤਮਾ, ਮਿਹਰ ਕਰ..." ਉਹ ਕਦੀ ਕਦੀ ਬੁੜਬੁੜਾਉਂਦੀ।

ਪਰ ਇਸਦਾ ਜਵਾਬ ਸਿਰਫ਼ ਕਣਕ ਦੀ ਸਰਸਰ ਤੇ ਟਿੱਡਿਆਂ ਦੀ ਟਰ-ਟਰ ਵਿਚ ਮਿਲਦਾ। ਸਿੱਟਿਆਂ ਦੀਆਂ ਲਹਿਰਾਂ ਤੋਂ ਉਤਾਂਹ ਆਪਣਾ ਸਿਰ ਚੁਕਦਿਆਂ, ਉਸਨੇ ਉਹਨਾਂ ਦੀ ਸੁਨਹਿਰੀ ਲਰਜ਼ਸ਼ ਨੂੰ ਵੇਖਿਆ, ਸਟੇਸ਼ਨ ਤੋਂ ਪਾਰ ਪਾਣੀ ਦੀ ਕਾਲੀ ਟੈਂਕੀ ਹਵਾ ਵਿਚ ਉਤਾਂਹ ਉਠਦੀ ਵੇਖੀ, ਸਟੇਸ਼ਨ ਦੀਆਂ ਇਮਾਰਤਾਂ ਦੀਆਂ ਛੱਤਾਂ ਵੇਖੀਆਂ। ਆਕਾਸ਼ ਦੇ ਨੀਲੇ ਗੁੰਬਦ ਨਾਲ ਢੱਕੇ ਇਸ ਅਥਾਹ ਪੀਲੇ ਮੈਦਾਨ ਵਿਚ ਹੋਰ ਕੋਈ ਨਹੀਂ ਸੀ, ਤੇ ਆਰੀਨਾ ਨੂੰ ਲਗਾ ਕਿ ਉਹ ਸਾਰੀ ਦੁਨੀਆਂ ਵਿਚ ਇਕੱਲੀ ਹੈ, ਤੇ ਉਹ ਇਸਦੇ ਐਨ ਵਿਚਕਾਰ ਪਈ ਹੈ, ਤੇ ਉਸਦੇ ਇਕਲਾਪੇ ਦਾ ਭਾਰ ਹੌਲਾ ਕਰਨ ਲਈ ਕਦੀ ਵੀ ਕੋਈ ਨਹੀਂ ਆਇਗਾ... ਕੋਈ ਵੀ... ਕਦੀ ਨਹੀਂ...।

ਸ਼ਾਮ ਨੂੰ ਉਸਨੂੰ ਕੁਝ ਆਵਾਜ਼ਾਂ ਸੁਣਾਈ ਦਿਤੀਆਂ।

"ਆਰੀਨਾ! ਆਰੀਨਾ,...!"

ਇਕ ਆਵਾਜ਼ ਲੂਕਾ ਦੀ ਸੀ, ਦੂਜੀ ਫ਼ੌਜੀ ਦੀ। ਉਸਨੇ ਤੀਜੀ ਆਵਾਜ਼ ਦੀ ਵੀ ਆਸ ਲਾ ਰਖੀ ਸੀ, ਪਰ ਉਸਨੇ ਉਹਨੂੰ ਆਵਾਜ਼ ਨਾ ਦਿਤੀ, ਤੇ ਇਸ ਕਰਕੇ ਉਸਨੇ ਜ਼ਾਰ ਜ਼ਾਰ ਅੱਥਰੂ ਕੇਰਨੇ ਸ਼ੁਰੂ ਕਰ ਦਿਤੇ, ਜਿਹੜੇ ਤੇਜ਼ੀ ਨਾਲ ਉਸਦੀਆਂ ਮਾਤਾ ਦੇ ਦਾਗ਼ਾਂ ਵਾਲੀਆਂ ਗਲ੍ਹਾਂ ਉਪਰੋਂ ਵਹਿੰਦੇ ਹੋਏ ਉਸਦੀ ਛਾਤੀ ਤੱਕ ਜਾ ਰਹੇ ਸਨ। ਤੇ ਰੋਂਦੀ ਰੋਂਦੀ ਉਹ ਆਪਣੀ ਨੰਗੀ ਛਾਤੀ ਨੂੰ ਖ਼ੁਸ਼ਕ ਗਰਮ ਜ਼ਮੀਨ ਉਤੇ

ਰਗੜੀ ਜਾ ਰਹੀ ਸੀ ਉਸ ਲੂੰਹਦੇ ਅਹਿਸਾਸ ਨੂੰ ਰੋਕਣ ਲਈ ਜਿਹੜਾ ਹਰ ਪਲ ਨਾਲ ਹੋਰ ਦੁਖਦਾਈ ਹੁੰਦਾ ਜਾ ਰਿਹਾ ਸੀ। ਉਹ ਰੋ ਰਹੀ ਸੀ, ਤੇ ਫਿਰ ਉਸਨੇ ਰੋਣਾ ਬੰਦ ਕਰ ਦਿਤਾ, ਹਿਚਕੀਆਂ ਦਬਾ ਲਈਆਂ ਜਿਵੇਂ ਡਰ ਰਹੀ ਹੋਵੇ ਕਿ ਕੋਈ ਸੁਣ ਲਵੇਗਾ ਤੇ ਉਸਨੂੰ ਰੋਣ ਤੋਂ ਰੋਕ ਦੇਵੇਗਾ।

ਜਦੋਂ ਰਾਤ ਪੈ ਗਈ ਤਾਂ ਉਹ ਉਠੀ ਤੇ ਹੌਲੀ ਹੌਲੀ ਵਾਪਸ ਸਟੇਸ਼ਨ ਵੱਲ ਤੁਰਨ ਲਗ ਪਈ।

ਜਦੋਂ ਉਹ ਇਮਾਰਤਾਂ ਕੋਲ ਪਹੁੰਚੀ ਤਾਂ ਉਹ ਸਤੈਪੀ ਵੱਲ ਵੇਖਦੀ ਹੋਈ ਕਿੰਨਾਂ ਚਿਰ ਤਹਿਖ਼ਾਨੇ ਦੀ ਕੰਧ ਨਾਲ ਢਾਸਣਾ ਲਾ ਕੇ ਖੜੀ ਰਹੀ। ਇਕ ਮਾਲਗੱਡੀ ਆਈ ਤੇ ਚਲੀ ਗਈ, ਤੇ ਉਸਨੇ ਸੁਣਿਆ ਕਿ ਫ਼ੌਜੀ ਉਸਦੀ ਸ਼ਰਮਿੰਦਗੀ ਦੀ ਕਹਾਣੀ ਗਾਰਡਾਂ ਨੂੰ ਸੁਣਾ ਰਿਹਾ ਸੀ, ਜਿਹੜੇ ਹੱਸ ਹੱਸ ਦੂਹਰੇ ਹੋ ਰਹੇ ਸਨ। ਉਹਨਾਂ ਦਾ ਹਾਸਾ ਦੂਰ ਸਤੈਪੀ ਤੱਕ ਜਾ ਰਿਹਾ ਸੀ, ਜਿੱਥੇ ਬੀਂਡੇ ਹੌਲੀ ਹੌਲੀ ਰਾਗ ਅਲਾਪ ਰਹੇ ਸਨ।

"ਹੇ ਪ੍ਰਮਾਤਮਾ, ਮਿਹਰ ਕਰੀਂ," ਔਰਤ ਨੇ ਕੰਧ ਨੂੰ ਆਪਣੇ ਸਰੀਰ ਨਾਲ ਦਬਦਿਆਂ ਆਹ ਭਰੀ। ਪਰ ਉਸਦੀਆਂ ਆਹਾਂ ਨੇ ਉਸਦੇ ਦਿਲ ਦਾ ਬੋਝ ਹੌਲਾ ਨਾ ਕੀਤਾ।

ਸਵੇਰ ਹੋ ਰਹੀ ਸੀ ਜਦੋਂ ਉਹ ਸਟੇਸ਼ਨ ਦੀ ਬਰਸਾਤੀ ਵਿਚ ਚੜ੍ਹੀ ਤੇ ਕੱਪੜੇ ਪਾਉਣ ਵਾਲੀ ਰੱਸੀ ਨਾਲ ਫਾਹਾ ਲੈ ਲਿਆ।

ਦੋ ਦਿਨ ਮਗਰੋਂ ਜਦੋਂ ਲਾਸ਼ ਦੀ ਸੜਾਂਦ ਆਈ ਤਾਂ ਉਹਨਾਂ ਆਰੀਨਾ ਨੂੰ ਲੱਭ ਲਿਆ। ਪਹਿਲਾਂ ਤਾਂ ਉਹ ਘਬਰਾ ਗਏ; ਫਿਰ ਉਹ ਬਹਿਸ ਕਰਨ ਲਗੇ ਕਿ ਜੋ ਕੁਝ ਵਾਪਰਿਆ ਹੈ, ਉਸ ਲਈ ਜ਼ਿਮੇਵਾਰ ਕਿਸਨੂੰ ਠਹਿਰਾਇਆ ਜਾਏ। ਨਿਕੋਲਾਈ ਪਿਤਰੋਵਿਚ ਨੇ ਮਨਾਉਣੇ ਢੰਗ ਨਾਲ ਸਿੱਧ ਕਰ ਦਿਤਾ ਕਿ ਗੁਨਾਹਗਾਰ ਗੋਮੋਜ਼ੋਵ ਹੈ। ਸਟੇਸ਼ਨ ਮਾਸਟਰ ਨੇ ਕਾਂਟੇ ਵਾਲੇ ਦੇ ਮੂੰਹ ਉਤੇ ਇਕ ਘਸੁੰਨ ਧਰਿਆ ਤੇ ਚੇਤਾਵਨੀ ਦਿਤੀ ਕਿ ਉਹ ਆਪਣਾ ਮੂੰਹ ਬੰਦ ਰਖੇ।

ਅਫ਼ਸਰ ਆਏ ਤੇ ਪੜਤਾਲ ਕਰਨ ਲਗੇ। ਪਤਾ ਇਹ ਲੱਗਾ ਕਿ ਆਰੀਨਾ ਮਾਲੀਖੋਲੀਏ ਦੀ ਮਰੀਜ਼ ਸੀ। ਰੇਲਵੇ ਦੇ ਕੁਝ ਮਜ਼ਦੂਰਾਂ ਨੂੰ ਹੁਕਮ ਹੋਇਆ ਕਿ ਉਹ ਲਾਸ਼ ਨੂੰ ਚੁੱਕ ਕੇ ਸਤੈਪੀ ਵਿਚ ਲੈ ਜਾਣ ਤੇ ਉਥੇ ਦਬਾ ਦੇਣ। ਜਦੋਂ ਇਹ ਕੰਮ ਹੋ ਗਿਆ ਤਾਂ ਇਕ ਵਾਰੀ ਫਿਰ ਸਟੇਸ਼ਨ ਉਤੇ ਅਮਨ ਅਮਾਨ ਹੋ ਗਿਆ।

ਤੇ ਫੇਰ ਇਸਦੇ ਵਾਸੀਆਂ ਨੇ ਦਿਹਾੜੀ ਵਿਚ ਚਾਰ ਮਿੰਟ ਜਿਊਣਾ ਸ਼ੁਰੂ ਕਰ

ਦਿਤਾ, ਇਕਲਾਪੇ ਤੇ ਅਕੇਵੇਂ ਨਾਲ, ਗਰਮੀ ਤੇ ਵਿਹਲ ਨਾਲ ਖੁਰਦੇ ਹੋਏ, ਆਪਣੇ ਕੋਲੋਂ ਲੰਘਦੀਆਂ ਤੇ ਉਹਨਾਂ ਨੂੰ ਪਿੱਛੇ ਛੱਡ ਜਾਂਦੀਆਂ ਗੱਡੀਆਂ ਵੱਲ ਈਰਖਾ ਨਾਲ ਤਕਦੇ ਹੋਏ।

...ਤੇ ਸਰਦੀਆਂ ਵਿਚ, ਜਦੋਂ ਸਤੈਪੀ ਵਲੋਂ ਚਾਂਗਰਦੇ ਹੋਏ ਤੂਫ਼ਾਨ ਆਉਂਦੇ, ਨਿੱਕੇ ਜਿਹੇ ਸਟੇਸ਼ਨ ਉਤੇ ਬਰਫ਼ ਤੇ ਭਿਆਨਕ ਆਵਾਜ਼ਾਂ ਵਰ੍ਹਾਉਂਦੇ, ਤਾਂ ਉਥੇ ਜ਼ਿੰਦਗੀ ਪਹਿਲਾਂ ਨਾਲੋਂ ਵੀ ਇਕਲਾਪੀ ਲੱਗਣ ਲੱਗ ਪੈਂਦੀ।

੧੮੯੭

ਓਰਲੋਵ ਦੰਪਤੀ

ਲਗਭਗ ਹਰ. ਸਨੀਚਰਵਾਰ ਸ਼ਾਮ ਨੂੰ, ਵਪਾਰੀ ਪੇਤੂਨੀਕੋਵ ਦੇ ਗੰਦੇ ਪੁਰਾਣੇ ਮਕਾਨ ਦੇ ਭੋਰੇ ਦੀਆਂ ਦੋ ਬਾਰੀਆਂ ਵਿਚੋਂ ਕਿਸੇ ਔਰਤ ਦੀਆਂ ਜ਼ੋਰ ਜ਼ੋਰ ਦੀਆਂ ਚੀਕਾਂ ਸੁਣੀਆਂ ਜਾ ਸਕਦੀਆਂ ਹਨ। ਇਹ ਬਾਰੀਆਂ ਤੰਗ ਜਿਹੇ ਵਿਹੜੇ ਵਿਚ ਖੁਲ੍ਹਦੀਆਂ ਹਨ ਜਿਸ ਵਿਚ ਕੂੜਾ-ਕਰਕਟ ਖਿਲਰਿਆ ਰਹਿੰਦਾ ਹੈ ਤੇ ਜਿਸਦੇ ਆਲੇ-ਦੁਆਲੇ ਉਮਰ ਨਾਲ ਢਹਿ ਰਹੇ ਲਕੜੀ ਦੇ ਸ਼ੈਡਾਂ ਦੀ ਵਾੜ ਜਿਹੀ ਹੈ।

"ਠਹਿਰ ਜਾ, ਠਹਿਰ ਜਾ, ਤੂੰ ਸ਼ਰਾਬੀ ਦੈਂਤਾ!" ਔਰਤ ਤੀਬਰ ਆਵਾਜ਼ ਵਿਚ ਚਿੱਲਾਉਂਦੀ ਹੈ।

"ਮੈਨੂੰ ਜਾਣ ਦੇ!" ਆਦਮੀ ਦੀ ਭਾਰੀ ਆਵਾਜ਼ ਅਗੋਂ ਜਵਾਬ ਦੇਂਦੀ ਹੈ।

"ਮੈਂ ਨਹੀਂ ਜਾਣ ਦਿਆਂਗੀ, ਤੈਨੂੰ ਜ਼ਾਲਮ ਨੂੰ!"

"ਨਹੀਂ?—ਜਾਣ ਦੇ ਤੈਨੂੰ ਕਿਹੈ!"

"ਮਾਰ ਦੇ, ਤਾਂ ਵੀ ਨਹੀਂ ਜਾਣ ਦਿਆਂਗੀ।"

"ਤੂੰ?—ਕਾਫ਼ਰ!"

"ਮਾਰ ਦਿਤਾ, ਲੋਕੋ, ਮਾਰ ਦਿਤਾ!"

"ਜਾ-ਆ-ਣ ਦੇ!"

ਪਹਿਲੀਆਂ ਚੀਕਾਂ ਸੁਣਦਿਆਂ ਮਕਾਨਾਂ ਨੂੰ ਰੋਗ਼ਨ ਕਰਨ ਵਾਲੇ ਸੁਚਕੋਵ ਦਾ ਸ਼ਾਗਿਰਦ ਸੇਨਕਾ ਚਿਜ਼ਿਕ, ਜਿਹੜਾ ਆਪਣੀ ਸਾਰੀ ਦਿਹਾੜੀ ਵਿਹੜੇ ਦੇ ਸ਼ੈੱਡਾਂ ਵਿਚੋਂ ਇਕ ਵਿਚ ਰੋਗ਼ਨ ਮਿਲਾਉਂਦਾ ਰਹਿੰਦਾ ਹੈ, ਚੂਹੇ ਵਰਗੀਆਂ ਕਾਲੀਆਂ ਚਮਕਦੀਆਂ ਅੱਖਾਂ ਨਾਲ, ਦੌੜਦਾ ਆਉਂਦਾ ਹੈ ਤੇ ਕਿਲ੍ਹ ਕੇ ਕਹਿੰਦਾ ਹੈ:

"ਓਰਲੋਵ ਮੋਚੀ ਝਗੜਦੇ ਪਏ ਜੇ! ਹੱਤ-ਤੇਰੀ!"

ਉਤੇਜਨਾ ਦਾ ਹਮੇਸ਼ਾ ਉਤਸੁਕ, ਸੇਨਕਾ ਦੌੜਦਾ ਹੋਇਆ ਓਰਲੋਵਾਂ ਦੀਆਂ ਬਾਰੀਆਂ ਤੱਕ ਆਉਂਦਾ ਤੇ ਮੂੰਹ ਹੇਠਾਂ ਵੱਲ ਕਰਕੇ ਜ਼ਮੀਨ ਉਤੇ ਲੇਟ ਜਾਂਦਾ, ਆਪਣਾ ਖਿਲਰਿਆ ਹੋਇਆ, ਸ਼ਰਾਰਤੀ ਸਿਰ ਉਹ ਕਮਰੇ ਵਿਚ ਲਟਕਾ ਦੇਂਦਾ, ਉਸਦੀਆਂ ਅੱਖਾਂ ਲਾਲ ਤੇ ਪੀਲੇ ਰੋਗ਼ਨ ਨਾਲ ਲੱਥ-ਪੱਥ ਉਸਦੇ ਸ਼ੈਤਾਨੀ ਚਿਹਰੇ ਵਿਚੋਂ ਬਾਹਰ ਨਿਕਲ ਰਹੀਆਂ ਹੁੰਦੀਆਂ, ਜਦ ਕਿ ਆਪ ਉਹ ਉਸ ਹਨੇਰੇ ਘੁਰਨੇ ਵਿਚ ਅੱਖਾਂ ਪਾੜ ਪਾੜ ਕੇ ਦੇਖ ਰਿਹਾ ਹੁੰਦਾ ਜਿਸ ਵਿਚੋਂ ਸਿਲ੍ਹੀ ਮਿੱਟੀ, ਮੋਚੀ ਵਾਲੀ ਮੋਮ ਤੇ ਭੈੜੇ ਜਿਹੇ ਚਮੜੇ ਦੀ ਬੋ ਆ ਰਹੀ ਹੁੰਦੀ। ਇਸ ਘੁਰਨੇ ਦੇ ਫ਼ਰਸ਼ ਉਤੇ ਦੋ ਬੰਦੇ ਲੜ ਰਹੇ ਸਨ, ਹੌਂਕਦੇ ਹੋਏ ਤੇ ਇਕ ਦੂਜੇ ਨੂੰ ਲਾਅਨਤਾਂ ਪਾਉਂਦੇ ਹੋਏ।

"ਤੂੰ ਮੈਨੂੰ ਮਾਰ ਸੁਟਣੈਂ," ਔਰਤ ਜ਼ੋਰ ਲਾ ਕੇ ਸਾਹ ਲੈਂਦੀ ਬੋਲੀ।

"ਕੋਈ ਡਰ ਨਹੀਂ," ਉਸਦੇ ਘਰ ਵਾਲੇ ਨੇ ਭਰੇ ਗ਼ੁੱਸੇ ਨਾਲ ਉਸਨੂੰ ਯਕੀਨ ਦੁਆਇਆ।

ਕਿਸੇ ਨਰਮ ਜਿਹੀ ਚੀਜ਼ ਉਤੇ ਮਧਮ ਜਿਹੀ ਆਵਾਜ਼ ਪੈਦਾ ਕਰਦੇ ਭਾਰੀ ਮੁੱਕੇ ਸੁਣੇ ਜਾ ਸਕਦੇ ਸਨ, ਫਿਰ ਦੱਬੀਆਂ ਚੀਕਾਂ ਦੀ, ਕਰਾਹੁਣ ਤੇ ਬੋਝਲ ਸਾਹਾਂ ਦੀ ਆਵਾਜ਼, ਜਿਵੇਂ ਕਿ ਕੋਈ ਭਾਰੀ ਬੋਝ ਉਠਾ ਰਿਹਾ ਹੋਵੇ।

"ਊ-ਹ, ਕਿਆ ਉਹਦੇ ਜ਼ੋਰ ਦੀ ਕਲਬੂਤ ਲਾਇਐ," ਸੇਨਕਾ ਬੋਲਿਆ। ਉਹ ਆਪਣੇ ਦੁਆਲੇ ਇਕੱਠੀ ਹੋ ਗਈ ਛੋਟੀ ਟੋਲੀ ਨੂੰ ਨਾਲੋ ਨਾਲ ਅਮਲੀ ਤੌਰ ਉਤੇ ਦਿਖਾਈ ਜਾ ਰਿਹਾ ਸੀ ਕਿ ਹੇਠਾਂ ਭੋਰੇ ਵਿਚ ਕੀ ਹੋ ਰਿਹਾ ਹੈ। ਇਸ ਟੋਲੀ ਵਿਚ ਆਮ ਕਰਕੇ ਇਕ ਦੋ ਦਰਜ਼ੀ ਹੁੰਦੇ, ਕਚਹਿਰੀ ਦਾ ਚਪੜਾਸੀ ਲੇਵਚੇਨਕੋ ਹੁੰਦਾ, ਇਕ ਕਿਸਲੀਆਕੋਵ ਨਾਂ ਦਾ ਅਕਾਰਡੀਅਨ-ਵਾਦਕ, ਤੇ ਮੁਫ਼ਤ ਮਨਪ੍ਰਚਾਵੇ ਦੇ ਗਾਹਕ ਕੁਝ ਹੋਰ ਬੰਦੇ ਹੁੰਦੇ। ਉਹ ਉਸ ਉਤੇ ਸਵਾਲਾਂ ਦੀ ਵਾਛੜ ਲਾ ਦੇਂਦੇ ਤੇ ਬੜੀ ਬੇਸਬਰੀ ਨਾਲ ਉਸਦੀਆਂ ਲੱਤਾਂ ਤੇ ਉਸਦੀ ਰੋਗਨ ਨਾਲ ਭਿੱਜੀ ਪੈਂਟ ਨੂੰ ਖਿਚਦੇ ਰਹਿੰਦੇ।

"ਫਿਰ ?"

"ਹੁਣ ਉਹ ਉਹਦੀ ਪਿੱਠ ਉਤੇ ਬੈਠ ਕੇ ਉਸਦਾ ਨੱਕ ਜ਼ਮੀਨ ਉਤੇ ਮਾਰਦਾ ਪਿਐ," ਆਪਣੇ ਪ੍ਰਭਾਵਾਂ ਨਾਲ ਸੁਆਦ ਸੁਆਦ ਹੁੰਦਿਆਂ ਸੇਨਕਾ ਨੇ ਥਰਕਦਿਆਂ ਹੋਇਆਂ ਰੀਪੋਰਟ ਦਿਤੀ।

ਹੋ ਰਹੀ ਲੜਾਈ ਦਾ ਸਾਰਾ ਵਿਸਥਾਰ ਆਪਣੀਆਂ ਅੱਖਾਂ ਨਾਲ ਦੇਖਣ ਦੀ ਤੀਬਰ ਇੱਛਾਂ ਨੇ ਲੋਕਾਂ ਨੂੰ ਵੀ ਮੱਲਿਆ ਹੋਇਆ ਸੀ ਤੇ ਉਹ ਵੀ ਓਰਲੋਵਾਂ ਦੀਆਂ ਬਾਰੀਆਂ ਕੋਲ ਝੁਕ ਝੁਕ ਕੇ ਦੇਖ ਰਹੇ ਸਨ। ਤੇ ਭਾਵੇਂ ਉਹਨਾਂ ਨੂੰ ਮੁੱਦਤਾਂ ਦਾ ਪਤਾ ਸੀ ਕਿ ਗਰਿਗੋਰੀ ਓਰਲੋਵ ਆਪਣੀ ਵਹੁਟੀ ਨਾਲ ਲੜਦਿਆਂ ਕਿਹੜੇ ਦਾਅ-ਪੇਚ ਵਰਤਦਾ ਹੈ, ਤਾਂ ਵੀ ਉਹ ਅਚੰਭਾ ਪ੍ਰਗਟ ਕਰਨ ਤੋਂ ਨਾ ਰਹਿ ਸਕਦੇ।

"ਉਹ; ਦੁਸ਼ਟ! ਤੋੜ ਦਿਤਾ?"

"ਸਾਰਾ ਨੱਕ ਲਹੂ-ਲੁਹਾਣ ਹੋਇਆ ਹੋਇਐ, ਇੰਝ ਵਗੀ ਜਾ ਰਿਹੈ," ਸਾਹੋ-ਸਾਹ ਹੋਏ ਸੇਨਕਾ ਨੇ ਰੀਪੋਰਟ ਦਿਤੀ।

"ਹੇ ਪ੍ਰਮਾਤਮਾ, ਹੇ ਪ੍ਰਮਾਤਮਾ!" ਔਰਤਾਂ ਹਾਹਾਕਾਰ ਕਰਨ ਲਗ ਪੈਂਦੀਆਂ। "ਜ਼ਾਲਮ ਵਹਿਸ਼ੀ!"

ਆਦਮੀਆਂ ਦੀਆਂ ਟਿੱਪਣੀਆਂ ਵਧੇਰੇ ਬਾਹਰਮੁਖੀ ਹੁੰਦੀਆਂ।

"ਉਹ ਉਹਨੂੰ ਜ਼ਰੂਰ ਕੁੱਟ ਕੁੱਟ ਕੇ ਮਾਰ ਦੇਵੇਗਾ," ਉਹ ਕਹਿੰਦੇ।

"ਉਹਨੇ ਉਹਦੇ ਕਿਸੇ ਦਿਨ ਇਸੇ ਤਰ੍ਹਾਂ ਚਾਕੂ ਖੋਭ ਦੇਣੈ, ਯਾਦ ਰਖਣਾ," ਅਕਾਰਡੀਅਨ-ਵਾਦਕ ਭਵਿਖਬਾਣੀ ਕਰਦਿਆਂ ਕਹਿੰਦਾ। "ਤੇ ਫਿਰ ਸਾਰਾ ਰਾਗ ਖ਼ਤਮ ਹੋ ਜਾਏਗਾ!"

"ਲੜਾਈ ਖ਼ਤਮ!" ਸੇਨਕਾ ਜ਼ਮੀਨ ਤੋਂ ਉਠਦਿਆਂ ਹੋਇਆਂ ਹੌਲੀ ਜਿਹੀ ਬੋਲਿਆ ਤੇ ਦੇਖਦਿਆਂ ਦੇਖਦਿਆਂ ਬਾਰੀ ਕੋਲੋਂ ਨੱਠ ਕੇ ਦੂਰ ਕੋਨੇ ਵਿਚ ਚਲਾ ਗਿਆ ਤੇ ਉਥੇ ਨਵੀਂ ਸੂਹੀਆ ਚੌਕੀ ਮੱਲ ਲਈ। ਉਸਨੂੰ ਪਤਾ ਸੀ ਕਿ ਓਰਲੋਵ ਕਿਸੇ ਵੀ ਘੜੀ ਹੁਣ ਬਾਹਰ ਨਿਕਲ ਆਵੇਗਾ।

ਲੋਕ ਗ਼ੁੱਸੇ ਨਾਲ ਖੌਲਦੇ ਮੋਚੀ ਦੀਆਂ ਨਜ਼ਰਾਂ ਤੋਂ ਬਚਣ ਲਈ ਜਲਦੀ ਜਲਦੀ ਇਧਰ ਉਧਰ ਹੋ ਗਏ। ਇਕ ਤਾਂ ਲੜਾਈ ਖ਼ਤਮ ਹੋ ਜਾਣ ਕਰਕੇ ਉਹਨਾਂ ਦੀ ਉਸਦੀਆਂ ਨਜ਼ਰਾਂ ਵਿਚ ਸਾਰੀ ਦਿਲਚਸਪੀ ਖ਼ਤਮ ਹੋ ਗਈ ਸੀ, ਤੇ ਨਾਲੇ ਇਹ ਖ਼ਤਰੇ ਤੋਂ ਖਾਲੀ ਨਹੀਂ ਸੀ।

ਆਮ ਤੌਰ ਤੇ, ਜਦੋਂ ਓਰਲੋਵ ਆਪਣੇ ਭੋਰੇ ਵਿਚੋਂ ਬਾਹਰ ਨਿਕਲਦਾ ਤਾਂ ਸੇਨਕਾ ਤੋਂ ਸਿਵਾ ਉਥੇ ਕਿਸੇ ਦਾ ਪ੍ਰਛਾਵਾਂ ਵੀ ਨਾ ਹੁੰਦਾ। ਸਾਹ ਚੜ੍ਹਿਆ ਹੋਇਆ, ਕਮੀਜ਼ ਪਾਟੀ ਹੋਈ, ਵਾਲ ਖੜੇ, ਜੋਸ਼ ਨਾਲ ਭਖਦੇ ਤੇ ਮੁੜ੍ਹਕੋ-ਮੁੜ੍ਹਕਾ ਹੋਏ ਚਿਹਰੇ ਉਤੇ ਝਰੀਟਾਂ—ਉਹ ਆਪਣੀਆਂ ਲਾਲ ਸੂਹੀਆਂ ਅੱਖਾਂ ਨਾਲ ਵਿਹੜੇ ਵਿਚ ਚਾਰ ਚੁਫੇਰੇ ਦੇਖਦਾ, ਆਪਣੀ ਪਿੱਠ ਪਿੱਛੇ ਹੱਥਾਂ ਦੀ ਕਰੰਘੜੀ ਪਾ ਲੈਂਦਾ, ਤੇ ਬਾਹਰਲੇ ਲੱਕੜੀ ਰਖਣ ਵਾਲੇ ਸ਼ੈਡਾਂ ਵਿਚੋਂ ਇਕ ਦੇ ਕੋਲ ਉਲਟੀ ਹੋਈ ਪਈ ਸਲੈੱਜ ਕੋਲ ਜਾ ਖੜੋਂਦਾ। ਕਦੀ ਕਦੀ ਉਹ ਲਲਕਾਰਨ ਵਾਲੇ ਢੰਗ ਨਾਲ ਸੀਟੀ ਮਾਰਦਾ ਤੇ ਚਾਰ-ਚੁਫੇਰੇ ਨਜ਼ਰ ਦੁੜਾਉਂਦਾ ਜਿਵੇਂ ਕਿ ਪੇਤੂਨੀਕੋਵ ਦੇ ਮਕਾਨ ਵਿਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਲੜਨ ਲਈ ਵੰਗਾਰਨਾ ਚਾਹੁੰਦਾ ਹੋਵੇ। ਫਿਰ ਉਹ ਪੁੱਠੀ ਸਲੈਜ ਉਤੇ ਬੈਠ ਜਾਂਦਾ, ਆਪਣੀ ਕਮੀਜ਼ ਦੀ ਬਾਂਹ ਨਾਲ ਆਪਣੇ ਮੂੰਹ ਤੋਂ ਮੁੜ੍ਹਕਾ ਤੇ ਖ਼ੂਨ ਪੂੰਝਦਾ ਤੇ ਥੱਕੇ ਹੋਏ ਰੌ ਵਿਚ ਆਪਣੇ ਆਪ ਨੂੰ ਢਿਲਾ ਛੱਡ ਦੇਂਦਾ, ਤੇ ਘਰ ਦੀ ਗੰਦੀ ਕੰਧ ਵੱਲ, ਉਹਨਾਂ ਮਘੋਰਿਆਂ ਵੱਲ ਜਿਥੋਂ ਪਲਸਤਰ ਡਿੱਗ ਚੁੱਕਾ ਸੀ ਤੇ ਬਹੁ-ਰੰਗੇ ਰੋਗ਼ਨ ਦੀਆਂ ਧਾਰੀਆਂ ਵੱਲ ਮਾਂਦ ਮਾਂਦ ਜਿਹਾ ਦੇਖਣ ਲਗ ਪੈਂਦਾ—ਮਕਾਨਾਂ

ਨੂੰ ਰੋਗ਼ਨ ਕਰਨ ਵਾਲੇ ਸੁਚਕੋਵ ਦੇ ਬੰਦਿਆਂ ਨੂੰ ਆਦਤ ਸੀ ਕਿ ਜਦੋਂ ਉਹ ਕੰਮ ਤੋਂ ਘਰ ਪਰਤਦੇ ਸਨ ਤਾਂ ਇਮਾਰਤ ਤੇ ਇਸ ਕੋਨੇ ਵਿਚ ਆਪਣੇ ਬੁਰਸ਼ ਸਾਫ਼ ਕਰਦੇ।

ਓਰਲੋਵ ਤੀਹਾਂ ਨਾਲੋਂ ਇਕ ਘੱਟ ਸੀ। ਸੁਹਣੇ ਨੈਨ-ਨਕਸ਼ਾਂ ਵਾਲੇ ਉਸਦੇ ਸੂਖਮ ਚਿਹਰੇ ਨੂੰ ਨਿੱਕੀਆਂ ਕਾਲੀਆਂ ਮੁੱਛਾਂ ਸ਼ਿੰਗਾਰਦੀਆਂ ਸਨ, ਜਿਹੜੀਆਂ ਉਸਦੇ ਮੋਟੇ ਲਾਲ ਬੁਲ੍ਹਾਂ ਉਤੇ ਗੂੜ੍ਹੇ ਪਰਛਾਵੇਂ ਪਾਉਂਦੀਆਂ ਸਨ। ਉਸਦੇ ਮੋਟੇ ਮੋਟੇ ਭਰਵੱਟੇ ਉਸਦੇ ਨੱਕ ਦੀ ਲੰਮੀਂ ਸਾਰੀ ਘੋੜੀ ਦੇ ਐਨ ਉਤੇ ਆ ਮਿਲਦੇ ਸਨ। ਇਹਨਾਂ ਭਰਵੱਟਿਆਂ ਦੇ ਹੇਠੋਂ ਕਾਲੀਆਂ ਅੱਖਾਂ ਝਾਕਦੀਆਂ ਸਨ ਜਿਹੜੀਆਂ ਹਮੇਸ਼ਾ ਹੀ ਬੇਚੈਨੀ ਨਾਲ ਬਲ ਰਹੀਆਂ ਹੁੰਦੀਆਂ। ਦਰਮਿਆਨੇ ਕੱਦ ਦਾ, ਆਪਣੇ ਕੰਮ ਕਾਰਨ ਜ਼ਰਾ ਝੁਕਿਆ ਹੋਇਆ, ਚੰਗੇ ਪੱਠਿਆਂ ਵਾਲਾ ਤੇ ਜੋਸ਼ੀਲਾ ਇਹ ਆਦਮੀ ਸਲੈਜ ਉਤੇ ਕਿੰਨਾਂ ਚਿਰ ਨਵੇਕਲਾ ਜਿਹਾ ਹੋ ਕੇ ਬੈਠਾ ਰਹਿੰਦਾ, ਧਾਰੀਆਂ ਵਾਲੀ ਕੰਧ ਵੱਲ ਇਕਟਕ ਦੇਖਦਾ ਰਹਿੰਦਾ ਤੇ ਡੂੰਘੇ ਸਾਹ ਲੈਂਦਾ ਰਹਿੰਦਾ।

ਸੂਰਜ ਛੁਪ ਗਿਆ ਪਰ ਵਿਹੜੇ ਵਿਚ ਹਵਾ ਉਸੇ ਤਰ੍ਹਾਂ ਦੀ ਉਸੇ ਤਰ੍ਹਾਂ ਬੋਝਲ ਸੀ। ਇਸ ਵਿਚੋਂ ਰੋਗ਼ਨ ਦੀ, ਲੁੱਕ ਦੀ, ਖੱਟੀ ਬੰਦ-ਗੋਭੀ ਦੀ ਤੇ ਚੀਜ਼ਾਂ ਦੇ ਗਲਣ-ਸੜਨ ਦੀ ਬੋ ਆ ਰਹੀ ਸੀ। ਘਰ ਦੀਆਂ ਦੋਹਾਂ ਮੰਜ਼ਲਾਂ ਦੀਆਂ ਬਾਰੀਆਂ ਵਿਚੋਂ ਗਾਉਣ ਤੇ ਝਗੜਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਕਦੀ ਕਦੀ ਕੋਈ ਸ਼ਰਾਬੀ ਚਿਹਰਾ ਬਾਰੀ ਵਿਚੋਂ ਬਾਹਰ ਨਿਕਲਦਾ, ਘੜੀ-ਪਲ ਲਈ ਓਰਲੋਵ ਵੱਲ ਦੇਖਦਾ ਤੇ ਜ਼ਰਾ ਕੁ ਮੁਸਕ੍ਰਾਉਂਦਿਆਂ ਅਲੋਪ ਹੋ ਜਾਂਦਾ।

ਜਦੋਂ ਮਕਾਨਾਂ ਨੂੰ ਰੋਗ਼ਨ ਕਰਨ ਵਾਲੇ ਕੰਮ ਤੋਂ ਮੁੜਦੇ, ਤਾਂ ਉਹ ਲੰਘਦੇ ਲੰਘਦੇ ਟੇਢੀਆਂ ਨਜ਼ਰਾਂ ਨਾਲ ਓਰਲੋਵ ਨੂੰ ਦੇਖਦੇ, ਇਕ ਦੂਜੇ ਨੂੰ ਅੱਖਾਂ ਮਾਰਦੇ ਤੇ ਆਪਣੀ ਚੁਸਤ ਕੋਸਤਰੋਮਾ ਉਪ-ਭਾਖਾ ਨਾਲ ਵਿਹੜੇ ਨੂੰ ਭਰ ਦੇਂਦੇ, ਜਦੋਂ ਉਹਨਾਂ ਵਿਚੋਂ ਕੁਝ ਗ਼ੁਸਲਖ਼ਾਨਿਆਂ ਵੱਲ ਤੇ ਕੁਝ ਸ਼ਰਾਬ ਦੇ ਠੇਕਿਆਂ ਵੱਲ ਜਾਣ ਦੀਆਂ ਤਿਆਰੀਆਂ ਕਰ ਰਹੇ ਹੁੰਦੇ। ਪਤਲੇ, ਮੁੜੀਆਂ ਲੱਤਾਂ ਵਾਲੇ ਤੇ ਅੱਧ-ਨੰਗੇ ਦਰਜ਼ੀ ਦੂਜੀ ਮੰਜ਼ਲ ਉਤਲੇ ਆਪਣੇ ਕਮਰਿਆਂ ਤੋਂ ਰੀਂਗਦੇ ਹੇਠਾਂ ਵਿਹੜੇ ਵਿਚ ਆਉਂਦੇ ਤੇ ਰੋਗ਼ਨ ਕਰਨ ਵਾਲਿਆਂ ਨੂੰ ਉਹਨਾਂ ਦੇ ਉਚਾਰਣ ਲਈ ਛੇੜਣ ਲਗ ਜਾਂਦੇ, ਕਿ ਉਹ ਜਿਵੇਂ ਸੁੱਕੇ ਮਟਰ ਥੁੱਕ ਰਹੇ ਹੋਣ। ਤੇ ਫਿਰ ਰੌਲਾ-ਰੱਪਾ ਪੈਂਦਾ, ਛੇੜਖ਼ਾਨੀ ਹੁੰਦੀ ਤੇ ਹਾਸੇ ਗੂੰਜਦੇ। ਪਰ ਓਰਲੋਵ ਕਿਸੇ ਵੱਲ ਵੀ ਦੇਖੇ ਬਿਨਾਂ ਉਥੇ ਬੈਠਾ ਰਹਿੰਦਾ। ਤੇ ਨਾ ਹੀ ਕੋਈ ਉਸ ਕੋਲ ਆਉਂਦਾ ਜਾਂ ਉਸਨੂੰ ਮਜ਼ਾਕ ਕਰਨ ਦਾ ਹੌਸਲਾ ਕਰਦਾ, ਕਿਉਂਕਿ ਸਾਰਿਆਂ ਨੂੰ ਪਤਾ ਸੀ ਕਿ ਇਹੋ ਜਿਹੇ ਮੌਕਿਆਂ ਉਤੇ ਉਹ ਖ਼ੂੰ-ਖ਼ਾਰ ਹੁੰਦਾ ਹੈ।

ਉਹ ਉਥੇ ਬੈਠਾ ਰਹਿੰਦਾ, ਮੰਦ ਮੰਦ ਤੇ ਬੋਝਲ ਗ਼ੁੱਸੇ ਨਾਲ ਭਰਿਆ ਹੋਇਆ, ਜਿਹੜਾ ਉਸਦੇ ਸੀਨੇ ਵਿਚ ਉਤਰੀ ਜਾਂਦਾ ਸੀ ਤੇ ਉਸ ਲਈ ਸਾਹ ਲੈਣਾ ਮੁਸ਼ਕਲ

ਬਣਾ ਦੇਂਦਾ ਸੀ। ਉਸਦੀਆਂ ਨਾਸਾਂ ਫਰਕਦੀਆਂ ਤੇ ਬੁਲ੍ਹ ਵੱਟ ਖਾ ਕੇ ਪਿੱਛੇ ਹਟ ਜਾਂਦੇ ਤੇ ਵਡੇ ਵਡੇ, ਮਜ਼ਬੂਤ ਪੀਲੇ ਦੰਦਾਂ ਦੀਆਂ ਦੋ ਲੜੀਆਂ ਦਿੱਸਣ ਲਗ ਪੈਂਦੀਆਂ। ਉਸਦੇ ਅੰਦਰ ਕਾਲਾ ਤੇ ਅਰੂਪ ਜਿਹਾ ਕੁਝ ਉਤੇ ਨੂੰ ਆਉਂਦਾ ਲਗਦਾ; ਉਸਦੀਆਂ ਅੱਖਾਂ ਸਾਮ੍ਹਣੇ ਲਾਲ, ਧੁੰਦਲੇ, ਟਿਮਕਣੇ ਤਰਨ ਲਗ ਪੈਂਦੇ; ਗ਼ਮਗੀਨੀ ਤੇ ਵੋਦਕਾ ਦੀ ਤੇਹ ਉਸਨੂੰ ਅੰਦਰੋਂ ਚੂਸਣਾ ਸ਼ੁਰੂ ਕਰ ਦੇਂਦੀ। ਉਸਨੂੰ ਪਤਾ ਹੁੰਦਾ ਕਿ ਸ਼ਰਾਬ ਪੀਣ ਨਾਲ ਕੁਝ ਆਰਾਮ ਮਿਲੇਗਾ, ਪਰ ਅਜੇ ਹਨੇਰਾ ਨਹੀਂ ਸੀ ਹੋਇਆ, ਤੇ ਇਹੋ ਜਿਹੇ ਪਾਟੇ ਕਪੜਿਆਂ ਤੇ ਬਦਨਾਮ ਦਸ਼ਾ ਵਿਚ ਉਹ ਗਲੀਆਂ-ਬਾਜ਼ਾਰਾਂ ਵਿਚ ਤੁਰਨ ਤੋਂ ਸ਼ਰਮ ਖਾਂਦਾ ਸੀ, ਜਿਥੇ ਉਸਨੂੰ, ਗਰਿਗੋਰੀ ਓਰਲੋਵ ਨੂੰ, ਸਾਰੇ ਜਾਣਦੇ ਹਨ।

ਉਹ ਸਾਰਿਆਂ ਦੇ ਮਜ਼ਾਕ ਦਾ ਨਿਸ਼ਾਨਾ ਨਹੀਂ ਸੀ ਬਨਣਾ ਚਾਹੁੰਦਾ, ਪਰ ਮੂੰਹ ਹੱਥ ਧੋਣ ਤੇ ਕਪੜੇ ਬਦਲਣ ਵਾਸਤੇ ਘਰ ਜਾਣ ਲਈ ਵੀ ਉਹ ਆਪਣੇ ਆਪ ਨੂੰ ਨਾ ਮਨਾ ਸਕਿਆ। ਉਥੇ ਉਸਦੀ ਪਤਨੀ, ਜਿਸਨੂੰ ਉਹ ਕੁੱਟ ਕੇ ਆਇਆ ਸੀ, ਫ਼ਰਸ਼ ਉਤੇ ਪਈ ਸੀ, ਤੇ ਇਸ ਵੇਲੇ ਉਸ ਤੋਂ ਉਹਨੂੰ ਹਰ ਤਰ੍ਹਾਂ ਨਾਲ ਘਿਣ ਆਉਂਦੀ ਸੀ।

ਉਹ ਉਥੇ ਪਈ ਕੱਰਾਹ ਰਹੀ ਸੀ ਤੇ ਮਹਿਸੂਸ ਕਰਦੀ ਸੀ ਕਿ ਮੈਂ ਠੀਕ ਹਾਂ, ਕਿ ਮੈਂ ਉਸਦੀ ਬੇਗੁਨਾਹ ਸ਼ਿਕਾਰ ਹੋਈ ਹਾਂ। ਉਸਨੂੰ ਵੀ ਪਤਾ ਸੀ। ਉਸਨੂੰ ਪਤਾ ਸੀ ਕਿ ਉਸਦੀ ਪਤਨੀ ਠੀਕ ਸੀ ਤੇ ਉਹ ਆਪ ਗ਼ਲਤ, ਪਰ ਇਸ ਨਾਲ ਉਹ ਉਸਨੂੰ ਹੋਰ ਵੀ ਨਫ਼ਰਤ ਕਰਨ ਲਗ ਪੈਂਦਾ, ਕਿਉਂਕਿ ਉਸਦੀ ਆਤਮਾ ਦੀ ਤਹਿ ਵਿਚ ਇਕ ਹਨੇਰਾ ਰੋਹ ਫੇਰ ਖੌਲ ਰਿਹਾ ਸੀ, ਜਿਹੜਾ ਠੀਕ ਜਾਂ ਗ਼ਲਤ ਬਾਰੇ ਉਸਦੇ ਗਿਆਨ ਨਾਲੋਂ ਕਿਤੇ ਜ਼ਿਆਦਾ ਤਗੜਾ ਸੀ। ਉਸਦੇ ਸਾਰੇ ਅਹਿਸਾਸ ਧੁੰਦਲੇ ਤੇ ਬੋਝਲ ਸਨ, ਤੇ ਉਹ ਉਹਨਾਂ ਨੂੰ ਸਮਝਣ ਤੋਂ ਅਸਮਰੱਥ ਰਹਿੰਦਾ ਹੋਇਆ, ਪਰ ਇਹ ਜਾਣਦਾ ਹੋਇਆ ਕਿ ਵੋਦਕਾ ਦੀ ਅੱਧੀ ਬੋਤਲ ਉਸਨੂੰ ਕੁਝ ਆਰਾਮ ਦੇਵੇਗੀ, ਉਹ ਆਪਣੇ ਅੰਦਰਲੇ ਅਹਿਸਾਸਾਂ ਦੇ ਬੋਝ ਅੱਗੇ ਗੋਡੇ ਟੇਕ ਦੇਂਦਾ।

ਏਨੇ ਚਿਰ ਨੂੰ ਅਕਾਰਡੀਅਨਵਾਦਕ, ਕਿਸਲੀਆਕੋਵ, ਆ ਗਿਆ। ਉਸਨੇ ਲਾਲ ਰੇਸ਼ਮੀ ਕਮੀਜ਼ ਪਾਈ ਹੋਈ ਸੀ ਤੇ ਮਖ਼ਮਲ ਦੀ ਜੈਕਟ, ਤੇ ਉਸਨੇ ਆਪਣੀ ਖੁਲ੍ਹੀ ਪੈਂਟ ਲਿਸ਼ਕਦੇ ਬੂਟਾਂ ਦੇ ਵਿਚ ਦਿਤੀ ਹੁੰਦੀ ਸੀ। ਉਸਨੇ ਆਪਣੀ ਅਕਾਰਡੀਅਨ ਹਰੇ ਜਿਹੇ ਕਪੜੇ ਵਿਚ ਲਪੇਟ ਕੇ ਇਕ ਬਾਂਹ ਹੇਠ ਦਿਤੀ ਹੁੰਦੀ, ਆਪਣੀਆਂ ਕਾਲੀਆਂ ਮੁੱਛਾਂ ਵੱਟ ਚਾੜ੍ਹ ਕੇ ਤੀਰ ਵਾਂਗ ਸਿਧੀਆਂ ਕੀਤੀਆਂ ਹੁੰਦੀਆਂ, ਆਪਣੀ ਟੋਪੀ ਟੇਢੀ ਕਰਕੇ ਇਕ ਕੰਨ ਉਤੇ ਸੁੱਟੀ ਹੁੰਦੀ ਤੇ ਉਸਦੇ ਚਿਹਰੇ ਤੋਂ ਦਲੇਰੀ ਤੇ ਖ਼ੁਸ਼ੀ ਟਪਕ ਰਹੀ ਹੁੰਦੀ। ਆਪਣੇ ਖ਼ੁਸ਼-ਰਹਿਣੇ ਸੁਭਾ ਕਰਕੇ, ਦਲੇਰੀ ਕਰਕੇ ਤੇ ਅਕਾਰਡੀਅਨ ਵਜਾਉਂਦਾ ਹੋਣ ਕਰਕੇ ਉਹ ਓਰਲੋਵ ਨੂੰ ਚੰਗਾ ਲਗਦਾ ਸੀ ਤੇ ਉਹ ਉਸਦੇ ਬੇਫ਼ਿਕਰੇ ਜੀਵਨ ਉਤੇ ਰਸ਼ਕ ਕਰਦਾ ਸੀ।

ਵਧਾਈ ਹੋਵੇ, ਗਰੀਸ਼ਾ, ਤੇਰੀ ਜ਼ਿੱਤ 'ਤੇ,
ਨਾਲੇ ਜੋ ਖ਼ਰੂੰਢ ਪਏ ਨੇ ਤੇਰੀਆਂ ਗਲ੍ਹ 'ਤੇ।

ਓਰਲੋਵ ਇਸ ਮਜ਼ਾਕ ਉਤੇ ਗ਼ੁੱਸੇ ਨਾ ਹੁੰਦਾ; ਉਹ ਇਸਨੂੰ ਘੱਟੋ-ਘੱਟ ਪੰਜਾਹ ਵਾਰੀ ਪਹਿਲਾਂ ਸੁਣ ਚੁਕਾ ਸੀ ਤੇ ਉਸਨੂੰ ਪਤਾ ਸੀ ਕਿ ਅਕਾਰਡੀਅਨ-ਵਾਦਕ ਕੋਈ ਕੀਨੇ ਕਰਕੇ ਨਹੀਂ ਸੀ ਇਹ ਕਹਿੰਦਾ, ਉਹ ਤਾਂ ਐਵੇਂ ਇਸ ਲਈ ਕਹਿੰਦਾ ਸੀ ਕਿ ਉਸਨੂੰ ਮਜ਼ਾਕ ਕਰਨਾ ਚੰਗਾ ਲਗਦਾ ਸੀ।

"ਕਿਉਂ, ਭਾਊ? ਇਕ ਹੋਰ ਪਲੇਵਨਾ ਦੀ ਲੜਾਈ ਲੜੀ ਊ?" ਮੋਚੀ ਦੇ ਅੱਗੇ ਜ਼ਰਾ ਕੁ ਰੁਕਦਾ ਹੋਇਆ ਕਿਸਲੀਆਕੋਵ ਪੁੱਛਣ ਲੱਗਾ। "ਆਹ, ਕਿਆ ਲੱਗ ਰਿਹੈਂ ਤੂੰ, ਗਰੀਸ਼ਾ! ਬਿਲਕੁਲ ਟੁੱਟਾ ਹੋਇਆ ਸ਼ੀਸ਼ਾ, ਚੱਲ ਚਾਲੀਏ ਜਿੱਧਰ ਨੂੰ ਸਾਰੇ ਜਾਂਦੇ ਨੇ।... ਚੱਲ ਛਕੀਏ ਚੱਲ ਕੇ, ਤੂੰ ਤੇ ਮੈਂ।"

"ਮੈਂ ਹੁਣੇ ਆਇਆ," ਬਿਨਾ ਸਿਰ ਉਤੇ ਚੁੱਕਿਆਂ ਓਰਲੋਵ ਨੇ ਜਵਾਬ ਦਿਤਾ।

"ਮੈਂ ਤੈਨੂੰ ਉਡੀਕਾਂਗਾ ਤੇ ਚੁਪ ਚਾਪ ਦੁੱਖ ਸਹਾਂਗਾ।"

ਓਰਲੋਵ ਜਲਦੀ ਹੀ ਬਾਹਰ ਆ ਜਾਂਦਾ।

ਫਿਰ ਕੰਧਾਂ ਦਾ ਆਸਰਾ ਲੈਂਦੀ, ਭੋਰੇ ਵਿਚੋਂ ਇਕ ਨਿੱਕੀ ਜਿਹੀ ਮੋਟੀ ਜ਼ਨਾਨੀ ਬਾਹਰ ਆਈ। ਉਸਨੇ ਸਿਰ ਦੁਆਲੇ ਸ਼ਾਲ ਬੰਨੀ ਹੋਈ ਸੀ, ਜਿਸ ਵਿਚੋਂ ਸਿਰਫ਼ ਇਕ ਅੱਖ, ਜ਼ਰਾ ਕੁ ਗਲ੍ਹ ਤੇ ਮੱਥਾ ਦਿੱਸ ਰਹੇ ਸਨ। ਉਹ ਲੜਖੜਾਉਂਦੀ ਹੋਈ ਵਿਹੜੇ ਦੇ ਵਿਚੋਂ ਦੀ ਲੰਘੀ ਤੇ ਉਸੇ ਸਲੈਜ ਉਤੇ ਜਾ ਬੈਠੀ ਜਿਥੇ ਉਸਦਾ ਘਰ ਵਾਲਾ ਬੈਠਾ ਗਿਆ ਸੀ। ਉਸਨੂੰ ਦੇਖ ਕੇ ਕਿਸੇ ਨੂੰ ਹੈਰਾਨੀ ਨਹੀਂ ਸੀ ਹੁੰਦੀ—ਉਹ ਇਸ ਗੱਲ ਦੇ ਆਦੀ ਸਨ ਤੇ ਉਹਨਾਂ ਨੂੰ ਪਤਾ ਸੀ ਕਿ ਉਹ ਉਦੋਂ ਤੱਕ ਬੈਠੀ ਰਹੇਗੀ ਜਦੋਂ ਤੱਕ ਗਰਿਗੋਰੀ, ਸ਼ਰਾਬੀ ਹੋਇਆ ਹੋਇਆ ਤੇ ਪਛਤਾਵੇ ਨਾਲ ਭਰਿਆ, ਠੇਕੇ ਤੋਂ ਵਾਪਸ ਨਹੀਂ ਆ ਜਾਂਦਾ। ਉਹ ਵਿਹੜੇ ਵਿਚ ਬੈਠੀ ਰਹਿੰਦੀ ਕਿਉਂਕਿ ਭੋਰੇ ਵਿਚ ਦਮ ਘੁਟਦਾ ਸੀ, ਤੇ ਨਾਲੇ ਉਸਨੂੰ ਆਪਣੇ ਸ਼ਰਾਬੀ ਹੋਏ ਘਰ ਵਾਲੇ ਦੀ ਪੌੜੀਆਂ ਉਤਰਨ ਵਿਚ ਮਦਦ ਕਰਨੀ ਪੈਣੀ ਸੀ। ਪੌੜੀਆਂ ਦੰਦੀਹਾਰ ਤੇ ਟੁੱਟੀਆਂ-ਭੱਜੀਆਂ ਸਨ; ਇਕ ਵਾਰੀ ਗਰਿਗੋਰੀ ਉਹਨਾਂ ਤੋਂ ਡਿਗ ਪਿਆ ਸੀ ਤੇ ਉਸਦਾ ਗੁੱਟ ਉਤਰ ਗਿਆ ਸੀ। ਉਹ ਦੋ ਹਫ਼ਤੇ ਕੰਮ ਨਹੀਂ ਸੀ ਕਰ ਸਕਿਆ ਜਿਸ ਲਈ ਉਹਨਾਂ ਨੂੰ ਖਾਣ ਦੀਆਂ ਚੀਜ਼ਾਂ ਖ਼ਰੀਦਨ ਲਈ, ਜੋ ਕੁਝ ਵੀ ਕੋਲ ਸੀ, ਗਹਿਣੇ ਰਖਣਾ ਪਿਆ ਸੀ।

ਉਦੋਂ ਤੋਂ ਮਾਤਰਿਓਨਾ ਉਸਦੀ ਉਡੀਕ ਕਰਨ ਲਗ ਪਈ ਸੀ।

ਉਸਦਾ ਕੋਈ ਗਵਾਂਢੀ ਕਦੀ ਕਦੀ ਉਸ ਕੋਲ ਆ ਬੈਠਦਾ। ਆਮ ਤੌਰ ਉਤੇ ਇਹ ਰੀਟਾਇਰਡ ਨਾਨ-ਕਮਿਸ਼ੰਡ ਅਫ਼ਸਰ ਲੇਵਚੇਨਕੋ ਹੁੰਦਾ—ਡਿਗੀਆਂ ਮੁੱਛਾਂ, ਮੁੰਨੇ ਸਿਰ ਤੇ ਸੋਸਨੀ ਨੱਕ ਵਾਲਾ ਚੁੱਪ ਜਿਹਾ ਤੇ ਸਿਆਣਾ ਯੂਕਰੇਨੀ।

"ਫੇਰ ਲੜਦੇ ਰਹੇ ਹੋ?" ਉਹ ਉਸਦੇ ਕੋਲ ਬੈਠਦਾ ਹੋਇਆ ਉਬਾਸੀ ਲੈਂਦਾ ਕਹਿੰਦਾ।

"ਤੈਨੂੰ ਕੀ?" ਮਾਤਰਿਓਨਾ ਓਪਰਿਆਂ ਵਾਂਗ ਤੇ ਕੜਕ ਕੇ ਜਵਾਬ ਦੇਂਦੀ।

"ਕੁਝ ਨਹੀਂ!" ਯੂਕਰੇਨੀ ਸਪਸ਼ਟ ਕਰਦਾ ਤੇ ਮਗਰੋਂ ਕਿੰਨਾ ਚਿਰ ਤੱਕ ਚੁੱਪ ਵਾਪਰੀ ਰਹਿੰਦੀ।

ਮਾਤਰਿਓਨਾ ਮੁਸ਼ਕਲ ਨਾਲ ਸਾਹ ਲੈਂਦੀ ਲਗਦੀ ਤੇ ਉਸਦੀ ਛਾਤੀ ਵਿਚ ਸਾਹ ਲੈਣ ਲਗਿਆਂ ਆਵਾਜ਼ ਪੈਦਾ ਹੁੰਦੀ।

"ਤੁਸੀਂ ਦੋਵੇਂ ਆਪਸ ਵਿਚ ਕਿਉਂ ਹਮੇਸ਼ਾ ਲੜਦੇ ਰਹਿੰਦੇ ਹੋ? ਕਿਹੜੀ ਗਲ ਤੁਹਾਡੇ ਦਰਮਿਆਨ ਆਉਂਦੀ ਹੈ?" ਕੁਝ ਦੇਰ ਸੋਚਣ ਤੋਂ ਪਿਛੋਂ ਯੂਕਰੇਨੀ ਗੱਲ ਸ਼ੁਰੂ ਕਰਦਾ।

"ਇਹ ਅਸੀਂ ਜਾਣੀਏ..." ਮਾਤਰਿਓਨਾ ਓਰਲੋਵਾ ਸੰਖੇਪ ਜਿਹਾ ਜਵਾਬ ਦੇਂਦੀ।

"ਠੀਕ ਹੈ, ਤੁਸੀਂ ਜਾਣੋ ਤੇ ਤੁਹਾਡਾ ਕੰਮ," ਸਿਰ ਮਾਰਦਾ ਹੋਇਆ ਲੇਵਚੇਨਕੋ ਸਹਿਮਤ ਹੁੰਦਾ।

"ਤੇ ਫਿਰ ਤੂੰ ਕਾਹਦੇ ਲਈ ਟੰਗ ਅੜਾਉਣ ਡਿਹੈਂ?" ਓਰਲੋਵਾ ਤੇਜ਼ ਲਫ਼ਜ਼ਾਂ ਵਿਚ ਕਹਿੰਦੀ।

"ਹਤ, ਕਿਆ ਔਰਤ ਏ! ਗੱਲ ਨਹੀਂ ਕਰਨ ਦੇਂਦੀ! ਤੂੰ ਗਰਿਗੋਰੀ ਕੋਲੋਂ ਹੀ ਠੀਕ ਰਹਿੰਦੀ ਹੈਂ! ਤੈਨੂੰ ਹਰ ਰੋਜ਼ ਪੈਂਦੀਆਂ ਹੀ ਚੰਗੀਆਂ ਨੇ—ਇਕ ਵਾਰੀ ਸਵੇਰੇ ਤੇ ਇਕ ਵਾਰੀ ਸ਼ਾਮੀਂ—ਹਾਂ। ਫਿਰ ਜ਼ਰਾ ਤੇਰੀ ਆਕੜ ਭੱਜੇਗੀ।"

ਤੇ ਨਾਰਾਜ਼ਗੀ ਵਿਚ ਉਹ ਉਸ ਕੋਲੋਂ ਉੱਠ ਕੇ ਚਲਾ ਜਾਂਦਾ, ਜਿਸ ਨਾਲ ਉਹ ਸੰਤੁਸ਼ਟ ਹੋ ਜਾਂਦੀ। ਕੁਝ ਦੇਰ ਤੋਂ ਵਿਹੜੇ ਵਿਚ ਚਰਚਾ ਚਲਦੀ ਰਹੀ ਸੀ ਕਿ ਯੂਕਰੇਨੀ ਐਵੇਂ ਹੀ ਨਹੀਂ ਉਸ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰਦਾ। ਇਸ ਨਾਲ ਉਸਦੇ ਮਨ ਵਿਚ ਯੂਕਰੇਨੀ ਲਈ ਗ਼ੁੱਸਾ ਪੈਦਾ ਹੋ ਗਿਆ—ਯੂਕਰੇਨੀ ਲਈ ਤੇ ਉਹਨਾਂ ਸਾਰੇ ਲੋਕਾਂ ਲਈ ਜਿਹੜੇ ਆਪਣੇ ਕੰਮ ਨਾਲ ਕੰਮ ਨਹੀਂ ਰਖਦੇ। ਯੂਕਰੇਨੀ ਕਵਾਇਦ ਕਰਦੇ ਅੰਦਾਜ਼ ਵਿਚ ਚੁਸਤ ਤੇ ਜ਼ੋਰਦਾਰ ਢੰਗ ਨਾਲ ਤੁਰਦਾ ਹੋਇਆ ਦੂਜੇ ਕੋਨੇ ਵਿਚ ਚਲਾ ਜਾਂਦਾ, ਆਪਣੇ ਚਾਲ੍ਹੀ ਸਾਲਾਂ ਦਾ ਖਿਆਲ ਕੀਤੇ ਬਿਨਾਂ।

ਫਿਰ ਪਤਾ ਨਹੀਂ ਕਿਥੋਂ ਸੇਨਕਾ ਆ ਦਿਖਾਈ ਦੇਂਦਾ।

"ਇਹ ਵੀ, ਚਾਚਾ, ਨਿਰੀ ਲਾਲ ਮਿਰਚ ਏ, ਇਹ ਓਰਲੋਵਨੀ!" ਉਹ ਹੌਲੀ ਜਿਹੀ ਲੇਵਚੇਨਕੋ ਨੂੰ ਕਹਿੰਦਾ, ਉਸ ਪਾਸੇ ਵੱਲ ਸਿਰ ਨਾਲ ਇਸ਼ਾਰਾ ਕਰਦਾ ਹੋਇਆ, ਜਿਥੇ ਮਾਤਰਿਓਨਾ ਬੈਠੀ ਹੁੰਦੀ।

"ਮੈਂ ਤੈਨੂੰ ਦਸਦਾਂ ਲਾਲ ਮਿਰਚ ਕੀ ਹੁੰਦੀ ਐ!" ਲੇਵਚੇਨਕੋ ਗ਼ੁਸੇ ਵਿਚ ਕਹਿੰਦਾ, ਪਰ ਆਪਣੇ ਆਪ ਵਿਚ ਉਹ ਮੁਸਕ੍ਰਾ ਰਿਹਾ ਹੁੰਦਾ। ਉਸਨੂੰ ਚੁਸਤ ਸੇਨਕਾ

ਚੰਗਾ ਲਗਦਾ ਸੀ ਤੇ ਉਹ ਜੋ ਕੁਝ ਵੀ ਕਹਿੰਦਾ ਉਸਨੂੰ ਉਹ ਬੜੇ ਧਿਆਨ ਨਾਲ ਸੁਣਦਾ, ਕਿਉਂਕਿ ਸੇਨਕਾ ਨੂੰ ਵਿਹੜੇ ਦੇ ਸਾਰੇ ਭੇਤਾਂ ਦਾ ਪਤਾ ਹੁੰਦਾ ਸੀ।

"ਇਹ ਮੱਛੀ ਨਹੀਂ ਕਾਬੂ ਆਉਂਦੀ," ਧਮਕੀ ਵੱਲ ਕੋਈ ਧਿਆਨ ਨਾ ਦੇਂਦਿਆਂ ਸੇਨਕਾ ਨੇ ਗੱਲ ਜਾਰੀ ਰਖੀ। "ਰੰਗਸਾਜ਼ ਮਾਕਸੀਮ ਨੇ ਕੋਸ਼ਿਸ਼ ਕੀਤੀ ਸੀ, ਪਰ ਉਹਨੇ ਉਹਦੀ ਉਹ ਭੁਗਤ ਸਵਾਰੀ! ਮੈਂ ਆਪ ਸੁਣਿਆ ਸੀ—ਸੱਚ! ਜਿਸਤਰ੍ਹਾਂ ਢੋਲ ਕੁਟੀਦੈ!"

ਚੁਸਤ ਤੇ ਪ੍ਰਭਾਵ ਛੇਤੀ ਗ੍ਰਹਿਣ ਕਰਨ ਵਾਲਾ, ਅੱਧਾ ਬੱਚਾ ਅੱਧਾ ਸਿਆਣਾ, ਜੇ ਉਹਦੀ ਬਾਰ੍ਹਾਂ ਸਾਲ ਦੀ ਉਮਰ ਵੱਲ ਧਿਆਨ ਨਾ ਦਿਤਾ ਜਾਏ ਤਾਂ, ਸੇਨਕਾ ਆਪਣੇ ਆਲੇ-ਦੁਆਲੇ ਦੇ ਗੰਦ ਨੂੰ ਇੰਝ ਰਚਾ ਲੈਂਦਾ ਸੀ, ਜਿਸਤਰ੍ਹਾਂ ਸਪੰਜ ਪਾਣੀ ਨੂੰ ਰਚਾ ਲੈਂਦਾ ਹੈ। ਇਕ ਪਤਲੀ ਜਿਹੀ ਲਕੀਰ ਪਹਿਲਾਂ ਹੀ ਉਸਦੇ ਸਾਰੇ ਮੱਥੇ ਉਤੇ ਦਿਖਾਈ ਦੇਂਦੀ ਸੀ, ਜਿਸਤੋਂ ਪਤਾ ਲਗਦਾ ਸੀ ਕਿ ਸੇਨਕਾ ਗਲਾਂ ਬਾਰੇ ਸੋਚਣ ਦਾ ਆਦੀ ਹੈ।

ਹੁਣ ਵਿਹੜੇ ਵਿਚ ਹਨੇਰਾ ਹੋ ਚੁਕਾ ਸੀ। ਇਸ ਦੇ ਉਪਰ ਗੂੜ੍ਹੇ ਨੀਲੇ ਆਕਾਸ਼ ਦਾ ਚੌਰਸ ਜਿਹਾ ਟੋਟਾ ਲਿਸ਼ਕ ਰਿਹਾ ਸੀ, ਜਿਸ ਵਿਚ ਚਮਕਦੇ ਤਾਰੇ ਜੜੇ ਪਏ ਸਨ। ਉਪਰੋਂ ਦੇਖਿਆਂ ਇਹ ਵਿਹੜਾ ਇਕ ਡੂੰਘੇ ਟੋਏ ਵਾਂਗ ਸੀ ਜਿਸਦੇ ਆਲੇ-ਦੁਆਲੇ ਉੱਚੀਆਂ ਇਮਾਰਤਾਂ ਸਨ, ਤੇ ਇਸ ਟੋਏ ਦੇ ਇਕ ਕੋਨੇ ਵਿਚ ਇਕ ਨਿੱਕਾ ਜਿਹਾ ਜ਼ਨਾਨਾ ਆਕਾਰ ਬੈਠਾ ਸੀ; ਉਹ ਪਈ ਮਾਰ ਦੇ ਅਸਰ ਹੇਠੋਂ ਨਿਕਲ ਰਹੀ ਸੀ ਤੇ ਆਪਣੇ ਸ਼ਰਾਬੀ ਘਰ ਵਾਲੇ ਦੇ ਘਰ ਆਉਣ ਦੀ ਉਡੀਕ ਕਰ ਰਹੀ ਸੀ।

ਲਗਭਗ ਚਾਰ ਸਾਲ ਹੋਏ ਓਰਲੋਵਾਂ ਦਾ ਵਿਆਹ ਹੋਇਆ ਸੀ। ਉਹਨਾਂ ਦੇ ਇਕ ਬੱਚਾ ਹੋਇਆ ਸੀ, ਪਰ ਅਠਾਰ੍ਹਾਂ ਮਹੀਨਿਆਂ ਦਾ ਹੋ ਕੇ ਮਰ ਗਿਆ ਸੀ। ਦੋਹਾਂ ਨੇ ਕੁਝ ਦੇਰ ਸੋਗ ਮਨਾਇਆ ਸੀ, ਪਰ ਫਿਰ ਇਸ ਆਸ ਵਿਚ ਸ਼ਾਂਤ ਹੋ ਗਏ ਸਨ ਕਿ ਆਪੇ ਦੂਜਾ ਬੱਚਾ ਹੋ ਜਾਏਗਾ।

ਜਿਸ ਭੋਰੇ ਵਿਚ ਉਹ ਰਹਿੰਦੇ ਸਨ, ਉਹ ਲੰਮਾਂ ਤੇ ਹਨੇਰਾ ਸੀ, ਤੇ ਇਸਦੀ ਛੱਤ ਗੁੰਬਦ ਵਰਗੀ ਸੀ। ਦਰਵਾਜ਼ੇ ਦੇ ਨਾਲ, ਬਾਰੀਆਂ ਦੇ ਸਾਮ੍ਹਣੇ ਪਾਸੇ, ਇਕ ਵੱਡੀ ਸਾਰੀ ਰੂਸੀ ਅੰਗੀਠੀ ਸੀ। ਅੰਗੀਠੀ ਤੇ ਕੰਧ ਦੇ ਵਿਚਕਾਰ ਤੰਗ ਜਿਹਾ ਰਾਹ ਸੀ ਜਿਹੜਾ ਚੌਰਸ ਜਿਹੀ ਖੁਲ੍ਹੀ ਥਾਂ ਵੱਲ ਲੈ ਜਾਂਦਾ ਸੀ ਜਿਸ ਉਤੇ ਵਿਹੜੇ ਵਲੋਂ ਦੋ ਬਾਰੀਆਂ ਰਾਹੀਂ ਰੌਸ਼ਨੀ ਪੈਂਦੀ ਸੀ। ਰੌਸ਼ਨੀ ਇਸ ਭੋਰੇ ਵਿਚ ਟੇਢੀਆਂ ਤੇ ਧੁੰਦਲੀਆਂ ਜਿਹੀਆਂ ਧਾਰੀਆਂ ਵਿਚ ਪੈਂਦੀ, ਤੇ ਕਮਰਾ ਸਿਲ੍ਹਾ, ਹਨੇਰਾ ਤੇ ਬਾਕੀ ਸਭ ਕੁਝ ਨਾਲੋਂ ਕੱਟਿਆ ਹੋਇਆ ਲਗਦਾ ਸੀ। ਜ਼ਿੰਦਗੀ ਉਪਰ ਕਿਧਰੇ ਸੀ, ਇਥੇ ਤਾਂ ਧੁੰਦਲੀਆਂ ਜਿਹੀਆਂ, ਨਾ ਪਛਾਣੀਆਂ ਜਾ ਸਕਣ ਵਾਲੀਆਂ ਆਵਾਜ਼ਾਂ ਹੀ ਉਸਦੀਆਂ

ਨਿਸ਼ਾਨੀਆਂ ਸਨ, ਜਿਹੜੀਆਂ ਘੱਟੇ-ਮਿੱਟੀ ਦੇ ਨਾਲ ਨਾਲ, ਬੇਰੰਗ ਪੇਪੜੀਆਂ ਬਣਾ ਕੇ ਇਸ ਘੁਰਨੇ ਵਿਚ ਡਿਗਦੀਆਂ ਸਨ, ਜਿਥੇ ਓਰਲੋਵ ਰਹਿੰਦੇ ਸਨ। ਕੰਧ ਦੇ ਨਾਲ ਅੰਗੀਠੀ ਦੇ ਕੋਲ ਕਰ ਕੇ ਇਕ ਵੱਡਾ ਸਾਰਾ ਲੱਕੜੀ ਦਾ ਮੰਜਾ ਸੀ ਜਿਸਦੇ ਦੁਆਲੇ ਸੂਤੀ ਪਰਦੇ ਲਗੇ ਹੋਏ ਸਨ—ਪੀਲੇ ਰੰਗ ਉਤੇ ਗ਼ੁਲਾਬੀ ਫੁੱਲਾਂ ਵਾਲੇ। ਮੋਚੀ ਤੇ ਉਸਦੀ ਪਤਨੀ ਮੰਜੇ ਦੇ ਸਾਮ੍ਹਣੇ ਪਏ ਮੇਜ਼ ਉਤੇ ਨਾਸ਼ਤਾ ਤੇ ਖਾਣਾ ਖਾਂਦੇ ਸਨ, ਤੇ ਮੰਜੇ ਤੇ ਪਰਲੀ ਕੰਧ ਦੇ ਵਿਚਕਾਰਲੀ ਥਾਂ ਵਿਚ ਕੰਮ ਕਰਦੇ ਸਨ, ਜਿਥੇ ਚਾਨਣ ਦੀਆਂ ਦੋ ਕਾਤਰਾਂ ਡਿਗਦੀਆਂ ਸਨ।

ਕੰਧਾਂ ਉਤੇ ਸੁਸਤ ਚਾਲ ਕਾਕਰੋਚ ਸੈਰ ਕਰਦੇ ਫਿਰਦੇ ਸਨ; ਉਹ ਕਾਲੀ ਰੋਟੀ ਦੇ ਭੋਰਿਆਂ ਉਤੇ ਪਲਦੇ ਸਨ, ਜਿਨ੍ਹਾਂ ਨਾਲ ਰਸਾਲਿਆਂ ਵਿਚੋਂ ਕੱਟੀਆਂ ਤਸਵੀਰਾਂ ਕੰਧ ਦੇ ਪਲਸਤਰ ਉਤੇ ਲਾਈਆਂ ਜਾਂਦੀਆਂ ਸਨ। ਅਲਸਾਈਆਂ ਹੋਇਆਂ ਮੱਖੀਆਂ ਹਵਾ ਨੂੰ ਆਪਣੀ ਇਕਸਾਰ ਭਿਣਭਿਣਾਹਟ ਨਾਲ ਭਰ ਦੇਂਦੀਆਂ ਸਨ ਤੇ ਮੱਖੀਆਂ-ਬੈਠੀਆਂ ਤਸਵੀਰਾਂ ਕੰਧਾਂ ਦੇ ਗੰਧਲੇ-ਭੂਰੇ ਪਿਛੋਕੜ ਵਿਚ ਕਾਲੇ ਧੱਬਿਆਂ ਵਾਂਗ ਲਗਦੀਆਂ ਸਨ।

ਓਰਲੋਵਾਂ ਦਾ ਦਿਨ ਇੰਝ ਸ਼ੁਰੂ ਹੁੰਦਾ ਸੀ: ਸਵੇਰੇ ਛੇ ਵਜੇ ਮਾਤਰਿਓਨਾ ਉਠਦੀ, ਮੂੰਹ-ਹੱਥ ਧੋਂਦੀ ਤੇ ਸਾਮੋਵਾਰ ਧਰ ਦੇਂਦੀ, ਜਿਸਦਾ ਹੱਥੋ-ਪਾਈ ਦੀਆਂ ਜੰਗਾਂ ਵਿਚ ਕਈ ਵਾਰੀ ਰੂਪ ਵਿਗੜ ਚੁਕਾ ਸੀ ਤੇ ਜਿਹੜਾ ਸਾਰੇ ਦਾ ਸਾਰਾ ਟੀਨ ਦੇ ਟਾਂਕਿਆਂ ਨਾਲ ਢਕਿਆ ਹੋਇਆ ਸੀ। ਜਦੋਂ ਤਕ ਸਾਮੋਵਾਰ ਉਬਲਦਾ ਸੀ, ਉਹ ਕਮਰਾ ਸੰਵਾਰ ਲੈਂਦੀ ਸੀ ਤੇ ਬਾਹਰ ਦੁਕਾਨ ਉਤੋਂ ਹੋ ਆਉਂਦੀ, ਤੇ ਫਿਰ ਆਪਣੇ ਘਰ ਵਾਲੇ ਨੂੰ ਜਗਾਉਂਦੀ; ਜਦੋਂ ਤਕ ਉਹ ਉੱਠ ਕੇ ਮੂੰਹ-ਹੱਥ ਧੋਂਦਾ, ਸਾਮੋਵਾਰ ਮੇਜ਼ ਉਤੇ ਪਿਆ ਗੜ੍ਹਕ ਰਿਹਾ ਹੁੰਦਾ, ਤੇ ਉਹ ਦੋਵੇਂ ਨਾਸ਼ਤਾ ਖਾਣ ਬੈਠ ਜਾਂਦੇ—ਚਾਹ ਤੇ ਚਿੱਟੀ ਰੋਟੀ, ਦੋਹਾਂ ਲਈ ਇਕ ਪੌਂਡ।

ਗਰਿਗੋਰੀ ਚੰਗਾ ਮੋਚੀ ਸੀ ਤੇ ਉਸ ਕੋਲ ਹਮੇਸ਼ਾ ਕਾਫ਼ੀ ਕੰਮ ਰਹਿੰਦਾ ਸੀ। ਨਾਸ਼ਤੇ ਵੇਲੇ ਉਹ ਦਿਹਾੜੀ ਕਰਨ ਵਾਲੇ ਕੰਮ ਗਿਣਾਉਂਦਾ। ਨਿਪੁੰਨ ਕਾਰੀਗਰਾਂ ਦੇ ਕਰਨ ਵਾਲੇ ਸਾਰੇ ਕੰਮ ਉਹ ਆਪ ਕਰਦਾ ਤੇ ਮਾਤਰਿਓਨਾ ਲਈ ਦੂਜੇ ਦਰਜੇ ਦੇ ਕੰਮ ਛੱਡ ਦੇਂਦਾ ਜਿਵੇਂ ਕਿ ਧਾਗੇ ਨੂੰ ਮੋਮ ਲਾਉਣਾ, ਪਤਾਵੇ ਚਿਪਕਾਉਣਾ, ਅੱਡੀਆਂ ਦੇ ਹੇਠਾਂ ਕਿੱਲਾਂ ਨਾਲ ਚਮੜਾ ਆਉਣਾ, ਤੇ ਹੋਰ ਛੋਟੇ ਛੋਟੇ ਕੰਮ। ਨਾਸ਼ਤੇ ਵੇਲੇ ਹੀ ਉਹ ਦੁਪਹਿਰ ਦੇ ਖਾਣੇ ਬਾਰੇ ਵੀ ਸੋਚ ਲੈਂਦੇ। ਸਰਦੀਆਂ ਵਿਚ, ਜਦੋਂ ਉਹ ਜ਼ਿਆਦਾ ਖਾਂਦੇ ਸਨ, ਇਹ ਬਹਿਸ ਲਈ ਦਿਲਚਸਪ ਮਸਲਾ ਹੁੰਦਾ ਸੀ; ਗਰਮੀਆਂ ਵਿਚ ਉਹ ਸਿਰਫ਼ ਐਤਵਾਰ ਨੂੰ, ਤੇ ਉਹ ਵੀ ਹਰ ਐਤਵਾਰ ਨੂੰ ਨਹੀਂ, ਅੰਗੀਠੀ ਭਖਾ ਕੇ ਖ਼ਰਚਾ ਬਚਾਉਂਦੇ ਸਨ, ਸੋ ਉਹਨਾਂ ਦੇ ਖਾਣੇ ਵਿਚ ਮੁਖ ਚੀਜ਼ ਹੁੰਦੀ ਸੀ ਕਵਾਸ ਤੋਂ ਬਣਿਆ ਠੰਢਾ ਸ਼ੋਰਬਾ, ਜਿਸ ਵਿਚ ਉਹ ਪਿਆਜ਼, ਲੂਣੀ ਮੱਛੀ, ਤੇ ਕਦੀ ਕਦੀ ਗਵਾਂਢੀਆਂ ਦੀ ਅੰਗੀਠੀ ਉਤੇ ਪਕਾਇਆ ਮਾਸ ਰਲਾ ਲੈਂਦੇ ਸਨ। ਨਾਸ਼ਤਾ

ਖ਼ਤਮ ਹੁੰਦਾ ਤੇ ਉਹ ਕੰਮ ਕਰਨ ਬੈਠ ਜਾਂਦੇ—ਗਰਿਗੋਰੀ ਪਾਸੇ ਵਲੋਂ ਟੁੱਟੇ ਟੱਪ ਨੂੰ ਉਲਟਾ ਕੇ ਤੇ ਉਪਰ ਕੋਈ ਚਮੜੇ ਦਾ ਗਦੇਲਾ ਰੱਖ ਕੇ, ਤੇ ਉਸਦੀ ਪਤਨੀ ਉਸਦੇ ਕੋਲ ਇਕ ਨੀਵੇਂ ਸਟੂਲ ਉਤੇ।

ਪਹਿਲਾਂ ਉਹ ਚੁੱਪ-ਚਾਪ ਕੰਮ ਕਰਦੇ ਰਹਿੰਦੇ—ਕਰਨ ਵਾਲੀ ਗੱਲ ਹੀ ਕਿਹੜੀ ਹੁੰਦੀ ਸੀ? ਉਹ ਆਪਣੇ ਕੰਮ ਬਾਰੇ ਦੋ ਗੱਲਾਂ ਕਰਦੇ, ਪਰ ਫਿਰ ਅੱਧੇ-ਪੌਣੇ ਘੰਟੇ ਲਈ ਚੁੱਪ ਹੋ ਜਾਂਦੇ। ਹਥੌੜੀ ਦੀ ਠੱਕ ਠੱਕ ਤੇ ਧਾਗੇ ਦੀ ਸੀ-ਸੀ ਸੁਣਾਈ ਦੇਂਦੀ, ਜਦੋਂ ਇਹ ਚਮੜੇ ਦੇ ਵਿਚੋਂ ਦੀ ਲੰਘਾਇਆ ਜਾਂਦਾ। ਕਦੀ ਕਦੀ ਗਰਿਗੋਰੀ ਉਬਾਸੀ ਲੈਂਦਾ ਜਿਹੜੀ ਅਕਸਰ ਹੀ ਗਰਜ ਜਾਂ ਕਰਾਹਟ ਵਿਚ ਜਾ ਮੁਕਦੀ। ਮਾਤਰਿਓਨਾ ਠੰਡੇ ਸਾਹ ਭਰਦੀ। ਕਦੀ ਕਦੀ ਗਰਿਗੋਰੀ ਗਾਉਣ ਲਗ ਪੈਂਦਾ। ਉਸਦੀ ਆਵਾਜ਼ ਵਿਚ ਤੇਜ਼, ਧਾਤ ਦੀ ਟੁਣ ਕਾਰ ਪਾਈ ਜਾਂਦੀ ਸੀ, ਪਰ ਗਾ ਉਹ ਚੰਗਾ ਲੈਂਦਾ ਸੀ। ਇਕ ਵੇਲੇ ਗੀਤ ਦੇ ਲਫ਼ਜ਼ ਗਰਿਗੋਰੀ ਦੇ ਗਲੇ ਵਿਚੋਂ ਤੇਜ਼ ਤੇ ਉਦਾਸ ਲੈ ਵਿਚ ਇਕੱਠੇ ਹੋ ਕੇ ਆਉਂਦੇ ਜਿਵੇਂ ਕਿ ਉਹਨਾਂ ਨੂੰ ਡਰ ਹੋਵੇ ਕਿ ਕੁਝ ਅਣਕਿਹਾ ਨਾ ਰਹਿ ਜਾਏ; ਤੇ ਫਿਰ ਇਕਦਮ ਉਹ ਸੋਗੀ ਤਾਲ ਵਿਚ ਲਟਕ ਜਾਂਦੇ ਜਿਨ੍ਹਾਂ ਨੂੰ "ਏਖ਼!" ਦਾ ਵਿਸਮਿਕ ਪ੍ਰਗਟਾਅ ਨਖੇੜਦਾ, ਤੇ ਉਹ, ਉਚੇ ਤੇ ਸੋਗਭਰੇ, ਤਰਦੇ ਹੋਏ ਬਾਰੀ ਰਾਹੀਂ ਵਿਹੜੇ ਵਿਚ ਚਲੇ ਜਾਂਦੇ। ਮਾਤਰਿਓਨਾ ਆਪਣੇ ਪਤੀ ਦੀ ਉੱਚੀ ਆਵਾਜ਼ ਵਿਚ ਆਪਣੀ ਕੋਮਲ ਮਾਧਿਅਮ ਸੁਰ ਰਲਾਉਂਦੀ। ਉਹਨਾਂ ਦੋਹਾਂ ਦੇ ਚਿਹਰੇ ਉਦਾਸ ਤੇ ਸੋਚਵਾਨ ਹੋ ਜਾਂਦੇ; ਤੇ ਗਰਿਗੋਰੀ ਦੀਆਂ ਕਾਲੀਆਂ ਅੱਖਾਂ ਧੁੰਦਲਾ ਜਾਂਦੀਆਂ। ਸੰਗੀਤ ਮਾਤਰਿਓਨਾ ਨੂੰ ਬੇਸੁਧ ਕਰਦਾ ਲਗਦਾ ਸੀ, ਜਿਹੜੀ ਵਜਦ ਜਿਹੇ ਵਿਚ ਆ ਕੇ ਅਗੇ ਪਿੱਛੇ ਝੂਲਦੀ, ਮੁਗਧ ਹੋ ਕੇ ਸੁਰ ਨੂੰ ਅੱਧ ਵਿਚ ਹੀ ਛੱਡ ਦੇਂਦੀ ਤੇ ਮੁੜਕੇ ਨਾਲ ਰਲ ਜਾਂਦੀ। ਗਾਉਂਦਿਆਂ ਹੋਇਆਂ, ਦੂਜੇ ਦੇ ਲਫ਼ਜ਼ਾਂ ਵਿਚ ਆਪਣੀਆਂ ਹਨੇਰੀਆਂ ਜ਼ਿੰਦਗੀਆਂ ਦੀ ਸਾਰੀ ਨੀਰਸਤਾ ਤੇ ਖ਼ਾਲੀਪੁਣਾ ਰਲਾਉਣ ਦੀ ਕੋਸ਼ਿਸ਼ ਕਰਦਿਆਂ, ਉਹਨਾਂ ਲਫ਼ਜ਼ਾਂ ਵਿਚ ਖ਼ੁਦ ਆਪਣੀਆਂ ਰੂਹਾਂ ਵਿਚ ਪੈਦਾ ਹੋਏ ਅਧਘੜੇ ਵਿਚਾਰਾਂ ਤੇ ਭਾਵਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਿਆਂ, ਉਹਨਾਂ ਨੂੰ ਇਕ ਦੂਜੇ ਦੀ ਸੁਧ-ਬੁਧ ਨਾ ਰਹਿੰਦੀ।

ਕਦੀ ਕਦੀ ਗਰਿਗੋਰੀ ਆਪੇ ਗੀਤ ਰਚਣ ਲਗ ਪੈਂਦਾ:

ਆਹ, ਇਹ ਜੀਵਨ ਮੇਰਾ, ਏਖ਼!
ਇਹ ਤੀਹਰਾ ਲਾਅਨਤੀ ਜੀਵਨ ਮੇਰਾ...
ਉਫ਼, ਇਹ ਦਿਲਗੀਰੀ! ਏਖ਼!
ਇਹ ਲਾਅਨਤੀ ਦਿਲਗੀਰੀ!
ਦਿਲਗੀਰੀ ਲਾਅਨਤੀ!

ਉਸਦੀਆਂ ਬੈਠੇ ਬੈਠੇ ਬਣਾਈਆਂ ਇਹ ਰਚਨਾਵਾਂ ਮਾਤਰਿਓਨਾ ਨੂੰ ਪਸੰਦ ਨਾ ਆਉਂਦੀਆਂ।

"ਚੀਕਣਾ ਬੰਦ ਕਰ! ਤੂੰ ਇੰਝ ਲਗਦੈਂ ਜਿਵੇਂ ਕਿਸੇ ਦੇ ਮਰਨ ਤੋਂ ਪਹਿਲਾਂ ਕੁੱਤਾ ਰੋਂਦਾ ਹੁੰਦਾ।"

ਇਸ ਨਾਲ ਗਰਿਗੋਰੀ ਹਮੇਸ਼ਾ ਗੁੱਸੇ ਵਿਚ ਆ ਜਾਂਦਾ।

"ਚਲ, ਨਜ਼ਰਬੱਟੂ! ਤੈਨੂੰ ਸਮਝ ਹੀ ਕੀ ਏ? ਭੂਤਨੀ ਉਜਾੜਾਂ ਦੀ!"

"ਚੀਕਣਾ ਬੰਦ ਕੀਤੈ ਤੇ ਭੌਂਕਣਾ ਸ਼ੁਰੂ ਕਰ ਦਿਤੈ।"

"ਬਕਵਾਸ ਬੰਦ ਕਰ ਤੇ ਆਪਣੇ ਕੰਮ ਨਾਲ ਕੰਮ ਰਖ। ਮੈਂ ਕੌਣ ਆਂ? ਤੇਰਾ ਸ਼ਾਗਿਰਦ, ਜਿਹੜਾ ਤੂੰ ਮੈਨੂੰ ਦੱਸਣ ਡਹੀ ਏਂ, ਕੀ ਕਰਾਂ ਕੀ ਨਾ ਕਰਾਂ?"

ਤੇ ਮਾਤਰਿਓਨਾ, ਇਹ ਦੇਖਦਿਆਂ ਕਿ ਉਸਦੇ ਗਲੇ ਦੀਆਂ ਨਾੜਾਂ ਫੁੱਲਣ ਲਗ ਪਈਆਂ ਹਨ ਤੇ ਉਸਦੀਆਂ ਅੱਖਾਂ ਵਿਚ ਭੈੜੀ ਜਿਹੀ ਚਮਕ ਆ ਗਈ ਹੈ, ਸਚਮੁਚ ਬੋਲਣਾ ਬੰਦ ਕਰ ਦੇਂਦੀ ਤੇ ਕਿੰਨਾਂ ਚਿਰ ਚੁੱਪ ਰਹਿੰਦੀ, ਤੇ ਜਾਣ ਬੁਝ ਕੇ ਆਪਣੇ ਪਤੀ ਦੇ ਸਵਾਲਾਂ ਵੱਲ ਧਿਆਨ ਨਾ ਦੇਂਦੀ, ਜਿਸਦਾ ਗ਼ੁੱਸਾ ਉਸੇ ਤਰ੍ਹਾਂ ਤੇਜ਼ੀ ਨਾਲ ਖ਼ਤਮ ਹੋ ਜਾਂਦਾ ਸੀ, ਜਿਸਤਰ੍ਹਾਂ ਇਹ ਭੜਕਦਾ ਸੀ।

ਉਹ ਉਸਦੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾਉਣ ਤੋਂ ਕਤਰਾਉਂਦੀ, ਜਿਹੜੀਆਂ ਸੁਲਹ-ਸਫ਼ਾਈ ਦੀ ਯਾਚਨਾ ਕਰ ਰਹੀਆਂ ਹੁੰਦੀਆਂ ਤੇ ਮੁਸਕ੍ਰਾਹਟ ਉਡੀਕ ਰਹੀਆਂ ਹੁੰਦੀਆਂ, ਤੇ ਉਹ ਕੰਬਾਉਣੇ ਡਰ ਦੇ ਅਹਿਸਾਸ ਨਾਲ ਭਰ ਜਾਂਦੀ ਕਿ ਉਸਦੀਆਂ ਭਾਵਨਾਵਾਂ ਨਾਲ ਇੰਝ ਖੇਡਣਾ ਉਸਨੂੰ ਰੋਹ ਵਿਚ ਲੈ ਆਵੇਗਾ। ਪਰ ਨਾਲ ਹੀ, ਉਸਨੂੰ ਉਸ ਨਾਲ ਗ਼ੁੱਸੇ ਹੋ ਕੇ ਤੇ ਉਸਨੂੰ ਸੁਲਹ-ਸਫਾਈ ਦੇ ਯਤਨ ਕਰਦਿਆਂ ਦੇਖ ਕੇ ਤਸੱਲੀ ਵੀ ਹੁੰਦੀ। ਘੱਟੋ-ਘੱਟ ਉਹ ਜਿਊਂਦੀ ਸੀ, ਸੋਚਦੀ ਸੀ, ਮਹਿਸੂਸ ਕਰਦੀ ਸੀ . . .

ਉਹ ਦੋਵੇਂ ਜਵਾਨ ਤੇ ਸਿਹਤਮੰਦ ਸਨ, ਤੇ ਉਹ ਇਕ ਦੂਜੇ ਨੂੰ ਪਿਆਰ ਕਰਦੇ ਸਨ ਤੇ ਇਕ ਦੂਜੇ ਉਤੇ ਮਾਣ ਕਰਦੇ ਸਨ। ਗਰਿਗੋਰੀ ਏਨਾ ਤਕੜਾ, ਏਨਾ ਜੋਸ਼ੀਲਾ, ਏਨਾ ਸੁਹਣਾ ਸੀ, ਤੇ ਮਾਤਰਿਓਨਾ ਗੋਰੀ-ਚਿੱਟੀ ਤੇ ਮੋਟੀ ਸਲੇਟੀ ਅੱਖਾਂ ਵਿਚ ਚਮਕ ਵਾਲੀ—ਹੱਟੀ-ਕੱਟੀ, ਜਿਵੇਂ ਕਿ ਵਿਹੜੇ ਵਾਲੇ ਉਸਨੂੰ ਕਿਹਾ ਕਰਦੇ ਸਨ। ਉਹ ਇਕ ਦੂਜੇ ਨੂੰ ਪਿਆਰ ਕਰਦੇ ਸਨ, ਪਰ ਜ਼ਿੰਦਗੀ ਤੋਂ ਅੱਕੇ ਪਏ ਸਨ, ਉਹਨਾਂ ਦੀਆਂ ਹੋਰ ਕੋਈ ਦਿਲਚਸਪੀਆਂ ਨਹੀਂ ਸਨ, ਤੇ ਕੋਈ ਨਵੇਂ ਪ੍ਰਭਾਵ ਨਹੀਂ ਸਨ ਹੁੰਦੇ, ਜਿਹੜੇ ਉਹਨਾਂ ਨੂੰ ਇਕ ਦੂਜੇ ਤੋਂ ਸਾਹ ਦੁਆਉਂਦੇ ਤੇ ਸੋਚਣ ਤੇ ਮਹਿਸੂਸ ਕਰਨ ਦੀ—ਮਤਲਬ ਇਹ ਕਿ ਜਿਊਣ ਦੀ—ਸਾਧਾਰਨ ਮਨੁੱਖੀ ਲਾਲਸਾ ਨੂੰ ਪੂਰਿਆ ਕਰਦੇ। ਉਹਨਾਂ ਨੂੰ ਲੋੜ ਸੀ ਜ਼ਿੰਦਗੀ ਵਿਚ ਆਸ਼ੇ ਦੀ, ਭਾਵੇਂ ਇਹ ਪੈਸਾ ਪੈਸਾ ਕਰਕੇ ਧਨ ਇਕੱਠਾ ਕਰਨਾ ਹੀ ਹੁੰਦਾ ਜਿਸ ਨਾਲ ਉਹਨਾਂ ਦਾ ਜੀਵਨ ਸੌਖਾ ਹੋ ਸਕਦਾ ਸੀ।

ਪਰ ਉਹਨਾਂ ਕੋਲ ਕੋਈ ਆਸ਼ਾ ਨਹੀਂ ਸੀ।

ਹਮੇਸ਼ਾ ਇਕੱਠੇ ਰਹਿੰਦਿਆਂ, ਉਹ ਇਕ ਦੂਜੇ ਦੇ, ਤੇ ਇਕ ਦੂਜੇ ਦੇ ਹਰ ਲਫ਼ਜ਼ ਤੇ ਵਤੀਰੇ ਦੇ ਆਦੀ ਹੋ ਗਏ ਸਨ। ਉਹਨਾਂ ਦਾ ਧਿਆਨ ਕਿਸੇ ਵੀ ਹੋਰ ਪਾਸੇ ਪਾਏ ਬਿਨਾਂ ਦਿਨ ਲੰਘਦੇ ਜਾਂਦੇ ਸਨ। ਤਿਹਾਰ ਵਾਲੇ ਦਿਨ ਉਹ ਕਦੀ ਕਦੀ ਦੋਸਤਾਂ ਨੂੰ ਮਿਲਣ ਜਾਂਦੇ ਜਿਹੜੇ ਰੂਹਾਨੀ ਤੌਰ ਉਤੇ ਉਹਨਾਂ ਵਾਂਗ ਹੀ ਕੰਗਾਲ ਸਨ, ਤੇ ਕਦੀ ਕਦੀ ਦੋਸਤ ਉਹਨਾਂ ਦੇ ਘਰ ਆਉਂਦੇ—ਗਾਉਣ ਲਈ, ਪੀਣ ਲਈ, ਤੇ, ਅਕਸਰ, ਲੜਣ ਲਈ। ਤੇ ਫਿਰ ਦਿਨ ਬਿਨਾਂ ਕਿਸੇ ਘਟਨਾ ਦੇ ਲੰਘਣ ਲਗਦੇ, ਜਿਵੇਂ ਕਿਸੇ ਅਦਿੱਖ ਜ਼ੰਜੀਰ ਦੀਆਂ ਕੜੀਆਂ ਲੰਘਦੀਆਂ ਹਨ, ਹਰ ਇਕ ਕੰਮ ਤੇ ਅਕੇਵੇਂ ਦਾ, ਤੇ ਇਕ ਦੂਜੇ ਤੋਂ ਫ਼ਜ਼ੂਲ ਖਿਝ ਦਾ ਬੋਝ ਲੈਕੇ।

ਕਦੀ ਕਦੀ ਗਰਿਗੋਰੀ ਕਹਿੰਦਾ:

"ਇਹ ਕੁੱਤੀ ਜ਼ਿੰਦਗੀ! ਮੈਂ ਇਹਦੇ ਤੋਂ ਕੀ ਲੈਣਾ ਏ? ਕੰਮ ਤੇ ਅਕੇਵਾਂ, ਅਕੇਵਾਂ ਤੇ ਕੰਮ।" ਜ਼ਰਾ ਕੁ ਰੁਕਣ ਪਿਛੋਂ ਉਹ ਆਪਣੀਆਂ ਅੱਖਾਂ ਛੱਤ ਵੱਲ ਚੁੱਕਦਾ ਤੇ ਆਪਣੇ ਬੁਲ੍ਹਾਂ ਉਤੇ ਹਲਕੀ ਜਿਹੀ ਮੁਸਕਾਨ ਨਾਲ ਬੋਲੀ ਜਾਂਦਾ: "ਰੱਬ ਦੀ ਰਜ਼ਾ ਨਾਲ ਮੇਰੀ ਮਾਂ ਨੇ ਮੈਨੂੰ ਦੁਨੀਆ ਵਿਚ ਲਿਆਂਦਾ—ਇਹਦੇ ਖ਼ਿਲਾਫ਼ ਮੈਂ ਕੀ ਕਹਿ ਸਕਦਾ ਹਾਂ। ਫਿਰ ਮੈਂ ਆਪਣਾ ਕਿੱਤਾ ਸਿੱਖਿਆ, ਪਰ ਇਹ ਕਾਹਦੇ ਲਈ ਸੀ? ਕੀ ਦੁਨੀਆਂ ਵਿਚ ਕਾਫ਼ੀ ਮੋਚੀ ਨਹੀਂ? ਚੱਲੋ, ਠੀਕ ਏ, ਮੈਂ ਮੋਚੀ ਹਾਂ। ਇਸਤੋਂ ਮੇਰਾ ਕੀ ਭਲਾ ਹੁੰਦੈ? ਇਥੇ ਇਸ ਘੁਰਨੇ ਵਿਚ ਬੈਠੇ ਰਹਿਣਾ ਤੇ ਮੇਖਾਂ ਲਾਈ ਜਾਣੀਆਂ। ਤੇ ਫਿਰ ਮੈਂ ਚੱਲਦਾ ਹੋਵਾਂਗਾ। ਕਹਿੰਦੇ ਨੇ ਕਿ ਹੈਜ਼ਾ ਫੈਲਿਆ ਹੋਇਐ। ਫੈਲਿਆ ਰਹੇ। ਹੁੰਦਾ ਸੀ ਇਕ ਗਰਿਗੋਰੀ ਓਰਲੋਵ, ਤੇ ਉਹ ਹੈਜ਼ੇ ਨਾਲ ਮਰ ਗਿਆ। ਇਹਦਾ ਕੋਈ ਮਤਲਬ ਨਿਕਲਦਾ? ਕਿਸਨੂੰ ਪਰਵਾਹ ਪਈ ਏ ਕਿ ਮੈਂ ਜਿਊਂਦਾ ਹਾਂ, ਬੂਟ ਬਣਾਉਂਦਾ ਹਾਂ, ਮਰ ਗਿਆ ਹਾਂ, ਕਿ ਨਹੀਂ?"

ਮਾਤਰਿਓਨਾ, ਆਪਣੇ ਪਤੀ ਦੇ ਲਫ਼ਜ਼ਾਂ ਵਿਚ ਕੁਝ ਡਰਾਉਣਾ ਜਿਹਾ ਮਹਿਸੂਸ ਕਰਦੀ ਹੋਈ, ਕੁਝ ਨਾ ਕਹਿੰਦੀ। ਕਦੀ ਕਦੀ ਉਹ ਉਸਨੂੰ ਕਹਿੰਦੀ ਕਿ ਇਹੋ ਜਿਹੀਆਂ ਗੱਲਾਂ ਨਾ ਕਰਿਆ ਕਰ, ਇਹ ਰੱਬ ਦੇ ਖ਼ਿਲਾਫ਼ ਨੇ, ਜਿਹੜਾ ਬੜੀ ਚੰਗੀ ਤਰ੍ਹਾਂ ਜਾਣਦੈ ਕਿ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਕੀ ਕਰਨਾ ਹੈ। ਜਾਂ ਫਿਰ, ਜਦੋਂ ਉਸਦਾ ਮੂਡ ਖ਼ਰਾਬ ਹੁੰਦਾ, ਤਾਂ ਉਹ ਵਿਅੰਗ ਜਿਹੇ ਨਾਲ ਕਹਿੰਦੀ:

"ਜੇ ਤੂੰ ਪੀਣੀ ਬੰਦ ਕਰ ਦੇਵੇਂ ਤਾਂ ਤੈਨੂੰ ਜ਼ਿੰਦਗੀ ਵਿਚ ਜ਼ਿਆਦਾ ਖ਼ੁਸ਼ੀ ਮਿਲੇ ਤੇ ਇਹੋ ਜਿਹੇ ਖ਼ਿਆਲ ਤੇਰੇ ਸਿਰ ਵਿਚ ਨਾ ਆਉਣ। ਸ਼ਿਕਵੇ ਕਰਨ ਦੀ ਥਾਂ ਦੂਜੇ ਲੋਕ ਪੈਸੇ ਜਮ੍ਹਾਂ ਕਰਦੇ ਨੇ, ਆਪਣੀਆਂ ਵਰਕਸ਼ਾਪਾਂ ਖ਼ਰੀਦਣ ਲਈ ਤੇ ਫੇਰ ਸਾਊਆਂ ਵਾਂਗ ਚੰਗੀ ਤਰ੍ਹਾਂ ਰਹਿੰਦੇ ਨੇ।"

"ਤੇਰੇ ਲਫ਼ਜ਼ਾਂ ਦਾ ਮਤਲਬ ਹੀ ਕੀ ਐ—ਸ਼ੈਤਾਨ ਦੀਏ ਨਾਈਏ! ਜ਼ਰਾ ਮਾਰ ਖਾਂ ਮੱਥਾ ਤੇ ਪੁੱਛ ਆਪਣੇ ਆਪ ਤੋਂ ਮੈਂ ਕਿਵੇਂ ਪੀਣੀ ਛੱਡ ਸਕਦਾਂ, ਜਦ ਇਹ ਇਕੋ ਇਕ ਖ਼ੁਸ਼ੀ ਏ ਮੇਰੇ ਜੀਵਨ ਵਿਚ। ਦੂਜੇ ਲੋਕ! ਬੜਾ ਤੂੰ ਜਾਣਦੀ ਏਂ ਦੂਜੇ ਲੋਕਾਂ ਬਾਰੇ! ਵਿਆਹ ਤੋਂ ਪਹਿਲਾਂ ਕੀ ਮੈਂ ਇਸ ਤਰ੍ਹਾਂ ਦਾ ਸਾਂ? ਜੇ ਸੱਚ ਪੁੱਛੋਂ ਤਾਂ ਤੂੰ ਹੀ ਏਂ ਜਿਹੜੀ ਮੈਨੂੰ ਚੂਸ ਚੂਸ ਕੇ ਸੂਤੀ ਜਾਂਦੀ ਏਂ ਤੇ ਜ਼ਿੰਦਗੀ 'ਚੋਂ ਸਾਰੀ ਖ਼ੁਸ਼ੀ ਕਢੀ ਜਾਂਦੀ ਏਂ। ਹੂੰ! ਡੱਡੂ ਜਿਹੀ!"

ਮਾਤਰਿਓਨਾ ਨੂੰ ਗ਼ੁੱਸਾ ਆਇਆ, ਪਰ ਉਹ ਆਪਣੇ ਪਤੀ ਦੇ ਲਫ਼ਜ਼ਾਂ ਦੀ ਸਚਾਈ ਤੋਂ ਇਨਕਾਰੀ ਨਹੀਂ ਸੀ: ਉਸਨੇ ਜਦੋਂ ਪੀਤੀ ਹੁੰਦੀ ਸਾਂ ਤਾਂ ਜ਼ਰੂਰ ਖ਼ੁਸ਼ ਤੇ ਪਿਆਰ ਕਰਨ ਵਾਲਾ ਹੁੰਦਾ ਸੀ; ਉਹ "ਦੂਜੇ ਲੋਕ" ਸਚਮੁਚ ਉਸਦੀ ਆਪਣੀ ਕਲਪਨਾ ਦੀ ਹੀ ਪੈਦਾਵਾਰ ਹੁੰਦੇ ਸਨ; ਤੇ ਗਰਿਗੋਰੀ ਵਿਆਹ ਤੋਂ ਪਹਿਲਾਂ ਸਚਮੁਚ ਖ਼ੁਸ਼-ਰਹਿਣਾ, ਬੜਾ ਮਿਹਰਬਾਨ ਤੇ ਦਿਲ ਲਾਉਣ ਵਾਲਾ ਹੁੰਦਾ ਸੀ।

"ਪਤਾ ਨਹੀਂ ਕਿਉਂ। ਕੀ ਸਚਮੁਚ ਮੈਂ ਇਹਦੇ ਲਈ ਬੋਝ ਹਾਂ?" ਉਹ ਆਪਣੇ ਆਪ ਤੋਂ ਪੁੱਛਦੀ।

ਉਹ ਇਸ ਖ਼ਿਆਲ ਨਾਲ ਕੰਬ ਗਈ ਤੇ ਉਸਨੂੰ ਆਪਣੇ ਦੋਹਾਂ ਉਤੇ ਤਰਸ ਆਉਣ ਲਗਾ। ਉਸ ਕੋਲ ਜਾਂਦਿਆਂ, ਉਸਨੇ ਪਿਆਰ ਨਾਲ ਉਸਦੀਆਂ ਅੱਖਾਂ ਵਿਚ ਦੇਖਿਆ ਤੇ ਉਸਦੀ ਛਾਤੀ ਨਾਲ ਘੁਟ ਕੇ ਜਾ ਲੱਗੀ।

"ਹੁਣ ਮੈਨੂੰ ਚੱਟੇਗੀ, ਵਹਿੜਕੀ," ਗਰਿਗੋਰੀ ਨੇ ਵੱਟੇ ਮੂੰਹ ਨਾਲ ਕਿਹਾ ਤੇ ਇੰਝ ਜ਼ਾਹਰ ਕੀਤਾ ਜਿਵੇਂ ਉਸਨੂੰ ਪਰ੍ਹੇ ਧੱਕਣ ਲਗਾ ਹੋਵੇ, ਪਰ ਉਹ ਸਗੋਂ ਹੋਰ ਘੁੱਟ ਕੇ ਨਾਲ ਲਗ ਗਈ, ਤਾਂ ਕਿ ਉਹ ਇੰਝ ਨਾ ਕਰ ਸਕੇ।

ਇਸ ਨਾਲ ਗਰਿਗੋਰੀ ਦੀਆਂ ਅੱਖਾਂ ਵਿਚ ਮਸ਼ਾਲਾਂ ਬਲ ਉਠੀਆਂ, ਉਸਨੇ ਆਪਣਾ ਕੰਮ ਛੱਡ ਦਿਤਾ ਤੇ ਆਪਣੀ ਪਤਨੀ ਨੂੰ ਆਪਣੇ ਗੋਡਿਆਂ ਉਤੇ ਬਿਠਾ ਲਿਆ, ਮੁੜ ਮੁੜਕੇ ਚੁੰਮਣ ਲੱਗਾ, ਲੰਮੇਂ ਲੰਮੇਂ ਸਾਹ ਲੈਂਦਿਆਂ ਤੇ ਉਸਦੇ ਕੰਨਾਂ ਵਿਚ ਹੌਲੀ ਹੌਲੀ ਫੁਸਫੁਸਾਉਂਦਿਆ, ਜਿਵੇਂ ਕਿ ਉਸਨੂੰ ਡਰ ਹੋਵੇ ਕਿ ਕੋਈ ਸੁਣ ਨਾ ਲਵੇ।

"ਏ-ਏਖ਼ ਮਾਤਰਿਓਨਾ, ਅਸੀਂ ਕਿੰਨੀਂ ਭੈੜੀ ਜ਼ਿੰਦਗੀ ਜਿਊਂਦੇ ਹਾਂ, ਤੂੰ ਤੇ ਮੈਂ। ਅਸੀਂ ਜੰਗਲੀ ਜਾਨਵਰਾਂ ਵਾਂਗ ਇਕ ਦੂਜੇ ਉਤੇ ਟੁੱਟ ਟੁੱਟ ਕੇ ਪੈਂਦੇ ਹਾਂ। ਤੇ ਕਿਉਂ? ਕਿਉਂਕਿ ਇਹ ਮੇਰੀ ਤਕਦੀਰ ਏ—ਹਰ ਆਦਮੀ ਕਿਸੇ ਗ੍ਰਹਿ ਦੇ ਅਸਰ ਹੇਠ ਪੈਦਾ ਹੁੰਦੈ, ਤੇ ਉਹ ਗ੍ਰਹਿ ਉਸਦੀ ਤਕਦੀਰ ਹੁੰਦੈ।"

ਪਰ ਇਸ ਵਿਆਖਿਆ ਨੇ ਉਸਨੂੰ ਆਪਣੇ ਆਪ ਨੂੰ ਸੰਤੁਸ਼ਟ ਨਾ ਕੀਤਾ ਤੇ ਉਸਨੇ ਆਪਣੀ ਪਤਨੀ ਨੂੰ ਹੋਰ ਨਾਲ ਲਾ ਲਿਆ ਤੇ ਸੋਚੀਂ ਡੁੱਬ ਗਿਆ।

ਕਿੰਨਾਂ ਚਿਰ ਉਹ ਇੰਝ, ਆਪਣੇ ਹਨੇਰੇ ਭੋਰੇ ਦੀ ਗੰਦੀ ਹਵਾ ਵਿਚ ਬੈਠੇ ਰਹਿੰਦੇ। ਉਹ ਹਉਕੇ ਭਰਦੀ ਤੇ ਕਹਿੰਦੀ ਕੁਝ ਨਾ, ਪਰ ਕਦੀ ਕਦੀ ਇਹੋ ਜਿਹੀਆਂ ਸੁਖਦਾਈ

ਘੜੀਆਂ ਵਿਚ ਉਸਨੂੰ ਆਪਣੇ ਪਤੀ ਹਥੋਂ ਹੋਈਆਂ ਅਨਿਆਈਂ ਬੇਇਜ਼ਤੀਆਂ ਤੇ ਲਗੀਆਂ ਠੇਸਾਂ ਯਾਦ ਆ ਜਾਂਦੀਆਂ, ਤੇ ਫਿਰ ਉਹ ਹੌਲੀ ਹੌਲੀ ਰੋਣਾ ਤੇ ਸ਼ਿਕਵੇ ਕਰਨੇ ਸ਼ੁਰੂ ਕਰ ਦੇਂਦੀ।

ਉਸਦੀਆਂ ਕੋਮਲ ਝਾੜਾਂ ਤੋਂ ਪ੍ਰਭਾਵਤ ਹੁੰਦਾ, ਉਹ ਉਸਨੂੰ ਹੋਰ ਵੀ ਜੋਸ਼ ਨਾਲ ਚੁੰਮਦਾ ਤੇ ਉਹ ਹੋਰ ਵੀ ਜ਼ਿਆਦਾ ਅੱਥਰੂ ਕੇਰਨ ਲੱਗ ਪੈਂਦੀ। ਆਖ਼ਰ ਗਰਿਗੋਰੀ ਨੂੰ ਇਸ ਉਤੇ ਗ਼ੁੱਸਾ ਆਉਣ ਲਗ ਪੈਂਦਾ।

"ਹੁਣ ਬੱਸ ਵੀ ਕਰ! ਮੇਰੇ ਦਿਲ ਨੂੰ ਹੋ ਸਕਦੈ ਤੇਰੇ ਨਾਲੋਂ ਹਜ਼ਾਰ ਗੁਣਾ ਜ਼ਿਆਦਾ ਠੇਸ ਪੁਜਦੀ ਹੋਵੇ ਜਦੋਂ ਮੈਂ ਤੈਨੂੰ ਕੁੱਟਦਾਂ। ਸਮਝਦੀ ਏਂ? ਸੋ, ਬੰਦ ਕਰ ਮੂੰਹ। ਔਰਤ ਨੂੰ ਤਾਂ ਬਾਂਹ ਫੜਾਓ ਤਾਂ ਉਹ ਨਿਗਲਣ ਦੀ ਕਰਦੀ ਏ। ਬੰਦ ਕਰ ਇਹ ਬਕਵਾਸ। ਐਸੇ ਆਦਮੀ ਨੂੰ ਵੀ ਕੀ ਕਹਿਣਾ ਜਿਹੜਾ ਉਂਜ ਹੀ ਜ਼ਿੰਦਗੀ ਤੋਂ ਸਤਿਆ ਹੋਵੇ?"

ਕਿਸੇ ਦੂਜੇ ਸਮੇਂ ਉਹ ਉਸਦੇ ਚੁੱਪ ਹੰਝੂਆਂ ਦੀ ਝੜੀ ਤੇ ਭਾਵੁਕਤਾ ਭਰੀਆਂ ਝਿੜਕਾਂ ਹੇਠ ਨਰਮ ਪੈ ਜਾਂਦਾ ਤੇ ਫਿਰ ਸੋਗੀ ਤਰ੍ਹਾਂ, ਬੜੀ ਕੋਸ਼ਿਸ਼ ਕਰਕੇ, ਸਮਝਾਉਣ ਦੀ ਕੋਸ਼ਿਸ਼ ਕਰਦਾ।

"ਮੇਰੇ ਵਰਗੇ ਬੰਦੇ ਦਾ ਕੀ ਕੀਤਾ ਜਾਏ? ਮੈਂ ਹਮੇਸ਼ਾ ਤੈਨੂੰ ਦੁਖ ਦੇਂਦਾ ਹਾਂ, ਮੈਨੂੰ ਪਤਾ ਏ। ਪਰ ਮੈਨੂੰ ਇਹ ਵੀ ਪਤਾ ਏ ਕਿ ਤੂੰ ਹੀ ਮੇਰੀ ਇਕੋ ਇਕ ਏਂ। ਠੀਕ ਏ, ਕਦੀ ਕਦੀ ਮੈਂ ਇਸਨੂੰ ਭੁੱਲ ਜਾਂਦਾ ਹਾਂ। ਕਦੀ ਕਦੀ ਤੇਰੇ ਵੱਲ ਅੱਖ ਚੁੱਕ ਕੇ ਦੇਖਣਾ ਵੀ ਮੇਰੇ ਲਈ ਮੁਹਾਲ ਲਗਦੈ, ਮਾਤਰਿਓਨਾ—ਜ਼ਰਾ ਸੋਚ! ਜਿਵੇਂ ਮੈਂ ਤੈਨੂੰ ਬਹੁਤ ਸਾਰਾ ਖਾ ਲਿਆ ਹੋਵੇ। ਤੇ ਫਿਰ ਮੇਰੇ ਦਿਲ ਉਤੇ ਇਸਤਰ੍ਹਾਂ ਦਾ ਜਨੂਨ ਸਵਾਰ ਹੋ ਜਾਂਦੈ ਕਿ ਮੇਰਾ ਜੀਅ ਕਰਦੈ ਕਿ ਤੇਰੀ ਬੋਟੀ ਬੋਟੀ ਕਰ ਦਿਆਂ, ਤੇ ਨਾਲ ਆਪਣੀ ਵੀ। ਤੇ ਤੂੰ ਜਿੰਨੀਂ ਜ਼ਿਆਦਾ ਠੀਕ ਹੁੰਦੀ ਏਂ, ਓਨਾ ਹੀ ਜ਼ੋਰ ਦੀ ਤੈਨੂੰ ਮਾਰਨ 'ਤੇ ਮੇਰਾ ਜੀਅ ਕਰਦੈ।"

ਹੋ ਸਕਦਾ ਹੈ ਉਹ ਉਸਨੂੰ ਸਮਝੀ ਨਾ ਹੋਵੇ, ਪਰ ਉਸਦੇ ਧੀਮੇ ਤੇ ਪਛਤਾਵੇ-ਭਰੇ ਅੰਦਾਜ਼ ਤੋਂ ਉਸਨੂੰ ਚੈਨ ਮਿਲਦਾ।

"ਪ੍ਰਮਾਤਮਾ ਦੀ ਦਿਆ ਨਾਲ, ਸਭ ਠੀਕ ਹੋ ਜਾਏਗਾ—ਅਸੀਂ ਇਕ ਦੂਜੇ ਦੇ ਆਦੀ ਹੋ ਜਾਵਾਂਗੇ," ਉਹ ਕਹਿੰਦੀ, ਬਿਨਾਂ ਇਹ ਮਹਿਸੂਸ ਕੀਤਿਆਂ ਕਿ ਉਹ ਕਦੀ ਦੇ ਇਕ ਦੂਜੇ ਦੇ ਅਦੀ ਹੋ ਚੁਕੇ ਸਨ ਤੇ ਇਕ ਦੂਜੇ ਨੂੰ ਚੂਸ ਚੁਕੇ ਸਨ।

"ਸਿਰਫ਼ ਜੇ ਕਿਤੇ ਸਾਡੇ ਕੋਈ ਬੱਚਾ ਹੋ ਜਾਂਦਾ, ਤਾਂ ਗੱਲ ਵਖਰੀ ਹੁੰਦੀ," ਉਹ ਹਉਕਾ ਭਰਦੀ। "ਸਾਡਾ ਦਿਲ ਲਾਉਣ ਵਾਲੀ ਕੋਈ ਚੀਜ਼ ਹੁੰਦੀ, ਧਿਆਨ ਰੱਖਣ ਲਈ ਕੋਈ ਚੀਜ਼ ਹੁੰਦੀ।"

"ਤੇ ਫੇਰ, ਕਿਉਂ ਨਹੀਂ ਜੰਮਦੀ?"

"ਮੈਂ ਕਿਵੇਂ ਜੰਮ ਲਵਾਂ—ਜਿਸਤਰ੍ਹਾਂ ਤੂੰ ਮੈਨੂੰ ਕੁੱਟਦਾ ਰਹਿੰਦਾ ਏਂ। ਤੂੰ ਹਮੇਸ਼ਾ ਮੈਨੂੰ ਢਿਡ ਵਿਚ ਮਾਰਦੈਂ, ਤੇ ਵੱਖੀਆਂ ਵਿਚ। ਸਿਰਫ਼ ਜੇ ਕਿਤੇ ਤੂੰ ਆਪਣੇ ਪੈਰ ਵਰਤਣੇ ਬੰਦ ਕਰ ਦੇਵੇਂ..."

"ਹੂੰ..." ਗਰਿਗੋਰੀ ਘਬਰਾਹਟ ਵਿਚ ਬੁੜਬੁੜਾਉਂਦਾ। "ਜਿਸਤਰ੍ਹਾਂ ਬੰਦਾ ਸੋਚ ਸਕਦੈ ਕਿ ਇਹੋ ਜਿਹੇ ਮੌਕਿਆਂ ਉਤੇ ਕਿਥੇ ਤੇ ਕਿਵੇਂ ਮਾਰਨਾ ਏ! ਮੈਂ ਦੁਸ਼ਟ ਨਹੀਂ। ਮੈਂ ਖ਼ੁਸ਼ੀ ਲਈ ਇੰਝ ਨਹੀਂ ਕਰਦਾ। ਮੇਰੀ ਦਿਲਗੀਰੀ ਮੇਰੇ ਕੋਲੋਂ ਇੰਝ ਕਰਾਉਂਦੀ ਏ।"

"ਦਿਲਗੀਰੀ ਤੇਰੀ—ਤੇ ਇਹ ਆਉਂਦੀ ਕਿਥੋਂ ਏ?" ਮਾਤਰਿਓਨਾ ਨੇ ਅਫਸੋਸੀ ਹੋਈ ਨੇ ਪੁਛਿਆ।

"ਇਹ ਮੇਰੀ ਤਕਦੀਰ ਏ, ਮਾਤਰਿਓਨਾ," ਗਰਿਗੋਰੀ ਨੇ ਫ਼ਿਲਾਸਫ਼ਰ ਬਣਦਿਆਂ ਜਵਾਬ ਦਿਤਾ। "ਮੇਰੀ ਤਕਦੀਰ ਤੇ ਮੇਰਾ ਸੁਭਾ। ਮੇਰੇ ਵੱਲ ਦੇਖ—ਮੈਂ ਕਿਸੇ ਹੋਰ ਬੰਦੇ ਨਾਲੋਂ ਮਾੜਾ ਹਾਂ? ਉਸ ਯੂਕਰੇਨੀ ਨਾਲੋਂ, ਮਿਸਾਲ ਵਜੋਂ? ਤਾਂ ਵੀ, ਉਹ ਕਦੀ ਦਿਲਗੀਰ ਨਹੀਂ ਹੁੰਦਾ। ਤੇ ਉਹ 'ਕੱਲਾ-ਕਾਰਾ ਏ—ਨਾ ਰੰਨ, ਨਾ ਕੰਨ। ਜੇ ਤੂੰ ਮੇਰੇ ਕੋਲ ਨਾ ਹੋਵੇਂ, ਤਾਂ ਮੈਂ ਜਿਊਂਦਾ ਹੀ ਨਾ ਰਹਾਂ। ਪਰ ਉਸਨੂੰ ਕੋਈ ਫ਼ਰਕ ਨਹੀਂ ਪੈਂਦਾ। ਉਹ ਉਥੇ ਬੈਠਾ ਪਾਈਪ ਪੀਂਦਾ ਰਹਿੰਦੈ ਤੇ ਮੁਸਕ੍ਰਾਉਂਦਾ ਰਹਿੰਦੈ, ਇਸੇ ਗੱਲ 'ਤੇ ਸੰਤੁਸ਼ਟ ਕਿ ਉਸ ਕੋਲ ਪੀਣ ਲਈ ਪਾਈਪ ਤਾਂ ਹੈ, ਸ਼ੈਤਾਨ ਬੁਢਾ। ਪਰ ਮੈਂ ਉਸ ਤਰ੍ਹਾਂ ਦਾ ਨਹੀਂ। ਮੈਂ ਜੰਮਿਆਂ ਹੀ ਦਿਲ ਵਿਚ ਇਹ ਬੇਚੈਨੀ ਲੈ ਕੇ ਸਾਂ। ਇਹ ਮੇਰਾ ਸੁਭਾ ਏ। ਮੈਂ ਲੋਹੇ ਦੇ ਸਪਰਿੰਗ ਵਾਂਗ ਹਾਂ—ਜ਼ਰਾ ਛੂਹੋ, ਤੇ ਇਹ ਹਿੱਲਣ ਲਗ ਜਾਂਦੈ। ਮਿਸਾਲ ਦੇ ਤੌਰ ਤੇ, ਇਹੋ ਲੈ: ਮੈਂ ਬਾਹਰ ਫਿਰਨ-ਤੁਰਨ ਜਾਂਦਾ ਹਾਂ ਤੇ ਇਕ ਚੀਜ਼, ਦੂਜੀ ਚੀਜ਼, ਤੀਜੀ ਚੀਜ਼ ਦੇਖਦਾ ਹਾਂ, ਤੇ ਇਥੇ ਮੇਰੇ ਕੋਲ ਨਾਂ ਲੈਣ ਨੂੰ ਵੀ ਕੋਈ ਚੀਜ਼ ਨਹੀਂ। ਤੇ ਇਸ ਗੱਲ ਦਾ ਮੈਨੂੰ ਰੰਜ ਏ। ਪਰ ਯੂਕਰੇਨੀ ਨੂੰ ਕੋਈ ਫ਼ਰਕ ਨਹੀਂ ਪੈਂਦਾ, ਉਹ ਕਿਸੇ ਚੀਜ਼ ਤੋਂ ਵੀ ਬਿਨਾਂ ਗੁਜ਼ਾਰਾ ਕਰ ਸਕਦੈ। ਉਹ ਵੀ ਮੈਨੂੰ ਪਾਗਲ ਬਣਾ ਦੇਂਦੈ, ਲਾਅਨਤ ਪਵੇ ਉਹਦੀਆਂ ਮੁੱਛਾਂ ਤੇ, ਕਿਉਂਕਿ ਉਹ ਕਿਸੇ ਵੀ ਚੀਜ਼ ਤੋਂ ਬਿਨਾਂ ਗੁਜ਼ਾਰਾ ਕਰ ਸਕਦੈ, ਪਰ ਜਿਥੋਂ ਤੱਕ ਮੇਰਾ ਸਵਾਲ ਏ, ਇਕ ਵੀ ਚੀਜ਼ ਨਹੀਂ ਜਿਹੜੀ ਮੈਂ ਨਾ ਲੈਣਾ ਚਾਹੁੰਦਾ ਹੋਵਾਂ। ਪਰ ਮੈਂ ਇਸ ਘੁਰਨੇ ਵਿਚ ਬੈਠਾ ਤੁਰਿਆ ਜਾਂਦਾ ਹਾਂ ਤੇ ਮੇਖ਼ਾਂ ਲਾਈ ਜਾਂਦਾ ਹਾਂ ਬਿਨਾਂ ਇਕ ਵੀ ਚੀਜ਼ ਦੇ, ਜਿਹਨੂੰ ਮੈਂ ਆਪਣੀ ਕਹਿ ਸਕਾਂ। ਜਾਂ ਆਪਣਾ ਹੀ ਲੈ ਲੈ—ਤੂੰ ਮੇਰੀ ਬੀਵੀ ਏਂ, ਪਰ ਤੇਰੇ ਵਿਚ ਕਿਹੜੀ ਦਿਲਚਸਪੀ ਵਾਲੀ ਗੱਲ ਏ। ਤੂੰ ਹੋਰਨਾਂ ਔਰਤਾਂ ਵਰਗੀ ਔਰਤ ਏਂ, ਔਰਤਾਂ ਵਾਲੀਆਂ ਸਾਰੀਆਂ ਗੱਲਾਂ ਨੇ ਤੇਰੇ ਵਿਚ। ਤੇਰੇ ਬਾਰੇ ਮੈਂ ਸਭ ਕੁਝ ਜਾਣਦਾ ਹਾਂ—ਇਥੋਂ ਤੱਕ ਵੀ ਜਾਣਦਾ ਹਾਂ ਕਿ ਕੱਲ ਤੂੰ ਨਿੱਛ ਕਿਵੇਂ ਮਾਰੇਂਗੀ, ਕਿਉਂਕਿ ਮੈਂ ਤੈਨੂੰ ਸੈਂਕੜੇ ਵਾਰੀ ਨਿੱਛਾਂ ਮਾਰਦਿਆਂ ਸੁਣਿਆ ਏ। ਸੋ

ਇਸ ਵਿਚ ਉਤੇਜਿਤ ਹੋਣ ਵਾਲੀ ਕਿਹੜੀ ਗੱਲ ਏ? ਕੋਈ ਵੀ ਗੱਲ ਨਹੀਂ। ਤੇ ਇਸ ਲਈ ਮੈਂ ਸ਼ਰਾਬਖ਼ਾਨੇ ਚਲਾ ਜਾਂਦਾ ਹਾਂ, ਕਿਉਂਕਿ ਉਥੇ ਘਟੋ-ਘੱਟ ਖ਼ੁਸ਼ੀ ਤਾਂ ਹੁੰਦੀ ਏ।"

"ਫਿਰ ਤੂੰ ਵਿਆਹ ਕਿਉਂ ਕਰਾਇਆ?" ਮਾਤਰਿਓਨਾ ਨੇ ਪੁਛਿਆ।

"ਕਿਉਂ?" ਗਰਿਗੋਰੀ ਜ਼ਰਾ ਕੁ ਹੱਸਿਆ। "ਕਾਲੇ ਚੋਰਾਂ ਨੂੰ ਪਤਾ ਹੋਊ, ਕਿਉਂ। ਉਂਜ ਸੱਚੀ ਗੱਲ ਇਹ ਹੈ ਕਿ ਮੈਨੂੰ ਕਦੀ ਵਿਆਹ ਨਹੀਂ ਸੀ ਕਰਾਉਣਾ ਚਾਹੀਦਾ। ਮੈਨੂੰ ਆਵਾਰਾ ਆਦਮੀ ਹੋਣਾ ਚਾਹੀਦਾ ਸੀ। ਹੋ ਸਕਦੈ ਮੈਨੂੰ ਖਾਣ ਲਈ ਕੁਝ ਨਾ ਮਿਲਦਾ, ਪਰ ਘੱਟੋਘੱਟ ਮੈਂ ਆਜ਼ਾਦ ਤਾਂ ਹੁੰਦਾ, ਜਿਧਰ ਜੀ ਆਉਂਦਾ ਤੁਰ ਪੈਂਦਾ। ਮੈਂ ਦੁਨੀਆਂ ਦੇ ਚਾਰੇ ਕੋਨੇ ਗਾਹ ਮਾਰਦਾ।"

"ਤੂੰ ਹੁਣ ਚਲਾ ਜਾ, ਤੇ ਮੈਨੂੰ ਵੀ ਛੁੱਟੀ ਦੇ," ਰੋਣਹਾਕੀ ਹੋਈ ਹੋਈ ਮਾਤਰਿਓਨਾ ਬੋਲੀ।

"ਤੈਨੂੰ? ਤੂੰ ਕਿਥੇ ਜਾਣਾ ਚਾਹੁੰਦੀ ਏਂ?" ਗਰਿਗੋਰੀ ਨੇ ਗੰਭੀਰ ਹੁੰਦਿਆਂ ਪੁਛਿਆ।

"ਇਹ ਮੈਂ ਜਾਣਾਂ ਤੇ ਮੇਰਾ ਕੰਮ।"

"ਦੱਸ ਮੈਨੂੰ ਕਿਥੇ!" ਤੇ ਉਸਦੀਆਂ ਅੱਖਾਂ ਵਿਚ ਡਰਾਉਣੀ ਚਮਕ ਆ ਗਈ।

"ਚੀਕ ਨਾ। ਮੈਂ ਨਹੀਂ ਡਰਦੀ ਤੈਥੋਂ।"

"ਕੀ ਕਿਸੇ ਹੋਰ 'ਤੇ ਨਜ਼ਰਾਂ ਟਿਕਾਈਆਂ ਹੋਈਆਂ ਈ? ਬੋਲ!"

"ਮੈਨੂੰ ਜਾਣ ਦੇ!"

"ਕਿਥੇ ਜਾਣ ਦਿਆਂ?" ਗਰਿਗੋਰੀ ਗਰਜਿਆ।

ਉਸਨੇ ਉਸਦਾ ਰੁਮਾਲ ਲਾਹ ਮਾਰਿਆ ਤੇ ਵਾਲ ਪੁੱਟਣ ਲੱਗ ਪਿਆ। ਉਸਦੇ ਇਸ ਤਰ੍ਹਾਂ ਹੱਥ ਚੁੱਕਣ ਨੇ ਮਾਤਰਿਓਨਾ ਨੂੰ ਗ਼ੁੱਸੇ ਵਿਚ ਲੈ ਆਂਦਾ ਤੇ ਗ਼ੁੱਸਾ ਆਉਣ ਨਾਲ ਉਸਨੂੰ ਬੇਹੱਦ ਤਸੱਲੀ ਹੋਈ ਤੇ ਉਹ ਆਪਣੀ ਰੂਹ ਦੀਆਂ ਡੂੰਘਾਣਾਂ ਤੱਕ ਝੂਣੀ ਗਈ, ਤੇ ਕੋਈ ਅਜਿਹੀ ਗੱਲ ਕਰਨ ਦੀ ਥਾਂ ਜਿਸ ਨਾਲ ਉਸਦੇ ਸ਼ੰਕੇ ਦੂਰ ਹੁੰਦੇ, ਉਸਨੇ ਸਗੋਂ ਅੱਗ ਨੂੰ ਹਵਾ ਦਿਤੀ, ਉਸਦੀਆਂ ਅੱਖਾਂ ਵਿਚ ਅੱਖਾਂ ਪਾਕੇ ਦੇਖਣ ਲਗੀ ਤੇ ਭਾਵਪੂਰਤ ਢੰਗ ਨਾਲ ਮੁਸਕ੍ਰਾਉਣ ਲਗੀ। ਗਰਿਗੋਰੀ ਦਾ ਸਵੈਕਾਬੂ ਜਾਂਦਾ ਰਿਹਾ ਤੇ ਉਹ ਉਸਨੂੰ ਮਾਰਨ ਲਗ ਪਿਆ—ਬੇਤਰਸੀ ਨਾਲ ਮਾਰਨ ਲਗ ਪਿਆ।

ਤੇ ਰਾਤ ਨੂੰ ਜਦੋਂ ਉਹ ਟੁੱਟੀ-ਭੱਜੀ ਤੇ ਭੈੜੇ ਹਾਲ ਉਸ ਨਾਲ ਪਈ ਹੂੰਗਰਦੀ ਪਈ ਸੀ ਤਾਂ ਉਸਨੇ ਅੱਖ ਦੇ ਕੋਨੇ ਵਿਚੋਂ ਉਸ ਵੱਲ ਦੇਖਿਆ ਤੇ ਡੂੰਘਾ ਹਉਕਾ ਭਰਿਆ। ਉਹ ਭੈੜਾ ਮਹਿਸੂਸ ਕਰ ਰਿਹਾ ਸੀ। ਉਸਦੀ ਜ਼ਮੀਰ ਉਸਨੂੰ ਤੰਗ ਕਰ ਰਹੀ ਸੀ, ਕਿਉਂਕਿ ਉਸਨੂੰ ਪਤਾ ਸੀ ਕਿ ਸਾੜੇ ਦਾ ਕੋਈ ਕਾਰਨ ਨਹੀਂ ਸੀ ਤੇ ਉਸਨੇ ਬਿਲਕੁਲ ਐਵੇਂ ਹੀ ਉਸਨੂੰ ਕੁੱਟ ਛਡਿਆ ਸੀ।

"ਚੱਲ ਛੱਡ, ਬਹੁਤ ਹੋ ਗਈ ਏ, ਮਾਤਰਿਓਨਾ," ਉਹ ਬੇਚੈਨੀ ਨਾਲ ਬੋਲਿਆ। "ਕੀ ਕਸੂਰ ਮੇਰਾ ਏ? ਪਰ ਤੂੰ ਵੀ ਬੜੀ ਚੰਗੀ ਏਂ। ਤੂੰ ਮੈਨੂੰ ਕੁਝ ਦੱਸਣ ਦੀ ਥਾਂ ਕਿਉਂ ਭੜਕਾਉਣ ਲਗ ਪਈ? ਤੈਨੂੰ ਕੀ ਲੋੜ ਪਈ ਸੀ ਮੈਨੂੰ ਭੜਕਾਉਣ ਦੀ?"

ਉਸਨੇ ਜਵਾਬ ਨਾ ਦਿਤਾ। ਪਰ ਉਸਨੂੰ ਪਤਾ ਸੀ ਕਿ ਕੀ ਲੋੜ ਪਈ ਸੀ। ਉਸਨੂੰ ਪਤਾ ਸੀ ਕਿ ਹੁਣ, ਮਾਰ ਖਾ ਕੇ ਤੇ ਬੇਇਜ਼ਤੀ ਕਰਾ ਕੇ, ਉਸਨੂੰ ਗਰਿਗੋਰੀ ਦਾ ਲਾਡ-ਪਿਆਰ ਮਿਲੇਗਾ—ਸੁਲਹ-ਸਫ਼ਾਈ ਦਾ ਕੋਮਲ ਤੇ ਤੀਬਰ ਲਾਡ-ਪਿਆਰ ਤੇ ਇਸ ਵਾਸਤੇ ਉਹ ਹਰ ਦਿਨ ਕੁੱਟ ਖਾਣ ਤੇ ਪਾਸੇ ਭੰਨਾਉਣ ਲਈ ਤਿਆਰ ਸੀ। ਤੇ ਉਹ ਆਪਣੇ ਪਤੀ ਦੇ ਛੂਹਣ ਤੋਂ ਵੀ ਪਹਿਲਾਂ, ਖ਼ੁਸ਼ੀ ਦੀ ਬਿਲਕੁਲ ਆਸ ਵਿਚ ਹੀ ਰੋਣ ਲਗ ਪਈ।

"ਚੱਲ, ਛੱਡ, ਘੁੱਗੀ ਜਿਹੀ, ਬਹੁਤ ਹੋ ਗਈ, ਮੁਆਫ਼ ਕਰ ਦੇ।" ਤੇ ਉਹ ਉਸਦੇ ਵਾਲਾਂ ਨੂੰ ਥਪਕਣ ਲੱਗਾ, ਉਸਨੂੰ ਚੁੰਮਣ ਲੱਗਾ ਤੇ ਉਸ ਕੌੜ ਦੇ ਕਾਰਨ ਕਚੀਚੀਆਂ ਵੱਟਣ ਲੱਗਾ ਜਿਸਨੇ ਉਸਦੀ ਸਾਰੀ ਹੋਂਦ ਨੂੰ ਭਰ ਦਿਤਾ ਹੋਇਆ ਸੀ।

ਉਹਨਾਂ ਦੀਆਂ ਬਾਰੀਆਂ ਖੁਲ੍ਹੀਆਂ ਸਨ, ਪਰ ਨਾਲ ਦੇ ਮਕਾਨ ਦੀ ਇਟਾਂ ਦੀ ਇਕ ਕੰਧ ਆਕਾਸ਼ ਦੇ ਦ੍ਰਿਸ਼ ਨੂੰ ਦੇਖਣ ਵਿਚ ਰੁਕਾਵਟ ਪਾ ਰਹੀ ਸੀ; ਹਮੇਸ਼ਾ ਵਾਂਗ ਉਹਨਾਂ ਦਾ ਕਮਰਾ ਹਨੇਰਾ, ਸਾਹ-ਘੁਟਵਾਂ ਤੇ ਬੋਝਲ ਸੀ।

"ਏਖ਼, ਕਿਆ ਜ਼ਿੰਦਗੀ ਏ! ਗਧੇ ਦੀ ਜ਼ਿੰਦਗੀ!" ਉਸ ਸਾਰੀ ਪੀੜ ਨੂੰ, ਜਿਹੜੀ ਉਹ ਮਹਿਸੂਸ ਕਰ ਰਿਹਾ ਸੀ, ਪ੍ਰਗਟ ਕਰਨ ਤੋਂ ਅਸਮਰੱਥ, ਗਰਿਗੋਰੀ ਹੌਲੀ ਜਿਹੀ ਬੋਲਿਆ। "ਉਹ ਸਾਰਾ ਕੁਝ ਇਸ ਟੋਏ ਕਰਕੇ ਹੈ, ਮਾਤਰਿਓਨਾ, ਜਿਸ ਵਿਚ ਅਸੀਂ ਰਹਿੰਦੇ ਹਾਂ। ਜਿਸਤਰ੍ਹਾਂ ਅਸੀਂ ਸਮੇਂ ਤੋਂ ਪਹਿਲਾਂ ਹੀ ਧਰਤੀ ਹੇਠ ਦੱਬੇ ਪਏ ਹੋਈਏ।"

"ਚੱਲ ਕੋਈ ਹੋਰ ਥਾਂ ਲੈ ਲਈਏ," ਉਸਨੇ ਸ਼ਬਦੀ ਅਰਥਾਂ ਨੂੰ ਲੈਂਦੀ ਹੋਈ ਮਾਤਰਿਓਨਾ ਮਿਠੇ ਹੰਝੂਆਂ ਵਿਚੋਂ ਬੋਲੀ।

"ਇਹ ਗੱਲ ਨਹੀਂ। ਜੇ ਅਸੀਂ ਕਿਸੇ ਮਿਆਨੀ ਵਿਚ ਵੀ ਚਲੇ ਜਾਈਏ, ਤਾਂ ਵੀ ਅਸੀਂ ਟੋਏ ਵਿਚ ਹੀ ਰਹਿ ਰਹੇ ਹੋਵਾਂਗੇ ਕਿਉਂਕਿ ਇਹ ਭੋਰਾ ਨਹੀਂ ਟੋਇਆ, ਜ਼ਿੰਦਗੀ ਟੋਇਆ ਹੈ।"

ਮਾਤਰਿਓਨਾ ਨੇ ਘੜੀ ਪਲ ਸੋਚਿਆ।

"ਪ੍ਰਮਾਤਮਾ ਦੀ ਕਿਰਪਾ ਨਾਲ, ਸਭ ਠੀਕ ਹੋ ਜਾਏਗਾ," ਉਸਨੇ ਦੁਹਰਾਇਆ।

"ਸਭ ਕੁਝ ਠੀਕ ਹੋ ਜਾਏਗਾ—ਤੂੰ ਸਦਾ ਇਹੋ ਕਹਿੰਦੀ ਰਹਿੰਦੀ ਏਂ। ਪਰ ਸਭ ਕੁਝ ਠੀਕ ਹੋਣ ਦੀ ਥਾਂ ਹੋਰ ਖ਼ਰਾਬ ਹੁੰਦਾ ਜਾ ਰਿਹੈ। ਅਸੀਂ ਦਿਨੋ ਦਿਨ ਵਧੇਰੇ ਵਾਰੀ ਲੜਣ ਲਗ ਪਏ ਹਾਂ।"

ਤੇ ਇਹ ਠੀਕ ਸੀ। ਉਹਨਾਂ ਦੀਆਂ ਲੜਾਈਆਂ ਵਿਚਲੇ ਵਕਫ਼ੇ ਛੋਟੇ ਹੁੰਦੇ ਜਾਂਦੇ

ਸਨ, ਤੇ ਹੁਣ ਗਰਿਗੋਰੀ ਹਰ ਸਨੀਚਰਵਾਰ ਸਵੇਰੇ ਆਪਣੇ ਅੰਦਰ ਆਪਣੀ ਪਤਨੀ ਲਈ ਪੱਕੀ ਦੁਸ਼ਮਣੀ ਦੀ ਭਾਵਨਾ ਲੈ ਕੇ ਉਠਦਾ ਸੀ।

"ਅੱਜ ਸ਼ਾਮੀਂ ਮੈਂ ਬਾਲਡੀ ਦੇ ਸ਼ਰਾਬਖ਼ਾਨੇ ਜਾ ਰਿਹਾਂ—ਰੱਜ ਕੇ ਪੀਆਂਗਾ," ਉਹ ਐਲਾਨ ਕਰਦਾ।

ਮਾਤਰਿਓਨਾ ਆਪਣੀਆਂ ਅੱਖਾਂ ਸੁੰਗੇੜਦੀ ਤੇ ਬੋਲਦੀ ਕੁਝ ਨਾ।

"ਕੁਝ ਨਹੀਂ ਕਹਿਣਾ? ਬਿਲਕੁਲ ਠੀਕ। ਤੂੰ ਮੂੰਹ ਬੰਦ ਰਖੇਂ ਜੇ ਤੈਨੂੰ ਪਤਾ ਹੋਵੇ ਕਿ ਤੇਰੇ ਲਈ ਕੀ ਚੰਗਾ ਹੈ।"

ਦਿਨੇ ਉਹ ਆਪਣੀ ਮਨਸ਼ਾ ਬਾਰੇ ਉਸਨੂੰ ਕਈ ਵਾਰੀ ਯਾਦ ਕਰਾਉਂਦਾ; ਜਿਉਂ ਜਿਉਂ ਸ਼ਾਮ ਹੁੰਦੀ ਜਾਂਦੀ, ਉਸਦੀ ਕੌੜ ਵਧਦੀ ਜਾਂਦੀ; ਉਸਨੂੰ ਮਹਿਸੂਸ ਹੁੰਦਾ ਸੀ ਕਿ ਇਹ ਸੁਣ ਕੇ ਉਹ ਦੁਖੀ ਹੁੰਦੀ ਹੈ, ਤੇ ਉਸਦੀ ਢੀਠ ਚੁੱਪ, ਤੇ ਉਸਦੀਆਂ ਅੱਖਾਂ ਵਿਚਲੀ ਠੰਢੀ ਚਮਕ, ਜਿਹੜੀ ਇਹ ਕਹਿੰਦੀ ਲਗਦੀ ਸੀ ਕਿ ਮੈਂ ਤੇਰਾ ਮੁਕਾਬਲਾ ਕਰਨ ਲਈ ਤਿਆਰ ਹਾਂ, ਉਸਨੂੰ ਗ਼ੁੱਸਾ ਚੜ੍ਹਾ ਦੇਂਦੀ।

ਤੇ ਸ਼ਾਮ ਨੂੰ, ਉਹਨਾਂ ਦੀ ਬਦਕਿਸਮਤੀ ਦਾ ਢੰਡੋਰਚੀ, ਸੇਨਕਾ ਚਿਜ਼ੀਕ, ਲੜਾਈ ਦਾ ਢੰਡੋਰਾ ਫੇਰ ਦੇਂਦਾ।

ਜਦੋਂ ਗਰਿਗੋਰੀ ਆਪਣੀ ਪਤਨੀ ਨੂੰ ਕੁੱਟ ਲੈਂਦਾ ਤਾਂ ਫਿਰ ਅਲੋਪ ਹੋ ਜਾਂਦਾ, ਅਕਸਰ ਸਿਰਫ਼ ਰਾਤ ਲਈ, ਪਰ ਕਦੀ ਕਦੀ ਨਾਲ ਪੂਰੇ ਐਤਵਾਰ ਲਈ ਵੀ। ਉਸਦੀ ਵਾਪਸੀ ਉਤੇ ਨੀਲਾਂ ਨਾਲ ਭਰੀ ਹੋਈ ਮਾਤਰਿਓਨਾ ਭਾਵਹੀਣਤਾ ਨਾਲ ਤੇ ਚੁੱਪ-ਚਾਪ ਉਸਨੂੰ ਅਗੋਂ ਮਿਲਦੀ, ਉਸ ਆਦਮੀ ਲਈ ਲੁਕਵੇਂ ਤਰਸ ਨਾਲ ਭਰੀ ਹੋਈ, ਜਿਹੜਾ ਉਸ ਕੋਲ ਵਾਪਸ ਆਇਆ ਸੀ, ਚੀਥੜਿਆਂ ਵਿਚ ਤੇ ਗੰਦਾ, ਲਾਲ-ਸੂਹੀਆਂ ਅੱਖਾਂ ਨਾਲ, ਤੇ ਸ਼ਾਇਦ ਉਸ ਜਿੰਨਾਂ ਹੀ ਮਾਰ-ਕੁੱਟ ਦਾ ਸ਼ਿਕਾਰ ਹੋਇਆ ਹੋਇਆ।

ਇਹ ਜਾਣਦਿਆਂ ਕਿ ਉਸਨੂੰ ਸ਼ਰਾਬ ਦੇ ਅਸਰ ਤੋਂ ਨਿਕਲਣ ਲਈ ਸ਼ਰਾਬ ਦੀ ਲੋੜ ਹੋਵੇਗੀ, ਉਹ ਇਕ ਅਧੀਆ ਤਿਆਰ ਰਖਦੀ। ਗਰਿਗੋਰੀ ਨੂੰ ਇਸ ਗੱਲ ਦਾ ਪਤਾ ਹੁੰਦਾ।

"ਮੈਨੂੰ ਦੇ ਕੁਝ," ਉਹ ਕਹਿੰਦਾ, ਤੇ ਜਦੋਂ ਉਹ ਦੋ ਤਿੰਨ ਗਲਸੀਆਂ ਭਰ ਕੇ ਅੰਦਰ ਸੁੱਟ ਲੈਂਦਾ, ਤਾਂ ਉਹ ਕੰਮ ਕਰਨ ਲਗ ਜਾਂਦਾ।

ਸਾਰਾ ਦਿਨ ਉਸਨੂੰ ਜ਼ਮੀਰ ਲਾਅਨਤਾਂ ਪਾਉਂਦਾ ਰਹਿੰਦਾ; ਅਕਸਰ ਇਹ ਉਸ ਲਈ ਏਨੀਆਂ ਅਸਹਿ ਹੋ ਜਾਂਦੀਆਂ ਕਿ ਉਹ ਕੰਮ ਨੂੰ ਇਕ ਪਾਸੇ ਸੁੱਟ ਦੇਂਦਾ ਤੇ ਕਮਰੇ ਵਿਚ ਇਧਰ-ਉਧਰ ਨਠਦਾ ਹੋਇਆ ਜਾਂ ਮੰਜੇ ਉਤੇ ਆਪਣੇ ਆਪ ਨੂੰ ਸੁੱਟਦਾ ਹੋਇਆ, ਭੈੜੀਆਂ ਤੋਂ ਭੈੜੀਆਂ ਗਾਲ੍ਹਾਂ ਬਕਣ ਲੱਗ ਪੈਂਦਾ। ਮਾਤਰਿਓਨਾ ਉਸਨੂੰ ਆਪਣੇ ਦਿਲ ਦੀ ਹਵਾੜ ਕਢ ਲੈਣ ਦਾ ਸਮਾਂ ਦੇਂਦੀ, ਤੇ ਫਿਰ ਉਹਨਾਂ ਵਿਚਕਾਰ ਸੁਲਹ-ਸਫ਼ਾਈ ਹੋ ਜਾਂਦੀ।

ਵਿਆਹ ਤੋਂ ਪਿਛੋਂ ਪਹਿਲੇ ਦਿਨਾਂ ਵਿਚ ਸੁਲਹ-ਸਫ਼ਾਈ ਦੀਆਂ ਇਹਨਾਂ ਘੜੀਆਂ ਵਿਚ ਬੜੀ ਸ਼ਿੱਦਤ ਤੇ ਮਿਠਾਸ ਹੁੰਦੀ, ਪਰ ਹੌਲੀ ਹੌਲੀ ਇਹ ਵਧੇਰੇ ਰਸਮੀ ਬਣਦੀਆਂ ਗਈਆਂ, ਤੇ ਆਖ਼ਰ ਉਹ ਸਿਰਫ਼ ਇਸ ਕਰਕੇ ਸੁਲਹ-ਸਫ਼ਾਈ ਕਰਨ ਲਗ ਪਏ ਕਿ ਅਗਲੇ ਸਨੀਚਰਵਾਰ ਤੱਕ ਦੇ ਪੰਜ ਦਿਨਾਂ ਦੇ ਦੌਰਾਨ ਇਕ ਦੂਜੇ ਨਾਲ ਨਾ ਬੋਲਣਾ ਅਸੁਖਾਵੀਂ ਗੱਲ ਸੀ।

"ਤੂੰ ਸ਼ਰਾਬੀ ਬਣ ਜਾਏਂਗਾ," ਮਾਤਰਿਓਨਾ ਨੇ ਹਉਕਾ ਭਰਿਆ।

"ਹਾਂ, ਬਣ ਜਾਵਾਂਗਾ," ਗਰਿਗੋਰੀ ਨੇ ਪੁਸ਼ਟੀ ਕੀਤੀ ਤੇ ਕੋਨੇ ਵਿਚ ਅਜਿਹੇ ਆਦਮੀ ਦੇ ਅੰਦਾਜ਼ ਨਾਲ ਥੁੱਕਿਆ, ਜਿਸਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਸ਼ਰਾਬੀ ਬਣ ਜਾਂਦਾ ਹੈ ਜਾਂ ਨਹੀਂ। "ਤੇ ਤੂੰ ਮੈਥੋਂ ਛੁੱਟ ਜਾਏਂਗੀ", ਭਵਿਖ ਦੀ ਤਸਵੀਰ ਵਿਚ ਉਹ ਏਨਾ ਕੁ ਵਿਸਥਾਰ ਨਾਲ ਰਲਾ ਦੇਂਦਾ, ਤੇ ਇਹ ਕਹਿੰਦਾ ਹੋਇਆ ਉਸ ਵੱਲ ਘੋਖਵੀਂ ਨਜ਼ਰ ਸੁੱਟਦਾ।

ਉਹ ਆਪਣੀਆਂ ਅੱਖਾਂ ਝੁਕਾ ਦੇਂਦੀ, ਜੋ ਕਿ ਉਹ ਪਹਿਲਾਂ ਕਦੀ ਨਾ ਕਰਦੀ, ਤੇ ਇਹ ਦੇਖ ਕੇ ਗਰਿਗੋਰੀ ਭਰਵਟੇ ਚੜ੍ਹਾ ਲੈਂਦਾ ਤੇ ਦੰਦ ਪੀਸਣ ਲਗ ਪੈਂਦਾ। ਆਪਣੇ ਪਤੀ ਨੂੰ ਦੱਸਿਆਂ ਬਿਨਾਂ ਉਹ ਜੋਤਸ਼ੀਆਂ ਕੋਲ ਤੇ ਜਾਦੂ-ਟੂਣੇ ਕਰਨ ਵਾਲੀਆਂ ਕੋਲ ਜਾਂਦੀ, ਟੂਣਾ ਕੀਤੀਆਂ ਬੂਟੀਆਂ ਜਾਂ ਕੋਲੇ ਦੇ ਟੋਟੇ ਆਪਣੇ ਨਾਲ ਘਰ ਲੈ ਆਉਂਦੀ। ਜਦੋਂ ਇਹਨਾਂ ਦਾ ਕੋਈ ਅਸਰ ਨਾ ਹੁੰਦਾ, ਤਾਂ ਉਹ ਮਹਾਂ ਸ਼ਹੀਦ ਸੰਤ ਬੋਨੀਫ਼ੇਸ ਦੇ ਅਰਦਾਸ ਕਰਾਉਂਦੀ ਜਿਹੜਾ ਸ਼ਰਾਬ ਤੋਂ ਬਚਣ ਵਿਚ ਸਹਾਇਤਾ ਕਰਦਾ ਸੀ, ਤੇ ਜਦੋਂ ਅਰਦਾਸ ਪੜ੍ਹੀ ਜਾ ਰਹੀ ਹੁੰਦੀ ਤਾਂ ਸਾਰਾ ਸਮਾਂ ਉਹ ਗੋਡਿਆਂ ਭਾਰ ਹੋਈ ਜ਼ਾਰ ਜ਼ਾਰ ਰੋਦੀ ਰਹਿੰਦੀ ਤੇ ਆਪਣੇ ਫ਼ਰਕਦੇ ਬੁਲ੍ਹਾਂ ਨੂੰ ਬੇਆਵਾਜ਼ ਹਿਲਾਉਂਦੀ ਰਹਿੰਦੀ।

ਹੁਣ ਵਧੇਰੇ ਵਾਰੀ ਉਸ ਉਤੇ ਆਪਣੇ ਪਤੀ ਲਈ ਭਾਵਹੀਣ ਤੇ ਵਹਿਸ਼ੀ ਨਫ਼ਰਤ ਸਵਾਰ ਹੋ ਜਾਂਦੀ, ਜਿਸਤੋਂ ਭੈੜੇ ਭੈੜੇ ਖ਼ਿਆਲ ਮਨ ਵਿਚ ਆਉਂਦੇ, ਤੇ ਹੌਲੀ ਹੌਲੀ ਉਸਦਾ ਦਿਲ ਇਸ ਆਦਮੀ ਦੇ ਖਿਲਾਫ਼ ਸਖ਼ਤ ਹੁੰਦਾ ਗਿਆ, ਜਿਸਦਾ ਖ਼ੁਸ਼ੀ ਭਰਿਆ ਹਾਸਾ ਤੇ ਪਿਆਰ ਭਰੇ ਲਫ਼ਜ਼ ਤਿੰਨ ਸਾਲ ਪਹਿਲਾਂ ਉਸਦੇ ਜੀਵਨ ਨੂੰ ਉਜਲਤਾ ਨਾਲ ਭਰ ਦੇਂਦੇ ਸਨ।

ਇਸ ਤਰ੍ਹਾਂ ਇਹ ਦੋਵੇਂ ਬੰਦੇ, ਜਿਨ੍ਹਾਂ ਵਿਚੋਂ ਕੋਈ ਵੀ ਦਿਲ ਮਾੜਾ ਦਾ ਨਹੀਂ ਸੀ, ਦਿਨ ਪ੍ਰਤਿ ਦਿਨ ਰਹਿੰਦੇ ਰਹੇ, ਇਸ ਗੱਲ ਦੀ ਉਡੀਕ ਵਿਚ ਕਿ ਕੁਝ ਵਾਪਰੇਗਾ ਜਿਹੜਾ ਉਹਨਾਂ ਦੇ ਅਸਹਿ ਜੀਵਨ-ਢੰਗ ਦੇ ਕਸ਼ਟਾਂ ਦਾ ਖ਼ਾਤਮਾ ਕਰ ਦੇਵੇਗਾ।

ਇਕ ਸੋਮਵਾਰ ਸਵੇਰੇ ਜਦੋਂ ਓਰਲੋਵ ਛਾਹਵੇਲਾ ਕਰ ਰਹੇ ਸਨ, ਤਾਂ ਉਹਨਾਂ ਨੂੰ ਮਾਯੂਸ ਘਰ ਦੀਆਂ ਬਰੂਹਾਂ ਵਿਚ ਇਕ ਪੁਲਸੀਏ ਦਾ ਪ੍ਰਭਾਵਸ਼ਾਲੀ ਆਕਾਰ ਦਿਖਾਈ

ਦਿਤਾ। ਓਰਲੋਵ ਭੁੜਕ ਕੇ ਖੜਾ ਹੂੰ ਗਿਆ ਤੇ ਉਸਨੇ ਆਪਣੀ ਧੁੰਦਲੀ-ਪਈ ਯਾਦਦਾਸ਼ਤ ਵਿਚ ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਨੂੰ ਮੁੜ ਸੁਰਜੀਤ ਕਰਨ ਦਾ ਬਹਾਦਰ ਜਤਨ ਕੀਤਾ, ਜਦ ਕਿ ਉਸਨੇ ਅਤਿ ਦੇ ਭੈੜੇ ਖ਼ਦਸ਼ਿਆਂ ਨਾਲ ਭਰੀਆਂ ਆਪਣੀਆਂ ਬੇਰੌਣਕ ਅੱਖਾਂ ਨੂੰ ਆਉਣ ਵਾਲੇ ਉਤੇ ਗਡਿਆ ਹੋਇਆ ਸੀ।

"ਇਧਰ, ਇਧਰ," ਪੁਲਸੀਏ ਨੇ ਕਿਸੇ ਬਾਹਰ ਖੜੇ ਨੂੰ ਕਿਹਾ।

"ਇਥੇ ਤਾਂ ਕਾਲ-ਕੋਠੜੀ ਵਾਂਗ ਹਨੇਰਾ ਏ, ਰੱਬ ਇਸ ਸੌਦਾਗਰ ਪੇਤੂਨੀਕੋਵ ਨੂੰ ਚੁੱਕੇ!" ਇਕ ਜਵਾਨ ਤੇ ਟਹਿਕਦੀ ਆਵਾਜ਼ ਸੁਣਾਈ ਦਿਤੀ, ਤੇ ਅਗਲੇ ਪਲ ਹੀ ਯੂਨੀਵਰਸਿਟੀ ਦੀ ਚਿੱਟੀ ਵਰਦੀ ਪਾਈ ਇਕ ਵਿਦਿਆਰਥੀ ਭੋਰੇ ਵਿਚ ਦਾਖ਼ਲ ਹੋਇਆ। ਉਸਨੇ ਟੋਪੀ ਆਪਣੇ ਹੱਥਾਂ ਵਿਚ ਫੜੀ ਹੋਈ ਸੀ, ਉਸਦੇ ਵਾਲ ਬਰੀਕ ਕੱਟੇ ਹੋਏ ਸਨ, ਉਸਦਾ ਮੱਥਾ ਚੌੜਾ ਤੇ ਧੁੱਪ-ਸੰਵਲਾਇਆ ਸੀ ਤੇ ਅੱਖਾਂ ਭੂਰੀਆਂ, ਜਿਹੜੀਆਂ ਉਸਦੀ ਐਨਕ ਦੇ ਪਿੱਛੇ ਖ਼ੁਸ਼ੀ ਨਾਲ ਚਮਕ ਰਹੀਆਂ ਸਨ।

"ਸ਼ੁਭ-ਪ੍ਰਭਾਤ," ਉਹ ਮੋਟੀ ਆਵਾਜ਼ ਵਿਚ ਬੋਲਿਆ। "ਮੈਂ ਆਪਣੀ ਜਾਣ-ਪਛਾਣ ਕਰਾਉਣ ਦਾ ਮਾਣ ਲੈਂਦਾ ਹਾਂ—ਮੈਂ ਸਫ਼ਾਈ ਦਾ ਦਾਰੋਗ਼ਾ ਹਾਂ। ਮੈਂ ਇਹ ਦੇਖਣ ਆਇਆ ਹਾਂ ਕਿ ਤੁਸੀਂ ਕਿਵੇਂ ਰਹਿੰਦੇ ਹੋ, ਤੇ ਉਹ ਹਵਾ ਸੁੰਘਣ ਆਇਆ ਹਾਂ ਜਿਸ ਵਿਚ ਤੁਸੀਂ ਸਾਹ ਲੈਂਦੇ ਹੋ—ਸਚਮੁਚ ਬੜੀ ਭੈੜੀ ਹਵਾ ਹੈ ਇਹ।"

ਓਰਲੋਵ ਮੁਸਕ੍ਰਾਇਆ ਤੇ ਉਸਨੇ ਸੁਖ ਦਾ ਸਾਹ ਲਿਆ। ਉਸਨੂੰ ਪਹਿਲੀ ਨਜ਼ਰੇ ਹੀ ਵਿਦਿਆਰਥੀ ਚੰਗਾ ਲੱਗਣ ਲੱਗ ਪਿਆ—ਉਸਦਾ ਚਿਹਰਾ ਏਨਾ ਸਿਹਤਮੰਦ, ਗੁਲਾਬੀ ਤੇ ਮਿਹਰਬਾਨ ਸੀ ਤੇ ਠੋਡੀ ਉਤੇ ਸੁਨਹਿਰੀ ਵਾਲ ਸਨ। ਤੇ ਉਹ ਇੰਝ ਅਸਾਧਾਰਨ ਤੇ ਸਪਸ਼ਟ ਤਰ੍ਹਾਂ ਮੁਸਕ੍ਰਾਉਂਦਾ ਸੀ ਕਿ ਓਰਲੋਵ ਦਾ ਭੋਰਾ ਇਸ ਕਾਰਨ ਵਧੇਰੇ ਉਜਲਾ ਤੇ ਵਧੇਰੇ ਖ਼ੁਸ਼ੀਦਾਇਕ ਲੱਗਣ ਲਗਾ।

"ਤੇ ਹੁਣ, ਸੱਜਣੋ," ਉਹ ਬਿਨਾਂ ਰੁਕਿਆਂ ਬੋਲੀ ਗਿਆ," ਖਿਆਲ ਰਖਣਾ ਕਿ ਤੁਸੀਂ ਕੂੜਾ-ਕਰਕਟ ਵਧੇਰੇ ਵਾਰੀ ਬਾਹਰ ਸੁਟਦੇ ਹੋ, ਕਿਉਂਕਿ ਕੂੜੇ-ਕਰਕਟ ਕਾਰਨ ਹੀ ਇਹ ਬੇਸੁਆਦ ਹਵਾ ਆਉਂਦੀ ਹੈ। ਤੇ ਤੈਨੂੰ, ਚਾਚੀ, ਮੈਂ ਸਲਾਹ ਦਿਆਂਗ ਕਿ ਕੂੜੇ ਵਾਲੀ ਬਾਲਟੀ ਨੂੰ ਜ਼ਿਆਦਾ ਵਾਰੀ ਸਾਫ਼ ਕੀਤਾ ਕਰ। ਤੇ, ਚਾਚਾ, ਤੂੰ ਕਿਉਂ ਇਸਤਰ੍ਹਾਂ ਮੂੰਹ ਲਮਕਾਇਆ ਹੋਇਐ?" ਇਹ ਕਹਿੰਦਿਆਂ ਉਸਨੇ ਓਰਲੋਵ ਦਾ ਹੱਥ ਫੜ ਲਿਆ ਤੇ ਨਬਜ਼ ਦੇਖਣ ਲਗ ਪਿਆ।

ਵਿਦਿਆਰਥੀ ਦੇ ਫ਼ੁਰਤੀਲੇਪਣ ਨੇ ਓਰਲੋਵ ਜੋੜੇ ਨੂੰ ਸ਼ਰਮਿੰਦਿਆਂ ਕਰ ਦਿਤਾ। ਮਾਤਰਿਓਨਾ ਘਾਬਰੀ ਹੋਈ ਮੁਸਕ੍ਰਾਈ ਤੇ ਬਿਨਾਂ ਬੋਲਿਆਂ ਉਸ ਵੱਲ ਦੇਖਦੀ ਰਹੀ। ਗਰਿਗੋਰੀ ਦੀ ਮੁਸਕ੍ਰਾਹਟ ਵਿਚ ਬੇਵਿਸ਼ਵਾਸੀ ਭਰੀ ਹੋਈ ਸੀ।

"ਤੇ ਤੁਹਾਡੇ ਪੇਟ ਕਿਵੇਂ ਨੇ?" ਵਿਦਿਆਰਥੀ ਪੁੱਛਣ ਲਗਾ। "ਬਿਨਾਂ ਝਿਜਕ ਦੇ ਦਸ ਦਿਓ, ਸਾਡੇ ਸਾਰਿਆਂ ਦੇ ਪੇਟ ਹੈਗੇ ਨੇ—ਤੇ ਜੇ ਉਹ ਤੁਹਾਨੂੰ ਕੋਈ ਤਕਲੀਫ਼

ਦੇ ਰੇਹ ਨੇ ਤਾਂ ਅਸੀਂ ਤੁਹਾਨੂੰ ਕੁਝ ਕੌੜੀਆਂ ਦਵਾਈਆਂ ਦੇਵਾਂਗੇ ਤੇ ਸਭ ਕੁਝ ਠੀਕ ਹੋ ਜਾਏਗਾ।"

"ਅਸੀਂ ਠੀਕ ਠਾਕ ਹਾਂ। ਕੋਈ ਸ਼ਿਕਾਇਤ ਨਹੀਂ", ਗਰਿਗੋਰੀ ਨੇ ਜ਼ਰਾ ਕੁ ਹਸਦਿਆਂ ਜਵਾਬ ਦਿਤਾ। "ਜੇ ਮੈਂ ਤੁਹਾਨੂੰ ਬਿਲਕੁਲ ਠੀਕ ਠਾਕ ਨਹੀਂ ਲਗਦਾ ਤਾਂ ਇਸਦਾ ਕਾਰਨ ਇਹ ਵੇ—ਖ਼ੈਰ, ਸੱਚੀ ਗੱਲ ਇਹ ਹੈ ਕਿ ਇਹ ਜ਼ਰਾ ਕੁ ਪੀਣ ਦਾ ਅਸਰ ਏ।"

"ਬਿਲਕੁਲ ਠੀਕ, ਮੇਰਾ ਨੱਕ ਮੈਨੂੰ ਦਸ ਰਿਹਾ ਸੀ ਕਿ ਕੱਲ ਸ਼ਾਮੀਂ ਤੁਸੀਂ ਘੁੱਟ ਕੁ ਲਾਈ ਏ—ਐਵੇਂ ਘੁੱਟ ਕੁ, ਬੇਸ਼ਕ..."

ਉਸਨੇ ਇਹ ਗੱਲ ਏਨੇ ਹਸਾਉਣੇ ਅੰਦਾਜ਼ ਵਿਚ ਕੀਤੀ ਤੇ ਐਸਾ ਹਾਸੋਹੀਣਾ ਮੂੰਹ ਬਣਾਇਆ ਕਿ ਗਰਿਗੋਰੀ ਦਾ ਹਾਸਾ ਛੁੱਟ ਪਿਆ। ਮਾਤਰਿਓਨਾ ਵੀ ਆਪਣਾ ਮੂੰਹ ਐਪਰਨ ਨਾਲ ਢਕਦੀ ਹੋਈ ਹੱਸ ਪਈ। ਵਿਦਿਆਰਥੀ ਸਭ ਤੋਂ ਵਧ ਜ਼ੋਰ ਦੀ ਤੇ ਉੱਚੀ ਸਾਰੀ ਹੱਸਿਆ। ਪਰ ਸਭ ਤੋਂ ਪਹਿਲਾਂ ਬੱਸ ਵੀ ਉਸੇ ਨੇ ਕੀਤਾ। ਤੇ ਜਦੋਂ ਉਸਦੇ ਮੋਟੇ ਬੁਲ੍ਹਾਂ ਤੇ ਅੱਖਾਂ ਦੁਆਲੇ ਹਾਸੇ ਨਾਲ ਪਈਆਂ ਝੁਰੜੀਆਂ ਸਿੱਧੀਆਂ ਹੋ ਗਈਆਂ, ਤਾਂ ਉਸਦਾ ਚਿਹਰਾ ਪਹਿਲਾਂ ਨਾਲੋਂ ਵੀ ਜ਼ਿਆਦਾ ਉਜਲਾ ਲੱਗਣ ਲਗਾ।

"ਠੀਕ ਏ ਕਿ ਕੰਮ ਕਰਨ ਵਾਲੇ ਬੰਦੇ ਨੂੰ ਪੀਣੀ ਵੀ ਚਾਹੀਦੀ ਏ—ਪਰ ਜੇ ਉਸਨੂੰ ਪਤਾ ਹੋਵੇ ਕਿ ਬੱਸ ਕਿਥੇ ਕਰਨੈਂ। ਪਰ ਅਜ ਕਲ ਸਮਾਂ ਕੁਝ ਇਸ ਤਰ੍ਹਾਂ ਦਾ ਹੈ ਕਿ ਇਸ ਤੋਂ ਬਿਨਾਂ ਹੀ ਗੁਜ਼ਾਰਾ ਕਰਨਾ ਜ਼ਿਆਦਾ ਠੀਕ ਰਹੇਗਾ। ਤੁਸੀਂ ਸੁਣਿਐ ਅੱਜ ਕੱਲ ਕੀ ਬੀਮਾਰੀ ਚਾਰ-ਚੁਫੇਰੇ ਫੈਲੀ ਹੋਈ ਏ?"

ਤੇ ਉਸਨੇ ਬੜੀ ਗੰਭੀਰਤਾ ਨਾਲ ਤੇ ਸਿਧੀ-ਸਾਦੀ ਬੋਲੀ ਵਿਚ ਉਹਨਾਂ ਨੂੰ ਹੈਜ਼ੇ ਬਾਰੇ, ਤੇ ਇਸਦਾ ਮੁਕਾਬਲਾ ਕਰਨ ਦੇ ਢੰਗ-ਤਰੀਕਿਆਂ ਬਾਰੇ ਦਸਿਆ। ਬੋਲਦਾ ਹੋਇਆ ਉਹ ਕਮਰੇ ਵਿਚ ਫਿਰ ਰਿਹਾ ਸੀ, ਕੰਧਾਂ ਨੂੰ ਟੋਹ ਰਿਹਾ ਸੀ, ਕੋਨੇ ਵਿਚ ਦੇਖ ਰਿਹਾ ਸੀ ਜਿਥੇ ਟੱਪ ਤੇ ਕੂੜੇ-ਕਰਕਟ ਵਾਲੀ ਬਾਲਟੀ ਪਈ ਸੀ, ਹੇਠਾਂ ਝੁਕ ਰਿਹਾ ਸੀ ਤੇ ਚੁੱਲ੍ਹੇ ਦੇ ਹੇਠਲੇ ਹਿਸੇ ਨੂੰ ਸੁੰਘ ਰਿਹਾ ਸੀ, ਇਹ ਦੇਖਣ ਲਈ ਕਿ ਇਸ ਵਿਚੋਂ ਆਉਂਦੀ ਵਾਸ਼ਨਾ ਕਿਸ ਚੀਜ਼ ਦੀ ਹੋ ਸਕਦੀ ਹੈ। ਉਤਸ਼ਾਹ ਵਿਚ, ਉਸਦੀ ਡੂੰਘੀ ਆਵਾਜ਼ ਵਿਚ ਵਿਚ ਉੱਚੀ ਹੋ ਜਾਂਦੀ; ਉਸਦੇ ਸਾਦੇ ਲਫ਼ਜ਼ ਉਸਦੇ ਸਰੋਤਿਆਂ ਦੇ ਮਨ ਉਤੇ ਇਕ ਇਕ ਕਰਕੇ, ਆਪਣੇ ਆਪ, ਬਿਨਾਂ ਉਹਨਾਂ ਵਲੋਂ ਕੋਸ਼ਿਸ਼ ਕਰਨ ਦੇ, ਉਕਰੇ ਜਾ ਰਹੇ ਸਨ। ਉਸਦੀਆਂ ਹਲਕੇ ਰੰਗ ਦੀਆਂ ਅੱਖਾਂ ਵਿਚ ਲਿਸ਼ਕ ਸੀ, ਤੇ ਉਸਦਾ ਸਾਰਾ ਵਜੂਦ ਉਸ ਉਦੇਸ਼ ਲਈ ਉਤਸ਼ਾਹ ਨਾਲ ਭਰਿਆ ਹੋਇਆ ਸੀ ਜਿਸਦੀ ਉਹ ਸੇਵਾ ਕਰ ਰਿਹਾ ਸੀ।

ਉਸਨੂੰ ਦੇਖਦਿਆਂ ਗਰਿਗੋਰੀ ਦੇ ਚਿਹਰੇ ਉਤੇ ਉਤਸੁਕਤਾ ਭਰੀ ਮੁਸਕ੍ਰਾਹਟ ਖੇਲ ਰਹੀ ਸੀ। ਮਾਤਰਿਓਨਾ ਨੱਕ ਨਾਲ ਸੂੰ-ਸੂੰ ਕਰੀ ਜਾ ਰਹੀ ਸੀ। ਪੁਲਸੀਆ ਬਾਹਰ ਚਲਾ ਗਿਆ ਸੀ।

"ਸੋ ਅੱਜ ਤੋਂ ਹੀ ਸਫ਼ਾਈ ਕਰਨੀ ਸ਼ੁਰੂ ਕਰ ਦਿਓ। ਗਲੀ ਦੇ ਸਿਰੇ ਉਤੇ ਇਕ ਮਕਾਨ ਬਣ ਰਿਹੈ, ਤੇ ਰਾਜ ਬੜੀ ਖ਼ੁਸ਼ੀ ਨਾਲ ਤੁਹਾਨੂੰ ਪੰਜ ਕੋਪੇਕ ਲਈ ਜਿੰਨਾਂ ਚੂਨਾ ਚਾਹੋ ਦੇ ਦੇਣਗੇ। ਤੇ ਤੁਸੀਂ ਪੀਣੀ ਬੰਦ ਕਰੋ, ਸ਼੍ਰੀਮਾਨ ਦੀ। ਤੇ ਹਾਲ ਘੜੀ, ਅਲਵਿਦਾ। ਮੈਂ ਜਲਦੀ ਹੀ ਫੇਰ ਆਵਾਂਗਾ।"

ਉਹ ਜਿਵੇਂ ਅਚਨਚੇਤ ਆਇਆ ਸੀ, ਉਸੇ ਤਰ੍ਹਾਂ ਅਲੋਪ ਹੋ ਗਿਆ, ਤੇ ਉਸਦੀਆਂ ਹੱਸਦੀਆਂ ਅੱਖਾਂ ਦੀ ਯਾਦ ਓਰਲੋਵ ਜੋੜੇ ਦੇ ਚਿਹਰਿਆਂ ਉਪਰਲੀ ਪ੍ਰਸੰਨ ਮੁਸਕ੍ਰਾਹਟ ਵਿਚ ਉਕਰੀ ਗਈ ਸੀ। ਆਪਣੀਆਂ ਹਨੇਰੀਆਂ ਜ਼ਿੰਦਗੀਆਂ ਵਿਚ ਇਸ ਮੰਤਵ-ਭਰਪੂਰ ਸ਼ਕਤੀ ਦੇ ਆ ਵੜਣ ਨਾਲ ਉਹ ਘਬਰਾ ਗਏ ਸਨ।

"ਹੂੰ-ਊਂ," ਗਰਿਗੋਰੀ ਨੇ ਸਿਰ ਮਾਰਦਿਆਂ ਹੂੰਗਰਿਆ। "ਸੋ ਇਹ ਹੈ ਕੈਮਿਸਟ। ਤੇ ਲੋਕੀਂ ਕਹਿੰਦੇ ਨੇ, ਇਹ ਲੋਕਾਂ ਨੂੰ ਜ਼ਹਿਰ ਦੇਂਦੇ ਨੇ। ਜਿਵੇਂ ਇਹੋ ਜਿਹੀ ਦਿੱਖ ਵਾਲਾ ਬੰਦਾ ਇਸ ਤਰ੍ਹਾਂ ਦੀ ਕੋਈ ਗੱਲ ਕਰ ਸਕਦੈ! ਕਦੀ ਨਹੀਂ। ਉਹ ਖੁਲ੍ਹਾ-ਖ਼ੁਲਾਸਾ ਇਥੇ ਆਇਆ, ਜਿਵੇਂ ਕਹਿ ਰਿਹਾ ਹੋਵੇ—ਮੈਂ ਆ ਗਿਆ ਹਾਂ, ਜਿਸ ਤਰ੍ਹਾਂ ਦਾ ਤੁਹਾਨੂੰ ਦਿਸਦਾ ਹਾਂ! ਚੂਨਾ—ਤੂੰ ਕਦੀ ਸੁਣਿਐਂ ਕਿ ਇਸਤੋਂ ਵੀ ਕੋਈ ਨੁਕਸਾਨ ਹੁੰਦਾ ਹੋਵੇ? ਤੇ ਨਿੰਬੂ ਦਾ ਤੇਜ਼ਾਬ—ਕੀ ਹੈ? ਸਿਰਫ਼ ਸਾਦਾ ਤੇਜ਼ਾਬ, ਮੇਰਾ ਖ਼ਿਆਲ ਏ। ਪਰ ਸਭ ਤੋਂ ਵੱਡੀ ਚੀਜ਼ ਏ ਸਾਫ਼-ਸੁਥਰਾ ਰਹਿਣਾ—ਫ਼ਰਸ਼ ਸਾਫ਼, ਸਾਫ਼ ਹਵਾ, ਬਾਲਟੀ ਸਾਫ਼। ਲੋਕਾਂ ਨੂੰ ਜ਼ਹਿਰ ਦੇਂਦੇ ਨੇ, ਸਚਮੁਚ! ਖ਼ੁਸ਼ਦਿਲ ਆਦਮੀ ਸੀ, ਨਹੀਂ? ਕਹਿੰਦੈ, ਕੰਮ ਕਰਨ ਵਾਲੇ ਨੂੰ ਪੀ ਲੈਣੀ ਚਾਹੀਦੀ ਏ, ਜੇ ਉਸਨੂੰ ਪਤਾ ਹੋਵੇ ਕਿ ਬੱਸ ਕਿਥੇ ਕਰਨੀ ਏ। ਸੁਣਿਆ, ਮਾਤਰਿਓਨਾ? ਸੋ ਕੀ ਖ਼ਿਆਲ ਏ, ਜੇ ਇਕ ਗਲਾਸੀ ਮੈਨੂੰ ਪਾ ਦੇਵੇਂ ਤਾਂ? ਹੈ ਕਿ ਨਹੀਂ ਜ਼ਰਾ?"

ਉਸਨੇ ਕਿਧਰੇ ਨਾ ਕਿਧਰੇ ਸਾਂਭ ਕੇ ਰਖੀ ਬੋਤਲ ਵਿਚੋਂ ਅੱਧੀ ਗਲਾਸੀ ਭਰ ਦਿਤੀ।

"ਉਹ ਸਚਮੁਚ ਚੰਗਾ ਸੀ। ਤੁਸੀਂ ਉਸਨੂੰ ਪਸੰਦ ਕੀਤੇ ਬਿਨਾਂ ਨਹੀਂ ਰਹਿ ਸਕਦੇ," ਉਹ ਵਿਦਿਆਰਥੀ ਦੇ ਚਿਹਰੇ ਨੂੰ ਮੁੜ ਯਾਦ ਕਰਦਿਆਂ ਮੁਸਕ੍ਰਾਉਂਦੀ ਹੋਈ ਬੋਲੀ। "ਜਿਥੋਂ ਤੱਕ ਦੂਜਿਆਂ ਦਾ ਸਵਾਲ ਏ, ਕੌਣ ਜਾਣੇ? ਹੋ ਸਕਦੈ ਉਹਨਾਂ ਨੂੰ ਕਿਸੇ ਨੇ ਭਾੜੇ 'ਤੇ ਰਖਿਆ ਹੋਵੇ—"

"ਕਾਹਦੇ ਲਈ? ਤੇ ਕੌਣ ਉਹਨਾਂ ਨੂੰ ਪੈਸੇ ਦੇਂਦਾ ਹੋਊ?" ਗਰਿਗੋਰੀ ਝਪਟਿਆ।

"ਲੋਕਾਂ ਨੂੰ ਮਾਰਨ ਲਈ।... ਕਹਿੰਦੇ ਨੇ ਕਿ ਗ਼ਰੀਬ ਬਹੁਤ ਜ਼ਿਆਦਾ ਹੋ ਗਏ ਨੇ, ਤੇ ਵਾਧੂ ਬੰਦਿਆਂ ਤੋਂ ਛੁਟਕਾਰਾ ਪਾਉਣ ਲਈ ਹੁਕਮ ਦਿਤਾ ਗਿਐ", ਮਾਤਰਿਓਨਾ ਨੇ ਦਸਿਆ।

"ਕੌਣ ਕਹਿੰਦੈ?"

"ਹਰ ਕੋਈ ਕਹਿ ਰਿਹੈ। ਮਕਾਨਾਂ ਨੂੰ ਰੋਗ਼ਣ ਕਰਨ ਵਾਲੇ ਦੀ ਬਾਵਰਚਨ ਤੇ ਕਿੰਨੇ ਸਾਰੇ ਹੋਰ ਲੋਕੀਂ।"

"ਬੇਵਕੂਫ਼ ਨੇ ਉਹ! ਇਸਦਾ ਫ਼ਾਇਦਾ ਕਿਹਨੂੰ ਹੋਵੇਗਾ? ਜ਼ਰਾ ਆਪ ਸੋਚ: ਬੀਮਾਰਾਂ ਦਾ ਖ਼ਿਆਲ ਰਖਣਾ—ਇਹਦੇ ਉਤੇ ਖ਼ਰਚਾ ਨਹੀਂ ਹੁੰਦਾ? ਤੇ ਫਿਰ ਉਹਨਾਂ ਨੂੰ ਦਬਾਉਣਾ—ਤਾਬੂਤ ਤੇ ਕਬਰ ਤੇ ਸਾਰਾ ਕੁਝ। ਤੇ ਇਹ ਸਾਰੇ ਪੈਸੇ ਸਰਕਾਰੀ ਖ਼ਜ਼ਾਨੇ ਵਿਚੋਂ ਆਉਂਦੇ ਨੇ। ਫ਼ਜ਼ੂਲ! ਜੇ ਉਹ ਸਚਮੁਚ ਹੀ ਲੋਕਾਂ ਨੂੰ ਗਲੋਂ ਲਾਹੁਣਾ ਚਾਹੁੰਦੇ ਹੋਣ ਤਾਂ ਉਹ ਉਹਨਾਂ ਨੂੰ ਸਾਇਬੇਰੀਆ ਭੇਜ ਦੇਣ—ਉਥੇ ਹਰ ਕਿਸੇ ਲਈ ਬਥੇਰੀ ਥਾਂ ਏ। ਜਾਂ ਕਿਸੇ ਮਾਰੂਥਲ ਵਿਚ। ਤੇ ਉਹਨਾਂ ਤੋਂ ਕੰਮ ਕਰਾਉਣ। ਇਸ ਨਾਲ ਉਹਨਾਂ ਤੋਂ ਛੁਟਕਾਰਾ ਵੀ ਮਿਲ ਜਾਏਗਾ ਤੇ ਫ਼ਾਇਦਾ ਵੀ ਹੋਵੇਗਾ। ਖ਼ਜ਼ਾਨੇ ਲਈ ਫ਼ਾਇਦੇ ਵਾਲੀ ਕੋਈ ਗੱਲ ਨਹੀਂ, ਸੋ ਇਹ ਆਪਣੇ ਖ਼ਰਚੇ ਉਤੇ ਨਹੀਂ ਲੋਕਾਂ ਨੂੰ ਮਾਰਨ ਲੱਗੇ ਤੇ ਦਬਾਉਣ ਲਗੇ। ਸਮਝੀ? ਹੁਣ ਉਸ ਵਿਦਿਆਰਥੀ ਨੂੰ ਹੀ ਲਵੋ—ਉਹ ਸ਼ਰਾਰਤੀ ਏ, ਕੋਈ ਵੀ ਦੇਖ ਸਕਦੈ, ਪਰ ਉਹ ਜੋ ਚਾਹੁੰਦੈ, ਉਹ ਹੈ ਬਗ਼ਾਵਤ। ਜਿਥੋਂ ਤੱਕ ਲੋਕਾਂ ਨੂੰ ਮਾਰਨ ਦਾ ਸਵਾਲ ਏ, ਤੁਸੀਂ ਪੈਸੇ ਦੇ ਕੇ ਉਸ ਤੋਂ ਇਹ ਕੰਮ ਨਹੀਂ ਕਰਵਾ ਸਕਦੇ। ਤੁਸੀਂ ਉਸਨੂੰ ਦੇਖ ਕੇ ਹੀ ਨਹੀਂ ਦਸ ਸਕਦੇ ਹੋ ਕਿ ਉਹ ਇਸਤਰ੍ਹਾਂ ਦੀ ਗੱਲ ਨਹੀਂ ਕਰੇਗਾ? ਉਹਦਾ ਬੂਥਾ ਉਸ ਤਰ੍ਹਾਂ ਦਾ ਨਹੀਂ।"

ਉਹ ਸਾਰਾ ਦਿਨ ਉਹ ਉਸ ਵਿਦਿਆਰਥੀ ਦੀਆਂ, ਤੇ ਉਸਨੇ ਜੋ ਕੁਝ ਕਿਹਾ ਸੀ, ਉਸਦੀਆਂ ਗੱਲਾਂ ਕਰਦੇ ਰਹੇ। ਉਹਨਾਂ ਨੇ ਉਸਦਾ ਚਿਹਰਾ ਯਾਦ ਕੀਤਾ, ਉਹ ਕਿਵੇਂ ਹਸਦਾ ਸੀ, ਤੇ ਉਹਨਾਂ ਨੂੰ ਪਤਾ ਲਗਾ ਕਿ ਉਸਦੇ ਕੋਟ ਦਾ ਇਕ ਬਟਨ ਨਹੀਂ ਸੀ, ਤੇ ਇਸ ਗੱਲ ਉਤੇ ਉਹ ਲਗਭਗ ਝਗੜ ਹੀ ਪਏ ਕਿ ਕਿਹੜੇ ਪਾਸੇ ਦਾ ਬਟਨ ਟੁੱਟਾ ਹੋਇਆ ਸੀ। ਮਾਤਰਿਓਨਾ ਜ਼ੋਰ ਦੇ ਰਹੀ ਸੀ ਕਿ ਇਹ ਸੱਜੇ ਪਾਸੇ ਦਾ ਸੀ, ਉਸਦਾ ਪਤੀ ਕਹਿ ਰਿਹਾ ਸੀ ਕਿ ਇਹ ਖੱਬੇ ਪਾਸੇ ਦਾ ਸੀ, ਤੇ ਦੋ ਵਾਰੀ ਇਸੇ ਕਰਕੇ ਉਸਨੇ ਉਸਨੂੰ ਖ਼ੂਬ ਲਾਅਨਤ ਮਲਾਮਤ ਕੀਤੀ, ਪਰ ਇਹ ਯਾਦ ਕਰਦਿਆਂ ਕਿ ਮਾਤਰਿਓਨਾ ਨੇ ਉਸਨੂੰ ਸ਼ਰਾਬ ਦੇਣ ਲਗਿਆਂ ਬੋਤਲ ਖ਼ਾਲੀ ਨਹੀਂ ਸੀ ਕੀਤੀ, ਉਸਨੇ ਉਸ ਅੱਗੇ ਹਥਿਆਰ ਸੁੱਟ ਦਿਤੇ। ਉਹਨਾਂ ਨੇ ਅਗਲੇ ਦਿਨ ਤੋਂ ਕਮਰਾ ਸਾਫ਼ ਕਰਨਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ, ਤੇ ਫਿਰ, ਆਪਣੇ ਸੱਜਰੇ ਅਨੁਭਵ ਨੂੰ ਯਾਦ ਕਰਦਿਆਂ, ਉਹਨਾਂ ਨੇ ਵਿਦਿਆਰਥੀ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ।

"ਏਖ਼, ਪਟਾਕਾ ਜਿਹਾ!" ਗਰਿਗੋਰੀ ਨੇ ਵਜਦ ਵਿਚ ਆਉਂਦਿਆਂ ਕਿਹਾ। "ਇੰਝ ਪੇਸ਼ ਆ ਰਿਹਾ ਸੀ ਜਿਸਤਰ੍ਹਾਂ ਦੱਸ ਸਾਲ ਤੋਂ ਸਾਨੂੰ ਜਾਣਦਾ ਹੋਵੇ! ਹਰ ਥਾਂ ਟੰਗ ਅੜਾਉਂਦਾ ਸੀ, ਸਾਨੂੰ ਲੈਕਚਰ ਦੇਂਦਾ ਸੀ ਤੇ—ਔਹ ਗਿਆ। ਕੋਈ ਚੀਕਣਾ-ਚਿਲਾਉਣਾ ਨਹੀਂ, ਕੋਈ ਰੌਲਾ-ਰੱਪਾ ਨਹੀਂ, ਜੇ ਉਹ ਉਪਰਲਿਆਂ ਵਿਚੋਂ ਵੀ ਹੋਵੇ ਤਾਂ। ਖ਼ੈਰ, ਛੱਡ ਇਹ, ਮਾਤਰਿਓਨਾ। ਤੂੰ ਦੇਖਦੀ ਨਹੀਂ, ਉਹ ਸਚਮੁਚ ਸਾਡਾ

ਖ਼ਿਆਲ ਰਖਦਾ ਏ? ਸ਼ੁਰੂ ਤੋਂ ਹੀ ਤੁਸੀਂ ਇਹ ਦੇਖ ਸਕਦੇ ਹੋ। ਉਹ ਚਾਹੁੰਦੇ ਨੇ ਕਿ ਅਸੀਂ ਪੂਰੇ ਦੇ ਪੂਰੇ ਠੀਕ ਰਹੀਏ, ਨਾ ਕਿ ... ਸਭ ਬਕਵਾਸ ਏ ਉਹ ਜ਼ਹਿਰ ਦੇਣ ਦੀ ਗੱਲ, ਐਵੇਂ ਜ਼ਨਾਨੀਆਂ ਦੀਆਂ ਬਾਤਾਂ ਨੇ। 'ਪੇਟ ਕਿਸਤਰ੍ਹਾਂ ਨੇ?' ਉਹ ਪੁੱਛਦਾ ਹੈ। ਜੇ ਉਹ ਸਾਨੂੰ ਜ਼ਹਿਰ ਦੇਣਾ ਚਾਹੁੰਦੇ ਹੋਣ ਤਾਂ ਉਹਨਾਂ ਨੂੰ ਇਹ ਪ੍ਰਵਾਹ ਕਰਨ ਦੀ ਕੀ ਲੋੜ ਏ ਕਿ ਸਾਡੇ ਪੇਟ ਕਿਸਤਰ੍ਹਾਂ ਨੇ? ਤੇ ਕਿਸਤਰ੍ਹਾਂ ਸਿਆਣਪ ਨਾਲ ਉਹਨੇ ਸਾਨੂੰ ਉਹਨਾਂ ਬਾਰੇ ਸਮਝਾਇਆ ਸੀ—ਕੀ ਕਹਿੰਦੇ ਨੇ ਉਹਨਾਂ ਨੂੰ, ਜਿਹੜੇ ਸਾਡੇ ਅੰਦਰ ਪਏ ਫਿਰਦੇ ਨੇ?"

"ਐਵੇਂ ਮਨਘੜਤ ਗੱਲਾਂ ਨੇ," ਮਾਤਰਿਓਨਾ ਹਸਦੀ ਹੋਈ ਬੋਲੀ। "ਪਰ ਇਹ ਤਾਂ ਐਵੇ ਸਾਨੂੰ ਡਰਾਉਣ ਲਈ ਕਿਹਾ ਗਿਆ ਸੀ, ਕਿ ਅਸੀਂ ਸਫ਼ਾਈ ਕਰੀਏ।"

"ਕੀ ਪਤਾ? ਹੋ ਸਕਦੈ ਠੀਕ ਹੀ ਹੋਵੇ। ਆਖ਼ਰ ਸਿਲ੍ਹ ਵਿਚ ਕੀੜੇ ਪੈਦਾ ਹੋ ਹੀ ਜਾਂਦੇ ਨੇ। ਹੱਤ ਤੇਰੀ! ਕੀ ਕਹਿੰਦੇ ਨੇ ਉਹਨਾਂ ਨਿੱਕੇ ਨਿਕੇ ਕੀੜਿਆਂ ਨੂੰ? ਮਨਘੜਤ ਗੱਲ ਏ? ਨਹੀਂ ... ਦੇਖ, ਮੂੰਹ ਉਤੇ ਨਾਂ ਫਿਰਦੈ, ਪਰ ਬਾਹਰ ਨਹੀਂ ਆਉਂਦਾ।"

ਮੰਜੇ ਉਤੇ ਪੈਣ ਤੋ ਮਗਰੋ ਤੱਕ ਵੀ ਉਹ ਬੱਚਿਆਂ ਵਾਲ਼ੇ ਸਿੱਧੜ ਜਿਹੇ ਉਤਸ਼ਾਹ ਨਾਲ ਗੱਲਾਂ ਕਰਦੇ ਰਹੇ ਤੇ ਆਪਣੇ ਪਹਿਲੇ ਉਘੜਵੇਂ ਪ੍ਰਭਾਵਾਂ ਬਾਰੇ ਇਕ ਦੂਜੇ ਨੂੰ ਦਸਦੇ ਰਹੇ। ਤੇ ਸੌਂਦੇ ਸੌਂਦੇ ਵੀ ਉਹ ਗੱਲਾਂ ਕਰੀ ਜਾ ਰਹੇ ਸਨ।

ਉਹਨਾਂ ਨੂੰ ਅਗਲੇ ਦਿਨ ਸਵੇਰੇ ਸਵੇਰੇ ਘਰ ਰੋਗਨ ਕਰਨ ਵਾਲੇ ਦੀ ਮੋਟੀ ਬਾਵਰਚਨ ਨੇ ਜਗਾ ਦਿਤਾ। ਉਹ ਉਹਨਾਂ ਦੇ ਮੰਜੇ ਕੋਲ ਖੜੀ ਸੀ ਤੇ ਉਸਦਾ ਚਿਹਰਾ, ਜਿਹੜਾ ਆਮ ਕਰਕੇ ਗੋਲ ਤੇ ਲਾਲ ਹੁੰਦਾ ਸੀ, ਹੁਣ ਲਮਕਿਆ ਹੋਇਆ ਤੇ ਭੂਸਲਿਆ ਹੋਇਆ ਸੀ।

"ਉੱਠਣ ਦਾ ਵੇਲਾ ਹੋ ਗਿਐ," ਉਸਨੇ ਕਾਹਲੀ ਕਾਹਲੀ ਤੇ ਆਪਣੇ ਮੋਟੇ ਬੁਲ੍ਹਾਂ ਨੂੰ ਅਜੀਬ ਤਰ੍ਹਾਂ ਫੜਫੜਾਉਂਦਿਆਂ ਕਿਹਾ। "ਹੈਜ਼ਾ ਸਾਡੇ ਵਿਹੜੇ ਤੱਕ ਆ ਗਿਐ। ਰੱਬ ਆਪ ਆ ਨਾਜ਼ਲ ਹੋਇਐ!" ਤੇ ਉਹ ਫੁੱਟ ਫੁੱਟ ਕੇ ਰੋਣ ਲਗ ਪਈ।

"ਤੂੰ ਝੂਠ ਤਾਂ ਨਹੀਂ ਬੋਲਦੀ?" ਗਰਿਗੋਰੀ ਕੂਕਿਆ।

"ਤੇ ਰਾਤੀਂ ਮੈਂ ਕੂੜੇ-ਕਰਕਟ ਵਾਲੀ ਬਾਲਟੀ ਖਾਲੀ ਕਰਨੀ ਭੁੱਲ ਗਈ ਸਾਂ," ਮਾਤਰਿਓਨਾ ਦੋਸ਼ੀਆਂ ਵਾਂਗ ਬੋਲੀ।

"ਤੇ ਮੈਂ, ਮੇਰੇ ਪਿਆਰਿਓ, ਆਪਣਾ ਹਿਸਾਬ ਅੱਜ ਕਰ ਰਹੀ ਹਾਂ। ਮੈਂ ਚਲੀ ਜਾਵਾਂਗੀ, ਪਿੰਡ ਨੂੰ," ਬਾਵਰਚਨ ਬੋਲੀ।

"ਕਿਹਨੂੰ ਹੋਇਐ?" ਮੰਜੇ ਤੋਂ ਭੁੜਕ ਕੇ ਉਠਦਿਆਂ ਗਰਿਗੋਰੀ ਨੇ ਪੁਛਿਆ।

"ਅਕਾਰਡੀਅਨ ਵਾਲੇ ਨੂੰ। ਰਾਤੀਂ ਹੋਇਆ ਸੂ। ਬਿਲਕੁਲ ਪੇਟ ਵਿਚ—ਮਰੋੜੇ ਪੈਂਦੇ ਨੇ, ਜਿਵੇਂ ਕਿਸੇ ਨੇ ਸੰਖੀਆ ਦੇ ਦਿਤਾ ਹੋਵੇ।"

"ਅਕਾਰਡੀਅਨ ਵਾਲੇ ਨੂੰ?" ਗਰਿਗੋਰੀ ਬੁੜਬੁੜਾਇਆ। ਉਸਨੂੰ ਯਕੀਨ ਨਹੀਂ ਸੀ ਆ ਰਿਹਾ। ਇਹੋ ਜਿਹਾ ਖ਼ੁਸ਼ਦਿਲ, ਦਲੇਰ ਮੁੰਡਾ ਸੀ ਉਹ। ਕੱਲ ਉਹ ਸਦਾ ਵਾਂਗ ਮੋਰ ਵਾਂਗੂ ਪੈਲਾਂ ਪਾਉਂਦਾ ਲੰਘਿਆ ਸੀ। "ਮੈਂ ਉਸਨੂੰ ਦੇਖਣ ਚੱਲਿਆਂ," ਓਰਲੋਵ ਨੇ ਬੇਯਕੀਨੀ ਵਿਚ ਹਸਦਿਆਂ ਕਿਹਾ।

ਦੋਵੇਂ ਔਰਤਾਂ ਡਰ ਨਾਲ ਚੀਕ ਉਠੀਆ:

"ਗਰੀਸ਼ਾ, ਇਹ ਛੂਤ ਵਾਲਾ ਹੁੰਦੈ!"

"ਕੀ ਕਰਦੈਂ, ਬਾਪੂ, ਕਿਧਰ ਚਲਿਐਂ?"

ਗਰਿਗੋਰੀ ਨੇ ਜ਼ੋਰ ਦੀ ਗਾਲ੍ਹ ਕਢੀ, ਆਪਣੇ ਪੈਰ ਆਪਣੇ ਬੂਟਾਂ ਵਿਚ ਤੁੰਨੇ, ਤੇ ਆਪਣੇ ਵਾਲਾਂ ਨੂੰ ਕੰਘੀ ਕਰਨ ਤੋਂ ਬਿਨਾਂ ਜਾਂ ਕਮੀਜ਼ ਦੇ ਬਟਨ ਬੰਦ ਕਰਨ ਤੋਂ ਬਿਨਾਂ ਹੀ ਦਰਵਾਜ਼ੇ ਵੱਲ ਨੂੰ ਹੋਇਆ। ਉਸਦੀ ਪਤਨੀ ਨੇ ਉਸਨੂੰ ਮੋਢੇ ਤੋਂ ਫੜ ਲਿਆ। ਉਸਨੂੰ ਉਸਦਾ ਹੱਥ ਕੰਬਦਾ ਮਹਿਸੂਸ ਹੋਇਆ, ਤੇ ਇਸ ਨਾਲ, ਪਤਾ ਨਹੀਂ ਕਿਉਂ, ਉਸਨੂੰ ਇਕਦਮ ਗ਼ੁੱਸਾ ਚੜ੍ਹ ਗਿਆ।

"ਤੇਰਾ ਬੂਥਾ ਭੰਨ ਦਿਆਂਗਾ! ਦਫ਼ਾ ਹੋ ਜਾ!" ਉਹ ਉਸਨੂੰ ਛਾਤੀ ਵਿਚ ਧੱਕਾ ਮਾਰਦਾ ਹੋਇਆ ਗਰਜਿਆ।

ਵਿਹੜਾ ਚੁੱਪ-ਚਾਂ ਤੇ ਖ਼ਾਲੀ ਸੀ। ਜਿਉਂ ਹੀ ਉਹ ਅਕਾਰਡੀਅਨ ਵਾਲੇ ਦੇ ਦਰਵਾਜ਼ੇ ਵੱਲ ਵਧਿਆ, ਉਹ ਡਰ ਨਾਲ ਜਿਵੇਂ ਸੁੰਨ ਹੋ ਗਿਆ, ਪਰ ਨਾਲ ਹੀ ਉਹ ਇਸ ਅਹਿਸਾਸ ਦੀ ਤਸੱਲੀ ਨੂੰ ਵੀ ਮਾਨਣ ਲਗਾ ਕਿ ਆਪਣੇ ਮਕਾਨ ਵਿਚਲੇ ਸਾਰੇ ਲੋਕਾਂ ਵਿਚੋਂ ਸਿਰਫ਼ ਉਸ ਵਿਚ ਹੀ ਬੀਮਾਰ ਨੂੰ ਜਾ ਕੇ ਦੇਖਣ ਦੀ ਹਿੰਮਤ ਸੀ। ਇਹ ਤਸੱਲੀ ਹੋਰ ਵੀ ਵਧ ਗਈ ਜਦੋਂ ਉਸਨੇ ਦੇਖਿਆ ਕਿ ਦਰਜ਼ੀ ਆਪਣੀ ਦੂਜੀ ਮੰਜ਼ਲ ਦੀਆਂ ਬਾਰੀਆਂ ਵਿਚੋਂ ਦੇਖ ਰਹੇ ਸਨ। ਉਸਨੇ ਸੀਟੀ ਵਜਾਉਣੀ ਸ਼ੁਰੂ ਕਰ ਦਿਤੀ ਤੇ ਆਪਣਾ ਸਿਰ ਨਿਡਰਤਾ ਨਾਲ ਮਾਰਿਆ। ਪਰ ਦਰਵਾਜ਼ੇ ਤੱਕ ਪਹੁੰਚਦਿਆਂ ਉਸਨੂੰ ਸੇਨਕਾ ਚਿਜ਼ਿਕ ਦੇ ਰੂਪ ਵਿਚ ਜ਼ਰਾ ਕੁ ਮਾਯੂਸੀ ਉਡੀਕ ਰਹੀ ਸੀ।

ਸੇਨਕਾ ਨੇ ਜ਼ਰਾ ਕੁ ਦਰਵਾਜ਼ਾ ਖੋਹਲਿਆ ਹੋਇਆ ਸੀ ਤੇ ਆਪਣਾ ਤਿੱਖਾ ਨੱਕ ਇਸ ਵਿਚ ਵਾੜਿਆ ਹੋਇਆ ਸੀ; ਆਮ ਵਾਂਗ, ਉਹ ਦੇਖਣ ਵਿਚ ਏਨਾ ਮਗਨ ਸੀ ਕਿ ਉਸਨੇ ਮੁੜ ਕੇ ਉਦੋਂ ਹੀ ਦੇਖਿਆ, ਜਦੋਂ ਗਰਿਗੋਰੀ ਨੇ ਉਸਨੂੰ ਕੰਨੋਂ ਫੜ ਲਿਆ।

"ਇਹਦੇ ਨਾਲ ਉਹ ਇੰਝ ਗੁੱਛਾ-ਮੁੱਛਾ ਹੋ ਗਿਐ, ਚਾਚਾ ਗਰਿਗੋਰੀ," ਉਸਨੇ ਆਪਣਾ ਗੰਦਾ ਮੂੰਹ, ਜਿਹੜਾ ਉਸਦੇ ਸਜਰੇ ਪ੍ਰਭਾਵਾਂ ਦੇ ਅਸਰ ਹੇਠ ਹੋਰ ਵੀ ਭੈੜਾ ਲੱਗਣ ਲਗ ਪਿਆ ਸੀ, ਉਤਾਂਹ ਨੂੰ ਚੁੱਕਿਆ ਤੇ ਹੌਲੀ ਜਿਹੀ ਕਿਹਾ। "ਉਹ ਸੁੱਕੀ ਖੁੰਬ ਵਾਂਗ ਲਗਦੈ।"

ਕਮਰੇ ਵਿਚੋਂ ਬੋ ਮਾਰਦੀ ਹਵਾੜ ਆਈ। ਗਰਿਗੋਰੀ ਬਿਨਾਂ ਜਵਾਬ ਦਿਤਿਆਂ

ਸੇਨਕਾ ਨੂੰ ਸੁਣਦਾ ਖੜਾ ਰਿਹਾ; ਉਹ ਦਰਵਾਜ਼ੇ ਵਿਚਲੀ ਝੀਤ ਵਿਚੋਂ ਬੀਮਾਰ ਉਤੇ ਝਾਤੀ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ।

"ਉਹਨੂੰ ਪਾਣੀ ਦਈਏ ਪੀਣ ਨੂੰ ਚਾਚਾ ਗਰਿਗੋਰੀ?" ਸੇਨਕਾ ਪੁੱਛਣ ਲੱਗਾ।

ਗਰਿਗੋਰੀ ਨੇ ਹੇਠਾਂ ਵੱਲ ਮੁੰਡੇ ਦੇ ਮੂੰਹ ਵੱਲ ਦੇਖਿਆ; ਇਹ ਘਬਰਾਹਟ-ਭਰੀ ਕੰਬਣੀ ਦੀ ਹੱਦ ਤੱਕ ਜੋਸ਼ ਵਿਚ ਆਇਆ ਹੋਇਆਂ ਸੀ, ਤੇ ਗਰਿਗੋਰੀ ਆਪ ਵੀ ਇਸੇ ਤਰ੍ਹਾਂ ਮਹਿਸੂਸ ਕਰ ਰਿਹਾ ਸੀ।

"ਲਿਆ ਕੁਝ ਪਾਣੀ," ਉਸਨੇ ਹੁਕਮ ਦਿਤਾ ਤੇ ਫਿਰ ਦਲੇਰੀ ਨਾਲ ਦਰਵਾਜ਼ਾ ਪੂਰਾ ਖੋਹਲ ਦਿਤਾ ਤੇ ਆਪ, ਅਚੇਤ ਪਿੱਛੇ ਵੱਲ ਨੂੰ ਝੁਕਦਾ ਹੋਇਆ, ਬਰੂਹਾਂ ਵਿਚ ਖੜੋ ਗਿਆ।

ਆਪਣੀਆਂ ਧੁੰਦਲੀਆਂ ਅੱਖਾਂ ਨਾਲ ਉਸਨੇ ਕਿਸਲੀਆਕੋਵ ਨੂੰ ਦੇਖਿਆ। ਆਪਣੇ ਤਿਓਹਾਰੀ ਕੱਪੜੇ ਪਾਈ, ਅਕਾਰਡੀਅਨ ਵਾਲਾ ਮੇਜ਼ ਉਤੇ ਛਾਤੀ ਟਿਕਾਈ ਪਿਆ ਸੀ; ਉਸਨੇ ਦੋਹਾਂ ਹੱਥਾਂ ਨਾਲ ਇਸਨੂੰ ਘੁੱਟ ਕੇ ਫੜਿਆ ਹੋਇਆ ਸੀ, ਜਦ ਕਿ ਪੇਟੈਂਟ ਚਮੜੇ ਦੇ ਬੂਟਾਂ ਵਿਚ ਉਸਦੇ ਪੈਰ ਗਿੱਲੇ ਫ਼ਰਸ਼ ਉਤੇ ਬੇਮੰਤਵ ਹਿੱਲ ਰਹੇ ਸਨ।

"ਕੌਣ ਏ?" ਉਸਨੇ ਬੈਠੀ ਆਵਾਜ਼ ਵਿਚ ਤੇ ਨਿਰਉਤਸ਼ਾਹ ਤਰੀਕੇ ਨਾਲ ਪੁਛਿਆ।

ਗਰਿਗੋਰੀ ਸਿੱਧਾ ਹੋਇਆ, ਤੇ ਧਿਆਨ ਨਾਲ ਫ਼ਰਸ਼ ਉਤੇ ਕਦਮ ਰਖਦਿਆਂ ਉਸ ਤੱਕ ਗਿਆ। ਉਹ ਹੌਸਲੇ ਨਾਲ, ਸਗੋਂ ਮਜ਼ਾਕ ਨਾਲ ਵੀ, ਗੱਲਾਂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

"ਮੈਂ ਹਾਂ, ਦਮਿਤਰੀ ਪਾਵਲੋਵਿਚ। ਕੀ ਗੱਲ, ਰਾਤੀਂ ਸਗੋਂ ਬਹੁਤੀ ਪੀ ਲਈ ਸੀ?" ਉਹ ਅੱਖਾਂ ਪਾੜ ਪਾੜ ਕਿਸਲੀਆਕੋਵ ਵੱਲ ਦੇਖ ਰਿਹਾ ਸੀ; ਡਰ ਤੇ ਉਤਸੁਕਤਾ ਨੇ ਉਸਨੂੰ ਮੱਲ ਲਿਆ; ਤੇ ਉਸਨੂੰ ਪਛਾਨਣਾ ਉਸ ਲਈ ਮੁਸ਼ਕਲ ਹੋ ਰਿਹਾ ਸੀ।

ਅਕਾਰਡੀਅਨ ਵਾਲੇ ਦਾ ਮੂੰਹ ਲਮਕਿਆ ਹੋਇਆ ਸੀ, ਉਸਦੇ ਜਬਾੜੇ ਦੋ ਤਿੱਖੇ ਕੋਨੇ ਬਣਾਉਂਦੇ ਬਾਹਰ ਨੂੰ ਨਿਕਲੇ ਹੋਏ ਸਨ, ਅੱਖਾਂ ਧਸੀਆਂ ਹੋਈਆਂ ਸਨ ਤੇ ਉਹਨਾਂ ਦੁਆਲੇ ਹਰੇ ਹਰੇ ਟਿਮਕਣੇ ਸਨ, ਤੇ ਉਹ ਅਜੀਬ ਤਰ੍ਹਾਂ ਨਾਲ ਬੇਹਰਕਤ ਜਿਹੀਆਂ ਤੇ ਬੇਨੂਰ ਸਨ। ਉਸਦੀਆਂ ਗਲ੍ਹਾਂ ਦਾ ਰੰਗ ਇੰਝ ਸੀ ਜਿਵੇਂ ਗਰਮ ਹੁਨਾਲੀ ਦਿਨ ਨੂੰ ਲਾਸ਼ ਦਾ ਹੁੰਦਾ ਹੈ। ਉਸਦਾ ਚਿਹਰਾ ਡਰਾਉਣਾ ਤੇ ਮੁਰਦੇ ਵਰਗਾ ਸੀ, ਤੇ ਉਸਦੇ ਜਬਾੜਿਆਂ ਦੀ ਮਾੜੀ ਜਿਹੀ ਹਰਕਤ ਤੋਂ ਹੀ ਪਤਾ ਲਗਦਾ ਸੀ ਕਿ ਉਹ ਅਜੇ ਜਿਊਂਦਾ ਹੈ। ਕਿੰਨਾਂ ਚਿਰ ਉਹ ਬੇਨੂਰ ਇਕ ਟੱਕ ਨਜ਼ਰ ਨਾਲ ਗਰਿਗੋਰੀ ਵੱਲ ਦੇਖਦਾ ਰਿਹਾ, ਤੇ ਇਸ ਨਾਲ ਮੋਚੀ ਦੇ ਦਿਲ ਵਿਚ ਭਿਆਨਕ ਡਰ ਬੈਠ ਗਿਆ। ਕਿਸੇ ਕਾਰਨ ਉਹ ਆਪਣੇ ਹੱਥਾਂ ਨਾਲ ਆਪਣੀਆਂ ਵੱਖੀਆਂ ਘੁੱਟਣ ਲੱਗਾ

ਤੇ, ਬੀਮਾਰ ਤੋਂ ਤਿੰਨ ਕੁ ਕਦਮ ਦੂਰ ਖੜੇ ਨੂੰ ਉਸਨੂੰ ਮਹਿਸੂਸ ਹੋਇਆ ਕਿ ਜਿਵੇਂ ਕਿਸੇ ਨੇ ਠੰਡੇ ਤੇ ਚਿਪਕਵੇਂ ਹੱਥਾਂ ਨਾਲ ਉਸਨੂੰ ਗਲੇ ਤੋਂ ਫੜ ਲਿਆ ਹੈ ਤੇ ਹੌਲੀ ਹੌਲੀ ਉਸਦਾ ਗਲਾ ਘੁੱਟ ਰਿਹਾ ਹੈ। ਉਹ ਉਸ ਕਮਰੇ ਵਿਚੋਂ ਦੌੜ ਜਾਣਾ ਚਾਹੁੰਦਾ ਸੀ, ਜਿਹੜਾ ਕਦੀ ਏਨਾ ਰੌਸ਼ਨ ਤੇ ਨਿੱਘਾ ਹੁੰਦਾ ਸੀ, ਪਰ ਹੁਣ ਜਿਹੜਾ ਅਜੀਬ ਤਰ੍ਹਾਂ ਨਾਲ ਠੰਡਾ ਤੇ ਸੜਾਂਦ ਨਾਲ ਭਰਿਆ ਲਗਦਾ ਸੀ।

"ਅਛਾ...", ਉਸਨੇ ਵਾਪਸ ਜਾਣ ਦੀ ਤਿਆਰੀ ਕਰਦਿਆਂ ਸ਼ੁਰੂ ਕੀਤਾ। ਅਕਾਰਡੀਅਨ ਵਾਲੇ ਦੇ ਸਵਾਹ ਵਰਗੇ ਮੂੰਹ ਉਤੇ ਪ੍ਰਛਾਵਾਂ ਜਿਹਾ ਦੌੜ ਗਿਆ। ਉਸਨੇ ਆਪਣੇ ਬੁਲ੍ਹ ਖੋਹਲੇ, ਜਿਨ੍ਹਾਂ ਦੇ ਕੋਨਿਆਂ ਉਤੇ ਝੱਗ ਸੀ, ਤੇ ਬੇਆਵਾਜ਼ ਗਲੇ ਨਾਲ ਬੋਲਿਆ:

"ਮੈਂ... ਮਰ... ਰਿਹਾਂ...।"

ਬੇਹਦ ਭਾਵਹੀਣ ਤਰੀਕੇ ਨਾਲ ਉਚਾਰੇ ਗਏ ਇਹ ਤਿੰਨ ਲਫ਼ਜ਼ ਗਰਿਗੋਰੀ ਦੇ ਸਿਰ ਤੇ ਛਾਤੀ ਵਿਚ ਤਿੰਨ ਖੁੰਢੀਆਂ ਸੱਟਾਂ ਵਾਂਗ ਵਜੇ। ਉਸਨੇ ਬੇਵਕੂਫਾਂ ਵਾਂਗ ਵਰਾਛਾਂ ਕਢੀਆਂ ਤੇ ਦਰਵਾਜ਼ੇ ਵੱਲ ਨੂੰ ਮੁੜਿਆ। ਪਰ ਉਸੇ ਹੀ ਘੜੀ ਸੇਨਕਾ ਦੌੜਦਾ ਦੌੜਦਾ, ਸਾਹੋ-ਸਾਹ ਤੇ ਮੁੜ੍ਹਕੋ-ਮੁੜ੍ਹਕੀ ਹੋਇਆ ਹੋਇਆ ਅੰਦਰ ਆਇਆ।

"ਆਹ ਲੈ, ਸਪਿਰਿਦੋਨੋਵ ਦੇ ਖੂਹ ਤੋਂ ਲਿਆਂਦੈ—ਉਹ ਮੈਨੂੰ ਦੇਣਾ ਨਹੀਂ ਸਨ ਚਾਹੁੰਦੇ, ਕੁੱਤੀ ਦੇ ਪੁੱਤਰ।"

ਉਸਨੇ ਬਾਲਟੀ ਫ਼ਰਸ਼ ਉਤੇ ਰਖ ਦਿਤੀ, ਕੋਨੇ ਵਿਚ ਨੱਠ ਕੇ ਗਿਆ ਤੇ ਇਕ ਗਲਾਸ ਲਿਆ ਕੇ ਗਰਿਗੋਰੀ ਦੇ ਹੱਥ ਫੜਾਇਆ। ਨਾਲ ਹੀ ਉਹ ਲਗਾਤਾਰ ਲੁਤਰ-ਲੁਤਰ ਕਰੀ ਜਾ ਰਿਹਾ ਸੀ:

"'ਤੁਹਾਡੇ ਹੈਜ਼ਾ ਫੈਲ ਗਿਐ,' ਉਹ ਮੈਨੂੰ ਕਹਿਣ ਲਗੇ। 'ਫਿਰ ਕੀ ਹੋਇਆ?' ਮੈਂ ਜਵਾਬ ਦਿਤਾ। 'ਸਾਡੇ ਫੈਲ ਗਿਐ ਤੇ ਤੁਹਾਡੇ ਵੀ ਆ ਜਾਏਗਾ—ਹੁਣ ਪੱਕੀ ਗੱਲ ਇਹ ਬਸਤੀ ਦਾ ਪੂਰਾ ਚੱਕਰ ਕੱਟੇਗਾ, ਪਿਛਲੀ ਵਾਰੀ ਵਾਂਗ,' ਮੈਂ ਕਿਹਾ। ਫ਼ਾਹ! ਤੇ ਉਸਨੇ ਮੇਰੇ ਸਿਰ 'ਤੇ ਇਕ ਧਰੀ।"

ਗਰਿਗੋਰੀ ਨੇ ਪਾਣੀ ਦਾ ਗਲਾਸ ਭਰਿਆ ਤੇ ਇਕੋ ਡੀਕੇ ਸਾਰਾ ਚਾੜ੍ਹ ਗਿਆ। ਉਸਦੇ ਕੰਨਾਂ ਵਿਚ ਉਹ ਨਿਰਜਿੰਦ ਲਫ਼ਜ਼ ਗੂੰਜ ਰਹੇ ਸਨ:

"ਮੈਂ... ਮਰ... ਰਿਹਾਂ।"

ਪਰ ਸੇਨਕਾ ਉਸਦੇ ਦੁਆਲੇ ਚੱਕਰ ਕੱਟ ਰਿਹਾ ਸੀ, ਤੇ ਉਸਨੇ ਕਦੀ ਆਪਣੇ ਆਪ ਨੂੰ ਆਪਣੇ ਅਸਲੇ ਵਿਚ ਏਨਾ ਮਹਿਸੂਸ ਨਹੀਂ ਸੀ ਕੀਤਾ, ਜਿਵੇਂ ਅੱਜ ਕਰ ਰਿਹਾ ਸੀ।

"ਪਾਣੀ ਦਿਓ," ਅਕਾਰਡੀਅਨ ਵਾਲਾ ਮੇਜ਼ ਸਮੇਤ ਉਹਨਾਂ ਵੱਲ ਨੂੰ ਹੁੰਦਾ ਹੋਇਆ ਬੋਲਿਆ।

ਸੇਨਕਾ ਛਾਲ ਮਾਰ ਕੇ ਉਸ ਵੱਲ ਗਿਆ ਤੇ ਪਾਣੀ ਦਾ ਇਕ ਗਲਾਸ ਉਸਦੇ ਕਾਲੇ ਬੁਲ੍ਹਾਂ ਨੂੰ ਲਾ ਦਿਤਾ। ਗਰਿਗੋਰੀ ਦਰਵਾਜ਼ੇ ਦੇ ਨੇੜੇ ਕੰਧ ਨਾਲ ਝੁਕਿਆ ਖੜਾ ਸੀ; ਉਸਨੇ ਜਿਵੇਂ ਸੁਪਨੇ ਵਿਚ ਬੀਮਾਰ ਨੂੰ ਜ਼ੋਰ ਜ਼ੋਰ ਦੀ ਪਾਣੀ ਸੁੜਕਦਿਆਂ ਸੁਣਿਆ; ਫਿਰ ਉਸਨੇ ਸੇਨਕਾ ਨੂੰ ਇਹ ਤਜਵੀਜ਼ ਦੇਂਦਿਆਂ ਸੁਣਿਆ ਕਿ ਉਸਦੇ ਕੱਪੜੇ ਲਾਹ ਕੇ ਉਸਨੂੰ ਬਿਸਤਰੇ ਵਿਚ ਲਿਟਾ ਦਿਤਾ ਜਾਏ ਤੇ ਫਿਰ ਘਰਾਂ ਨੂੰ ਰੋਗਨ ਕਰਨ ਵਾਲੇ ਦੀ ਬਾਵਰਚਨ ਦੀ ਆਵਾਜ਼ ਆਈ। ਡਰ ਤੇ ਭਾਵਕਤਾ ਨਾਲ ਭਰਿਆ ਆਪਣਾ ਚੌੜਾ ਮੂੰਹ ਉਸਨੇ ਬਾਰੀ ਦੇ ਸ਼ੀਸ਼ੇ ਨਾਲ ਘੁੱਟ ਕੇ ਲਾਇਆ ਹੋਇਆ ਸੀ, ਤੇ ਉਹ ਰੋਣਹਾਕੀ ਆਵਾਜ਼ ਵਿਚ ਕਹਿ ਰਹੀ ਸੀ:

"ਇਹਨੂੰ ਕੁਝ ਧੁਆਂਖ ਦਿਓ ਰਮ ਵਿਚ ਪਾ ਕੇ, ਇਕ ਗਲਾਸ ਰਮ ਦਾ ਵਿਚ ਦੋ ਚਿਮਚੇ ਭਰ ਕੇ ਧੁਆਂਖ ਦੇ।"

ਕਿਸੇ ਹੋਰ ਨੇ, ਜਿਹੜਾ ਦਿੱਸ ਨਹੀਂ ਸੀ ਰਿਹਾ, ਤਜਵੀਜ਼ ਦਿਤੀ ਕਿ ਉਸਨੂੰ ਲੱਕੜ ਦਾ ਤੇਲ, ਲੂਣੇ ਖੀਰਿਆਂ ਦੇ ਪਾਣੀ ਤੇ ਸ਼ਾਹੀ ਵੋਦਕਾ ਨਾਲ ਮਿਲਾ ਕੇ ਦਿਤਾ ਜਾਏ।

ਇਕਦਮ ਕਿਸੇ ਯਾਦ ਦਾ ਚਾਨਣ ਉਸ ਸੰਘਣੀ ਤੇ ਬੋਝਲ ਨਿਰਾਸ਼ਾ ਵਿਚੋਂ ਚੀਰ ਕੇ ਆ ਪਿਆ, ਜਿਹੜੀ ਗਰਿਗੋਰੀ ਉਤੇ ਛਾਈ ਹੋਈ ਸੀ। ਉਸਨੇ ਆਪਣਾ ਮੱਥਾ ਜ਼ੋਰ ਜ਼ੋਰ ਦੀ ਰਗੜਿਆ, ਜਿਵੇਂ ਕਿ ਇਸ ਚਾਨਣ ਨੂੰ ਤੇਜ਼ ਕਰਨਾ ਚਾਹੁੰਦਾ ਹੋਵੇ, ਫਿਰ ਇਕਦਮ ਮੁੜਿਆ ਤੇ ਕਮਰੇ ਵਿਚੋਂ ਬਾਹਰ, ਵਿਹੜੇ ਤੋਂ ਪਾਰ ਤੇ ਬਾਜ਼ਾਰ ਵੱਲ ਨੂੰ ਦੌੜ ਗਿਆ।

"ਹੇ ਪ੍ਰਮਾਤਮਾ! ਮੋਚੀ ਨੂੰ ਵੀ ਇਹ ਹੋ ਗਿਐ! ਉਹ ਹਸਪਤਾਲ ਨੂੰ ਨੱਠ ਗਿਐ," ਓਰਲੋਵ ਦੇ ਇਕਦਮ ਚਲੇ ਜਾਣ ਦੀ ਵਿਆਖਿਆ ਕਰਦੀ ਬਾਵਰਚਨ ਬੋਲੀ।

ਮਾਤਰਿਓਨਾ, ਜੋ ਉਸਦੇ ਕੋਲ ਹੀ ਖੜੀ ਸੀ ਪੀਲੀ ਪੈ ਗਈ, ਉਸਦੀਆਂ ਅੱਖਾਂ ਚੌੜੀਆਂ ਹੋ ਗਈਆਂ ਤੇ ਉਸਨੇ ਸਾਰੀ ਨੇ ਕੰਬਣਾ ਸ਼ੁਰੂ ਕਰ ਦਿਤਾ।

"ਤੂੰ ਝੂਠ ਬੋਲਦੀ ਏਂ," ਆਪਣੇ ਬੁਲ੍ਹਾਂ ਨੂੰ ਮਸਾਂ ਹੀ ਹਿਲਾਉਂਦੀ ਉਹ ਬੈਠੀ ਜਿਹੀ ਆਵਾਜ਼ ਵਿਚ ਬੁੜਬੁੜਾਈ। "ਇਹ ਲਾਅਨਤੀ ਬੀਮਾਰੀ ਗਰਿਗੋਰੀ ਨੂੰ ਨਹੀਂ ਹੋ ਸਕਦੀ। ਉਹ ਨਹੀਂ ਹੋਣ ਦੇਣ ਲਗਾ।"

ਪਰ ਬਾਵਰਚਨ, ਅਜੇ ਵੀ ਰੋਂਦੀ ਕੁਰਲਾਉਂਦੀ, ਉਥੋਂ ਚਲੀ ਗਈ, ਤੇ ਪੰਜ ਮਿੰਟ ਮਗਰੋਂ ਗੁਆਂਢੀਆਂ ਤੇ ਰਾਹ ਜਾਂਦਿਆਂ ਦੀ ਨਿੱਕੀ ਜਿਹੀ ਭੀੜ ਸੌਦਾਗਰ ਪੇਤੂਨੀਕੋਵ ਦੇ ਮਕਾਨ ਦੇ ਬਾਹਰ ਬਾਜ਼ਾਰ ਵਿਚ ਜਮ੍ਹਾਂ ਹੋਈ ਹੋਈ ਸੀ। ਸਾਰੇ ਚਿਹਰਿਆਂ ਉਤੇ ਉਹੀ ਭਾਵ ਸਨ: ਜੋਸ਼, ਵਿਚ ਵਿਚ ਨਿਰਾਸ਼ਾਭਰੀ ਮਾਯੂਸੀ, ਘਿਣ, ਦਿਖਾਵੇ ਦੀ ਦਲੇਰੀ। ਵਿਹੜੇ ਤੋਂ ਭੀੜ ਤੱਕ ਤੇ ਫਿਰ ਵਾਪਸ ਸੇਨਕਾ ਆਪਣੇ ਲਿਸ਼ਕਦੇ

ਨੰਗੇ ਪੈਰਾਂ ਨਾਲ ਆ ਜਾ ਰਿਹਾ ਸੀ ਤੇ ਅਕਾਰਡੀਅਨ ਵਾਲੇ ਦੇ ਕਮਰੇ ਵਿਚਲੀ ਹਾਲਤ ਬਾਰੇ ਪਤਾ ਦਈ ਜਾ ਰਿਹਾ ਸੀ।

ਗਲੀ ਵਿਚ ਸੰਘਣੀ ਭੀੜ ਵਿਚ ਇਕੱਠੇ ਹੋਏ ਹੋਏ ਲੋਕ ਗਲੀ ਦੀ ਧੂੜ ਵਾਲੀ ਤੇ ਬੋ ਵਾਲੀ ਹਵਾ ਨੂੰ ਆਪਣੀਆਂ ਆਵਾਜ਼ਾਂ ਦੀ ਘੂਕਰ ਨਾਲ ਭਰ ਰਹੇ ਸਨ; ਕਦੀ ਕਦੀ ਵਿਚੋਂ ਭੈੜੀਆਂ, ਬੇਥਵ੍ਹੀਆਂ ਤੇ ਜ਼ੋਰਦਾਰ ਗਾਲ੍ਹਾਂ ਉਚੀ ਸੁਣਾਈ ਦੇਂਦੀਆਂ।

"ਦੇਖੋ, ਔਹ ਓਰਲੋਵ!"

ਓਰਲੋਵ ਇਕ ਛਕੜੇ ਦੇ ਬੰਘ ਉਤੇ ਬੈਠਾ ਹੋਇਆ ਦਰਵਾਜ਼ੇ ਤੱਕ ਆਇਆ। ਛਕੜੇ ਨੂੰ ਇਕ ਸਾਰੇ ਚਿੱਟੇ ਕਪੜੇ ਪਾਈ ਘੁੱਟੇ ਜਿਹੇ ਮੂੰਹ ਵਾਲਾ ਬੰਦਾ ਚਲਾ ਰਿਹਾ ਸੀ।

"ਰਸਤਾ ਛਡ ਦਿਓ!" ਡੂੰਘੀ ਆਵਾਜ਼ ਵਿਚ ਉਹ ਬੋਲਿਆ, ਤੇ ਛਕੜਾ ਸਿਧਾ ਲੋਕਾਂ ਵਿਚ ਜਾ ਵਾੜਿਆ।

ਛਕੜਾ ਦਿੱਸਣ ਨੇ ਤੇ ਕੋਚਵਾਨ ਦੀਆਂ ਚੀਕਾਂ ਨੇ ਭੀੜ ਦਾ ਉਤਸ਼ਾਹ ਭਰਿਆ ਰੌਂ ਖ਼ਰਾਬ ਕਰ ਦਿਤਾ ਤੇ ਸਾਰੇ ਹੀ ਚੁੱਪ ਹੋ ਗਏ ਤੇ ਉਹਨਾਂ ਵਿਚੋਂ ਕਈ ਕਾਹਲੀ ਕਾਹਲੀ ਉਥੋਂ ਚਲੇ ਗਏ।

ਛਕੜੇ ਦੇ ਪਿੱਛੇ ਪਿੱਛੇ ਉਹ ਵਿਦਿਆਰਥੀ ਆ ਗਿਆ, ਜਿਸ ਨਾਲ ਓਰਲੋਵਾਂ ਦੀ ਜਾਣ-ਪਛਾਣ ਹੋ ਚੁਕੀ ਸੀ। ਉਸਦੀ ਟੋਪੀ ਤਿਲਕ ਕੇ ਸਿਰ ਦੇ ਪਿਛਲੇ ਪਾਸੇ ਗਈ ਹੋਈ ਸੀ, ਮੱਥੇ ਉਤੇ ਮੁੜ੍ਹਕਾ ਆਇਆ ਹੋਇਆ ਸੀ ਤੇ ਉਸਨੇ ਚੁੰਧਿਆ ਦੇਣ ਵਾਲਾ ਚਿੱਟਾ ਲੰਮਾਂ ਚੋਗਾ ਪਾਇਆ ਹੋਇਆ ਸੀ, ਜਿਸ ਵਿਚ ਅਗਲੇ ਪਾਸੇ ਲਾਲ ਕਿਨਾਰੇ ਵਾਲਾ ਵੱਡਾ ਸਾਰਾ ਗੋਲ ਛੇਕ ਸੀ, ਜਿਵੇਂ ਕਿਸੇ ਨੇ ਸਾੜ ਕੇ ਬਣਾ ਦਿਤਾ ਹੋਵੇ।

"ਅੱਛਾ, ਬੀਮਾਰ ਕਿੱਥੇ ਹੈ?" ਉਸਨੇ ਦਰਵਾਜ਼ੇ ਦੇ ਕੋਲ ਕੋਨੇ ਵਿਚ ਇਕੱਠੇ ਹੋਏ ਹੋਏ ਲੋਕਾਂ ਵੱਲ ਟੇਢੀਆਂ ਨਜ਼ਰਾਂ ਸੁੱਟਦਿਆਂ ਉੱਚੀ ਆਵਾਜ਼ ਵਿਚ ਪੁਛਿਆ। ਉਹਨਾਂ ਦਾ ਪ੍ਰਤਿਕਰਮ ਸਦਭਾਵੀ ਨਹੀਂ ਸੀ।

"ਉਇ-ਹੋਇ, ਦੇਖੋ ਤੇ ਸਹੀ ਨਵਾਂ ਬਾਵਰਚੀ।" ਕੋਈ ਉਚੀ ਸਾਰੀ ਬੋਲਿਆ।

"ਜ਼ਰਾ ਠਹਿਰ, ਦੇਖ ਤੇਰੀ ਕਿਵੇਂ ਸੇਵਾ ਕਰਦੈ," ਇਕ ਹੋਰ ਬੰਦਾ ਬੁੜਬੁੜਾਇਆ।

"ਉਹ ਤੈਨੂੰ ਐਸਾ ਸ਼ੋਰਬਾ ਪਿਆਇਗਾ ਕਿ ਤੇਰਾ ਢਿੱਡ ਹੀ ਫਟ ਜਾਇਗਾ," ਕੋਈ ਭੰਡ ਬੋਲਿਆ, ਜਿਹੜਾ ਹਮੇਸ਼ਾ ਹੀ ਹਰ ਭੀੜ ਵਿਚ ਮਿਲ ਜਾਂਦਾ ਹੈ।

ਇਸ ਨਾਲ ਰੁੱਖਾ ਜਿਹਾ ਹਾਸਾ ਫੈਲ ਗਿਆ, ਜਿਸ ਵਿਚ ਡਰ ਤੇ ਬੇਵਿਸ਼ਵਾਸੀ ਦੀ ਰੰਗਤ ਸੀ।

"ਦੇਖ, ਉਹ ਡਰਦੇ ਨਹੀਂ। ਇਸਨੂੰ ਤੂੰ ਕਿੰਜ ਸਮਝਦੈਂ?" ਘੁੱਟੇ ਜਿਹੇ ਮੂੰਹ ਤੇ ਗੁੱਸੇ ਵਾਲੀਆਂ ਨਜ਼ਰਾਂ ਵਾਲੇ ਇਕ ਆਦਮੀ ਨੇ ਬੜੇ ਭਾਵ-ਪੂਰਤ ਢੰਗ ਨਾਲ ਇਹ ਸਵਾਲ ਪੁਛਿਆ।

ਲੋਕ ਗੰਭੀਰ ਹੋ ਗਏ ਤੇ ਉਹਨਾਂ ਦੀ ਗੱਲਬਾਤ ਮਧਮ ਪੈ ਗਈ।

"ਉਹ ਉਸਨੂੰ ਬਾਹਰ ਲਿਆ ਰਹੇ ਨੇ।"

"ਓਰਲੋਵ ਦਾ ਕੰਮ ਏ! ਹੱਤ, ਕੁੱਤਾ!"

"ਡਰਦਾ ਹੀ ਨਹੀਂ।"

"ਉਹਨੂੰ ਡਰ ਕਾਹਦਾ? ਸ਼ਰਾਬੀ ਕਿਤੋਂ ਦਾ।"

"ਖ਼ਿਆਲ ਨਾਲ, ਓਰਲੋਵ। ਉਸਦੇ ਪੈਰ ਜ਼ਰਾ ਉੱਚੇ ਚੁੱਕ। ਹਾਂ, ਇਸ ਤਰ੍ਹਾਂ। ਠੀਕ ਹੈ! ਚੱਲ ਤੂੰ ਪਿਓਤਰ," ਵਿਦਿਆਰਥੀ ਬੋਲਿਆ। "ਮੈਂ ਮਗਰੇ ਮਗਰ ਆਉਂਦਾ ਹਾਂ। ਅੱਛਾ, ਓਰਲੋਵ, ਮੇਰੀ ਬੇਨਤੀ ਏ ਕਿ ਇਸ ਬੀਮਾਰੀ ਵਾਲੀ ਥਾਂ ਨੂੰ ਸਾਫ਼ ਕਰਨ ਵਿਚ ਮੇਰੀ ਮਦਦ ਕਰ। ਨਾਲੇ ਤੈਨੂੰ ਵੀ ਆ ਜਾਇਗਾ ਕਿ ਇਹ ਕਿੰਜ ਕਰਨਾ ਹੈ। ਹੋ ਸਕਦੈ ਕਿਤੇ ਲੋੜ ਪੈ ਜਾਏ। ਸਹਿਮਤ ਏਂ?"

"ਕਿਉਂ ਨਹੀਂ," ਓਰਲੋਵ ਬੋਲਿਆ। ਆਸੇ-ਪਾਸੇ ਨਜ਼ਰ ਮਾਰਦਿਆਂ ਉਸਨੇ ਬੜਾ ਮਾਣ ਮਹਿਸੂਸ ਕੀਤਾ।

"ਮੈਂ ਵੀ ਮਦਦ ਕਰ ਸਕਦਾ ਹਾਂ," ਸੇਨਕਾ ਬੋਲਿਆ।

ਉਹ ਰੋਗੀ ਛਕੜੇ ਨਾਲ ਦਰਵਾਜ਼ੇ ਤੱਕ ਗਿਆ ਸੀ ਤੇ ਆਪਣੀਆਂ ਸੇਵਾਵਾਂ ਪੇਸ਼ ਕਰਨ ਲਈ ਐਨ ਵੇਲੇ ਸਿਰ ਹੀ ਪੁੱਜਾ ਸੀ। ਵਿਦਿਆਰਥੀ ਨੇ ਆਪਣੀਆਂ ਐਨਕਾਂ ਵਿਚੋਂ ਉਸ ਵੱਲ ਦੇਖਿਆ।

"ਤੇ ਤੂੰ ਕੌਣ ਏਂ, ਹੈਂ?"

"ਮਕਾਨ ਰੋਗ਼ਨ ਕਰਨ ਵਾਲਿਆਂ ਵਿਚੋਂ ਹਾਂ। ਮੈਂ ਕੰਮ ਸਿਖ ਰਿਹਾਂ," ਸੇਨਕਾ ਨੇ ਸਪਸ਼ਟ ਕੀਤਾ।

"ਤੈਨੂੰ ਨਹੀਂ ਹੈਜ਼ੇ ਤੋਂ ਡਰ ਆਉਂਦਾ?"

"ਮੈਨੂੰ, ਡਰ?" ਸੇਨਕਾ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ। "ਮੈਨੂੰ ਨਹੀਂ ਕਿਸੇ ਚੀਜ਼ ਤੋਂ ਡਰ ਆਉਂਦਾ।

"ਅੱਛਾ? ਬਹੁਤ ਖ਼ੂਬ! ਤਾਂ ਫਿਰ, ਭਰਾਵੋ..."—ਤੇ ਵਿਦਿਆਰਥੀ ਜ਼ਮੀਨ ਉੱਤੇ ਪਏ ਇਕ ਪੀਪੇ ਉਪਰ ਬੈਠ ਗਿਆ ਤੇ ਅੱਗੇ ਪਿੱਛੇ ਝੂਲਦਾ ਹੋਇਆ ਗਰਿਗੋਰੀ ਤੇ ਸੇਨਕਾ ਨੂੰ ਸਮਝਾਉਣ ਲਗਾ ਕਿ ਆਪਣੇ ਆਪ ਦੀ ਸਫ਼ਾਈ ਰਖਣਾ ਕਿੰਨਾਂ ਜ਼ਰੂਰੀ ਹੈ।

ਡਰੂ ਜਿਹੇ ਢੰਗ ਨਾਲ ਮੁਸਕ੍ਰਾਉਂਦੀ ਹੋਈ ਮਾਤਰਿਓਨਾ ਉਹਨਾਂ ਕੋਲ ਆ ਗਈ। ਉਸਦੇ ਮਗਰ ਮਗਰ ਬਾਵਰਚਣ ਸੀ, ਜਿਹੜੀ ਆਪਣੇ ਥਿੰਦੇ ਐਪਰਨ ਨਾਲ ਆਪਣੀਆਂ ਅੱਖਾਂ ਪੂੰਝ ਰਹੀ ਸੀ। ਕੁਝ ਹੀ ਦੇਰ ਵਿਚ ਹੋਰ ਲੋਕ ਵੀ ਨਾਲ ਆ ਰਲੇ, ਜਿਹੜੇ

ਇੰਝ ਚੋਰੀ ਚੋਰੀ ਆਏ ਜਿਵੇਂ ਕੋਈ ਬਿੱਲੀ ਚਿੜੀ ਤੱਕ ਜਾਂਦੀ ਹੈ। ਅਖੀਰ ਕੋਈ ਦੱਸ ਕੁ ਬੰਦੇ ਵਿਦਿਆਰਥੀ ਦੁਆਲੇ ਇਕੱਠੇ ਹੋ ਗਏ, ਤੇ ਇਸ ਚੀਜ਼ ਨੇ ਉਸਨੂੰ ਉਤਸ਼ਾਹਤ ਕੀਤਾ। ਉਹ ਉਹਨਾਂ ਵਿਚਕਾਰ ਖੜਾ ਸੀ, ਉਹਨਾਂ ਨੂੰ ਜ਼ੋਰ ਜ਼ੋਰ ਦਾ ਹੱਥ ਮਾਰਦਾ ਲੈਕਚਰ ਦੇਣ ਲੱਗ ਪਿਆ ਸੀ, ਜਿਸਨੂੰ ਸੁਣਦਿਆਂ ਉਸਦੇ ਸਰੋਤੇ ਇਕ ਘੜੀ ਮੁਸਕ੍ਰਾ ਪੈਂਦੇ, ਦੂਜੇ ਪਲ ਇਕਾਗਰ-ਚਿੱਤ ਹੋਣ ਦਾ, ਅਣਲੁਕੀ ਬੇਵਿਸ਼ਵਾਸੀ ਦਾ ਜਾਂ ਮਜ਼ਾਕ ਉਡਾਉਂਦੇ ਸ਼ੱਕ ਦਾ ਪ੍ਰਗਟਾਅ ਕਰਦੇ।

"ਸਾਰੀਆਂ ਬੀਮਾਰੀਆਂ ਦਾ ਮੁਕਾਬਲਾ ਕਰਨ ਦਾ ਸਭ ਤੋਂ ਮਹਤਵਪੂਰਨ ਸਾਧਨ ਸਫ਼ਾਈ ਏ—ਸਫ਼ਾਈ, ਸਰੀਰ ਦੀ ਤੇ ਉਸ ਹਵਾ ਦੀ, ਜਿਸ ਵਿਚ ਤੁਸੀਂ ਸਾਹ ਲੈਂਦੇ ਹੋ," ਉਸਨੇ ਉਹਨਾਂ ਨੂੰ ਦਸਿਆ।

"ਉਫ਼, ਪ੍ਰਮਾਤਮਾ!" ਮਕਾਨ ਰੋਗ਼ਨ ਕਰਨ ਵਾਲਿਆਂ ਦੀ ਬਾਵਰਚਣ ਨੇ ਆਹ ਭਰੀ। "ਇਕੋ ਚੀਜ਼ ਜਿਹੜੀ ਤੁਹਾਨੂੰ ਕੁਵੇਲੇ ਦੀ ਮੌਤ ਤੋਂ ਪੱਕੀ ਤਰ੍ਹਾਂ ਬਚਾ ਸਕਦੀ ਹੈ, ਉਹ ਹੈ ਪਵਿੱਤਰ ਸ਼ਹੀਦ ਸੰਤ ਬਾਰਬਾਰਾ ਅੱਗੇ ਅਰਦਾਸ ਕਰਨੀ।"

"ਬਥੇਰੇ ਲੋਕੀਂ ਸਾਫ਼-ਸੁਥਰੇ ਰਹਿੰਦੇ ਨੇ ਤੇ ਸਾਫ਼ ਹਵਾ ਖਾਂਦੇ ਨੇ, ਪਰ ਤਾਂ ਵੀ ਉਹ ਮਰਦੇ ਨੇ," ਇਕ ਹੋਰ ਸਰੋਤੇ ਨੇ ਐਲਾਨ ਕੀਤਾ।

ਓਰਲੋਵ ਵਿਦਿਆਰਥੀ ਵੱਲ ਦੇਖਦਾ ਤੇ ਆਪਣੇ ਮਨ ਵਿਚ ਹੀ ਕੁਝ ਉਥਲਦਾ ਆਪਣੀ ਪਤਨੀ ਕੋਲ ਖੜਾ ਸੀ। ਉਸਨੂੰ ਕਿਸੇ ਨੇ ਬਾਂਹ ਤੋਂ ਜ਼ਰਾ ਕੁ ਖਿੱਚਿਆ।

"ਚਾਚਾ ਗਰਿਗੋਰੀ," ਸੇਨਕਾ ਹੌਲੀ ਜਿਹੀ ਬੋਲਿਆ, ਉਸਦੀਆਂ ਅੱਖਾਂ ਕੋਇਲਿਆਂ ਵਾਂਗ ਮਘ ਰਹੀਆਂ ਸਨ। "ਲਗਦੈ ਕਿ ਕਿਸਲੀਆਕੋਵ ਨੇ ਮਰ ਜਾਣੈ, ਤੇ ਉਹਦਾ ਕੋਈ ਸਾਕ-ਸੰਬੰਧੀ ਤੇ ਹੈ ਨਹੀਂ, ਉਹਦੀ ਅਕਾਰਡੀਅਨ ਕੌਣ ਲਵੇਗਾ,?"

"ਚੁੱਪ ਕੀਤਾ ਰਹੁ, ਬਦਮਾਸ਼," ਓਰਲੋਵ ਉਸਨੂੰ ਪਰੇ ਹਟਾਉਂਦਾ ਹੋਇਆ ਬੋਲਿਆ।

ਸੇਨਕਾ ਪਰੇ ਚਲਾ ਗਿਆ ਤੇ ਅਕਾਰਡੀਅਨ-ਵਾਦਕ ਦੇ ਕਮਰੇ ਦੀਆਂ ਬਾਰੀਆਂ ਵਿਚੋਂ ਝਾਕਣ ਲੱਗਾ। ਉਸਦੀਆਂ ਨਜ਼ਰਾਂ ਕੁਝ ਲਭ ਰਹੀਆਂ ਸਨ।

"ਚੂਨਾ, ਲੁੱਕ...," ਵਿਦਿਆਰਥੀ ਉਚੀ ਉਚੀ ਗਿਣਾ ਰਿਹਾ ਸੀ।

ਇਸ ਅਸ਼ਾਂਤ ਦਿਨ ਦੀ ਸ਼ਾਮ ਨੂੰ ਜਦੋਂ ਓਰਲੋਵ ਬੈਠੇ ਚਾਹ ਪੀ ਰਹੇ ਸਨ, ਤਾਂ ਮਾਤਰਿਓਨਾ ਨੇ ਆਪਣੇ ਘਰ ਵਾਲੇ ਤੋਂ ਉਤਸੁਕਤਾ ਨਾਲ ਪੁਛਿਆ:

"ਅੱਜ ਤੂੰ ਉਸ ਵਿਦਿਆਰਥੀ ਨਾਲ ਕਿਥੇ ਗਿਆ ਸੈਂ?"

ਗਰਿਗੋਰੀ ਨੇ ਬਿਨਾਂ ਜਵਾਬ ਦਿਤਿਆਂ ਉਸ ਵੱਲ ਬੇਧਿਆਨੇ ਜਿਹੇ ਦੇਖਿਆ।

ਦੁਪਹਿਰ ਕੁ ਵੇਲੇ ਅਕਾਰਡੀਅਨ-ਵਾਦਕ ਦੇ ਕਮਰੇ ਦੀ ਸਫ਼ਾਈ ਕਰਨ ਮਗਰੋਂ ਉਹ ਵਿਦਿਆਰਥੀ ਨਾਲ ਚਲਾ ਗਿਆ ਸੀ ਤੇ ਤਿੰਨ ਕੁ ਵਜੇ ਮੁੜਿਆ ਸੀ, ਸੋਚੀਂ

ਡੁੱਬਾ, ਤੇ ਚੁੱਪ-ਗੜੁੱਪ। ਉਹ ਮੰਜੇ ਉਤੇ ਆਣ ਪਿਆ ਸੀ ਤੇ ਇਕ ਵੀ ਲਫ਼ਜ਼ ਬੋਲੇ ਬਿਨਾਂ ਸ਼ਾਮ ਦੀ ਚਾਹ ਦੇ ਵੇਲੇ ਤੱਕ ਉਥੇ ਪਿਆ ਰਿਹਾ ਸੀ, ਭਾਵੇਂ ਉਸਦੀ ਪਤਨੀ ਨੇ ਉਸਨੂੰ ਬੁਲਾਉਣ ਦੀ ਕਈ ਵਾਰੀ ਕੋਸ਼ਿਸ਼ ਕੀਤੀ ਸੀ। ਉਹ ਉਸਦਾ ਜਵਾਬ ਤੱਕ ਵੀ ਨਹੀਂ ਸੀ ਦੇ ਰਿਹਾ, ਤੇ ਇਸ ਵਤੀਰੇ ਦੇ ਅਜੀਬ ਤੇ ਗ਼ੈਰ-ਕੁਦਰਤੀ ਹੋਣ ਨੇ ਉਸਨੂੰ ਬੇਚੈਨ ਕਰ ਦਿਤਾ ਸੀ।

ਐਸੀ ਔਰਤ ਵਾਲੀ ਕੁਦਰਤੀ ਸੂਝ ਨਾਲ, ਜਿਸਦੀ ਸਾਰੀ ਜ਼ਿੰਦਗੀ ਦਾ ਧੁਰਾ ਉਸਦਾ ਪਤੀ ਹੋਵੇ, ਉਸਨੂੰ ਸ਼ੱਕ ਪੈ ਰਿਹਾ ਸੀ ਕਿ ਉਸਦੇ ਸਿਰ ਉਤੇ ਕੋਈ ਨਵੀਂ ਗਲ ਸਵਾਰ ਹੋ ਗਈ ਹੈ। ਇਸ ਗੱਲ ਦਾ ਡਰ ਉਸ ਵਿਚ ਉਤਸੁਕਤਾ ਭੜਕਾਉਂਦਾ ਸੀ—ਉਸਨੂੰ ਹੋ ਕੀ ਗਿਆ ਹੈ?

"ਸ਼ਾਇਦ ਤੇਰੀ ਤਬੀਅਤ ਠੀਕ ਨਹੀਂ, ਗਰਿਗੋਰੀ?"

ਉਸਨੇ ਆਪਣੀ ਪਿਰਚ ਵਿਚਲੀ ਚਾਹ ਦਾ ਆਖ਼ਰੀ ਘੁੱਟ ਅੰਦਰ ਸੁੱਟਿਆ, ਪੁੱਠੇ ਹੱਥ ਨਾਲ ਮੁੱਛਾਂ ਪੂੰਝੀਆਂ ਤੇ ਆਪਣਾ ਖ਼ਾਲੀ ਗਲਾਸ ਮਲਕੜੇ ਜਿਹੇ ਮੇਜ਼ ਤੋਂ ਪਾਰ ਆਪਣੀ ਪਤਨੀ ਵੱਲ ਧਕ ਦਿਤਾ।

"ਵਿਦਿਆਰਥੀ ਨਾਲ ਮੈਂ ਬਾਰਕਾਂ ਵਿਚ ਗਿਆ ਸਾਂ," ਉਸਨੇ ਭਰਵਟੇ ਚੜ੍ਹਾਉਂਦਿਆਂ ਕਿਹਾ।

"ਹੈਜ਼ੇ ਵਾਲੀਆਂ ਬਾਰਕਾਂ ਵੱਲ?" ਮਾਤਰਿਓਨਾ ਬੋਲ ਉਠੀ; ਤੇ ਫਿਰ ਸਹਿਮ ਨਾਲ ਆਵਾਜ਼ ਨੀਵੀਂ ਕਰਦਿਆਂ ਬੋਲੀ: "ਉਥੇ ਬਹੁਤ ਸਾਰੇ ਲੋਕ ਨੇ?"

"ਤਿਰਵੰਜਾ, ਸਮੇਤ ਸਾਡੇ ਅਕਾਰਡੀਅਨ ਵਾਲੇ ਦੇ। ਕੁਝ ਚੰਗੇ ਹੋ ਰਹੇ ਨੇ—ਉਹ ਪਹਿਲਾਂ ਹੀ ਫਿਰ ਤੁਰ ਰਹੇ ਸਨ, ਪੀਲੇ ਪਏ ਹੋਏ ਤੇ ਸੁਕੜੇ।"

"ਹੈਜ਼ੇ ਵਾਲੇ ਲੋਕ? ਮੈਨੂੰ ਨਹੀਂ ਯਕੀਨ ਆਉਂਦਾ। ਉਹਨਾਂ ਨੇ ਕੋਈ ਹੋਰ ਲੈ ਆਂਦੇ ਹੋਣਗੇ ਸਿਰਫ਼ ਦਿਖਾਉਣ ਲਈ—ਇਹ ਜ਼ਾਹਰ ਕਰਨ ਲਈ ਕਿ ਉਹ ਮਰੀਜ਼ਾਂ ਨੂੰ ਰਾਜ਼ੀ ਵੀ ਕਰ ਸਕਦੇ ਨੇ।"

"ਤੂੰ ਬੇਵਕੂਫ਼ ਏਂ," ਗਰਿਗੋਰੀ ਨੇ ਬੜੇ ਫ਼ੈਸਲਾਕੁਨ ਅੰਦਾਜ਼ ਵਿਚ ਕਿਹਾ। ਉਸਦੀਆਂ ਅੱਖਾਂ ਗ਼ੁੱਸੇ ਨਾਲ ਲਿਸ਼ਕ ਰਹੀਆਂ ਸਨ। "ਇਥੇ ਤੁਸੀਂ ਸਾਰੇ ਮੋਟੀ ਬੁਧ ਵਾਲੇ ਹੋ। ਮੂਰਖ ਤੇ ਜਾਹਲ—ਤੂੰ ਬਿਲਕੁਲ ਇਹੋ ਕੁਝ ਏਂ। ਇਹੋ ਜਿਹੇ ਖ਼ਰਦਿਮਾਗਾਂ ਨਾਲ ਰਹਿਣਾ ਬੰਦੇ ਨੂੰ ਮਾਰਨ ਲਈ ਕਾਫ਼ੀ ਹੁੰਦੈ। ਆਪਣੇ ਸਿਰਾਂ ਵਿਚ ਤੁਸੀਂ ਲੋਕ ਇਕ ਗਲ ਨਹੀਂ ਬਿਠਾ ਸਕਦੇ।" ਉਸਨੇ ਆਪਣਾ ਮੁੜ ਕੇ ਭਰਿਆ ਜਾ ਚੁੱਕਾ ਗਲਾਸ ਝਪਟੇ ਨਾਲ ਫੜਿਆ ਤੇ ਮੁੜ ਚੁੱਪ ਹੋ ਗਿਆ।

"ਤੇ ਤੈਨੂੰ ਏਨਾਂ ਕੁਝ ਪਤਾ ਕਿਥੋਂ ਲਗੈ?" ਮਾਤਰਿਓਨਾ ਨੇ ਆਹ ਭਰਦਿਆਂ ਕਾਟਵੇਂ ਢੰਗ ਨਾਲ ਪੁੱਛਿਆ।

ਉਹ ਕੁਝ ਨਾ ਬੋਲਿਆ—ਉਹ ਅਪਹੁੰਚ ਤਰ੍ਹਾਂ ਨਾਲ ਕਰੜਾ ਤੇ ਸੋਚੀਂ ਡੁੱਬਾ ਹੋਇਆ ਸੀ। ਠੰਡਾ ਹੋ ਰਿਹਾ ਸਾਮੋਵਾਰ ਕੋਈ ਸੀ-ਸੀ ਦਾ ਰਾਗ ਅਲਾਪ ਰਿਹਾ ਸੀ। ਬਾਰੀਆਂ ਦੇ ਵਿਚੋਂ ਰੋਗ਼ਨ ਦੀ, ਕਾਰਬਾਲਿਕ ਤੇਜ਼ਾਬ ਦੀ ਤੇ ਛੇੜੇ ਹੋਏ ਕੂੜੇ-ਕਰਕਟ ਵਾਲੇ ਟੋਏ ਦੀ ਬੋ ਆ ਰਹੀ ਸੀ। ਸੰਧਿਆ, ਬੋਆਂ, ਤੇ ਸਾਮੋਵਾਰ ਦੀ ਸੀ-ਸੀ ਸਾਰਾ ਕੁਝ ਮਿਲ ਕੇ ਇਕਮਿਕ ਹੋ ਰਿਹਾ ਸੀ, ਤੇ ਅੰਗੀਠੀ ਦਾ ਕਾਲਾ ਮੂੰਹ ਮੀਆਂ ਬੀਵੀ ਵੱਲ ਇੰਝ ਅੱਖਾਂ ਪਾੜ ਪਾੜ ਕੇ ਦੇਖ ਰਿਹਾ ਸੀ, ਜਿਵੇਂ ਇਹ ਪਹਿਲਾ ਮੌਕਾ ਮਿਲਣ ਉਤੇ ਉਹਨਾਂ ਨੂੰ ਹੜੱਪ ਕਰ ਜਾਣਾ ਚਾਹੁੰਦਾ ਹੋਵੇ। ਦੋਵੇਂ ਜਣੇ ਬੈਠੇ ਆਪਣੀ ਖੰਡ ਨਾਲ ਕਿਰਚ ਕਿਰਚ ਕਰ ਰਹੇ ਸਨ, ਆਪਣੀਆਂ ਪਿਰਚਾਂ ਖੜਕਾ ਰਹੇ ਸਨ, ਤੇ ਚਾਹ ਅੰਦਰ ਸੁੱਟੀ ਜਾ ਰਹੇ ਸਨ। ਮਾਤਰਿਓਨਾ ਅਕਸਰ ਹਉਕੇ ਭਰੀ ਜਾਂਦੀ ਸੀ, ਗਰਿਗੋਰੀ ਮੇਜ਼ ਉਤੇ ਉਂਗਲਾਂ ਨਾਲ ਤਬਲਾ ਵਜਾਈ ਜਾ ਰਿਹਾ ਸੀ।

"ਤੂੰ ਏਨੀ ਸਾਫ-ਸੁਥਰੀ ਚੀਜ਼ ਕਦੀ ਨਹੀਂ ਦੇਖੀ ਹੋਣੀ!" ਉਹ ਅਚਨਚੇਤ ਬੋਲ ਉਠਿਆ। "ਉਥੇ ਕੰਮ ਕਰਨ ਵਾਲੇ ਹਰ ਆਦਮੀ ਨੇ ਚਿੱਟੇ ਕਪੜੇ ਪਾਏ ਹੋਏ ਨੇ। ਬੀਮਾਰਾਂ ਨੂੰ ਹਰ ਘੜੀ ਨੁਹਾਇਆ ਜਾਂਦੈ। ਤੇ ਹਲਕੀ ਸ਼ਰਾਬ ਮਿਲਦੀ ਏ, ਢਾਈ ਰੂਬਲ ਬੋਤਲ ਵਾਲੀ। ਤੇ ਜਿਹੜਾ ਉਹਨਾਂ ਨੂੰ ਖਾਣਾ ਮਿਲਦੈ? ਸਾਡਾ ਢਿਡ ਭਰਨ ਲਈ ਉਸਦੀ ਵਾਸ਼ਨਾ ਹੀ ਬਹੁਤ ਹੋਵੇਗੀ। ਤੇ ਉਹਨਾਂ ਦਾ ਧਿਆਨ ਇੰਝ ਰਖਿਆ ਜਾਂਦੈ—ਬਿਲਕੁਲ ਮਾਵਾਂ ਵਾਂਗ। ਹੂੰ-ਊਂ! ਇਸ ਤੋਂ ਹੁਣ ਜੋ ਮਰਜ਼ੀ ਏ, ਸਮਝ ਲਵੋ। ਇਕ ਬੰਦਾ ਸਾਲਾਂ ਬੱਧੀ ਜਿਊਂਦਾ ਰਹਿੰਦਾ ਹੈ, ਤੇ ਕੋਈ ਉਸਦਾ ਏਨਾ ਖਿਆਲ ਵੀ ਨਹੀਂ ਕਰਦਾ ਕਿ ਉਹਦੇ ਮੂੰਹ 'ਤੇ ਥੁੱਕ ਦੇਵੇ, ਆ ਕੇ ਇਹ ਪੁੱਛਣ ਦੀ ਤਾਂ ਗੱਲ ਹੀ ਛੱਡੋ ਕਿ ਕੀ ਹਾਲ-ਚਾਲ ਏ, ਜ਼ਿੰਦਗੀ ਕਿਵੇਂ ਬੀਤ ਰਹੀ ਏ। ਪਰ ਜਿਉਂ ਹੀ ਉਹਨੇ ਮਰਨ ਦੀ ਧਾਰੀ ਨਹੀਂ, ਕਿ ਉਹ ਉਹਨੂੰ ਮਰਨ ਨਹੀਂ ਦੇਣਗੇ। ਉਹਨੂੰ ਜਿਊਂਦਿਆਂ ਰਖਣ ਲਈ ਉਹ ਆਪਣੇ ਆਪ ਨੂੰ ਅੱਧਿਆਂ ਮਾਰ ਮਾਰ ਲੈਂਦੇ ਨੇ। ਬਾਰਕਾਂ... ਤੇ ਸ਼ਰਾਬ... ਢਾਈਆਂ ਦੀ ਬੋਤਲ ਵਾਲੀ। ਉਹ ਸਮਝ ਨਹੀਂ ਸਕਦੇ ਕਿ ਇਸਦਾ ਕੋਈ ਅਰਥ ਨਹੀਂ? ਸ਼ਰਾਬ ਤੇ ਬਾਰਕਾਂ ਲਈ ਉਹ ਕਿੱਡੀਆਂ ਰਕਮਾਂ ਕਢਦੇ ਨੇ; ਉਹ ਉਹੀ ਰਕਮਾਂ ਉਸ ਲਈ ਜ਼ਿੰਦਗੀ ਨੂੰ ਸੌਖੇਰਿਆਂ ਬਨਾਉਣ ਉਤੇ ਨਹੀਂ ਖ਼ਰਚ ਕਰ ਸਕਦੇ, ਜਦੋਂ ਉਹ ਅਜੇ ਠੀਕ ਠਾਕ ਹੁੰਦਾ ਹੈ—ਹਰ ਸਾਲ ਜ਼ਰਾ ਕੁ ਰਕਮ?"

ਉਸਦੀ ਪਤਨੀ ਨੇ ਸਮਝਣ ਦੀ ਕੋਈ ਕੋਸ਼ਿਸ਼ ਨਾ ਕੀਤੀ ਕਿ ਉਹ ਕੀ ਕਹਿ ਰਿਹਾ ਹੈ; ਉਸ ਲਈ ਏਨਾ ਕਾਫ਼ੀ ਸੀ ਕਿ ਉਹ ਕੋਈ ਨਵੀਂ ਗੱਲ ਕਰ ਰਿਹਾ ਹੈ, ਤੇ ਉਸਨੇ ਇਸ ਤੋਂ ਠੀਕ ਹੀ ਨਤੀਜਾ ਕਢਿਆ: ਗਰਿਗੋਰੀ ਦੀ ਰੂਹ ਵਿਚ ਜੋ ਕੁਝ ਵੀ ਖੌਲ ਰਿਹਾ ਹੈ, ਉਹ ਉਸ ਲਈ ਬਦਕਿਸਮਤੀ ਦੀ ਪੇਸ਼ਗੋਈ ਕਰਦਾ ਹੈ। ਉਹ ਜਾਨਣਾ ਚਾਹੁੰਦੀ ਸੀ ਕਿ ਇਸਦਾ ਠੀਕ ਠੀਕ ਉਸ ਉਤੇ ਕੀ ਅਸਰ ਹੋਵੇਗਾ, ਤੇ

ਉਹ ਜਲਦੀ ਤੋਂ ਜਲਦੀ ਇਹ ਜਾਨਣਾ ਚਾਹੁੰਦੀ ਸੀ। ਤੇ ਉਸਦੀ ਇਸ ਇੱਛਾ ਸੀ ਡਰ, ਤੇ ਆਸ ਤੇ ਆਪਣੇ ਪਤੀ ਵੱਲ ਕੁਝ ਦੁਸ਼ਮਣੀ ਦਾ ਭਾਵ ਭਰਿਆ ਹੋਇਆ ਸੀ।

"ਉਹਨਾਂ ਨੂੰ ਸ਼ਾਇਦ ਤੇਰੇ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਪਤੈ ਕਿ ਉਹ ਕੀ ਕਰ ਰਹੇ ਨੇ," ਜਦੋਂ ਉਹ ਆਪਣੀ ਗੱਲ ਖ਼ਤਮ ਕਰ ਚੁੱਕਾ ਤਾਂ ਮਾਤਰਿਓਨਾ ਨੇ ਬੁਲ੍ਹ ਸਕੋੜਦੀ ਨੇ ਕਿਹਾ।

ਗਰਿਗੋਰੀ ਨੇ ਮੋਢੇ ਸੁੰਗੇੜੇ, ਉਸ ਵੱਲ ਟੇਢੀ ਨਜ਼ਰ ਸੁੱਟੀ ਤੇ ਜ਼ਰਾ ਕੁ ਰੁਕਣ ਪਿਛੋਂ ਉਹ ਹੋਰ ਵੀ ਉੱਚੀ ਆਵਾਜ਼ ਵਿਚ ਬੋਲਣ ਲੱਗਾ:

"ਇਹ ਉਹਨਾਂ ਦਾ ਕੰਮ ਏ, ਉਹ ਜਾਣਦੇ ਨੇ ਕਿ ਨਹੀਂ ਜਾਣਦੇ। ਪਰ ਜੇ ਮੈਂ ਜ਼ਿੰਦਗੀ ਦਾ ਚੰਗਾ ਸੁਆਦ ਮਾਣੇ ਤੋਂ ਬਿਨਾਂ ਮਰ ਜਾਣਾ ਏ ਤਾਂ ਇਹਦੇ ਬਾਰੇ ਮੈਂ ਜੋ ਚਾਹਾਂ ਕਹਿ ਸਕਦਾ ਹਾਂ। ਤੇ ਮੈਂ ਤੈਨੂੰ ਇਹ ਕਹਿੰਦਾ ਹਾਂ: ਇਸ ਤਰ੍ਹਾਂ ਦੀ ਜ਼ਿੰਦਗੀ ਮੈਂ ਬਥੇਰੀ ਦੇਖ ਲਈ ਏ, ਤੇ ਇਥੇ ਬੈਠਿਆਂ ਮੇਰੀ ਉਡੀਕਦੇ ਰਹਿਣ ਦੀ ਕੋਈ ਸਲਾਹ ਨਹੀਂ ਕਿ ਕਦੋਂ ਹੈਜ਼ਾ ਆਏ ਤੇ ਮੈਨੂੰ ਗੰਢਾਂ ਵਾਂਗ ਮਰੋੜ ਸੁੱਟੇ। ਮੈਂ ਇੰਝ ਨਹੀਂ ਕਰ ਸਕਦਾ। ਪਿਓਤਰ ਇਵਾਨੋਵਿਚ ਕਹਿੰਦੈ: ਤੂੰ ਇਸਨੂੰ ਅੱਗੋਂ ਦੀ ਹੋ ਕੇ ਮਿਲ—ਤੂੰ ਕਿਸਮਤ ਤੇ ਖ਼ਿਲਾਫ਼ ਤੇ ਕਿਸਮਤ ਤੇਰੇ ਖ਼ਿਲਾਫ਼, ਤੇ ਦੇਖੋ ਕੌਣ ਜਿੱਤਦਾ ਹੈ। ਖੁਲ੍ਹੀ ਲੜਾਈ, ਤੇ ਕਿਸੇ ਦੀ ਕੋਈ ਰਈ ਨਹੀਂ। ਦੂਜੇ ਸ਼ਬਦਾਂ ਵਿਚ—ਮੈਂ ਬਾਰਕਾਂ ਵਿਚ ਜਾਵਾਂਗਾ ਤੇ ਉਥੇ ਕੰਮ ਕਰਾਂਗਾ, ਬੱਸ। ਸਮਝੀ? ਮੇਰਾ ਸਿਰ ਭਾਵੇਂ ਸ਼ੇਰ ਦੇ ਮੂੰਹ ਵਿਚ ਪਾ ਦੇ, ਜੇ ਇਹ ਕੱਟ ਲਵੇਗਾ ਤਾਂ ਮੈਂ ਲੱਤਾਂ ਹੀ ਮਾਰੀ ਜਾਵਾਂਗਾ। ਮਹੀਨੇ ਦੇ ਵੀਹ ਰੂਬਲ, ਤੇ ਬੋਨਸ ਇਸ ਤੋਂ ਇਲਾਵਾ। ਠੀਕ ਏ, ਭਾਵੇਂ ਇਸ ਲਈ ਮੈਨੂੰ ਜ਼ਿੰਦਗੀ ਨਾਲ ਮੁੱਲ ਤਾਰਨਾ ਪਵੇ, ਪਰ ਜੇ ਮੈਂ ਇਥੇ ਟਿਕਿਆ ਰਿਹਾ ਤਾਂ ਮੇਰਾ ਹੋਰ ਵੀ ਜਲਦੀ ਦਮ ਨਿਕਲ ਜਾਏਗਾ।"

ਗਰਿਗੋਰੀ ਨੇ ਮੇਜ਼ ਉਤੇ ਏਨੀ ਜ਼ੋਰ ਦਾ ਘਸੁੰਨ ਮਾਰਿਆ ਕਿ ਪਿਰਚਾਂ ਭੁੜਕ ਪਈਆਂ।

ਜਦੋਂ ਉਸਨੇ ਤਕਰੀਰ ਸ਼ੁਰੂ ਕੀਤੀ ਸੀ ਤਾਂ ਮਾਤਰਿਓਨਾ ਉਤਸੁਕਤਾ ਨਾਲ ਤੇ ਘੋਖੀ ਨਜ਼ਰਾਂ ਨਾਲ ਦੇਖਦੀ ਰਹੀ ਸੀ; ਜਦੋਂ ਉਸਨੇ ਗੱਲ ਖ਼ਤਮ ਕੀਤੀ ਤਾਂ ਉਸਨੇ ਨਾਮਨਜ਼ੂਰੀ ਵਿਚ ਆਪਣੀਆਂ ਅੱਖਾਂ ਸੁੰਗੇੜੀਆਂ।

"ਵਿਦਿਆਰਥੀ ਨੇ ਤੈਨੂੰ ਇੰਝ ਕਰਨ ਦੀ ਸਲਾਹ ਦਿਤੀ ਏ?" ਉਸਨੇ ਝਿਜਕਦੀ ਹੋਈ ਨੇ ਪੁਛਿਆ।

"ਮੇਰਾ ਆਪਣਾ ਵੀ ਦਿਮਾਗ਼ ਹੈ; ਮੈਂ ਆਪਣੇ ਲਈ ਸੋਚ ਸਕਦਾ ਹਾਂ," ਓਰਲੋਵ ਨੇ ਗੱਲ ਟਾਲਦਿਆਂ ਕਿਹਾ।

"ਅੱਛਾ, ਤੇ ਉਸਨੇ ਕੀ ਸਲਾਹ ਦਿਤੀ ਏ ਕਿ ਮੇਰਾ ਕੀ ਕਰੇਂਗਾ?" ਮਾਤਰਿਓਨਾ ਨੇ ਅਗੋਂ ਪੁਛਿਆ।

"ਤੇਰਾ?" ਗਰਿਗੋਰੀ ਜ਼ਰਾ ਕੁ ਠਠੰਬਰ ਗਿਆ—ਉਸਨੇ ਆਪਣੀ ਪਤਨੀ ਬਾਰੇ ਤਾਂ ਸੋਚਿਆ ਹੀ ਨਹੀਂ ਸੀ। ਉਹ ਉਸਨੂੰ ਘਰ ਛੱਡ ਸਕਦਾ ਸੀ। ਦੂਜੇ ਬੰਦੇ ਵੀ ਤਾਂ ਆਪਣੀਆਂ ਪਤਨੀਆਂ ਨੂੰ ਘਰ ਛਡਦੇ ਹੀ ਸਨ। ਪਰ ਮਾਤਰਿਓਨਾ ਨੂੰ ਛੱਡਣਾ ਖ਼ਤਰੇ ਤੋਂ ਖਾਲੀ ਨਹੀਂ ਹੋਵੇਗਾ। ਉਸ ਉਤੇ ਨਜ਼ਰ ਰਖਣੀ ਪਵੇਗੀ। ਇਹ ਗਿਆਨ ਹੁੰਦਿਆਂ ਹੀ, ਉਹ ਤਿਊੜੀ ਪਾਉਂਦਿਆਂ ਬੋਲਿਆ:

"ਤੂੰ ਇਥੇ ਰਹੇਂਗੀ। ਮੈਂ ਤਨਖ਼ਾਹ ਲਿਆ ਕੇ ਤੈਨੂੰ ਦਿਆ ਕਰਾਂਗਾ।"

"ਅੱਛਾ," ਉਸਦੀ ਪਤਨੀ ਨੇ ਸ਼ਾਂਤੀ ਨਾਲ ਕਿਹਾ ਤੇ ਇਸ ਤਰ੍ਹਾਂ ਭਾਵਪੂਰਤ ਢੰਗ ਨਾਲ ਮੁਸਕ੍ਰਾਈ ਕਿ ਔਰਤ ਦੀ ਐਸੀ ਮੁਸਕ੍ਰਾਹਟ ਆਦਮੀ ਦੇ ਦਿਲ ਵਿਚ ਸਾੜੇ ਦੇ ਛੁਰੇ ਵਾਂਗ ਵੱਜ ਸਕਦੀ ਹੈ।

ਗਰਿਗੋਰੀ ਨੇ, ਜਿਹੜਾ ਕਿ ਬੇਹਦ ਕੋਮਲਭਾਵੀ ਸੀ, ਤੁਰਤ ਇਸਨੂੰ ਮਹਿਸੂਸ ਕਰ ਲਿਆ। ਪਰ ਉਸਨੂੰ ਆਪਣਾ ਮਾਣ ਆਗਿਆ ਨਹੀਂ ਸੀ ਦੇਂਦਾ ਕਿ ਉਹ ਆਪਣੀਆਂ ਭਾਵਨਾਵਾਂ ਆਪਣੀ ਪਤਨੀ ਨੂੰ ਪਤਾ ਲੱਗਣ ਦੇਵੇ।

"'ਛਾ-'ਛਾ, ਕੁਆਕ-ਕੁਆਕ, ਬੱਸ ਇਹੋ ਕੁਝ ਤੂੰ ਕਹਿਣਾ ਜਾਣਦੀ ਏਂ।" ਤੇ ਉਹ ਉਸਦਾ ਜਵਾਬ ਉਡੀਕਣ ਲਗਾ।

ਪਰ ਉਹ ਮੁੜ ਕੇ ਸਿਰਫ਼ ਮੁਸਕ੍ਰਾਈ, ਉਹੀ ਖਿਝਾਉਣੀ ਮੁਸਕ੍ਰਾਹਟ, ਤੇ ਬੋਲੀ ਕੁਝ ਨਾ।

"ਕਿਉਂ, ਇੰਝ ਕੈਸਾ ਰਹੇਗਾ?" ਗਰਿਗੋਰੀ ਨੇ ਆਵਾਜ਼ ਉੱਚੀ ਕਰਦਿਆਂ ਪੁਛਿਆ।

"ਕੀ?" ਇਕਸਾਰ ਗਲਾਸ ਸਾਫ਼ ਕਰਦਿਆਂ ਮਾਤਰਿਓਨਾ ਬੋਲੀ।

"ਸਪਣੀਏਂ। ਬਹੁਤੇ ਫੁੰਕਾਰੇ ਨਾ ਮਾਰ, ਪਾਸੇ ਭੰਨ ਦਿਆਂਗਾ!" ਗਰਿਗੋਰੀ ਫੁੰਕਾਰਿਆ। "ਕੀ ਪਤਾ ਮੈਂ ਮਰਨ ਹੀ ਨਹੀਂ ਚੱਲਿਆਂ।"

"ਮੈਂ ਤਾਂ ਨਹੀਂ ਤੈਨੂੰ ਭੇਜਦੀ ਪਈ, ਨਾ ਜਾ।"

"ਮੈਨੂੰ ਭੇਜ ਕੇ ਤਾਂ ਤੈਨੂੰ ਖ਼ੁਸ਼ੀ ਹੀ ਹੋਵੇਗੀ। ਜਾਣਦਾਂ ਮੈਂ!" ਉਹ ਵਿਅੰਗ ਨਾਲ ਕੂਕਿਆ।

ਉਸਨੇ ਅਗੋਂ ਫਿਰ ਕੁਝ ਨਾ ਕਿਹਾ। ਇਸ ਉਤੇ ਉਹਨੂੰ ਗ਼ੁੱਸਾ ਆ ਗਿਆ, ਪਰ ਉਹ ਆਮ ਵਾਂਗ ਆਪੇ ਤੋਂ ਬਾਹਰ ਨਾ ਹੋਇਆ—ਉਸਨੇ ਕਾਬੂ ਰਖਿਆ ਇਕ ਖ਼ਿਆਲ, ਜਾਂ, ਜਿਵੇਂ ਕਿ ਉਸਨੂੰ ਲੱਗਾ, ਇਕ ਬੜੇ ਖਚਰੇ ਖ਼ਿਆਲ ਕਾਰਨ, ਜਿਹੜਾ ਉਸੇ ਵੇਲੇ ਉਸਦੇ ਮਨ ਵਿਚ ਆਇਆ ਸੀ। ਉਹ ਖੋਰੀ ਜਿਹੇ ਢੰਗ ਨਾਲ ਮੁਸਕ੍ਰਾਉਂਦਾ ਹੋਇਆ ਬੋਲਿਆ, "ਮੈਨੂੰ ਪਤੈ ਤੈਨੂੰ ਬੜੀ ਖ਼ੁਸ਼ੀ ਹੋਵੇਗੀ ਮੈਨੂੰ ਕਿਤੇ ਫਸਿਆ ਦੇਖ ਕੇ, ਪਰ ਤੂੰ ਜ਼ਰਾ ਠਹਿਰ... ਮੈਨੂੰ ਵੀ ਦੋ ਕੁ ਚਾਲਾਂ ਆਉਂਦੀਆਂ ਨੇ। ਮੈਂ ਦਿਖਾਵਾਂਗਾ ਤੈਨੂੰ!"

ਉਹ ਭੁੜਕ ਕੇ ਖੜੋ ਗਿਆ, ਬਾਰੀ ਦੀ ਸਿਲ ਤੋਂ ਆਪਣੀ ਟੋਪੀ ਚੁੱਕੀ ਤੇ ਬਾਹਰ ਨਿਕਲ ਗਿਆ; ਆਪਣੇ ਦਾਅਪੇਚਾਂ ਉਤੇ ਅਫ਼ਸੋਸ ਕਰਦੀ, ਉਸਦੇ ਡਰਾਵਿਆਂ ਦੇ ਖ਼ਿਲਾਫ਼ ਰੋਸ ਪ੍ਰਗਟ ਕਰਦੀ ਤੇ ਭਵਿਖ ਬਾਰੇ ਡਰ ਦੀਆਂ ਭਾਵਨਾਵਾਂ ਨਾਲ ਭਰੀ ਹੋਈ ਆਪਣੀ ਪਤਨੀ ਨੂੰ ਉਥੇ ਛੱਡ ਗਿਆ।

"ਹੇ ਪ੍ਰਮਾਤਮਾ! ਹੇ ਅਰਸ਼ਾਂ ਦੇ ਸਾਈਂ! ਹੇ ਪਾਵਨ ਕੰਨਿਆਂ!" ਉਸਨੇ ਹਉਕਾ ਭਰਿਆ।

ਬਹੁਤ ਦੇਰ ਉਹ ਮੇਜ਼ ਉਤੇ ਬੈਠੀ ਇਸ ਗੱਲ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਦੀ ਰਹੀ ਕਿ ਗਰਿਗੋਰੀ ਕੀ ਕਰਨ ਵਾਲਾ ਹੈ। ਉਸਦੇ ਸਾਮ੍ਹਣੇ ਧੋਤੀਆਂ ਪਲੇਟਾਂ ਪਈਆਂ ਸਨ; ਡੁਬਦੇ ਸੂਰਜ ਦੀਆਂ ਕਿਰਨਾਂ ਉਹਨਾਂ ਦੀ ਬਾਰੀ ਦੇ ਸਾਮ੍ਹਣੇ ਦੀ ਚਿੱਟੀ ਕੰਧ ਉਤੇ ਚਾਨਣ ਦਾ ਗੁਲਾਬੀ ਜਿਹਾ ਹਲਕਾ ਬਣਾ ਰਹੀਆਂ ਸਨ; ਕੰਧ ਇਸਨੂੰ ਪਰਤਾ ਕੇ ਉਹਨਾਂ ਦੇ ਭੋਰੇ ਵਿਚ ਸੁਟਦੀ ਸੀ ਤੇ ਇਹ ਮਾਤਰਿਓਨਾ ਅੱਗੇ ਪਈ ਸ਼ੀਸ਼ੇ ਦੀ ਖੰਡ-ਦਾਨੀ ਦੇ ਕੰਢੇ ਵਿਚ ਆ ਪੈਂਦਾ ਸੀ। ਇਸ ਨਿੱਕੀ ਜਿਹੀ ਰੌਸ਼ਨੀ ਨੇ ਉਸਦਾ ਧਿਆਨ ਖਿੱਚ ਲਿਆ, ਤੇ ਉਹ ਉਥੇ ਬੈਠੀ ਤਿਊੜੀਆਂ-ਪਏ ਮੱਥੇ ਨਾਲ ਉਸ ਵੱਲ ਇਕ-ਟੱਕ ਦੇਖਦੀ ਰਹੀ, ਜਦੋਂ ਤਕ ਕਿ ਉਸਦੀਆਂ ਅੱਖਾਂ ਨਾ ਦੁਖਣ ਲਗ ਪਈਆਂ। ਫਿਰ ਉਸਨੇ ਪਲੇਟਾਂ ਪਰੇ ਰਖ ਦਿਤੀਆਂ ਤੇ ਜਾ ਕੇ ਮੰਜੇ ਉਤੇ ਪੈ ਗਈ।

ਹਨੇਰਾ ਹੋ ਚੁੱਕਾ ਸੀ ਜਦੋਂ ਗਰਿਗੋਰੀ ਵਾਪਸ ਆਇਆ। ਪੌੜੀਆਂ ਉਤੇ ਪੈਂਦੇ ਉਸਦੇ ਕਦਮਾਂ ਦੀ ਆਵਾਜ਼ ਤੋਂ ਉਹ ਦਸ ਸਕਦੀ ਸੀ ਕਿ ਉਹ ਚੰਗੇ ਰੌਂ ਵਿਚ ਸੀ। ਉਹ ਰਾਹ ਟੋਲਦਾ ਬਿਸਤਰੇ ਤੱਕ ਆਇਆ, ਕਮਰੇ ਵਿਚਲੇ ਹਨੇਰੇ ਨੂੰ ਲਾਅਨਤਾਂ ਪਾਉਂਦਾ ਹੋਇਆ, ਤੇ ਉਸ ਕੋਲ ਆ ਬੈਠਾ।

"ਅੰਦਾਜ਼ਾ ਲਾ ਕੀ ਗੱਲ ਏ," ਉਹ ਜ਼ਰਾ ਕੁ ਹਸਦਿਆਂ ਬੋਲਿਆ।

"ਕੀ ਗੱਲ ?"

"ਤੂੰ ਵੀ ਉਥੇ ਮੇਰੇ ਨਾਲ ਕੰਮ ਕਰਨ ਜਾ ਰਹੀ ਏਂ।"

"ਕਿਥੇ ?" ਉਸਨੇ ਕੰਬਦੀ ਆਵਾਜ਼ ਵਿਚ ਪੁਛਿਆ।

"ਉਹਨਾਂ ਹੀ ਬਾਰਕਾਂ ਵਿਚ ਜਿਥੇ ਮੈਂ ਹੋਵਾਂਗਾ," ਉਸਨੇ ਜੇਤੂ ਅੰਦਾਜ਼ ਨਾਲ ਐਲਾਨ ਕੀਤਾ।

ਮਾਤਰਿਓਨਾ ਨੇ ਆਪਣੀਆਂ ਬਾਹਵਾਂ ਉਸਦੇ ਗਲ ਦੁਆਲੇ ਵਲ ਲਈਆਂ, ਉਸਨੂੰ ਜ਼ੋਰ ਦੀ ਘੁਟਿਆ ਤੇ ਉਸਨੂੰ ਬੁਲ੍ਹਾਂ ਉਤੇ ਚੁੰਮਿਆਂ। ਇਹ ਏਨਾ ਅਚਨਚੇਤ ਸੀ ਕਿ ਗਰਿਗੋਰੀ ਨੇ ਉਸਨੂੰ ਪਰੇ ਧੱਕ ਦਿਤਾ।

"ਮੈਨੂੰ ਬਣਾ ਰਹੀ ਏ," ਉਸਨੇ ਸੋਚਿਆ। "ਉਥੇ ਕੰਮ ਇਹ ਬਿਲਕੁਲ ਨਹੀਂ ਕਰਨਾ ਚਾਹੁੰਦੀ, ਚੰਡਾਲ। ਮੈਨੂੰ ਬਣਾ ਰਹੀ ਏ, ਸਪਣੀ, ਆਪਣੇ ਘਰ ਵਾਲੇ ਨੂੰ ਉੱਲੂ ਸਮਝਦੀ ਏ।"

"ਕਾਹਦੀ ਖ਼ੁਸ਼ੀ ਚੜ੍ਹੀ ਏ?" ਉਸਨੇ ਸੁੱਕੇ ਢੰਗ ਨਾਲ ਪੁੱਛਿਆ, ਤੇ ਉਸਦਾ ਇਕਦਮ ਜੀਅ ਕੀਤਾ ਕਿ ਉਸਨੂੰ ਭੁੰਝੇ ਸੁੱਟ ਦੇਵੇ।

"ਵੈਸੇ ਹੀ," ਉਸਨੇ ਚੰਚਲਤਾ ਨਾਲ ਜਵਾਬ ਦਿਤਾ।

"ਰਹਿਣ ਦੇ! ਜਾਣਦਾਂ ਮੈਂ ਤੈਨੂੰ!"

"ਅਰੁਸਲਾਨ*, ਮੇਰੇ ਸੂਰਮੇ!"

"ਬੱਸ ਕਰ... ਨਹੀਂ ਤਾਂ ਦੇਖੀਂ ਫਿਰ!"

"ਗਰਿਗੋਰੀ, ਮੇਰੇ ਪਿਆਰੇ!"

"ਕੀ ਤੇਰਾ ਸਚਮੁਚ ਮਤਲਬ ਇਹੋ ਏ?"

ਜਦੋਂ ਉਸਦੇ ਲਾਡ-ਪਿਆਰ ਨੇ ਗਰਿਗੋਰੀ ਨੂੰ ਜ਼ਰਾ ਕੁ ਠੰਡਾ ਕੀਤਾ, ਤਾਂ ਉਹ ਉਤਸੁਕਤਾ ਨਾਲ ਉਸ ਵੱਲ ਮੁੜਿਆ, ਤੇ ਬੋਲਿਆ:

"ਤੈਨੂੰ ਡਰ ਨਹੀਂ ਲਗਦਾ?"

"ਛੱਡ! ਇਕੱਠੇ ਤਾਂ ਰਹਾਂਗੇ," ਉਸਨੇ ਸਾਦਗੀ ਨਾਲ ਜਵਾਬ ਦਿਤਾ।

ਇਹ ਸੁਨਣਾ ਉਸਨੂੰ ਬੜਾ ਚੰਗਾ ਲਗਾ।

"ਕਿੰਨੀਂ ਚੰਗੀ ਏਂ ਤੂੰ," ਉਹ ਕਹਿ ਉਠਿਆ, ਤੇ ਉਸਨੂੰ ਏਨੀਂ ਜ਼ੋਰ ਦੀ ਚੂੰਡੀ ਵਢੀ ਕਿ ਉਸਦੀ ਚੀਕ ਨਿਕਲ ਗਈ।

ਬਾਰਕਾਂ ਵਿਚ ਓਰਲੋਵਾਂ ਦੇ ਪਹਿਲੇ ਦਿਨ, ਬਹੁਤ ਸਾਰੇ ਨਵੇਂ ਮਰੀਜ਼ ਲਿਆਂਦੇ ਗਏ, ਤੇ ਇਹ ਦੋਵੇਂ ਨਵੇਂ ਨਵੇਂ ਆਏ ਬੰਦੇ, ਜਿਹੜੇ ਆਪਣੇ ਧੀਮੀ-ਚਾਲ ਜੀਵਨ ਦੇ ਆਦੀ ਹੋਏ ਹੋਏ ਸਨ, ਇਸ ਖੌਲਦੀ ਸਰਗਰਮੀ ਦੇ ਦਰਮਿਆਨ ਗੁਆਚੇ ਗੁਆਚੇ ਤੇ ਡਰੇ ਡਰੇ ਮਹਿਸੂਸ ਕਰਨ ਲਗੇ। ਉਹ ਆਪਣੇ ਹੀ ਕੁਢਬਪੁਣੇ ਉਤੇ, ਜੋ ਕੁਝ ਉਹਨਾਂ ਨੂੰ ਕਰਨ ਲਈ ਕਿਹਾ ਜਾਂਦਾ ਸੀ, ਉਹ ਕੁਝ ਸਮਝ ਸਕਣ ਦੀ ਆਪਣੀ ਮੁਸ਼ਕਲ ਉਤੇ, ਤੇ ਪੈ ਰਹੇ ਭਿਅੰਕਰ ਪ੍ਰਭਾਵਾਂ ਉਤੇ ਬੌਂਦਲੇ ਪਏ ਸਨ। ਉਹਨਾਂ ਨੇ ਕੰਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਹ ਸਿਰਫ਼ ਦੂਜਿਆਂ ਦੇ ਕੰਮ ਵਿਚ ਰੁਕਾਵਟ ਹੀ ਬਣ ਰਹੇ ਸਨ। ਕਈ ਮੌਕਿਆਂ ਉਤੇ ਗਰਿਗੋਰੀ ਨੂੰ ਮਹਿਸੂਸ ਹੋਇਆ ਕਿ ਉਸਦੀ ਨਾਲਾਇਕੀ ਉਤੇ ਕੋਈ ਚੀਕੇਗਾ, ਜਾਂ ਉਸਨੂੰ ਸਖ਼ਤ ਡਾਂਟ-ਡਪਟ ਹੋਣੀ ਚਾਹੀਦੀ ਹੈ, ਪਰ ਉਸਨੂੰ ਬੇਹਦ ਹੈਰਾਨੀ ਹੋਈ ਕਿ ਉਸਨੂੰ ਕਿਸੇ ਨੇ ਨਾ ਡਾਂਟਿਆ।

ਜਦੋਂ ਇਕ ਡਾਕਟਰ ਨੇ—ਉੱਚੇ ਲੰਮੇਂ, ਕਾਲੀਆਂ ਮੁੱਛਾਂ ਤੇ ਨੱਕ ਦੀ ਉੱਚੀ ਘੋੜੀ ਵਾਲੇ ਡਾਕਟਰ ਨੇ, ਜਿਸਦੇ ਸੱਜੇ ਭਰਵੱਟੇ ਉਤੇ ਵੱਡਾ ਸਾਰਾ ਕਿੱਲ ਸੀ, ਗਰਿਗੋਰੀ ਨੂੰ ਕਿਹਾ ਕਿ ਇਕ ਬੀਮਾਰ ਨੂੰ ਨਹਾਉਣ ਵਾਲੇ ਟਪ ਵਿਚ ਬਿਠਾਉਣ

---

*ਰੂਸੀ ਲੋਕ—ਕਥਾ ਦਾ ਨਾਇਕ—ਅਨੁ:

ਵਿਚ ਮਦਦ ਕਰੇ, ਤਾਂ ਗਰਿਗੋਰੀ ਨੇ ਬੀਮਾਰ ਨੂੰ ਬਾਹਵਾਂ ਹੇਠੋਂ ਇੰਝ ਦ੍ਰਿੜ੍ਹਤਾ ਨਾਲ ਫੜਿਆ ਕਿ ਉਸਦੀ ਚੀਕ ਨਿਕਲ ਗਈ ਤੇ ਉਹ ਪੀੜ ਨਾਲ ਮੂੰਹ ਮਰੋੜਨ ਲਗ ਪਿਆ।

"ਦੇਖੀਂ ਪਿਆਰੇ, ਇਸਨੂੰ ਭੰਨਣਾ ਨਹੀਂ; ਸਾਬਤ ਦਾ ਸਾਬਤ ਹੀ ਟੱਪ ਵਿਚ ਬਿਠਾਉਣਾ ਹੈ," ਡਾਕਟਰ ਗੰਭੀਰਤਾ ਨਾਲ ਬੋਲਿਆ।

ਗਰਿਗੋਰੀ ਸ਼ਰਮਿੰਦਾ ਹੋ ਗਿਆ। ਮਰੀਜ਼, ਜਿਹੜਾ ਕਿ ਲੰਮਾਂ ਤੇ ਪਤਲਾ ਜਿਹਾ ਬੰਦਾ ਸੀ, ਜ਼ੋਰ ਲਾ ਕੇ ਮੁਸਕ੍ਰਾਇਆ ਤੇ ਬੋਲਿਆ:

"ਨਵਾਂ ਏ... ਅਜੇ ਸਿਖਿਆ ਨਹੀਂ।"

ਜਿਉਂ ਹੀ ਓਰਲੋਵ ਬਾਰਕਾਂ ਵਿਚ ਪੁੱਜੇ, ਤਾਂ ਨੋਕਦਾਰ ਧੌਲੀ ਦਾੜ੍ਹੀ ਵਾਲੇ, ਤੇ ਵਡੀਆਂ ਵਡੀਆਂ ਚਮਕਦੀਆਂ ਅੱਖਾਂ ਵਾਲੇ ਬਜ਼ੁਰਗ ਡਾਕਟਰ ਨੇ ਉਹਨਾਂ ਨੂੰ ਲੈਕਚਰ ਦਿਤਾ ਕਿ ਮਰੀਜ਼ਾਂ ਨਾਲ ਕਿਵੇਂ ਪੇਸ਼ ਆਉਣਾ ਹੈ, ਇਕ ਤੋਂ ਦੂਜੀ ਥਾਂ ਲਿਜਾਣ ਲਗਿਆਂ ਉਹਨਾਂ ਨੂੰ ਕਿਵੇਂ ਫੜਨਾ ਹੈ, ਤੇ ਵਖੋ ਵਖਰੀਆਂ ਹਾਲਤਾਂ ਵਿਚ ਕੀ ਕਰਨਾ ਹੈ। ਅਖ਼ੀਰ ਵਿਚ ਉਸਨੇ ਗਰਿਗੋਰੀ ਤੇ ਮਾਤਰਿਓਨਾ ਨੂੰ ਪੁਛਿਆ ਕਿ ਉਹ ਕੱਲ ਨਹਾਤੇ ਸਨ ਜਾਂ ਨਹੀਂ, ਤੇ ਦੋਹਾਂ ਨੂੰ ਪਾਉਣ ਲਈ ਇਕ ਇਕ ਚਿੱਟਾ ਐਪਰਨ ਦਿਤਾ। ਡਾਕਟਰ ਦੀ ਆਵਾਜ਼ ਬੜੀ ਮਧੁਰ ਸੀ ਤੇ ਉਹ ਤੇਜ਼ ਤੇਜ਼ ਬੋਲਦਾ ਸੀ; ਓਰਲੋਵ ਜੋੜੇ ਨੂੰ ਉਹ ਬੜਾ ਚੰਗਾ ਲਗਾ। ਚਿੱਟੇ ਕਪੜਿਆਂ ਵਾਲੇ ਉਹਨਾਂ ਕੋਲੋਂ ਦੀ ਤੇਜ਼ ਤੇਜ਼ ਆ-ਜਾ ਰਹੇ ਸਨ, ਹੁਕਮ ਤੇਜ਼ ਤੇਜ਼ ਦਿਤੇ ਤੇ ਅਮਲ ਵਿਚ ਲਿਆਂਦੇ ਜਾ ਰਹੇ ਸਨ, ਮਰੀਜ਼ ਕੱਰਾਹ ਰਹੇ ਤੇ ਹੂੰਗਰ ਰਹੇ ਸਨ; ਪਾਣੀ ਡਿੱਗ ਰਿਹਾ ਤੇ ਵਹਿ ਰਿਹਾ ਸੀ, ਤੇ ਇਹ ਸਾਰੀਆਂ ਆਵਾਜ਼ਾਂ ਹਵਾ ਵਿਚ ਤੈਰ ਰਹੀਆਂ ਸਨ, ਜਿਹੜੀ ਅਸੁਖਾਵੀਆਂ ਮੁਸ਼ਕਾਂ ਨਾਲ ਇੰਝ ਭਰੀ ਹੋਈ ਸੀ ਕਿ ਡਾਕਟਰ ਦਾ ਬੋਲਿਆ ਹਰ ਲਫ਼ਜ਼, ਮਰੀਜ਼ ਦੀ ਹਰ ਹੂੰਗਰ, ਆਪਣੀ ਹੀ ਡੰਗ ਮਾਰਦੀ ਮੁਸ਼ਕ ਰਖਦੀ ਲਗਦੀ ਸੀ।

ਪਹਿਲਾਂ ਪਹਿਲਾਂ ਗਰਿਗੋਰੀ ਨੂੰ ਇਥੇ ਹਫੜਾ-ਦਫੜੀ ਤੋਂ ਛੁੱਟ ਹੋਰ ਕੁਝ ਨਾ ਮਹਿਸੂਸ ਹੋਇਆ। ਉਸਨੂੰ ਯਕੀਨ ਸੀ ਕਿ ਉਹ ਕਦੀ ਵੀ ਇਥੇ ਫ਼ਿੱਟ ਨਹੀਂ ਹੋ ਸਕੇਗਾ—ਕਿ ਉਸਦਾ ਦਮ ਘੁਟ ਜਾਇਗਾ ਤੇ ਉਹ ਬੀਮਾਰ ਪੈ ਜਾਇਗਾ। ਪਰ ਕੁਝ ਹੀ ਘੰਟਿਆਂ ਵਿਚ ਉਸ ਸ਼ਕਤੀ ਦੀ ਲਾਗ ਉਸਨੂੰ ਵੀ ਲਗ ਗਈ ਜਿਹੜੀ ਹਰ ਥਾਂ ਘੁਲੀ-ਮਿਲੀ ਹੋਈ ਸੀ; ਉਹ ਚੌਕਸ ਹੋ ਗਿਆ, ਕੰਮ ਆਉਣ ਵਾਲਾ ਬਨਣ ਦੇ ਸਾਧਨ ਲੱਭਣ ਲਈ ਉਤਸੁਕਤ ਹੋ ਗਿਆ, ਕਿਉਂਕਿ ਉਸਨੇ ਮਹਿਸੂਸ ਕਰ ਲਿਆ ਸੀ ਕਿ ਜੇ ਉਹ ਦੂਜਿਆਂ ਵਾਂਗ ਹੀ ਕੰਮ ਵਿਚ ਰੁੱਝ ਜਾਏ ਤਾਂ ਉਹ ਵਧੇਰੇ ਸੌਖਾ ਤੇ ਸ਼ਾਂਤ ਹੋ ਜਾਇਗਾ।

"ਮਰਕਿਊਰਿਕ ਬਾਈਕਲੋਰਾਈਡ!" ਇਕ ਡਾਕਟਰ ਨੇ ਆਵਾਜ਼ ਦਿਤੀ।

"ਗਰਮ ਪਾਣੀ!" ਲਾਲ ਤੇ ਸੁੱਜੀਆਂ ਅੱਖਾਂ ਵਾਲੇ ਇਕ ਪਤਲੇ ਜਿਹੇ ਵਿਦਿਆਰਥੀ ਨੇ ਹੁਕਮ ਦਿਤਾ।

"ਹੇ, ਤੂੰ, ਕੀ ਨਾਂ ਏ ਤੇਰਾ? ਓਰਲੋਵ? ਇਸ ਆਦਮੀ ਦੀਆਂ ਲੱਤਾਂ ਮਲ। ਇਸ ਤਰ੍ਹਾਂ। ਹਾਂ, ਠੀਕ ਏ, ਠੀਕ ਏ। ਜ਼ਰਾ ਹੌਲੀ, ਕਿਤੇ ਮਾਸ ਨਾ ਲਾਹ ਦੇਵੀਂ," ਲੰਮੇ ਵਾਲਾਂ ਵਾਲੇ ਤੇ ਮਾਤਾ ਦੇ ਦਾਗ਼ਾਂ ਵਾਲੇ ਇਕ ਹੋਰ ਵਿਦਿਆਰਥੀ ਨੇ ਗਰਿਗੋਰੀ ਨੂੰ ਮਾਲਸ਼ ਕਰਨੀ ਦਸਦਿਆਂ ਕਿਹਾ।

"ਇਕ ਹੋਰ ਮਰੀਜ਼ ਲੈ ਆਏ ਨੇ," ਕਿਸੇ ਨੇ ਉੱਚੀ ਸਾਰੀ ਕਿਹਾ।

"ਓਰਲੋਵ, ਉਸਨੂੰ ਅੰਦਰ ਲੈ ਆ।"

ਤੇ ਗਰਿਗੋਰੀ, ਡੌਰ-ਭੌਰ ਤੇ ਮੁੜ੍ਹਕੋ-ਮੁੜ੍ਹਕੀ ਹੋਇਆ ਹੋਇਆ, ਬੇਨੂਰ ਅੱਖਾਂ ਤੇ ਧੁੰਦ ਨਾਲ ਭਰੇ ਦਿਮਾਗ਼ ਨਾਲ, ਪੂਰੀ ਵਾਹ ਲਾ ਰਿਹਾ ਸੀ। ਕਦੀ ਕਦੀ ਉਹ ਆਪਣੇ ਪ੍ਰਭਾਵਾਂ ਦੇ ਅਸਰ ਹੇਠ ਏਨਾ ਜ਼ਿਆਦਾ ਆ ਜਾਂਦਾ ਕਿ ਉਸਨੂੰ ਆਪਣੀ ਹੋਂਦ ਦਾ ਅਹਿਸਾਸ ਨਾ ਰਹਿੰਦਾ। ਮਿੱਟੀ-ਰੰਗੇ ਚਿਹਰਿਆਂ ਉਪਰਲੀਆਂ ਬੇਨੂਰ ਅੱਖਾਂ ਦੁਆਲੇ ਹਰੇ ਟਿਮਕਣੇ, ਅੰਗ ਜਿਹੜੇ ਬੀਮਾਰੀ ਕਾਰਨ ਛਾਂਗੇ ਜਾ ਚੁੱਕੇ ਹੋਏ ਸਨ, ਚਿਪਕਵੀਂ ਬੋਦਾਰ ਚਮੜੀ, ਮਸਾਂ ਹੀ ਜਿਊਂਦੇ ਸ਼ਰੀਰਾਂ ਦਾ ਭਿਆਨਕ ਤਰ੍ਹਾਂ ਮਰੋੜੇ ਖਾਣਾ— ਇਹ ਸਾਰੀਆਂ ਗਲਾਂ ਉਸਦੇ ਦਿਲ ਵਿਚ ਚੀਸ ਪੈਦਾ ਕਰਦੀਆਂ ਸਨ ਤੇ ਉਸਦਾ ਕਲੇਜਾ ਮੂੰਹ ਨੂੰ ਲੈ ਆਉਂਦੀਆਂ ਸਨ।

ਇਕ ਦੋ ਵਾਰੀ ਉਸਨੂੰ ਬਾਰਕਾਂ ਦੇ ਬਰਾਮਦੇ ਵਿਚ ਆਪਣੀ ਪਤਨੀ ਦੀ ਝਲਕ ਦਿਸੀ; ਉਹ ਪਤਲੀ ਹੋ ਗਈ ਸੀ, ਉਸਦਾ ਚਿਹਰਾ ਬੱਗਾ ਹੋ ਗਿਆ ਸੀ ਤੇ ਉਹ ਬਦਹਵਾਸ ਹੋਈ ਲਗਦੀ ਸੀ।

"ਕਿਉਂ, ਕਿਸ ਤਰ੍ਹਾਂ?" ਇਕ ਵਾਰੀ ਉਸਨੇ ਉਸਨੂੰ ਪੁਛਿਆ।

ਉਹ ਜਵਾਬ ਵਿਚ ਮਾੜਾ ਜਿਹਾ ਮੁਸਕ੍ਰਾਈ ਤੇ ਚੁੱਪ-ਚਾਪ ਉਥੋਂ ਚਲੀ ਗਈ।

ਗਰਿਗੋਰੀ ਨੂੰ ਖ਼ਿਆਲ ਆਇਆ, ਜਿਹੜਾ ਉਸ ਲਈ ਗ਼ੈਰਕੁਦਰਤੀ ਸੀ: ਆਪਣੀ ਪਤਨੀ ਨੂੰ ਇਸ ਲਾਅਨਤੀ ਥਾਂ ਉਤੇ ਘਸੀਟ ਲਿਆਉਣ ਵਿਚ ਸ਼ਾਇਦ ਮੈਂ ਗ਼ਲਤ ਸਾਂ। ਹੋ ਸਕਦੈ ਉਹਨੂੰ ਕੁਝ ਹੋ ਜਾਏ। ਸੋ, ਅਗਲੀ ਵਾਰੀ ਜਦੋਂ ਉਸਨੇ ਉਸਨੂੰ ਦੇਖਿਆ ਤਾਂ ਬੜੀ ਕਰੜਾਈ ਨਾਲ ਬੋਲਿਆ:

"ਦੇਖੀਂ, ਅਕਸਰ ਹੀ ਹੱਥ ਧੋਇਆ ਕਰ, ਆਪਣਾ ਖ਼ਿਆਲ ਰੱਖੀਂ!"

"ਜੇ ਨਾ ਰੱਖਾਂ ਤਾਂ ਕੀ ਹੋਊ?" ਉਸਨੇ ਜਵਾਬ ਵਿਚ ਕਿਹਾ ਤੇ ਮੁਸਕ੍ਰਾਉਂਦੀ ਨੇ ਆਪਣੇ ਨਿਕੇ ਨਿਕੇ ਚਿਟੇ ਦੰਦ ਲਿਸ਼ਕਾਏ।

ਇਸ ਉਤੇ ਉਸਨੂੰ ਗ਼ੁੱਸਾ ਆ ਗਿਆ। ਚੰਗੀ ਥਾਂ ਲੱਭੀ ਏ ਮਜ਼ਾਕ ਕਰਨ ਲਈ, ਬੇਵਕੂਫ਼! ਕਿਆ ਨੀਚ ਚੀਜ਼ ਹੁੰਦੀਆਂ ਨੇ, ਇਹ ਔਰਤਾਂ! ਪਰ ਮਾਤਰਿਓਨਾ ਨੂੰ ਉਸਦੀਆਂ ਅੱਖਾਂ ਵਿਚ ਚਮਕ ਦਿੱਸ ਪਈ, ਤੇ ਇਸ ਤੋਂ ਪਹਿਲਾਂ ਕਿ ਉਹ ਕੋਈ ਜਵਾਬ ਦੇਂਦਾ, ਉਹ ਔਰਤਾਂ ਦੇ ਵਾਰਡ ਵਿਚ ਅਲੋਪ ਹੋ ਗਈ।

ਕੁਝ ਹੀ ਮਿੰਟਾਂ ਪਿਛੋਂ ਉਹ ਆਪਣੀ ਜਾਣ-ਪਛਾਣ ਦੇ ਇਕ ਪੁਲਸੀਏ ਨੂੰ

ਮੁਰਦਾਖ਼ਾਨੇ ਪੁਚਾ ਰਿਹਾ ਸੀ। ਪੁਲਸੀਆ ਸਟਰੈਚਰ ਉਤੇ ਪਿਆ ਚੁੱਪ-ਚਾਪ ਝੂਲ ਰਿਹਾ ਸੀ, ਉਸਦੀਆਂ ਸ਼ੀਸ਼ਿਆਂ ਵਰਗੀਆਂ ਅੱਖਾਂ ਗਰਮ ਚਮਕਦੇ ਆਕਾਸ਼ ਵੱਲ ਇਕਸਾਰ ਟਿਕੀਆਂ ਹੋਈਆਂ ਸਨ। ਗਰਿਗੋਰੀ ਦਿਲ ਵਿਚ ਧੁੰਦਲੇ ਜਿਹੇ ਸਹਿਮ ਨਾਲ ਉਸ ਵੱਲ ਦੇਖਣ ਲਗਾ: ਅਜੇ ਤਿੰਨ ਹੀ ਦਿਨ ਪਹਿਲਾਂ ਜਦੋਂ ਉਹ ਗਸ਼ਤ ਕਰ ਰਿਹਾ ਸੀ ਤਾਂ ਗਰਿਗੋਰੀ ਨੇ ਉਸਨੂੰ ਦੇਖਿਆ ਸੀ, ਸਗੋਂ ਉਸਨੂੰ ਗਾਲ੍ਹ ਵੀ ਕਢੀ (ਇਸ ਖ਼ਾਸ ਪੁਲਸੀਏ ਨਾਲ ਉਸਨੇ ਮਾੜਾ ਜਿਹਾ ਹਿਸਾਬ ਚੁਕਾਉਣਾ ਸੀ।) ਤੇ ਹੁਣ ਉਹ ਉਥੇ ਲੇਟਿਆ ਪਿਆ ਸੀ, ਉਹ ਆਦਮੀ ਜਿਹੜਾ ਏਨਾਂ ਸਿਹਤਮੰਦ ਤੇ ਖ਼ੂੰਖ਼ਾਰ ਹੁੰਦਾ ਸੀ—ਮਰਿਆ ਪਿਆ, ਘਿਨਾਉਣਾ, ਮਰੋੜੇ ਖਾ ਖਾ ਕੇ ਬਦਸੂਰਤ ਹੋਇਆ ਹੋਇਆ।

ਗਰਿਗੋਰੀ ਨੂੰ ਮਹਿਸੂਸ ਹੋਇਆ ਕਿ ਇਹ ਚੰਗੀ ਗੱਲ ਨਹੀਂ: ਬੰਦਾ ਇਸ ਦੁਨੀਆਂ ਵਿਚ ਆਉਂਦਾ ਹੀ ਕਿਉਂ ਹੈ ਜੇ ਉਸਨੇ ਇਹੋ ਜਿਹੀ ਘਿਨਾਉਣੀ ਬੀਮਾਰੀ ਨਾਲ ਇਕੋ ਦਿਨ ਵਿਚ ਤੁਰ ਜਾਣਾ ਹੁੰਦਾ ਹੈ ਤਾਂ? ਉਸਨੇ ਹੇਠਾਂ ਪੁਲਸੀਏ ਵੱਲ ਨਜ਼ਰ ਮਾਰੀ, ਤੇ ਉਸ ਉਤੇ ਉਸਨੂੰ ਅਫ਼ਸੋਸ ਹੋਣ ਲੱਗਾ।

ਤੇ ਫਿਰ ਇਕਦਮ ਲਾਸ਼ ਦਾ ਖੱਬਾ ਹੱਥ ਹਿੱਲਿਆ ਤੇ ਸਿੱਧਾ ਹੋ ਗਿਆ, ਤੇ ਉਸਦੇ ਮੁੜੇ ਹੋਏ ਮੂੰਹ ਦਾ ਖੱਬਾ ਪਾਸਾ, ਜਿਹੜਾ ਅੱਧ-ਖੁਲ੍ਹਾ ਪਿਆ ਸੀ, ਬੰਦ ਹੋ ਗਿਆ।

"ਰੁਕ ਜਾਹ, ਪਰੋਨਿਨ," ਆਪਣੇ ਵਾਲੇ ਪਾਸਿਉਂ ਸਟਰੈਚਰ ਹੇਠਾਂ ਰਖਦਿਆਂ ਗਰਿਗੋਰੀ ਬੋਲਿਆ, "ਇਹ ਜਿਊਂਦੈ।"

ਦੂਜੇ ਸਿਰੇ ਵਾਲੇ ਆਦਮੀ ਨੇ ਮੁੜ ਕੇ ਦੇਖਿਆ ਤੇ ਘੜੀ ਪਲ ਲਈ ਮੁਰਦੇ ਵੱਲ ਟਿਕਟਿਕੀ ਲਾ ਕੇ ਦੇਖਦਾ ਰਿਹਾ। ਫਿਰ ਗੁੱਸੇ ਹੁੰਦਾ ਹੋਇਆ ਬੋਲਿਆ:

"ਕਿਉਂ ਝੂਠ ਬੋਲਦੈਂ? ਤੈਨੂੰ ਸ਼ਾਇਦ ਪਤਾ ਨਹੀਂ ਕਿ ਇਹ ਤਾਬੂਤ ਲਈ ਆਪਣੇ ਆਪ ਨੂੰ ਸਿੱਧਾ ਕਰ ਰਿਹੈ? ਚੱਲ ਚੁੱਕ।"

"ਪਰ ਇਹ ਹਿੱਲਿਆ ਸੀ," ਗਰਿਗੋਰੀ ਨੇ ਦਹਿਸ਼ਤਜ਼ਦਾ ਹੋਏ ਹੋਏ ਨੇ ਜ਼ੋਰ ਦਿਤਾ।

"ਚੁੱਕ ਚੁੱਕ, ਕਿਆ ਅਜੀਬ ਆਦਮੀ ਏਂ। ਤੈਨੂੰ ਸਮਝ ਨਹੀਂ ਪੈਂਦਾ ਜੋ ਤੈਨੂੰ ਕਿਹਾ ਜਾਂਦੈ? ਉਸਨੇ ਆਪਣੇ ਆਪ ਨੂੰ ਤਾਬੂਤ ਵਿਚ ਪੈਣ ਲਈ ਸਿਧਿਆਂ ਕੀਤੈ, ਮੈਂ ਕਹਿੰਦਾ ਹਾਂ, ਮਤਲਬ ਕਿ ਉਹ ਹਿਲਿਆ ਹੈ। ਤੇਰੀ ਜਹਾਲਤ, ਦੇਖੀਂ, ਤੈਨੂੰ ਕਿਸੇ ਦਿਨ ਮੁਸੀਬਤ ਵਿਚ ਪਾਏਗੀ। ਜਿਊਂਦਾ ਹੈ! ਕਿਵੇਂ ਕਿ ਮੁਰਦਿਆਂ ਬਾਰੇ ਇੰਝ ਕਿਹਾ ਜਾ ਸਕਦੈ! ਤੂੰ ਮੁਸੀਬਤ ਖੜੀ ਕਰਨਾ ਚਾਹੁੰਦੈਂ? ਦੇਖੀਂ, ਇਹਨਾਂ ਦੇ ਹਿੱਲਣ ਬਾਰੇ ਕਿਸੇ ਨੂੰ ਕੋਈ ਲਫ਼ਜ਼ ਨਾ ਕਹੀਂ। ਇਹ ਸਾਰੇ ਹੀ ਇੰਝ ਕਰਦੇ ਨੇ। ਖ਼ਬਰ ਸਾਰੇ ਸ਼ਹਿਰ ਵਿਚ ਧੁੰਮ ਜਾਏਗੀ, ਰਾਈ ਦਾ ਪਹਾੜ ਬਣ ਜਾਏਗਾ, ਤੇ ਫਿਰ ਮੁਸੀਬਤ ਖੜੀ ਹੋ ਜਾਏਗੀ—ਜਿਊਂਦਿਆਂ ਨੂੰ ਦਬਾਈ ਜਾਂਦੇ ਜੇ! ਲੋਕੀਂ ਭੀੜਾਂ ਪਾ ਕੇ ਨੱਠੇ

ਆਉਣਗੇ ਤੇ ਸਾਡੀ ਮਿਝ ਕਢ ਦੇਣਗੇ। ਤੇਰੀ ਵੀ, ਸਮਝਿਆ? ਇਧਰ, ਇਹਨੂੰ ਖੱਬੇ ਪਾਸੇ ਸੁੱਟ ਦੇ।"

ਆਦਮੀ ਦੀ ਸ਼ਾਂਤ ਆਵਾਜ਼ ਤੇ ਅਡੋਲ ਚਾਲ ਨੇ ਗਰਿਗੋਰੀ ਦੀ ਆਪਣੇ ਆਪ ਵਿਚ ਆਉਣ ਵਿਚ ਮਦਦ ਕੀਤੀ।

"ਦਿਲ ਨਾ ਢਾਹ, ਤੂੰ ਇਸਦਾ ਆਦੀ ਹੋ ਜਾਏਂਗਾ। ਮਾੜੀ ਥਾਂ ਨਹੀਂ, ਇਹ। ਚੰਗੀ ਖ਼ੁਰਾਕ, ਚੰਗਾ ਵਰਤਾ, ਤੇ ਬਾਕੀ ਸਭ ਕੁਝ ਚੰਗਾ। ਅਸੀਂ ਸਭ ਨੇ ਕਿਸੇ ਦਿਨ ਲਾਸ਼ਾਂ ਹੀ ਬਨਣਾ ਏ—ਪੱਕੀ ਗੱਲ। ਉਦੋਂ ਤੱਕ ਜੀਊ, ਨਿਰਾ ਡਰੀ ਨਾ ਜਾ। ਇਹ ਸਭ ਤੋਂ ਵਡੀ ਗੱਲ ਏ। ਪੀਂਦਾ ਹੁੰਦੈਂ?"

"ਪੀਂਦਾਂ," ਗਰਿਗੋਰੀ ਬੋਲਿਆ।

"ਖ਼ੂਬ। ਔਥੇ ਇਕ ਟੋਏ ਵਿਚ ਮੈਂ ਇਕ ਬੋਤਲ ਲੁਕਾ ਛੱਡੀ ਹੋਈ ਏ—ਕੀ ਖ਼ਿਆਲ ਏ ਜੇ ਜਾ ਕੇ ਘੁੱਟ ਘੁੱਟ ਲਾ ਆਈਏ ਤਾਂ?"

ਸੋ ਉਹ ਬਾਰਕਾਂ ਦੇ ਪਿਛਲੇ ਪਾਸੇ ਇਕ ਟੋਏ ਕੋਲ ਗਏ, ਘੁੱਟ ਘੁੱਟ ਲਾਈ, ਤੇ ਫਿਰ ਪਰੋਨਿਨ ਨੇ ਖੰਡ ਦੀ ਇਕ ਡਲੀ ਉਤੇ ਪਿਪਰਾਮਿੰਟ ਦੇ ਕੁਝ ਤੁਪਕੇ ਪਾਏ ਤੇ ਇਹ ਕਹਿੰਦਿਆਂ ਗਰਿਗੋਰੀ ਨੂੰ ਫੜਾ ਦਿਤੀ:

"ਆਹ ਖਾ ਲੈ, ਬੋ ਖ਼ਤਮ ਹੋ ਜਾਇਗੀ। ਉਹ ਵੋਦਕਾ ਬਾਰੇ ਇਥੇ ਬੜੇ ਸਖ਼ਤ ਨੇ—ਕਹਿੰਦੇ ਨੇ ਤੁਹਾਡੇ ਲਈ ਮਾੜੀ ਏ।"

"ਤੂੰ ਇਸ ਥਾਂ ਦਾ ਆਦੀ ਹੋ ਗਿਐਂ?" ਗਰਿਗੋਰੀ ਨੇ ਪੁਛਿਆ।

"ਮੈਂ? ਮੈਂ ਤਾਂ ਸ਼ੁਰੂ ਤੋਂ ਹੀ ਇਥੇ ਹਾਂ। ਕਈ ਬੰਦੇ ਮੇਰੇ ਨਾਲ ਦੇ ਛੱਡ ਗਏ ਨੇ—ਸੈਂਕੜੇ ਹੀ, ਸਿੱਧੀ ਗੱਲ ਏ। ਇਹ ਕੋਈ ਬਹੁਤੀ ਅਮਨ-ਚੈਨ ਵਾਲੀ ਜ਼ਿੰਦਗੀ ਨਹੀਂ, ਪਰ ਮਾੜੀ ਨਹੀਂ। ਰੱਬ ਦੀ ਸੇਵਾ ਏ। ਜਿਵੇਂ ਜੰਗ 'ਚ ਹੁੰਦੈ। ਕਦੀ ਤੂੰ ਜੰਗੀ ਨਰਸਾਂ ਬਾਰੇ ਤੇ ਡਾਕਟਰੀ ਕਾਮਿਆਂ ਬਾਰੇ ਸੁਣਿਐ? ਤੁਰਕੀ ਦੀ ਮੁਹਿੰਮ ਵੇਲੇ ਮੈਂ ਇਹ ਬਹੁਤ ਸਾਰੇ ਦੇਖੇ ਸੀ। ਅਰਦਾਗਾਨ ਤੇ ਕਾਰਸ ਵਿਚ। ਉਹ ਲੋਕ ਸਾਡੇ, ਸਿਪਾਹੀਆਂ, ਨਾਲੋਂ ਜ਼ਿਆਦਾ ਬਹਾਦਰ ਹੁੰਦੇ ਨੇ। ਅਸੀਂ ਹੱਥਾਂ ਵਿਚ ਬੰਦੂਕਾਂ ਫੜ ਕੇ, ਗੋਲੀਆਂ ਤੇ ਸੰਗੀਨਾਂ ਨਾਲ, ਲੜਾਈ ਵਿਚ ਜਾਂਦੇ ਹਾਂ। ਪਰ ਉਹ ਗੋਲੀਆਂ ਦੀ ਵਾਛੜ ਵਿਚ ਤੁਰੇ ਫਿਰਦੇ ਨੇ, ਜਿਸ ਤਰ੍ਹਾਂ ਬਾਗ਼ ਦੀ ਸੈਰ ਕਰਦੇ ਪਏ ਹੋਣ। ਉਹ ਸਾਨੂੰ, ਜਾਂ ਤੁਰਕਾਂ ਨੂੰ, ਜੰਗ ਦੇ ਮੈਦਾਨ 'ਚੋਂ ਧੂਹ ਕੇ ਹਸਪਤਾਲ ਲੈ ਜਾਂਦੇ ਨੇ, ਤੇ ਸਾਰਾ ਸਮਾਂ ਗੋਲੀਆਂ ਸਾਂ-ਸਾਂ ਚਲਦੀਆਂ ਰਹਿੰਦੀਆਂ ਨੇ। ਕਦੀ ਕਦੀ ਕਿਸੇ ਡਾਕਟਰੀ ਕਾਮੇ ਨੂੰ ਪਿਛੋਂ ਸਿਰ ਵਿਚ ਗੋਲੀ ਆ ਲਗਦੀ ਏ—ਠੱਸ!—ਤੇ ਕੰਮ ਖ਼ਤਮ।"

ਇਸ ਗੱਲਬਾਤ ਤੋਂ ਮਗਰੋਂ ਤੇ ਵੋਦਕਾ ਦੇ ਚੰਗੇ ਤਕੜੇ ਘੁੱਟਾਂ ਮਗਰੋਂ ਗਰਿਗੋਰੀ ਕੁਝ ਚੰਗਾ ਮਹਿਸੂਸ ਕਰ ਰਿਹਾ ਸੀ।

"ਇਕ ਵਾਰੀ ਲਗਾਮਾਂ ਫੜ ਲਈਆਂ, ਤਾਂ ਫਿਰ ਛੱਡਣੀਆਂ ਕਿਉਂ ਹੋਈਆਂ,"

ਉਸਨੇ ਇਕ ਮਰੀਜ਼ ਦੀਆਂ ਲੱਤਾਂ ਮਲਦਿਆਂ ਆਪਣੇ ਆਪ ਨੂੰ ਕਿਹਾ। ਉਸਦੇ ਮਗਰ ਕੋਈ ਹੁੰਗਰਦਾ ਤੇ ਲਮਕਵੀਂ ਆਵਾਜ਼ ਵਿਚ ਕਹਿ ਰਿਹਾ ਸੀ:

"ਪਾ-ਣੀ! ਕੋਈ ਮੇ-ਏ-ਰਬਾਨੀ ਕਰਕੇ..."

"ਓ-ਹੋ-ਹੋ-ਹੋ! ਜ਼ਰਾ ਕੁ ਗਰਮ! ਇਸ ਨਾਲ ਫ਼ਰਕ ਪੈਂਦੈ, ਡਾਕਟਰ ਸਾਹਬ! ਧਰਮ ਨਾਲ, ਮੈਂ ਮਸੂਸ ਕਰਦਾ! ਉਹਨਾਂ ਨੂੰ ਕਹੋ ਕੁਝ ਹੋਰ ਗਰਮ ਪਾਣੀ ਵਿਚ ਮਿਲਾ ਦੇਣ!"

"ਇਹਨੂੰ ਕੁਝ ਹਲਕੀ ਸ਼ਰਾਬ ਦਿਓ," ਡਾਕਟਰ ਵਾਸਚੇਨਕੋ ਨੇ ਆਵਾਜ਼ ਦਿਤੀ।

ਕੰਮ ਵਿਚ ਪਿਆਂ ਓਰਲੋਵ ਨੇ ਦੇਖਿਆ ਕਿ ਹਾਲਤ ਸਚਮੁਚ ਹੀ ਏਨੀ ਭਿਆਨਕ ਤੇ ਘਿਨਾਉਣੀ ਨਹੀਂ ਸੀ, ਜਿੰਨੀ ਉਸਨੂੰ ਪਹਿਲਾਂ ਲਗੀ ਸੀ, ਤੇ ਜਿਸ ਗਲ ਨੂੰ ਉਸਨੇ ਹਫੜਾ-ਦਫੜੀ ਸਮਝ ਲਿਆ ਸੀ, ਉਹ ਅਸਲ ਵਿਚ ਇਕ ਮਹਾਨ ਤੇ ਸਿਆਣੀ ਸ਼ਕਤੀ ਦਾ ਬਾਕਾਇਦਾ ਕੰਮ ਕਰਨਾ ਸੀ। ਫਿਰ ਵੀ, ਜਦੋਂ ਵੀ ਉਹ ਪੁਲਸੀਏ ਨੂੰ ਯਾਦ ਕਰਦਾ ਤਾਂ ਉਹ ਕੰਬ ਜਾਂਦਾ ਤੇ ਚੋਰੀ ਚੋਰੀ ਬਾਰੀ ਤੋਂ ਬਾਹਰ ਵਿਹੜੇ ਵਿਚ ਦੇਖਣ ਲਗ ਪੈਂਦਾ। ਉਸਨੂੰ ਯਕੀਨ ਸੀ ਕਿ ਉਹ ਮਰ ਚੁੱਕਾ ਸੀ, ਪਰ ਉਸਦਾ ਯਕੀਨ ਡੋਲ ਜਾਂਦਾ ਸੀ। ਤੇ ਕਿਤੇ ਪੁਲਸੀਆ ਇਕਦਮ ਛਾਲ ਮਾਰ ਕੇ ਉਠ ਖੜੋਵੇ ਤੇ ਚੀਕ ਮਾਰ ਦੇਵੇ, ਤਾਂ? ਤੇ ਉਸਨੂੰ ਯਾਦ ਆਇਆ ਕਿ ਕਿਸੇ ਨੇ ਉਸਨੂੰ ਸੁਣਾਇਆ ਸੀ ਕਿ ਹੈਜ਼ੇ ਦੇ ਸ਼ਿਕਾਰ ਹੋਏ ਬੰਦੇ ਇਕ ਵਾਰੀ ਆਪਣੇ ਤਾਬੂਤਾਂ ਵਿਚੋਂ ਛਾਲ ਮਾਰ ਕੇ ਬਾਹਰ ਆ ਗਏ ਸਨ, ਤੇ ਨੱਠ ਗਏ ਸਨ।

ਉਹ ਆਪਣੀ ਪਤਨੀ ਬਾਰੇ ਸੋਚਦਾ। ਉਹ ਕਿਵੇਂ ਮਹਿਸੂਸ ਕਰ ਰਹੀ ਹੈ? ਕਦੀ ਕਦੀ ਉਸਦੇ ਮਨ ਵਿਚ ਘੜੀ ਪਲ ਲਈ ਆਉਂਦਾ ਕਿ ਉਹ ਆਪਣੇ ਕੰਮ ਤੋਂ ਘੜੀ ਕੁ ਕੱਢ ਕੇ ਮਾਤਰਿਓਨਾ ਨੂੰ ਦੇਖ ਆਏ। ਪਰ ਇਹੋ ਜਿਹੇ ਖ਼ਿਆਲਾਂ ਉਤੇ ਉਸਨੂੰ ਸ਼ਰਮ ਆਉਂਦੀ ਤੇ ਉਹ ਮਨ ਹੀ ਮਨ ਵਿਚ ਉਸਨੂੰ ਕਹਿੰਦਾ:

"ਠੀਕ ਏ, ਕੰਮ ਕਰ ਕਰ ਕੇ ਹੰਢਾ ਲੈ ਆਪਣੇ ਆਪ ਨੂੰ, ਮੋਟੀਏ! ਜ਼ਰਾ ਪਤਲੀ ਹੋ ਜਾਏਂਗੀ, ਕੋਈ ਡਰ ਨਹੀਂ। ਨਾਲੇ ਤੇਰੇ ਇਰਾਦੇ ਮਿਟ ਜਾਣਗੇ।"

ਉਸਨੂੰ ਹਮੇਸ਼ਾ ਸ਼ੱਕ ਰਹਿੰਦਾ ਸੀ ਕਿ ਉਸਦੀ ਪਤਨੀ ਐਸੇ ਇਰਾਦੇ ਰਖਦੀ ਹੈ ਜਿਹੜੇ ਪਤੀ ਵਜੋਂ ਉਸਨੂੰ ਖੁਆਰ ਕਰਨ ਵਾਲੇ ਹੁੰਦੇ ਹਨ। ਜਦੋਂ ਉਸਦੇ ਸ਼ੱਕ ਉਸਨੂੰ ਮਾਮਲੇ ਦਾ ਬਾਹਰਮੁਖੀ ਜਾਇਜ਼ਾ ਲੈਣ ਵਲ ਲੈ ਜਾਂਦੇ, ਤਾਂ ਉਹ ਇਹ ਮੰਨਣ ਲਈ ਮਜਬੂਰ ਹੋ ਜਾਂਦਾ ਕਿ ਇਹੋ ਜਿਹੇ ਇਰਾਦੇ ਰੱਖਣ ਲਈ ਉਸ ਕੋਲ ਬਿਲਕੁਲ ਹੱਕੀ ਕਾਰਨ ਸੀ। ਉਹ ਨਿੱਕਾ ਜਿਹਾ ਸੁੰਗੜਿਆ ਜੀਵਨ ਜਿਊ ਰਹੀ ਸੀ। ਇਹੋ ਜਿਹੇ ਜੀਵਨ ਤੋਂ ਕਿਸੇ ਦੇ ਦਿਮਾਗ਼ ਵਿਚ ਹਰ ਤਰ੍ਹਾਂ ਦੇ ਖ਼ਿਆਲ ਆ ਸਕਦੇ ਨੇ। ਇਹ ਬਾਹਰਮੁਖੀ ਪਹੁੰਚ ਉਸਦੇ ਸ਼ੱਕਾਂ ਨੂੰ ਵਿਸ਼ਵਾਸਾਂ ਵਿਚ ਬਦਲਣ ਲਈ ਬਹੁਤ ਹੁੰਦੀ—

ਘੱਟੋ-ਘੱਟ ਉਸ ਸਮੇਂ ਲਈ। ਕਦੀ ਉਹ ਆਪਣੇ ਆਪ ਨੂੰ ਪੁੱਛਦਾ ਕਿ ਕਿਉਂ ਉਹ ਆਪਣੇ ਭੋਰੇ ਵਿਚੋਂ ਨਿਕਲ ਕੇ ਇਸ ਉਬਲਦੇ ਕੜਾਹੇ ਵਿਚ ਆ ਪਿਆ ਸੀ ? ਤੇ ਉਸਨੂੰ ਕੋਈ ਜਵਾਬ ਨਾ ਸੁਝਦਾ। ਪਰ ਉਸਦੇ ਅੰਦਰ ਕਿਤੇ ਡੂੰਘੀ ਥਾਂ ਉਸਦੀਆਂ ਸੋਚਾਂ ਜਾਰੀ ਰਹਿੰਦੀਆਂ, ਤੇ ਜਿਸ ਤਣੇ ਹੋਏ ਧਿਆਨ ਨਾਲ ਉਹ ਡਾਕਟਰਾਂ ਦੀਆਂ ਸਰਗਰਮੀਆਂ ਨੂੰ ਦੇਖਦਾ ਰਹਿੰਦਾ, ਉਹ ਇਕ ਤਰ੍ਹਾਂ ਨਾਲ ਐਸੀ ਰੁਕਾਵਟ ਵਜੋਂ ਕੰਮ ਕਰਦਾ, ਜਿਹੜੀ ਉਸਦੇ ਖ਼ਿਆਲਾਂ ਨੂੰ ਉਸਦੇ ਕੰਮ ਵਿਚ ਦਖ਼ਲ ਦੇਣ ਤੋਂ ਰੋਕ ਰਖਦੀ। ਇਸ ਤੋਂ ਪਹਿਲਾਂ ਉਸਨੇ ਲੋਕਾਂ ਨੂੰ ਕਦੀ ਏਨੀ ਨਿਸ਼ਕਾਮਤਾ ਨਾਲ ਕੰਮ ਕਰਦਿਆਂ ਨਹੀਂ ਸੀ ਦੇਖਿਆ, ਜਿਸਤਰ੍ਹਾਂ ਉਹ ਇਥੇ ਕਰਦੇ ਸਨ, ਤੇ ਜਦੋਂ ਉਹ ਡਾਕਟਰਾਂ ਤੇ ਵਿਦਿਆਰਥੀਆਂ ਦੇ ਥੱਕੇ ਹੋਏ ਚਿਹਰਿਆਂ ਨੂੰ ਦੇਖਦਾ, ਤਾਂ ਉਹ ਸੋਚਦਾ ਕਿ ਇਹ ਨੇ ਲੋਕ ਜਿਹੜੇ ਆਪਣਾ ਪੈਸਾ ਸਚਮੁਚ ਕਮਾਉਂਦੇ ਨੇ।

ਦਿਹਾੜੀ ਖ਼ਤਮ ਹੋਣ ਉਤੇ ਜਦੋਂ ਉਸਦਾ ਕੰਮ ਮੁਕਾ, ਤਾਂ ਥੱਕਿਆ-ਟੁਟਿਆ ਗਰਿਗੋਰੀ ਬਾਰਕਾਂ ਦੇ ਵਿਹੜੇ ਵਿਚ ਚਲਾ ਗਿਆ ਤੇ ਕੈਮਿਸਟ ਦੀ ਦੁਕਾਨ ਦੀ ਬਾਰੀ ਹੇਠ ਲੇਟ ਗਿਆ। ਉਸਦਾ ਸਿਰ ਸਾਂ-ਸਾਂ ਕਰ ਰਿਹਾ ਸੀ, ਉਸਦੇ ਪੇਟ ਵਿਚ ਕੁਤਰਨ ਵਰਗੀ ਦਰਦ ਹੋ ਰਹੀ ਸੀ, ਤੇ ਉਸਦੇ ਪੈਰਾਂ ਵਿਚ ਚੀਸਾਂ ਪੈ ਰਹੀਆਂ ਸਨ। ਬਿਨਾਂ ਕਿਸੇ ਖ਼ਿਆਲ ਜਾਂ ਇੱਛਾ ਦੇ, ਉਹ ਘਾਹ ਉਤੇ ਲੇਟ ਗਿਆ ਤੇ ਫੰਬਿਆਂ ਵਰਗੇ ਬੱਦਲਾਂ ਵੱਲ ਦੇਖਦਾ ਰਿਹਾ, ਜਿਨ੍ਹਾਂ ਨੂੰ ਡੁਬਦੇ ਸੂਰਜ ਦੀਆਂ ਕਿਰਨਾਂ ਭਰਪੂਰ ਰੰਗ ਦੇ ਰਹੀਆਂ ਸਨ, ਤੇ ਜਲਦੀ ਹੀ ਘੂਕ ਸੌਂ ਗਿਆ।

ਉਸਨੂੰ ਸੁਪਨਾ ਆਇਆ ਕਿ ਇਕ ਬਹੁਤ ਵਡੇ ਸਾਰੇ ਕਮਰੇ ਵਿਚ ਜਿਸਦੀਆਂ ਕੰਧਾਂ ਦੇ ਨਾਲ ਨਾਲ ਸਿੱਧੀਆਂ ਢੋਆਂ ਵਾਲੀਆਂ ਕੁਰਸੀਆਂ ਲਗੀਆਂ ਹੋਈਆਂ ਸਨ, ਇਕ ਡਾਕਟਰ ਉਸਦੀ ਤੇ ਉਸਦੀ ਪਤਨੀ ਦੀ ਖ਼ਾਤਰ ਕਰ ਰਿਹਾ ਹੈ। ਇਹਨਾਂ ਕੁਰਸੀਆਂ ਉਤੇ ਬਾਰਕਾਂ ਵਿਚਲੇ ਸਾਰੇ ਮਰੀਜ਼ ਬੈਠੇ ਸਨ। ਡਾਕਟਰ ਤੇ ਮਾਤਰਿਓਨਾ ਕਮਰੇ ਦੇ ਵਿਚਕਾਰ ਰੂਸੀ ਨਾਚ ਨਚ ਰਹੇ ਸਨ ਤੇ ਉਹ ਆਪ ਅਕਾਰਡੀਅਨ ਵਜਾ ਰਿਹਾ ਸੀ ਤੇ ਹੱਸ ਰਿਹਾ ਸੀ, ਕਿਉਂਕਿ ਡਾਕਟਰ ਦੀਆਂ ਲੰਮੀਆਂ ਲੱਤਾਂ ਝੁਕ ਨਹੀਂ ਸਨ ਰਹੀਆਂ, ਤੇ ਉਹ ਬਿਲਕੁਲ ਦਲਦਲ ਵਿਚ ਸਾਰਸ ਵਾਂਗ ਲਗ ਰਿਹਾ ਸੀ ਜਦੋਂ ਉਹ ਹਾਲ ਵਿਚ ਮਾਤਰਿਓਨਾ ਦੇ ਪਿੱਛੇ ਪਿੱਛੇ ਮਹਤਵਪੂਰਨ ਤੇ ਰੁੱਸੇ ਹੋਏ ਅੰਦਾਜ਼ ਵਿਚ ਜਾ ਰਿਹਾ ਸੀ। ਤੇ ਸਾਰੇ ਮਰੀਜ਼ ਵੀ ਹੱਸ ਹੱਸ ਦੂਹਰੇ ਹੋ ਰਹੇ ਸਨ।

ਇਕਦਮ ਦਰਵਾਜ਼ੇ ਵਿਚ ਪੁਲਸੀਆ ਆ ਦਿਖਾਈ ਦਿਤਾ।

"ਆਹਾ!" ਉਹ ਧਮਕੀ ਦੇਂਦੇ ਢੰਗ ਨਾਲ ਉੱਚੀ ਜਿਹੀ ਚਿੱਲਾਇਆ। "ਤੂੰ, ਗਰਿਗੋਰੀ, ਸੋਚਿਆ ਸੀ ਕਿ ਮੈਂ ਮਰ ਗਿਆ ਹਾਂ ? ਮੈਨੂੰ ਮੁਰਦਾਘਰ ਵਿਚ ਸੁੱਟ ਆਇਆ ਸੈਂ, ਤੇ ਆਪ ਆ ਕੇ ਅਕਾਰਡੀਅਨ ਵਜਾਉਣ ਡਿਹੈਂ! ਅੱਛਾ, ਚੱਲ ਤੁਰ ਮੇਰੇ ਨਾਲ। ਉੱਠ!"

ਗਰਿਗੋਰੀ ਸਾਰਾ ਕੰਬਦਾ ਹੋਇਆ ਤੇ ਪਸੀਨੇ ਨਾਲ ਭਿੱਜਾ ਜਲਦੀ ਨਾਲ ਉੱਠ ਕੇ ਬੈਠ ਗਿਆ। ਉਸਦੇ ਸਾਮ੍ਹਣੇ ਡਾਕਟਰ ਵਾਸਚੈਨਕੋ ਬੈਠਾ ਸੀ।

"ਤੂੰ ਕਿਸਤਰ੍ਹਾਂ ਦਾ ਹਸਪਤਾਲ ਵਿਚ ਕੰਮ ਕਰਨ ਵਾਲਾ ਏਂ, ਮੇਰੇ ਦੋਸਤ, ਜੇ ਤੂੰ ਜ਼ਮੀਨ ਉਤੇ ਸੌਂਦਾ ਏਂ, ਤੇ ਉਹ ਵੀ ਢਿਡ ਭਾਰ?" ਉਸਨੇ ਝਾੜ ਪਾਉਂਦਿਆਂ ਕਿਹਾ। "ਜੇ ਤੇਰੇ ਪੇਟ ਨੂੰ ਸਰਦੀ ਲਗ ਜਾਏ, ਤਾਂ ਤੂੰ ਬੀਮਾਰ ਪੈ ਜਾਏਂਗਾ, ਤੇ ਹੋ ਸਕਦੈ ਤੈਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਤੂੰ ਚਲਦਾ ਹੋਵੇਂ। ਇੰਝ ਨਹੀਂ ਚਲੇਗਾ, ਮੇਰੇ ਦੋਸਤ। ਤੈਨੂੰ ਬਾਰਕਾਂ ਦੇ ਅੰਦਰ ਸੌਣ ਲਈ ਮੰਜਾ ਦਿਤਾ ਗਿਐ, ਤੈਨੂੰ ਕਿਸੇ ਦਸਿਆ ਨਹੀਂ? ਤੈਨੂੰ ਮੁੜ੍ਹਕਾ ਆਇਆ ਹੋਇਐ, ਤੇ ਤੈਨੂੰ ਸਰਦੀ ਲਗ ਗਈ ਏ। ਚੱਲ ਆ, ਮੈਂ ਤੈਨੂੰ ਕੋਈ ਦਵਾਈ ਦਿਆਂ।"

"ਮੈਨੂੰ ਐਵੇਂ ਜ਼ਰਾ ਥਕਾਵਟ ਲਗ ਰਹੀ ਸੀ," ਗਰਿਗੋਰੀ ਬੁੜਬੁੜਾਇਆ।

"ਹੋਰ ਵੀ ਮਾੜੈ। ਤੈਨੂੰ ਆਪਣਾ ਧਿਆਨ ਰਖਣਾ ਪਵੇਗਾ। ਸਮਾਂ ਖ਼ਤਰਨਾਕ ਏ, ਤੇ ਤੇਰੀ ਸਾਨੂੰ ਲੋੜ ਏ।"

ਗਰਿਗੋਰੀ ਬਰਾਮਦੇ ਵਿਚ ਚੁੱਪ-ਚਾਪ ਡਾਕਟਰ ਦੇ ਪਿੱਛੇ ਪਿੱਛੇ ਤੁਰੀ ਗਿਆ; ਉਸੇ ਤਰ੍ਹਾਂ ਚੁੱਪ-ਚਾਪ ਉਸਨੇ ਇਕ ਗਲਾਸੀ ਵਿਚੋਂ ਕੁਝ ਦਵਾਈ ਅੰਦਰ ਸੁੱਟ ਲਈ, ਫਿਰ ਇਕ ਹੋਰ ਵਿਚੋਂ, ਕੁਝ ਮੂੰਹ ਵੱਟਿਆ ਤੇ ਥੁੱਕਿਆ।

"ਹੁਣ ਜਾ ਤੇ ਜ਼ਰਾ ਸੌਂ ਲੈ," ਡਾਕਟਰ ਨੇ ਕਿਹਾ ਤੇ ਆਪਣੀਆਂ ਲੰਮੀਆਂ ਪਤਲੀਆਂ ਲੱਤਾਂ ਨਾਲ ਤੁਰਦਾ ਉਥੋਂ ਚਲਾ ਗਿਆ।

ਗਰਿਗੋਰੀ ਨੇ ਉਸਨੂੰ ਜਾਂਦਿਆਂ ਦੇਖਿਆ ਤੇ ਫਿਰ ਇਕਦਮ ਹੀ, ਮੁਸਕ੍ਰਾਉਂਦਿਆਂ, ਉਸਦੇ ਪਿੱਛੇ ਨੱਠ ਉਠਿਆ।

"ਸ਼ੁਕਰੀਆ, ਡਾਕਟਰ ਸਾਹਬ।"

"ਕਾਹਦੇ ਲਈ?" ਉਸਨੇ ਅਗੋਂ ਪੁਛਿਆ।

"ਜਿਹੜੀ ਤੁਸੀਂ ਤਕਲੀਫ਼ ਕੀਤੀ ਏ। ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਮੈਂ ਤੁਹਾਡੇ ਲਈ ਤਨ ਮਨ ਨਾਲ ਕੰਮ ਕਰਾਂਗਾ। ਮੈਂ ਸਮਝਦਾਂ ਤੁਸੀਂ ਮੇਰੇ ਲਈ ਜਿਹੜੀ ਤਕਲੀਫ਼ ਕੀਤੀ ਏ... ਤੇ... ਜਿਹੜਾ ਤੁਸੀਂ ਕਿਹੈ ਕਿ ਮੇਰੀ ਲੋੜ ਏ... ਤੇ ਹੋਰ ਵੀ ਸਭ ਕੁਝ ਲਈ ਬਹੁਤ ਬਹੁਤ ਸ਼ੁਕਰੀਆ।

ਡਾਕਟਰ ਉਸਦੇ ਮੂੰਹ ਵੱਲ ਹੈਰਾਨੀ ਨਾਲ ਇਕਟਕ ਦੇਖਣ ਲਗਾ, ਜਿਸ ਉਤੇ ਕਿਸੇ ਨਵੀਂ ਖ਼ੁਸ਼ੀ ਦੀ ਚਮਕ ਆ ਗਈ ਸੀ, ਤੇ ਉਹ ਆਪ ਵੀ ਮੁਸਕ੍ਰਾਉਣ ਲਗ ਪਿਆ।

"ਤੂੰ ਅਜੀਬ ਬੰਦਾ ਏਂ," ਉਹ ਬੋਲਿਆ। "ਪਰ ਠੀਕ ਏ, ਅਸਲ ਵਿਚ ਇਹ ਬੜਾ ਚੰਗੈ, ਸੁਹਿਰਦ। ਸੋ ਕੰਮ ਕਰੀ ਚੱਲ, ਤਨ ਮਨ ਨਾਲ, ਪਰ ਮੇਰੇ ਲਈ ਨਹੀਂ, ਸਗੋਂ ਮਰੀਜ਼ਾਂ ਲਈ। ਅਸੀਂ ਲੋਕਾਂ ਨੂੰ ਇਸ ਬੀਮਾਰੀ ਤੋਂ ਬਚਾਉਣਾ ਹੈ—ਇਸ

ਤਰ੍ਹਾਂ ਨਾਲ, ਉਹਨਾਂ ਨੂੰ ਇਸਦੇ ਪੰਜਿਆਂ ਵਿਚੋਂ ਛੁਡਾਉਣਾ ਹੈ। ਸਮਝੇ? ਸੋ ਇਹ ਗੱਲ ਏ, ਅਸੀਂ ਬੀਮਾਰੀ ਉਤੇ ਜਿੱਤ ਪਾਉਣ ਲਈ ਤਨ ਮਨ ਨਾਲ ਕੰਮ ਕਰਨਾ ਹੈ। ਪਰ ਪਹਿਲਾਂ, ਜਾ ਕੇ ਜ਼ਰਾ ਸੌਂ ਲੈ।"

ਜਲਦੀ ਹੀ ਮਗਰੋਂ ਗਰਿਗੋਰੀ ਆਪਣੇ ਪੇਟ ਵਿਚ ਕਿਸੇ ਨਿੱਘੀ ਤੇ ਸੁਖਦਾਈ ਚੀਜ਼ ਦੇ ਖ਼ੁਸ਼ੀ ਦੇਣ ਵਾਲੇ ਅਹਿਸਾਸ ਨਾਲ, ਆਰਾਮ ਨਾਲ ਬਿਸਤਰੇ ਵਿਚ ਪਿਆ ਉਂਘਲਾ ਰਿਹਾ ਸੀ। ਉਹ ਖ਼ੁਸ਼ ਮਹਿਸੂਸ ਕਰ ਰਿਹਾ ਸੀ, ਤੇ ਡਾਕਟਰ ਨਾਲ ਇਸ ਕੁਝ ਸਾਦੀ ਜਿਹੀ ਗੱਲਬਾਤ ਕਰਨ ਉਤੇ ਉਹਨੂੰ ਮਾਨ ਸੀ।

ਸੌਣ ਤੋਂ ਪਹਿਲਾਂ, ਉਸਨੂੰ ਅਫ਼ਸੋਸ ਹੋਇਆ ਕਿ ਮਾਤਰਿਓਨਾ ਨੇ ਉਹਨਾਂ ਦੀ ਗੱਲਬਾਤ ਨਹੀਂ ਸੁਣੀ। ਕੱਲ ਉਹਨੂੰ ਸਭ ਕੁਝ ਦਸਾਂਗਾ। ਪਰ ਉਸਨੇ ਯਕੀਨ ਹੀ ਨਹੀਂ ਕਰਨਾ, ਲੜਾਕੀ ਮਿਰਚ ਨੇ!

ਅਗਲੀ ਸਵੇਰ ਉਸਨੂੰ ਪਤਨੀ ਦੀ ਆਵਾਜ਼ ਨੇ ਉਠਾਇਆ: "ਚੱਲ ਚਾਹ ਪੀ ਲੈ, ਗਰਿਗੋਰੀ।"

ਉਸਨੇ ਆਪਣਾ ਸਿਰ ਚੁਕਿਆ ਤੇ ਉਸ ਵੱਲ ਦੇਖਿਆ। ਉਹ ਉਸ ਵੱਲ ਦੇਖ ਕੇ ਮੁਸਕ੍ਰਾਈ। ਉਸਨੇ ਵਾਲ ਚੰਗੀ ਤਰ੍ਹਾਂ ਵਾਹੇ ਹੋਏ ਸਨ ਤੇ ਉਹ ਆਪਣੇ ਚਿੱਟੇ ਲਿਬਾਸ ਵਿਚ ਕਿੰਨੀ ਸਾਫ਼ ਤੇ ਸੱਜਰੀ ਲਗ ਰਹੀ ਸੀ।

ਉਸਨੂੰ ਇੰਝ ਦੇਖ ਕੇ ਗਰਿਗੋਰੀ ਨੂੰ ਖ਼ੁਸ਼ੀ ਹੋਈ, ਪਰ ਉਸਨੂੰ ਇਹ ਖ਼ਿਆਲ ਸਤਾਉਣ ਲਗਾ ਕਿ ਬਾਰਕਾਂ ਵਿਚਲੇ ਦੂਜੇ ਆਦਮੀਆਂ ਨੂੰ ਵੀ ਤਾਂ ਉਹ ਇਸੇ ਤਰ੍ਹਾਂ ਲਗਦੀ ਹੋਵੇਗੀ।

"ਕੈਸੀ ਚਾਹ ਪੀਵਾਂ? ਮੇਰੇ ਕੋਲ ਆਪਣੀ ਚਾਹ ਹੈ—ਮੈਂ ਚਾਹ ਪੀਣ ਕਿਤੇ ਹੋਰਥੇ ਕਿਉਂ ਜਾਵਾਂ?" ਉਸਨੇ ਵੱਟੇ ਮੂੰਹ ਨਾਲ ਕਿਹਾ।

"ਤੂੰ ਮੇਰੇ ਨਾਲ ਚੱਲ—ਅਸੀਂ ਰਲ ਕੇ ਚਾਹ ਪੀਆਂਗੇ," ਉਸਨੇ ਬੜੀਆਂ ਪਿਆਰ-ਭਰੀਆਂ ਨਜ਼ਰਾਂ ਨਾਲ ਉਸ ਵਲ ਦੇਖਦਿਆਂ ਕਿਹਾ।

ਗਰਿਗੋਰੀ ਨੇ ਆਪਣੀਆਂ ਨਜ਼ਰਾਂ ਉਸ ਵਲੋਂ ਹਟਾਉਂਦਿਆਂ ਕਿਹਾ ਕਿ ਮੈਂ ਆਉਂਦਾ ਹਾਂ।

ਜਦੋਂ ਉਹ ਚਲੀ ਗਈ ਤਾਂ ਉਹ ਫਿਰ ਲੇਟ ਗਿਆ ਤੇ ਸੋਚਣ ਲਗ ਪਿਆ।

"ਕਿਆ ਚੀਜ਼ ਏ! ਮੈਨੂੰ ਚਾਹ ਪੀਣ ਲਈ ਬੁਲਾਉਂਦੀ ਏ, ਤੇ ਕੈਸੀਆਂ ਨਜ਼ਰਾਂ ਨਾਲ... ਉਹ ਕੁਝ ਪਤਲੀ ਹੋ ਗਈ ਲਗਦੀ ਏ।" ਉਸਨੂੰ ਮਾਤਰਿਓਨਾ ਉਤੇ ਤਰਸ ਆਇਆ ਤੇ ਉਸਨੂੰ ਖ਼ੁਸ਼ ਕਰਨ ਲਈ ਉਹ ਕੁਝ ਕਰਨਾ ਚਾਹੁੰਦਾ ਸੀ। ਸ਼ਾਇਦ ਚਾਹ ਨਾਲ ਉਸ ਵਾਸਤੇ ਕੁਝ ਮਿਠਿਆਈ ਖ਼ਰੀਦ ਲਈ ਜਾਏ। ਪਰ ਜਿਸ

ਵੇਲੇ ਉਹ ਮੂੰਹ ਹੱਥ ਧੋ ਰਿਹਾ ਸੀ ਤਾਂ ਉਸਨੇ ਇਹ ਵਿਚਾਰ ਰੱਦ ਕਰ ਦਿਤਾ। ਔਰਤ ਨੂੰ ਵਿਗਾੜਨ ਦਾ ਕੋਈ ਮਤਲਬ ਨਹੀਂ। ਉਹ ਮਿਠਿਆਈ ਤੋਂ ਬਿਨਾਂ ਵੀ ਰਹਿ ਸਕਦੀ ਹੈ।

ਉਹਨਾਂ ਨੇ ਨਿੱਕੇ ਜਿਹੇ ਕਮਰੇ ਵਿਚ ਚਾਹ ਪੀਤੀ, ਜਿਸ ਵਿਚ ਦੋ ਬਾਰੀਆਂ ਸਨ, ਜਿਹੜੀਆਂ ਇਕ ਖੇਤ ਵੱਲ ਖੁਲ੍ਹਦੀਆਂ ਸੰਨ, ਜਿਹੜਾ ਚੜ੍ਹਦੇ ਸੂਰਜ ਦੇ ਸੁਨਹਿਰੀ ਚਾਨਣ ਵਿਚ ਡੁੱਬਾ ਹੋਇਆ ਸੀ। ਬਾਰੀਆਂ ਦੇ ਨੇੜੇ ਘਾਹ ਉਤੇ ਤ੍ਰੇਲ ਅਜੇ ਵੀ ਲਿਸ਼ਕ ਰਹੀ ਸੀ ਤੇ ਦੂਰ, ਸਵੇਰ ਸਾਰ ਦੀ ਗੁਲਾਬੀ ਧੁੰਦ ਵਿਚ, ਜਰਨੈਲੀ-ਸੜਕ ਦੇ ਨਾਲ ਨਾਲ ਉੱਗੇ ਦਰਖ਼ਤਾਂ ਦੀ ਕਤਾਰ ਵੇਖੀ ਜਾ ਸਕਦੀ ਸੀ। ਆਕਾਸ਼ ਸਾਫ਼ ਸੀ ਤੇ ਹਵਾ ਰੁਮਕਦੀ ਹੋਈ ਬਾਰੀ ਵਿਚੋਂ ਸਿਲ੍ਹੀ ਜ਼ਮੀਨ ਤੇ ਘਾਹ ਦੀ ਵਾਸ਼ਨਾ ਲਿਆ ਰਹੀ ਸੀ।

ਮੇਜ਼ ਬਾਰੀਆਂ ਦੇ ਵਿਚਕਾਰ ਕੰਧ ਨਾਲ ਲਗਾ ਹੋਇਆ ਸੀ, ਤੇ ਮੇਜ਼ ਉਤੇ ਤਿੰਨ ਬੰਦੇ ਬੈਠੇ ਸਨ: ਗਰਿਗੋਰੀ, ਮਾਤਰਿਓਨਾ ਤੇ ਮਤਰਿਓਨਾ ਦੀ ਇਕ ਸਹੇਲੀ— ਇਕ ਲੰਮੀ, ਪਤਲੀ ਅਧਖੜ ਔਰਤ, ਜਿਸਦੇ ਮੂੰਹ ਉਤੇ ਦਾਗ ਸਨ ਤੇ ਅਖਾਂ ਮਿਹਰਬਾਨ ਸਲੇਟੀ ਰੰਗ ਦੀਆਂ ਸਨ। ਉਸਦਾ ਨਾਂ ਫ਼ਿਲਿਤਸਾਤਾ ਯੇਗੋਰੋਵਨਾ, ਉਹ ਅਣਵਿਆਹੀ ਸੀ, ਉਸਦਾ ਪਿਓ ਅਸੈਸਰ ਰਿਹਾ ਸੀ, ਤੇ ਉਹ ਹਮੇਸ਼ਾ ਆਪਣੀ ਚਾਹ ਲਈ ਆਪਣੇ ਸਾਮੋਵਾਰ ਵਿਚ ਪਾਣੀ ਉਬਾਲਦੀ ਸੀ, ਕਿਉਂਕਿ ਹਸਪਤਾਲ ਦੀ ਟੈਂਕੀ ਵਿਚ ਉਬਲਿਆ ਪਾਣੀ ਪੀਣਾ ਉਹ ਬਰਦਾਸ਼ਤ ਨਹੀਂ ਸੀ ਕਰ ਸਕਦੀ। ਇਹ ਸਾਰਾ ਕੁਝ ਉਸਨੇ ਓਰਲੋਵ ਨੂੰ ਫਟੀ ਜਿਹੀ ਆਵਾਜ਼ ਵਿਚ ਦਸਿਆ, ਤੇ ਫਿਰ, ਬਾਰੀ ਦੇ ਕੋਲ ਬੈਠਣ ਦਾ ਤੇ ਆਪਣੇ ਫੇਫੜ "ਅਸਲੀ ਸਵਰਗੀ ਹਵਾ" ਨਾਲ ਭਰਨ ਦਾ ਉਸਨੂੰ ਸੱਦਾ ਦੇਂਦਿਆ ਉਹ ਬਾਹਰ ਚਲੀ ਗਈ।

"ਕੱਲ ਤੂੰ ਥੱਕ ਗਈ ਸੈਂ?" ਗਰਿਗੋਰੀ ਨੇ ਆਪਣੀ ਪਤਨੀ ਨੂੰ ਪੁੱਛਿਆ।

"ਬੁਰੀ ਤਰ੍ਹਾਂ," ਉਸਨੇ ਚੰਚਲਤਾ ਨਾਲ ਜਵਾਬ ਦਿਤਾ। "ਮੈਨੂੰ ਲੱਗਾ ਜਿਸਤਰ੍ਹਾਂ ਮੇਰੇ ਪੈਰ ਜਵਾਬ ਦਈ ਜਾਂਦੇ ਨੇ, ਸਿਰ ਚੱਕਰ ਖਾਈ ਜਾ ਰਿਹਾ ਸੀ, ਇਕ ਲਫ਼ਜ਼ ਸਮਝ 'ਚ ਨਹੀਂ ਸੀ ਆ ਰਿਹਾ। ਮੈਨੂੰ ਇਹੋ ਧੁੜਕੂ ਲਗਾ ਰਿਹਾ ਕਿ ਮੈਂ ਗਈ। ਮਸਾਂ ਮਸਾਂ ਸ਼ਾਮ ਤੱਕ ਸਮਾਂ ਕਟਿਆ। ਸਾਰਾ ਸਮਾਂ ਮੈਂ ਅਰਦਾਸਾਂ ਕਰਦੀ ਰਹੀ। 'ਹੇ ਪ੍ਰਮਾਤਮਾ, ਮਿਹਰ ਕਰੀਂ,' ਕਹਿੰਦੀ ਰਹੀ।"

"ਤੈਨੂੰ ਡਰ ਲਗਦੈ?"

"ਮੁਰਦਿਆਂ ਤੋਂ ਮੈਨੂੰ ਡਰ ਲਗਦੈ। ਤੈਨੂੰ ਪਤੈ—" ਉਹ ਅੱਗੇ ਨੂੰ ਝੁਕੀ ਤੇ ਡਰੀ ਹੋਈ ਦੱਬੀ ਆਵਾਜ਼ ਵਿਚ ਬੋਲੀ—"ਮੋਏ ਹੋਏ ਵੀ ਉਹ ਹਿਲਦੇ ਨੇ, ਧਰਮ ਨਾਲ!"

"ਮੈਂ ਆਪ ਵੀ ਇਹ ਦੇਖਿਆ ਸੀ," ਗਰਿਗੋਰੀ ਨੇ ਬੇਵਿਸ਼ਵਾਸੀ ਜਿਹੀ ਵਾਲਾ ਹਾਸਾ ਹਸਦਿਆਂ ਕਿਹਾ। "ਕਲ ਪੁਲਸੀਏ ਨਜ਼ਾਰੋਵ ਨੇ ਮਰਨ ਤੋਂ ਪਿਛੋਂ ਮੇਰੇ ਇਕ ਧਰੀ। ਮੈਂ ਉਸਨੂੰ ਮੁਰਦਾਘਰ ਲਿਜਾ ਰਿਹਾ ਸਾਂ, ਤੇ ਇਕਦਮ ਉਸਨੇ ਆਪਣੀ ਖੱਬੀ ਬਾਂਹ ਘੁਮਾਈ—ਮੈਨੂੰ ਬਚਾ ਕਰਨ ਦਾ ਵੀ ਸਮਾਂ ਨਾ ਮਿਲਿਆ। ਕਿਉਂ, ਕੈਸੈ?" ਉਸਨੇ ਜ਼ਰਾ ਕੁ ਵਧਾ-ਚੜ੍ਹਾਂ ਕੇ ਗੱਲ ਕੀਤੀ ਸੀ, ਪਰ ਇਹ ਆਪਣੇ ਆਪ ਹੋ ਗਿਆ ਸੀ, ਉਸਦੀ ਇੱਛਾ ਤੋਂ ਬਿਨਾਂ।

ਇਸ ਚਾਨਣੇ ਸਾਫ਼ ਕਮਰੇ ਵਿਚ, ਜਿਸਦੀਆਂ ਬਾਰੀਆਂ ਵਿਚੋਂ ਅਥਾਹ ਹਰੇ ਖੇਤ ਤੇ ਨੀਲਾ ਆਕਾਸ਼ ਦਿਸਦੇ ਸਨ, ਚਾਹ ਪੀ ਕੇ ਉਸਨੂੰ ਬੜੀ ਖ਼ੁਸ਼ੀ ਮਿਲੀ। ਤੇ ਕੁਝ ਹੋਰ ਵੀ ਸੀ ਜਿਹੜਾ ਉਸਨੂੰ ਚੰਗਾ ਲੱਗਾ, ਪਰ ਉਸਨੂੰ ਪੱਕਾ ਪਤਾ ਨਹੀਂ ਸੀ ਕਿ ਇਹ ਉਸ ਕਰਕੇ ਹੈ ਜਾਂ ਉਸਦੀ ਪਤਨੀ ਕਰਕੇ। ਪਰ ਸਭ ਤੋਂ ਵਧ, ਉਹ ਆਪਣੇ ਸੁਭਾ ਦਾ ਸਭ ਤੋਂ ਚੰਗਾ ਪੱਖ ਦਿਖਾਉਣਾ ਚਾਹੁੰਦਾ ਸੀ, ਉਸ ਦਿਨ ਦਾ ਨਾਇਕ ਬਨਣਾ ਚਾਹੁੰਦਾ ਸੀ।

"ਮੈਂ ਇਕ ਵਾਰੀ ਜੋਸ਼ ਵਿਚ ਆ ਕੇ ਕੰਮ ਕਰਨ ਲਗ ਪਵਾਂ, ਤਾਂ ਆਕਾਸ਼ ਵੀ ਗਰਮ ਹੋ ਜਾਂਦੈ। ਤੇ ਇਸਦਾ ਕਾਰਨ ਵੀ ਮੇਰਾ ਆਪਣਾ ਹੀ ਏ। ਪਹਿਲੀ ਗੱਲ ਤਾਂ ਇਹ ਕਿ ਇਥੋਂ ਦੇ ਲੋਕ ਇਸ ਦੁਨੀਆਂ ਦੇ ਬੰਦੇ ਨਹੀਂ।"

ਤੇ ਉਸਨੇ ਡਾਕਟਰ ਨਾਲ ਹੋਈ ਆਪਣੀ ਗੱਲਬਾਤ ਬਾਰੇ ਉਸਨੂੰ ਦਸਿਆ। ਉਹ ਫਿਰ ਬਿਨਾਂ ਧਿਆਨ ਦਿਤਿਆਂ, ਅਤਿਕਥਨੀ ਕਰ ਰਿਹਾ ਸੀ ਤੇ ਇਸ ਨਾਲ ਉਸਦੀ ਮਨੋਵਸਥਾ ਹੋਰ ਵੀ ਚੰਗੀ ਹੋ ਗਈ।

"ਦੂਜੀ ਗੱਲ—ਖ਼ੁਦ ਕੰਮ ਇੰਝ ਦਾ ਹੈ। ਇਹ ਮਹਾਨ ਕੰਮ ਏ—ਜੰਗ ਵਰਗਾ ਕੁਝ, ਮਿਸਾਲ ਵਜੋਂ: ਇਕ ਪਾਸੇ ਹੈਜ਼ਾ, ਦੂਜੇ ਪਾਸੇ ਮਰੀਜ਼, ਤੇ ਕੌਣ ਜਿੱਤੇਗਾ? ਇਸ ਵਿਚ ਦਿਮਾਗ਼ ਦੀ ਲੋੜ ਏ, ਤੇ ਸਭ ਕੁਝ ਐਨ ਠੀਕ ਠੀਕ ਹੋਣਾ ਚਾਹੀਦੈ। ਆਖ਼ਰ ਹੈਜ਼ਾ ਕੀ ਏ? ਇਹ ਜਾਨਣ ਦੀ ਲੋੜ ਏ, ਤੇ ਫਿਰ ਪੂਰੇ ਜ਼ੋਰ ਨਾਲ ਇਸ ਨੂੰ ਟਿਕਾਓ, ਬਿਲਕੁਲ ਕਮਜ਼ੋਰ ਥਾਂ ਉਤੇ। ਡਾਕਟਰ ਵਾਸਚੇਨਕੋ ਨੇ ਮੈਨੂੰ ਦਸਿਆ: 'ਤੇ ਤੂੰ ਬਿਲਕੁਲ ਉਹ ਆਦਮੀ ਏਂ ਜਿਸਦੀ ਸਾਨੂੰ ਲੋੜ ਏ, ਓਰਲੋਵ,' ਉਹ ਕਹਿਣ ਲਗਾ, 'ਇਸਦੇ ਪੈ ਜਾ,' ਉਹ ਬੋਲਿਆ 'ਇਸਨੂੰ ਉਹਨਾਂ ਦੇ ਪੈਰਾਂ ਵਿਚੋਂ ਧੱਕ ਕੇ ਪੇਟ ਵਿਚ ਲਿਆ ਦੇ, ਤੇ ਉਥੇ,' ਉਹ ਕਹਿਣ ਲੱਗਾ, 'ਮੈਂ ਕਿਸੇ ਚੰਗੀ ਤੇ ਕੌੜੀ ਚੀਜ਼ ਨਾਲ ਇਸਨੂੰ ਫੜ ਲਵਾਂਗਾ। ਤੇ ਇਸਤਰ੍ਹਾਂ ਇਹ ਖ਼ਤਮ ਹੋ ਜਾਇਗਾ, ਤੇ ਬੀਮਾਰ ਰਾਜ਼ੀ ਹੋ ਜਾਏਗਾ ਤੇ ਮੇਰਾ ਤੇ ਤੇਰਾ ਸਾਰੀ ਉਮਰ ਲਈ ਧੰਨਵਾਦੀ ਹੋਏਗਾ, ਕਿਉਂਕਿ ਉਸਨੂੰ ਮਰਨੋਂ ਕਿਸਨੇ ਬਚਾ ਲਿਐ? ਅਸੀਂ!"' ਤੇ ਗਰਿਗੋਰੀ ਨੇ ਆਪਣੀ ਛਾਤੀ ਅੱਗੇ ਨੂੰ ਕੀਤੀ ਤੇ ਆਪਣੀ ਪਤਨੀ ਵੱਲ ਚਮਕਦੀਆਂ ਅੱਖਾਂ ਨਾਲ ਦੇਖਣ ਲਗਾ।

ਉਹ ਸੋਚਾਂ ਵਿਚ ਡੁਬੀ ਉਸ ਵੱਲ ਦੇਖ ਕੇ ਮੁਸਕ੍ਰਾਈ। ਉਹ ਉਸ ਵੇਲੇ ਬੜਾ ਸੁਹਣਾ ਲਗ ਰਿਹਾ ਸੀ, ਬਿਲਕੁਲ ਉਸ ਗਰਿਗੋਰੀ ਵਰਗਾ, ਜਿਸਨੂੰ ਉਹ ਵਿਆਹ ਤੋਂ ਪਹਿਲਾਂ ਜਾਣਦੀ ਸੀ।

"ਸਾਡੇ ਵਾਰਡ ਵਿਚ ਵੀ ਇਸ ਤਰਾਂ ਦੇ ਲੋਕ ਨੇ—ਏਨੇਂ ਰਹਿਮ-ਦਿਲ ਤੇ ਮਿਹਨਤੀ। ਇਕ ਡਾਕਟਰ ਏ—ਐਨਕਾਂ ਵਾਲੀ ਇਕ ਚੰਗੀ ਮੋਟੀ ਜ਼ਨਾਨੀ। ਕਿੰਨੇਂ ਹੀ ਚੰਗੇ ਲੋਕ, ਬਿਨਾਂ ਫੂੰ-ਫਾਂ ਦੇ, ਤੇ ਜੋ ਵੀ ਉਹ ਕਹਿੰਦੇ ਨੇ, ਸਦਾ ਸਮਝ ਆ ਜਾਂਦੈ।"

"ਸੋ ਤੈਨੂੰ ਕੋਈ ਇਤਰਾਜ਼ ਨਹੀਂ? ਤੂੰ ਸੰਤੁਸ਼ਟ ਏਂ?" ਗਰਿਗੋਰੀ ਨੇ ਪੁਛਿਆ। ਉਸਦਾ ਉਤਸ਼ਾਹ ਜ਼ਰਾ ਕੁ ਮਧਮ ਪੈ ਚੁਕਾ ਸੀ।

"ਮੈਂ? ਹੇ ਪ੍ਰਮਾਤਮਾ, ਤੂੰ ਹੀ ਸੋਚ: ਮੈਨੂੰ ਬਾਰ੍ਹਾਂ ਰੂਬਲ ਮਿਲਦੇ ਨੇ, ਤੈਨੂੰ ਵੀਹ, ਕੁੱਲ ਮਿਲਾ ਕੇ ਬੱਤੀ ਹੋ ਗਏ ਮਹੀਨੇ ਦੇ, ਤੇ ਖ਼ਰਚਾ ਕੋਈ ਵੀ ਨਹੀਂ। ਜ਼ਰਾ ਸੋਚ, ਸਰਦੀਆਂ ਤੱਕ ਅਸੀਂ ਕਿੰਨਾਂ ਬਚਾ ਲਵਾਂਗੇ, ਜੇ ਹੈਜ਼ਾ ਇਸੇ ਤਰ੍ਹਾਂ ਰਿਹਾ ਤਾਂ। ਰੱਬ ਨੇ ਚਾਹਿਆ ਤਾਂ ਅਸੀਂ ਉਸ ਆਪਣੇ ਭੋਰੇ ਵਿਚੋਂ ਨਿਕਲ ਜਾਵਾਂਗੇ।"

"ਹਾਂ-ਆਂ, ਇਹ ਵੀ ਇਕ ਅਹਿਮ ਗੱਲ ਏ," ਗਰਿਗੋਰੀ ਸੋਚਦਾ ਹੋਇਆ ਬੋਲਿਆ। ਜ਼ਰਾ ਕੁ ਰੁਕਣ ਪਿਛੋਂ ਉਸਨੇ ਕਿਸੇ ਆਸ ਦੇ ਉੱਠਣ ਨਾਲ ਆਪਣੀ ਪਤਨੀ ਦੀ ਪਿੱਠ ਉਤੇ ਇਕ ਟਿਕਾਈ ਤੇ ਕਹਿ ਉਠਿਆ: "ਏ-ਖ਼ ਮਾਤਰਿਓਨਾ, ਕਿਸੇ ਦਿਨ ਸੂਰਜ ਸਾਡੇ ਉਤੇ ਵੀ ਚਮਕੇਗਾ! ਘਬਰਾ ਨਾ!"

ਉਹ ਸਾਰੀ ਨੂਰੋ-ਨੂਰ ਹੋ ਉਠੀ।

"ਸਿਰਫ਼ ਤੂੰ ਜੇ ਕਿਤੇ ਆਪਣਾ ਆਪ ਕਾਬੂ ਵਿਚ ਰਖੇਂ..."

"ਇਸ ਬਾਰੇ ਹੁਣ ਕੁਝ ਨਾ ਕਹੁ! 'ਜੈਸਾ ਜੀਣਾ, ਵੈਸਾ ਥੀਣਾ।' ਜੇ ਜ਼ਿੰਦਗੀ ਵਖਰੀ ਤਰ੍ਹਾਂ ਦੀ ਹੋਵੇਗੀ ਤਾਂ ਮੇਰਾ ਵਿਹਾਰ ਵੀ ਆਪੇ ਵਖਰਾ ਹੋਵੇਗਾ।"

"ਹੇ ਪ੍ਰਮਾਤਮਾ, ਜੇ ਕਿਤੇ ਇੰਝ ਹੋਵੇ!"

"ਬੱਸ ਕਰ ਹੁਣ!"

"ਗਰਿਗੋਰੀ, ਮੇਰੇ ਪਿਆਰੇ!"

ਉਹਨਾਂ ਵਿਚ ਇਕ ਦੂਜੇ ਲਈ ਨਵੀਂ ਭਾਵਨਾ ਭਰ ਚੁਕੀ ਸੀ, ਜਦੋਂ ਉਹ ਵਖ ਵਖ ਹੋਏ, ਤੇ ਉਹਨਾਂ ਦੀਆਂ ਉਮੀਦਾਂ ਨੇ ਉਹਨਾਂ ਨੂੰ ਖ਼ੁਸ਼ਦਿਲ, ਹਿੰਮਤੀ ਤੇ ਆਖ਼ਰੀ ਦਮ ਤੱਕ ਕੰਮ ਕਰਨ ਵਾਲੇ ਬਣਾ ਦਿਤਾ।

ਅਗਲੇ ਤਿੰਨ ਚਾਰ ਦਿਨਾਂ ਵਿਚ ਗਰਿਗੋਰੀ ਦੀ ਫੁਰਤੀ ਤੇ ਸੁਯੋਗਤਾ ਦੀ ਕਈ ਵਾਰੀ ਤਾਰੀਫ਼ ਕੀਤੀ ਗਈ, ਤੇ ਨਾਲ ਹੀ ਉਸਨੇ ਦੇਖਿਆ ਕਿ ਪਰੋਨਿਨ ਤੇ ਬਾਰਕਾਂ ਵਿਚ ਕੁਝ ਹੋਰ ਕੰਮ ਕਰਨ ਵਾਲੇ ਉਸ ਨਾਲ ਖ਼ਾਰ ਖਾਣ ਲਗ ਪਏ ਸਨ ਤੇ ਉਸਨੂੰ ਨਿੱਕਾ ਨਿੱਕਾ ਨੁਕਸਾਨ ਪੁਚਾਉਣ ਦੀ ਕੋਸ਼ਿਸ਼ ਕਰਦੇ ਸਨ। ਉਹ ਸਾਵਧਾਨ ਹੋ ਗਿਆ ਤੇ ਮੋਟੇ ਮੂੰਹ ਵਾਲਾ ਪਰੋਨਿਨ ਉਸਨੂੰ ਭੈੜਾ ਲੱਗਣ ਲੱਗ ਪਿਆ, ਜਿਸ ਨਾਲ ਉਹ

ਕਦੀ ਦੋਸਤੀ ਪਾਉਣ ਲਈ ਤਿਆਰ ਸੀ ਤੇ ਜਿਸ ਨਾਲ ਕਦੀ "ਦਿਲ ਦੀਆਂ" ਗੱਲਾਂ ਹੁੰਦੀਆਂ ਸਨ। ਉਸਨੂੰ ਨੁਕਸਾਨ ਪੁਚਾਉਣ ਦੇ ਆਪਣੇ ਸਾਥੀਆਂ ਦੇ ਖੁਲ੍ਹਮ-ਖੁਲ੍ਹਾ ਯਤਨਾਂ ਨੂੰ ਦੇਖ ਕੇ ਉਸਨੂੰ ਬੜਾ ਦੁਖ ਹੁੰਦਾ।

"ਬਦਮਾਸ਼ ਸਾਰੇ!" ਉਹ ਆਪਣੇ ਆਪ ਵਿਚ ਬੋਲਿਆ, ਜ਼ਰਾ ਕੁ ਦੰਦ ਕਰੀਚੇ ਤੇ ਪੱਕੀ ਧਾਰ ਲਈ ਕਿ ਬਦਲਾ ਚੁਕਾਉਣ ਦਾ ਕੋਈ ਵੀ ਮੌਕਾ ਉਹ ਹੱਥੋਂ ਨਹੀਂ ਜਾਣ ਦੇਵੇਗਾ। ਅਚੇਤ ਹੀ ਉਸਦਾ ਖ਼ਿਆਲ ਆਪਣੀ ਪਤਨੀ ਵੱਲ ਗਿਆ—ਉਹ ਉਸਨੂੰ ਸਭ ਕੁਝ ਦਸ ਸਕਦਾ ਸੀ, ਬਿਨਾਂ ਇਸ ਡਰ ਦੇ ਕਿ ਉਹ ਉਸਦੀਆਂ ਸਫ਼ਲਤਾਵਾਂ ਉਤੇ ਖ਼ਾਰ ਖਾਏਗੀ ਜਾਂ ਉਸਦੇ ਬੂਟਾਂ ਉਤੇ ਕਾਰਬਾਲਿਕ ਤੇਜ਼ਾਬ ਡੋਲ੍ਹੇਗੀ, ਜਿਸਤਰ੍ਹਾਂ ਪਰੋਨਿਨ ਨੇ ਕੀਤਾ ਸੀ।

ਕੰਮ ਦੇ ਸਾਰੇ ਦਿਨ ਪਹਿਲੇ ਦਿਨ ਵਾਂਗ ਹੀ ਰੁਝੇਵੇਂ ਭਰੇ ਤੇ ਤੂਫ਼ਾਨੀ ਸੀ, ਗਰਿਗੋਰੀ ਹੁਣ ਓਨਾ ਥੱਕਦਾ ਨਹੀਂ ਸੀ, ਕਿਉਂਕਿ ਹਰ ਲੰਘਦੇ ਦਿਨ ਨਾਲ ਉਹ ਆਪਣੀ ਤਾਕਤ ਨੂੰ ਵਧੇਰੇ ਯੋਗ ਢੰਗ ਨਾਲ ਖ਼ਰਚ ਕਰਦਾ ਸੀ। ਉਸਨੇ ਵਖੋ ਵਖਰੀਆਂ ਦਵਾਈਆਂ ਦੀਆਂ ਬੋਆਂ ਪਛਾਨਣੀਆਂ ਸ਼ੁਰੂ ਕਰ ਦਿਤੀਆਂ ਸਨ, ਤੇ ਜਦੋਂ ਉਸਨੂੰ ਈਥਰ ਦਾ ਪਤਾ ਲੱਗਾ ਤਾਂ ਉਹ ਚੋਰੀ ਚੋਰੀ ਉਸਦੇ ਵਡੇ ਵਡੇ ਸਾਹ ਲੈ ਲੈਂਦਾ, ਕਿਉਂਕਿ ਉਸਨੂੰ ਪਤਾ ਲਗ ਗਿਆ ਸੀ ਕਿ ਇਸ ਨਾਲ ਲਗਭਗ ਓਨਾ ਹੀ ਖ਼ੁਸ਼ੀ ਭਰਿਆ ਨਤੀਜਾ ਨਿਕਲਦਾ ਹੈ ਜਿੰਨਾਂ ਵੋਦਕਾ ਦੀ ਇਕ ਤਕੜੀ ਗਲਾਸੀ ਤੋਂ। ਉਹ ਡਾਕਟਰਾਂ ਦੇ ਹੁਕਮਾਂ ਨੂੰ ਬੜੀ ਜਲਦੀ ਸਮਝਦਾ, ਉਹ ਹਮੇਸ਼ਾ ਮਿਹਰਬਾਨ ਤੇ ਗੱਲਬਾਤ ਵਿਚ ਚੰਗਾ ਹੁੰਦਾ, ਤੇ ਮਰੀਜ਼ਾਂ ਦਾ ਦਿਲ ਲਾਈ ਰਖਦਾ, ਜਿਸ ਲਈ ਡਾਕਟਰ ਤੇ ਵਿਦਿਆਰਥੀ ਉਸਨੂੰ ਦਿਨੋ ਦਿਨ ਵਧੇਰੇ ਪਸੰਦ ਕਰਨ ਲੱਗ ਪਏ ਸਨ। ਇਸ ਨਵੇਂ ਜੀਵਨ ਢੰਗ ਤੋਂ ਪਏ ਸਮੁੱਚੇ ਪ੍ਰਭਾਵਾਂ ਨੇ ਗਰਿਗੋਰੀ ਵਿਚ ਐਸੀ ਮਨੋਵਸਥਾ ਪੈਦਾ ਕਰ ਦਿਤੀ, ਜਿਹੜੀ ਅਜੀਬ ਜਿਹੀ ਚੜ੍ਹਦੀਆਂ ਕਲਾਂ ਵਾਲੀ ਸੀ। ਉਸਨੂੰ ਮਹਿਸੂਸ ਹੋਣ ਲਗਾ ਕਿ ਉਹ ਅਸਾਧਾਰਨ ਯੋਗਤਾ ਦਾ ਆਦਮੀ ਹੈ। ਤੇ ਉਸਦੇ ਅੰਦਰ ਕੁਝ ਐਸਾ ਕਰਨ ਦੀ ਇੱਛਾ ਜਾਗ ਉੱਠੀ, ਜਿਸ ਨਾਲ ਸਾਰਿਆਂ ਦਾ ਧਿਆਨ ਉਸ ਵੱਲ ਖਿਚਿਆ ਜਾਏ—ਜਿਸ ਉਤੇ ਸਾਰੇ ਚਕ੍ਰਿਤ ਰਹਿ ਜਾਣ। ਇਹ ਐਸੇ ਆਦਮੀ ਦੀ ਆਪਣਾ ਆਪਾ ਜਤਾਉਣ ਦੀ ਇੱਛਾ ਤੋਂ ਕੁਝ ਵੀ ਵਧ ਜਾਂ ਘੱਟ ਨਹੀਂ ਸੀ, ਜਿਸਨੇ ਇਕਦਮ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿਤਾ ਹੋਵੇ ਕਿ ਉਹ ਵੀ ਇਕ ਇਨਸਾਨ ਹੈ, ਪਰ ਜਿਸਨੂੰ ਅਜੇ ਵੀ ਆਪਣੇ ਲਈ ਇਸ ਏਨੀ ਨਵੀਂ ਹਕੀਕਤ ਬਾਰੇ ਸ਼ੰਕੇ ਹੋਣ, ਤੇ ਉਹ ਆਪਣੇ ਆਪ ਨੂੰ ਤੇ ਦੂਜਿਆਂ ਨੂੰ ਇਸ ਗੱਲ ਦਾ ਯਕੀਨ ਦੁਆਉਣ ਦੇ ਸਾਧਨ ਲਭ ਰਿਹਾ ਹੋਵੇ। ਹੌਲੀ ਹੌਲੀ ਕਰਕੇ ਇਹ ਆਪਾ ਜਿਤਾਉਣ ਦੀ ਉਸਦੀ ਇੱਛਾ ਸਵੈਕੁਰਬਾਨੀ ਦਾ ਕੋਈ ਮਹਾਨ ਕਾਰਨਾਮਾ ਕਰਨ ਦੀ ਤਾਂਘ ਵਿਚ ਬਦਲ ਗਈ।

ਇਸਤਰ੍ਹਾਂ ਦੀ ਉਸਦੀ ਮਨੋਬਿਰਤੀ ਗਰਿਗੋਰੀ ਨੂੰ ਗ਼ੈਰ-ਲੁੜੀਂਦੇ ਖ਼ਤਰੇ ਸਹੇੜਣ ਵੱਲ ਲੈ ਗਈ। ਮਿਸਾਲ ਵਜੋਂ, ਇਕ ਦਿਨ ਇਕ ਭਾਰੇ ਮਰੀਜ਼ ਨੂੰ ਇਕੱਲਾ ਹੀ, ਬਿਨਾਂ ਆਪਣੇ ਕਿਸੇ ਸਾਥੀ ਦੀ ਉਡੀਕ ਕਰਨ ਦੇ, ਗ਼ੁਸਲਖ਼ਾਨੇ ਤੱਕ ਲੈ ਗਿਆ ਤੇ ਇਸ ਤਰ੍ਹਾਂ ਆਪਣੇ ਆਪ ਨੂੰ ਥਕਾ ਮਾਰਿਆ। ਉਹ ਗੰਦੇ ਤੋਂ ਗੰਦੇ ਮਰੀਜ਼ਾਂ ਦੀ ਸੰਭਾਲ ਕਰਦਾ, ਲਾਗ ਲੱਗਣ ਦੇ ਖ਼ਤਰੇ ਨੂੰ ਉਹ ਬੇਪ੍ਰਵਾਹੀ ਨਾਲ ਲੈਂਦਾ, ਤੇ ਮੁਰਦਿਆਂ ਨੂੰ ਇੰਝ ਸਾਦਗੀ ਨਾਲ ਲੈਂਦਾ, ਜਿਹੜੀ ਕਿ ਸਨਕੀਪੁਣੇ ਦੀ ਹੱਦ ਤੱਕ ਚਲੀ ਜਾਂਦੀ ਸੀ। ਪਰ ਉਸ ਲਈ ਏਨਾ ਕਾਫ਼ੀ ਨਹੀਂ ਸੀ। ਉਹ ਕੋਈ ਵੱਡਾ ਕਾਰਨਾਮਾ ਕਰਨਾ ਤਾਂਘਦਾ ਸੀ, ਤੇ ਇਹ ਤਾਂਘ ਵਧਦੀ ਗਈ, ਵਧਦੀ ਗਈ, ਉਸਨੂੰ ਤੰਗ ਕਰਦੀ ਹੋਈ ਤੇ ਉਸਨੂੰ ਦਿਲਗੀਰੀ ਦੀ ਹੱਦ ਤੱਕ ਲੈ ਗਈ। ਅਜਿਹੇ ਮੌਕਿਆਂ ਉਤੇ ਉਹ ਆਪਣੇ ਦਿਲ ਦੀ ਹਾਲਤ ਆਪਣੀ ਪਤਨੀ ਨੂੰ ਕਹਿ ਸੁਣਾਉਂਦਾ, ਕਿਉਂਕਿ ਹੋਰ ਕੋਈ ਨਹੀਂ ਸੀ ਜਿਸ ਨਾਲ ਉਹ ਗੱਲ ਕਰ ਸਕੇ।

ਇਕ ਸ਼ਾਮ ਜਦੋਂ ਉਹ ਕੰਮ ਮੁਕਾ ਚੁਕੇ ਸਨ ਤੇ ਉਹ ਸ਼ਾਮ ਦਾ ਖਾਣਾ ਖਾ ਰਹੇ ਸਨ, ਤਾਂ ਉਹ ਦੋਵੇਂ ਜਣੇ ਸੈਰ ਕਰਨ ਲਈ ਬਾਹਰ ਖੇਤਾਂ ਨੂੰ ਨਿਕਲ ਗਏ। ਬਾਰਕਾਂ ਸ਼ਹਿਰ ਤੋਂ ਜ਼ਰਾ ਦੂਰ ਲੰਮੀਂ ਹਰੀ ਵਾਦੀ ਵਿਚ ਬਣਾਈਆਂ ਗਈਆਂ ਸਨ, ਜਿਸਦੇ ਇਕ ਪਾਸੇ ਜੰਗਲਾਂ ਦੀ ਕਾਲੀ ਕਤਾਰ ਸੀ, ਤੇ ਦੂਜੇ ਪਾਸੇ ਸ਼ਹਿਰ ਦੀਆਂ ਇਮਾਰਤਾਂ ਦੀ। ਉੱਤਰ ਵੱਲ ਖੇਤ ਦੂਰ ਦੂਰ ਤੱਕ ਫੈਲੇ ਹੋਏ ਸਨ, ਜਿਥੇ ਇਹਨਾਂ ਦੀਆਂ ਹਰੀਆਂ ਵਿਸ਼ਾਲਤਾਵਾਂ ਹਲਕੇ ਨੀਲੇ ਦੁਮੇਲ ਨਾਲ ਮਿਲੀਆਂ ਹੋਈਆਂ ਸਨ: ਦੱਖਣ ਵੱਲ ਇਸਨੂੰ ਦਰਿਆ ਦੀ ਢਲਾਣ ਗੋਲਦਾਇਰੇ ਵਿਚ ਕੱਟਦੀ ਸੀ ਤੇ ਢਲਾਣ ਦੇ ਨਾਲ ਨਾਲ ਸੜਕ ਜਾਂਦੀ ਸੀ, ਜਿਸ ਉਤੇ ਇਕੋ ਜਿੰਨੀ ਵਿੱਥ ਉਤੇ ਪੁਰਾਣੇ ਤੇ ਫੈਲੇ ਹੋਏ ਦਰਖ਼ਤਾਂ ਦੀ ਕਤਾਰ ਸੀ। ਸੂਰਜ ਡੁੱਬ ਰਿਹਾ ਸੀ ਤੇ ਬਗ਼ੀਚਿਆਂ ਦੇ ਗੂਹੜੇ ਹਰੇ ਬੂਟਿਆਂ ਦੇ ਉਤੇ ਗਿਰਜਿਆਂ ਦੀਆਂ ਸਲੀਬਾਂ ਲਿਸ਼ਕ ਰਹੀਆਂ ਸਨ ਤੇ ਸੁਨਹਿਰੀ ਕਿਰਨਾਂ ਦੇ ਰੂਪ ਵਿਚ ਚਾਨਣ ਨੂੰ ਪਰਤਾ ਰਹੀਆਂ ਸਨ; ਇਸੇ ਤਰ੍ਹਾਂ ਬਾਹਰ ਵੱਲ ਦੇ ਘਰਾਂ ਦੀਆਂ ਬਾਰੀਆਂ ਵੀ ਡੁਬਦੇ ਸੂਰਜ ਦੀਆਂ ਲਾਲ ਲਾਟਾਂ ਨੂੰ ਪਰਤਾ ਰਹੀਆਂ ਸਨ, ਕਿਧਰੇ ਸੰਗੀਤ ਚੱਲ ਰਿਹਾ ਸੀ, ਘਾਟੀ ਵਿਚੋਂ, ਜਿਸ ਵਿਚ ਕੇਲੋਂ ਤੇ ਸਨੋਬਰ ਦੇ ਦਰਖ਼ਤ ਸੰਘਣੀ ਤਰ੍ਹਾਂ ਉੱਗੇ ਹੋਏ ਸਨ, ਬਿਰੋਜ਼ੇ ਦੀ ਵਾਸ਼ਨਾ ਆ ਰਹੀ ਸੀ, ਜੰਗਲ ਆਪਣੀ ਭਾਰੀ ਮਹਿਕ ਹਵਾ ਵਿਚ ਫੈਲਾ ਰਹੇ ਸਨ, ਮਹਿਕਭਰੀ ਹਵਾ ਦੇ ਨਿੱਘੇ ਬੁਲ੍ਹੇ ਹੌਲੀ ਹੌਲੀ ਸ਼ਹਿਰ ਵੱਲ ਜਾ ਰਹੇ ਸਨ। ਵਿਸ਼ਾਲ ਖ਼ਾਲੀ ਖੇਤਾਂ ਵਿਚ ਸਭ ਕੁਝ ਕਿੰਨਾਂ ਪਿਆਰਾ ਸੀ—ਏਨੀ ਚੁੱਪ-ਚਾਂ, ਤੇ ਏਨੀ ਮਿੱਠੀ ਮਿੱਠੀ ਉਦਾਸੀ ਵਾਲਾ।

ਗਰਿਗੋਰੀ ਤੇ ਮਾਤਰਿਓਨਾ ਚੁੱਪ-ਚਾਪ ਖੇਤਾਂ ਵਿਚ ਤੁਰੀ ਗਏ, ਇਸ ਖ਼ੁਸ਼ੀ ਵਿਚ ਕਿ ਉਹ ਬਾਰਕਾਂ ਦੀਆਂ ਮੁਸ਼ਕਾਂ ਦੀ ਥਾਂ ਇਸ ਸ਼ੁਧ ਹਵਾ ਵਿਚ ਸਾਹ ਲੈ ਰਹੇ ਸਨ।

"ਇਹ ਸੰਗੀਤ ਕਿੱਥੇ ਚੱਲ ਰਿਹੈ—ਸ਼ਹਿਰ ਵਿਚ ਜਾਂ ਕੈਂਪ ਵਿਚ?" ਮਾਤਰਿਓਨਾ ਨੇ ਆਪਣੇ ਪਤੀ ਤੋਂ ਪੁਛਿਆ, ਜਿਹੜਾ ਸੋਚਾਂ ਵਿਚ ਡੁੱਬਾ ਪਿਆ ਸੀ।

ਉਸਨੂੰ ਉਹ ਸੋਚੀਂ ਡੁੱਬਾ ਚੰਗਾ ਨਹੀਂ ਸੀ ਲਗਦਾ। ਇਹੋ ਜਿਹੇ ਸਮੇਂ ਉਹ ਅਜੀਬ ਅਜੀਬ ਤੇ ਦੂਰ ਚਲਾ ਗਿਆ ਲਗਦਾ ਸੀ, ਤੇ ਹੁਣ ਉਹ ਇਕ ਦੂਜੇ ਨੂੰ ਏਨਾ ਘੱਟ ਮਿਲਦੇ ਸਨ ਕਿ ਉਹ ਹਰ ਘੜੀ ਨੂੰ ਪਿਆਰਦੀ ਸੀ।

"ਸੰਗੀਤ?" ਗਰਿਗੋਰੀ ਪੁੱਛਣ ਲੱਗਾ, ਜਿਵੇਂ ਉਹ ਸੁਪਨੇ ਵਿਚੋਂ ਨਿਕਲਿਆ ਹੋਵੇ। "ਢੱਠੇ ਖੂਹ 'ਚ ਪਏ, ਇਹ ਸੰਗੀਤ! ਤੈਨੂੰ ਉਹ ਸੰਗੀਤ ਸੁਨਣਾ ਚਾਹੀਦੈ ਜਿਹੜਾ ਮੇਰੀ ਰੂਹ ਵਿਚ ਚੱਲ ਰਿਹੈ! ਇਹ ਅਸਲੀ ਸੰਗੀਤ ਏ!"

"ਤੂੰ ਕੀ ਕਹਿੰਦਾ ਪਿਐਂ?" ਆਪਣੇ ਪਤੀ ਦੇ ਮੂੰਹ ਵੱਲ ਫ਼ਿਕਰਮੰਦੀ ਨਾਲ ਦੇਖਦੀ ਹੋਈ ਮਾਤਰਿਓਨਾ ਪੁੱਛਣ ਲਗੀ।

"ਮੈਂ ਨਹੀਂ ਜਾਣਦਾ। ਮੈਨੂੰ ਤਾਂ ਸਿਰਫ਼ ਏਨਾ ਪਤੈ ਕਿ ਮੇਰਾ ਦਿਲ ਜਲ ਰਿਹੈ। ਇਸਨੂੰ ਵਿਸ਼ਾਲ ਥਾਂ ਚਾਹੀਦੀ ਏ—ਤਾਂ ਕਿ ਆਪਣੀਆਂ ਸਾਰੀਆਂ ਸ਼ਕਤੀਆਂ ਨਾਲ ਮੈਂ ਫੈਲ ਸਕਾਂ। ਏ-ਖ਼! ਕੋਈ ਐਸੀ ਚੀਜ਼ ਨਹੀਂ ਜਿਹੜੀ ਮੇਰੇ ਅੰਦਰਲੀ ਇਸ ਸ਼ਕਤੀ ਨੂੰ ਦਬਾ ਕੇ ਰਖ ਸਕੇ! ਮਿਸਾਲ ਲਈ, ਜੇ ਇਹ ਹੈਜ਼ਾ ਕਿਸੇ ਆਦਮੀ ਦਾ ਰੂਪ ਧਾਰ ਲਵੇ, ਇਕ ਦੈਂਤ ਦਾ—ਸਮਝ ਲਵੋ, ਖ਼ੁਦ ਇਲੀਆ ਮੂਰੋਮੇਤਸ* ਦਾ—ਤਾਂ ਮੈਂ ਉਸ ਨਾਲ ਵੀ ਦੋ ਹੱਥ ਕਰਨ ਨੂੰ ਤਿਆਰ ਹਾਂ! ਮੌਤ ਤੱਕ ਲੜਨ ਨੂੰ ਤਿਆਰ ਹਾਂ! ਜੇ ਤੂੰ ਤਕੜਾ ਏਂ, ਤਾਂ ਗਰਿਗੋਰੀ ਓਰਲੋਵ ਵੀ ਤਕੜਾ ਏ, ਆ ਜਾ, ਦੇਖਦੇ ਹਾਂ ਕੌਣ ਜਿਤਦੈ! ਮੈਂ ਉਹਦੀ ਜਾਨ ਨਚੋੜ ਛਡਾਂਗਾ, ਤੇ ਫਿਰ ਮੈਂ ਲੇਟ ਜਾਵਾਂਗਾ ਤੇ ਆਪ ਚਲਦਾ ਹੋਵਾਂਗਾ। ਤੇ ਉਹ ਬਾਹਰ ਖੇਤਾਂ ਵਿਚ ਮੇਰੀ ਕਬਰ ਉਤੇ ਸਲੀਬ ਗੱਡਣਗੇ ਤੇ ਕਹਿਣਗੇ: 'ਇਥੇ ਗਰਿਗੋਰੀ ਅੰਦਰੇਯੇਵਿਚ ਓਰਲੋਵ ਪਿਆ ਹੈ, ਜਿਸਨੇ ਰੂਸ ਨੂੰ ਹੈਜ਼ੇ ਤੋਂ ਆਜ਼ਾਦ ਕਰਾਇਆ ਸੀ।' ਇਸਤੋਂ ਜ਼ਿਆਦਾ ਕੁਝ ਨਹੀਂ ਚਾਹੀਦਾ।"

ਉਸਦਾ ਬੋਲਦੇ ਦਾ ਚਿਹਰਾ ਲਟ-ਲਟ ਜਗ ਰਿਹਾ ਸੀ ਤੇ ਅੱਖਾਂ ਲਿਸ਼ਕ ਰਹੀਆਂ ਸਨ।

"ਮੇਰਾ ਵੀਰ ਜਵਾਨ!" ਮਾਤਰਿਓਨਾ ਉਸਦੀ ਵੱਖੀ ਨਾਲ ਲਗਦੀ ਹੋਈ ਹੌਲੀ ਜਿਹੀ ਬੋਲੀ।

"ਸਮਝਦੀ ਏਂ! ਸੌ ਛੁਰਿਆਂ ਦੇ ਮੁਕਾਬਲੇ ਉਤੇ ਮੈਂ ਨਿੱਤਰ ਪਵਾਂ, ਜੇ ਇਸਦਾ ਕੋਈ ਚੰਗਾ ਨਤੀਜਾ ਨਿਕਲਦਾ ਹੋਵੇ। ਜੇ ਇਸ ਨਾਲ ਜੀਵਨ ਸੌਖਾ ਹੁੰਦਾ ਹੋਵੇ ਤਾਂ। ਕਿਉਂਕਿ ਮੈਂ ਦੇਖ ਲਿਆ ਹੈ ਕਿ ਲੋਕ ਕੀ ਬਣ ਸਕਦੇ ਹਨ—ਡਾਕਟਰ ਵਾਸਚੇਨਕੋ, ਮਿਸਾਲ ਵਜੋਂ, ਤੇ ਵਿਦਿਆਰਥੀ ਖੋਖਰੀਆਕੋਵ। ਤੈਨੂੰ ਯਕੀਨ ਨਹੀਂ ਆਉਣਾ, ਉਹ

---

*ਰੂਸੀ ਲੋਕ-ਕਥਾਵਾਂ ਦਾ ਨਾਇਕ—ਅਨੁ:

ਕਿਸਤਰ੍ਹਾਂ ਕੰਮ ਕਰਦੇ ਨੇ! ਇਹ ਕ੍ਰਿਸ਼ਮਾ ਏ ਕਿ ਉਹ ਅਜੇ ਤੱਕ ਜਿਊਂਦੇ ਨੇ। ਤੇ ਤੇਰਾ ਕੀ ਖ਼ਿਆਲ ਏ, ਉਹ ਪੈਸਿਆਂ ਦੀ ਖ਼ਾਤਰ ਇਹ ਕਰਦੇ ਨੇ? ਪੈਸਿਆਂ ਦੀ ਖ਼ਾਤਰ ਕੋਈ ਵੀ ਇੰਝ ਨਹੀਂ ਕੰਮ ਕਰਦਾ। ਡਾਕਟਰ ਕੋਲ, ਰਬ ਦੀ ਦਿਆ ਨਾਲ, ਏਨੇ ਸਾਰੇ ਪੈਸੇ ਨੇ, ਸਗੋਂ ਜ਼ਿਆਦਾ ਹੀ। ਪਰ ਜਦੋਂ ਬੁਢਾ ਡਾਕਟਰ ਪਿਛਲੀ ਵਾਰੀ ਬੀਮਾਰ ਪੈ ਗਿਆ ਸੀ, ਤਾਂ ਵਾਸਚੇਨਕੋ ਘਰ ਜਾਣ ਦੀ ਛੁੱਟੀ ਲਏ ਤੋਂ ਵੀ ਬਿਨਾਂ ਕੰਮ ਕਰਦਾ ਰਿਹਾ ਸੀ। ਉਹਨਾਂ ਲਈ ਪੈਸਾ ਕੀਮਤ ਨਹੀਂ ਰਖਦਾ। ਤਰਸ ਕੀਮਤ ਰਖਦਾ ਹੈ। ਦੂਜਿਆਂ ਲਈ ਤਰਸ, ਪਰ ਆਪਣੇ ਆਪ ਲਈ ਕੋਈ ਤਰਸ ਨਹੀਂ। ਉਹ ਕਿਉਂ ਤਰਸ ਕਰਦੇ ਨੇ? ਕਿਸੇ ਉਤੇ ਵੀ। ਮਿਸਾਲ ਲਈ, ਮੀਸ਼ਕਾ ਊਸੋਵ ਹੀ ਲਵੋ, ਤੇ ਮੀਸ਼ਕਾ ਦੀ ਥਾਂ ਜੇਲ੍ਹ ਵਿਚ ਏ, ਸਾਰੇ ਜਾਣਦੇ ਨੇ, ਕਿਉਂਕਿ ਮੀਸ਼ਕਾ ਚੋਰ ਏ, ਸਗੋਂ ਇਸਤੋਂ ਵੀ ਭੈੜਾ ਸ਼ਾਇਦ। ਪਰ ਉਹਨਾਂ ਨੇ ਮੀਸ਼ਕੇ ਨੂੰ ਰਾਜ਼ੀ ਕਰਨ ਲਈ ਪੂਰੀ ਵਾਹ ਲਾਈ। ਤੇ ਜਦੋਂ ਉਹ ਮੰਜੇ ਤੋਂ ਉਠਿਆ ਤਾਂ ਉਹ ਏਨੇ ਖ਼ੁਸ਼ ਸਨ ਕਿ ਸਾਰੇ ਹੱਸ ਰਹੇ ਸਨ। ਤੇ ਮੈਂ ਉਸ ਖ਼ੁਸ਼ੀ ਦਾ ਸੁਆਦ ਲੈਣਾ ਚਾਹੁੰਦਾ ਹਾਂ—ਬਹੁਤ ਬਹੁਤ ਸਾਰਾ—ਏਨਾ ਜ਼ਿਆਦਾ ਕਿ ਉਸ ਵਿਚ ਡੁੱਬ ਜਾਵਾਂ। ਕਿਉਂਕਿ ਖੜੇ ਦੇਖੀ ਜਾਣ ਨਾਲ ਤਕਲੀਫ਼ ਹੁੰਦੀ ਏ, ਜਦੋਂ ਕਿ ਉਹ ਖ਼ੁਸ਼ੀ ਨਾਲ ਹੱਸ ਰਹੇ ਹੋਣ। ਇਸ ਨਾਲ ਮੇਰਾ ਸਾਰਾ ਸਰੀਰ ਦੁਖਣ ਤੇ ਜਲਣ ਲਗ ਜਾਂਦੈ। ਏ-ਖ਼, ਕਿਆ ਹੈ!"

ਤੇ ਗਰਿਗੋਰੀ ਫਿਰ ਸੋਚੀਂ ਡੁੱਬ ਗਿਆ।

ਮਾਤਰਿਓਨਾ ਨੇ ਕੁਝ ਨਾ ਕਿਹਾ, ਪਰ ਉਸਦੇ ਦਿਲ ਵਿਚ ਬੇਚੈਨੀ ਸੀ। ਉਹ ਆਪਣੇ ਪਤੀ ਦੇ ਜੋਸ਼ ਤੋਂ ਡਰ ਰਹੀ ਸੀ। ਉਸਦੇ ਲਫ਼ਜ਼ਾਂ ਪਿੱਛੇ ਉਸਨੂੰ ਉਸਦੀ ਇੱਛਾ ਦੀ ਤੀਖਣਤਾ ਸਾਫ਼ ਮਹਿਸੂਸ ਹੋ ਰਹੀ ਸੀ, ਜਿਸ ਇੱਛਾ ਨੂੰ ਉਹ ਨਹੀਂ ਸੀ ਸਮਝਦੀ, ਕਿਉਂਕਿ ਉਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਸੀ ਕਰਦੀ। ਉਸ ਲਈ ਆਪਣਾ ਪਤੀ ਪਿਆਰਾ ਤੇ ਲੋੜੀਂਦਾ ਸੀ, ਨਾ ਕਿ ਕੋਈ ਖ਼ਿਆਲੀ ਨਾਇਕ।"

ਉਹ ਘਾਟੀ ਦੇ ਕੰਢੇ ਤੱਕ ਆ ਗਏ ਤੇ ਨਾਲੋ ਨਾਲ ਹੋ ਕੇ ਬੈਠ ਗਏ। ਜਵਾਨ ਬਰਚਿਆਂ ਦੀਆਂ ਘੁੰਗਰਾਈਆਂ ਟੀਸੀਆਂ ਉਹਨਾਂ ਵੱਲ ਦੇਖ ਰਹੀਆਂ ਸਨ। ਨੀਲੀ ਧੁੰਦ ਘਾਟੀ ਦੀ ਤਹਿ ਨੂੰ ਚੰਬੜੀ ਹੋਈ ਸੀ, ਤੇ ਇਸਦੀਆਂ ਡੂੰਘਾਨਾਂ ਵਿਚੋਂ ਸਿਲ੍ਹ ਦੀ, ਚੀਲ ਦੀਆਂ ਸੂਈਆਂ ਤੇ ਪਿਛਲੇ ਸਾਲ ਦੇ ਪੱਤਿਆਂ ਦੀ ਵਾਸ਼ਨਾ ਉੱਠ ਰਹੀ ਸੀ। ਕਦੀ ਕਦੀ ਹਵਾ ਰੁਮਕਣ ਲਗ ਪੈਂਦੀ, ਬਰਚਿਆਂ ਦੀਆਂ ਲਗਰਾਂ ਝੂਲਦੀਆਂ, ਤੇ ਇਸੇਤਰ੍ਹਾਂ ਹੀ ਨਿਕੇ ਕੇਲੋਂ ਦੇ ਦਰਖ਼ਤਾਂ ਦੀਆਂ। ਸਾਰੀ ਘਾਟੀ ਡਰਾਕਲ ਜਿਹੀ ਥਰਕਵੀਂ ਬੁੜਬੁੜ ਨਾਲ ਭਰੀ ਹੋਈ ਸੀ, ਜਿਵੇਂ ਕਿ ਕੋਈ, ਜਿਸਨੂੰ ਦਰਖ਼ਤ ਬੜਾ ਪਿਆਰ ਕਰਦੇ ਸਨ, ਉਹਨਾਂ ਦੀਆਂ ਟਾਹਣੀਆਂ ਦੀ ਛਾਂ ਹੇਠ ਸੌਂ ਗਿਆ ਹੈ, ਤੇ ਉਹ ਬਿਲਕੁਲ ਹੌਲੀ ਹੌਲੀ ਇਕ ਦੂਜੇ ਨੂੰ ਕੁਝ ਕਹਿ ਰਹੇ ਹਨ, ਇਸ

ਗੱਲ ਤੋਂ ਡਰਦੇ ਕਿ ਉਹ ਕਿਧਰੇ ਜਾਗ ਨਾ ਪਵੇ। ਸ਼ਹਿਰ ਵਿਚ ਬੱਤੀਆਂ ਚਮਕ ਪਈਆਂ ਸਨ—ਬਗੀਚਿਆਂ ਦੇ ਕਾਲੇ ਪਿਛੋਕੜ ਵਿਚ ਚਮਕਦੇ ਫੁੱਲ। ਓਰਲੋਵ ਬਿਨਾਂ ਬੋਲਿਆਂ ਬੈਠੇ ਰਹੇ; ਗਰਿਗੋਰੀ ਆਪਣੀਆਂ ਉਂਗਲਾਂ ਨਾਲ ਆਪਣੇ ਗੋਡਿਆਂ ਉਤੇ ਤਬਲਾ ਵਜਾਉਂਦਾ ਤੇ ਮਾਤਰਿਓਨਾ ਉਸ ਵੱਲ ਦੇਖਦੀ ਹੋਈ ਤੇ ਹਉਕੇ ਭਰਦੀ ਹੋਈ।

ਇਕਦਮ ਮਾਤਰਿਓਨਾ ਆਪਣੀਆਂ ਬਾਹਵਾਂ ਉਸਦੀ ਧੌਣ ਦੁਆਲੇ ਵਲ ਲਈਆਂ ਤੇ ਆਪਣਾ ਸਿਰ ਉਸਦੀ ਛਾਤੀ ਨਾਲ ਲਾ ਲਿਆ।

"ਗਰਿਗੋਰੀ, ਮੇਰੇ ਭੋਲੇ! ਮੇਰੇ ਪਿਆਰੇ!" ਉਹ ਹੌਲੀ ਹੌਲੀ ਬੋਲਣ ਲਗੀ। "ਤੂੰ ਮੇਰੇ ਲਈ ਫਿਰ ਕਿੰਨਾਂ ਚੰਗਾ ਬਣ ਗਿਐਂ, ਮੇਰੇ ਦਲੇਰ ਯੋਧੇ! ਇਹ ਬਿਲਕੁਲ ਉਸੇਤਰ੍ਹਾਂ ਏ ਜਿਸ ਤਰ੍ਹਾਂ ਅਸੀਂ ਉਦੋਂ ਰਹਿੰਦੇ ਹੁੰਦੇ ਸਾਂ, ਜਦੋਂ ਸਾਡਾ ਅਜੇ ਵਿਆਹ ਹੋਇਆ ਹੀ ਸੀ। ਤੂੰ ਮੈਨੂੰ ਠੇਸ ਲਾਉਣ ਵਾਲੀ ਹੁਣ ਕੋਈ ਗੱਲ ਨਹੀਂ ਕਰਦਾ, ਤੇ ਸਾਰਾ ਸਮਾਂ ਮੇਰੇ ਨਾਲ ਗੱਲਾਂ ਕਰਦਾ ਰਹਿੰਦਾ ਹੈਂ, ਆਪਣੇ ਦਿਲ ਦੀਆਂ ਦਸਦਾ ਰਹਿੰਦਾ ਹੈਂ, ਤੇ ਮੈਨੂੰ ਕੁੱਟਦਾ ਨਹੀਂ..."

"ਕੀ ਤੇਰੀ ਇਹੋ ਈ ਇੱਛਾ ਏ? ਮੈਂ ਤੈਨੂੰ ਸੌੜ ਚਾੜ੍ਹ ਸਕਦਾਂ, ਜੇ ਤੂੰ ਚਾਹੁੰਦੀ ਏਂ ਤਾਂ," ਉਸਨੇ ਪਿਆਰ ਨਾਲ ਮਜ਼ਾਕ ਕੀਤਾ। ਆਪਣੀ ਪਤਨੀ ਲਈ ਪਿਆਰ ਤੇ ਤਰਸ ਦੀ ਲਹਿਰ ਨੇ ਉਸਨੂੰ ਆ ਫੜਿਆ ਸੀ।

ਉਸਨੇ ਉਸਦੇ ਵਾਲਾਂ ਨੂੰ ਥਪਕਣਾ ਸ਼ੁਰੂ ਕਰ ਦਿਤਾ ਤੇ ਉਸਨੂੰ ਇਹ ਏਨਾ ਚੰਗਾ ਲੱਗਾ, ਪਿਤਾ ਵਾਂਗ, ਜਿਵੇਂ ਕਿ ਮਾਤਰਿਓਨਾ ਕੋਈ ਬੱਚਾ ਹੋਵੇ। ਤੇ ਉਹ ਸਚਮੁਚ, ਬੱਚਿਆਂ ਵਾਂਗ ਸੀ, ਉਹ ਉਸਦੇ ਗੋਡਿਆਂ ਉਤੇ ਝੁਕ ਗਈ ਉਸਦੀਆਂ ਬਾਹਵਾਂ ਵਿਚ ਨਰਮ ਤੇ ਨਿੱਘੇ ਗੇਂਦ ਵਾਂਗ ਗੁੱਛਾ-ਮੁੱਛਾ ਹੋਈ ਹੋਈ ਤੇ ਉਸਦੀ ਛਾਤੀ ਨਾਲ ਲੱਗੀ ਹੋਈ।

"ਮੇਰੇ ਪਿਆਰੇ," ਉਹ ਮਸਾਂ ਸੁਣੀਦੀ ਆਵਾਜ਼ ਵਿਚ ਬੋਲੀ।

ਉਸਨੇ ਲੰਮਾਂ ਸਾਹ ਲਿਆ ਤੇ ਆਪਣੇ ਆਪ ਉਸਦੇ ਮੂੰਹ ਵਿਚੋਂ ਐਸੇ ਲਫ਼ਜ਼ ਝੜਨ ਲੱਗੇ, ਜਿਹੜੇ ਉਹਨਾਂ ਦੋਹਾਂ ਲਈ ਨਵੇਂ ਸਨ।

"ਮੇਰੀ ਮਾਣੋ! ਜੋ ਮਰਜ਼ੀ ਕਹਿ ਲੈ, ਪਰ ਪਤੀ ਤੋਂ ਨੇੜੇ ਹੋਰ ਕੋਈ ਦੋਸਤ ਨਹੀਂ। ਤੇ ਤੂੰ ਕਿਸੇ ਹੋਰ ਦੀ ਝਾਕ ਵਿਚ ਆਸੇ ਪਾਸੇ ਦੇਖਦੀ ਰਹਿੰਦੀ ਏਂ। ਜੇ ਮੈਂ ਕਦੀ ਕਦੀ ਤੇਰੇ ਨਾਲ ਸਖ਼ਤ ਪੇਸ਼ ਆਉਂਦਾ ਰਿਹਾਂ, ਤਾਂ ਇਸਦਾ ਕਾਰਨ ਸਿਰਫ਼ ਦਿਲਗੀਰੀ ਸੀ। ਉਥੇ ਉਸ ਘੁਰਨੇ ਵਿਚ ਰਹਿਣਾ, ਕਦੀ ਚਾਨਣ ਦਾ ਮੂੰਹ ਨਾ ਦੇਖਣਾ, ਕਦੀ ਇਹ ਨਾ ਜਾਨਣਾ ਕਿ ਲੋਕ ਅਸਲ ਵਿਚ ਹਨ ਕਿਸਤਰ੍ਹਾਂ ਦੇ। ਮੈਂ ਜਿਉਂ ਹੀ ਉਸ ਘੁਰਨੇ ਵਿਚੋਂ ਨਿਕਲਿਆ, ਮੇਰੀਆਂ ਅੱਖਾਂ ਖੁਲ੍ਹ ਗਈਆਂ, ਪਰ ਉਦੋਂ ਤੱਕ ਮੈਂ ਅੰਨ੍ਹਾਂ ਸਾਂ। ਹੁਣ ਮੈਂ ਜਾਣਦਾ ਹਾਂ, ਕਿ ਜੋ ਮਰਜ਼ੀ ਕਹਿ ਲਵੋ ਪਤਨੀ ਸਭ

ਤੋਂ ਚੰਗੀ ਦੋਸਤ ਹੁੰਦੀ ਏ। ਕਿਉਂਕਿ, ਤੈਨੂੰ ਸੱਚ ਦੱਸਾਂ, ਬਹੁਤੇ ਲੋਕ ਸਿਰਫ਼ ਕੀੜੇ ਹੁੰਦੇ ਨੇ। ਉਹ ਸਿਰਫ਼ ਲੋਕਾਂ ਨੂੰ ਫੋੜੇ ਹੀ ਕਰਨਾ ਚਾਹੁੰਦੇ ਨੇ। ਮਸਲਨ ਪਰੋਨਿਨ ਤੇ ਵਾਸੀਉਕੋਵ। ਏ, ਪੈਣ ਉਹ...। ਪਰ ਚੁੱਪ, ਮਾਤਰਿਓਨਾ! ਸਾਡੇ ਵੀ ਦਿਨ ਆਉਣਗੇ, ਹੌਸਲਾ ਰੱਖ। ਅਸੀਂ ਵੀ ਚੰਗੀ ਤਰ੍ਹਾਂ ਤੇ ਸੂਝਦਾਰੀ ਨਾਲ ਰਹਿਣ ਲਗਾਂਗੇ। ਪਰ, ਕੀ ਗੱਲ ਏ? ਮੇਰੀ ਭੋਲੈ?"

ਉਹ ਖ਼ੁਸ਼ੀ ਦੇ ਸਿੱਠੇ ਹੰਝੂ ਵਹਾ ਰਹੀ ਸੀ, ਤੇ ਚੁੰਮਣਾਂ ਨਾਲ ਉਸਨੇ ਪਤੀ ਦੇ ਸਵਾਲ ਦਾ ਜਵਾਬ ਦਿਤਾ।

"ਤੂੰ ਹੀ ਮੇਰੀ ਇਕੋ ਇਕ ਏਂ!" ਉਸਨੇ ਜਵਾਬ ਵਿਚ ਹੌਲੀ ਜਿਹੀ ਕਿਹਾ ਤੇ ਚੁੰਮਣ ਲਗਾ।

ਸੋ ਦੋਵੇਂ ਜਣੇ ਚੁੰਮ ਚੁੰਮ ਕੇ ਇਕ ਦੂਜੇ ਦੇ ਅੱਥਰੂ ਧੋਣ ਲਗੇ, ਤੇ ਦੋਹਾਂ ਨੇ ਉਹਨਾਂ ਦਾ ਨਮਕੀਨ ਸੁਆਦ ਚਖਿਆ। ਤੇ ਕਿੰਨਾਂ ਚਿਰ ਗਰਿਗੋਰੀ ਅਜਿਹੇ ਸ਼ਬਦ ਬੋਲਦਾ ਰਿਹਾ, ਜਿਹੜੇ ਉਸ ਲਈ ਨਵੇਂ ਸਨ।

ਹਨੇਰਾ ਪੈ ਗਿਆ। ਤਾਰਿਆਂ-ਜੜਿਆ ਆਕਾਸ਼ ਗੰਭੀਰ ਉਦਾਸੀ ਨਾਲ ਹੇਠਾਂ ਧਰਤੀ ਵੱਲ ਦੇਖ ਰਿਹਾ ਸੀ, ਤੇ ਖ਼ੇਤ ਵੀ ਆਕਾਸ਼ ਵਾਂਗ ਹੀ ਚੁੱਪ ਸਨ।

ਉਹਨਾਂ ਦੀ ਆਦਤ ਬਣ ਗਈ ਸੀ ਕਿ ਉਹ ਨਾਸ਼ਤਾ ਇਕੱਠੇ ਖਾਂਦੇ ਸਨ। ਖ਼ੇਤਾਂ ਵਿਚ ਹੋਈ ਗੱਲਬਾਤ ਤੋਂ ਅਗਲੀ ਸਵੇਰ ਗਰਿਗੋਰੀ ਉਦਾਸ ਤੇ ਸਵੈਚੇਤੰਨ ਦਿਸਦਾ ਆਪਣੀ ਪਤਨੀ ਦੇ ਕਮਰੇ ਵਿਚ ਆਇਆ। ਫ਼ੇਲਿਤਸਾਤਾ ਬੀਮਾਰ ਸੀ, ਜਿਸ ਲਈ ਮਾਤਰਿਓਨਾ ਇਕੱਲੀ ਸੀ। ਉਸਨੇ ਉਤਸ਼ਾਹ ਨਾਲ ਚਮਕਦਾ ਚਿਹਰਾ ਉਸ ਵੱਲ ਕੀਤਾ, ਪਰ ਇਹ ਉਸੇ ਵੇਲੇ ਬੱਦਲਾਂ ਹੇਠ ਆ ਗਿਆ। ਉਹ ਗੰਭੀਰ ਹੋ ਕੇ ਪੁੱਛਣ ਲੱਗੀ:

"ਕੀ ਗੱਲ ਏ? ਤੂੰ ਰਾਜ਼ੀ ਤਾਂ ਏਂ?"

"ਮੈਂ ਬਿਲਕੁਲ ਠੀਕ ਠਾਕ ਹਾਂ," ਉਸਨੇ ਰੁੱਖਾ ਜਿਹਾ ਜਵਾਬ ਦਿਤਾ ਤੇ ਕੁਰਸੀ ਉਤੇ ਬੈਠ ਗਿਆ।

"ਤਾਂ ਫਿਰ ਕੀ ਗੱਲ ਏ?" ਮਾਤਰਿਓਨਾ ਨੇ ਮੁੜ ਪੁਛਿਆ।

"ਮੈਂ ਸੌਂ ਨਹੀਂ ਸਕਿਆ। ਪਿਆ ਪਿਆ ਸੋਚਦਾ ਰਿਹਾਂ। ਜਿਸਤਰ੍ਹਾਂ ਨਾਲ ਅਸੀਂ ਸ਼ਾਮੀਂ ਕਲੋਲਾਂ ਕਰਦੇ ਰਹੇ ਹਾਂ। ਤੇ ਹੁਣ ਮੈਨੂੰ ਆਪਣੇ ਆਪ ਉਤੇ ਸ਼ਰਮ ਆਉਂਦੀ ਏ। ਇੰਝ ਨਹੀਂ ਚੱਲੇਗਾ। ਤੁਸੀਂ ਔਰਤਾਂ ਹਮੇਸ਼ਾ ਢੰਗ-ਤਰੀਕੇ ਸੋਚਦੀਆਂ ਰਹਿੰਦੀਆਂ ਹੋ ਕਿ ਕਿਵੇਂ ਆਦਮੀ ਨੂੰ ਕਾਬੂ ਵਿਚ ਰਖਿਆ ਜਾਏ। ਪਰ ਤੂੰ ਇੰਝ ਸੋਚਣਾ ਛੱਡ ਦੇ! ਇਸ ਵਿਚੋਂ ਕੁਝ ਨਹੀਂ ਨਿਕਲਣ ਲਗਾ। ਤੂੰ ਮੈਨੂੰ ਨਹੀਂ ਫਾਹ ਸਕਣ ਲੱਗੀ, ਤੇ ਨਾ ਮੈਂ ਤੇਰੇ ਹੇਠਾਂ ਆਵਾਂਗਾ, ਇਹ ਤੂੰ ਜਾਣ ਲੈ!"

ਉਸਨੇ ਬੜਾ ਜ਼ੋਰ ਦੇ ਕੇ ਇਹ ਕਿਹਾ, ਪਰ ਆਪਣੀ ਪਤਨੀ ਵੱਲ ਦੇਖੇ ਬਿਨਾਂ। ਮਾਤਰਿਓਨਾ ਨੇ ਆਪਣੀਆਂ ਨਜ਼ਰਾਂ ਉਸ ਉਤੇ ਟਿਕਾ ਛੱਡੀਆਂ, ਤੇ ਉਸਦੇ ਬੁਲ੍ਹ ਅਜੀਬ ਜਿਹੇ ਢੰਗ ਨਾਲ ਮੁੜੇ ਹੋਏ ਸਨ।

"ਸੋ ਤੈਨੂੰ ਅਫ਼ਸੋਸ ਏ ਕਿ ਤੂੰ ਕੱਲ ਰਾਤੀਂ ਮੇਰੇ ਏਨਾਂ ਨੇੜੇ ਸੈਂ, ਹੈ?" ਉਹ ਬੁੜਬੁੜਾਈ। "ਅਫ਼ਸੋਸ ਏ ਕਿ ਤੂੰ ਮੈਨੂੰ ਚੁੰਮਿਆ ਤੇ ਪਿਆਰ ਕੀਤਾ, ਇਹੋ ਗੱਲ ਏ? ਜੇ ਕਿਤੇ ਤੈਨੂੰ ਪਤਾ ਹੋਵੇ ਕਿ ਤੇਰੀਆਂ ਇਸਤਰ੍ਹਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਕਿੰਨਾਂ ਦੁੱਖ ਹੁੰਦੈ! ਆਪਣੇ ਜ਼ਾਲਮ ਲਫ਼ਜ਼ਾਂ ਨਾਲ ਤੂੰ ਮੇਰਾ ਦਿਲ ਤੋੜ ਦੇਵੇਂਗਾ। ਤੂੰ ਚਾਹੁੰਦਾ ਕੀ ਹੈਂ? ਕੀ ਤੂੰ ਮੇਰੇ ਕੋਲੋਂ ਅੱਕ ਗਿਆ ਹੈਂ? ਕੀ ਤੂੰ ਮੈਨੂੰ ਹੁਣ ਪਿਆਰ ਨਹੀਂ ਕਰਦਾ? ਜਾਂ ਕੀ ਗੱਲ ਏ?"

ਉਹ ਸ਼ੱਕੀ ਨਜ਼ਰਾਂ ਨਾਲ ਉਸ ਵੱਲ ਦੇਖਣ ਲੱਗੀ, ਤੇ ਉਸਦੇ ਅੰਦਾਜ਼ ਵਿਚ ਕੁੜੱਤਣ ਤੇ ਵੰਗਾਰ ਸੀ।

"ਨ-ਨਹੀਂ," ਉਹ ਬੇਚੈਨੀ ਜਿਹੀ ਨਾਲ ਬੋਲਿਆ। "ਪਰ ਸਮੁੱਚੇ ਤੌਰ 'ਤੇ—ਤੂੰ ਜਾਣਦੀ ਹੀ ਏਂ ਤੂੰ ਤੇ ਮੈਂ ਕਿਸਤਰ੍ਹਾਂ ਦਾ ਜੀਵਨ ਜਿਊਂਦੇ ਰਹੇ ਹਾਂ। ਇਸਦਾ ਖ਼ਿਆਲ ਕਰਕੇ ਹੀ ਦਿਲ 'ਤਾਂਹ ਨੂੰ ਆਉਂਦੈ। ਤੇ ਹੁਣ ਅਸੀਂ ਇਸ ਵਿਚੋਂ ਨਿਕਲ ਆਏ ਹਾਂ—ਤੇ—ਮੈਨੂੰ ਡਰ ਲੱਗਣ ਲੱਗ ਪਿਐ। ਸਾਰਾ ਕੁਝ ਏਨੀ ਜਲਦੀ ਬਦਲ ਗਿਐ। ਇੰਝ ਲਗਦੈ ਜਿਵੇਂ ਮੈਂ ਕੋਈ ਹੋਰ ਬੰਦਾ ਹੋਵਾਂ, ਤੇ ਤੂੰ ਵੀ। ਇਸਦਾ ਮਤਲਬ ਕੀ ਏ? ਅੱਗੋਂ ਕੀ ਹੋਣ ਵਾਲੈ?"

"ਜੋ ਰੱਬ ਦੀ ਰਜ਼ਾ ਹੋਵੇਗੀ, ਗਰਿਗੋਰੀ," ਮਾਤਰਿਓਨਾ ਗੰਭੀਰਤਾ ਨਾਲ ਬੋਲੀ। "ਪਰ ਤੈਨੂੰ ਇਸ ਗੱਲ ਉਤੇ ਅਫ਼ਸੋਸ ਨਹੀਂ ਹੋਣਾ ਚਾਹੀਦਾ ਕਿ ਕੱਲ ਰਾਤੀਂ ਤੂੰ ਏਨਾ ਪਿਆਰਾ ਪਿਆਰਾ ਸੈਂ।"

"ਚੱਲ ਠੀਕ ਏ, ਛੱਡ ਇਹਨੂੰ," ਫਿਰ ਸਵੈਚੇਤੰਨ ਹੁੰਦਾ ਹੋਇਆ ਗਰਿਗੋਰੀ ਵਿਚੋਂ ਹੀ ਬੋਲਿਆ। "ਮੈਂ ਸੋਚਦਾ ਕਿ ਤਾਂ ਵੀ ਸਾਡੀ ਜ਼ਿੰਦਗੀ 'ਚੋਂ ਕੁਝ ਨਹੀਂ ਨਿਕਲਣ ਲੱਗਾ। ਪੁਰਾਣੀ ਜ਼ਿੰਦਗੀ ਬਿਲਕੁਲ ਚੰਗੀ ਨਹੀਂ ਸੀ। ਪਰ ਇਹ ਨਵੀਂ ਵੀ ਮੈਨੂੰ ਸੂਤ ਨਹੀਂ ਬੈਠਦੀ। ਜੇ ਮੈਂ ਨਾ ਵੀ ਪੀਆਂ, ਜਾਂ ਤੈਨੂੰ ਮਾਰਾਂ, ਜਾਂ ਗਾਹਲਾਂ ਕਢਾਂ..."

ਮਾਤਰਿਓਨਾ ਠਾਹਕਾ ਮਾਰ ਕੇ ਹੱਸ ਪਈ।

"ਤੇਰੇ ਕੋਲ ਇਹ ਸਾਰਾ ਕੁਝ ਕਰਨ ਦਾ ਸਮਾਂ ਹੀ ਨਹੀਂ," ਉਹ ਬੋਲੀ।

"ਪੀਣ ਲਈ ਮੈਂ ਹਮੇਸ਼ਾ ਵਕਤ ਕਢ ਸਕਦਾਂ," ਉਸਦਾ ਪਤੀ ਮੁਸਕ੍ਰਾਇਆ। "ਪਰ ਮੈਂ ਚਾਹੁੰਦਾ ਨਹੀਂ—ਇਹ ਕਰਾਮਾਤ ਏ। ਤੇ ਸਮੁਚੇ ਤੌਰ ਉਤੇ—ਮੈਨੂੰ ਨਹੀਂ ਪਤਾ, ਇਸਦਾ ਕਾਰਨ ਇਹ ਵੇ ਕਿ ਮੈਂ ਸ਼ਰਮਿੰਦਾ ਹਾਂ—ਜਾਂ ਡਰਦਾ ਹਾਂ—" ਉਸਨੇ ਆਪਣਾ ਸਿਰ ਪਿੱਛੇ ਨੂੰ ਸੁੱਟਿਆ ਤੇ ਸੋਚਣ ਲਗ ਪਿਆ।

"ਰੱਬ ਜਾਣੇ, ਤੈਨੂੰ ਕੀ ਹੋਇਆ ਏ," ਮਾਤਰਿਓਨਾ ਨੇ ਡੂੰਘਾ ਹਉਕਾ ਭਰਦਿਆਂ ਕਿਹਾ। "ਇਥੇ ਅਸੀਂ ਚੰਗਾ ਜੀਵਨ ਜਿਉਂਦੇ ਹਾਂ, ਭਾਵੇਂ ਸਾਨੂੰ ਕੰਮ ਸਖ਼ਤ ਕਰਨਾ ਪੈਂਦੈ। ਡਾਕਟਰਾਂ ਨੂੰ ਤੂੰ ਚੰਗਾ ਲਗਦਾ ਏਂ, ਤੂੰ ਕੋਈ ਅਜਿਹੀ ਗੱਲ ਨਹੀਂ ਕਰਦਾ, ਜਿਹੜੀ ਤੈਨੂੰ ਨਹੀਂ ਕਰਨੀ ਚਾਹੀਦੀ—ਹੋਰ ਤੂੰ ਕੀ ਚਾਹੁੰਦੈਂ? ਤੂੰ ਏਨਾ ਬੇਚੈਨ ਜਿਹਾ ਬੰਦਾ ਏਂ।"

"ਆਹ ਸਾਰੀ ਗੱਲ ਏ—ਮੈਂ ਬੇਚੈਨ ਆਦਮੀ ਹਾਂ। ਸਾਰੀ ਰਾਤ ਮੈਂ ਸੋਚਦਾ ਰਿਹਾ: ਪਿਓਤਰ ਈਵਾਨੋਵਿਚ ਕਹਿੰਦਾ ਹੈ ਕਿ ਸਾਰੇ ਲੋਕ ਬਰਾਬਰ ਨੇ, ਤੇ ਕੀ ਮੈਂ ਹੋਰ ਸਾਰਿਆਂ ਵਰਗਾ ਨਹੀਂ? ਪਰ ਡਾਕਟਰ ਵਾਸਚੇਨਕੋ ਮੇਰੇ ਨਾਲੋਂ ਚੰਗੈ, ਤੇ ਪਿਓਤਰ ਈਵਾਨੋਵਿਚ ਵੀ, ਤੇ ਕਿੰਨੇਂ ਸਾਰੇ ਹੋਰ ਬੰਦੇ ਵੀ। ਮਤਲਬ ਕੀ ਕਿ ਉਹ ਮੇਰੇ ਬਰਾਬਰ ਦੇ ਨਹੀਂ, ਤੇ ਮੈਂ ਉਹਨਾਂ ਦੇ ਬਰਾਬਰ ਨਹੀਂ, ਤੇ ਮੈਨੂੰ ਇਹਦਾ ਪਤੈ। ਉਹਨਾਂ ਮੀਸ਼ਕਾ ਊਸੋਵ ਨੂੰ ਰਾਜ਼ੀ ਕੀਤਾ, ਤੇ ਇਸ ਉਤੇ ਉਹ ਖ਼ੁਸ਼ ਸਨ, ਤੇ ਮੈਨੂੰ ਇਹੋ ਜਿਹੀ ਇਕ ਗਲ ਦੀ ਸਮਝ ਨਹੀਂ। ਇਸ ਗੱਲ ਦੀ ਖ਼ੁਸ਼ੀ ਕਿਉਂ ਹੋਵੇ ਕਿ ਕੋਈ ਰਾਜ਼ੀ ਹੋ ਗਿਐ? ਜੇ ਸੱਚੀ ਗੱਲ ਕਹੀ ਜਾਏ, ਤਾਂ ਜਿਹੜਾ ਜੀਵਨ ਉਹ ਜਿਉਂਦੇ ਨੇ, ਉਹ ਹੈਜ਼ੇ ਨਾਲ ਪੈਂਦੇ ਮਰੋੜਿਆਂ ਨਾਲੋਂ ਵੀ ਭੈੜਾ ਹੁੰਦੈ। ਉਹਨਾਂ ਨੂੰ ਇਸ ਗੱਲ ਦਾ ਪਤੈ, ਪਰ ਤਾਂ ਵੀ ਉਹ ਖ਼ੁਸ਼ ਹੁੰਦੇ ਨੇ। ਮੈਂ ਵੀ ਉਹਨਾਂ ਵਾਂਗ ਖ਼ੁਸ਼ ਹੋਣਾ ਚਾਹੁੰਦਾ ਹਾਂ, ਪਰ ਨਹੀਂ ਹੋ ਸਕਦਾ। ਕਿਉਂਕਿ—ਇਸ ਵਿਚ ਖ਼ੁਸ਼ ਹੋਣ ਵਾਲੀ ਕਿਹੜੀ ਗੱਲ ਹੈ, ਜੇ ਤੁਸੀਂ ਇਸ ਗੱਲ ਬਾਰੇ ਸੋਚੋ ਤਾਂ?"

"ਪਰ ਉਹਨਾਂ ਨੂੰ ਲੋਕਾਂ ਉਤੇ ਤਰਸ ਆਉਂਦੈ," ਮਾਤਰਿਓਨਾ ਨੇ ਇਤਰਾਜ਼ ਕੀਤਾ। "ਸਾਡੇ ਵਾਰਡ ਵਿਚ ਵੀ, ਜਦੋਂ ਕੋਈ ਔਰਤ ਰਾਜ਼ੀ ਹੋਣ ਵੱਲ ਮੁੜ ਪੈਂਦੀ ਏ, ਹੇ ਪ੍ਰਮਾਤਮਾ, ਕੀ ਹੁੰਦੈ ਫਿਰ! ਤੇ ਜੇ ਉਹ ਗਰੀਬ ਹੋਵੇ ਤਾਂ ਉਸਨੂੰ ਘਰ ਭੇਜਣ ਲਗਿਆਂ ਪੈਸੇ ਤੇ ਦਵਾਈਆਂ ਤੇ ਸਲਾਹ ਦੇਂਦੇ ਨੇ। ਤੁਹਾਡਾ ਰੋਣ 'ਤੇ ਜੀਅ ਕਰਦੈ, ਉਹ ਏਨੇਂ ਚੰਗੇ ਨੇ!"

"ਰੋਣ 'ਤੇ, ਤੂੰ ਕਹਿੰਦੀ ਏਂ? ਮੈਨੂੰ ਤਾਂ ਸਿਰਫ਼ ਹੈਰਾਨੀ ਹੀ ਹੁੰਦੀ ਏ, ਹੋਰ ਕੁਝ ਨਹੀਂ।" ਗਰਿਗੋਰੀ ਨੇ ਮੋਢੇ ਸੁੰਗੇੜੇ, ਸਿਰ ਖੁਰਕਿਆ ਤੇ ਅਜੀਬ ਜਿਹੀਆਂ ਨਜ਼ਰਾਂ ਨਾਲ ਆਪਣੀ ਪਤਨੀ ਵੱਲ ਦੇਖਿਆ।

ਪਤਾ ਨਹੀਂ ਉਸ ਵਿਚ ਸੁਭਾਸ਼ਣ ਕਿਥੋਂ ਆ ਗਿਆ, ਕਿ ਉਸਨੇ ਆਪਣੇ ਪਤੀ ਸਾਮ੍ਹਣੇ ਇਹ ਸਿਧ ਕਰਨਾ ਸ਼ੁਰੂ ਕਰ ਦਿਤਾ ਕਿ ਲੋਕਾਂ ਉਤੇ ਤਰਸ ਕੀਤਾ ਜਾਣਾ ਚਾਹੀਦਾ ਹੈ। ਉਹ ਉਸ ਵੱਲ ਝੁਕ ਗਈ, ਆਪਣੀਆਂ ਕੋਮਲ ਅੱਖਾਂ ਉਸਦੇ ਚਿਹਰੇ ਉਤੇ ਗੱਡ ਲਈਆਂ, ਤੇ ਲੋਕਾਂ ਬਾਰੇ, ਉਹਨਾਂ ਦੀ ਜ਼ਿੰਦਗੀ ਦੀਆਂ ਮੁਸ਼ਕਲਾਂ ਬਾਰੇ ਗੱਲਾਂ ਕਰਨ ਲੱਗ ਪਈ, ਤੇ ਉਹ ਪਰਤਵੀਂ ਨਜ਼ਰ ਉਸ ਵੱਲ ਦੇਖਣ ਲੱਗਾ ਤੇ ਸੋਚਣ ਲੱਗਾ।

"ਕਿਵੇਂ ਗੱਲਾਂ ਪਟਾਕ ਰਹੀ ਏ! ਇਹਨੂੰ ਕਿਥੋਂ ਇਹ ਸਾਰੇ ਲਫ਼ਜ਼ ਆ ਜਾਂਦੇ ਨੇ?"

"ਤੇ ਤੈਨੂੰ ਵੀ ਉਹਨਾਂ ਉਤੇ ਤਰਸ ਆਉਂਦੈ। ਤੂੰ ਨਹੀਂ ਸੀ ਕਿਹਾ ਕਿ ਜੇ ਤੇਰੇ ਵਿਚ ਜ਼ੋਰ ਹੋਵੇ ਤਾਂ ਤੂੰ ਹੈਜ਼ੇ ਦੀ ਜਾਨ ਨਚੋੜ ਕੇ ਰਖ ਦੇਵੇਂ? ਪਰ ਤੂੰ ਅਜਿਹਾ ਕਿਉਂ ਕਰੇਂ? ਜਦੋਂ ਦਾ ਹੈਜ਼ਾ ਫੈਲਿਆ ਏ, ਤੂੰ ਸਗੋਂ ਚੰਗੇਰਾ ਜੀਵਨ ਜਿਊਣ ਲਗ ਪਿਆ ਏਂ।"

ਗਰਿਗੋਰੀ ਖਿੜਖਿੜਾ ਕੇ ਹੱਸ ਪਿਆ।

"ਤੇ ਇਹ ਹੈ ਸਚਾਈ! ਇਹ ਸਚਮੁਚ ਚੰਗੇਰਾ ਜੀਵਨ ਏ। ਆਹ, ਖੱਡੇ 'ਚ ਪਏ ਇਹ ਸਾਰਾ ਕੁਝ। ਲੋਕੀਂ ਮਰ ਰਹੇ ਨੇ ਤੇ ਮੈਂ ਇਸੇ ਕਰਕੇ ਚੰਗੇਰਾ ਜੀਵਨ ਜਿਊ ਰਿਹਾਂ! ਇਹ ਹੈ ਜ਼ਿੰਦਗੀ! ਤ-ਫ਼ੂ!"

ਅਜੇ ਵੀ ਹਸਦਾ ਹੋਇਆ, ਉਹ ਉਠ ਖਲੋਤਾ ਤੇ ਕੰਮ ਲਈ ਚਲਾ ਗਿਆ। ਬਰਾਮਦੇ ਵਿਚ ਤੁਰਿਆ ਜਾਂਦਾ ਉਹ ਸੋਚ ਰਿਹਾ ਸੀ ਕਿ ਕਿੰਨੇ ਅਫ਼ਸੋਸ ਦੀ ਗੱਲ ਏ ਕਿ ਮਾਤਰਿਓਨਾ ਨੇ ਜੋ ਕਿਹੈ, ਉਹ ਹੋਰ ਕਿਸੇ ਨੇ ਨਹੀਂ ਸੁਣਿਆ। "ਵਾਹਵਾ ਤਕਰੀਰ ਝਾੜ ਦਿਤੀ ਸੀ ਉਹਨੇ! ਭਾਵੇਂ ਔਰਤ ਈ ਏ, ਪਰ ਕੁਝ ਸਮਝ ਰਖਦੀ ਏ।" ਉਹ ਚੰਗੀ ਰੌਂ ਵਿਚ ਸੀ ਜਦੋਂ ਉਹ ਆਦਮੀਆਂ ਦੇ ਵਾਰਡ ਵਿਚ ਗਿਆ, ਜਿਸ ਵਿਚੋਂ ਕੱਰਾਹੁਣ ਦੀ ਤੇ ਮਰੀਜ਼ਾਂ ਦੇ ਭਾਰੇ ਭਾਰੇ ਸਾਹ ਲੈਣ ਦੀ ਆਵਾਜ਼ ਆ ਰਹੀ ਸੀ।

ਮਾਤਰਿਓਨਾ ਨੇ ਮਹਿਸੂਸ ਕੀਤਾ ਕਿ ਉਹ ਆਪਣੇ ਪਤੀ ਲਈ ਦਿਨੋ ਦਿਨ ਵਧੇਰੇ ਮਹਤਵਪੂਰਨ ਬਣਦੀ ਜਾ ਰਹੀ ਸੀ, ਤੇ ਅਜਿਹਾ ਕਰਨ ਲਈ ਉਹ ਜੋ ਕਰ ਸਕਦੀ ਸੀ, ਉਹ ਕਰ ਰਹੀ ਸੀ। ਰੁਝੇਵੇਂ ਭਰਿਆ, ਚੁਸਤ ਜੀਵਨ ਜਿਹੜਾ ਉਹ ਜੀ ਰਹੀ ਸੀ, ਉਸਨੇ ਉਸਦੀਆਂ ਆਪਣੀਆਂ ਨਜ਼ਰਾਂ ਵਿਚ ਉਸਦੀ ਕੀਮਤ ਵਧਾ ਦਿਤੀ। ਉਹ ਸੋਚਣ ਦੀ ਤੇ ਗਲਾਂ ਨੂੰ ਜੋਖਣ ਦੀ ਆਦੀ ਨਹੀਂ ਸੀ, ਪਰ ਜਦੋਂ ਵੀ ਕਦੀ ਉਹ ਭੋਰੇ ਵਿਚਲੇ ਆਪਣੇ ਜੀਵਨ ਨੂੰ ਯਾਦ ਕਰਦੀ, ਜਦੋਂ ਉਹ ਆਪਣੇ ਪਤੀ ਦਾ ਤੇ ਆਪਣੇ ਨਿੱਕੇ ਜਿਹੇ ਘਰ ਦਾ ਖ਼ਿਆਲ ਰਖਣ ਵਿਚ ਹੀ ਸਾਰਾ ਸਮਾਂ ਰੁਝੀ ਰਹਿੰਦੀ ਸੀ, ਤਾਂ ਉਹ ਮੌਜੂਦਾ ਜੀਵਨ ਨਾਲ ਇਸਦਾ ਮੁਕਾਬਲਾ ਕੀਤੇ ਬਿਨਾਂ ਨਾ ਰਹਿ ਸਕਦੀ, ਤੇ ਹੌਲੀ ਹੌਲੀ ਉਸ ਘੁਰਨੇ ਵਿਚਲੇ ਉਹਨਾਂ ਦੇ ਜੀਵਨ ਦੀ ਮਾਯੂਸੀ ਭਰੀ ਯਾਦ ਉਸਦੇ ਮਨ ਵਿਚੋਂ ਮਿਟਦੀ ਗਈ। ਬਾਰਕਾਂ ਦੇ ਅਧਿਕਾਰੀ ਉਸਦੀ ਫੁਰਤੀ ਤੇ ਮਿਹਨਤੀ ਸੁਭਾ ਕਰਕੇ ਉਸਨੂੰ ਪਿਆਰ ਕਰਨ ਲਗੇ; ਹਰ ਕੋਈ ਉਸ ਉਤੇ ਮਿਹਰਬਾਨ ਸੀ ਤੇ ਉਸ ਨਾਲ ਮਨੁਖਾਂ ਵਾਂਗ ਪੇਸ਼ ਆਉਂਦਾ ਸੀ, ਜੋ ਕਿ ਐਸੀ ਗਲ ਸੀ ਜਿਹੜੀ ਉਸਨੇ ਪਹਿਲਾਂ ਕਦੀ ਨਹੀਂ ਸੀ ਦੇਖੀ, ਤੇ ਇਹ ਉਸਨੂੰ ਹੋਰ ਜ਼ਿਆਦਾ ਘਾਲਣਾ ਕਰਨ ਲਈ ਪ੍ਰੇਰਦੀ।

ਇਕ ਵਾਰੀ, ਰਾਤ ਦੀ ਡਿਊਟੀ ਸਮੇਂ, ਮੋਟੀ ਡਾਕਟਰ ਨੇ ਉਸਨੂੰ ਉਸਦੇ ਪਹਿਲੇ ਜੀਵਨ ਬਾਰੇ ਪੁਛਿਆ, ਤੇ ਮਾਤਰਿਓਨਾ ਨੇ ਬਿਨਾਂ ਝਕਣ ਦੇ ਤੇ ਸਾਫ਼ ਸਾਫ਼

ਉਸਨੂੰ ਸਭ ਕੁਝ ਦਸ ਦਿਤਾ। ਇਕਦਮ ਉਹ ਵਿਚ ਅਟਕੀ ਤੇ ਹੱਸਣ ਲਗ ਪਈ।

"ਤੂੰ ਹਸਦੀ ਕਾਹਦੇ 'ਤੇ ਪਈ ਏਂ?" ਡਾਕਟਰ ਪੁੱਛਣ ਲਗੀ।

"ਕੋਈ ਖ਼ਾਸ ਗੱਲ ਨਹੀਂ। ਪਰ ਇਹ ਵੀ ਜਿਊਣ ਦਾ ਕਿੰਨਾਂ ਭਿਆਨਕ ਤਰੀਕਾ ਸੀ—ਤੇ—ਤੁਸੀਂ ਮੰਨੋਗੇ?—ਮੈਨੂੰ ਇਸਦਾ ਪਤਾ ਹੀ ਨਹੀਂ ਸੀ। ਹੁਣ ਤੱਕ ਨਹੀਂ ਸੀ ਪਤਾ।"

ਬੀਤੇ ਉਤੇ ਨਜ਼ਰ ਮਾਰਨ ਦੀ ਉਸ ਘੜੀ ਤੋਂ ਮਗਰੋਂ, ਮਾਤਰਿਓਨਾ ਵਿਚ ਆਪਣੇ ਪਤੀ ਲਈ ਇਕ ਵਿਚਿੱਤਰ ਜਿਹਾ ਵਤੀਰਾ ਆ ਗਿਆ। ਉਹ ਉਸਨੂੰ ਪਹਿਲਾਂ ਜਿੰਨਾਂ ਹੀ ਪਿਆਰ ਕਰਦੀ ਸੀ, ਔਰਤ ਦੀ ਅੰਨ੍ਹੀਂ ਮੁਹੱਬਤ ਉਸਨੂੰ ਦੇਂਦੀ ਸੀ, ਪਰ ਹੁਣ ਉਸਨੂੰ ਲਗਦਾ ਸੀ ਕਿ ਗਰਿਗੋਰੀ ਉਸਦਾ ਕੁਝ ਦੇਣਦਾਰ ਹੈ। ਕਦੀ ਕਦੀ ਉਸ ਨਾਲ ਗੱਲਾਂ ਕਰਦੀ ਉਹ ਜ਼ਰਾ ਨਿਵਾਜਵਾਂ ਜਿਹਾ ਅੰਦਾਜ਼ ਅਖ਼ਤਿਆਰ ਕਰ ਲੈਂਦੀ, ਕਿਉਂਕਿ ਆਪਣੇ ਬੇਚੈਨ ਬੋਲਾਂ ਨਾਲ ਉਹ ਉਸਦੇ ਦਿਲ ਵਿਚ ਅਕਸਰ ਤਰਸ ਦੀ ਭਾਵਨਾ ਪੈਦਾ ਕਰ ਦੇਂਦਾ ਸੀ। ਪਰ ਅਜਿਹੀਆਂ ਵੀ ਘੜੀਆਂ ਆਉਂਦੀਆਂ, ਜਦੋਂ ਉਸਨੂੰ ਸ਼ੱਕ ਹੋਣ ਲਗ ਪੈਂਦਾ ਕਿ ਕੀ ਉਹ ਤੇ ਉਸਦਾ ਪਤੀ ਕਦੀ ਵੀ ਸ਼ਾਂਤ, ਅਮਨ-ਚੈਨ ਵਾਲਾ ਜੀਵਨ ਗੁਜ਼ਾਰ ਸੱਕਣਗੇ, ਭਾਵੇਂ ਉਸਨੂੰ ਯਕੀਨ ਸੀ ਕਿ ਗਰਿਗੋਰੀ ਟਿਕ ਜਾਇਗਾ ਤੇ ਉਸਦੀ ਦਿਲਗੀਰੀ ਹੌਲੀ ਹੌਲੀ ਖ਼ਤਮ ਹੋ ਜਾਇਗੀ।

ਇਕ ਦੂਜੇ ਨੂੰ ਮਿਲਣਾ ਉਹਨਾਂ ਦੀ ਕਿਸਮਤ ਵਿਚ ਲਿਖਿਆ ਸੀ, ਤੇ ਦੋਵੇਂ ਜਣੇ, ਦੋਵੇਂ ਜਵਾਨ, ਤਕੜੇ ਤੇ ਮਿਹਨਤੀ, ਨੀਰਸ ਜਿਹੀ ਅੱਧ-ਭੁੱਖੀ ਜ਼ਿੰਦਗੀ ਜਿਊਂਦੇ ਤੁਰੇ ਜਾਂਦੇ, ਜਿਹੜੀ ਸਾਰੀ ਦੀ ਸਾਰੀ ਰੋਟੀ ਲਈ ਨਿੱਤ ਦੇ ਘੋਲ ਦੇ ਲੇਖੇ ਲਗੀ ਹੁੰਦੀ, ਜੇ ਕਿਤੇ ਉਹਨਾਂ ਨੂੰ ਉਹ ਗਲ ਨਾ ਇਸ ਵਿਚੋਂ ਕਢ ਲਿਆਉਂਦੀ, ਜਿਸ ਗਲ ਨੂੰ ਗਰਿਗੋਰੀ "ਮੇਰੇ ਦਿਲ ਦੀ ਬੇਚੈਨੀ" ਕਹਿੰਦਾ ਸੀ, ਜਿਹੜੀ ਉਸਨੂੰ ਰੋਜ਼ਾਨਾ ਚੱਕੀ ਵਿਚ ਪੀਸੇ ਜਾਣ ਨਾਲ ਸਹਿਮਤ ਨਹੀਂ ਸੀ ਹੋਣ ਦੇਂਦੀ।

ਸਤੰਬਰ ਦੀ ਇਕ ਸਵੇਰ ਛਕੜਾ ਬਾਰਕਾਂ ਦੇ ਵਿਹੜੇ ਵਿਚ ਆ ਕੇ ਰੁਕਿਆ ਤੇ ਪਰੋਨਿਨ ਨੇ ਇਸ ਵਿਚੋਂ ਇਕ ਨਿੱਕਾ ਜਿਹਾ ਰੋਗਨ ਦੇ ਧੱਬਿਆਂ ਵਾਲਾ ਮੁੰਡਾ ਚੁੱਕ ਕੇ ਲਿਆਂਦਾ—ਹੱਡੀਆਂ ਦੀ ਮੁੱਠ, ਚੂਸਿਆ ਹੋਇਆ, ਤੇ ਮਸਾਂ ਹੀ ਸਾਹ ਲੈ ਰਿਹਾ।

"ਮੋਕਰੀ ਮਹੱਲੇ ਦੇ ਪੇਤੂਨੀਕੋਵ ਦੇ ਮਕਾਨ 'ਚੋਂ ਇਕ ਹੋਰ," ਕੋਚਵਾਨ ਨੇ ਦਸਿਆ, ਜਦੋਂ ਉਸਨੂੰ ਪੁਛਿਆ ਗਿਆ ਕਿ ਮਰੀਜ਼ ਕਿਥੋਂ ਆਇਆ ਹੈ।

"ਚਿਜ਼ਿਕ!" ਗਰਿਗੋਰੀ ਮਾਯੂਸੀ ਵਿਚ ਕਹਿ ਉਠਿਆ। "ਉਫ਼, ਪ੍ਰਮਾਤਮਾ! ਸੇਨਕਾ! ਚਿਜ਼! ਤੂੰ ਮੈਨੂੰ ਪਛਾਣਦੈਂ?"

"ਹ-ਹਾਂ," ਓਰਲੋਵ ਨੂੰ ਦੇਖਣ ਲਈ ਆਪਣੀਆਂ ਅੱਖਾਂ ਘੁਮਾ ਕੇ ਸਿਰ ਤੋਂ ਉਤੇ ਵੱਲ ਲਿਆਉਂਦਾ ਹੋਇਆ ਸੇਨਕਾ ਮੁਸ਼ਕਲ ਨਾਲ ਹੀ ਬੋਲ ਸਕਿਆ। ਗਰਿਗੋਰੀ ਨੇ ਸਿਰ ਵਲੋਂ ਸਟਰੈਚਰ ਫੜਿਆ ਹੋਇਆ ਸੀ ਤੇ ਉਸ ਉਤੇ ਝੁਕਿਆ ਹੋਇਆ ਸੀ।

"ਉਫ਼, ਤੇਰੀ! ਕਿਆ ਖ਼ੁਸ਼ਦਿਲ ਪੰਛੀ ਸੈਂ! ਇਹ ਤੈਨੂੰ ਕਿਸਤਰ੍ਹਾਂ ਹੋ ਗਿਆ?" ਗਰਿਗੋਰੀ ਨੇ ਪੁਛਿਆ। ਇਸ ਮੁੰਡੇ ਨੂੰ ਬੀਮਾਰੀ ਨਾਲ ਸੂਤਿਆ ਪਿਆ ਦੇਖ ਕੇ ਉਹ ਅਜੀਬ ਤਰ੍ਹਾਂ ਨਾਲ ਝੂਣਿਆ ਗਿਆ ਸੀ, ਤੇ ਉਸਦੇ ਵਿਰੋਧੀ ਭਾਵ ਇਕੋ ਇਕ ਸਵਾਲ ਦਾ ਰੂਪ ਧਾਰ ਗਏ ਸਨ, ਜਦ ਕਿ ਉਹ ਉਥੇ ਖੜਾ ਮਾਯੂਸੀ ਵਿਚ ਆਪਣਾ ਸਿਰ ਮਾਰ ਰਿਹਾ ਸੀ: "ਬੱਚੇ ਨੂੰ ਇਹ ਬੀਮਾਰੀ ਕਿਉਂ ਹੋਵੇ?"

ਸੇਨਕਾ ਚੁੱਪ ਰਿਹਾ ਤੇ ਕੰਬਿਆ।

ਉਹਨਾਂ ਉਸਨੂੰ ਬਿਸਤਰੇ ਵਿਚ ਲਿਟਾਇਆ ਤੇ ਉਸਦੇ ਫਟੇ ਹੋਏ ਕਪੜੇ ਲਾਹੁਣੇ ਸ਼ੁਰੂ ਕੀਤੇ, ਜਿਹੜੇ ਸਤਰੰਗੀ ਪੀਂਘ ਦੇ ਹਰ ਰੰਗ ਨਾਲ ਰੰਗੇ ਪਏ ਸਨ।

"ਠੰਡ ਲਗਦੀ ਏ," ਸੇਨਕਾ ਬੋਲਿਆ।

"ਅਸੀਂ ਤੈਨੂੰ ਗਰਮ ਪਾਣੀ ਨਾਲ ਨੁਹਾਵਾਂਗੇ ਤੇ ਰਾਜ਼ੀ ਕਰ ਦਿਆਂਗੇ," ਗਰਿਗੋਰੀ ਕਹਿਣ ਲਗਾ।

"ਤੁਸੀਂ ਮੈਨੂੰ ਰਾਜ਼ੀ ਨਹੀਂ ਕਰ ਸਕਦੇ," ਸੇਨਕਾ ਹੌਲੀ ਜਿਹੀ ਬੋਲਿਆ। "ਚਾਚਾ ਗਰਿਗੋਰੀ ਆਪਣਾ ਕੰਨ ਹੇਠਾਂ ਕਰ।... ਮੈਂ ਅਕਾਰਡੀਅਨ ਚੁਰਾ ਲਈ ਸੀ... ਇਕ ਲਕੜਾਂ ਦੇ ਢਾਰੇ ਵਿਚ ਪਈ ਏ... ਤਿੰਨ ਦਿਨ ਹੋਏ ਮੈਂ ਇਹਨੂੰ ਪਹਿਲੀ ਵਾਰ ਛੂਹਿਆ ਸੀ... ਚੁਰਾਉਣ ਪਿਛੋਂ। ਇਹ ਸ਼ਾਨਦਾਰ ਚੀਜ਼ ਏ। ਮੈਂ ਇਸਨੂੰ ਲੁਕਾ ਦਿਤਾ... ਤੇ ਉਦੋਂ ਹੀ ਮੈਨੂੰ ਢਿੱਡ ਵਿਚ ਪੀੜ ਹੋਈ। ਦੇਖਿਆ? ਕਿਉਂਕਿ ਮੈਂ ਪਾਪ ਕੀਤੇ।... ਇਹ ਪੌੜੀਆਂ ਦੇ ਹੇਠਾਂ ਕੰਧ ਨਾਲ ਲਟਕੀ ਪਈ ਏ। ... ਇਹਦੇ ਅੱਗੇ ਮੈਂ ਕੁਝ ਲਕੜਾਂ ਦਾ ਢੇਰ ਲਾ ਦਿਤਾ ਸੀ। ਇਹ ਵਾਪਸ ਕਰ ਦੇਈਂ, ਚਾਚਾ ਗਰਿਗੋਰੀ। ਅਕਾਰਡੀਅਨ ਵਾਲੇ ਦੀ ਇਕ ਭੈਣ ਵੀ ਸੀ... ਉਹ ਮੰਗਦੀ ਸੀ... ਉਸਨੂੰ ਦੇ ਦੇਈਂ।" ਉਸਨੇ ਕੱਰਾਹਟ ਭਰੀ ਤੇ ਮਰੋੜੇ ਖਾਣ ਲਗ ਪਿਆ।

ਉਸਨੂੰ ਬਚਾਉਣ ਲਈ ਜੋ ਕੀਤਾ ਜਾ ਸਕਦਾ ਸੀ, ਕੀਤਾ ਗਿਆ, ਪਰ ਸੇਨਕਾ ਦਾ ਖ਼ੁਰਾਕ ਦੇ ਘਾਟੇ ਮਾਰਿਆ ਸਰੀਰ ਜ਼ਿੰਦਗੀ ਨੂੰ ਜ਼ੋਰ ਨਾਲ ਕਾਬੂ ਨਾ ਰਖ ਸਕਿਆ, ਤੇ ਸ਼ਾਮ ਨੂੰ ਗਰਿਗੋਰੀ ਨੇ ਉਸਨੂੰ ਮੁਰਦਾਖ਼ਾਨੇ ਪੁਚਾ ਦਿਤਾ। ਉਸਨੂੰ ਲੱਗਾ ਜਿਵੇਂ ਕਿਸੇ ਨੇ ਉਸਦਾ ਨਿੱਜੀ ਨੁਕਸਾਨ ਕੀਤਾ ਹੋਵੇ।

ਮੁਰਦਾਖ਼ਾਨੇ ਵਿਚ ਗਰਿਗੋਰੀ ਨੇ ਮੁੰਡੇ ਦੇ ਅੰਗਾਂ ਨੂੰ ਸਿੱਧਿਆਂ ਕਰਨ ਦੀ ਕੋਸ਼ਿਸ਼ ਕੀਤੀ, ਪਰ ਨਾ ਕਰ ਸਕਿਆ। ਉਹ ਪੀਸਿਆ ਹੋਇਆ, ਬੇਦਿਲ ਹੋਇਆ,

ਕਦੀ ਏਨੇ ਖ਼ੁਸ਼ਦਿਲ ਮੁੰਡੇ ਦੇ ਬੀਮਾਰੀ ਨਾਲ ਮੁੜੇ ਸਰੀਰ ਦੀ ਤਸਵੀਰ ਆਪਣੇ ਮਨ ਵਿਚ ਲਈ, ਉਥੋਂ ਗਿਆ।

ਮੌਤ ਦੇ ਰੂਬਰੂ ਆਪਣੀ ਬੇਬਸੀ ਦੇ ਅਹਿਸਾਸ ਨੇ ਉਸਦੀ ਸਾਰੀ ਤਾਕਤ ਖੋਹ ਲਈ। ਕਿੰਨੇ ਦਿਲ ਨਾਲ ਉਸਨੇ ਸੇਨਕਾ ਦਾ ਧਿਆਨ ਰਖਿਆ ਸੀ, ਕਿੰਨੇ ਜੋਸ਼ ਨਾਲ ਡਾਕਟਰ ਉਸ ਲਈ ਕੰਮ ਕਰਦੇ ਰਹੇ ਸਨ—ਤੇ ਤਾਂ ਵੀ ਉਹ ਮਰ ਗਿਆ ਸੀ। ਇਸਨੇ ਉਸਨੂੰ ਗ਼ੁੱਸੇ ਨਾਲ ਭਰ ਦਿਤਾ। ਇਹਨਾਂ ਦਿਨਾਂ ਵਿਚੋਂ ਹੀ ਕਿਸੇ ਦਿਨ ਬੀਮਾਰੀ ਗਰਿਗੋਰੀ ਨੂੰ ਵੀ ਫੜ ਲਵੇਗੀ, ਉਸਨੂੰ ਗੰਢਾਂ ਵਾਂਗ ਮਰੋੜ ਦੇਵੇਗੀ, ਤੇ ਇਹ ਅੰਤ ਹੋਵੇਗਾ। ਉਹ ਡਰ ਗਿਆ ਸੀ, ਇੱਕਲੇਪਣ ਦੇ ਅਹਿਸਾਸ ਨੇ ਉਸਨੂੰ ਆ ਮੱਲਿਆ ਸੀ। ਜੇ ਕਿਤੇ ਉਹ ਇਸ ਸਭ ਕੁਝ ਬਾਰੇ ਕਿਸੇ ਸਿਆਣੇ ਆਦਮੀ ਨਾਲ ਗੱਲ ਕਰ ਸਕੇ! ਵਿਦਿਆਰਥੀਆਂ ਵਿਚੋਂ ਇਕ ਨਾਲ ਉਸਨੇ ਕਈ ਵਾਰੀ ਗੱਲ ਛੇੜਣ ਦੀ ਕੋਸ਼ਿਸ਼ ਕੀਤੀ ਸੀ, ਪਰ ਫ਼ਲਸਫ਼ੇ ਘੋਟਣ ਦੀ ਉਹਨਾਂ ਵਿਚੋਂ ਕਿਸੇ ਨੂੰ ਵੀ ਵਿਹਲ ਨਹੀਂ ਸੀ। ਕੁਝ ਨਹੀਂ ਸੀ ਕੀਤਾ ਜਾ ਸਕਦਾ, ਸਿਵਾਏ ਜਾ ਕੇ ਆਪਣੀ ਪਤਨੀ ਨਾਲ ਗੱਲਬਾਤ ਕਰਨ ਦੇ। ਤੇ ਉਹ ਚਲਾ ਗਿਆ, ਉਦਾਸ ਤੇ ਢੱਠੇ ਦਿਲ ਨਾਲ।

ਉਹ ਕਮਰੇ ਦੇ ਕੋਨੇ ਵਿਚ ਮੂੰਹ-ਹੱਥ ਧੋ ਰਹੀ ਸੀ, ਤੇ ਸਾਮੋਵਾਰ ਮੇਜ਼ ਉਤੇ ਪਿਆ ਉਬਾਲੇ ਖਾ ਰਿਹਾ ਸੀ, ਤੇ ਕਮਰੇ ਨੂੰ ਆਪਣੇ ਸਾਂ-ਸਾਂ ਤੇ ਭਾਫ਼ ਛੱਡਣ ਦੀ ਆਵਾਜ਼ ਨਾਲ ਭਰ ਰਿਹਾ ਸੀ।

ਇਕ ਵੀ ਲਫ਼ਜ਼ ਕਹੇ ਬਿਨਾਂ ਗਰਿਗੋਰੀ ਬੈਠ ਗਿਆ ਤੇ ਆਪਣੀ ਪਤਨੀ ਦੇ ਨੰਗੇ, ਗੋਲ ਮੋਢਿਆਂ ਵੱਲ ਦੇਖਣ ਲਗਾ। ਸਾਮੋਵਾਰ ਖੋਲ ਰਿਹਾ ਸੀ, ਪਾਣੀ ਛੂਲਕ ਰਿਹਾ ਸੀ, ਮਾਤਰਿਓਨਾ ਉਚੀ ਉਚੀ ਸਾਹ ਲੈ ਰਹੀ ਸੀ, ਬਰਾਮਦੇ ਵਿਚੋਂ ਆਉਂਦੇ ਜਾਂਦੇ ਕਦਮਾਂ ਦੀ ਆਵਾਜ਼ ਆ ਰਹੀ ਸੀ ਤੇ ਗਰਿਗੋਰੀ ਆਵਾਜ਼ ਤੋਂ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਇਹ ਕਦਮ ਕਿਸ ਦੇ ਸਨ।

ਇਕਦਮ ਉਸਨੂੰ ਲੱਗਾ ਕਿ ਮਾਤਰਿਓਨਾ ਦੇ ਮੋਢੇ ਓਨ ਹੀ ਠੰਡੇ ਤੇ ਚਿਪਚਿਪੇ ਨੇ ਜਿੰਨੇ ਸੇਨਕਾ ਦੇ ਸਨ, ਜਦੋਂ ਉਹ ਬੀਮਾਰੀ ਨਾਲ ਮਰੋੜੇ ਖਾ ਰਿਹਾ ਸੀ। ਉਹ ਕੰਬ ਗਿਆ।

"ਸੇਨਕਾ ਮਰ ਗਿਐ," ਉਸਨੇ ਮਾਂਦ ਜਿਹੀ ਆਵਾਜ਼ ਵਿਚ ਦਸਿਆ।

"ਸੇਨਕਾ ਮਰ ਗਿਐ?! ਪ੍ਰਮਾਤਮਾ ਉਸਦੀ ਰੂਹ ਨੂੰ ਸ਼ਾਂਤੀ ਦੇਵੇ!" ਉਸਨੇ ਪ੍ਰਾਰਥਨਾ ਕਰਦੇ ਢੰਗ ਨਾਲ ਕਿਹਾ, ਤੇ ਫਿਰ ਉਸਨੇ ਥੁੱਕਣਾ ਸ਼ੁਰੂ ਕਰ ਦਿਤਾ—ਸਾਬਣ ਉਸਦੇ ਮੂੰਹ ਵਿਚ ਚਲਾ ਗਿਆ ਸੀ।

"ਮੈਨੂੰ ਉਹਦੇ ਉਤੇ ਬੜਾ ਅਫ਼ਸੋਸ ਹੋਇਐ," ਗਰਿਗੋਰੀ ਨੇ ਹਉਕਾ ਭਰਿਆ। "ਬਹੁਤ ਹੀ ਅੱਥਰਾ ਮੁੰਡਾ ਸੀ।"

"ਉਹ ਮਰ ਗਿਐ—ਤੇ ਬੱਸ! ਹੁਣ ਇਹ ਦਸਣਾ ਤੇਰਾ ਕੰਮ ਨਹੀਂ ਕਿ ਉਹ ਕੀ ਸੀ ਤੇ ਕੀ ਨਹੀਂ ਸੀ। ਤੇ ਬੜੇ ਅਫ਼ਸੋਸ ਦੀ ਗੱਲ ਏ ਕਿ ਉਹ ਮਰ ਗਿਐ। ਉਹ ਤੇਜ਼ ਮੁੰਡਾ ਸੀ। ਉਹ ਅਕਾਰਡੀਅਨ, ਹੁਣ... ਖ਼ੈਰ...। ਹੂੰ-ਊਂ! ਉਹ ਨਿੱਕਾ ਜਿਹਾ ਫੁਰਤੀਲਾ ਮੁੰਡਾ ਸੀ। ਕਦੀ ਕਦੀ ਮੈਂ ਉਸ ਵੱਲ ਦੇਖਦਾ ਹੁੰਦਾ ਸਾਂ ਤੇ ਸੋਚਦਾ ਹੁੰਦਾ ਸਾਂ ਕਿ ਜੇ ਮੈਂ ਉਸਨੂੰ ਆਪਣਾ ਸ਼ਾਗਿਰਦ ਬਣਾ ਲਵਾਂ ਤਾਂ। ਯਤੀਮ! ਅਸੀਂ ਉਸ ਨਾਲ ਰਚ-ਮਿਚ ਜਾਂਦੇ ਤੇ ਉਹ ਸਾਡੇ ਪੁੱਤਰਾਂ ਵਾਂਗ ਰਹਿੰਦਾ। ਤੂੰ ਤਕੜੀ ਸਿਹਤਮੰਦ ਜ਼ਨਾਨੀ ਏਂ, ਪਰ ਤੇਰੇ ਕੋਈ ਬੱਚਾ ਨਹੀਂ। ਇਕ ਹੋਇਆ ਸੀ, ਤੇ ਬੱਸ। ਬਹੁਤ ਮਾੜੈ! ਜੇ ਕਿਤੇ ਸਾਡੇ ਵੀ ਕੋਈ ਚੀਂ-ਚੀਂ ਕਰਨ ਵਾਲੇ ਹੁੰਦੇ, ਤਾਂ ਉਹਨਾਂ ਨੂੰ ਦੇਖਦਿਆਂ ਜ਼ਿੰਦਗੀ ਏਨੀਂ ਸੁੰਨੀ ਨਾ ਲਗਦੀ। ਇਸਤਰ੍ਹਾਂ ਅਸੀਂ ਕੀਹਦੇ ਲਈ ਕੰਮ ਕਰ ਰਹੇ ਹਾਂ? ਆਪਣੇ ਆਪ ਲਈ ਰੋਟੀ ਕਮਾਉਣ ਵਾਸਤੇ। ਤੇ ਉਹ ਕਾਹਦੇ ਲਈ? ਕੰਮ ਕਰੀ ਜਾਣ ਲਈ। ਤੇ ਇਹ ਪਾਗਲ ਚੱਕਰ ਚੱਲੀ ਜਾਂਦਾ ਹੈ, ਚੱਲੀ ਜਾਂਦਾ ਹੈ। ਜੇ ਸਾਡੇ ਬੱਚੇ ਹੁੰਦੇ ਤਾਂ ਗੱਲ ਹੋਰ ਹੁੰਦੀ।"

ਬੋਲਦਿਆਂ, ਉਸਨੇ ਸਿਰ ਹੇਠਾਂ ਸੁਟਿਆ ਹੋਇਆ ਸੀ, ਤੇ ਉਸਦਾ ਬੋਲਣ ਢੰਗ ਉਦਾਸ ਤੇ ਅਸੰਤੋਖ ਭਰਿਆ ਸੀ। ਉਸਦੇ ਸਾਮ੍ਹਣੇ ਖੜੀ ਮਾਤਰਿਓਨਾ ਉਸਨੂੰ ਸੁਣਦੀ ਹੋਈ ਪੀਲੀ ਪਈ ਜਾ ਰਹੀ ਸੀ।

"ਮੈਂ ਸਿਹਤਮੰਦ ਹਾਂ, ਤੂੰ ਸਿਹਤਮੰਦ ਏਂ, ਤਾਂ ਵੀ ਸਾਡੇ ਕੋਈ ਬੱਚਾ ਨਹੀਂ," ਗਰਿਗੋਰੀ ਬੋਲੀ ਗਿਆ। "ਕਿਉਂ? ਮੈਂ ਇਸ ਬਾਰੇ ਸੋਚਦਾ ਰਹਿੰਦਾ ਹਾਂ। ਇਹ ਗਲ ਏ ਜਿਹੜੀ ਮੈਨੂੰ ਪੀਣ ਲਈ ਮਜਬੂਰ ਕਰ ਦੇਂਦੀ ਏ।"

"ਇਹ ਝੂਠ ਏ," ਮਾਤਰਿਓਨਾ ਨੇ ਉੱਚੀ ਸਾਰੀ ਆਵਾਜ਼ ਵਿਚ ਕਿਹਾ। "ਇਹ ਝੂਠ ਏ! ਇਹੋ ਜਿਹੀ ਗੰਦੀ ਗੱਲ ਮੇਰੇ ਸਾਮ੍ਹਣੇ ਕਰਨ ਦੀ ਹਿੰਮਤ ਨਾ ਕਰੀਂ, ਸੁਣਦੈਂ? ਹਿੰਮਤ ਨਾ ਕਰੀਂ! ਤੂੰ ਪੀਂਦੈਂ ਸ਼ਰਾਰਤ ਕਰਕੇ, ਕਿਉਂਕਿ ਤੂੰ ਆਪਣੇ ਆਪ ਉਤੇ ਕਾਬੂ ਨਹੀਂ ਰਖ ਸਕਦਾ; ਤੂੰ ਝੂਠ ਬੋਲਦੈਂ!"

ਗਰਿਗੋਰੀ ਹੱਕਾ-ਬੱਕਾ ਰਹਿ ਗਿਆ। ਉਹ ਆਪਣੀ ਪਤਨੀ ਨੂੰ ਚੰਗੀ ਤਰ੍ਹਾਂ ਦੇਖਣ ਲਈ ਆਪਣੀ ਕੁਰਸੀ ਉਤੇ ਪਿੱਛੇ ਨੂੰ ਝੁਕ ਗਿਆ, ਤੇ ਉਸਨੂੰ ਯਕੀਨ ਨਹੀਂ ਸੀ ਆਉਂਦਾ ਕਿ ਇਹ ਉਹੀ ਹੈ। ਉਸਨੇ ਪਹਿਲਾਂ ਕਦੀ ਵੀ ਉਸਨੂੰ ਇੰਝ ਗ਼ੁੱਸੇ ਵਿਚ ਨਹੀਂ ਸੀ ਦੇਖਿਆ, ਕਦੀ ਵੀ ਉਸਨੇ ਉਸ ਵੱਲ ਇੰਝ ਬੇਰਹਿਮ, ਸਾੜ ਦੇਣ ਵਾਲੀਆਂ ਅੱਖਾਂ ਨਾਲ ਨਹੀਂ ਸੀ ਦੇਖਿਆ, ਨਾ ਹੀ ਕਦੀ ਏਨੀ ਜ਼ੋਰਦਾਰ ਤਰ੍ਹਾਂ ਨਾਲ ਬੋਲੀ ਸੀ।

"ਅਛਾ?" ਗਰਿਗੋਰੀ ਨੇ ਦੋਹਾਂ ਹੱਥਾਂ ਨਾਲ ਆਪਣੀ ਕੁਰਸੀ ਦੇ ਕਿਨਾਰਿਆਂ ਨੂੰ ਜ਼ੋਰ ਦੀ ਫੜਦਿਆਂ ਵਿਅੰਗਮਈ ਅੰਦਾਜ਼ ਵਿਜ ਲਮਕਾਉਂਦਿਆਂ ਕਿਹਾ: "ਅੱਛਾ? ਹੋਰ ਕਹੁ, ਕੀ ਕਹਿਣਾ ਈ?"

"ਬੜਾ ਕੁਝ ਕਹਿਣੈਂ! ਮੈਂ ਕਦੀ ਨਾ ਕਹਿੰਦੀ ਜੇ ਤੂੰ ਇਹ ਗੱਲ ਮੇਰੇ ਮੂੰਹ ਵਿਚ ਨਾ ਪਾਉਂਦਾ। ਮੈਂ ਨਹੀਂ ਤੇਰੇ ਲਈ ਬੱਚੇ ਜੰਮਦੀ? ਤੇ ਜੰਮਾਂਗੀ ਵੀ ਨਹੀਂ! ਨਹੀਂ ਜੰਮ ਸਕਦੀ! ਮੈਂ ਕਦੀ ਬੱਚਾ ਨਹੀਂ ਜੰਮਾਂਗੀ!" ਉਸਦਾ ਚੀਕਣਾ ਸਿਸਕੀਆਂ ਵਿਚ ਖ਼ਤਮ ਹੋ ਗਿਆ।

"ਚਿੱਲਾ ਨਾ," ਉਸਦਾ ਪਤੀ ਬੋਲਿਆ।

"ਤੇ ਮੈਂ ਕਿਉਂ ਨਹੀਂ ਜੰਮਦੀ? ਤੈਨੂੰ ਯਾਦ ਏ ਤੂੰ ਮੈਨੂੰ ਕਿੰਨੀਂ ਵਾਰੀ ਮਾਰਦਾ ਹੁੰਦਾ ਸੈਂ? ਕਿੰਨੀਂ ਵਾਰੀ ਤੂੰ ਮੇਰੇ ਢਿੱਡ ਵਿਚ ਲੱਤਾਂ ਮਾਰਦਾ ਸੈਂ? ਜ਼ਰਾ ਹਿਸਾਬ ਕਰ! ਯਾਦ ਕਰ ਤੂੰ ਕਿਵੇਂ ਮੈਨੂੰ ਮਾਰਦਾ ਤੇ ਲਿਤਾੜਦਾ ਹੁੰਦਾ ਸੈਂ? ਤੈਨੂੰ ਪਤੈ, ਤੇਰੀ ਮਾਰ ਨਾਲ ਮੇਰਾ ਕਿੰਨਾਂ ਖ਼ੂਨ ਜਾਂਦਾ ਰਿਹੈ? ਮੇਰੇ ਕੱਪੜੇ ਗਲ ਤੱਕ ਖ਼ੂਨ ਨਾਲ ਭਰ ਜਾਂਦੇ ਸਨ। ਇਸ ਕਰਕੇ ਮੈਂ ਤੇਰੇ ਲਈ ਬੱਚੇ ਨਹੀਂ ਜੰਮਦੀ, ਮੇਰੇ ਪਿਆਰੇ ਪਤੀ! ਤੇ ਹੁਣ ਤੂੰ ਮੈਨੂੰ ਕਿਵੇਂ ਇਸ ਲਈ ਬੁਰਾ ਕਹਿ ਸਕਦੈਂ? ਤੈਨੂੰ ਸ਼ਰਮ ਆਉਣੀ ਚਾਹੀਦੀ ਏ ਆਪਣਾ ਮੂੰਹ ਮੈਨੂੰ ਦਿਖਾਉਂਦਿਆਂ। ਤੂੰ ਖ਼ੂਨੀ ਏਂ, ਹਾਂ, ਖ਼ੂਨੀ ਏਂ ਤੂੰ। ਤੂੰ ਆਪਣੇ ਹੀ ਬੱਚਿਆਂ ਨੂੰ ਕਤਲ ਕਰਦਾ ਰਿਹੈਂ, ਤੇ ਹੁਣ ਤੂੰ ਮੈਨੂੰ ਦੋਸ਼ ਦੇਂਦਾ ਏਂ, ਕਿ ਸਾਡੇ ਕੋਈ ਬੱਚਾ ਨਹੀਂ। ਮੈਂ ਸਾਰਾ ਕੁਝ ਸਹਿੰਦੀ ਰਹੀ ਹਾਂ, ਸਾਰਾ ਕੁਝ ਤੈਨੂੰ ਮੁਆਫ਼ ਕਰਦੀ ਰਹੀ ਹਾਂ। ਪਰ ਤੇਰੇ ਇਹਨਾਂ ਲਫ਼ਜ਼ਾਂ ਨੂੰ ਮੈਂ ਜਿਉਂਦੇ ਜੀਅ ਮੁਆਫ਼ ਨਹੀਂ ਕਰ ਸਕਾਂਗੀ! ਆਖ਼ਰੀ ਦਮ ਤੱਕ ਮੈਂ ਇਹ ਯਾਦ ਰਖਾਂਗੀ? ਤੈਨੂੰ ਕੀ ਸਚਮੁਚ ਨਹੀਂ ਪਤਾ ਕਿ ਕਸੂਰ ਸਾਰਾ ਤੇਰਾ ਏ, ਤੇਰੀ ਮਾਰ ਦਾ ਏ, ਜਿਹੜੀ ਤੂੰ ਮੈਨੂੰ ਮਾਰਦਾ ਰਿਹੈਂ? ਮੈਂ ਕੋਈ ਦੂਜੀਆਂ ਔਰਤਾਂ ਨਾਲੋਂ ਵਖਰੀ ਹਾਂ ਕਿ ਬੱਚੇ ਨਹੀਂ ਚਾਹੁੰਦੀ? ਕਿੰਨੀਆਂ ਰਾਤਾਂ ਮੈਂ ਜਾਗ ਜਾਗ ਕੇ ਰੱਬ ਅੱਗੇ ਦੁਆਆਂ ਕਰਦੀ ਰਹੀ ਕਿ ਉਹ ਮੇਰੀ ਕੁੱਖ ਵਿਚਲੇ ਬੱਚੇ ਦੀ ਤੇਰੀ ਮਾਰ ਤੋਂ ਰਾਖੀ ਕਰੇ, ਖ਼ੂਨੀ! ਦੂਜਿਆਂ ਦੇ ਬੱਚਿਆਂ ਨੂੰ ਦੇਖ ਕੇ ਮੇਰਾ ਦਿਲ ਰੀਸ ਨਾਲ ਭਰ ਜਾਂਦਾ ਸੀ, ਤੇ ਆਪਣੇ ਉਤੇ ਤਰਸ ਆਉਂਦਾ ਸੀ। ਪ੍ਰਮਾਤਮਾ, ਮੈਂ ਬੱਚਾ ਚਾਹੁੰਦੀ ਸਾਂ! ਮੈਂ ਚੋਰੀ ਚੋਰੀ ਸੇਨਕਾ ਨੂੰ ਪਿਆਰ ਕਰਦੀ ਹੁੰਦੀ ਸਾਂ। ਹੇ ਪ੍ਰਮਾਤਮਾ, ਮੈਂ ਕੀ ਹਾਂ? ਬਾਂਝ ਔਰਤ..."

ਉਹ ਉਭੇ-ਸਾਹ ਲੈਣ ਲਗੀ। ਉਸਦੇ ਮੂੰਹ ਵਿਚੋਂ ਲਫ਼ਜ਼ ਬੇਤਰਤੀਬੀ ਨਾਲ ਨਿਕਲ ਰਹੇ ਸਨ।

ਉਸਦੇ ਚਿਹਰੇ ਉਤੇ ਦਾਗ਼ ਦਿਸੱਣ ਲੱਗੇ, ਉਹ ਸਾਰੀ ਕੰਬਣ ਲੱਗੀ ਤੇ ਉਸਨੇ ਆਪਣੀ ਧੌਣ ਨੂੰ ਮਲਣਾ ਸ਼ੁਰੂ ਕਰ ਦਿਤਾ। ਉਸਦਾ ਗਲਾ ਹਿਚਕੀਆਂ ਨਾਲ ਭਰ ਗਿਆ। ਪੀਲਾ ਪਿਆ ਹੋਇਆ ਤੇ ਪਿਸਦਾ ਜਾ ਰਿਹਾ ਗਰਿਗੋਰੀ ਅੱਖਾਂ ਪਾੜ ਪਾੜ ਕੇ ਉਸ ਔਰਤ ਵੱਲ ਦੇਖ ਰਿਹਾ ਸੀ, ਜਿਸਨੂੰ ਉਸਨੇ ਪਹਿਲਾਂ ਕਦੀ ਨਹੀਂ ਸੀ ਦੇਖਿਆ। ਤੇ ਉਹ ਉਸ ਕੋਲੋਂ ਡਰ ਰਿਹਾ ਸੀ—ਡਰ ਰਿਹਾ ਸੀ ਕਿ ਉਹ ਉਸ ਉਤੇ ਝਪਟ ਪਵੇਗੀ ਤੇ ਗਲਾ ਘੁੱਟ ਕੇ ਮਾਰ ਦੇਵੇਗੀ: ਉਹਨਾਂ ਵਹਿਸ਼ੀ ਅੱਖਾਂ ਵਿਚ,

ਜਿਹੜੀਆਂ ਬਦਲੇ ਨਾਲ ਲਾਟਾਂ ਛੱਡ ਰਹੀਆਂ ਸਨ, ਇਹ ਖ਼ਤਰਾ ਦਿੱਸ ਰਿਹਾ ਸੀ। ਇਸ ਵੇਲੇ ਉਹ ਉਸ ਨਾਲੋਂ ਦੁਗਣੀ ਤਕੜੀ ਸੀ; ਉਸਨੇ ਇਹ ਮਹਿਸੂਸ ਕਰ ਲਿਆ ਸੀ ਤੇ ਡਰ ਰਿਹਾ ਸੀ। ਉਹ ਖੜਾ ਹੋ ਕੇ ਉਸਨੂੰ ਹੁਣ ਟਿਕਾ ਨਹੀਂ ਸੀ ਸਕਦਾ, ਜਿਵੇਂ ਕਿ ਉਹ ਯਕੀਨਨ ਟਿਕਾ ਦੇਂਦਾ, ਜੇ ਕਿਸੇ ਸ਼ਕਤੀਸ਼ਾਲੀ ਤਾਕਤ ਨੇ ਉਸ ਵਿਚ ਇਸ ਤਰ੍ਹਾਂ ਦੀ ਤਬਦੀਲੀ ਨਾ ਲਿਆ ਦਿਤੀ ਹੁੰਦੀ।

"ਤੂੰ ਮੇਰੀ ਰੂਹ ਨੂੰ ਜ਼ਖ਼ਮੀ ਕੀਤੈ। ਮੇਰੇ ਨਾਲ ਤੂੰ ਮਹਾਂ ਪਾਪ ਕਰਦਾ ਰਿਹੈਂ! ਪਰ ਮੈਂ ਸਭ ਕੁਝ ਝਲਦੀ ਰਹੀ ਹਾਂ, ਤੇ ਕੁਝ ਨਹੀਂ ਬੋਲੀ—ਕਿਉਂਕਿ ਮੈਂ ਤੈਨੂੰ ਪਿਆਰ ਕਰਦੀ ਸਾਂ! ਪਰ ਮੈਂ ਇਸ ਤਰ੍ਹਾਂ ਦੀ ਮਲਾਮਤ ਨਹੀਂ ਸਹਿ ਸਕਦੀ! ਇਹ ਮੇਰੀ ਬਰਦਾਸ਼ਤ ਤੋਂ ਬਾਹਰ ਏ। ਆਪਣੇ ਇਹਨਾਂ ਲਫ਼ਜ਼ਾਂ ਲਈ ਤੂੰ ਨਰਕਾਂ 'ਚ ਜਾਏਂ!"

"ਬਕਵਾਸ ਬੰਦ ਕਰ!" ਗਰਿਗੋਰੀ ਦੰਦ ਕਰੀਚਦਾ ਹੋਇਆ ਬੋਲਿਆ।

"ਕਿਆ ਅਸਮਾਨ ਸਿਰ 'ਤੇ ਚੁਕਿਆ ਹੋਇਆ ਏ? ਤੁਸੀਂ ਭੁੱਲ ਗਏ ਹੋ ਕਿ ਤੁਸੀਂ ਕਿਥੇ ਹੋ?"

ਗਰਿਗੋਰੀ ਦੀਆਂ ਅੱਖਾਂ ਅੱਗੇ ਧੁੰਦ ਛਾਈ ਹੋਈ ਸੀ। ਉਹ ਕੁਝ ਨਾ ਪਛਾਣ ਸਕਿਆ ਕਿ ਦਰਵਾਜ਼ੇ ਵਿਚ ਕੌਣ ਖੜਾ ਹੈ, ਤੇ ਜ਼ੋਰ ਦੀ ਗਾਲ੍ਹ ਕਢਦਿਆਂ ਉਸਨੇ ਉਸਨੂੰ ਲਾਂਭੇ ਧਕਿਆ ਤੇ ਬਾਹਰ ਖੇਤਾਂ ਵੱਲ ਨੱਠ ਗਿਆ। ਮਾਤਰਿਓਨਾ ਕੁਝ ਦੇਰ ਕਮਰੇ ਦੇ ਵਿਚਕਾਰ ਖੜੀ ਰਹੀ, ਤੇ ਫਿਰ ਲੜਖੜਾਉਂਦੀ ਹੋਈ ਬਿਸਤਰੇ ਵੱਲ ਚਲੀ ਗਈ, ਅੰਨ੍ਹਿਆਂ ਵਾਂਗ ਹੱਥ ਫ਼ੈਲਾਈ, ਤੇ ਹੁੰਗਰਦੀ ਹੋਈ ਢਹਿ ਪਈ।

ਹਨੇਰਾ ਹੋ ਗਿਆ ਸੀ। ਫਟੇ ਹੋਏ ਬੱਦਲਾਂ ਵਿਚੋਂ ਉਤਸੁਕ ਸੁਨਹਿਰੀ ਚੰਨ ਕਮਰੇ ਵਿਚ ਝਾਤੀਆਂ ਮਾਰ ਰਿਹਾ ਸੀ। ਪਰ ਜਲਦੀ ਹੀ ਪਤਝੜ ਦੀ ਅਨੰਤ, ਮਾਯੂਸ ਝੜੀ ਦਾ ਸੁਨੇਹਾ ਦੇਂਦਾ ਮੀਂਹ ਬਾਰਕਾਂ ਦੀਆਂ ਕੰਧਾਂ ਉਤੇ ਤੇ ਬਾਰੀਆਂ ਉਤੇ ਪੈਣ ਲੱਗਾ।

ਘੜੀ ਦਾ ਪੈਂਡੂਲਮ ਬਰਾਬਰ ਤਾਲ ਨਾਲ ਸਕਿੰਟ ਗਿਣੀ ਜਾ ਰਿਹਾ ਸੀ; ਬਾਰਸ਼ ਦੇ ਤੁਪਕੇ ਬਾਰੀ ਦੇ ਸ਼ੀਸ਼ਿਆਂ ਉਪਰ ਖੜਾਕ ਕਰੀ ਜਾ ਰਹੇ ਸਨ। ਇਕ ਇਕ ਕਰਕੇ ਘੰਟੇ ਬੀਤਦੇ ਗਏ, ਬਾਰਸ਼ ਹੁੰਦੀ ਰਹੀ, ਤੇ ਉਹ ਔਰਤ ਬੇਹਰਕਤ ਮੰਜੇ ਉਤੇ ਪਈ ਰਹੀ। ਆਪਣੀਆਂ ਸੁੱਜੀਆਂ ਅੱਖਾਂ ਉਸਨੇ ਛੱਤ ਉਤੇ ਗੱਡੀਆਂ ਹੋਈਆਂ ਸਨ, ਦੰਦ ਮੀਚੇ ਹੋਏ ਸਨ, ਜਬਾੜੇ ਬਾਹਰ ਨੂੰ ਨਿਕਲੇ ਹੋਏ ਸਨ। ਤੇ ਬਾਰਸ਼ ਅਜੇ ਵੀ ਕੰਧਾਂ ਤੇ ਬਾਰੀਆਂ ਉਤੇ ਪਈ ਜਾ ਰਹੀ ਸੀ। ਇਹ ਕੋਈ ਅਕਾ ਮਾਰਨ ਵਾਲਾ ਇਕਸੁਰ ਰਾਗ ਮੁੜ ਮੁੜ ਕੇ ਗੁਣਗੁਣਾਉਂਦੀ ਲਗਦੀ ਸੀ, ਜਿਵੇਂ ਕਿਸੇ ਨੂੰ ਕੋਈ ਗਲ ਮਣਾਉਣਾ ਚਾਹੁੰਦੀ ਹੋਵੇ, ਪਰ ਏਨੇ ਆਲ੍ਹਸੀ ਸੁਭਾਅ ਦੀ ਹੋਣ ਕਰਕੇ, ਕਿ ਉਹ ਇਹ ਕੰਮ ਤੇਜ਼ੀ ਨਾਲ ਸੁਹਣੀ ਤਰ੍ਹਾਂ ਨਹੀਂ ਸੀ ਕਰ ਸਕਦੀ, ਇਹ ਇਸਨੂੰ ਕੋਈ ਅਜਿਹਾ

ਅਕਾਵਾਂ ਜਿਹਾ ਉਪਦੇਸ਼ ਮੁੜ ਮੁੜ ਕੇ ਦੁਹਰਾਉਣ ਨਾਲ ਨੇਪਰੇ ਚੜ੍ਹਾਉਣਾ ਚਾਹੁੰਦੀ ਸੀ, ਜਿਸ ਵਿਚ ਸੱਚੇ ਵਿਸ਼ਵਾਸ ਵਾਲੀ ਕੋਈ ਸੁਹਿਰਦਤਾ ਨਹੀਂ ਸੀ।

ਬਾਰਸ਼ ਉਦੋਂ ਵੀ ਹੋ ਰਹੀ ਸੀ ਜਦੋਂ ਪਹੁਫੁਟਾਲੇ ਨਾਲ ਹਲਕਾ ਜਿਹਾ ਚਾਨਣ ਆਕਾਸ਼ ਵਿਚ ਦਿਸੱਣ ਲਗਾ, ਜਿਹੜਾ ਕਿ ਉਦਾਸੀ ਭਰੇ ਦਿਨ ਦਾ ਸੁਨੇਹਾ ਦੇਂਦਾ ਸੀ। ਮਾਤਰਿਓਨਾ ਸੌਂ ਨਾ ਸਕੀ। ਮੀਂਹ ਦੇ ਇਕਸਾਰ ਖੜਾਕ ਵਿਚ ਇਹ ਡਰਾਉਣਾ ਸਵਾਲ ਸੁਣਾਈ ਦੇਂਦਾ ਸੀ:

"ਹੁਣ ਅਗੋਂ ਕੀ ਹੋਵੇਗਾ!"

ਤੇ ਇਸਦਾ ਜਵਾਬ ਉਸ ਸਾਮ੍ਹਣੇ ਸ਼ਰਾਬੀ ਪਤੀ ਦਾ ਰੂਪ ਧਾਰ ਕੇ ਆਉਂਦਾ। ਪਿਆਰ ਨਾਲ ਭਰੇ ਸ਼ਾਂਤਮਈ ਜੀਵਨ ਦੇ ਆਪਣੇ ਸੁਪਨੇ ਨੂੰ ਤਿਆਗਣਾ ਉਸ ਲਈ ਮੁਸ਼ਕਲ ਸੀ। ਉਸਨੇ ਇਸ ਸੁਪਨੇ ਨੂੰ ਪਾਲਿਆ ਸੀ, ਤੇ ਆਪਣੇ ਮਨ ਵਿਚੋਂ ਹਰ ਤਰ੍ਹਾਂ ਦੀ ਅਗੇਤੀ ਸੂਝ ਨੂੰ ਕਢਦੀ ਰਹੀ ਸੀ ਕਿ ਇਹ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਤਾਂ ਵੀ ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਜੇ ਗਰਿਗੋਰੀ ਮੁੜ ਕੇ ਪੀਣ ਲਗ ਪਿਆ, ਤਾਂ ਉਹ ਉਸ ਨਾਲ ਨਹੀਂ ਸੀ ਰਹਿ ਸਕਦੀ। ਉਸਨੇ ਉਹਨੂੰ ਵਖਰੇ ਰੂਪ ਵਿਚ ਦੇਖਿਆ ਸੀ, ਉਹ ਆਪ ਵੀ ਵਖਰੀ ਤਰ੍ਹਾਂ ਦੀ ਹੋ ਗਈ ਸੀ, ਤੇ ਆਪਣੇ ਪਹਿਲੇ ਜੀਵਨ ਦਾ ਖ਼ਿਆਲ ਹੀ ਉਸ ਵਿਚ ਘਿਣ ਤੇ ਦਹਿਸ਼ਤ ਭਰ ਦੇਂਦਾ— ਜਿਨ੍ਹਾਂ ਭਾਵਨਾਵਾਂ ਤੋਂ ਕਿ ਉਹ ਪਹਿਲਾਂ ਵਾਕਫ਼ ਨਹੀਂ ਸੀ। ਪਰ ਉਹ ਔਰਤ ਸੀ, ਜਿਸ ਲਈ ਆਪਣੇ ਪਤੀ ਨਾਲ ਇਸ ਨਾਸਾਜ਼ੀ ਲਈ ਉਹ ਆਪਣੇ ਆਪ ਨੂੰ ਦੋਸ਼ੀ ਠਹਿਰਾਉਂਦੀ ਸੀ।

"ਆਖ਼ਰ ਇਹ ਹੋਇਆ ਕਿਵੇਂ? ਉਫ਼, ਪ੍ਰਮਾਤਮਾ! ਜਿਵੇਂ ਮੈਂ ਫੁੱਟ ਕੇ ਵਹਿ ਪਈ ਹੋਵਾਂ!"

ਚਾਨਣ ਹੋ ਗਿਆ ਸੀ। ਖੇਤਾਂ ਉਤੇ ਸੰਘਣੀ ਧੁੰਦ ਛਾਈ ਹੋਈ ਸੀ, ਜਿਸਨੇ ਆਕਾਸ਼ ਨੂੰ ਲੁਕਾਇਆ ਹੋਇਆ ਸੀ।

"ਮਾਤਰਿਓਨਾ ਓਰਲੋਵਾ! ਕੰਮ ਤੇ ਜਾਣ ਦਾ ਸਮਾਂ ਹੋ ਗਿਐ!"

ਉਹ ਹੁਕਮ ਨੂੰ ਮੰਨਦੀ ਹੋਈ ਉੱਠੀ, ਜਲਦੀ ਜਲਦੀ ਮੂੰਹ ਹੱਥ ਧੋਤਾ ਤੇ ਕਮਜ਼ੋਰ ਤੇ ਬੀਮਾਰ ਮਹਿਸੂਸ ਕਰਦੀ ਹੋਈ ਬਾਰਕਾਂ ਵਿਚ ਚਲੀ ਗਈ। ਉਸਦੀ ਬੇਦਿਲੀ, ਬੇਚਮਕ ਅੱਖਾਂ ਤੇ ਉਦਾਸ ਚਿਹਰੇ ਨੂੰ ਦੇਖ ਕੇ ਵਾਰਡ ਵਿਚ ਸਾਰੇ ਹੈਰਾਨ ਹੋ ਗਏ।

"ਤਬੀਅਤ ਠੀਕ ਨਹੀਂ?" ਇਕ ਡਾਕਟਰ ਨੇ ਉਸਤੋਂ ਪੁਛਿਆ।

"ਕੋਈ ਗੱਲ ਨਹੀਂ।"

"ਸਾਨੂੰ ਦੱਸਣ ਤੋਂ ਨਾ ਝਿਜਕ। ਅਸੀਂ ਤੇਰੀ ਥਾਂ ਕਿਸੇ ਹੋਰ ਨੂੰ ਲਾ ਸਕਦੇ ਹਾਂ।"

ਮਾਤਰਿਓਨਾ ਸ਼ਰਮਿੰਦਾ ਸੀ; ਉਹ ਨਹੀਂ ਸੀ ਚਾਹੁੰਦੀ ਕਿ ਉਸਦੇ ਡਰ ਤੇ ਤਕਲੀਫ਼ਾਂ ਬਾਰੇ ਇਸ ਔਰਤ ਨੂੰ ਪਤਾ ਲਗੇ, ਜਿਹੜੀ ਭਾਵੇਂ ਮਿਹਰਬਾਨ ਸੀ, ਪਰ ਓਪਰੀ ਸੀ। ਆਪਣੀ ਪੀੜਤ ਆਤਮਾ ਵਿਚਲੇ ਹੌਸਲੇ ਦੇ ਆਖ਼ਰੀ ਜ਼ਖ਼ੀਰਿਆਂ ਨੂੰ ਵਰਤਦੀ ਹੋਈ, ਉਹ ਜ਼ਰਾ ਕੁ ਹੱਸ ਕੇ ਬੋਲੀ:

"ਕੁਝ ਨਹੀਂ। ਐਵੇਂ ਜ਼ਰਾ ਘਰ ਵਾਲੇ ਨਾਲ ਠੰਡੀ-ਤੱਤੀ ਹੋ ਗਈ ਸੀ। ਠੀਕ ਹੋ ਜਾਇਗਾ। ਇਹ ਕੋਈ ਪਹਿਲੀ ਵਾਰੀ ਨਹੀਂ।"

"ਵਿਚਾਰੀ!" ਡਾਕਟਰ ਨੇ ਹਉਕਾ ਭਰਿਆ, ਜਿਸਨੂੰ ਪਤਾ ਸੀ ਕਿ ਉਹ ਕਿਸਤਰ੍ਹਾਂ ਦਾ ਜੀਵਨ ਜਿਊਂਦੀ ਰਹੀ ਸੀ।

ਮਾਤਰਿਓਨਾ ਚਾਹੁੰਦੀ ਸੀ ਕਿ ਉਹ ਆਪਣਾ ਸਿਰ ਇਸ ਔਰਤ ਦੇ ਗੋਡੇ ਉਤੇ ਰਖ ਦੇਵੇ ਤੇ ਆਪਣੀਆਂ ਸਾਰੀਆਂ ਭਾਵਨਾਵਾਂ ਰੋ ਮਾਰੇ। ਪਰ ਉਸਨੇ ਸਿਰਫ਼ ਆਪਣੇ ਬੁਲ੍ਹ ਜ਼ੋਰ ਦੀ ਘੁੱਟ ਲਏ ਤੇ ਛਾਤੀ ਤੋਂ ਉਠਦੀਆਂ ਹਿਚਕੀਆਂ ਨੂੰ ਮੋੜਨ ਲਈ ਆਪਣੇ ਗਲੇ ਉਤੇ ਹੱਥ ਰਖ ਲਿਆ।

ਜਦੋਂ ਉਸਦਾ ਕੰਮ ਮੁੱਕਾ ਤਾਂ ਉਹ ਵਾਪਸ ਆਪਣੇ ਕਮਰੇ ਵਿਚ ਚਲੀ ਗਈ ਤੇ ਬਾਰੀ ਵਿਚੋਂ ਬਾਹਰ ਦੇਖਣ ਲਗੀ। ਖੇਤਾਂ ਵਲੋਂ ਛਕੜਾ ਬਾਰਕਾਂ ਵੱਲ ਆ ਰਿਹਾ ਸੀ—ਸ਼ਾਇਦ ਇਕ ਹੋਰ ਮਰੀਜ਼ ਲੈ ਕੇ। ਫੁਹਾਰ ਪੈ ਰਹੀ ਸੀ। ਹੋਰ ਕੁਝ ਦਿਖਾਈ ਨਹੀਂ ਸੀ ਦੇਂਦਾ। ਮਾਤਰਿਓਨਾ ਹਉਕਾ ਭਰਦੀ ਹੋਈ ਉਥੋਂ ਹਟ ਗਈ ਤੇ ਮੇਜ਼ ਕੋਲ ਆ ਕੇ ਬੈਠ ਗਈ।

"ਅਗੋਂ ਕੀ ਹੋਵੇਗਾ?" ਇਹ ਸਵਾਲ ਸੀ ਜਿਸ ਵਿਚ ਉਹ ਗੁਆਚੀ ਹੋਈ ਸੀ।

ਕਿੰਨਾਂ ਚਿਰ ਉਹ ਇਕ ਤਰ੍ਹਾਂ ਨਾਲ ਬੋਝਲ ਸੋਚਾਂ ਵਿਚ ਖੁਭੀ ਉਥੇ ਬੈਠੀ ਰਹੀ, ਪਰ ਹਰ ਵਾਰੀ ਜਦੋਂ ਬਰਾਮਦੇ ਵਿਚ ਪੈਰਾਂ ਦਾ ਖੜਾਕ ਹੁੰਦਾ ਤਾਂ ਉਹ ਤ੍ਰਭਕ ਪੈਂਦੀ, ਕੁਰਸੀ ਤੋਂ ਉਠ ਕੇ ਖੜੋ ਜਾਂਦੀ, ਤੇ ਬੂਹੇ ਵੱਲ ਦੇਖਣ ਲਗ ਪੈਂਦੀ।

ਪਰ ਜਦੋਂ ਆਖ਼ਰ ਬੂਹਾ ਖੁਲ੍ਹਾ ਤੇ ਗਰਿਗੋਰੀ ਅੰਦਰ ਆ ਗਿਆ, ਤਾਂ ਉਹ ਨਾ ਤ੍ਰਭਕੀ ਤੇ ਨਾ ਹੀ ਉੱਠ ਕੇ ਖੜੀ ਹੋਈ, ਕਿਉਂਕਿ ਇੰਝ ਸੀ ਜਿਵੇਂ ਪਤਝੜ ਦੇ ਬਦਲ ਆਕਾਸ਼ ਤੋਂ ਹੇਠਾਂ ਉਤਰ ਆਏ ਹੋਣ ਤੇ ਉਸਨੂੰ ਆਪਣੀ ਸਾਰੀ ਸ਼ਕਤੀ ਨਾਲ ਦਬਾ ਰਹੇ ਹੋਣ।

ਗਰਿਗੋਰੀ ਦਰਵਾਜ਼ੇ ਵਿਚ ਖੜੋ ਗਿਆ। ਆਪਣੀ ਗਿੱਲੀ ਟੋਪੀ ਫ਼ਰਸ਼ ਉਤੇ ਸੁੱਟ ਦਿਤੀ, ਤੇ ਪੈਰਾਂ ਨਾਲ ਆਵਾਜ਼ ਪੈਦਾ ਕਰਦਾ ਹੋਇਆ ਆਪਣੀ ਪਤਨੀ ਤਕ ਗਿਆ। ਉਸਦੇ ਕਪੜਿਆਂ ਵਿਚੋਂ ਪਾਣੀ ਚੋ ਰਿਹਾ ਸੀ। ਉਸਦਾ ਮੂੰਹ ਲਾਲ ਸੀ। ਅੱਖਾਂ ਬੇਨੂਰ, ਬੁਲ੍ਹ ਮੂਰਖਾਂ ਵਰਗੀ ਮੁਸਕਾਨ ਵਿਚ ਫੈਲੇ ਹੋਏ। ਮਾਤਰਿਓਨਾ ਉਸਦੇ ਬੂਟਾਂ ਵਿਚ ਪਾਣੀ ਦੀ ਆਵਾਜ਼ ਸੁਣ ਸਕਦੀ ਸੀ। ਉਹ ਭੈੜੇ ਹਾਲ ਵਿਚ ਲਗ ਰਿਹਾ ਸੀ, ਉਸਨੂੰ ਇਸ ਗਲ ਉਮੀਦ ਨਹੀਂ ਸੀ।

"ਸੁਹਣਾ ਬਣਿਆ ਹੋਇਐਂ!" ਉਹ ਬੋਲੀ।

ਉਸਨੇ ਮੂਰਖਾਂ ਵਾਂਗ ਸਿਰ ਮਾਰ ਦਿਤਾ।

"ਚਾਹੁੰਦੀ ਏਂ ਕਿ ਮੈਂ ਤੇਰੇ ਸਾਮ੍ਹਣੇ ਗੋਡਿਆ ਭਾਰ ਹੋਵਾਂ?" ਉਹ ਪੁੱਛਣ ਲੱਗਾ।

ਉਹ ਚੁੱਪ ਰਹੀ।

"ਤੂੰ ਨਹੀਂ ਚਾਹੁੰਦੀ? ਤੇਰੀ ਮਰਜ਼ੀ। ਇਹ ਸਾਰਾ ਸਮਾਂ ਮੈਂ ਇਹ ਫ਼ੈਸਲਾ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਕਿ ਮੈਂ ਤੇਰੇ ਸਾਮ੍ਹਣੇ ਗੁਨਾਹਗਾਰ ਹਾਂ ਜਾਂ ਨਹੀਂ। ਨਤੀਜਾ ਇਹ ਨਿਕਲਦੈ ਕਿ ਮੈਂ ਗੁਨਾਹਗਾਰ ਹਾਂ। ਇਸੇ ਲਈ ਮੈਂ ਕਹਿੰਦਾ ਹਾਂ: ਕੀ ਤੂੰ ਚਾਹੁੰਦੀ ਏਂ ਕਿ ਮੈਂ ਤੇਰੇ ਅੱਗੇ ਗੋਡਿਆਂ ਭਾਰ ਹੋਵਾਂ?"

ਉਹ ਫਿਰ ਵੀ ਚੁੱਪ ਰਹੀ। ਉਹ ਉਸਤੋਂ ਆਉਂਦੀ ਵੋਦਕਾ ਦੀ ਬੋ ਸੁੰਘ ਸਕਦੀ ਸੀ, ਤੇ ਉਸਦੇ ਦਿਲ ਵਿਚ ਕੌੜ ਭਰ ਗਈ।

"ਦੇਖ, ਇਹ ਆਕੜ ਛੱਡ। ਚੰਗਾ ਏ ਕਿ ਮੇਰੇ ਨਾਲ ਕੋਈ ਗੱਲ ਕਰ, ਜਦੋਂ ਤੱਕ ਮੈਂ ਸ਼ਾਂਤ ਹਾਂ," ਗਰਿਗੋਰੀ ਆਪਣੀ ਆਵਾਜ਼ ਉੱਚੀ ਕਰਦਾ ਹੋਇਆ ਬੋਲਿਆ। "ਤੂੰ ਮੈਨੂੰ ਮੁਆਫ਼ ਕਰੇਂਗੀ ਕਿ ਨਹੀਂ?"

"ਤੂੰ ਪੀਤੀ ਹੋਈ ਏ," ਮਾਤਰਿਓਨਾ ਸਾਹ ਲੈਂਦੀ ਹੋਈ ਬੋਲੀ। "ਜਾ ਜਾ ਕੇ ਸੌਂ..."

"ਝੂਠ ਏ, ਮੈਂ ਨਹੀਂ ਪੀਤੀ ਹੋਈ, ਮੈਂ ਤਾਂ... ਥੱਕਿਆ ਹੋਇਆ ਹਾਂ। ਇਹ ਸਾਰਾ ਸਮਾਂ ਮੈਂ ਤੁਰਦਾ ਤੇ ਸੋਚਦਾ ਰਿਹਾਂ!... ਓ! ਤੂੰ ਖ਼ਿਆਲ ਰਖੀਂ!"

ਉਸਨੇ ਆਪਣੀ ਉਂਗਲ ਉਸ ਵੱਲ ਕਰਕੇ ਹਿਲਾਈ ਤੇ ਮੂੰਹ ਵਿਗਾੜ ਕੇ ਮੁਸਕ੍ਰਾਇਆ।

"ਤੂੰ ਕੁਝ ਬੋਲਦੀ ਕਿਉਂ ਨਹੀਂ?" ਉਹ ਪੁੱਛਣ ਲਗਾ।

"ਮੈਂ ਨਹੀਂ ਤੇਰੇ ਨਾਲ ਗੱਲ ਕਰ ਸਕਦੀ।"

"ਨਹੀਂ? ਕਿਉਂ ਨਹੀਂ?"

ਇਕਦਮ ਉਹ ਗ਼ੁੱਸੇ ਵਿਚ ਆ ਗਿਆ, ਤੇ ਉਸਦੀ ਆਵਾਜ਼ ਵਿਚ ਸਖ਼ਤਾਈ ਆ ਗਈ।

"ਤੂੰ ਰਾਤੀਂ ਮੇਰੇ ਉਤੇ ਇਥੇ ਚਿੱਲਾਉਂਦੀ ਰਹੀ ਏਂ, ਬੁਰਾ ਭਲਾ ਕਹਿੰਦੀ ਰਹੀ ਏਂ ਤੇ ਮੈਂ—ਮੈਂ ਤੇਰੇ ਕੋਲੋਂ ਮੁਆਫ਼ੀ ਮੰਗ ਰਿਹਾ ਹਾਂ। ਸਮਝ ਲੈ ਤੂੰ!"

ਉਸਦੀ ਆਵਾਜ਼ ਵਿਚ ਭੈੜ ਸੀ, ਬੁਲ੍ਹ ਫਰਕ ਰਹੇ ਸਨ ਤੇ ਨਾਸਾਂ ਫੁੱਲੀਆਂ ਪਈਆਂ ਸਨ। ਮਾਤਰਿਓਨਾ ਨੂੰ ਪਤਾ ਸੀ ਕਿ ਇਸਦਾ ਕੀ ਮਤਲਬ ਹੈ, ਤੇ ਉਸਦੇ ਮਨ ਵਿਚ ਬੀਤੇ ਜੀਵਨ ਦੇ ਦ੍ਰਿਸ਼ ਆ ਰਹੇ ਸਨ: ਭੋਰਾ, ਸਨੀਚਰਵਾਰ ਰਾਤ ਨੂੰ ਲੜਾਈ, ਆਪਣੇ ਜੀਵਨ ਦੀ ਸਾਰੀ ਗਰਮਾ ਗਰਮੀ ਤੇ ਕਸ਼ਟ।

"ਮੈਂ ਸਮਝਦੀ ਹਾਂ," ਉਹ ਕਾਟਵੇਂ ਢੰਗ ਨਾਲ ਬੋਲੀ! "ਮੁੜਕੇ ਤੇਰੇ ਵਿਚ ਵਹਿਸ਼ੀ ਜਾਨਵਰ ਆ ਵੜਿਐ।"

"ਵਹਿਸ਼ੀ ਜਾਨਵਰ? ਇਸਦਾ ਇਥੇ ਕੀ ਵਾਸਤੈ? ਮੈਂ ਤੈਨੂੰ ਕਹਿ ਰਿਹਾ ਹਾਂ, ਮੈਨੂੰ ਮੁਆਫ਼ ਕਰ ਦੇ। ਤੂੰ ਖ਼ਿਆਲ ਕਰਦੀ ਏਂ ਕਿ ਮੈਨੂੰ ਤੇਰੀ ਮੁਆਫ਼ੀ ਦੀ ਲੋੜ ਏ? ਮੈਂ ਇਸਤੋਂ ਬਿਨਾਂ ਹੀ ਬੜਾ ਸੁਹਣਾ ਰਹਿ ਸਕਦਾਂ, ਪਰ ਮੈਂ ਚਾਹੁੰਦਾ ਹਾਂ ਕਿ ਤੂੰ ਮੈਨੂੰ ਮੁਆਫ਼ ਕਰ ਦੇਂਦੀ। ਸਮਝਦੀ ਏਂ?"

"ਚਲਾ ਜਾ, ਗਰਿਗੋਰੀ," ਔਰਤ ਦੁਖੀ ਹੋ ਕੇ ਚਿੱਲਾਈ, ਤੇ ਉਸਤੋਂ ਮੂੰਹ ਦੂਜੇ ਪਾਸੇ ਕਰ ਲਿਆ।

"ਚਲਾ ਜਾਵਾਂ?" ਉਹ ਬਦ ਹਾਸਾ ਹੱਸਿਆ। "ਤਾਂ ਕਿ ਤੈਨੂੰ ਮਨ ਮਾਨੀ ਕਰਨ ਦੀ ਛੁੱਟੀ ਮਿਲ ਜਾਏ? ਨਹੀਂ। ਤੈਨੂੰ ਇਹ ਕਿਥੋਂ ਸੁਝੀ?"

ਉਸਨੇ ਮਾਤਰਿਓਨਾ ਨੂੰ ਮੋਢੇ ਤੋਂ ਫੜ ਲਿਆ, ਖਿੱਚ ਕੇ ਆਪਣੇ ਵੱਲ ਕੀਤਾ ਤੇ ਇਕ ਚਾਕੂ ਉਸਦੇ ਮੂੰਹ ਕੋਲ ਕਰਕੇ ਹਿਲਾਇਆ—ਛੋਟੇ, ਮੋਟੇ ਸਾਰੇ ਤੇ ਜ਼ੰਗ ਲੱਗੇ ਫਲ ਵਾਲਾ।

"ਆਹ, ਜੇ ਕਿਤੇ ਤੂੰ ਮੈਨੂੰ ਮਾਰ ਦੇਵੇਂ!" ਉਸਨੇ ਡੂੰਘਾ ਸਾਹ ਲੈਂਦਿਆਂ ਕਿਹਾ ਤੇ, ਉਸਦਾ ਹੱਥ ਹਟਾਉਂਦੀ ਹੋਈ, ਫਿਰ ਮੂੰਹ ਮੋੜ ਕੇ ਖਲੋ ਗਈ। ਉਹ ਪਿੱਛੇ ਹਟ ਗਿਆ; ਉਸਦੇ ਲਫ਼ਜ਼ਾਂ ਉਤੇ ਨਹੀਂ, ਸਗੋਂ ਜਿਸ ਅੰਦਾਜ਼ ਵਿਚ ਉਹ ਕਹੇ ਗਏ ਸਨ, ਉਸ ਉਤੇ ਉਹ ਚਕ੍ਰਿਤ ਰਹਿ ਗਿਆ। ਪਹਿਲਾਂ ਵੀ ਉਸਨੇ ਉਸਦੇ ਮੂੰਹੋਂ ਇਹ ਲਫ਼ਜ਼ ਸੁਣੇ ਸਨ, ਪਰ ਇੰਝ ਕਦੀ ਨਹੀਂ ਸਨ ਕਹੇ ਗਏ। ਘੜੀ ਪਹਿਲਾਂ ਉਹ ਉਸਨੂੰ ਸੌਖੇ ਜਿਹੇ ਹੀ ਮਾਰ ਸਕਦਾ ਸੀ ਪਰ ਹੁਣ ਨਹੀਂ ਸੀ ਮਾਰ ਸਕਦਾ, ਤੇ ਨਾ ਮਾਰੇਗਾ। ਉਸਦੀ ਲਾਪ੍ਰਵਾਹੀ ਤੋਂ ਲਗਭਗ ਡਰੇ ਹੋਏ ਨੇ ਉਸਨੇ ਚਾਕੂ ਮੇਜ਼ ਉਤੇ ਸੁੱਟ ਦਿਤਾ।

"ਚੁੜੇਲ! ਤੂੰ ਮੇਰੇ ਤੋਂ ਕੀ ਚਾਹੁੰਦੀ ਏਂ?" ਉਹ ਖੋਰੀ ਢੰਗ ਨਾਲ ਬੋਲਿਆ।

"ਤੇਰੇ ਤੋਂ ਮੈਂ ਕੁਝ ਨਹੀਂ ਚਾਹੁੰਦੀ," ਮਾਤਰਿਓਨਾ ਹਉਕਾ ਭਰਦੀ ਬੋਲੀ। "ਤੂੰ ਇਥੇ ਮੈਨੂੰ ਮਾਰਨ ਆਇਆ ਸੈਂ? ਠੀਕ ਏ, ਮਾਰ ਦੇ!"

ਗਰਿਗੋਰੀ ਬਿਨਾਂ ਬੋਲਿਆਂ ਉਸ ਵੱਲ ਦੇਖਣ ਲੱਗਾ। ਉਸਨੂੰ ਕੁਝ ਸੁੱਝ ਨਹੀਂ ਸੀ ਰਿਹਾ। ਉਹ ਇਹ ਧਾਰ ਕੇ ਇਥੇ ਆਇਆ ਸੀ ਕਿ ਆਪਣੀ ਪਤਨੀ ਨੂੰ ਅਧੀਨ ਕਰਕੇ ਛਡੇਗਾ। ਪਿਛਲੀ ਸ਼ਾਮ ਦੀ ਟੱਕਰ ਵਿਚ ਉਹ ਵਧੇਰੇ ਤਕੜੀ ਸਿਧ ਹੋਈ ਸੀ; ਉਹ ਇਸਤੋਂ ਚੌਕਸ ਸੀ, ਤੇ ਇਸਨੂੰ ਤੌਹੀਨ ਸਮਝਦਾ ਸੀ। ਉਹ ਨਿਸ਼ਚਿਤ ਤੌਰ ਉਤੇ ਜਾਣਦਾ ਸੀ ਕਿ ਉਸ ਲਈ, ਬੱਸ, ਇਹ ਬਿਲਕੁਲ ਜ਼ਰੂਰੀ ਸੀ ਕਿ ਆਪਣੀ ਪਤਨੀ ਨੂੰ ਇਕ ਵਾਰੀ ਫੇਰ ਆਪਣੇ ਅਧੀਨ ਕਰੇ! ਉਹ ਇਕ ਭਾਵਕ ਆਦਮੀ ਸੀ, ਤੇ ਪਿਛਲੇ ਚਵ੍ਹੀ, ਘੰਟਿਆਂ ਵਿਚ ਉਸਨੇ ਬਹੁਤ ਸੋਚਿਆ ਤੇ ਦੁੱਖ ਝੱਲਿਆ ਸੀ, ਪਰ ਉਸਦੇ ਮਨ ਦੇ ਹਨੇਰੇ ਨੇ ਉਸ ਭਾਵਕ ਉਥਲ-ਪੁਥਲ ਨੂੰ ਸਮਝਣ ਤੋਂ ਉਸਨੂੰ ਰੋਕੀ ਰਖਿਆ ਸੀ, ਜਿਹੜੀ ਉਸਦੀ ਪਤਨੀ ਵਲੋਂ ਲਾਏ ਗਏ ਠੀਕ ਦੋਸ਼ਾਂ ਨੇ ਉਸ ਵਿਚ ਪੈਦਾ ਕਰ

ਦਿਤੀ ਸੀ। ਉਸਨੇ ਮਹਿਸੂਸ ਕਰ ਲਿਆ ਸੀ ਕਿ ਉਹ ਬਾਗ਼ੀ ਹੋ ਗਈ ਹੈ, ਜਿਸ ਲਈ ਉਸਨੂੰ ਡਰਾਉਣ ਵਾਸਤੇ ਉਸਨੇ ਚਾਕੂ ਨਾਲ ਲਿਆਂਦਾ ਸੀ। ਤੇ ਉਹ ਉਸਨੂੰ ਮਾਰ ਛੱਡਦਾ, ਜੇ ਕਿਤੇ ਉਹਨੇ ਉਸਦਾ ਵਧੇਰੇ ਜੋਸ਼ ਨਾਲ ਵਿਰੋਧ ਕੀਤਾ ਹੁੰਦਾ। ਪਰ ਉਹ ਉਥੇ ਖੜੀ ਸੀ, ਬੇਹਥਿਆਰ, ਮੁਸੀਬਤ ਦੀ ਭੰਨੀ ਹੋਈ ਤੇ ਫਿਰ ਵੀ—ਉਸ ਨਾਲੋਂ ਵਧੇਰੇ ਮਜ਼ਬੂਤ। ਇਹ ਗੱਲ ਸੀ ਜਿਹੜੀ ਉਸਨੂੰ ਡੰਗ ਗਈ, ਤੇ ਇਸ ਡੰਗ ਨੇ ਉਸ ਉਤੇ ਹੋਸ਼ ਲਿਆਉਣ ਵਾਲਾ ਅਸਰ ਕੀਤਾ।

"ਸੁਣ," ਉਹ ਬੋਲਿਆ। "ਤੂੰ ਹਵਾ ਦੇ ਘੋੜੇ ਨਾ ਸਵਾਰ ਰਹੁ। ਤੂੰ ਮੈਨੂੰ ਜਾਣਦੀ ਏਂ। ਮੈਂ ਸਚਮੁਚ ਇਹ ਚੀਜ਼ ਤੇਰੀਆਂ ਪੱਸਲੀਆਂ ਥਾਣੀਂ ਲੰਘਾ ਦਿਆਂਗਾ, ਤੇ ਬੱਸ! ਸਭ ਕਿੱਸਾ ਖ਼ਤਮ ਹੋ ਜਾਇਗਾ। ਬੜੀ ਸਿੱਧੀ ਗੱਲ ਏ।..."

ਉਸਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਸਨੂੰ ਇਹ ਗੱਲ ਨਹੀਂ ਸੀ ਕਹਿਣੀ ਚਾਹੀਦੀ—ਸੋ ਉਹ ਰੁਕ ਗਿਆ। ਮਾਤਰਿਓਨਾ ਟੱਸ ਤੋਂ ਮੱਸ ਨਾ ਹੋਈ, ਜਿੱਥੇ ਸੀ, ਉਸ ਵੱਲ ਪਿੱਠ ਕਰਕੇ ਖੜੀ ਰਹੀ। ਉਸਦੇ ਦਿਮਾਗ ਵਿਚ ਉਹੀ ਸਵਾਲ ਘੁੰਮ ਰਿਹਾ ਸੀ:

"ਅੱਗੋਂ ਕੀ ਹੋਵੇਗਾ?"

"ਮਾਤਰਿਓਨਾ," ਗਰਿਗੋਰੀ ਮੇਜ਼ ਦੇ ਉਪਰੋਂ ਦੀ ਉਸ ਵੱਲ ਝੁਕਦਾ ਹੋਇਆ। ਨਰਮਾਈ ਨਾਲ ਬੋਲਿਆ। "ਆਖ਼ਰ ਕੀ ਇਹ ਮੇਰਾ ਕਸੂਰ ਏ, ਜੇ ਸਭ ਕੁਝ ਠੀਕ ਠਾਕ ਨਹੀਂ ਤਾਂ?"

ਉਸਨੇ ਆਪਣੇ ਸਿਰ ਹੇਠਾਂ ਸੁੱਟਿਆ ਤੇ ਡੂੰਘਾ ਸਾਹ ਭਰਿਆ।

"ਜ਼ਿੰਦਗੀ ਗੰਦ ਨਾਲ ਭਰੀ ਹੋਈ ਏ! ਤੂੰ ਇਸਨੂੰ ਜਿਊਣਾ ਕਹਿੰਦੀ ਏਂ? ਬੇਸ਼ਕ, ਹੈਜ਼ੇ ਦੇ ਮਰੀਜ਼ ਨੇ, ਪਰ ਤਾਂ ਕੀ? ਕੀ ਉਹ ਮੈਨੂੰ ਕੋਈ ਆਸਰਾ ਦੇਂਦੇ ਨੇ? ਉਹਨਾਂ ਵਿਚੋਂ ਕੁਝ ਮਰ ਜਾਂਦੇ ਨੇ, ਕੁਝ ਠੀਕ ਹੋ ਜਾਂਦੇ ਨੇ, ਪਰ ਮੈਂ—ਫਿਰ ਵੀ ਜੀ ਵੀ ਚਲੀ ਜਾਂਦਾ ਹਾਂ। ਇਹ ਕੋਈ ਜਿਊਣਾ ਨਹੀਂ—ਇਹ ਤਾਂ ਬੱਸ ਇਕ ਵੱਡਾ ਸਾਰਾਪੀੜ ਦਾ ਮਰੋੜਾ ਹੈ। ਕੀ ਇਹ ਤੌਹੀਨ ਨਹੀਂ? ਮੈਂ ਭਾਵੇਂ ਸਭ ਕੁਝ ਸਮਝਦਾ ਹਾਂ, ਪਰ ਮੇਰੇ ਲਈ ਇਹ ਦਸਣਾ ਮੁਸ਼ਕਲ ਏ ਕਿ ਮੈਂ ਹੋਰ ਇਸਤਰ੍ਹਾਂ ਕਿਉਂ ਨਹੀਂ ਰਹੀ ਜਾ ਸਕਦਾ? ਦੇਖ, ਉਹਨਾਂ ਦੀ ਕਿੰਨੀਂ ਸੰਭਾਲ ਕੀਤੀ ਜਾਂਦੀ ਤੇ ਧਿਆਨ ਰਖਿਆ ਜਾਂਦੈ। ਤੇ ਮੈਂ? ਮੈਂ ਠੀਕ ਠਾਕ ਹਾਂ, ਪਰ ਜੇ ਮੇਰੀ ਆਤਮਾ ਬੀਮਾਰ ਏ, ਤਾਂ ਕੀ ਮੈਂ ਉਹਨਾਂ ਨਾਲੋਂ ਜ਼ਰਾ ਵੀ ਚੰਗਾ ਹਾਂ? ਜ਼ਰਾ ਸੋਚ, ਮੇਰੀ ਹਾਲਤ ਹੈਜ਼ੇ ਦੇ ਮਰੀਜ਼ਾਂ ਨਾਲੋਂ ਵੀ ਭੈੜੀ ਏ। ਮੇਰੀ ਆਤਮਾ ਦਰਦ ਨਾਲ ਮਰੋੜੇ ਖਾਂਦੀ ਏ। ਤੇ ਤੂੰ ਮੇਰੇ ਉਤੇ ਚਿੱਲਾਉਂਦੀ ਏਂ। ਸਮਝਦੀ ਏਂ ਕਿ ਮੈਂ ਵਹਿਸ਼ੀ ਜਾਨਵਰ ਹਾਂ? ਸ਼ਰਾਬੀ ਹਾਂ? ਏ-ਖ਼, ਕਿਆ ਔਰਤ ਏਂ ਤੂੰ!"

ਉਹ ਸ਼ਾਂਤੀ ਨਾਲ ਤੇ ਬਾਦਲੀਲ ਢੰਗ ਨਾਲ ਬੋਲ ਰਿਹਾ ਸੀ, ਪਰ ਉਹ ਉਸਨੂੰ

ਨਹੀਂ ਸੀ ਸੁਣ ਰਹੀ, ਕਿਉਂਕਿ ਉਹ ਆਪਣੇ ਮਨ ਵਿਚ ਬੀਤੇ ਉਤੇ ਕਰੜੀ ਨਜ਼ਰ ਮਾਰ ਰਹੀ ਸੀ।

"ਸੋ ਤੂੰ ਕੁਝ ਨਹੀਂ ਕਹਿਣਾ," ਗਰਿਗੋਰੀ ਬੋਲਿਆ। ਉਸਨੂੰ ਆਪਣੇ ਅੰਦਰ ਕੋਈ ਤਕੜਾ ਨਵਾਂ ਜਜ਼ਬਾ ਉਭਰਦਾ ਮਹਿਸੂਸ ਹੋ ਰਿਹਾ ਸੀ। "ਤੂੰ ਕੁਝ ਬੋਲਦੀ ਕਿਉਂ ਨਹੀਂ? ਤੂੰ ਮੇਰੇ ਤੋਂ ਕੀ ਚਾਹੁੰਦੀ ਏਂ?"

"ਤੇਰੇ ਤੋਂ ਮੈਂ ਕੁਝ ਨਹੀਂ ਚਾਹੁੰਦੀ," ਮਾਤਰਿਓਨਾ ਬੋਲੀ। "ਤੂੰ ਮੈਨੂੰ ਇਕੱਲਿਆਂ ਨਹੀਂ ਛੱਡ ਸਕਦਾ? ਤੂੰ ਕੀ ਚਾਹੁੰਦਾ ਹੈਂ?"

"ਮੈਂ ਕੀ ਚਾਹੁੰਦਾ ਹਾਂ? ਮੈਂ ਚਾਹੁੰਦਾ ਹਾਂ... ਮੈਂ ਚਾਹੁੰਦਾ ਹਾਂ..."

ਪਰ ਇਥੇ ਆਕੇ ਗਰਿਗੋਰੀ ਨੇ ਮਹਿਸੂਸ ਕੀਤਾ ਕਿ ਉਹ ਨਹੀਂ ਦਸ ਸਕਦਾ ਕਿ ਉਹ ਕੀ ਚਾਹੁੰਦਾ ਹੈ—ਇਸ ਢੰਗ ਨਾਲ ਨਹੀਂ ਦਸ ਸਕਦਾ, ਜਿਸ ਢੰਗ ਨਾਲ ਸਭ ਕੁਝ ਉਸਨੂੰ ਆਪ ਨੂੰ ਵੀ ਤੇ ਉਸਦੀ ਪਤਨੀ ਨੂੰ ਵੀ ਇਕਦਮ ਸਪਸ਼ਟ ਹੋ ਜਾਏ। ਉਹ ਜਾਣਦਾ ਸੀ ਕਿ ਉਹਨਾਂ ਵਿਚਕਾਰ ਇਕ ਖਾਈ ਪੈ ਗਈ ਹੈ, ਕਿ ਕੋਈ ਲਫ਼ਜ਼ ਵੀ ਇਸਨੂੰ ਨਹੀਂ ਮੇਲ ਸਕਦੇ।

ਤੇ ਇਸ ਨਾਲ ਉਸ ਉਤੇ ਇਕ ਵਾਰੀ ਫਿਰ ਵਹਿਸ਼ੀ ਪਾਗਲਪਣ ਸਵਾਰ ਹੋ ਗਿਆ। ਉਸਨੇ ਬਾਂਹ ਘੁਮਾ ਕੇ ਆਪਣੀ ਪਤਨੀ ਦੇ ਸਿਰ ਦੇ ਪਿਛਲੇ ਪਾਸੇ ਇਕ ਮੁੱਕਾ ਮਾਰਿਆ, ਤੇ ਪਾਗਲ ਵਾਂਗ ਗਰਜਣ ਲੱਗਾ।

"ਕੀ ਏ ਤੇਰੇ ਮਨ ਵਿਚ, ਚੁੜੇਲੇ? ਕੀ ਚਾਲ ਏ ਤੇਰੀ? ਮੈਂ ਜਾਨੋਂ ਮਾਰ ਦਿਆਂਗਾ!"

ਮੁੱਕੇ ਨਾਲ ਉਸਦਾ ਸਿਰ ਮੇਜ਼ ਨਾਲ ਜਾ ਵੱਜਾ, ਪਰ ਉਹ ਭੁੜਕ ਕੇ ਉੱਠ ਖਲੋਤੀ ਤੇ ਆਪਣੇ ਪਤੀ ਵੱਲ ਹਿਕਾਰਤ ਭਰੀ ਨਜ਼ਰ ਸੁੱਟੀ।

"ਮਾਰ ਮੁੜ ਕੇ!" ਉਹ ਉੱਚੀ ਆਵਾਜ਼ ਵਿਚ ਸਖ਼ਤੀ ਨਾਲ ਬੋਲੀ।

"ਬਕਵਾਸ ਬੰਦ ਕਰ!"

"ਮਾਰ ਤੂੰ, ਮਾਰਦਾ ਕਿਉਂ ਨਹੀਂ?"

"ਓ-ਓ, ਚੁੜੇਲ!"

"ਹੋਰ ਇੰਝ ਨਹੀਂ ਚਲੇਗਾ, ਗਰਿਗੋਰੀ! ਬਥੇਰੀ ਹੋ ਗਈ ਏ..."

"ਬਕਵਾਸ ਬੰਦ ਕਰ!"

"ਮੈਂ ਹੁਣ ਹੋਰ ਤੇਰੀਆਂ ਜ਼ਿਆਦਤੀਆਂ ਨਹੀਂ ਸਹਾਂਗੀ।"

ਉਹ ਦੰਦ ਕਰੀਚਨ ਲੱਗ ਪਿਆ ਤੇ ਪਿੱਛੇ ਨੂੰ ਇਕ ਕਦਮ ਪੁੱਟਿਆ, ਸ਼ਾਇਦ ਇਕ ਹੋਰ ਚੰਗਾ ਮੁੱਕਾ ਮਾਰਨ ਲਈ।

ਪਰ ਉਸੇ ਘੜੀ ਦਰਵਾਜ਼ਾ ਖੁਲ੍ਹਾ ਤੇ ਡਾਕਟਰ ਵਾਸਚੇਨਕੋ ਅੰਦਰ ਆ ਗਿਆ।

"ਕੀ ਹੋ ਰਿਹੈ ? ਕੀ ਸਮਝਦੇ ਹੋ ਕਿ ਤੁਸੀਂ ਕਿਥੇ ਹੋ ? ਕੀ ਮਜ਼ਾਕ ਬਣਾਇਆ ਹੋਇਐ ?"

ਉਸਦੇ ਚਿਹਰੇ ਉਤੇ ਕਰੜਾਈ ਵੀ ਸੀ, ਹੈਰਾਨੀ ਵੀ। ਗਰਿਗੋਰੀ ਉਸਨੂੰ ਦੇਖ ਕੇ ਜ਼ਰਾ ਵੀ ਪ੍ਰੇਸ਼ਾਨ ਨਾ ਹੋਇਆ; ਉਸਨੇ ਸਗੋਂ ਜ਼ਰਾ ਕੁ ਸਿਰ ਵੀ ਝੁਕਾਇਆ ਤੇ ਬੋਲਿਆ:

"ਕੋਈ ਖ਼ਾਸ ਗੱਲ ਨਹੀਂ, ਐਵੇਂ ਮੀਆਂ ਬੀਵੀ ਵਿਚਕਾਰ ਜ਼ਰਾ ਜਰਮ ਮਾਰੇ ਜਾ ਰਹੇ ਨੇ"—ਤੇ ਉਹ ਡਾਕਟਰ ਦੇ ਮੂੰਹ ਵਲ ਵੇਖ ਕੇ ਪਾਗਲਾਂ ਵਾਂਗ ਹਸਿਆ।

"ਤੂੰ ਕੰਮ ਉਤੇ ਕਿਉਂ ਨਹੀਂ ਆਇਆ ?" ਉਸਦੀ ਦਲੇਰੀ ਉਤੇ ਖਿਝੇ ਹੋਏ, ਡਾਕਟਰ ਨੇ ਗ਼ੁਸੇ ਨਾਲ ਪੁਛਿਆ।

ਗਰਿਗੋਰੀ ਨੇ ਮੋਢੇ ਸੁੰਗੇੜੇ, ਤੇ ਆਰਾਮ ਨਾਲ ਬੋਲਿਆ, "ਮੈਂ ਵਿਹਲਾ ਨਹੀਂ ਸਾਂ, ਆਪਣਾ ਕੋਈ ਕੰਮ ਸੀ।"

"ਕੱਲ ਸ਼ਾਮੀਂ ਇਥੇ ਕੌਣ ਝਗੜਦਾ ਰਿਹਾ ਸੀ ?"

"ਅਸੀਂ..."

"ਤੁਸੀਂ ? ਬਹੁਤ ਖੂਬ। ਤੁਸੀਂ ਇਸਨੂੰ ਆਪਣਾ ਘਰ ਸਮਝ ਲਿਐ,... ਬਿਨਾਂ ਪੁਛਿਆਂ ਤੁਰ ਜਾਂਦੇ ਹੋ..."

"ਅਸੀਂ ਕਿਸੇ ਦੇ ਗ਼ੁਲਾਮ ਨਹੀਂ, ਕਿਉਂਕਿ..."

"ਚੁਪ ਰਹੁ! ਤੁਸੀਂ ਇਸ ਕਮਰੇ ਨੂੰ ਸ਼ਰਾਬਖ਼ਾਨਾ ਬਣਾ ਛਡਿਐ, ਜਾਨਵਰ ਨਾ ਹੋਵੇ ਤਾਂ! ਮੈਂ ਦਸਦਾ ਹਾਂ ਤੁਹਾਨੂੰ ਤੁਸੀਂ ਕਿਥੇ ਹੋ!"

ਇਕ ਵਹਿਸ਼ੀ ਦਲੇਰੀ, ਸਭ ਕੁਝ ਨੂੰ ਉਲਟਾ ਮਾਰਨ ਤੇ ਉਸ ਚੁੰਗਲ ਵਿਚੋਂ ਬਚ ਨਿਕਲਣ ਦੀ ਭਿਆਨਕ ਇੱਛਾ ਨੇ ਗਰਿਗੋਰੀ ਨੂੰ ਮੱਲ ਲਿਆ, ਜਿਸ ਚੁੰਗਲ ਵਿਚ ਉਸਦੀ ਰੂਹ ਫਸ ਗਈ ਸੀ। ਉਸਨੇ ਮਹਿਸੂਸ ਕੀਤਾ ਕਿ ਉਹ ਘੜੀ ਆ ਗਈ ਹੈ, ਜਦੋਂ ਉਹ ਕੁਝ ਅਸਾਧਾਰਨ ਗੱਲ ਕਰ ਸਕਦਾ ਸੀ, ਤੇ ਇਸ ਨਾਲ ਉਸਦੀ ਰਾਹ ਟੋਲਦੀ ਰੂਹ ਨੂੰ ਬੰਨ੍ਹ ਰਹੀਆਂ ਸਭ ਜ਼ੰਜੀਰਾਂ ਟੁੱਟ ਜਾਣਗੀਆਂ। ਉਸਨੂੰ ਇਕ ਝੁਣਝੁਣੀ ਆ ਗਈ ਤੇ ਆਪਣੇ ਦਿਲ ਵਿਚ ਉਸਨੂੰ ਇਕ ਠੰਡਕ ਜਿਹੀ ਦਾ ਅਹਿਸਾਸ ਹੋਇਆ, ਜਦੋਂ ਉਹ ਡਾਕਟਰ ਵੱਲ ਮੁੜਿਆ ਤੇ ਬਿੱਲੀ ਵਾਂਗ ਦੰਦੀਆਂ ਕਢਦਾ ਹੋਇਆ ਬੋਲਿਆ:

"ਤੁਸੀਂ ਐਵੇਂ ਗਲਾ ਨਾ ਫਾੜੋ, ਚੀਕੋ ਨਹੀਂ। ਮੈਂ ਜਾਣਦਾ ਹਾਂ ਮੈਂ ਕਿਥੇ ਹਾਂ—ਬੁੱਚੜਖ਼ਾਨੇ ਵਿਚ।"

"ਕੀ ? ਕੀ ਕਿਹਾ ?" ਹੈਰਾਨ-ਪ੍ਰੇਸ਼ਾਨ ਡਾਕਟਰ ਉਸ ਵੱਲ ਵਧਿਆ।

ਗਰਿਗੋਰੀ ਨੂੰ ਪਤਾ ਸੀ ਕਿ ਉਹ ਕੋਈ ਵਹਿਸ਼ੀ ਗੱਲ ਕਰ ਬੈਠਾ ਹੈ, ਪਰ ਇਸ ਨਾਲ ਉਸਦਾ ਜੋਸ਼ ਠੰਡਾ ਹੋਣ ਦੀ ਥਾਂ ਹੋਰ ਭੜਕਿਆ।

"ਕੋਈ ਗੱਲ ਨਹੀਂ, ਲੰਘ ਜਾਇਗਾ ਇਹ ਵੀ! ਮਾਤਰਿਓਨਾ! ਸਾਂਭ ਆਪਣਾ ਸਾਮਾਨ!"

"ਨਹੀਂ, ਭੋਲੇ ਪਾਤਸ਼ਾਹ, ਜ਼ਰਾ ਠਹਿਰ ਜਾ! ਪਹਿਲਾਂ ਮੇਰਾ ਜਵਾਬ ਦੇ ਲੈ," ਮਾੜੀ ਗਲ ਦਾ ਸੰਕੇਤ ਕਰਦੀ ਹੋਈ ਸ਼ਾਂਤੀ ਨਾਲ ਡਾਕਟਰ ਬੋਲਿਆ। "ਇਸ ਕਾਰਨ ਤੈਨੂੰ ਮੈਂ..."

ਗਰਿਗੋਰੀ ਟਿਕਟਿਕੀ ਲਾ ਕੇ ਉਸ ਵੱਲ ਦੇਖਣ ਲਗਾ ਤੇ ਉਸਨੂੰ ਵਿਚੋਂ ਟੋਕ ਦਿਤਾ। ਬੋਲਦਿਆਂ ਹੋਇਆਂ ਉਸਨੂੰ ਮਹਿਸੂਸ ਹੋਇਆ ਕਿ ਜਿਵੇਂ ਉਹ ਛਾਲਾਂ ਮਾਰਦਾ ਵਧ ਰਿਹਾ ਹੋਵੇ ਤੇ ਹਰ ਛਾਲ ਨਾਲ ਉਸਦਾ ਸਾਹ ਹੋਰ ਸੌਖਾ ਹੋ ਰਿਹਾ ਹੋਵੇ...

"ਤੁਸੀਂ ਚੀਕੋ ਨਹੀਂ... ਨਾ ਹੀ ਗਾਲ੍ਹਾਂ ਕਢੋ... ਤੁਸੀਂ ਸਮਝਦੇ ਹੋ ਕਿ ਹੈਜ਼ਾ ਤੁਹਾਨੂੰ ਹੱਕ ਦੇਂਦਾ ਹੈ ਕਿ ਮੈਨੂੰ ਹੁਕਮ ਦੇਈ ਤੁਰੇ ਜਾਓ। ਇਹ ਐਵੇਂ ਤੁਹਾਡਾ ਵਹਿਮ ਏ। ਜਿਥੋਂ ਤੱਕ ਤੁਹਾਡੀਆਂ ਦੁਆਈਆਂ ਦਾ ਸਵਾਲ ਹੈ—ਕਿਸੇ ਨੂੰ ਇਹਨਾਂ ਦੀ ਵੀ ਲੋੜ ਨਹੀਂ! ਮੈਂ ਜਿਹੜਾ ਬੁੱਚੜਖ਼ਾਨਾ ਕਿਹਾ ਸੀ, ਹੋ ਸਕਦੈ ਮੈਂ ਬਹੁਤ ਅੱਗੇ ਲੰਘ ਗਿਆ ਹੋਵਾਂ, ਤਾਂ ਵੀ, ਚੀਕਣਾ ਬੰਦ ਕਰੋ!"

"ਤੂੰ, ਝੂਠੇ!" ਡਾਕਟਰ ਸ਼ਾਂਤੀ ਨਾਲ ਬੋਲਿਆ। "ਮੈਂ ਤੈਨੂੰ ਸਬਕ ਸਿਖਾਵਾਂਗਾ। ਚੱਲ ਇਧਰ!"

ਲੋਕ ਪਹਿਲਾਂ ਹੀ ਬਰਾਮਦੇ ਵਿਚ ਇਕੱਠੇ ਹੋ ਰਹੇ ਸਨ। ਗਰਿਗੋਰੀ ਨੇ ਅੱਖਾਂ ਸੁੰਗੇੜ ਲਈਆਂ ਤੇ ਦੰਦ ਵੱਟ ਲਏ।

"ਮੈਂ ਝੂਠ ਨਹੀਂ ਬੋਲ ਰਿਹਾ ਤੇ ਨਾ ਹੀ ਮੈਂ ਡਰਦਾ ਹਾਂ। ਤੇ ਜੇ ਤੁਹਾਡਾ ਖ਼ਿਆਲ ਏ ਕਿ ਤੁਸੀਂ ਮੈਨੂੰ ਸਬਕ ਸਿਖਾ ਸਕਦੇ ਹੋ, ਤਾਂ ਮੈਂ ਤੁਹਾਨੂੰ ਕੁਝ ਹੋਰ ਵੀ ਦੱਸਾਂਗਾ।"

"ਦੱਸੇਂਗਾ? ਠੀਕ ਏ, ਦੱਸ।"

"ਮੈਂ ਸ਼ਹਿਰ ਵਿਚ ਜਾਵਾਂਗਾ ਤੇ ਉਹਨਾਂ ਨੂੰ ਦੱਸਾਂਗਾ: 'ਲੋਕੋ! ਜਾਣਦੇ ਹੋ ਹੈਜ਼ੇ ਦਾ ਇਲਾਜ ਕਿਵੇਂ ਕੀਤਾ ਜਾ ਰਿਹੈ?'"

"ਕੀ-ਈ?" ਡਾਕਟਰ ਦੀਆਂ ਅੱਖਾਂ ਟੱਡੀਆਂ ਗਈਆਂ।

"ਤੇ ਫੇਰ ਅਸੀਂ ਇਥੇ ਆ ਕੇ ਤੁਹਾਡੇ ਜਰਮ ਮਾਰਾਂਗੇ, ਨਾਲੇ ਜ਼ਰਾ ਆਤਸ਼ਬਾਜ਼ੀ ਛਡਾਂਗੇ।"

"ਤੂੰ ਕੀ ਬਕਦਾ ਪਿਐਂ? ਰੱਬ ਤੈਨੂੰ ਲਏ!" ਡਾਕਟਰ ਦੀ ਹੈਰਾਨੀ ਦੀ ਥਾਂ ਹੁਣ ਇਸ ਆਦਮੀ ਦੇ ਅਸਹਿ ਹੋਣ ਦੀ ਭਾਵਨਾ ਨੇ ਮੱਲ ਲਈ, ਜਿਸ ਆਦਮੀ ਨੂੰ ਉਹ ਮਿਹਨਤੀ ਤੇ ਸਿਆਣੇ ਕਾਮੇਂ ਵਜੋਂ ਜਾਣਦਾ ਸੀ, ਪਰ ਜਿਹੜਾ ਹੁਣ, ਕਿਸੇ ਯਕੀਨੋਂ ਬਾਹਰੇ ਕਾਰਨ ਕਰਕੇ, ਆਪਣਾ ਸਿਰ ਫ਼ਾਹੀ ਵਿਚ ਦਈ ਜਾ ਰਿਹਾ ਸੀ।

"ਤੂੰ ਕੀ ਕਹਿ ਰਿਹੈਂ, ਬੇਵਕੂਫ਼?"

ਬੇਵਕੂਫ਼। ਇਹ ਲਫ਼ਜ਼ ਗਰਿਗੋਰੀ ਦੀ ਹਸਤੀ ਦੇ ਸਾਰੇ ਕੋਨਿਆਂ ਵਿਚ ਗੂੰਜ ਉਠਿਆ। ਉਹ ਜਾਣਦਾ ਸੀ ਕਿ ਫੈਸਲਾ ਨਿਆਈਂ ਸੀ, ਪਰ ਇਸ ਗਲ ਨੇ ਉਸਨੂੰ ਸਗੋਂ ਹੋਰ ਠੇਸ ਹੀ ਲਾਈ।

"ਮੈਂ ਕੀ ਕਹਿ ਰਿਹਾ ਹਾਂ? ਮੈਂ ਜਾਣਦਾ ਹਾਂ। ਤੇ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ," ਉਹ ਬੋਲਿਆ। ਉਸਦੀਆਂ ਅੱਖਾਂ ਲਿਸ਼ਕ ਰਹੀਆਂ ਸਨ। "ਮੇਰੇ ਵਰਗੇ ਲੋਕਾਂ ਲਈ ਸਭ ਕੁਝ ਹਮੇਸ਼ਾ ਉਹੋ ਹੁੰਦਾ ਹੈ, ਹੁਣ ਮੈਂ ਇਹ ਦੇਖ ਸਕਦਾ ਹਾਂ। ਤੇ ਕੋਈ ਕਾਰਨ ਨਹੀਂ ਕਿ ਅਸੀਂ ਆਪਣੀਆਂ ਭਾਵਨਾਵਾਂ ਲੁਕਾਈਏ। ਚੱਲ ਆ, ਮਾਤਰਿਓਨਾ; ਸਾਂਭ ਆਪਣਾ ਸਾਮਾਨ।"

"ਮੈਂ ਨਹੀਂ ਜਾਣਾ," ਮਾਤਰਿਓਨਾ ਨੇ ਪੱਕੀ ਤਰ੍ਹਾਂ ਕਿਹਾ।

ਡਾਕਟਰ ਨੇ ਗੋਲ ਗੋਲ ਅੱਖਾਂ ਨਾਲ ਉਹਨਾਂ ਵੱਲ ਦੇਖਿਆ ਤੇ ਬਿਲਕੁਲ ਹੈਰਾਨ ਹੋਇਆ ਹੋਇਆ, ਆਪਣਾ ਮੱਥਾ ਰਗੜਨ ਲੱਗਾ।

"ਤੂੰ ਜਾਂ ਪੀਤੀ ਹੋਈ ਏ, ਜਾਂ ਪਾਗਲ ਏਂ। ਤੂੰ ਸਮਝਦੈਂ ਤੂੰ ਕੀ ਕਰ ਰਿਹੈਂ?"

ਗਰਿਗੋਰੀ ਪਿੱਛੇ ਨਾ ਹਟਿਆ; ਉਹ ਹਟ ਹੀ ਨਹੀਂ ਸੀ ਸਕਦਾ।

"ਤੇ ਤੁਸੀਂ ਕੀ ਸਮਝਦੇ ਹੋ?" ਉਹ ਮਜ਼ਾਕ ਉਡਾਉਂਦੇ ਢੰਗ ਨਾਲ ਬੋਲਿਆ। "ਤੁਸੀਂ ਕੀ ਕਰ ਰਹੇ ਹੋ? ਜਰਮ ਮਾਰ ਰਹੇ ਹੋ? ਹਾ-ਹਾ। ਬੀਮਾਰਾਂ ਨੂੰ ਰਾਜ਼ੀ ਕਰ ਰਹੇ ਹੋ ਤੇ ਸਿਹਤਮੰਦਾਂ ਨੂੰ ਜ਼ਿੰਦਗੀ ਦੀਆਂ ਤੰਗੀਆਂ ਹਥੋਂ ਮਰਨ ਦਈ ਜਾ ਰਹੇ ਹੋ।... ਮਾਤਰਿਓਨਾ, ਮੈਂ ਤੇਰਾ ਮੂੰਹ ਭੰਨ ਦਿਆਂਗਾ, ਜੇ ਤੂੰ ਇਸੇ ਵੇਲੇ ਨਾ ਤੁਰੀ ਤਾਂ।"

"ਮੈਂ ਤੇਰੇ ਨਾਲ ਨਹੀਂ ਜਾਵਾਂਗੀ।"

ਉਹ ਪੀਲੀ ਪਈ ਹੋਈ ਸੀ, ਤੇ ਗ਼ੈਰਕੁਦਰਤੀ ਤੌਰ ਉਤੇ ਸ਼ਾਂਤ ਸੀ, ਤੇ ਆਪਣੇ ਪਤੀ ਵੱਲ ਦੇਖਦੀਆਂ ਉਸਦੀਆਂ ਅੱਖਾਂ ਵਿਚ ਸੀਤ ਦ੍ਰਿੜ੍ਹਤਾ ਸੀ। ਤੇ ਆਪਣੇ ਯੋਧਿਆਂ ਵਾਲੀ ਆਕੜ ਦੇ ਬਾਵਜੂਦ, ਗਰਿਗੋਰੀ ਨੇ ਮੂੰਹ ਪਰੇ ਕਰ ਲਿਆ, ਤੇ ਸਿਰ ਸੁੱਟ ਲਿਆ।

"ਸ਼ੀ!" ਡਾਕਟਰ ਥੁਕਿਆ। "ਖ਼ੁਦ ਸ਼ੈਤਾਨ ਵੀ ਇਸਦਾ ਮਤਲਬ ਨਹੀਂ ਸਮਝ ਸਕਦਾ। ਇਥੋਂ ਨਿਕਲ ਜਾ! ਚਲਾ ਜਾ, ਤੇ ਸ਼ੁਕਰ ਕਰ ਕਿ ਮੈਂ ਤੈਨੂੰ ਸੌਖੀ ਤਰ੍ਹਾਂ ਜਾਣ ਦਿਤੈ। ਤੈਨੂੰ ਤਾਂ ਜੇਲ੍ਹ ਭਿਜਵਾਉਣਾ ਚਾਹੀਦਾ ਸੀ, ਮੂਰਖ! ਚੱਲ, ਤੁਰਦਾ ਹੋ!"

ਗਰਿਗੋਰੀ ਨੇ ਸਿਰ ਚੁੱਕ ਕੇ ਡਾਕਟਰ ਵੱਲ ਦੇਖਿਆ, ਤੇ ਫਿਰ ਹੇਠਾਂ ਸੁੱਟ ਲਿਆ। ਉਹ ਜ਼ਿਆਦਾ ਚੰਗਾ ਮਹਿਸੂਸ ਕਰਦਾ, ਜੇ ਉਹ ਉਸਨੂੰ ਕੁੱਟਦੇ ਜਾਂ ਥਾਣੇ ਭਿਜਵਾ ਦੇਂਦੇ।

"ਮੈਂ ਤੈਨੂੰ ਆਖ਼ਰੀ ਵਾਰ ਪੁੱਛਦਾਂ—ਆ ਰਹੀ ਏਂ?" ਗਰਿਗੋਰੀ ਨੇ ਬੈਠੀ ਆਵਾਜ਼ ਵਿਚ ਆਪਣੀ ਪਤਨੀ ਨੂੰ ਪੁਛਿਆ।

"ਨਹੀਂ, ਨਹੀਂ ਆ ਰਹੀ," ਉਸਨੇ ਜਵਾਬ ਦਿਤਾ, ਤੇ ਸੁੰਗੜ ਕੇ ਪਿੱਛੇ ਹੋ ਗਈ, ਜਿਵੇਂ ਘਸੁੰਨ ਤੋਂ ਬਚ ਰਹੀ ਹੋਵੇ।

ਗਰਿਗੋਰੀ ਨੇ ਬਾਂਹ ਲਹਿਰਾਈ।

"ਤਾਂ ਤੁਸੀਂ ਸਾਰੇ ਪਵੋ ਖੱਡੇ ਵਿਚ। ਮੈਨੂੰ ਤੁਹਾਡੀ ਕੀ ਲੋੜ ਏ?"

"ਛੱਡ, ਤੂੰ ਮੂਰਖ..." ਉਸਦੀ ਹੋਸ਼ ਟਿਕਾਣੇ ਲਿਆਉਣ ਵਾਲੇ ਅੰਦਾਜ਼ ਨਾਲ ਡਾਕਟਰ ਨੇ ਸ਼ੁਰੂ ਕੀਤਾ।

"ਬਕੋ ਨਹੀਂ," ਗਰਿਗੋਰੀ ਚਿੱਲਾਇਆ। "ਤਾਂ ਫਿਰ, ਲਾਅਨਤੀ ਔਰਤ, ਮੈਂ ਜਾ ਰਿਹਾਂ। ਹੋ ਸਕਦੈ। ਅਸੀਂ ਮੁੜ ਕੇ ਕਦੀ ਨਾ ਮਿਲੀਏ, ਤੇ ਹੋ ਸਕਦੈ ਅਸੀਂ ਮਿਲ ਵੀ ਪਈਏ—ਜਿਸ ਤਰ੍ਹਾਂ ਮੇਰੀ ਮਰਜ਼ੀ ਹੋਵੇਗੀ। ਪਰ ਜੇ ਕਿਤੇ ਅਸੀਂ ਮਿਲ ਪਏ, ਤਾਂ ਯਕੀਨ ਜਾਣੀਂ, ਤੇਰੇ ਲਈ ਕੋਈ ਚੰਗਾ ਨਹੀਂ ਹੋਣ ਲੱਗਾ!"

ਤੇ ਉਹ ਦਰਵਾਜ਼ੇ ਵੱਲ ਵਧਿਆ।

"ਅਲਵਿਦਾ, ਦੁਖਾਂਤ-ਪਾਤਰ," ਡਾਕਟਰ ਨੇ ਵਿਅੰਗਮਈ ਅੰਦਾਜ਼ ਵਿਚ ਕਿਹਾ, ਜਦੋਂ ਗਰਿਗੋਰੀ ਉਸਦੇ ਕੋਲੋਂ ਲੰਘ ਰਿਹਾ ਸੀ।

ਗਰਿਗੋਰੀ ਰੁਕਿਆ ਤੇ ਉਦਾਸ ਤਰ੍ਹਾਂ ਨਾਲ ਲਿਸ਼ਕਦੀਆਂ ਅੱਖਾਂ ਚੁੱਕ ਕੇ ਡਾਕਟਰ ਵੱਲ ਦੇਖਿਆ।

"ਮੈਨੂੰ ਤੁਸੀਂ ਰਹਿਣ ਦਿਓ," ਉਹ ਧੀਮੇ ਜਿਹੇ ਕਿਹਾ। "ਮੈਨੂੰ ਫਿਰ ਨਵੇਂ ਸਿਰਿਉਂ ਮਰੋੜਾ ਨਾ ਚਾੜ੍ਹੋ। ਐਤਕੀਂ ਬਿਨਾਂ ਕਿਸੇ ਨੂੰ ਨੁਕਸਾਨ ਪੁਚਾਏ ਦੇ ਸਪਰਿੰਗ ਢਿਲਾ ਹੋ ਗਿਐ... ਸੋ ਰਹਿਣ ਦਿਓ, ਇਸੇ ਤਰ੍ਹਾਂ!"

ਉਸਨੇ ਜ਼ਮੀਨ ਤੋਂ ਆਪਣੀ ਟੋਪੀ ਚੁੱਕੀ, ਇਸਨੂੰ ਸਿਰ ਉਤੇ ਟਿਕਾਇਆ, ਮੋਢੇ ਸੰਗੋੜੇ ਤੇ ਆਪਣੀ ਪਤਨੀ ਵੱਲ ਇਕ ਨਜ਼ਰ ਵੀ ਸੁੱਟੇ ਬਿਨਾਂ ਬਾਹਰ ਚਲਾ ਗਿਆ।

ਡਾਕਟਰ ਮਾਤਰਿਓਨਾ ਨੂੰ ਘੋਖਵੀਂ ਤਰ੍ਹਾਂ ਦੇਖਦਾ ਰਿਹਾ। ਉਸਦਾ ਚਿਹਰਾ ਬਿਲਕੁਲ ਚਿੱਟਾ ਹੋਇਆ ਪਿਆ ਸੀ।

"ਉਹਨੂੰ ਕੀ ਹੋਇਐ?" ਗਰਿਗੋਰੀ ਵੱਲ ਸਿਰ ਨਾਲ ਇਸ਼ਾਰਾ ਕਰਦਿਆਂ, ਡਾਕਟਰ ਨੇ ਪੁਛਿਆ।

"ਪਤਾ ਨਹੀਂ..."

"ਹੂੰ-ਊਂ! ਤੇ ਹੁਣ ਉਹ ਕਿਧਰ ਗਿਐ?"

"ਸ਼ਰਾਬੀ ਹੋਣ ਲਈ," ਮਾਤਰਿਓਨਾ ਨੇ ਬਿਨਾਂ ਝਿਜਕ ਦੇ ਜਵਾਬ ਦਿਤਾ।

ਡਾਕਟਰ ਨੇ ਭਰੱਵਟੇ ਉਤਾਂਹ ਚੁੱਕੀਆਂ ਤੇ ਬਾਹਰ ਚਲਾ ਗਿਆ।

ਮਾਤਰਿਓਨਾ ਨੇ ਬਾਰੀ ਤੋਂ ਬਾਹਰ ਦੇਖਿਆ। ਇਕ ਆਦਮੀ ਦਾ ਆਕਾਰ ਧੁੰਦ ਦੇ ਵਿਚੋਂ, ਮੀਂਹ ਤੇ ਹਨੇਰੀ ਵਿਚੋਂ, ਸ਼ਹਿਰ ਨੂੰ ਜਾਂਦੀ ਸੜਕ ਉਤੇ ਉਲਾਂਘਾਂ ਭਰਦਾ ਤੇਜ਼ ਤੇਜ਼ ਜਾ ਰਿਹਾ ਸੀ। ਇਕੱਲਾ, ਉਹਨਾਂ ਗਿੱਲੇ ਭੂਰੇ ਖੇਤਾਂ ਵਿਚੋਂ...

ਮਾਤਰਿਓਨਾ ਦਾ ਚਿਹਰਾ ਹੋਰ ਵੀ ਬੱਗਾ ਹੋ ਗਿਆ। ਉਹ ਦੇਵ-ਮੂ ਵਾਲੇ ਕੋਨੇ ਵਿਚ ਗਈ ਤੇ ਪਵਿੱਤਰ ਮੂਰਤੀਆਂ ਸਾਮ੍ਹਣੇ ਗੋਡਿਆਂ ਭਾਰ ਹੋ : ਮੁੜ ਕੇ ਮੱਥਾ ਟੇਕਣ ਲਗੀ, ਆਪਣੇ ਗਲੇ ਤੇ ਆਪਣੀ ਛਾਤੀ ਨੂੰ ਕੰਬਦੀਆਂ ਉਂਗਲਾਂ ਨਾਲ ਮਲਦੀ ਹੋਈ, ਨਿੱਕੇ ਨਿੱਕੇ ਸਾਹ ਲੈਂਦੀ ਭਾਵਕ ਵਹਿਣ ਵਿਚ ਅਰਦਾਸ ਦੇ ਸ਼ਬਦ ਬੋਲਣ ਲਗੀ।

ਇਕ ਦਿਨ ਮੈਂ ਨ. ਸ਼ਹਿਰ ਵਿਚ ਇਕ ਵਿਰਤਕ ਸਕੂਲ ਵਿਚ ਗਿਆ। ਮੇਰਾ ਇਕ ਜਾਣੂ ਮੇਰਾ ਗਾਈਡ ਸੀ, ਜਿਸਨੇ ਸਕੂਲ ਕਾਇਮ ਕਰਨ ਵਿਚ ਸਹਾਇਤਾ ਦਿਤੀ ਸੀ। ਮਾਡਲ ਜਮਾਤਾਂ ਦੇ ਅਗੋਂ ਦੀ ਲੰਘਦਿਆਂ, ਉਹ ਮੈਨੂੰ ਦੱਸਣ ਲੱਗਾ:

"ਜਿਵੇਂ ਕਿ ਤੁਸੀਂ ਦੇਖਦੇ ਹੀ ਹੋ, ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਸਾਡੇ ਨੌਜਵਾਨ ਬੜੇ ਸ਼ਾਨਦਾਰ ਢੰਗ ਨਾਲ ਅੱਗੇ ਵਧ ਰਹੇ ਨੇ। ਤੇ ਤੁਹਾਨੂੰ ਹੈਰਾਨੀ ਹੋਵੇਗੀ ਜਾਣ ਕੇ ਕਿ ਅਸੀਂ ਅਧਿਆਪਕਾਂ ਦਾ ਕਿੰਨਾ ਚੰਗਾ ਗਰੁੱਪ ਭਰਤੀ ਕੀਤਾ ਹੈ। ਮਿਸਾਲ ਵਜੋ, ਜੁੱਤੀਆਂ ਦੇ ਕੰਮ ਵਾਲੇ ਵਿਭਾਗ ਵਿਚ, ਕੰਮ ਸਿਖਾਉਣ ਵਾਲੀ ਇਕ ਸਿਧੀ-ਸਾਦੀ ਜਿਹੀ ਮੋਚਣ ਏ, ਬੜੇ ਢੰਗ ਦੀ ਔਰਤ ਏ, ਪਰ ਵਿਹਾਰ ਵਿਚ ਬਿਲਕੁਲ ਬੇਐਬ। ਪਰ ਮੈਂ ਇਹ ਤੁਹਾਨੂੰ ਕਿਉਂ ਦਸ ਰਿਹਾਂ? ਜਿਵੇਂ ਕਿ ਮੈਂ ਤੁਹਾਨੂੰ ਦਸਿਆ ਸੀ, ਉਹ ਸਿੱਧੀ-ਸਾਦੀ ਜਿਹੀ ਮੋਚੀ ਔਰਤ ਏ, ਪਰ ਹੁਣ ਉਹ ਕੰਮ ਕਰਦੀ ਏ! ਤੇ ਉਹ ਕਿੰਨੀਂ ਗੁਣਵਾਨ ਅਧਿਆਪਕਾ ਏ! ਤੇ ਆਪਣੇ-ਵਿਦਿਆਰਥੀਆਂ ਨੂੰ ਉਹ ਕਿਸ ਤਰ੍ਹਾਂ ਪਿਆਰ ਕਰਦੀ ਏ! ਬਿਲਕੁਲ ਅਸਾਧਾਰਨ! ਅਮੋਲ ਕਿਰਤੀ ਏ ਉਹ—ਤੇ ਕੰਮ ਕਰ ਰਹੀ ਏ ਸਿਰਫ਼ ਬਾਰ੍ਹਾਂ ਰੂਬਲ ਮਹੀਨੇ ਉਤੇ, ਤੇ ਨਾਲ ਸਕੂਲ ਵਿਚ ਰਹਿਣ ਲਈ ਕਮਰਾ। ਇਹਨਾਂ ਪੈਸਿਆਂ ਵਿਚੋਂ ਉਹ ਸਗੋਂ ਦੋ ਯਤੀਮਾਂ ਦੀ ਸਹਾਇਤਾ ਵੀ ਕਰਦੀ ਏ। ਅਸਾਧਾਰਨ ਤੌਰ ਉਤੇ ਦਿਲਚਸਪ ਸ਼ਖ਼ਸੀਅਤ।"

ਉਹ ਇਸ ਮੋਚੀ-ਔਰਤ ਦੀਆਂ ਤਾਰੀਫ਼ਾਂ ਦੇ ਇੰਞ ਪੁਲ ਬੰਨ੍ਹ ਰਿਹਾ ਸੀ ਕਿ ਮੈਂ ਉਸਨੂੰ ਮਿਲਣ ਲਈ ਉਤਸੁਕ ਹੋ ਗਿਆ।

ਇਸਦਾ ਜਲਦੀ ਹੀ ਪ੍ਰਬੰਧ ਕਰ ਦਿਤਾ ਗਿਆ, ਤੇ ਇਕ ਦਿਨ ਮਾਤਰਿਓਨਾ ਓਰਲੋਵਾ ਨੇ ਮੈਨੂੰ ਆਪਣੀ ਜ਼ਿੰਦਗੀ ਦੀ ਦੁਖੀ ਵਾਰਤਾ ਸੁਣਾਈ। ਪਤੀ ਨਾਲੋਂ ਵੱਖ ਹੋਣ ਤੋਂ ਕੁਝ ਸਮਾਂ ਮਗਰੋਂ ਤੱਕ, ਉਸਨੇ ਉਸਨੂੰ ਚੈਨ ਨਾ ਲੈਣ ਦਿਤਾ; ਉਹ ਸ਼ਰਾਬੀ ਹੋਇਆ ਹੋਇਆ ਉਸਨੂੰ ਮਿਲਣ ਆਉਂਦਾ, ਝਗੜਾ ਕਰਦਾ, ਜਦੋਂ ਵੀ ਉਹ ਬਾਹਰ ਜਾਂਦੀ ਤਾਂ ਉਹ ਉਸਦੀ ਉਡੀਕ ਕਰਦਾ ਹੁੰਦਾ, ਤੇ ਬੇਰਹਿਮੀ ਨਾਲ ਉਸਨੂੰ ਕੁੱਟਦਾ। ਉਸਨੇ ਇਹ ਸਾਰਾ ਕੁਝ ਬਰਦਾਸ਼ਤ ਕੀਤਾ।

ਜਦੋਂ ਬਾਰਕਾਂ ਬੰਦ ਹੋਈਆਂ, ਤਾਂ ਇਕ ਡਾਕਟਰ ਨੇ ਇਸ ਸਕੂਲ ਵਿਚ ਉਸਨੂੰ ਥਾਂ ਦੁਆਉਣ ਵਿਚ ਤੇ ਉਸਦੇ ਪਤੀ ਤੋਂ ਉਸਨੂੰ ਬਚਾਉਣ ਵਿਚ ਸਹਾਇਤਾ ਕਰਨ

ਦੀ ਪੇਸ਼ਕਸ਼ ਕੀਤੀ। ਇਹ ਹੋ ਗਿਆ, ਤੇ ਮਾਤਰਿਓਨਾ ਸ਼ਾਂਤਮਈ ਕਿਰਤ ਦਾ ਜੀਵਨ ਜਿਊਣ ਲੱਗੀ। ਉਸਦੀ ਜਾਣੂ ਇਕ ਨਰਸ ਨੇ ਉਸਨੂੰ ਪੜ੍ਹਨਾ ਲਿਖਣਾ ਸਿਖਾ ਦਿਤਾ; ਉਸਨੇ ਇਕ ਯਤੀਮਖ਼ਾਨੇ ਤੋਂ ਦੋ ਯਤੀਮ ਬੱਚੇ ਅਪਣਾ ਲਏ—ਇਕ ਮੁੰਡਾ, ਇਕ ਕੁੜੀ—ਤੇ ਆਪਣੇ ਆਪ ਨੂੰ ਕੰਮ ਵਿਚ ਸੁੱਟ ਦਿਤਾ; ਆਪਣੇ ਜੀਵਨ ਨਾਲ ਉਹ ਸੰਤੁਸ਼ਟ ਸੀ, ਪਰ ਬੀਤੇ ਨੂੰ ਉਹ ਡਰ ਤੇ ਅਫ਼ਸੋਸ ਨਾਲ ਯਾਦ ਕਰਦੀ ਸੀ। ਆਪਣੇ ਵਿਦਿਆਰਥੀਆਂ ਲਈ ਕੁਝ ਵੀ ਕਰਨਾ ਉਸ ਲਈ ਜ਼ਿਆਦਾ ਨਹੀਂ ਸੀ, ਉਹ ਆਪਣੇ ਕੰਮ ਦੀ ਮਹੱਤਤਾ ਨੂੰ ਇਕ ਵਿਸ਼ਾਲ ਜਿਹੇ ਤਰੀਕੇ ਨਾਲ ਦੇਖਦੀ ਸੀ, ਬੜੀ ਈਮਾਨਦਾਰ ਸੀ, ਤੇ ਸਕੂਲ ਦੇ ਅਧਿਕਾਰੀ ਉਸਦੀ ਇੱਜ਼ਤ ਕਰਦੇ ਸਨ। ਪਰ ਉਸਨੂੰ ਸੁੱਕੀ ਖੰਘ ਆਉਂਦੀ ਸੀ, ਭੈੜੀ ਤਰ੍ਹਾਂ ਦੀ ਖੰਘ, ਉਸਦੀਆਂ ਗਲ੍ਹਾਂ ਦੇ ਟੋਇਆਂ ਵਿਚ ਇਕ ਭੈੜੀ ਜਿਹੀ ਲਾਲੀ ਚਮਕਦੀ ਸੀ, ਤੇ ਉਸਦੀਆਂ ਅੱਖਾਂ ਵਿਚ ਬਹੁਤ ਉਦਾਸੀ ਛਾਈ ਰਹਿੰਦੀ ਸੀ।

ਗਰਿਗੋਰੀ ਨਾਲ ਜਾਣ-ਪਛਾਣ ਦਾ ਵੀ ਮੈਨੂੰ ਮੌਕਾ ਮਿਲਿਆ। ਮੈਂ ਉਸਨੂੰ ਸ਼ਹਿਰ ਦੀਆਂ ਗੰਦੀਆਂ ਬਸਤੀਆਂ ਵਿਚ ਲਭਿਆ, ਤੇ ਦੋ ਤਿੰਨ ਵਾਰੀ ਮਿਲਣ ਤੋਂ ਪਿਛੋਂ ਅਸੀਂ ਦੋਸਤ ਬਣ ਗਏ। ਉਸਨੇ ਉਹੀ ਕਹਾਣੀ ਦੁਹਰਾਈ ਜਿਹੜੀ ਉਸਦੀ ਪਤਨੀ ਨੇ ਸੁਣਾਈ ਸੀ, ਤੇ ਜ਼ਰਾ ਕੁ ਸੋਚਣ ਤੋਂ ਮਗਰੋਂ ਕਹਿਣ ਲੱਗਾ:

"ਸੋ ਇਹ ਸਾਰੀ ਕਹਾਣੀ ਏ, ਮਾਕਸਿਮ ਸਾਵਾਤੀਏਵਿਚ—ਜ਼ਰਾ ਕੁ ਉਤਾਂਹ ਉਠਿਆ, ਤੇ ਮੁੜਕੇ ਹੇਠਾਂ ਪਟਕਾ ਦਿਤਾ ਗਿਆ। ਤੇ ਇਸ ਲਈ ਮੈਂ ਕਦੀ ਵੀ ਉਹ ਵੱਡਾ ਕਾਰਨਾਮਾ ਨਾ ਕਰ ਸਕਿਆ, ਜਿਸਨੂੰ ਕਰਨ ਦੇ ਮੈਂ ਸੁਪਨੇ ਲੈਂਦਾ ਸਾਂ। ਪਰ ਅਜੇ ਵੀ ਕੁਝ ਵੱਡਾ ਕਰ ਗੁਜ਼ਰਨ ਦੀ ਮੈਨੂੰ ਖੁਤਖੁਤੀ ਲਗੀ ਰਹਿੰਦੀ ਏ—ਧਰਤੀ ਨੂੰ ਪੀਹ ਕੇ ਧੂੜ ਬਣਾ ਦੇਣ ਦੀ ਜਾਂ ਕਿਸੇ ਗਰੋਹ ਦੀ ਅਗਵਾਈ ਕਰਨ ਦੀ, ਜਾਂ ਹੋਰ ਕੋਈ ਵੀ ਕੰਮ ਕਰਨ ਦੀ ਜਿਹੜਾ ਮੈਨੂੰ ਬਾਕੀ ਸਾਰੇ ਲੋਕਾਂ ਨਾਲੋਂ ਉਤਾਂਹ ਚੁੱਕ ਦੇਵੇ, ਜਿਥੋਂ ਫਿਰ ਮੈਂ ਉਹਨਾਂ ਉਤੇ ਹੇਠਾਂ ਥੁੱਕ ਸੱਕਾਂ। ਤੇ ਮੈਂ ਉਹਨਾਂ ਨੂੰ ਕਹਾਂਗਾ: 'ਏ-ਖ਼, ਤੁਸੀਂ, ਕੀੜਿਓ! ਤੁਸੀਂ ਕਾਹਦੇ ਲਈ ਜਿਊਂਦੇ ਹੋ? ਕਿਸ ਤਰ੍ਹਾਂ ਦੀਆਂ ਜ਼ਿੰਦਗੀਆਂ ਜਿਊਂਦੇ ਹੋ? ਤੁਸੀਂ ਦੰਭੀ ਉਚੱਕਿਆਂ ਤੋਂ ਸਿਵਾ ਹੋਰ ਕੁਝ ਵੀ ਨਹੀਂ!' ਤੇ ਫਿਰ ਮੈਂ ਰਿੜ੍ਹਦਾ ਹੋਇਆ ਉਚਾਈਆਂ ਤੋਂ ਆਵਾਂਗਾ, ਉਲਟਬਾਜ਼ੀਆਂ ਖਾਂਦਾ, ਤੇ ਠਾਹ! ਬੱਸ! ਏ-ਖ਼, ਜ਼ਿੰਦਗੀ ਕਿੰਨੀਂ ਬੇਸੁਆਦੀ ਤੇ ਸਾਹ-ਘੁਟਵੀਂ ਏ। ਜਦੋਂ ਮੈਂ ਮਾਤਰਿਓਨਾ ਨੂੰ ਗਲੋਂ ਲਾਹਿਆ, ਤਾਂ ਸੋਚਿਆ: 'ਗਰਿਗੋਰੀ, ਹੁਣ ਆਜ਼ਾਦ ਹੋ ਕੇ ਬੇੜੀ ਚਲਾ! ਲੰਗਰ ਚੁੱਕ ਦਿਤੇ ਗਏ ਨੇ!' ਪਰ ਇੰਝ ਨਾ ਹੋਇਆ। ਜਹਾਜ਼ ਖ਼ੁਸ਼ਕੀ ਵਿਚ ਜਾ ਫਸਿਆ। ਰੁਕ ਗਿਆ। ਤੇ ਮੈਂ ਖ਼ੁਸ਼ਕੀ ਉਤੇ ਬੈਠਾ ਹਾਂ। ਪਰ ਮੈਂ ਆਪ ਨਹੀਂ ਸੁੱਕਣ ਲਗਾ, ਡਰ ਨਾ ਲਾ! ਮੈਂ ਲੋਕਾਂ ਨੂੰ ਦਿਖਾ ਦਿਆਂਗਾ ਕਿ ਮੈਂ ਅਜੇ ਵੀ ਕੀ ਕਰ ਸਕਦਾਂ। ਕਿਵੇਂ? ਇਹ ਤਾਂ ਸਿਰਫ਼ ਸ਼ੈਤਾਨ ਨੂੰ ਹੀ ਪਤੈ।... ਪਤਨੀ?

ਖ਼ੈਰ, ਢੱਠੇ ਖੂਹ 'ਚ ਪਵੇ! ਮੇਰੇ ਵਰਗੇ ਬੰਦੇ ਨੇ ਵਹੁਟੀ ਤੋਂ ਕੀ ਲੈਣੈਂ? ਜਾਂ ਉਹਨੇ ਮੈਥੋਂ, ਐਸੇ ਆਦਮੀ ਤੋਂ ਜਿਹੜਾ ਇਕੋ ਵੇਲੇ ਚਾਰੇ ਪਾਸਿਉਂ ਖਿੱਚਾਂ ਮਹਿਸੂਸ ਕਰਦੈ? ਮੈਂ ਆਪਣੇ ਦਿਲ ਵਿਚ ਇਹ ਬੇਚੈਨੀ ਲੈ ਕੇ ਜੰਮਿਆਂ ਸਾਂ। ਆਵਾਰਾ ਬਨਣਾ ਮੇਰੀ ਕਿਸਮਤ ਵਿਚ ਲਿਖਿਆ ਹੋਇਐ। ਮੈਂ ਹਰ ਤਰ੍ਹਾਂ ਦੀਆਂ ਥਾਵਾਂ ਤੱਕ ਤੁਰਦਾ ਤੇ ਸਵਾਰੀ ਕਰਦਾ ਗਿਆ ਹਾਂ। ਕਿਤੇ ਚੈਨ ਨਹੀਂ ਮਿਲਿਆ।... ਪੀਂਦਾ ਹਾਂ? ਹਾਂ, ਪੀਂਦਾ ਹਾਂ। ਅੱਗਾਂ ਬੁਝਾਉਣ ਲਈ ਵੋਦਕਾ ਚੰਗੀ ਚੀਜ਼ ਏ। ਤੇ ਬਹੁਤ ਵੱਡੀ ਅੱਗ ਮੇਰੇ ਅੰਦਰ ਬਲ ਰਹੀ ਏ! ਮੈਂ ਹਰ ਸ਼ੈ ਤੋਂ ਸਤਿਆ ਹੋਇਆ ਹਾਂ—ਸ਼ਹਿਰਾਂ ਤੋਂ, ਪਿੰਡਾਂ ਤੋਂ, ਲੋਕਾਂ ਤੋਂ, ਹਰ ਆਕਾਰ ਤੇ ਮਾਰਕੇ ਦੇ ਲੋਕਾਂ ਤੋਂ। ਝੂਹ! ਕੀ ਇਸ ਤੋਂ ਚੰਗੀ ਕੋਈ ਚੀਜ਼ ਨਹੀਂ ਸੀ ਸੋਚੀ ਜਾ ਸਕਦੀ? ਸਾਰੇ ਇਕ ਦੂਜੇ ਨੂੰ ਖਾਂਦੇ ਨੇ! ਜੇ ਕਿਤੇ ਮੈਂ ਉਹਨਾਂ ਸਾਰਿਆਂ ਦੀਆਂ ਧੌਣਾਂ ਮਰੋੜ ਸਕਾਂ। ਏ-ਖ਼, ਇਹ ਜ਼ਿੰਦਗੀ ਵੀ ਕਿਆ ਕਿਸੇ ਸ਼ੈਤਾਨ ਦੀ ਸਿਆਣੀ ਸੋਚ ਦਾ ਸਿੱਟਾ ਏ!"

ਜਿਸ ਸ਼ਰਾਬਖ਼ਾਨੇ ਵਿਚ ਮੈਂ ਤੇ ਗਰਿਗੋਰੀ ਬੈਠੇ ਹੋਏ ਸਾਂ, ਉਸਦਾ ਭਾਰਾ ਦਰਵਾਜ਼ਾ ਲਗਾਤਾਰ ਖੁਲ੍ਹਦਾ ਤੇ ਬੰਦ ਹੁੰਦਾ ਸੀ, ਤੇ ਹਰ ਵਾਰੀ ਚੀਂ-ਚੀਂ ਦੀ ਆਵਾਜ਼ ਨਾਲ ਨਿਉਂਦਾ ਦੋਂਦਾ ਲਗਦਾ ਸੀ। ਤੇ ਸ਼ਰਾਬਖ਼ਾਨਾ ਅੰਦਰੋਂ ਅਜਿਹੇ ਵੱਡੇ ਸਾਰੇ ਮੂੰਹ ਵਾਂਗ ਲਗਦਾ ਸੀ, ਜਿਹੜਾ ਵਿਚਾਰੇ ਰੂਸੀਆਂ ਨੂੰ, ਬੇਚੈਨ ਰੂਸੀਆਂ ਨੂੰ... ਤੇ ਦੂਜਿਆਂ ਨੂੰ ਵੀ... ਇਕ ਇਕ ਕਰਕੇ, ਹੌਲੀ ਹੌਲੀ ਪਰ ਯਕੀਨੀ ਤੌਰ ਉਤੇ ਹੜੱਪ ਕਰੀ ਜਾ ਰਿਹਾ ਸੀ।

੧੮੯੭

ਤੂਫ਼ਾਨੀ ਪੇਤਰੇਲ ਦਾ ਗੀਤ

ਸਾਗਰ ਦੇ ਸਲੇਟੀ ਮੈਦਾਨ 'ਤੇ ਹਵਾ ਹੈ ਬੱਦਲ ਇਕੱਠੇ ਕਰ ਰਹੀ। ਬੱਦਲਾਂ ਤੇ ਸਾਗਰ ਦੇ ਦਰਮਿਆਨ, ਕਾਲੀ ਬਿਜਲੀ ਦੀ ਲਕੀਰ ਵਾਂਗ, ਤੂਫ਼ਾਨੀ ਪੇਤਰੇਲ ਹੈ ਮਾਣ ਨਾਲ ਮੰਡਲਾ ਰਿਹਾ।

ਹੁਣੇ ਖੰਭ ਦੇ ਨਾਲ ਛੂੰਹਦਾ ਲਹਿਰ ਨੂੰ, ਹੁਣੇ ਤੀਰ ਵਾਂਗ ਉੱਠਦਾ ਬੱਦਲਾਂ ਵੱਲ ਜਾਂਦਾ ਉਹ ਚਿੱਲਾ ਰਿਹਾ ਹੈ, ਤੇ—ਬੱਦਲ ਉਸਦੀ ਹੌਸਲੇ ਭਰੀ ਚੀਖ ਵਿਚ ਸੁਣ ਰਹੇ ਨੇ ਖੁਸ਼ੀ ਦਾ ਸੰਦੇਸ਼ ਕੋਈ।

ਇਸ ਚੀਖ ਵਿਚ ਹੈ ਸਿੱਕ ਤੂਫ਼ਾਨ ਦੀ। ਬੱਦਲਾਂ ਨੂੰ ਇਸ ਵਿਚ ਹੈ ਸੁਣਾਈ ਦੇ ਰਹੀ, ਰੋਹ ਦੀ ਤਾਕਤ, ਜੋਸ਼ ਦਾ ਭਾਂਬੜ ਤੇ ਜਿੱਤ ਵਿਚ ਯਕੀਨ।

ਮੁਰਗ਼ਾਬੀਆਂ ਤੂਫ਼ਾਨ ਤੋਂ ਪਹਿਲਾਂ ਨੇ ਕੁਰਲਾ ਰਹੀਆਂ—ਕੁਰਲਾ ਰਹੀਆਂ, ਉਡਦੀਆਂ ਨੇ ਉਹ ਸਾਗਰ 'ਤੇ ਇਧਰ ਉਧਰ, ਤੇ ਸਹਿਮ ਆਪਣੇ ਨੂੰ ਤੂਫ਼ਾਨ ਸਾਮ੍ਹਣੇ ਤਿਆਰ ਨੇ ਸਾਗਰ ਦੀ ਤਹਿ ਵਿਚ ਲੁਕਾਉਣ ਲਈ।

ਤੇ ਗਰੇਬੇ ਵੀ ਨੇ ਕੁਰਲਾ ਰਹੇ—ਅਪਹੁੰਚ ਏ ਉਹਨਾਂ ਲਈ ਜੀਵਨ ਦੇ ਘੋਲ ਦੀ ਖ਼ੁਸ਼ੀ: ਡਰ ਰਹੇ ਨੇ ਉਹ ਤੂਫ਼ਾਨੀ ਗਰਜ ਤੋਂ।

ਮੂਰਖ ਪੈਂਗਵਿਨ ਆਪਣੇ ਮੋਟੇ ਸਰੀਰ ਸਹਿਮ ਨਾਲ ਨੇ ਚਟਾਨਾਂ ਵਿਚ ਲੁਕਾਉਂਦੇ ਫਿਰ ਰਹੇ।... ਮਾਣ ਭਰਿਆ ਤੂਫ਼ਾਨੀ ਪੇਤਰੇਲ ਹੀ ਬਸ ਝੱਗ ਨਾਲ ਚਿੱਟੇ ਹੋਏ ਸਾਗਰ ਤੇ ਹੈ ਦਲੇਰੀ ਤੇ ਆਜ਼ਾਦੀ ਨਾਲ ਮੰਡਲਾ ਰਿਹਾ।

ਸਾਗਰ ਉਤੇ ਬੱਦਲ ਹੁੰਦੇ ਜਾ ਰਹੇ ਨੇ ਹੋਰ ਨੀਵੇਂ, ਹੋਰ ਕਾਲੇ, ਤੇ ਲਹਿਰਾਂ ਨੇ ਗਾ ਰਹੀਆਂ ਤੇ ਗਰਜ ਨੂੰ ਮਿਲਣ ਲਈ ਨੇ ਉਹ ਉਛਾਲੇ ਲਾ ਰਹੀਆਂ।

ਬਿਜਲੀ ਕੜਕਦੀ ਹੈ। ਰੋਹ ਨਾਲ ਝੱਗੋਝੱਗ ਹੋਈਆਂ ਲਹਿਰਾਂ ਚੀਖਦੀਆਂ, ਹਵਾਵਾਂ ਨਾਲ ਬਿਦ ਰਹੀਆਂ ਨੇ। ਔਹ ਹਵਾ ਨੇ ਲਹਿਰਾਂ ਦੇ ਝੁੰਡ ਨੂੰ ਆਪਣੀ ਤਕੜੀ

ਇਟਲੀ ਦੀਆਂ ਕਥਾਵਾਂ

ਪਰਮਾ ਦੇ ਬੱਚੇ

ਜਨੋਆ ਦੇ ਰੇਲਵੇ ਸਟੇਸ਼ਨ ਦੇ ਸਾਮ੍ਹਣੇ ਨਿਕੇ ਜਿਹੇ ਚੌਕ ਵਿਚ ਸੰਘਣੀ ਭੀੜ ਇਕੱਠੀ ਹੋ ਗਈ ਸੀ। ਉਹਨਾਂ ਵਿਚੋਂ ਬਹੁਤੇ ਮਜ਼ਦੂਰ ਸਨ, ਪਰ ਵਿਚ ਵਿਚ ਚੰਗੇ ਰੱਜੇ-ਪੁੱਜੇ, ਸਤਿਕਾਰਯੋਗ ਕਪੜਿਆਂ ਵਾਲੇ ਲੋਕਾਂ ਦਾ ਵੀ ਛਿੜਕਾਅ ਹੋਇਆ ਹੋਇਆ ਸੀ। ਭੀੜ ਦੇ ਅੱਗੇ ਸ਼ਹਿਰੀ ਕੌਂਸਲ ਦੇ ਮੈਂਬਰ ਖੜੇ ਸਨ; ਉਹਨਾਂ ਦੇ ਸਿਰਾਂ ਉਪਰ ਭਾਰਾ ਜਿਹਾ ਤੇ ਬੜੀ ਕਲਾਤਮਕ ਰੇਸ਼ਮੀ ਕਢਾਈ ਵਾਲਾ ਸ਼ਹਿਰ ਦਾ ਝੰਡਾ ਲਹਿਰਾ ਰਿਹਾ ਸੀ, ਤੇ ਇਸਦੇ ਨਾਲ ਨਾਲ ਮਜ਼ਦੂਰ ਜਥੇਬੰਦੀਆਂ ਦੇ ਬਹੁ-ਰੰਗੇ ਝੰਡੇ ਲਹਿਰਾ ਰਹੇ ਸਨ। ਸੁਨਹਿਰੀ ਫੁੰਮਣ, ਝਾਲਰਾਂ ਤੇ ਰੱਸੀਆਂ ਲਿਸ਼ਕ ਰਹੀਆਂ ਸਨ, ਝੰਡਿਆ ਵਾਲੇ ਡੰਡਿਆਂ ਦੇ ਸਿਰੇ ਚਮਕ ਰਹੇ ਸਨ, ਰੇਸ਼ਮ ਸਰਸਰ ਕਰ ਰਿਹਾ ਸੀ ਤੇ ਜਸ਼ਨੀ ਭੀੜ ਵਿਚੋਂ ਹੌਲੀ ਹੌਲੀ ਆਵਾਜ਼ ਵਿਚ ਮਧਮ ਜਿਹੀ ਧੁਨ ਉਠ ਰਹੀ ਸੀ, ਜਿਵੇਂ ਕੋਈ ਗੀਤ-ਮੰਡਲੀ ਗਾ ਰਹੀ ਹੋਵੇ।

ਉਪਰ, ਆਪਣੇ ਥੜ੍ਹੇ ਉਤੇ ਕੋਲੰਬਸ ਦਾ ਬੁੱਤ ਖੜਾ ਸੀ, ਉਸ ਸੁਪਨੇਸਾਜ਼ ਦਾ ਬੁੱਤ, ਜਿਸਨੇ ਆਪਣੇ ਵਿਸ਼ਵਾਸ ਲਈ ਭਾਰੀ ਤਕਲੀਫ਼ਾਂ ਉਠਾਈਆਂ ਸਨ ਤੇ ਉਹ ਜਿੱਤਿਆ ਸੀ, ਕਿਉਂਕਿ ਉਹ ਵਿਸ਼ਵਾਸ ਰਖਦਾ ਸੀ। ਅੱਜ ਵੀ ਉਹ ਹੇਠਾਂ ਲੋਕਾਂ ਵੱਲ ਵੇਖ ਰਿਹਾ ਸੀ ਤੇ ਉਹਦਾ ਸੰਗਮਰਮਰ ਦਾ ਬੁੱਤ ਕਹਿੰਦਾ ਲਗਦਾ ਸੀ:

"ਸਿਰਫ਼ ਉਹੀ ਜਿੱਤ ਸਕਦੇ ਨੇ, ਜਿਹੜੇ ਵਿਸ਼ਵਾਸ ਰਖਦੇ ਨੇ।"

ਬੈਂਡ ਵਾਲਿਆਂ ਨੇ ਆਪਣੇ ਸਾਜ਼ ਥੜ੍ਹੇ ਦੁਆਲੇ ਉਸਦੇ ਪੈਰਾਂ ਵਿਚ ਰਖ ਦਿਤੇ ਹੋਏ ਸਨ, ਤੇ ਧੁੱਪ ਵਿਚ ਪਿੱਤਲ ਇੰਝ ਲਿਸ਼ਕ ਰਿਹਾ ਸੀ, ਜਿਵੇਂ ਸੋਨਾ ਹੋਵੇ।

ਅਰਧ-ਗੋਲੇ ਵਿਚ ਪਿੱਛੇ ਨੂੰ ਹਟਵੀਂ ਸਟੇਸ਼ਨ ਦੀ ਸੰਗਮਰਮਰ ਦੀ ਭਾਰੀ-ਭਰਕਮ ਇਮਾਰਤ ਨੇ ਆਪਣੇ ਪਰ ਇੰਝ ਫੈਲਾਏ ਹੋਏ ਸਨ, ਜਿਵੇਂ ਇਹ ਉਡੀਕ ਕਰ ਰਹੀ

ਭੀੜ ਨੂੰ ਗਲਵਕੜੀ ਵਿਚ ਲੈਣਾ ਚਾਹੁੰਦੀ ਹੋਵੇ। ਬੰਦਰਗਾਹ ਵਲੋਂ ਭਾਫ਼-ਬੇੜੀਆਂ ਦੇ ਭਾਰੀ ਸਾਹ ਲੈਣ ਦੀ, ਪਾਣੀ ਵਿਚ ਪ੍ਰੋਪੈਲਰਾਂ ਦੇ ਫਿਰਨ ਦੀ ਦੱਬੀ ਦੱਬੀ ਆਵਾਜ਼ ਆ ਰਹੀ ਸੀ, ਜ਼ੰਜੀਰਾਂ ਦੀ ਛਣਕਾਰ, ਸੀਟੀਆਂ ਤੇ ਉੱਚੀ ਉੱਚੀ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਪਰ ਚੌਕ ਸ਼ਾਂਤ ਸੀ ਤੇ ਤੇਜ਼ ਚਮਕਦੇ ਸੂਰਜ ਹੇਠ ਗਰਮ ਹੋਇਆ ਹੋਇਆ ਸੀ। ਘਰਾਂ ਦੇ ਛੱਜਿਆਂ ਉਤੇ ਤੇ ਬਾਰੀਆਂ ਵਿਚ ਔਰਤਾਂ ਆਪਣੇ ਹੱਥਾਂ ਵਿਚ ਫੁੱਲ ਲਈ ਖੜੀਆਂ ਸਨ ਤੇ ਉਹਨਾਂ ਦੇ ਕੋਲ ਆਪਣੇ ਤਿਓਹਾਰੀ ਕਪੜੇ ਪਾਈ ਫੁੱਲਾਂ ਵਰਗੇ ਬੱਚੇ ਖੜੇ ਸਨ।

ਜਿਉਂ ਹੀ ਸੀਟੀ ਮਾਰਦਾ ਹੋਇਆ ਇੰਜਣ ਸਟੇਸ਼ਨ ਵੱਲ ਆਇਆ, ਭੀੜ ਵਿਚ ਹਿਲਜੁਲ ਹੋਈ ਤੇ ਕਈ ਫਿੱਸੇ ਹੋਏ ਟੋਪ ਕਿੰਨੇ ਸਾਰੇ ਕਾਲੇ ਪੰਛੀਆਂ ਵਾਂਗ ਹਵਾ ਵਿਚ ਉਡ ਪਏ। ਬੈਂਡ ਵਾਲਿਆਂ ਨੇ ਆਪਣੇ ਸਾਜ਼ ਚੁੱਕੇ, ਤੇ ਕੁਝ ਗੰਭੀਰ, ਸਿਆਣੀ ਉਮਰ ਦੇ ਆਦਮੀ ਆਪਣੇ ਆਪ ਨੂੰ ਸੰਵਾਰਦੇ ਹੋਏ ਅੱਗੇ ਆਏ, ਭੀੜ ਵੱਲ ਮੂੰਹ ਕੀਤਾ, ਤੇ ਸੱਜੇ-ਖੱਬੇ ਹੱਥ ਮਾਰ ਮਾਰ ਕੇ ਉਤੇਜਤ ਤਰ੍ਹਾਂ ਨਾਲ ਕੁਝ ਬੋਲਣ ਲਗੇ।

ਹੌਲੀ ਹੌਲੀ ਭੀੜ ਵਿਚੋਂ ਦੋ ਹੋ ਗਈ ਤੇ ਇਸਨੇ ਬਾਜ਼ਾਰ ਨੂੰ ਜਾਣ ਵਾਸਤੇ ਚੌੜਾ ਰਾਹ ਬਣਾ ਦਿਤਾ।

"ਇਹ ਕਿਸਨੂੰ ਲੈਣ ਆਏ ਨੇ?"

"ਪਰਮਾ ਦੇ ਬੱਚਿਆਂ ਨੂੰ!"

ਪਰਮਾ ਵਿਚ ਹੜਤਾਲ ਹੋਈ ਹੋਈ ਸੀ। ਮਾਲਕ ਝੁਕ ਨਹੀਂ ਸਨ ਰਹੇ, ਤੇ ਮਜ਼ਦੂਰਾਂ ਦੀ ਏਨੀ ਭੈੜੀ ਹਾਲਤ ਸੀ ਕਿ ਉਹਨਾਂ ਨੇ ਫ਼ੈਸਲਾ ਕੀਤਾ ਸੀ ਕਿ ਆਪਣੇ ਬੱਚਿਆਂ ਨੂੰ ਭੁੱਖੇ ਮਰਨ ਤੋਂ ਬਚਾਉਣ ਲਈ ਆਪਣੇ ਸਾਥੀਆਂ ਕੋਲ ਜਨੇਆ ਭੇਜ ਦਿਤਾ ਜਾਏ।

ਸਟੇਸ਼ਨ ਦੀ ਇਮਾਰਤ ਦੇ ਖੰਭਿਆਂ ਦੇ ਪਿਛੋਂ ਨਿਕੇ ਨਿਕੇ ਲੋਕਾਂ ਦਾ ਇਕ ਬਾ-ਤਰਤੀਬ ਜਲੂਸ ਆਉਂਦਾ ਦਿਖਾਈ ਦਿਤਾ—ਜਿਹੜੇ ਅੱਧ-ਨੰਗੇ, ਆਪਣੇ ਪਾਟੇ-ਪੁਰਾਣੇ ਕਪੜਿਆਂ ਵਿਚ ਅਜੀਬ ਜਿਹੇ, ਬੁਰਦਾਰ ਛੋਟੇ ਛੋਟੇ ਜਾਨਵਰ ਲਗ ਰਹੇ ਸਨ। ਉਹ ਇਕ ਦੂਜੇ ਦਾ ਹੱਥ ਫੜ ਕੇ ਚੱਲ ਰਹੇ ਸਨ, ਪੰਜ ਪੰਜ ਦੀ ਕਤਾਰ ਬਣਾ ਕੇ, ਬਹੁਤ ਛੋਟੇ ਛੋਟੇ, ਘੱਟੇ-ਮਿੱਟੀ ਨਾਲ ਲਿਬੜੇ ਹੋਏ ਤੇ ਸ਼ਾਇਦ ਥੱਕੇ ਹੋਏ। ਉਹਨਾਂ ਦੇ ਚਿਹਰੇ ਗੰਭੀਰ ਸਨ, ਪਰ ਉਹਨਾਂ ਦੀਆਂ ਅੱਖਾਂ ਚੁਸਤ ਤੇ ਸਾਫ਼ ਚਮਕੀਲੀਆਂ ਸਨ; ਤੇ ਜਦੋਂ ਬੈਂਡ ਵਾਲਿਆਂ ਨੇ ਗਾਰੀਬਾਲਡੀ ਧੁਨ ਵਜਾਉਣੀ ਸ਼ੁਰੂ ਕੀਤੀ ਤਾਂ ਉਹਨਾਂ ਲਿੱਸੇ ਲਿੱਸੇ, ਭੁੱਖ ਦੇ ਸਤਾਏ ਛੋਟੇ ਛੋਟੇ ਮੂੰਹਾਂ ਉਤੇ ਖ਼ੁਸ਼ੀ ਦੀ ਮੁਸਕ੍ਰਾਹਟ ਟਿਮਟਿਮਾਉਣ ਲਗੀ।

ਭੀੜ ਨੇ ਭਵਿੱਖ ਦੇ ਮਰਦਾਂ ਤੇ ਇਸਤ੍ਰੀਆਂ ਦਾ ਸੁਆਗਤ ਕੰਨ ਬੋਲੇ ਕਰਨ ਵਾਲੇ ਨਾਅਰਿਆਂ ਨਾਲ ਕੀਤਾ, ਝੰਡੇ ਉਹਨਾਂ ਅੱਗੇ ਝੁਕ ਗਏ, ਪਿੱਤਲ ਦੇ ਬਿਗਲ

ਵੱਜ ਉਠੇ, ਜਿਸ ਨਾਲ ਬੱਚੇ ਬੌਂਦਲ ਗਏ ਤੇ ਚਕਾਚੌਂਦ ਰਹਿ ਗਏ; ਇਸ ਸੁਆਗਤ ਤੋਂ ਕੁਝ ਕੁ ਘਬਰਾਏ ਹੋਏ, ਉਹ ਘੜੀ ਪਲ ਲਈ ਸੁੰਗੜ ਕੇ ਪਿੱਛੇ ਨੂੰ ਹੋ ਗਏ, ਪਰ ਫਿਰ ਇਕਦਮ ਉਹਨਾਂ ਨੇ ਆਪਣੇ ਆਪ ਨੂੰ ਸਿਧਿਆਂ ਕੀਤਾ, ਜਿਸ ਨਾਲ ਉਹ ਕੁਝ ਲੰਮੇਂ ਲੱਗਣ ਲਗ ਪਏ, ਉਹ ਇਕੱਠੇ ਹੋ ਕੇ ਇਕੋ ਵਜੂਦ ਵਿਚ ਜੁੜ ਗਏ, ਤੇ ਸੈਂਕੇੜ ਗਲਿਆਂ ਵਿਚੋਂ ਇਕੋ ਆਵਾਜ਼ ਨਿਕਲੀ: «Viva Italia!» *

"ਨੌਜਵਾਨ ਪਰਮਾ, ਜ਼ਿੰਦਾਬਾਦ!" ਉਹਨਾਂ ਵੱਲ ਵਧਦੀ ਹੋਈ ਭੀੜ ਗਰਜੀ।

«Evviva Garibaldi!», **—ਬੱਚੇ ਕੂਕੇ। ਸਲੇਟੀ ਫਾਨੇ ਵਾਂਗ ਉਹ ਭੀੜ ਨੂੰ ਚੀਰਦੇ ਹੋਏ ਲੰਘ ਗਏ ਤੇ ਇਸਦੇ ਵਿਚ ਹੀ ਸਮਾ ਗਏ।

ਹੋਟਲ ਦੀਆਂ ਬਾਰੀਆਂ ਵਿਚੋਂ ਤੇ ਘਰਾਂ ਦੀਆਂ ਛੱਤਾ ਤੋਂ ਚਿੱਟੇ ਪੰਛੀਆਂ ਵਾਂਗ ਰੁਮਾਲ ਫੜਫੜਾਏ, ਤੇ ਫੁੱਲਾਂ ਦਾ ਤੇ ਖ਼ੁਸ਼, ਪ੍ਰਸੰਨ ਕੂਕਾਂ ਦਾ ਹੇਠਾਂ ਭੀੜ ਦੇ ਸਿਰਾਂ ਉਤੇ ਮੀਂਹ ਵੱਸਣ ਲਗਾ।

ਹਰ ਚੀਜ਼ ਨੇ ਜਸ਼ਨੀ ਰੂਪ ਧਾਰ ਲਿਆ, ਹਰ ਇਕ ਚੀਜ਼ ਵਿਚ ਜ਼ਿੰਦਗੀ ਧੜਕਣ ਲਗੀ, ਇਥੋਂ ਤੱਕ ਕਿ ਸਲੇਟੀ ਸੰਗਮਰਮਰ ਉਤੇ ਵੀ ਜਿਵੇਂ ਸ਼ੋਖ ਰੰਗ ਦੇ ਧੱਬਿਆਂ ਦੇ ਫੁੱਲ ਖਿੜ ਪਏ।

ਝੰਡੇ ਹਵਾ ਵਿਚ ਲਹਿਰਾ ਰਹੇ ਸਨ, ਟੋਪੀਆਂ ਤੇ ਫੁੱਲ ਹਵਾ ਵਿਚ ਉੱਡ ਰਹੇ ਸਨ, ਬੱਚਿਆਂ ਦੇ ਛੋਟੇ ਛੋਟੇ ਸਿਰ ਭੀੜ ਦੇ ਸਿਰਾਂ ਦੇ ਉਪਰ ਉਭਰ ਆਏ, ਫੁੱਲਾਂ ਨੂੰ ਫੜਦੇ ਤੇ ਸ਼ੁਭ-ਇਛਾਵਾਂ ਦੇਂਦੇ-ਲੈਂਦੇ ਨਿੱਕੇ ਨਿੱਕੇ ਮੈਲੇ ਹੱਥ ਹਿੱਲ ਰਹੇ ਸਨ, ਤੇ ਹਵਾ ਵਿਚ ਸ਼ਕਤੀਸ਼ਾਲੀ, ਨਿਰੰਤਰ ਆਵਾਜ਼ ਗੂੰਜ ਰਹੀ ਸੀ:

«Viva il Socialismo!»*** «Evviva Italia»

ਲਗਭਗ ਸਾਰੇ ਬੱਚਿਆਂ ਦੇ ਹੱਥ ਫੜ ਲਏ ਗਏ। ਉਹਨਾਂ ਵਿਚੋਂ ਕੁਝ ਤਾਂ ਸਿਆਣਿਆਂ ਦੇ ਮੋਢਿਆਂ ਉਤੇ ਬੈਠੇ ਸਨ, ਕੁਝ ਹੋਰ ਗੰਭੀਰ-ਦਿਸਦੇ ਮੁੱਛਾਂ ਵਾਲੇ ਆਦਮੀਆਂ ਦੀਆਂ ਚੌੜੀਆਂ ਛਾਤੀਆਂ ਨਾਲ ਲਗੇ ਹੋਏ ਸਨ; ਕੂਕਾਂ ਤੇ ਹਾਸੇ ਦੀ ਗਹਿਮਾ-ਗਹਿਮ ਵਿਚ ਸੰਗੀਤ ਮਸਾਂ ਹੀ ਸੁਣਾਈ ਦੇ ਰਿਹਾ ਸੀ।

ਔਰਤਾਂ ਭੀੜ ਵਿਚ ਡੁਬਕੀ ਲਾਉਂਦੀਆਂ ਬਾਕੀ ਰਹਿ ਗਏ ਬੱਚਿਆਂ ਨੂੰ ਬਾਹੋਂ ਫੜਦੀਆਂ ਤੇ ਇਕ ਦੂਜੀ ਨੂੰ ਉਚੀ ਉਚੀ ਕਹਿੰਦੀਆਂ:

"ਤੂੰ ਦੋ ਲਵੇਂਗੀ, ਅਨੀਤਾ?"

"ਹਾਂ। ਤੇ ਤੂੰ?"

---

*ਇਟਲੀ ਜ਼ਿੰਦਾਬਾਦ! — **ਸੰਪਾ:**

ਗੈਰੀਬਾਲਡੀ ਜ਼ਿੰਦਾਬਾਦ! — **ਸੰਪਾ:

***ਸੋਸ਼ਲਿਜ਼ਮ ਜ਼ਿੰਦਾਬਾਦ! — **ਸੰਪਾ:**

"ਲੰਗੜੀ ਮਾਰਗਰੀਤਾ ਲਈ ਇਕ ਲਿਜਾਣਾ ਨਾ ਭੁਲਣਾ..."

ਹਰ ਥਾਂ ਖ਼ੁਸ਼ੀ-ਭਰੇ ਉਤਸ਼ਾਹ ਦੀ ਭਾਵਨਾ ਪਾਈ ਜਾਂਦੀ ਸੀ, ਸਭ ਪਾਸੇ ਖ਼ੁਸ਼ ਚਿਹਰੇ ਤੇ ਸਿਲ੍ਹੀਆਂ ਮਿਹਰਬਾਨ ਅੱਖਾਂ ਦਿਖਾਈ ਦੇਂਦੀਆਂ ਸਨ, ਤੇ ਹੜਤਾਲੀਆਂ ਦੇ ਬੱਚੇ ਏਨੇ ਚਿਰ ਨੂੰ ਰੋਟੀ ਨੂੰ ਚੱਕ ਮਾਰ ਰਹੇ ਸਨ।

"ਸਾਡੇ ਸਮਿਆਂ ਵਿਚ ਇਹ ਕਿਸੇ ਨੂੰ ਨਹੀਂ ਸੀ ਸੁਝਿਆ!" ਦੰਦਾਂ ਵਿਚ ਸਿਗਾਰ ਦਬਾਈ ਪੰਛੀਆਂ ਦੀ ਚੁੰਝ ਵਰਗੇ ਨੱਕ ਵਾਲਾ ਇਕ ਬਜ਼ੁਰਗ ਬੋਲਿਆ।

"ਤੇ ਇਹ ਕਿੰਨਾਂ ਸੌਖਾ ਹੈ..."

"ਹਾਂ, ਸੌਖਾ ਤੇ ਸਿਆਣਾ।"

ਬਜ਼ੁਰਗ ਨੇ ਆਪਣੇ ਮੂੰਹ ਵਿਚੋਂ ਸਿਗਾਰ ਹਟਾਇਆ, ਇਸਦੇ ਸਿਰੇ ਉਤੇ ਨਜ਼ਰ ਮਾਰੀ ਤੇ ਸਵਾਹ ਝਾੜਦਿਆਂ ਠੰਡਾ ਸਾਹ ਭਰਿਆ। ਫਿਰ ਪਰਮਾ ਤੋਂ ਆਏ ਦੋ ਛੋਟੇ ਮੁੰਡਿਆਂ ਨੂੰ—ਪ੍ਰਤੱਖ ਤੌਰ ਉਤੇ ਭਰਾ ਲਗਦੇ ਸਨ—ਨੇੜੇ ਵੇਖਦਿਆਂ, ਉਸਨੇ ਭਿਆਨਕ ਹਾਵ-ਭਾਵ ਧਾਰਨ ਕਰ ਲਿਆ, ਤੇ ਜਦੋਂ ਮੁੰਡੇ ਗੰਭੀਰਤਾ ਨਾਲ ਵੇਖ ਰਹੇ ਸਨ, ਉਸਨੇ ਆਪਣਾ ਟੋਪ ਹੇਠਾਂ ਅੱਖਾਂ ਉਤੇ ਕਰ ਲਿਆ, ਆਪਣੀਆਂ ਬਾਹਵਾਂ ਫੈਲਾਈਆਂ ਤੇ, ਭਰਾ ਜਦ ਕਿ ਘੂਰੀਆਂ ਵਟਦੇ ਇਕੱਠੇ ਪਿੱਛੇ ਨੂੰ ਹੋ ਰਹੇ ਸਨ, ਇਕਦਮ ਹੇਠਾਂ ਬੈਠ ਗਿਆ ਤੇ ਉੱਚੀ ਸਾਰੀ ਕੁੱਕੜ ਵਾਂਗ ਬਾਂਗ ਦੇਣ ਲਗ ਪਿਆ। ਮੁੰਡੇ ਖਿੜਖਿੜਾ ਕੇ ਹੱਸ ਪਏ, ਤੇ ਆਪਣੇ ਪਾਟੇ ਹੋਏ ਤਲਿਆਂ ਨੂੰ ਪੱਥਰਾਂ ਉਪਰ ਮਾਰਨ ਲਗੇ; ਆਦਮੀ ਉਠਿਆ, ਆਪਣਾ ਟੋਪ ਸਿਧਾ ਕੀਤਾ, ਤੇ ਝੂਮਦਾ-ਝਾਮਦਾ ਤੁਰ ਪਿਆ, ਇਹ ਮਹਿਸੂਸ ਕਰਦਿਆਂ ਕਿ ਉਸਨੇ ਆਪਣਾ ਫ਼ਰਜ਼ ਪੂਰਾ ਕਰ ਦਿਤਾ ਹੈ।

ਇਕ ਕੁਬੀ, ਧੌਲੇ ਝਾਟੇ ਵਾਲੀ ਬੁਢੀ, ਜਿਸਦਾ ਚਿਹਰਾ ਚੁੜੇਲਾਂ ਵਾਂਗ ਸੀ ਤੇ ਹੱਡਲ ਠੋਡੀ ਉਤੇ ਤਾਰਾਂ ਵਰਗੇ ਚਿੱਟੇ ਵਾਲ ਉੱਗੇ ਹੋਏ ਸਨ, ਕੋਲੰਬਸ ਦੇ ਬੁੱਤ ਦੇ ਪੈਰਾਂ ਵਿਚ ਖੜੀ ਸੀ ਤੇ ਰੋ ਰਹੀ ਸੀ, ਤੇ ਆਪਣੀਆਂ ਲਾਲ ਹੋਈਆਂ ਅੱਖਾਂ ਨੂੰ ਆਪਣੇ ਘਸੀ ਹੋਈ ਸ਼ਾਲ ਦੇ ਸਿਰੇ ਨਾਲ ਪੂੰਝ ਰਹੀ ਸੀ। ਸਾਂਵਲੀ ਤੇ ਬਦਸੂਰਤ, ਉਹ ਪੁਰਜੋਸ਼ ਭੀੜ ਵਿਚ ਅਜੀਬ ਤਰ੍ਹਾਂ ਨਾਲ ਲਾਚਾਰ ਲਗ ਰਹੀ ਸੀ...

ਇਕ ਕਾਲੇ ਵਾਲਾਂ ਵਾਲੀ ਜਨੋਆ ਦੀ ਜਵਾਨ ਔਰਤ ਠੁਮਕ-ਠੁਮਕ ਚਲਦੀ ਆ ਰਹੀ ਸੀ, ਉਸਨੇ ਇਕ ਨੌਜਵਾਨ ਨੂੰ ਹੱਥ ਤੋਂ ਫੜਿਆ ਹੋਇਆ ਸੀ, ਜਿਸਦੀ ਉਮਰ ਕੋਈ ਸੱਤ ਕੁ ਸਾਲ ਦੀ ਹੋਵੇਗੀ, ਜਿਸਨੇ ਪੈਰਾਂ ਵਿਚ ਲੱਕੜ ਦੀਆਂ ਜੁੱਤੀਆਂ ਤੇ ਸਿਰ ਉਤੇ ਮੋਢਿਆਂ ਤੱਕ ਆਉਂਦਾ ਸਲੇਟੀ ਟੋਪ ਪਾਇਆ ਹੋਇਆ ਸੀ। ਉਹ ਟੋਪ ਨੂੰ ਆਪਣੀਆਂ ਅੱਖਾਂ ਤੋਂ ਪਿੱਛੇ ਹਟਾਉਣ ਲਈ ਆਪਣੇ ਛੋਟੇ ਜਿਹੇ ਸਿਰ ਨੂੰ ਝਟਕਾ ਦੇਂਦਾ, ਪਰ ਇਹ ਤਿਲਕ ਕੇ ਉਸਦੇ ਚਿਹਰੇ ਉਤੇ ਮੁੜ ਆ ਪੈਂਦਾ, ਜਦੋਂ ਤਕ ਕਿ ਔਰਤ ਨੇ ਇਸਨੂੰ ਲਾਹ ਨਾ ਮਾਰਿਆ ਤੇ ਹੱਸਦੀ ਗਾਉਂਦੀ ਨੇ, ਇਸਨੂੰ

ਹਵਾ ਵਿਚ ਦੇ ਮਾਰਿਆ; ਮੁਸਕ੍ਰਾਹਟਾਂ ਨਾਲ ਭਰੇ ਚਿਹਰੇ ਨਾਲ ਬੱਚੇ ਨੇ ਟੋਪ ਨੂੰ ਵੇਖਣ ਲਈ ਆਪਣਾ ਸਿਰ ਪਿੱਛੇ ਨੂੰ ਸੁੱਟਿਆ, ਫਿਰ ਟੋਪ ਨੂੰ ਫੜਣ ਲਈ ਉਛਲਿਆ, ਤੇ ਫਿਰ ਦੋਵੇਂ ਨਜ਼ਰੋਂ ਉਹਲੇ ਹੋ ਗਏ।

ਚਮੜੇ ਦਾ ਐਪਰਨ ਪਾਈ, ਬਲਵਾਨ ਨੰਗੀਆਂ ਬਾਹਵਾਂ ਵਾਲਾ ਇਕ ਉੱਚਾ ਲੰਮਾਂ ਆਦਮੀ ਛੇ ਕੁ ਸਾਲਾਂ ਦੀ ਇਕ ਛੋਟੀ ਕੁੜੀ, ਇਕ ਭੂਰੀ ਜਿਹੀ ਚੂਹੀ ਜਿਹੀ, ਨੂੰ ਆਪਣੇ ਮੋਢਿਆਂ ਉਤੇ ਚੁੱਕੀ ਲਿਜਾ ਰਿਹਾ ਸੀ।

"ਤੂੰ ਸਮਝਦੀ ਏਂ ਮੇਰਾ ਮਤਲਬ?" ਉਸਨੇ ਔਰਤ ਨੂੰ ਕਿਹਾ ਜਿਹੜੀ ਅੱਗ ਵਰਗੇ ਲਾਲ ਵਾਲਾਂ ਵਾਲੇ ਮੁੰਡੇ ਨੂੰ ਹੱਥ ਤੋਂ ਫੜੀ ਉਸਦੇ ਨਾਲ ਨਾਲ ਜਾ ਰਹੀ ਸੀ। "ਜੇ ਇਸਤਰ੍ਹਾਂ ਦੀ ਚੀਜ਼ ਜੜ੍ਹਾਂ ਫੜ ਜਾਏ ... ਤਾਂ ਫਿਰ ਸਾਥੋਂ ਮਰਜ਼ੀ ਮੰਨਵਾ ਸਕਣਾ ਸੌਖਾ ਨਹੀਂ ਹੋਵੇਗਾ, ਕਿਉਂ?"

ਤੇ ਜਿੱਤ ਦੇ ਗੂੰਜਵੇਂ ਹਾਸੇ ਨਾਲ ਉਸਨੇ ਆਪਣੇ ਨਿੱਕੇ ਜਿਹੇ ਬੋਝ ਨੂੰ ਉੱਪਰ ਨੀਲੀ ਹਵਾ ਵਿਚ ਉਛਾਲਿਆ, ਤੇ ਕੂਕ ਉਠਿਆ:

«Evviva Parma!» *

ਲੋਕ ਹੌਲੀ ਹੌਲੀ ਖਿੰਡ ਗਏ, ਬੱਚਿਆਂ ਨੂੰ ਕੰਧਾੜੇ ਚੁੱਕੀ, ਜਾਂ ਹੱਥਾਂ ਤੋਂ ਫੜੀ, ਤੇ ਚੌਕ ਬਿਲਕੁਲ ਖ਼ਾਲੀ ਹੋ ਗਿਆ; ਸਿਰਫ਼ ਮਧੋਲੇ ਹੋਏ ਫੁੱਲ, ਟਾਫ਼ੀਆਂ ਉਪਰ ਲਪੇਟੇ ਕਾਗ਼ਜ਼, ਖ਼ੁਸ਼ਦਿਲ ਫ਼ਾਕੀਨੋ ਦਾ ਇਕ ਟੋਲਾ ਰਹਿ ਗਿਆ, ਜਿਨ੍ਹਾਂ ਦੇ ਉਪਰ ਉਸ ਆਦਮੀ ਦਾ ਸਾਊ ਬੁੱਤ ਸੀ ਜਿਸਨੇ ਨਵੀਂ ਦੁਨੀਆਂ ਲੱਭੀ ਸੀ।

ਤੇ ਗਲੀਆਂ-ਬਾਜ਼ਾਰਾਂ ਵਿਚੋਂ ਨਵੀਂ ਜ਼ਿੰਦਗੀ ਵੱਲ ਅਗੇ ਵਧ ਰਹੇ ਲੋਕਾਂ ਦੀਆਂ ਖ਼ੁਸ਼ੀ-ਭਰੀਆਂ ਕੂਕਾਂ ਸੁਣਾਈਆਂ ਦੇ ਰਹੀਆਂ ਸਨ ਜਿਵੇਂ ਕੋਈ ਵੱਡੀ ਸਾਰੀ ਸ਼ਹਿਨਾਈ ਵਜਾ ਰਿਹਾ ਹੋਵੇ।

੧੯੧੧

---

* ਪਰਮਾ ਜ਼ਿੰਦਾਬਾਦ! — **ਸੰਪਾ:**

ਸੁਰੰਗ

ਸ਼ਾਂਤ ਨੀਲੀ ਝੀਲ ਸਦੀਵੀ ਬਰਫ਼ਾਂ ਵਾਲੀਆਂ ਚੋਟੀਆਂ ਵਾਲੇ ਉਚੇ ਉਚੇ ਪਹਾੜਾਂ ਦੇ ਚੌਖਟ ਵਿਚ ਜੜੀ ਪਈ ਹੈ। ਕਾਲੇ ਬਾਗ਼ਾਂ ਦੀ ਕਸ਼ੀਦਾਕਾਰੀ ਭਰਪੂਰ ਤਹਿਆਂ ਬਣਾਉਂਦੀ ਪਾਣੀ ਦੇ ਬਿਲਕੁਲ ਕੰਢੇ ਤੱਕ ਡਿੱਗੀ ਹੋਈ ਹੈ। ਚਿੱਟੇ ਚਿੱਟੇ ਘਰ, ਜਿਹੜੇ ਇੰਝ ਲਗਦੇ ਨੇ ਜਿਵੇਂ ਖੰਡ ਦੇ ਬਣੇ ਹੋਣ, ਕੰਢਿਆਂ ਤੋਂ ਪਾਣੀ ਵਿਚ ਝਾਤੀਆਂ ਮਾਰ ਰਹੇ ਨੇ, ਤੇ ਆਲੇ-ਦੁਆਲੇ ਸਭ ਕੁਝ ਇੰਝ ਸ਼ਾਂਤ ਹੈ, ਜਿਵੇਂ ਬੱਚਾ ਨੀਂਦ ਵਿਚ ਗੜੂੰਦ ਹੋਵੇ।

ਸਵੇਰ ਦਾ ਵੇਲਾ ਹੈ। ਪਹਾੜਾਂ ਵਲੋਂ ਫੁੱਲਾਂ ਦੀ ਭਿੰਨੀਂ ਭਿੰਨੀਂ ਮਹਿਕ ਆ ਰਹੀ ਹੈ। ਸੂਰਜ ਅਜੇ ਚੜ੍ਹਿਆ ਹੀ ਹੈ; ਦਰਖ਼ਤਾਂ ਦੇ ਪੱਤਿਆਂ ਉਤੇ ਤੇ ਘਾਹ ਦੀਆਂ ਤਿੜਾਂ ਉਤੇ ਅਜੇ ਤ੍ਰੇਲ ਲਿਸ਼ਕ ਰਹੀ ਹੈ। ਸੜਕ ਸਲੇਟੀ ਜਿਹੇ ਰਿਬਨ ਵਾਂਗ ਹੈ, ਜਿਹੜਾ ਚੁੱਪ ਪਹਾੜੀ ਖੱਡ ਵਿਚ ਸੁੱਟ ਦਿਤਾ ਗਿਆ ਹੋਵੇ। ਸੜਕ ਪੱਥਰਾਂ ਨੂੰ ਜੋੜ ਕੇ ਬਣਾਈ ਗਈ ਹੈ, ਤਾਂ ਵੀ ਇੰਝ ਲਗਦਾ ਹੈ ਕਿ ਜੇ ਇਸਨੂੰ ਛੂਹਾਂਗੇ ਤਾਂ ਇਹ ਮਖ਼ਮਲ ਵਾਂਗ ਨਰਮ ਲਗੇਗੀ।

ਮਲਬੇ ਦੇ ਢੇਰ ਕੋਲ ਇਕ ਮਜ਼ਦੂਰ ਬੈਠਾ ਹੈ, ਭੰਵਰੇ ਵਰਗਾ ਕਾਲਾ; ਉਸਦੇ ਚਿਹਰੇ ਤੋਂ ਹਿੰਮਤ ਤੇ ਦਿਆਲਤਾ ਝਲਕਦੀ ਹੈ ਤੇ ਉਸਨੇ ਆਪਣੀ ਛਾਤੀ ਉਤੇ ਤਮਗ਼ਾ ਲਾਇਆ ਹੋਇਆ ਹੈ।

ਕਹਿੰ ਵਰਗੇ ਹੱਥਾਂ ਨੂੰ ਆਪਣੇ ਗੋਡਿਆਂ ਉਤੇ ਟਿਕਾਈ, ਉਹ ਰਾਹ ਜਾਂਦੇ ਬੰਦੇ ਦੇ ਮੂੰਹ ਵੱਲ ਵੇਖਦਾ ਹੈ ਜਿਹੜਾ ਸ਼ਾਹਬਲੂਤ ਦੇ ਦਰਖ਼ਤ ਹੇਠਾਂ ਖੜਾ ਹੈ।

"ਇਹ ਤਮਗ਼ਾ, ਸਿਨੋਰ," ਉਹ ਕਹਿੰਦਾ ਹੈ, "ਸਿਮਪਲੋਨ ਸੁਰੰਗ ਵਿਚ ਮੇਰੇ ਕੰਮ ਕਰਕੇ ਮਿਲਿਆ ਹੈ।"

ਤੇ ਹੇਠਾਂ ਛਾਤੀ ਵੱਲ ਵੇਖਦਾ ਹੋਇਆ, ਉਹ ਧਾਤ ਦੇ ਚਮਕਦੇ ਟੋਟੇ ਉਤੇ ਸਨੇਹ ਨਾਲ ਮੁਸਕ੍ਰਾਉਂਦਾ ਹੈ।

"ਹਾਂ, ਹਰ ਕੰਮ ਮੁਸ਼ਕਲ ਹੁੰਦਾ ਹੈ, ਜਦੋਂ ਤੱਕ ਇਹ ਤੁਹਾਡਾ ਇਸ਼ਕ ਨਹੀਂ ਬਣ ਜਾਂਦਾ—ਤੇ ਫਿਰ ਇਹ ਝੂਣਦਾ ਹੈ ਤੇ ਹਲਕਾ ਲਗਣ ਲਗ ਪੈਂਦਾ ਹੈ। ਪਰ ਤਾਂ ਵੀ, ਇਹ ਕੰਮ ਮੁਸ਼ਕਲ ਸੀ!"

ਉਸਨੇ ਸੂਰਜ ਵੱਲ ਵੇਖ ਕੇ ਮੁਸਕ੍ਰਾਉਂਦਿਆਂ ਹਲਕਾ ਜਿਹਾ ਸਿਰ ਹਿਲਾਇਆ; ਫਿਰ ਇਕਦਮ ਜੋਸ਼ ਵਿਚ ਆਉਂਦਿਆਂ, ਉਸਨੇ ਆਪਣਾ ਹੱਥ ਹਿਲਾਇਆ, ਤੇ ਉਸਦੀਆਂ ਕਾਲੀਆਂ ਅੱਖਾਂ ਵਿਚ ਚਮਕ ਆ ਗਈ।

"ਕਦੀ ਕਦੀ ਤਾਂ ਕੁਝ ਡਰ ਵੀ ਲਗਦਾ ਸੀ। ਧਰਤੀ ਵੀ ਜ਼ਰੂਰ ਕੁਝ ਮਹਿਸੂਸ ਕਰਦੀ ਹੋਵੇਗੀ, ਕਿਉਂ ਨਹੀਂ? ਪਹਾੜ ਵਿਚ ਇਹ ਵੱਡਾ ਸਾਰਾ ਮਘੋਰਾ ਬਣਾਉਂਦੇ ਜਦੋਂ ਅਸੀਂ ਇਸਦੇ ਹੋਰ ਡੂੰਘਾ ਅੰਦਰ ਜਾਂਦੇ, ਤਾਂ ਉਥੇ ਅੰਦਰ ਧਰਤੀ ਸਾਨੂੰ ਅਗੋਂ ਲੋਹੀ-ਲਾਖੀ ਹੋ ਕੇ ਮਿਲਦੀ। ਇਸਦਾ ਸਾਹ ਗਰਮ ਹੁੰਦਾ, ਤੇ ਸਾਡੇ ਦਿਲ ਬੈਠ ਜਾਂਦੇ, ਸਿਰ ਭਾਰੇ ਹੋ ਜਾਂਦੇ ਤੇ ਹੱਡੀਆਂ ਪੀੜ ਕਰਨ ਲਗ ਪੈਂਦੀਆਂ। ਕਈਆਂ ਨੂੰ ਇਹ ਤਜਰਬਾ ਹੋਇਆ। ਫਿਰ ਇਹ ਪੱਥਰ ਸਾਡੇ ਉਤੇ ਵਗਾਹ ਮਾਰਦੀ ਤੇ ਗਰਮ ਗਰਮ ਪਾਣੀ ਨਾਲ ਸਾਨੂੰ ਨੁਹਾ ਛਡਦੀ। ਇਹ ਬੜੀ ਭਿਆਨਕ ਗਲ ਹੁੰਦੀ! ਕਦੀ ਕਦੀ ਅੱਗ ਨੂੰ ਨੇੜੇ ਲਿਜਾਇਆਂ, ਪਾਣੀ ਲਾਲ-ਸੂਹਾ ਹੋ ਜਾਂਦਾ, ਤੇ ਮੇਰਾ ਪਿਉ ਕਿਹਾ ਕਰਦਾ ਸੀ ਕਿ ਅਸੀਂ ਧਰਤੀ ਨੂੰ ਜ਼ਖ਼ਮੀ ਕਰ ਦਿਤਾ ਹੈ; ਵੇਖ ਲਈਂ, ਇਹ ਸਾਨੂੰ ਸਾਰਿਆਂ ਨੂੰ ਆਪਣੇ ਖ਼ੂਨ ਵਿਚ ਡਬੋ ਦੇਵੇਗੀ ਤੇ ਸਾੜ ਦੇਵੇਗੀ। ਇਹ, ਬੇਸ਼ਕ, ਨਿਰੋਲ ਕਲਪਨਾ ਸੀ, ਪਰ ਜਦੋਂ ਧਰਤੀ ਦੇ ਧੁਰ ਅੰਦਰ, ਸਾਹ-ਘੁਟਵੇਂ ਹਨੇਰੇ ਵਿਚ ਇਹੋ ਜਿਹੀਆਂ ਗੱਲਾਂ ਸੁਣੋ, ਜਿਥੇ ਪਾਣੀ ਸੋਗੀ ਢੰਗ ਨਾਲ ਤ੍ਰਿਪ ਤ੍ਰਿਪ ਕਰ ਰਿਹਾ ਹੁੰਦਾ ਹੈ ਤੇ ਲੋਹਾ ਪੱਥਰਾਂ ਨਾਲ ਟਕਰਾ ਰਿਹਾ ਹੁੰਦਾ ਹੈ, ਤਾਂ ਸਭ ਕੁਝ ਸੰਭਵ ਲਗਦਾ ਹੈ, ਉਥੇ ਇਹ ਸਭ ਕੁਝ ਏਨਾ ਅਚੰਭੇ-ਭਰਿਆ ਸੀ, ਸ਼ਿਰੀਮਾਨ। ਬੱਦਲਾਂ ਤੱਕ ਪੁਜਦੇ ਉਸ ਪਹਾੜ ਦੇ ਮੁਕਾਬਲੇ ਤੇ ਅਸੀਂ ਆਦਮੀ ਏਨੇ ਬੌਨੇ ਲਗਦੇ ਸਾਂ, ਉਸ ਪਹਾੜ ਦੇ ਮੁਕਾਬਲੇ ਉਤੇ ਜਿਸ ਵਿਚ ਆਖਰ ਅਸੀਂ ਛੇਕ ਕਰ ਲਿਆ।

...ਤੁਸੀਂ ਵੇਖਦੇ ਤਾਂ ਪਤਾ ਲਗਦਾ ਮੈਂ ਕੀ ਕਹਿ ਰਿਹਾ ਹਾਂ! ਜੇ ਤੁਸੀਂ ਵੇਖਦੇ ਕਿ ਅਸੀਂ ਛੋਟੇ ਛੋਟੇ ਆਦਮੀਆਂ ਨੇ ਪਹਾੜਾਂ ਵਿਚ ਕਿਵੇਂ ਮਘੋਰਾ ਕਰ ਲਿਆ ਸੀ, ਜੇ ਤੁਸੀਂ ਸਾਨੂੰ ਸਵੇਰੇ ਸਵੇਰੇ ਉਸ ਮਘੋਰੇ ਦੇ ਅੰਦਰ ਜਾਂਦਿਆਂ ਵੇਖਦੇ, ਜਦੋਂ ਕਿ ਸੂਰਜ ਅਫ਼ਸੋਸੀਆਂ ਨਜ਼ਰਾਂ ਨਾਲ ਸਾਡਾ ਪਿੱਛਾ ਕਰਦਾ ਤੇ ਅਸੀਂ ਧਰਤੀ ਦੇ ਅੰਦਰ ਹੀ ਅੰਦਰ ਜਾਈ ਜਾਂਦੇ; ਜੇ ਕਿਤੇ ਤੁਸੀਂ ਉਹ ਮਸ਼ੀਨਾਂ ਵੇਖੀਆਂ ਹੁੰਦੀਆਂ, ਪਹਾੜ ਦਾ ਉਦਾਸ ਚਿਹਰਾ ਵੇਖਿਆ ਹੁੰਦਾ, ਧੁਰ ਅੰਦਰ ਕਿਧਰੇ ਭਾਰੀ ਗੜਗੜਾਹਟ ਤੇ ਧਮਾਕਿਆਂ ਦੀ ਗੂੰਜ ਸੁਣੀ ਹੁੰਦੀ, ਜਿਹੜੀ ਪਾਗਲ ਆਦਮੀ ਦੇ ਹਾਸੇ ਵਾਂਗ ਲਗਦੀ ਸੀ।"

ਉਸਨੇ ਆਪਣੇ ਹੱਥਾਂ ਨੂੰ ਗਹੁ ਨਾਲ ਵੇਖਿਆ, ਆਪਣੇ ਨੀਲੇ ਓਵਰਾਲ ਉਤੇ ਬੈਜ ਠੀਕ ਕੀਤਾ ਤੇ ਹਲਕਾ ਜਿਹਾ ਠੰਡਾ ਸਾਹ ਭਰਿਆ:

"ਇਨਸਾਨ ਕੰਮ ਕਰਨਾ ਜਾਣਦਾ ਹੈ!" ਉਸਨੇ ਮਾਣ ਨਾਲ ਬੋਲਣਾ ਜਾਰੀ ਰਖਿਆ। "ਓ, ਸਿਨੋਰ, ਇਹ ਛੋਟਾ ਜਿਹਾ ਇਨਸਾਨ, ਜਦੋਂ ਉਹ ਕੰਮ ਕਰਨ ਦੀ ਇੱਛਾ ਰਖਦਾ ਹੋਵੇ ਤਾਂ ਉਹ ਅਜਿੱਤ ਸ਼ਕਤੀ ਹੁੰਦਾ ਹੈ! ਤੇ ਯਕੀਨ ਜਾਨਣਾ, ਇਹ ਛੋਟਾ ਜਿਹਾ ਇਨਸਾਨ ਆਖ਼ਰ ਸਭ ਕੁਝ ਕਰ ਗੁਜ਼ਰਦਾ ਹੈ, ਜੋ ਕੁਝ ਵੀ ਉਸਦੀ ਇੱਛਾ ਹੋਵੇ! ਮੇਰੇ ਪਿਉ ਨੂੰ ਪਹਿਲਾਂ ਇਸ ਗੱਲ ਦਾ ਯਕੀਨ ਨਹੀਂ ਸੀ।

"'ਇਕ ਦੇਸ ਤੋਂ ਦੂਜੇ ਦੇਸ ਤੱਕ ਪਹਾੜ ਨੂੰ ਵਿਚੋਂ ਦੀ ਚੀਰ ਦੇਣਾ,' ਉਹ ਕਿਹਾ ਕਰਦਾ ਸੀ, 'ਰੱਬ ਦੀ ਰਜ਼ਾ ਦੇ ਖ਼ਿਲਾਫ਼ ਜਾਣਾ ਹੈ, ਜਿਸਨੇ ਪਹਾੜਾਂ ਦੀਆਂ ਕੰਧਾਂ ਨਾਲ ਧਰਤੀ ਨੂੰ ਵੰਡਿਆ ਹੋਇਆ ਹੈ। ਤੁਸੀਂ ਵੇਖੋਗੇ ਕਿ ਮੈਡੋਨਾ* ਸਾਨੂੰ ਛਡ ਜਾਏਗੀ!' ਉਹ ਗ਼ਲਤ ਸੀ; ਮੈਡੋਨਾ ਉਹਨਾਂ ਸਾਰਿਆਂ ਦੇ ਨਾਲ ਹੈ, ਜਿਹੜੇ ਉਸਨੂੰ ਪਿਆਰ ਕਰਦੇ ਨੇ। ਪਿਛੋਂ ਜਾ ਕੇ ਮੇਰਾ ਪਿਤਾ ਵੀ ਇਸੇ ਤਰ੍ਹਾਂ ਸੋਚਣ ਲਗ ਪਿਆ ਸੀ, ਜਿਸ ਤਰ੍ਹਾਂ ਮੈਂ ਤੁਹਾਨੂੰ ਕਹਿ ਰਿਹਾ ਹਾਂ, ਕਿਉਂਕਿ ਉਹ ਆਪਣੇ ਆਪ ਨੂੰ ਪਹਾੜ ਨਾਲੋਂ ਜ਼ਿਆਦਾ ਉੱਚਾ ਤੇ ਤਕੜਾ ਮਹਿਸੂਸ ਕਰਨ ਲਗ ਪਿਆ ਸੀ; ਪਰ ਅਜਿਹਾ ਸਮਾਂ ਵੀ ਆਉਂਦਾ ਸੀ ਜਦੋਂ ਕਿਸੇ ਦਿਨ-ਦਿਹਾਰ ਨੂੰ ਸ਼ਰਾਬ ਦੀ ਬੋਤਲ ਫੜ ਕੇ ਮੇਜ਼ ਉਤੇ ਬਹਿ ਜਾਂਦਾ ਸੀ ਤੇ ਮੈਨੂੰ ਤੇ ਦੂਜਿਆਂ ਨੂੰ ਲੈਕਚਰ ਝਾੜਨਾ ਸ਼ੁਰੂ ਕਰ ਦੇਂਦਾ ਸੀ।

"'ਖ਼ੁਦਾ ਦੇ ਬੱਚਿਓ,' ਇਹ ਉਸਦਾ ਮਨਭਾਉਂਦਾ ਵਾਕੰਸ਼ ਹੁੰਦਾ ਸੀ, ਕਿਉਂਕਿ ਉਹ ਚੰਗਾ ਤੇ ਧਾਰਮਕ ਇਨਸਾਨ ਸੀ, 'ਖ਼ੁਦਾ ਦੇ ਬੱਚਿਓ, ਤੁਸੀਂ ਇਸਤਰ੍ਹਾਂ ਧਰਤੀ ਨਾਲ ਲੜਾਈ ਨਹੀਂ ਕਰ ਸਕਦੇ, ਉਹ ਆਪਣੇ ਜ਼ਖ਼ਮਾਂ ਦਾ ਬਦਲਾ ਲਵੇਗੀ ਤੇ ਅਜਿੱਤ ਦੀ ਅਜਿੱਤ ਰਹੇਗੀ! ਤੁਸੀਂ ਵੇਖ ਲੈਣਾ: ਅਸੀਂ ਪਹਾੜ ਦੇ ਦਿਲ ਤੱਕ ਛੇਕ ਕਰ ਲਵਾਂਗੇ, ਤੇ ਜਦੋਂ ਅਸੀਂ ਇਸਨੂੰ ਛੂਹਾਂਗੇ ਤਾਂ ਉਹ ਸਾਨੂੰ ਸਾੜ ਦੇਵੇਗਾ, ਅੱਗ ਦੀਆਂ ਲਾਟਾਂ ਸਾਡੇ ਉਤੇ ਛੱਡੇਗਾ, ਕਿਉਂਕਿ ਧਰਤੀ ਦਾ ਦਿਲ ਅਗ ਹੀ ਤਾਂ ਹੈ, ਇਹ ਸਾਰੇ ਜਾਣਦੇ ਨੇ! ਧਰਤੀ ਨੂੰ ਵਾਹੁਣਾ ਇਕ ਗੱਲ ਏ—ਇਹ ਉਸਦੀਆਂ ਜੰਮਣ-ਪੀੜਾਂ ਵਿਚ ਉਸਦੀ ਸਹਾਇਤਾ ਕਰਨ ਵਾਂਗ ਏ, ਜੋ ਕਿ ਸਾਡਾ ਧੁਰੋਂ ਮਿਥਿਆ ਫ਼ਰਜ਼ ਏ, ਪਰ ਅਸੀਂ, ਉਸਦੇ ਮੂੰਹ-ਮੱਥੇ ਨੂੰ ਉਸਦੇ ਰੂਪ ਨੂੰ ਵਿਗਾੜ ਰਹੇ ਹਾਂ। ਤੁਸੀਂ ਵੇਖਦੇ ਹੀ ਹੋ ਕਿ ਅਸੀਂ ਜਿਉਂ ਜਿਉਂ ਪਹਾੜ ਦੇ ਅੰਦਰ ਛੇਕ ਕਰਕੇ ਜਾ ਰਹੇ ਹਾਂ, ਹਵਾ ਓਨੀ ਹੀ ਗਰਮ ਹੁੰਦੀ ਜਾ ਰਹੀ ਹੈ ਤੇ ਸਾਹ ਲੈਣਾ ਓਨਾਂ ਹੀ ਮੁਸ਼ਕਲ ਹੁੰਦਾ ਜਾ ਰਿਹੈ..."

---

*ਹਜ਼ਰਤ ਈਸਾ ਦੀ ਮਾਂ, ਮਰੀਅਮ—**ਸੰਪਾ:**

ਆਦਮੀ ਜ਼ਰਾ ਕੁ ਮੁਸਕ੍ਰਾਇਆ ਤੇ ਆਪਣੇ ਦੋਹਾਂ ਹੱਥਾਂ ਦੀਆਂ ਉਂਗਲਾਂ ਨਾਲ ਮੁੱਛਾਂ ਨੂੰ ਤਾਅ ਦੇਣ ਲਗਾ।

"ਉਹ ਇਕੱਲਾ ਹੀ ਇੰਝ ਨਹੀਂ ਸੀ ਸੋਚਦਾ, ਤੇ ਇਹ ਠੀਕ ਵੀ ਸੀ: ਅਸੀਂ ਜਿਉਂ ਜਿਉਂ ਅੱਗੇ ਜਾਂਦੇ ਸਾਂ, ਗਰਮੀ ਵਧਦੀ ਜਾਂਦੀ ਸੀ, ਤੇ ਸਾਡੇ ਵਿਚੋਂ ਓਨੇ ਹੀ ਜ਼ਿਆਦਾ ਲੋਕ ਬਿਮਾਰ ਪਈ ਜਾਂਦੇ ਤੇ ਮਰੀ ਜਾਂਦੇ ਸਨ। ਗਰਮ ਚਸ਼ਮੇ ਹੋਰ ਵੀ ਜ਼ੋਰਦਾਰ ਧਾਰਾਂ ਬਣਾ ਕੇ ਫੁੱਟਦੇ, ਪੱਥਰ ਆਪੇ ਝੜਣ ਲਗ ਪੈਂਦੇ, ਤੇ ਲੂਗਾਨੋ ਤੋਂ ਆਏ ਸਾਡੇ ਦੋ ਆਦਮੀ ਤਾਂ ਪਾਗਲ ਹੀ ਹੋ ਗਏ। ਬਾਰਕਾਂ ਵਿਚ ਰਾਤ ਨੂੰ ਕਈ ਬੇਹੋਸ਼ੀ ਦੀ ਹਾਲਤ ਵਿਚ ਬਕੜਵਾਹ ਕਰਦੇ ਰਹਿੰਦੇ, ਹੂੰਗਦੇ ਤੇ ਤ੍ਰਾਹ ਕੇ ਆਪਣੇ ਬਿਸਤਰਿਆਂ ਵਿਚੋਂ ਨੱਠ ਉਠਦੇ..

"'ਕਿਉਂ, ਮੈਂ ਠੀਕ ਨਹੀਂ ਸੀ ਕਿਹਾ?' ਮੇਰਾ ਪਿਉ ਕਹਿੰਦਾ। ਉਸਦੀਆਂ ਅੱਖਾਂ ਵਿਚ ਦਹਿਸ਼ਤ ਹੁੰਦੀ ਤੇ ਉਸਦੀ ਖੰਘ ਦਿਨੋ ਦਿਨ ਵਿਗੜਦੀ ਗਈ।... 'ਮੈਂ ਠੀਕ ਨਹੀਂ ਸੀ ਕਿਹਾ?' ਉਹ ਕਹਿੰਦਾ। 'ਤੁਸੀਂ ਕੁਦਰਤ ਨੂੰ ਨਹੀਂ ਹਰਾ ਸਕਦੇ!'"

"ਤੇ ਆਖ਼ਰ ਉਸਨੇ ਮੰਜਾ ਮੱਲ ਲਿਆ, ਤੇ ਮੁੜਕੇ ਕਦੀ ਨਾ ਉਠਿਆ। ਉਹ ਤਕੜਾ ਆਦਮੀ ਸੀ, ਮੇਰਾ ਬਜ਼ੁਰਗ ਪਿਉ, ਤੇ ਤਿਨ ਹਫ਼ਤੇ ਤੋਂ ਬਹੁਤਾ ਸਮਾਂ ਉਹ ਮੌਤ ਨਾਲ ਲੜਦਾ ਰਿਹਾ, ਹੱਠ ਨਾਲ, ਬਿਨਾਂ ਸ਼ਿਕਵੇ ਦੇ, ਅਜਿਹੇ ਆਦਮੀ ਵਾਂਗ ਜਿਹੜਾ ਆਪਣੀ ਕੀਮਤ ਜਾਣਦਾ ਹੈ।

"'ਮੇਰਾ ਕੰਮ ਪੂਰਾ ਹੋ ਗਿਐ, ਪਾਓਲੋ,' ਉਹ ਇਕ ਰਾਤ ਮੈਨੂੰ ਕਹਿਣ ਲਗਾ। 'ਆਪਣਾ ਖ਼ਿਆਲ ਰੱਖੀਂ, ਤੇ ਘਰ ਚਲਾ ਜਾਈਂ, ਮੈਡੋਨਾ ਤੇਰੇ ਅੰਗ-ਸੰਗ ਹੋਵੇ!' ਫਿਰ ਉਹ ਕਿੰਨਾਂ ਚਿਰ ਚੁਪ ਕੀਤਾ ਰਿਹਾ, ਅੱਖਾਂ ਬੰਦ ਕਰ ਛੱਡੀਆਂ ਤੇ ਭਾਰੇ ਭਾਰੇ ਸਾਹ ਲੈਂਦਾ ਰਿਹਾ।"

ਉਹ ਉਠ ਖੜੋਤਾ, ਪਹਾੜਾਂ ਵੱਲ ਉਪਰ ਇਕ ਨਜ਼ਰ ਮਾਰੀ ਤੇ ਇਸਤਰ੍ਹਾਂ ਜ਼ੋਰ ਦੀ ਆਕੜ ਭੰਨੀ ਕਿ ਉਸਦੇ ਪੱਠੇ ਕਿੜ-ਕਿੜ ਕਰਨ ਲਗੇ।

"ਫਿਰ ਉਸਨੇ ਮੇਰਾ ਹੱਥ ਫੜਿਆ, ਤੇ ਨੇੜੇ ਖਿੱਚ ਕੇ ਬੋਲਿਆ—ਰੱਬੀ ਸੱਚ, ਸਿਨੋਰ! —'ਪਾਓਲੋ, ਮੇਰੇ ਬੱਚੇ, ਤੈਨੂੰ ਪਤੈ, ਮੇਰਾ ਖ਼ਿਆਲ ਏ ਕਿ ਇਹ ਕੰਮ ਤਾਂ ਹੋ ਹੀ ਜਾਏਗਾ: ਅਸੀਂ ਤੇ ਉਹ, ਜਿਹੜੇ ਦੂਜੇ ਪਾਸਿਉਂ ਸੁਰੰਗ ਬਣਾ ਰਹੇ ਨੇ, ਪਹਾੜ ਦੇ ਅੰਦਰ ਮਿਲ ਪਵਾਂਗੇ, ਅਸੀਂ ਮਿਲਾਂਗੇ, ਤੈਨੂੰ ਇਹ ਯਕੀਨ ਏ, ਹੈ ਨਾ, ਪਾਓਲੋ?' ਹਾਂ ਮੈਨੂੰ ਇਹ ਯਕੀਨ ਸੀ। 'ਇਹ ਚੰਗੀ ਗੱਲ ਏ, ਮੇਰੇ ਬੇਟੇ! ਆਦਮੀ ਜੋ ਕੁਝ ਕਰਦਾ ਹੈ, ਉਸਨੂੰ ਉਸ ਵਿਚ ਹਮੇਸ਼ਾ ਯਕੀਨ ਰਖਣਾ ਚਾਹੀਦੈ, ਉਸਨੂੰ ਸਫ਼ਲਤਾ ਦਾ ਯਕੀਨ ਹੋਣਾ ਚਾਹੀਦੈ ਤੇ ਪ੍ਰਮਾਤਮਾ ਵਿਚ ਭਰੋਸਾ ਹੋਣਾ ਚਾਹੀਦੈ, ਜਿਹੜਾ, ਮੈਡੋਨਾ ਦੀਆਂ ਦੁਆਵਾਂ ਦੇ ਸਿਰ ਸਦਕੇ, ਚੰਗੇ ਕਾਰਜਾਂ ਵਿਚ ਸਹਾਈ

ਹੁੰਦੈ। ਮੇਰੀ ਤੈਨੂੰ ਇਕੋ ਬੇਨਤੀ ਏ, ਬੇਟੇ, ਕਿ ਜਦੋਂ ਇਹ ਗੱਲ ਵਾਪਰੇ, ਜੇ ਆਦਮੀ ਪਹਾੜ ਦੇ ਅੰਦਰ ਮਿਲ ਪੈਣ, ਤਾਂ ਮੇਰੀ ਕਬਰ 'ਤੇ ਆਈਂ ਤੇ ਕਹੀਂ: ਬਾਪੂ, ਅਸੀਂ ਇਹ ਕੰਮ ਕਰ ਲਿਐ! ਮੈਨੂੰ ਆਪੇ ਪਤਾ ਲਗ ਜਾਇਗਾ!'

"ਇਹ ਚੰਗੀ ਗੱਲ ਸੀ, ਪਿਆਰੇ ਸਿਨੋਰ, ਤੇ ਮੈਂ ਉਸਨੂੰ ਵਚਨ ਦਿਤਾ। ਪੰਜ ਦਿਨ ਮਗਰੋਂ ਉਹ ਚੱਲ ਵਸਿਆ। ਮਰਨ ਤੋਂ ਦੋ ਦਿਨ ਪਹਿਲਾਂ ਉਹ ਮੈਨੂੰ ਤੇ ਦੂਜਿਆਂ ਨੂੰ ਕਹਿਣ ਲੱਗਾ ਕਿ ਮੈਨੂੰ ਉਥੇ ਦਫ਼ਨਾਉਣਾ ਜਿਥੇ ਮੈਂ ਸੁਰੰਗ ਵਿਚ ਕੰਮ ਕਰਦਾ ਰਿਹਾ ਹਾਂ। ਉਸਨੇ ਬਹੁਤ ਪੱਕੀ ਕੀਤੀ, ਪਰ ਮੇਰਾ ਖ਼ਿਆਲ ਹੈ ਕਿ ਉਹ ਹੋਸ਼ ਵਿਚ ਨਹੀਂ ਸੀ ਗੱਲਾਂ ਕਰ ਰਿਹਾ।

"ਅਸੀਂ ਤੇ ਦੂਜੇ ਪਾਸਿਉਂ ਸਾਡੇ ਵੱਲ ਆਉਣ ਵਾਲੇ ਮੇਰੇ ਪਿਤਾ ਦੀ ਮੌਤ ਤੋਂ ਤੇਰ੍ਹਾਂ ਹਫ਼ਤੇ ਮਗਰੋਂ ਪਹਾੜ ਦੇ ਅੰਦਰ ਮਿਲੇ। ਉਫ਼, ਇਹ ਪਾਗਲ ਕਰ ਦੇਣ ਵਾਲਾ ਦਿਨ ਸੀ, ਸਿਨੋਰ, ਉਹ ਦਿਨ ਜਦੋਂ ਧਰਤੀ ਦੇ ਹੇਠਾਂ ਹਨੇਰੇ ਵਿਚ ਸਾਨੂੰ ਉਸ ਦੂਜੇ ਪਾਸੇ ਦੇ ਕੰਮ ਦੀਆਂ ਆਵਾਜ਼ਾਂ ਸੁਣਾਈ ਦਿਤੀਆਂ, ਉਹਨਾਂ ਬੰਦਿਆਂ ਵਲੋਂ ਪੈਦਾ ਕੀਤੀਆਂ ਜਾ ਰਹੀਆਂ ਆਵਾਜ਼ਾਂ ਜਿਹੜੇ ਧਰਤੀ ਦੇ ਹੇਠਾਂ ਸਾਨੂੰ ਮਿਲਣ ਲਈ ਵਧਦੇ ਆ ਰਹੇ ਸਨ, ਜ਼ਰਾ ਸੋਚੋ, ਸਿਨੋਰ, ਧਰਤੀ ਦੇ ਅਣਤੋਲਵੇਂ ਭਾਰ ਹੇਠ, ਜਿਹੜੀ ਸਾਨੂੰ, ਨਿਕਚੂ ਜਿਹੇ ਬੰਦਿਆਂ ਨੂੰ, ਇਕ ਝਟਕੇ ਨਾਲ ਸਾਰਿਆਂ ਨੂੰ ਇਕੋ ਵੇਲੇ ਕੁਚਲ ਕੇ ਰਖ ਸਕਦੀ ਸੀ!

"ਕਈ ਦਿਨ ਸਾਨੂੰ ਇਹ ਆਵਾਜ਼ਾਂ ਸੁਣਾਈ ਦੇਂਦੀਆਂ ਰਹੀਆਂ, ਖੋਖਲੀਆਂ ਆਵਾਜ਼ਾਂ, ਜਿਹੜੀਆਂ ਹਰ ਲੰਘਦੇ ਦਿਨ ਵਧੇਰੇ ਉਚੀਆਂ ਤੇ ਵਧੇਰੇ ਸਪਸ਼ਟ ਹੁੰਦੀਆਂ ਜਾਂਦੀਆਂ ਸਨ; ਤੇ ਜੇਤੂਆਂ ਵਾਲੀ ਵਹਿਸ਼ੀ ਖ਼ੁਸ਼ੀ ਸਾਡੇ ਉਤੇ ਸਵਾਰ ਹੋ ਗਈ, ਅਸੀਂ ਸ਼ੈਤਾਨਾਂ ਵਾਂਗ, ਭੂਤਨਿਆਂ ਵਾਂਗ, ਕੰਮ ਕਰਨ ਲਗੇ, ਬਿਨਾਂ ਥਕਾਵਟ ਮਹਿਸੂਸ ਕੀਤਿਆਂ, ਬਿਨਾਂ ਕਿਸੇ ਦੇ ਹੁਕਮ ਦੇ। ਇਹ ਕਿੰਨਾਂ ਚੰਗਾ ਸੀ, ਕਿਸੇ ਧੁੱਪ ਵਾਲੇ ਦਿਨ ਨਾਚ ਕਰਨ ਵਾਂਗ, ਧਰਮ ਨਾਲ! ਤੇ ਅਸੀਂ ਸਾਰੇ ਇੰਝ ਚੰਗੇ ਚੰਗੇ, ਇੰਝ ਪਿਆਰੇ ਪਿਆਰੇ ਲਗਣ ਲਗੇ, ਜਿਵੇਂ ਬੱਚੇ ਹੁੰਦੇ ਨੇ। ਆਹ, ਜੇ ਕਿਤੇ ਤੁਹਾਨੂੰ ਪਤਾ ਹੋਵੇ ਕਿ ਹਨੇਰੇ ਵਿਚ, ਜ਼ਮੀਨ ਦੇ ਹੇਠਾਂ, ਜਿਥੇ ਤੁਸੀਂ ਕਈ ਮਹੀਨਿਆਂ ਤੋਂ ਛਛੂੰਦਰ ਵਾਂਗ ਖੁੱਡ ਪੁੱਟ ਰਹੇ ਹੋਵੋ, ਦੂਜੇ ਆਦਮੀਆਂ ਨੂੰ ਮਿਲਣ ਦੀ ਇੱਛਾ ਕਿੰਨੀਂ ਜ਼ਬਰਦਸਤ, ਕਿੰਨੀਂ ਤੀਬਰ ਹੁੰਦੀ ਏ!"

ਉਹ ਸਾਰਾ ਲਾਲ-ਸੂਹਾ ਹੋ ਗਿਆ; ਬਿਲਕੁਲ ਆਪਣੇ ਸਰੋਤੇ ਤੱਕ ਆਇਆ, ਤੇ ਆਪਣੀਆਂ ਡੂੰਘੀਆਂ ਮਾਨਵੀ ਅੱਖਾਂ ਉਸਦੀਆਂ ਅੱਖਾਂ ਵਿਚ ਗਡਦਿਆਂ, ਉਸਨੇ ਮਧਮ ਤੇ ਖ਼ੁਸ਼ੀ ਭਰੀ ਆਵਾਜ਼ ਵਿਚ ਗੱਲ ਜਾਰੀ ਰਖੀ:

"ਤੇ ਜਦੋਂ ਆਖ਼ਰ ਵਿਚਲੀ ਧਰਤੀ ਦੀ ਆਖ਼ਰੀ ਪਰਤ ਢਹਿ ਪਈ ਤੇ ਮਸ਼ਾਲ ਦੀ ਚਮਕਦੀ ਲਾਲ ਲਾਟ ਦਾ ਚਾਨਣ ਮਘੋਰੇ ਵਿਚੋਂ ਪਿਆ, ਤੇ ਸਾਨੂੰ ਸਾਂਵਲੇ ਚਿਹਰੇ

ਦਿਖਾਈ ਦਿਤੇ ਜਿਹਨਾਂ ਉਪਰ ਖ਼ੁਸ਼ੀ ਦੇ ਅੱਥਰੂ ਵਹਿ ਰਹੇ ਸਨ, ਤੇ ਉਹਨਾਂ ਪਿੱਛੇ ਹੋਰ ਮਸ਼ਾਲਾਂ ਤੇ ਚਿਹਰੇ ਦਿਖਾਈ ਦਿਤੇ, ਤਾਂ ਜਿੱਤ ਦੀਆਂ ਕੂਕਾਂ ਦੀ ਗਰਜ ਸੁਣਾਈ ਦਿਤੀ, ਖ਼ੁਸ਼ੀ ਦੀਆਂ ਕੂਕਾਂ—ਓ, ਉਹ ਮੇਰੀ ਜ਼ਿੰਦਗੀ ਦਾ ਸਭ ਤੋਂ ਖ਼ੁਸ਼ੀ ਭਰਿਆ ਦਿਨ ਸੀ, ਤੇ ਜਦੋਂ ਮੈਂ ਉਸਨੂੰ ਯਾਦ ਕਰਦਾ ਹਾਂ, ਤਾਂ ਮੈਨੂੰ ਲਗਦੈ, ਕਿ ਮੇਰੀ ਜ਼ਿੰਦਗੀ ਵਿਅਰਥ ਨਹੀਂ ਰਹੀ! ਇਹ ਕੰਮ ਸੀ, ਮੇਰਾ ਕੰਮ, ਪਵਿਤੱਰ ਕੰਮ, ਸਿਨੋਰ, ਮੈਂ ਤੁਹਾਨੂੰ ਦਸਾਂ! ਤੇ ਜਦੋਂ ਅਸੀਂ ਬਾਹਰ ਸੂਰਜ ਦੇ ਚਾਨਣੇ ਵਿਚ ਆਏ, ਤਾਂ ਸਾਡੇ ਵਿਚੋਂ ਕਈ ਧਰਤੀ ਉਤੇ ਡਿੱਗ ਪਏ ਤੇ ਰੋਂਦਿਆਂ ਨੇ ਆਪਣੇ ਬੁਲ੍ਹ ਧਰਤੀ ਨਾਲ ਜ਼ੋਰ ਦੀ ਚੁੰਮਣ ਵਿਚ ਜੋੜ ਲਏ; ਤੇ ਉਸ ਦਿਨ ਮੈਂ ਆਪਣੇ ਆਪ ਨੂੰ ਧਰਤੀ ਦੇ ਏਨਾ ਜ਼ਿਆਦਾ ਨੇੜੇ ਮਹਿਸੂਸ ਕਰਨ ਲਗਾ, ਸਿਨੋਰ, ਜਿੰਨਾ ਪਹਿਲਾਂ ਕਦੀ ਵੀ ਨਹੀਂ ਸੀ ਕੀਤਾ, ਮੈਂ ਇਸਨੂੰ ਉਸੇ ਤਰ੍ਹਾਂ ਪਿਆਰ ਕਰਨ ਲਗਾ, ਜਿਸ ਤਰ੍ਹਾਂ ਔਰਤ ਨੂੰ ਕਰੀਦਾ ਹੈ!

"ਬੇਸ਼ਕ, ਮੈਂ ਆਪਣੇ ਪਿਤਾ ਦੀ ਕਬਰ ਉਤੇ ਗਿਆ। ਮੈਨੂੰ ਪਤਾ ਏ ਕਿ ਮੁਰਦੇ ਕੁਝ ਨਹੀਂ ਸੁਣ ਸਕਦੇ, ਪਰ ਤਾਂ ਵੀ, ਮੈਂ ਗਿਆ, ਕਿਉਂਕਿ ਉਹਨਾਂ ਲੋਕਾਂ ਦੀਆਂ ਇਛਾਵਾਂ ਦੀ ਸਾਨੂੰ ਕਦਰ ਕਰਨੀ ਚਾਹੀਦੀ ਏ, ਜਿਨ੍ਹਾਂ ਨੇ ਸਾਡੇ ਲਈ ਕਦੀ ਜਾਨ ਮਾਰੀ ਸੀ, ਤੇ ਸਾਡੇ ਨਾਲੋਂ ਘੱਟ ਕਸ਼ਟ ਨਹੀਂ ਸਨ ਸਹੇ—ਕਿਉਂ, ਨਹੀਂ?

"ਹਾਂ, ਹਾਂ, ਮੈਂ ਉਸਦੀ ਕਬਰ ਉਤੇ ਗਿਆ, ਧਰਤੀ ਨੂੰ ਪੈਰ ਨਾਲ ਠਕੋਰਿਆ ਤੇ, ਜਿਵੇਂ ਉਸਦੀ ਇੱਛਾ ਸੀ, ਕਿਹਾ:

"'ਬਾਪੂ, ਅਸੀਂ ਇਹ ਕੰਮ ਕਰ ਲਿਐ!' ਮੈਂ ਕਿਹਾ। 'ਅਸੀਂ ਆਦਮੀ ਜਿੱਤ ਗਏ ਹਾਂ। ਅਸੀਂ ਇਹ ਕੰਮ ਕਰ ਲਿਐ, ਬਾਪੂ!'"

੧੯੧੧

ਗੱਦਾਰ ਦੀ ਮਾਂ

ਮਾਵਾਂ ਬਾਰੇ ਬੇਅੰਤ ਕਹਾਣੀਆਂ ਸੁਣਾਈਆਂ ਜਾ ਸਕਦੀਆਂ ਨੇ।

ਕਈ ਹਫ਼ਤਿਆਂ ਤੋਂ ਦੁਸ਼ਮਣ ਨੇ ਸ਼ਹਿਰ ਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਸੀ, ਜਿਵੇਂ ਫ਼ੌਲਾਦੀ ਜ਼ੰਜੀਰਾਂ ਨਾਲ ਕੱਸਿਆਂ ਹੋਵੇ; ਰਾਤ ਨੂੰ ਅੱਗਾਂ ਬਾਲੀਆਂ ਜਾਂਦੀਆਂ ਤੇ ਲਾਟਾਂ ਸ਼ਹਿਰ ਦੀਆਂ ਦੀਵਾਰਾਂ ਦੀ ਸਿਆਹੀ ਵਰਗੀ ਕਾਲਖ ਦੇ ਵਿਚੋਂ ਦੀ ਇੰਝ ਵੇਖਦੀਆਂ ਜਿਵੇਂ ਕਿੰਨੀਆਂ ਸਾਰੀਆਂ ਲਾਲ ਅੱਖਾਂ ਹੋਣ—ਉਹ ਖੋਰੀ ਢੰਗ ਨਾਲ ਬਲਦੀਆਂ ਤੇ ਉਹਨਾਂ ਦੀ ਡਰਾਉਣੀ ਲਿਸ਼ਕ ਘਿਰੇ ਹੋਏ ਸ਼ਹਿਰ ਅੰਦਰ ਸੋਗੀ ਭਾਵ ਪੈਦਾ ਕਰ ਦੇਂਦੀ।

ਦੀਵਾਰਾਂ ਤੋਂ ਉਹ ਵੇਖਦੇ ਕਿ ਦੁਸ਼ਮਣ ਘੇਰਾ ਹੋਰ ਤੰਗ ਕਰੀ ਜਾ ਰਿਹਾ ਹੈ; ਉਹ ਅੱਗਾਂ ਦੇ ਦੁਆਲੇ ਕਾਲੇ ਪ੍ਰਛਾਵੇਂ ਘੁੰਮਦੇ ਵੇਖਦੇ, ਤੇ ਚੰਗੇ ਪਾਲੇ-ਪੋਸੇ ਘੋੜਿਆਂ ਦਾ ਹਿਣਕਣਾ, ਹਥਿਆਰਾਂ ਦਾ ਟਕਰਾਉਣਾ ਤੇ ਜਿੱਤ ਦੇ ਵਿਸ਼ਵਾਸ ਨਾਲ ਭਰੇ ਆਦਮੀਆਂ ਦਾ ਉੱਚੀ ਉੱਚੀ ਹੱਸਣਾ ਤੇ ਗਾਉਣਾ ਉਹਨਾਂ ਨੂੰ ਸੁਣਾਈ ਦੇਂਦਾ—ਤੇ ਦੁਸ਼ਮਣ ਦੇ ਗੀਤਾਂ ਤੇ ਹਾਸੇ ਤੋਂ ਜ਼ਿਆਦਾ ਕੰਨਾਂ ਲਈ ਅਕਾਵਾਂ ਕੀ ਹੋ ਸਕਦਾ ਹੈ?

ਸ਼ਹਿਰ ਨੂੰ ਪਾਣੀ ਪੁਚਾਉਂਦੀਆਂ ਸਾਰੀਆਂ ਨਦੀਆਂ ਵਿਚ ਦੁਸ਼ਮਣ ਨੇ ਲਾਸ਼ਾਂ ਸੁੱਟ ਦਿਤੀਆਂ ਸਨ, ਉਹਨਾਂ ਨੇ ਕੰਧਾਂ ਦੁਆਲੇ ਦੇ ਅੰਗੂਰਾਂ ਦੇ ਬਾਗ਼ ਸਾੜ ਦਿਤੇ ਸਨ। ਖੇਤ ਮਧੋਲ ਦਿਤੇ ਸਨ, ਬਗੀਚੇ ਕੱਟ ਮਾਰੇ ਸਨ—ਹੁਣ ਸ਼ਹਿਰ ਸਭ ਪਾਸਿਆਂ ਤੋਂ ਖੁਲ੍ਹਾ ਸੀ, ਤੇ ਲਗਭਗ ਹਰ ਰੋਜ਼ ਤੋਪਾਂ ਤੇ ਬੰਦੂਕਾਂ ਇਸ ਉਤੇ ਸਿੱਕੇ ਤੇ ਲੋਹੇ ਦੀ ਵਰਖਾ ਕਰਦੀਆਂ।

ਜੰਗ-ਥੱਕੇ, ਅੱਧ-ਭੁੱਖੇ ਸਿਪਾਹੀਆਂ ਦੇ ਦਸਤੇ ਸ਼ਹਿਰ ਦੀਆਂ ਤੰਗ ਗਲੀਆਂ ਦੇ ਵਿਚੋਂ ਦੀ ਉਦਾਸ ਉਦਾਸ ਕਵਾਇਦ ਕਰਦੇ ਰਹਿੰਦੇ; ਘਰਾਂ ਦੀਆਂ ਬਾਰੀਆਂ ਵਿਚੋਂ

ਜ਼ਖ਼ਮੀਆਂ ਦੀਆਂ ਕੱਰਾਹੁਣ ਦੀਆਂ ਆਵਾਜ਼ਾਂ, ਬੁਖ਼ਾਰ ਨਾਲ ਬੇਹੋਸ਼ ਹੋਏ ਲੋਕਾਂ ਦੀਆਂ ਚੀਕਾਂ, ਔਰਤਾਂ ਦੀਆਂ ਦੁਆਵਾਂ ਤੇ ਬੱਚਿਆਂ ਦੀਆਂ ਵਿੱਲਕਣੀਆਂ ਸੁਣਾਈ ਦੇਂਦੀਆਂ। ਲੋਕ ਮਸਾਂ ਸੁਣੀਂਦੀਆਂ ਆਵਾਜ਼ਾਂ ਵਿਚ ਗੱਲਾਂ ਕਰਦੇ, ਆਪਣੇ ਫ਼ਿਕਰਿਆਂ ਨੂੰ ਅੱਧ ਵਿਚ ਹੀ ਤੋੜ ਦੇਂਦੇ ਤੇ ਕੰਨ ਖੜੇ ਕਰਕੇ ਸੁਨਣ ਲਗ ਪੈਂਦੇ: ਕਿਧਰੇ ਦੁਸ਼ਮਣ ਤਾਂ ਨਹੀਂ ਸੀ ਵਧਦਾ ਆ ਰਿਹਾ?

ਰਾਤਾਂ ਸਭ ਤੋਂ ਭੈੜੀਆਂ ਹੁੰਦੀਆਂ; ਰਾਤਾਂ ਦੀ ਚੁੱਪ-ਚਾਂ ਵਿਚ ਕੱਰਾਹਟਾਂ ਤੇ ਚੀਕਾਂ ਹੋਰ ਵੀ ਸਪਸ਼ਟ ਤੇ ਜ਼ੋਰਦਾਰ ਸੁਣਾਈ ਦੇਂਦੀਆਂ; ਦੂਰ ਪਹਾੜਾਂ ਦੀਆਂ ਘਾਟੀਆਂ ਤੋਂ ਕਾਲੇ ਪ੍ਰਛਾਵੇਂ ਚੋਰੀ ਚੋਰੀ ਰੀਂਗਦੇ ਹੋਏ ਦੁਸ਼ਮਣ ਦੇ ਖ਼ੈਮਿਆਂ ਨੂੰ ਨਜ਼ਰਾਂ ਤੋਂ ਉਹਲੇ ਕਰ ਰਹੀਆਂ ਅੱਧ-ਢੱਠੀਆਂ ਫ਼ਸੀਲਾਂ ਵੱਲ ਨੂੰ ਆਉਂਦੇ, ਤੇ ਪਹਾੜਾਂ ਦੀਆਂ ਕਾਲੀਆਂ ਦੰਦੀਆਂ ਦੇ ਉਪਰੋਂ ਦੀ ਚੰਨ ਚੜ੍ਹਦਾ, ਇਕ ਗੁਆਚੀ ਢਾਲ ਵਾਂਗ, ਜਿਸਨੂੰ ਤਲਵਾਰਾਂ ਦੇ ਵਾਰਾਂ ਨਾਲ ਚਿੱਬ ਪੈ ਚੁੱਕੇ ਹੋਣ।

ਤੇ ਸ਼ਹਿਰ ਅੰਦਰ ਲੋਕ, ਸਹਾਇਤਾ ਲਈ ਤਰਸਦੇ, ਮੁਸ਼ੱਕਤ ਤੇ ਭੁੱਖ ਦੇ ਝੰਬੇ ਹੋਏ, ਹਰ ਲੰਘਦੇ ਦਿਨ ਜਿਨ੍ਹਾਂ ਦੀ ਛੁਟਕਾਰੇ ਦੀ ਆਸ ਢਲਦੀ ਜਾ ਰਹੀ ਸੀ, ਚੰਨ ਵੱਲ, ਪਹਾੜਾਂ ਦੀਆਂ ਤੇਜ਼ ਦੰਦਿਆਂ ਵਾਲੀਆਂ ਟੀਸੀਆਂ ਵੱਲ, ਖੱਡਾਂ ਦੇ ਕਾਲੇ ਖੁਲ੍ਹੇ ਮੂੰਹਾਂ ਵੱਲ ਤੇ ਦੁਸ਼ਮਣ ਦੇ ਰੌਲੇ-ਰੱਪੇ ਵਾਲੇ ਖ਼ੇਮਿਆਂ ਵੱਲ ਭੈ-ਭੀਤ ਨਜ਼ਰਾਂ ਨਾਲ ਵੇਖਦੇ। ਸਭ ਕੁਝ ਤੋਂ ਉਹਨਾਂ ਨੂੰ ਮੌਤ ਝਾਕਦੀ ਦਿਸਦੀ, ਤੇ ਉਹਨਾਂ ਦੀ ਧੀਰਜ ਬੰਨ੍ਹਾਉਣ ਲਈ ਆਕਾਸ਼ ਵਿਚ ਇਕ ਵੀ ਤਾਰਾ ਨਹੀਂ ਸੀ।

ਉਹ ਘਰਾਂ ਵਿਚ ਬੱਤੀਆਂ ਬਾਲਣ ਤੋਂ ਡਰਦੇ ਸਨ, ਤੇ ਗਲੀਆਂ ਬਾਜ਼ਾਰ ਘੋਰ ਹਨੇਰੇ ਵਿਚ ਲਪੇਟੇ ਹੋਏ ਸਨ, ਤੇ ਇਸ ਹਨੇਰੇ ਵਿਚ ਸਿਰ ਤੋਂ ਪੈਰਾਂ ਤੱਕ ਕਾਲਾ ਲਿਬਾਸ ਪਾਈ ਇਕ ਔਰਤ ਬਿਨਾਂ ਆਵਾਜ਼ ਕੀਤਿਆਂ ਘੁੰਮ ਰਹੀ ਹੁੰਦੀ, ਜਿਵੇਂ ਦਰਿਆ ਦੀਆਂ ਡੂੰਘਾਨਾਂ ਵਿਚ ਕੋਈ ਮੱਛੀ ਹਿਲਜੁਲ ਰਹੀ ਹੋਵੇ।

ਜਦੋਂ ਲੋਕ ਉਸਨੂੰ ਵੇਖਦੇ ਤਾਂ ਇਕ ਦੂਜੇ ਦੇ ਕੰਨਾਂ ਵਿਚ ਕਹਿਣ ਲਗ ਪੈਂਦੇ:

"ਇਹ ਉਹੀ ਏ?"

"ਹਾਂ, ਉਹੋ!"

ਤੇ ਉਹ ਗੇਟਾਂ ਦੇ ਤਾਕਾਂ ਦੇ ਉਹਲੇ ਹੋ ਜਾਂਦੇ, ਜਾਂ ਸਿਰ ਨੀਵੇਂ ਸੁੱਟੀ ਉਸਦੇ ਕੋਲੋਂ ਦੀ ਕਾਹਲੀ ਕਾਹਲੀ ਲੰਘ ਜਾਂਦੇ। ਗਸ਼ਤ ਲਾਉਂਦੇ ਦਸਤਿਆਂ ਦੇ ਮੁਖੀ ਉਸਨੂੰ ਕਰੜੀ ਤਰ੍ਹਾਂ ਚੇਤਾਵਨੀ ਦੇਂਦੇ:

"ਫਿਰ ਗਲੀਆਂ ਵਿਚ, ਮੋਨਾ ਮਾਰੀਆਨਾ? ਧਿਆਨ ਰਖਣਾ, ਤੈਨੂੰ ਹੋ ਸਕਦੈ ਕੋਈ ਮਾਰ ਦੇਵੇ, ਤੇ ਦੋਸ਼ੀ ਨੂੰ ਲੱਭਣ ਦਾ ਕਸ਼ਟ ਕੋਈ ਵੀ ਨਹੀਂ ਕਰੇਗਾ।..."

ਉਹ ਸਿਧੀ ਖੜੀ ਹੋ ਜਾਂਦੀ ਤੇ ਉਡੀਕਣ ਲਗਦੀ, ਪਰ ਗਸ਼ਤ ਲਾਉਂਦੇ ਦਸਤੇ ਕੋਲੋਂ ਦੀ ਲੰਘ ਜਾਂਦੇ, ਉਸਦੇ ਖ਼ਿਲਾਫ਼ ਹੱਥ ਚੁੱਕਣ ਦਾ ਉਹਨਾਂ ਨੂੰ ਜਾਂ ਤਾਂ ਹੌਸਲਾ

ਨਾ ਪੈਂਦਾ, ਜਾਂ ਉਹ ਇਹਨੂੰ ਨਫ਼ਰਤ ਕਰਦੇ; ਹਥਿਆਰਬੰਦ ਆਦਮੀ ਉਸਤੋਂ ਇੰਝ ਕਤਰਾਉਂਦੇ, ਜਿਵੇਂ ਲਾਸ਼ ਹੋਵੇ, ਤੇ ਉਹ ਹਨੇਰੇ ਵਿਚ ਇਕੱਲੀ ਗਲੀਓ-ਗਲੀ ਫਿਰਦੀ ਰਹਿੰਦੀ, ਬੇਆਵਾਜ਼ ਤੇ ਕਾਲੀ-ਸਿਆਹ, ਜਿਵੇਂ ਸ਼ਹਿਰ ਦੇ ਮੰਦੇ ਭਾਗਾਂ ਦਾ ਸਾਕਾਰ-ਰੂਪ ਹੋਵੇ, ਜਦੋਂ ਕਿ ਉਸਦੇ ਆਲੇ-ਦੁਆਲੇ ਰਾਤ ਦੀਆਂ ਸੋਗੀ ਆਵਾਜ਼ਾਂ ਸੁਣਾਈ ਦੇਂਦੀਆਂ, ਜਿਵੇਂ ਕਿ ਉਸਦਾ ਪਿੱਛਾ ਕਰ ਰਹੀਆਂ ਹੋਣ; ਕੱਰਾਹਟਾਂ, ਚੀਕਾਂ, ਦੁਆਵਾਂ ਤੇ ਸਿਪਾਹੀਆਂ ਦੀਆਂ ਨਿਮੋਝੂਣੀਆਂ ਗੱਲਾਂਬਾਤਾਂ, ਜਿਹੜੇ ਕਿ ਜਿੱਤ ਦੀ ਆਸ ਬਿਲਕੁਲ ਲਾਹ ਚੁਕੇ ਸਨ।

ਇਕ ਸ਼ਹਿਰੀ ਤੇ ਮਾਂ, ਉਹ ਆਪਣੇ ਬੇਟੇ ਬਾਰੇ ਤੇ ਆਪਣੇ ਦੇਸ ਬਾਰੇ ਸੋਚਦੀ ਸੀ: ਕਿਉਂਕਿ ਜਿਹੜੇ ਲੋਕ ਉਸਦੇ ਸ਼ਹਿਰ ਨੂੰ ਤਬਾਹ ਕਰ ਰਹੇ ਸਨ, ਉਹਨਾਂ ਦਾ ਸਰਦਾਰ ਉਸਦਾ ਬੇਟਾ ਸੀ, ਉਸਦਾ ਖ਼ੁਸ਼-ਰਹਿਣਾ, ਖ਼ੂਬਸੂਰਤ, ਨਿਰਦਈ ਬੇਟਾ। ਤਾਂ ਵੀ, ਅਜੇ ਬਹੁਤਾ ਸਮਾਂ ਨਹੀਂ ਸੀ ਹੋਇਆ ਕਿ ਉਹ ਉਸ ਵੱਲ ਮਾਣ ਨਾਲ ਵੇਖਦੀ ਹੁੰਦੀ ਸੀ, ਉਸਨੂੰ ਇਕ ਕੀਮਤੀ ਸੁਗ਼ਾਤ ਸਮਝਦੀ ਹੁੰਦੀ ਸੀ, ਜਿਹੜੀ ਉਸਨੇ ਆਪਣੇ ਦੇਸ ਨੂੰ ਦਿਤੀ ਸੀ, ਇਕ ਸ਼ਾਨਦਾਰ ਤਾਕਤ ਜਿਸਨੂੰ ਉਸਨੇ ਜਨਮ ਦਿਤਾ ਸੀ, ਉਸ ਸ਼ਹਿਰ ਦੇ ਲੋਕਾਂ ਦੀ ਸਹਾਇਤਾ ਕਰਨ ਲਈ ਜਿਥੇ ਉਹ ਆਪ ਜਨਮੀ ਸੀ, ਜਿਥੇ ਉਸਦਾ ਬੇਟਾ ਜੰਮਿਆ ਤੇ ਵਡਾ ਹੋਇਆ ਸੀ। ਉਸਦਾ ਦਿਲ ਹਜ਼ਾਰਾਂ ਅਣਦਿਸਦੇ ਧਾਗਿਆਂ ਨਾਲ ਇਹਨਾਂ ਪੁਰਾਤਨ ਪੱਥਰਾਂ ਨਾਲ ਬੱਝਾ ਹੋਇਆ ਸੀ, ਜਿਨ੍ਹਾਂ ਨਾਲ ਉਸਦੇ ਵਡ-ਵਡੇਰਿਆਂ ਨੇ ਆਪਣੇ ਘਰ ਉਸਾਰੇ ਸਨ ਤੇ ਸ਼ਹਿਰ ਦੀ ਫ਼ਸੀਲ ਬਣਾਈ ਸੀ; ਇਸ ਧਰਤੀ ਨਾਲ ਬੱਝਾ ਹੋਇਆ ਸੀ, ਜਿਸਦੇ ਹੇਠਾਂ ਉਸਦੇ ਸਾਕਾਂ-ਸੰਬੰਧੀਆਂ ਦੀਆਂ ਹੱਡੀਆਂ ਦੱਬੀਆਂ ਪਈਆਂ ਸਨ; ਉਹਨਾਂ ਕਥਾਵਾਂ, ਗੀਤਾਂ ਤੇ ਲੋਕਾਂ ਦੀਆਂ ਆਸਾਂ-ਉਮੰਗਾਂ ਨਾਲ ਬੱਝਾ ਹੋਇਆ ਸੀ। ਤੇ ਹੁਣ ਇਹ ਦਿਲ ਉਸ ਆਦਮੀ ਨੂੰ ਗੁਆ ਬੈਠਾ ਸੀ, ਜਿਹੜਾ ਉਸਦੇ ਏਨਾ ਨੇੜੇ ਸੀ, ਤੇ ਰੋ ਰਿਹਾ ਸੀ। ਉਹ ਆਪਣੇ ਦਿਲ ਦੇ ਪਲੜਿਆਂ ਉਤੇ, ਤਕੜੀ ਵਾਂਗ, ਬੇਟੇ ਲਈ ਆਪਣੇ ਪਿਆਰ ਨੂੰ ਤੇ ਆਪਣੀ ਮਾਤਭੂਮੀ ਲਈ ਆਪਣੇ ਪਿਆਰ ਨੂੰ ਰੱਖ ਕੇ ਤੋਲਦੀ, ਤੇ ਉਸਨੂੰ ਪਤਾ ਨਾ ਲਗਦਾ, ਕਿਹੜਾ ਪਲੜਾ ਭਾਰੀ ਹੁੰਦਾ।

ਤੇ ਇਉਂ ਉਹ ਰਾਤ ਨੂੰ ਗਲੀਆਂ-ਬਾਜ਼ਾਰਾਂ ਵਿਚ ਘੁੰਮਦੀ ਰਹਿੰਦੀ, ਤੇ ਕਈ ਲੋਕ, ਉਸਨੂੰ ਨਾ ਪਛਾਣਦਿਆਂ, ਡਰ ਨਾਲ ਪਿੱਛੇ ਹਟ ਜਾਂਦੇ, ਉਸਦੇ ਕਾਲੇ ਆਕਾਰ ਨੂੰ ਮੌਤ ਦਾ ਮੁਜੱਸਮਾ ਸਮਝਦੇ ਹੋਏ ਜਿਹੜੀ ਉਹਨਾਂ ਸਾਰਿਆਂ ਦੇ ਏਨੀ ਨੇੜੇ ਸੀ; ਤੇ ਜਦੋਂ ਉਹ ਉਸਨੂੰ ਪਛਾਣ ਹੀ ਲੈਂਦੇ, ਤਾਂ ਉਹ ਇਕ ਗ਼ੱਦਾਰ ਦੀ ਮਾਂ ਕੋਲੋਂ ਚੁਪ-ਚਾਪ ਪਰੇ ਹਟ ਜਾਂਦੇ।

ਪਰ ਇਕ ਦਿਨ ਸ਼ਹਿਰ ਦੀ ਫ਼ਸੀਲ ਦੇ ਕਿਸੇ ਇੱਕਲਵਾਂਝੇ ਜਿਹੇ ਕੋਨੇ ਵਿਚ ਉਸਨੇ ਇਕ ਹੋਰ ਔਰਤ ਨੂੰ ਵੇਖਿਆ, ਜਿਹੜੀ ਇਕ ਲਾਸ਼ ਕੋਲ ਗੋਡਿਆਂ ਭਾਰ

ਬੈਠੀ ਸੀ, ਏਨੀ ਅਹਿੱਲ ਕਿ ਉਹ ਆਪ ਧਰਤੀ ਦਾ ਹੀ ਇਕ ਹਿੱਸਾ ਲਗਦੀ ਸੀ। ਆਪਣਾ ਮਾਤਮੀ ਚਿਹਰਾ ਉਪਰ ਸਿਤਾਰਿਆਂ ਵੱਲ ਚੁੱਕੀ, ਉਹ ਦੁਆ ਕਰ ਰਹੀ ਸੀ। ਤੇ ਉਪਰ ਫ਼ਸੀਲ ਉਤੇ ਸੰਤਰੀ ਹੌਲੀ ਹੌਲੀ ਗੱਲਾਂ ਕਰ ਰਹੇ ਸਨ, ਉਹਨਾਂ ਦੇ ਹਥਿਆਰ ਪੱਥਰਾਂ ਦੀਆਂ ਨੋਕਾਂ ਉਪਰ ਘਸਰ ਰਹੇ ਸਨ।

ਗ਼ੱਦਾਰ ਦੀ ਮਾਂ ਨੇ ਪੁੱਛਿਆ:

"ਤੇਰਾ ਪਤੀ ਸੀ?"

"ਨਹੀਂ।"

"ਭਰਾ?"

"ਨਹੀਂ, ਬੇਟਾ। ਮੇਰਾ ਪਤੀ ਤੇਰ੍ਹਾਂ ਦਿਨ ਹੋਏ ਮਾਰਿਆ ਗਿਆ ਸੀ, ਮੇਰਾ ਬੇਟਾ ਅੱਜ ਮਾਰਿਆ ਗਿਐ।"

ਤੇ ਗੋਡਿਆਂ ਤੋਂ ਉਠਦੀ ਹੋਈ, ਮਾਰੇ ਗਏ ਆਦਮੀ ਦੀ ਮਾਂ ਨਿਮਰਤਾ ਨਾਲ ਕਹਿਣ ਲਗੀ:

"ਦੇਵੀ ਮਾਂ ਸਭ ਕੁਝ ਵੇਖਦੀ, ਸਭ ਕੁਝ ਜਾਣਦੀ ਏ, ਤੇ ਮੈਂ ਉਸਦਾ ਸ਼ੁਕਰ ਕਰਦੀ ਹਾਂ!"

"ਕਾਹਦੇ ਲਈ?" ਪਹਿਲੀ ਔਰਤ ਨੇ ਪੁਛਿਆ, ਤੇ ਦੂਜੀ ਬੋਲੀ:

"ਹੁਣ ਜਦ ਕਿ ਉਹ ਆਪਣੇ ਦੇਸ ਲਈ ਲੜਦਾ ਲੜਦਾ ਇੱਜ਼ਤ ਨਾਲ ਮਾਰਿਆ ਗਿਆ ਹੈ, ਤਾਂ ਮੈਂ ਕਹਿ ਸਕਦੀ ਹਾਂ ਕਿ ਮੈਨੂੰ ਉਸਦਾ ਡਰ ਸੀ: ਉਹ ਗੰਭੀਰ ਨਹੀਂ ਸੀ, ਰੰਗ-ਰਲੀਆਂ ਦਾ ਬਹੁਤ ਸ਼ੁਕੀਨ ਸੀ ਤੇ ਮੈਂ ਡਰਦੀ ਸਾਂ ਕਿ ਉਹ ਕਿਤੇ ਆਪਣੇ ਸ਼ਹਿਰ ਨਾਲ ਗ਼ੱਦਾਰੀ ਨਾ ਕਰ ਜਾਏ, ਜਿਸਤਰ੍ਹਾਂ ਮਾਰੀਆਨਾ ਦਾ ਬੇਟਾ ਕਰ ਗਿਆ ਹੈ, ਉਹ ਰੱਬ ਦਾ ਦੁਸ਼ਮਣ ਤੇ ਲੋਕਾਂ ਦਾ ਦੁਸ਼ਮਣ, ਸਾਡੇ ਦੁਸ਼ਮਣਾਂ ਦਾ ਸਰਦਾਰ, ਲਾਅਨਤ ਪਵੇ ਉਸ ਉਤੇ, ਤੇ ਨਾਲੇ ਉਸ ਕੁੱਖ ਉਤੇ ਜਿਸਨੇ ਉਸਨੂੰ ਜਨਮ ਦਿਤਾ!

ਮਾਰੀਆਨਾ ਨੇ ਆਪਣਾ ਚਿਹਰਾ ਢੱਕ ਲਿਆ ਤੇ ਆਪਣੇ ਰਾਹ ਚਲੀ ਗਈ। ਅਗਲੀ ਸਵੇਰ ਉਹ ਸ਼ਹਿਰ ਦੇ ਰਖਵਾਲਿਆਂ ਦੇ ਸਾਮ੍ਹਣੇ ਹਾਜ਼ਰ ਹੋਈ ਤੇ ਕਹਿਣ ਲੱਗੀ:

"ਮੇਰਾ ਬੇਟਾ ਤੁਹਾਡਾ ਦੁਸ਼ਮਣ ਬਣ ਗਿਐ। ਜਾਂ ਮੈਨੂੰ ਮਾਰ ਦਿਓ, ਜਾਂ ਦਰਵਾਜ਼ੇ ਖੋਹਲ ਦਿਓ, ਤਾਂ ਜੁ ਮੈਂ ਉਸ ਕੋਲ ਜਾ ਸਕਾਂ..."

ਉਹ ਜਵਾਬ ਵਿਚ ਬੋਲੇ:

"ਤੂੰ ਇਨਸਾਨ ਏਂ, ਤੇ ਤੇਰੇ ਲਈ ਤੇਰਾ ਦੇਸ ਜ਼ਰੂਰ ਕੀਮਤੀ ਹੋਵੇਗਾ; ਤੇਰਾ ਬੇਟਾ ਤੇਰਾ ਏਨਾ ਹੀ ਦੁਸ਼ਮਣ ਹੈ, ਜਿੰਨਾ ਸਾਡੇ ਵਿਚੋਂ ਹਰ ਇਕ ਦਾ।"

"ਮੈਂ ਉਸਦੀ ਮਾਂ ਹਾਂ। ਮੈਂ ਉਸਨੂੰ ਪਿਆਰ ਕਰਦੀ ਹਾਂ, ਤੇ ਮਹਿਸੂਸ ਕਰਦੀ ਹਾਂ ਕਿ ਉਹ ਜੋ ਕੁਝ ਬਣ ਗਿਐ, ਉਸਦੀ ਜ਼ਿਮੇਵਾਰ ਮੈਂ ਹਾਂ।"

ਫਿਰ ਉਹ ਆਪਸ ਵਿਚ ਸਲਾਹ ਕਰਨ ਲਗੇ ਕਿ ਉਸ ਨਾਲ ਕੀ ਕੀਤਾ ਜਾਏ, ਤੇ ਫ਼ੈਸਲਾ ਕੀਤਾ:

"ਤੇਰੇ ਪੁੱਤਰ ਦੇ ਗੁਨਾਹਾਂ ਲਈ ਤੈਨੂੰ ਮਾਰਨਾ ਕੋਈ ਮਾਣ ਵਾਲੀ ਗੱਲ ਨਹੀਂ ਹੋਵੇਗੀ। ਸਾਨੂੰ ਪਤਾ ਹੈ ਕਿ ਤੂੰ ਉਸਨੂੰ ਇਹ ਭਿਆਨਕ ਗੁਨਾਹ ਕਰਨ ਵੱਲ ਨਹੀਂ ਸੈਂ ਲਿਜਾ ਸਕਦੀ ਤੇ ਅਸੀਂ ਤੇਰੇ ਕਸ਼ਟ ਨੂੰ ਸਮਝ ਸਕਦੇ ਹਾਂ। ਪਰ ਸ਼ਹਿਰ ਨੂੰ ਤੇਰੀ ਯਰਗ਼ਮਾਲ ਵਜੋ ਵੀ ਲੋੜ ਨਹੀਂ; ਤੇਰਾ ਪੁੱਤਰ ਤੇਰੀ ਰਤਾ ਵੀ ਪ੍ਰਵਾਹ ਨਹੀਂ ਕਰਦਾ, ਸਾਨੂੰ ਯਕੀਨ ਏ ਕਿ ਉਹ ਤੈਨੂੰ ਭੁੱਲ ਚੁਕੈ, ਜਿਸ ਤਰ੍ਹਾਂ ਦਾ ਸ਼ੈਤਾਨ ਉਹ ਹੈ, ਤੇ ਇਹ ਹੈ ਤੇਰੀ ਸਜ਼ਾ, ਜੇ ਤੂੰ ਖ਼ਿਆਲ ਕਰਦੀ ਏਂ ਕਿ ਤੂੰ ਇਸਦੀ ਹੱਕਦਾਰ ਏਂ! ਸਾਨੂੰ ਲਗਦਾ ਹੈ ਕਿ ਇਹ ਸਜ਼ਾ ਮੌਤ ਨਾਲੋਂ ਵੀ ਭਿਆਨਕ ਏ!"

"ਹਾਂ", ਉਹ ਬੋਲੀ। "ਇਹ ਸਚਮੁਚ ਜ਼ਿਆਦਾ ਭਿਆਨਕ ਏ।"

ਸੋ ਉਹਨਾਂ ਨੇ ਕਿਵਾੜ ਖੋਹਲ ਦਿਤੇ, ਉਸਨੂੰ ਸ਼ਹਿਰ ਤੋਂ ਬਾਹਰ ਜਾਣ ਦਿਤਾ ਤੇ ਫ਼ਸੀਲ ਉਪਰੋਂ ਉਸਨੂੰ ਆਪਣੀ ਮਾਤਭੂਮੀ ਉਤੇ ਤੁਰਦੀ ਨੂੰ ਕਿੰਨੇ ਚਿਰ ਤਕ ਵੇਖਦੇ ਰਹੇ; ਉਹ ਹੁਣ ਉਸ ਖ਼ੂਨ ਨਾਲ ਨੁੱਚੜ ਰਹੀ ਸੀ, ਜਿਹੜਾ ਉਸਦੇ ਬੇਟੇ ਨੇ ਡੋਲ੍ਹਿਆ ਸੀ। ਉਹ ਹੌਲੀ ਹੌਲੀ ਤੁਰ ਰਹੀ ਸੀ, ਕਿਉਂਕਿ ਉਸਦੇ ਪੈਰ ਇਸ ਧਰਤੀ ਨਾਲੋਂ ਵਿਛੜਨ ਤੋਂ ਇਨਕਾਰੀ ਸਨ, ਤੇ ਉਹ ਸ਼ਹਿਰ ਦੀ ਰਖਿਆ ਕਰਨ ਵਾਲਿਆਂ ਦੀਆਂ ਲਾਸ਼ਾਂ ਅਗੇ ਸਿਰ ਝੁਕਾਉਂਦੀ, ਟੁੱਟੇ ਹਥਿਆਰ ਨੂੰ ਨਫ਼ਰਤ ਨਾਲ ਠੁੱਡਾ ਮਾਰ ਕੇ ਲਾਂਭੇ ਕਰਦੀ, ਕਿਉਂਕਿ ਸਾਰੇ ਹਥਿਆਰ ਮਾਵਾਂ ਦੀ ਨਫ਼ਰਤ ਦੇ ਪਾਤਰ ਨੇ, ਸਿਵਾਏ ਉਹਨਾਂ ਹਥਿਆਰਾਂ ਦੇ ਜਿਹੜੇ ਜ਼ਿੰਦਗੀ ਦੀ ਰਾਖੀ ਕਰਦੇ ਨੇ।

ਉਹ ਇੰਝ ਤੁਰ ਰਹੀ ਸੀ, ਜਿਵੇਂ ਉਸਨੇ ਆਪਣੇ ਚੋਗ਼ੇ ਹੇਠਾਂ ਪਾਣੀ ਦਾ ਕੋਈ ਕੀਮਤੀ ਪਿਆਲਾ ਫੜਿਆ ਹੋਵੇ, ਤੇ ਡਰਦੀ ਹੋਵੇ ਕਿ ਉਹ ਕਿਤੇ ਡੁਲ੍ਹ ਨਾ ਜਾਏ; ਤੇ ਸ਼ਹਿਰ ਦੀ ਫ਼ਸੀਲ ਉਤੋਂ ਵੇਖਣ ਵਾਲਿਆਂ ਲਈ ਉਸਦਾ ਆਕਾਰ ਜਿਉਂ ਜਿਉਂ ਨਿੱਕਾ ਹੁੰਦਾ ਜਾਂਦਾ, ਉਹਨਾਂ ਨੂੰ ਲਗਦਾ ਕਿ ਉਹਨਾਂ ਦੀ ਢਹਿੰਦੀ-ਕਲਾ ਤੇ ਨਿਰਾਸ਼ਾ ਵੀ ਉਸਦੇ ਨਾਲ ਹੀ ਚਲੀਆਂ ਗਈਆਂ ਹੋਣ।

ਉਹਨਾਂ ਵੇਖਿਆ ਕਿ ਅਧ-ਵਿਚਕਾਰ ਜਾ ਕੇ ਉਹ ਰੁਕ ਗਈ, ਉਸਨੇ ਆਪਣੇ ਚੋਗ਼ੇ ਦੀ ਟੋਪੀ ਪਿੱਛੇ ਸੁੱਟੀ, ਮੁੜੀ ਤੇ ਕਿੰਨਾਂ ਚਿਰ ਸ਼ਹਿਰ ਵੱਲ ਤੱਕਦੀ ਰਹੀ। ਤੇ ਦੂਰ ਦੁਸ਼ਮਣ ਦੇ ਖ਼ੈਮਿਆਂ ਵਿਚ ਉਹਨਾਂ ਨੇ ਉਸਨੂੰ ਮੈਦਾਨ ਵਿਚ ਇਕੱਲੀ ਵੇਖਿਆ, ਤੇ ਉਸ ਵਰਗੇ ਹੀ ਕਾਲੇ ਆਕਾਰ ਚੌਕਸੀ ਨਾਲ ਉਸ ਵੱਲ ਆਉਂਦੇ ਵੇਖੇ। ਉਹ ਉਸ ਤੱਕ ਆਏ ਤੇ ਪੁੱਛਣ ਲਗੇ ਕਿ ਉਹ ਕੌਣ ਹੈ ਤੇ ਕਿਥੋਂ ਆਈ ਹੈ।

"ਤੁਹਾਡਾ ਸਰਦਾਰ ਮੇਰਾ ਬੇਟਾ ਹੈ," ਉਹ ਬੋਲੀ, ਤੇ ਸਿਪਾਹੀਆਂ ਵਿਚੋਂ ਕਿਸੇ ਨੇ ਵੀ ਉਸ ਉਤੇ ਸ਼ੱਕ ਨਾ ਕੀਤਾ। ਉਹ ਉਸਦੇ ਨਾਲ ਨਾਲ ਚੱਲਣ ਲਗੇ, ਉਸਦੇ ਸੋਹਿਲੇ ਗਾਉਂਦੇ ਹੋਏ, ਇਹ ਦਸਦੇ ਹੋਏ ਕਿ ਉਹ ਕਿੰਨਾਂ ਸਿਆਣਾ ਤੇ

ਬਹਾਦ ਹੈ; ਤੇ ਉਹ ਉਹਨਾਂ ਨੂੰ ਸੁਣਦੀ ਰਹੀ, ਆਪਣਾ ਸਿਰ ਮਾਣ ਨਾਲ ਉਤੇ ਚੁੱਕੀ, ਜ਼ਰਾ ਵੀ ਹੈਰਾਨੀ ਨਾ ਵਿਖਾਉਂਦਿਆਂ, ਕਿਉਂਕਿ ਉਸਦਾ ਬੇਟਾ ਤਾਂ ਕਿਸੇ ਹੋਰ ਤਰ੍ਹਾਂ ਹੋ ਵੀ ਨਹੀਂ ਸੀ ਸਕਦਾ।

ਤੇ ਹੁਣ ਉਹ ਆਖ਼ਰ ਉਸ ਆਦਮੀ ਦੇ ਸਾਹਮਣੇ ਖੜੀ ਸੀ, ਜਿਸਨੂੰ ਉਹ ਉਸਦੇ ਜਨਮ ਤੋਂ ਵੀ ਨੌਂ ਮਹਿਨੇ ਪਹਿਲਾਂ ਜਾਣਦੀ ਸੀ, ਉਸ ਆਦਮੀ ਸਾਹਮਣੇ ਜਿਸਨੂੰ ਉਹ ਹਮੇਸ਼ਾ ਆਪਣੇ ਦਿਲ ਵਾਂਗ ਹੀ ਮਹਿਸੂਸ ਕਰਦੀ ਰਹੀ ਸੀ। ਰੇਸ਼ਮ ਤੇ ਮਖ਼ਮਲ ਦੇ ਕੱਪੜੇ ਪਾਈ, ਉਹ ਉਥੇ ਖੜਾ ਸੀ, ਉਸਦੇ ਹਥਿਆਰਾਂ ਵਿਚ ਕੀਮਤੀ ਹੀਰੇ ਜੜੇ ਹੋਏ ਸਨ। ਸਾਰਾ ਕੁਝ ਉਸੇ ਤਰ੍ਹਾਂ ਸੀ, ਜਿਸਤਰ੍ਹਾਂ ਹੋਣਾ ਚਾਹੀਦਾ ਹੈ, ਇਸਤਰ੍ਹਾਂ ਉਸਨੇ ਆਪਣੇ ਸੁਪਨਿਆਂ ਵਿਚ ਉਸਨੂੰ ਕਈ ਵਾਰੀ ਵੇਖਿਆ ਸੀ— ਅਮੀਰ, ਮਸ਼ਹੂਰ ਤੇ ਸਲਾਹਿਆ ਜਾਂਦਾ।

"ਮਾਂ!" ਉਸਨੇ ਉਸਦਾ ਹੱਥ ਚੁੰਮਦਿਆਂ ਕਿਹਾ। "ਤੂੰ ਮੇਰੇ ਕੋਲ ਆ ਗਈ ਏ, ਤੂੰ ਮੇਰੇ ਨਾਲ ਏਂ, ਤੇ ਭਲਕ ਨੂੰ ਮੈਂ ਇਸ ਲਾਅਨਤੀ ਸ਼ਹਿਰ ਉਤੇ ਕਬਜ਼ਾ ਕਰ ਲਵਾਂਗਾ!"

"ਉਸ ਸ਼ਹਿਰ ਉਤੇ, ਜਿਸ ਵਿਚ ਤੂੰ ਪੈਦਾ ਹੋਇਆ ਸੈਂ," ਉਸਨੇ ਯਾਦ ਕਰਾਇਆ।

ਆਪਣੇ ਮਾਅਰਕਿਆਂ ਨਾਲ ਨਸ਼ਿਆਏ ਹੋਏ ਨੇ, ਹੋਰ ਜ਼ਿਆਦਾ ਸ਼ਾਨੋ-ਸ਼ੌਕਤ ਦੀ ਪਿਆਸ ਨਾਲ ਹਲਕਾਏ ਹੋਏ ਨੇ, ਉਸਨੂੰ ਜਵਾਨੀ ਦੀ ਗ਼ੁਸਤਾਖ਼ ਗਰਮੀ ਵਿਚ ਜਵਾਬ ਦਿਤਾ:

"ਮੈਂ ਦੁਨੀਆਂ ਵਿਚ ਤੇ ਦੁਨੀਆਂ ਲਈ ਪੈਦਾ ਹੋਇਆ ਸਾਂ, ਤਾਂ ਕਿ ਉਸਨੂੰ ਆਪਣੀ ਅਚੰਭਾਜਨਕ ਪ੍ਰਤਿਭਾ ਨਾਲ ਚਕ੍ਰਿਤ ਕਰ ਸਕਾਂ! ਤੇਰੀ ਖ਼ਾਤਰ ਮੈਂ ਇਸ ਸ਼ਹਿਰ ਨੂੰ ਛਡ ਛਡਿਆ ਹੈ, ਇਹ ਮੇਰੇ ਮਾਸ ਵਿਚ ਪੁੜੇ ਹੋਏ ਕੰਡੇ ਵਾਂਗ ਸੀ, ਤੇ ਇਸਨੇ ਮਸ਼ਹੂਰੀ ਵੱਲ ਮੇਰੇ ਤੇਜ਼ ਵਾਧੇ ਨੂੰ ਰੋਕ ਛਡਿਆ ਹੈ। ਪਰ ਭਲਕ ਨੂੰ ਮੈਂ ਹੁਣ ਢੀਠ ਮੂਰਖਾਂ ਦੇ ਉਸ ਆਲ੍ਹਣੇ ਨੂੰ ਢਾਹ ਕੇ ਢੇਰੀ ਕਰ ਦੇਵਾਂਗਾ!"

"ਜਿਥੋਂ ਦਾ ਹਰ ਪੱਥਰ ਤੇਰੇ ਬਚਪਨ ਤੋਂ ਤੈਨੂੰ ਜਾਣਦਾ ਤੇ ਯਾਦ ਕਰਦਾ ਹੈ", ਉਹ ਬੋਲੀ।

"ਪੱਥਰ ਗੂੰਗੇ ਹੁੰਦੇ ਨੇ, ਜਦੋਂ ਤੱਕ ਆਦਮੀ ਨਾ ਉਹਨਾਂ ਨੂੰ ਜ਼ਬਾਨ ਦੇ ਦੇਣ। ਪਹਾੜਾਂ ਨੂੰ ਮੇਰੇ ਬਾਰੇ ਗੱਲਾਂ ਕਰਨ ਦਿਓ, ਇਹ ਹੈ ਜੋ ਮੈਂ ਚਾਹੁੰਦਾ ਹਾਂ!"

"ਤੇ, ਲੋਕ?" ਉਸਨੇ ਪੁਛਿਆ।

"ਓ ਹਾਂ, ਮੈਨੂੰ ਉਹ ਯਾਦ ਨੇ, ਮਾਂ! ਮੈਨੂੰ ਉਹਨਾਂ ਦੀ ਵੀ ਲੋੜ ਏ, ਕਿਉਂਕਿ ਸਿਰਫ਼ ਲੋਕਾਂ ਦੀਆਂ ਯਾਦਾਂ ਵਿਚ ਹੀ ਯੋਧੇ ਅਮਰ ਹੁੰਦੇ ਨੇ!"

ਉਹ ਬੋਲੀ:

"ਯੋਧਾ ਉਹ ਹੁੰਦਾ ਹੈ, ਜਿਹੜਾ ਮੌਤ ਤੋਂ ਬੇਪ੍ਰਵਾਹ ਜ਼ਿੰਦਗੀ ਸਿਰਜਦਾ ਹੈ, ਜਿਹੜਾ ਮੌਤ ਨੂੰ ਜਿੱਤ ਲੈਂਦਾ ਹੈ..."

"ਨਹੀਂ," ਉਸਨੇ ਇਤਰਾਜ਼ ਕੀਤਾ। "ਸ਼ਹਿਰ ਨੂੰ ਤਬਾਹ ਕਰਨ ਵਾਲੇ ਦਾ ਵੀ ਉਸੇ ਤਰ੍ਹਾਂ ਨਾਮਣਾ ਹੁੰਦੈ, ਜਿਸ ਤਰ੍ਹਾਂ ਇਸਨੂੰ ਬਣਾਉਣ ਵਾਲੇ ਦਾ। ਵੇਖ, ਸਾਨੂੰ ਨਹੀਂ ਪਤਾ ਰੋਮ ਨੂੰ ਕਿਸਨੇ ਬਣਾਇਆ ਸੀ—ਏਨੀ ਨੇ ਜਾਂ ਰੋਮੂਲ ਨੇ—ਅਲਾਰਿਕ ਤੇ ਦੂਜੇ ਯੋਧਿਆਂ ਦੇ ਨਾਂ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ, ਜਿਨ੍ਹਾਂ ਨੇ ਉਹ ਸ਼ਹਿਰ ਤਬਾਹ ਕੀਤਾ ਸੀ..."

"ਜਿਹੜਾ ਸਭ ਨਾਵਾਂ ਨਾਲੋਂ ਜ਼ਿਆਦਾ ਜਿਊਂਦਾ ਹੈ," ਮਾਂ ਨੇ ਉਸਨੂੰ ਯਾਦ ਕਰਾਇਆ।

ਇਉਂ ਉਹਨਾਂ ਵਿਚਕਾਰ ਗੱਲਬਾਤ ਹੁੰਦੀ ਰਹੀ, ਜਦੋਂ ਤੱਕ ਕਿ ਸੂਰਜ ਛੁਪ ਨਾ ਗਿਆ; ਪੁੱਤਰ ਦੀ ਪਾਗਲਾਂ ਵਾਲੀ ਤਕਰੀਰ ਨੂੰ ਉਸਦਾ ਟੋਕਣਾ ਘੱਟ ਹੁੰਦਾ ਗਿਆ ਤੇ ਉਸਦਾ ਮਾਨ-ਭਰਿਆ ਸਿਰ ਹੋਰ ਹੇਠਾਂ ਹੁੰਦਾ ਗਿਆ।

ਮਾਂ ਸਿਰਜਦੀ ਹੈ, ਉਹ ਸੰਭਾਲ ਕਰਦੀ ਹੈ, ਤੇ ਉਸ ਨਾਲ ਤਬਾਹੀ ਦੀ ਗੱਲ ਕਰਨ ਦਾ ਮਤਲਬ ਉਸਦੇ ਖ਼ਿਲਾਫ਼ ਗੱਲ ਕਰਨਾ ਹੈ; ਪਰ ਉਸਨੂੰ ਇਹ ਪਤਾ ਨਹੀਂ ਸੀ, ਉਹ ਨਹੀਂ ਸੀ ਜਾਣਦਾ ਕਿ ਉਹ ਆਪਣੀ ਮਾਂ ਦੇ ਜਿਊਂਦੇ ਰਹਿਣ ਦੇ ਕਾਰਨ ਨੂੰ ਹੀ ਖ਼ਤਮ ਕਰ ਰਿਹਾ ਹੈ।

ਮਾਂ ਹਮੇਸ਼ਾ ਮੌਤ ਦੇ ਖ਼ਿਲਾਫ਼ ਹੁੰਦੀ ਹੈ; ਜਿਹੜਾ ਹੱਥ ਲੋਕਾਂ ਦੇ ਘਰਾਂ ਵਿਚ ਮੌਤ ਲਿਆਉਂਦਾ ਹੈ, ਉਹ ਮਾਵਾਂ ਲਈ ਦੁਸ਼ਮਣ ਤੇ ਨਫ਼ਰਤ-ਯੋਗ ਹੁੰਦਾ ਹੈ। ਪਰ ਬੇਟੇ ਨੇ ਇਹ ਨਾ ਮਹਿਸੂਸ ਕੀਤਾ, ਕਿਉਂਕਿ ਉਹ ਸ਼ਾਨ ਦੀ ਠੰਡੀ-ਯੱਖ ਚਮਕ ਨਾਲ ਚੁੰਧਿਆਇਆ ਹੋਇਆ ਸੀ, ਜਿਹੜੀ ਕਿ ਦਿਲ ਨੂੰ ਮਾਰ ਦੇਂਦੀ ਹੈ।

ਨਾ ਹੀ ਉਸਨੂੰ ਇਹ ਪਤਾ ਸੀ ਕਿ ਮਾਂ ਓਨੀ ਹੀ ਸਿਆਣੀ ਤੇ ਬੇਕਿਰਕ ਵੀ ਹੋ ਸਕਦੀ ਹੈ, ਜਿੰਨੀਂ ਉਹ ਨਿਡਰ ਹੁੰਦੀ ਹੈ, ਜਦੋਂ ਸਵਾਲ ਉਸ ਜ਼ਿੰਦਗੀ ਦਾ ਹੋਵੇ ਜਿਸਨੂੰ ਉਹ ਪੈਦਾ ਕਰਦੀ ਤੇ ਸੰਭਾਲ ਕੇ ਰਖਦੀ ਹੈ।

ਉਹ ਸਿਰ ਸੁੱਟੀ ਬੈਠੀ ਸੀ, ਤੇ ਸਰਦਾਰ ਦੇ ਸ਼ਾਹੀ ਤੰਬੂ ਦੇ ਚੁੱਕੇ ਹੋਏ ਪਾਸੇ ਵਿਚੋਂ ਉਹ ਸ਼ਹਿਰ ਵੇਖ ਰਹੀ ਸੀ ਜਿਥੇ ਉਸਨੇ ਸਭ ਤੋਂ ਪਹਿਲਾਂ ਆਪਣੇ ਅੰਦਰ ਜ਼ਿੰਦਗੀ ਦੀ ਮਿੱਠੀ ਥਰਕਣ ਤੇ ਇਸ ਬੱਚੇ ਦੀਆਂ ਦੁਖਦਾਈ ਜੰਮਣ-ਪੀੜਾਂ ਮਹਿਸੂਸ ਕੀਤੀਆਂ ਸਨ, ਜਿਹੜਾ ਬੱਚਾ ਹੁਣ ਇਸਦੀ ਤਬਾਹੀ ਦਾ ਪਿਆਸਾ ਸੀ।

ਸੂਰਜ ਦੀਆਂ ਕਿਰਮਚੀ ਕਿਰਨਾਂ ਸ਼ਹਿਰ ਦੀਆਂ ਫ਼ਸੀਲਾਂ ਤੇ ਮੁਨਾਰਿਆਂ ਨੂੰ ਖ਼ੂਨ ਵਰਗੇ ਲਾਲ ਰੰਗ ਵਿਚ ਰੰਗ ਰਹੀਆਂ ਸਨ, ਬਾਰੀਆਂ ਦੇ ਸ਼ੀਸ਼ਿਆਂ ਉਤੇ ਸੋਗੀ ਲਿਸ਼ਕ ਸੁੱਟ ਰਹੀਆਂ ਸਨ, ਜਿਸ ਨਾਲ ਸਾਰਾ ਸ਼ਹਿਰ ਜ਼ਖ਼ਮਾਂ ਦਾ ਇਕੱਠ ਲਗ ਰਿਹਾ ਸੀ, ਜਿਸਦੇ ਹਰ ਫੱਟ ਵਿਚੋਂ ਜ਼ਿੰਦਗੀ ਦਾ ਕਿਰਮਚੀ ਰਸ ਚੋ ਰਿਹਾ ਹੋਵੇ।

ਵੇਖਦਿਆਂ ਵੇਖਦਿਆਂ ਸ਼ਹਿਰ ਲਾਸ਼ ਵਾਂਗ ਕਾਲਾ ਪੈ ਗਿਆ ਤੇ ਮਾਤਮੀ ਮੋਮਬੱਤੀਆਂ ਵਾਂਗ ਉਪਰ ਸਿਤਾਰੇ ਚਮਕਣ ਲਗੇ।

ਉਸਨੂੰ ਹਨੇਰੇ ਘਰ ਨਜ਼ਰੀਂ ਪਏ, ਜਿਥੇ ਲੋਕ ਬੱਤੀਆਂ ਜਗਾਉਣ ਤੋਂ ਡਰਦੇ ਸਨ, ਕਿ ਕਿਤੇ ਦੁਸ਼ਮਣ ਦਾ ਧਿਆਨ ਨਾ ਉਧਰ ਖਿੱਚਿਆ ਜਾਏ; ਸੋਗ ਵਿਚ ਡੁੱਬੇ ਤੇ ਲਾਸ਼ਾਂ ਦੀ ਸੜਾਂਦ ਨਾਲ ਭਰੇ ਪਏ ਗਲੀਆਂ-ਬਾਜ਼ਾਰ ਦਿਸੇ; ਉਸਨੂੰ ਮੌਤ ਦੀ ਉਡੀਕ ਕਰ ਰਹੇ ਲੋਕਾਂ ਦੀਆਂ ਦਬੀਆਂ ਦਬੀਆਂ ਆਵਾਜ਼ਾਂ ਸੁਣਾਈ ਦਿਤੀਆਂ—ਉਹ ਇਹ ਸਭ ਕੁਝ ਵੇਖ ਰਹੀ ਸੀ, ਉਹ ਸਾਰਾ ਕੁਝ, ਜੋ ਉਸ ਲਈ ਆਪਣਾ ਤੇ ਪਿਆਰਾ ਸੀ, ਉਸਦੇ ਫ਼ੈਸਲੇ ਦੀ ਉਡੀਕ ਕਰਦਾ ਹੋਇਆ ਉਸਦੇ ਸਾਮ੍ਹਣੇ ਚੁੱਪ ਕੀਤਾ ਖੜਾ ਸੀ, ਤੇ ਉਹ ਆਪਣੇ ਆਪ ਨੂੰ ਆਪਣੇ ਸ਼ਹਿਰ ਵਿਚਲੇ ਉਹਨਾਂ ਸਾਰੇ ਲੋਕਾਂ ਦੀ ਮਾਂ ਮਹਿਸੂਸ ਕਰ ਰਹੀ ਸੀ।

ਕਾਲੀਆਂ ਚੋਟੀਆਂ ਤੋਂ ਵਾਦੀ ਵਿਚ ਬੱਦਲ ਲੱਥੇ ਤੇ ਪਰਾਂ ਵਾਲੇ ਘੋੜਿਆਂ ਵਾਂਗ ਮੌਤ-ਫਾਥੇ ਸ਼ਹਿਰ ਉਪਰ ਝਪਟ ਪਏ।

"ਅਸੀਂ ਹੋ ਸਕਦਾ ਹੈ, ਅੱਜ ਰਾਤੀਂ ਹੀ ਹਮਲਾ ਕਰ ਦੇਈਏ, ਜੇ ਰਾਤ ਕਾਫ਼ੀ ਕਾਲੀ ਹੋਈ ਤਾਂ। ਮਾਰਨਾ ਮੁਸ਼ਕਲ ਹੁੰਦਾ ਹੈ ਜਦੋਂ ਸੂਰਜ ਤੁਹਾਡੀਆਂ ਅੱਖਾਂ ਵਿਚ ਪੈ ਰਿਹਾ ਹੋਵੇ ਤੇ ਹਥਿਆਰਾਂ ਦੀ ਲਿਸ਼ਕ ਤੁਹਾਨੂੰ ਚੁੰਧਿਆ ਰਹੀ ਹੋਵੇ, ਕਈ ਵਾਰ ਐਵੇਂ ਚਲੇ ਜਾਂਦੇ ਨੇ," ਉਸਨੇ ਆਪਣੀ ਤਲਵਾਰ ਨੂੰ ਘੋਖਵੀਂ ਨਜ਼ਰ ਨਾਲ ਦੇਖਦਿਆਂ ਕਿਹਾ।

ਮਾਂ ਉਸਨੂੰ ਕਹਿਣ ਲੱਗੀ:

"ਇਧਰ ਆ, ਆਪਣਾ ਸਿਰ ਮੇਰੀ ਛਾਤੀ ਉਤੇ ਧਰ ਦੇ, ਆਰਾਮ ਕਰ, ਯਾਦ ਕਰ ਕਿ ਬੱਚਾ ਹੁੰਦਾ ਤੂੰ ਕਿੰਨਾਂ ਖ਼ੁਸ਼ ਤੇ ਚੰਗਾ ਹੁੰਦਾ ਸੈਂ, ਤੇ ਤੈਨੂੰ ਕਿਵੇਂ ਹਰ ਕੋਈ ਪਿਆਰ ਕਰਦਾ ਹੁੰਦਾ ਸੀ..."

ਉਸਨੇ ਆਪਣੀ ਮਾਂ ਦਾ ਕਿਹਾ ਮੰਨ ਲਿਆ, ਆਪਣਾ ਸਿਰ ਉਸਦੀ ਗੋਦ ਵਿਚ ਰੱਖ ਦਿਤਾ ਤੇ ਇਹ ਕਹਿੰਦਿਆਂ ਆਪਣੀਆਂ ਅੱਖਾਂ ਮੀਟ ਲਈਆਂ:

"ਮੈਂ ਸਿਰਫ਼ ਸ਼ੁਹਰਤ ਨੂੰ ਪਿਆਰ ਕਰਦਾ ਹਾਂ, ਤੇ ਮੈਂ ਤੈਨੂੰ ਪਿਆਰ ਕਰਦਾ ਹਾਂ ਜਿਸਨੇ ਮੈਨੂੰ ਇਹੋ ਜਿਹਾ ਬਣਾਇਆ।"

"ਤੇ ਔਰਤਾਂ ਨੂੰ?" ਉਹ ਉਸ ਉਤੇ ਝੁਕਦੀ ਹੋਈ ਪੁੱਛਣ ਲਗੀ।

"ਉਹ ਕਿੰਨੀਆਂ ਸਾਰੀਆਂ ਨੇ, ਬੰਦਾ ਉਹਨਾਂ ਤੋਂ ਅੱਕ ਜਾਂਦੈ, ਜਿਵੇਂ ਹਰ ਐਸੀ ਚੀਜ਼ ਤੋਂ ਜਿਹੜੀ ਬਹੁਤ ਮਿੱਠੀ ਹੋਵੇ।"

"ਤੇ ਤੂੰ ਬੱਚਿਆਂ ਦੀ ਇੱਛਾ ਨਹੀਂ ਰਖਦਾ?" ਉਸਨੇ ਆਖਰੀ ਸਵਾਲ ਪੁੱਛਿਆ।

"ਕਾਹਦੇ ਲਈ? ਤਾਂ ਕਿ ਉਹ ਮਾਰੇ ਜਾਣ? ਮੇਰੇ ਵਰਗਾ ਕੋਈ ਆਦਮੀ ਉਹਨਾਂ ਨੂੰ ਮਾਰ ਦੇਵੇਗਾ; ਇਸ ਨਾਲ ਮੈਨੂੰ ਤਕਲੀਫ਼ ਹੋਵੇਗੀ ਤੇ ਮੈਂ ਏਨਾਂ ਬੁਢਾ ਤੇ ਕਮਜ਼ੋਰ ਹੋਵਾਂਗਾ ਕਿ ਉਹਨਾਂ ਦਾ ਬਦਲਾ ਵੀ ਨਹੀਂ ਲੈ ਸਕਾਂਗਾ।"

"ਤੂੰ ਸੁਹਣਾ ਏਂ, ਪਰ ਆਸਮਾਨੀ ਬਿਜਲੀ ਵਾਂਗ ਬੰਜਰ," ਉਹ ਹਉਕਾ ਭਰਦੀ ਹੋਈ ਬੋਲੀ।

"ਹਾਂ ਆਸਮਾਨੀ ਬਿਜਲੀ ਵਾਂਗ..." ਉਸਨੇ ਮੁਸਕ੍ਰਾਉਂਦਿਆਂ ਹੋਇਆਂ ਜਵਾਬ ਦਿਤਾ।

ਤੇ ਉਹ ਆਪਣੀ ਮਾਂ ਦੀ ਛਾਤੀ ਉਤੇ ਸਿਰ ਧਰਕੇ ਇੰਝ ਸੌਂ ਗਿਆ ਜਿਵੇਂ ਬੱਚੇ ਸੌਂਦੇ ਨੇ।

ਫਿਰ, ਉਸ ਉਤੇ ਆਪਣਾ ਕਾਲਾ ਚੋਗਾ ਦੇਂਦੀ ਹੋਈ ਨੇ, ਛੁਰਾ ਉਸਦੇ ਦਿਲ ਵਿਚ ਖੋਭ ਦਿਤਾ, ਤੇ ਇਕੋ ਤੜਫਣੀ ਨਾਲ ਉਹ ਮਰ ਗਿਆ, ਕਿਉਂਕਿ ਉਸਤੋਂ ਜ਼ਿਆਦਾ ਚੰਗੀ ਤਰ੍ਹਾਂ ਕੌਣ ਜਾਣਦਾ ਸੀ ਕਿ ਉਸਦੇ ਬੇਟੇ ਦਾ ਦਿਲ ਕਿਥੇ ਧੜਕ ਰਿਹਾ ਹੈ। ਤੇ ਉਸਦੀ ਲਾਸ਼ ਨੂੰ ਹਿਰਾਸੇ ਹੋਏ ਸੰਤਰੀਆਂ ਦੇ ਪੈਰਾਂ ਵਿਚ ਸੁਟਦਿਆਂ, ਉਹ ਸ਼ਹਿਰ ਨੂੰ ਸੰਬੋਧਨ ਕਰਦਿਆਂ ਬੋਲੀ:

"ਇਕ ਵਿਅਕਤੀ ਵਜੋਂ ਮੈਂ ਆਪਣੇ ਦੇਸ ਲਈ ਜੋ ਕਰ ਸਕਦੀ ਸਾਂ, ਕਰ ਦਿਤਾ ਹੈ: ਮਾਂ ਵਜੋਂ ਮੈਂ ਆਪਣੇ ਬੇਟੇ ਦੇ ਨਾਲ ਰਹਾਂਗੀ! ਹੁਣ ਮੈਂ ਇਕ ਹੋਰ ਬੇਟਾ ਨਹੀਂ ਜੰਮ ਸਕਦੀ, ਤੇ ਮੇਰੀ ਜ਼ਿੰਦਗੀ ਕਿਸੇ ਦੇ ਕੋਈ ਕੰਮ ਨਹੀਂ।"

ਤੇ ਆਪਣੇ ਬੇਟੇ ਦੇ ਖ਼ੂਨ ਨਾਲ, ਉਸਦੇ ਆਪਣੇ ਖ਼ੂਨ ਨਾਲ ਗਰਮ ਛੁਰਾ ਉਸਨੇ ਦ੍ਰਿੜ੍ਹ ਹੱਥਾਂ ਨਾਲ ਆਪਣੀ ਛਾਤੀ ਵਿਚ ਖੋਭ ਲਿਆ, ਤੇ ਇਕ ਵਾਰੀ ਫਿਰ ਉਸਦਾ ਨਿਸ਼ਾਨਾ ਠੀਕ ਸੀ, ਕਿਉਂਕਿ ਦੁਖਦੇ ਦਿਲ ਦੀ ਥਾਂ ਲੱਭਣਾ ਮੁਸ਼ਕਲ ਨਹੀਂ ਹੁੰਦਾ।

੧੯੧੧

ਪੇਪੇ

ਪੇਪੇ ਦਸ ਕੁ ਸਾਲ ਦਾ ਹੈ—ਨਾਜ਼ੁਕ ਜਿਹਾ, ਪਤਲਾ ਜਿਹਾ ਤੇ ਕਿਰਲੀ ਵਰਗਾ ਫੁਰਤੀਲਾ; ਟਾਕੀਆਂ ਲਗੇ ਉਸਦੇ ਪਾਟੇ ਕੱਪੜੇ ਉਸਦੇ ਸੁਕੜਵੇਂ ਮੋਢਿਆਂ ਉਤੇ ਲਟਕੇ ਹੁੰਦੇ ਹਨ ਤੇ ਉਸਦੀ ਧੁੱਪ ਤੇ ਮੈਲ ਨਾਲ ਕਲਖਾਈ ਚਮੜੀ ਅਣਗਿਣਤ ਲੰਗਾਰਾਂ ਦੇ ਵਿਚੋਂ ਦੀ ਝਾਤੀਆਂ ਮਾਰਦੀ ਹੁੰਦੀ ਹੈ।

ਉਹ ਘਾਹ ਦੀ ਸੁੱਕੀ ਤਿੜ ਵਰਗਾ ਲਗਦਾ ਹੈ, ਜਿਸਨੂੰ ਸਾਗਰ ਦੀ ਹਲਕੀ ਹਵਾ ਇਧਰ ਉਧਰ ਉਡਾਈ ਫਿਰਦੀ ਹੈ। ਪ੍ਰਭਾਤ ਹੋਣ ਤੋਂ ਲੈ ਕੇ ਰਾਤ ਪੈਣ ਤਕ ਪੇਪੇ ਟਾਪੂ ਉਤਲੇ ਪੱਥਰਾਂ ਉਤੇ ਛਲਾਂਗਾਂ ਲਾਉਂਦਾ ਰਹਿੰਦਾ ਹੈ ਤੇ ਹਰ ਘੰਟੇ ਤੁਸੀਂ ਉਸਦੀ ਅਣਥਕ ਮਹੀਨ ਜਿਹੀ ਆਵਾਜ਼ ਕਿਧਰੋਂ ਆਉਂਦੀ ਸੁਣ ਸਕਦੇ ਹੋ:

ਖ਼ੂਬਸੂਰਤ ਇਟਲੀ,
ਇਹ ਇਟਲੀ ਮੇਰਾ!

ਹਰ ਚੀਜ਼ ਵਿਚ ਉਸਦੀ ਦਿਲਚਸਪੀ ਹੈ: ਫੁੱਲਾਂ ਵਿਚ, ਜਿਹੜੇ ਇਸ ਚੰਗੀ ਧਰਤੀ ਉਤੇ ਮੇਲ੍ਹਾਂ ਪਾਉਂਦੇ ਉੱਗ ਖਲੋਂਦੇ ਨੇ; ਕਿਰਲੀਆਂ ਵਿਚ, ਜਿਹੜੀਆਂ ਊਦੇ ਪੱਥਰਾਂ ਵਿਚੋਂ ਦੀ ਸ਼ੂਟ ਵਟਦੀਆਂ ਨੇ; ਜ਼ੈਤੂਨ ਦੇ ਪੱਤਿਆਂ ਦੀ ਤਰਾਸ਼ੀ ਹੋਈ ਪੂਰਨਤਾ ਵਿਚਕਾਰ ਬੈਠੇ ਪੰਛੀਆਂ ਵਿਚ; ਅੰਗੂਰ ਦੀਆਂ ਵੇਲਾਂ ਦੀ ਨੀਲਮੀ ਨਕਸ਼ਾਕਸ਼ੀ ਵਿਚ; ਸਾਗਰ ਦੀ ਤਹਿ ਹੇਠਲੇ ਹਨੇਰੇ ਬਾਗ਼ਾਂ ਵਿਚਲੀਆਂ ਮੱਛੀਆਂ ਵਿਚ; ਤੇ ਸ਼ਹਿਰ ਦੀਆਂ

ਭੀੜੀਆਂ, ਵਿੰਗ-ਵਲੇਵੇਂ ਖਾਂਦੀਆਂ ਗਲੀਆਂ ਵਿਚ ਪਏ ਫਿਰਦੇ ਬਦੇਸੀਆਂ ਵਿਚ: ਮੂੰਹ ਉਤੇ ਤਲਵਾਰ ਦੇ ਫੱਟ ਦੇ ਨਿਸ਼ਾਨਵਾਲਾ ਮੋਟਾ ਜਰਮਨ; ਅੰਗਰੇਜ਼ ਜਿਹੜਾ ਹਮੇਸ਼ਾ ਹੀ ਮਾਨਵ-ਤ੍ਰਿਸਕਾਰੀ ਦਾ ਰੋਲ ਕਰ ਰਹੇ ਐਕਟਰ ਦੀ ਯਾਦ ਦੁਆਉਂਦਾ ਹੈ; ਅਮਰੀਕਨ, ਜਿਹੜਾ ਅੰਗਰੇਜ਼ ਵਰਗਾ ਲੱਗਣ ਦ੍ਰੀ ਵਿਅਰਥ ਕੋਸ਼ਿਸ਼ ਕਰਦਾ ਹੈ; ਤੇ ਛਣਕਣੇ ਵਾਂਗ ਖੱਪ ਪਾਉਂਦਾ ਅਦੁੱਤੀ ਫਰਾਂਸੀਸੀ।

"ਕਿਆ ਚਿਹਰਾ ਹੈ!" ਪੇਪੇ ਆਪਣੇ ਸਾਥੀਆਂ ਨੂੰ ਕਹਿੰਦਾ ਹੈ; ਉਸਨੇ ਆਪਣੀਆਂ ਤੀਖਣ ਨਜ਼ਰਾਂ ਜਰਮਨ ਉਤੇ ਗੱਡੀਆਂ ਹੁੰਦੀਆਂ ਹਨ, ਜਿਹੜਾ ਮਹਤਵਪੂਰਨ ਹੋਣ ਦੇ ਅਹਿਸਾਸ ਨਾਲ ਇੰਝ ਫੁੱਲਿਆ ਹੁੰਦਾ ਹੈ ਕਿ ਉਸਦੇ ਲੂੰ-ਕੰਡੇ ਹੋਏ ਲਗਦੇ ਨੇ। "ਇਹ ਹੈ ਮੂੰਹ, ਮੇਰੇ ਢਿੱਡ ਨਾਲੋਂ ਛੋਟਾ ਤਾਂ ਨਹੀਂ ਹੋਣਾ!"

ਪੇਪੇ ਨੂੰ ਜਰਮਨ ਲੋਕ ਪਸੰਦ ਨਹੀਂ, ਉਸਦੇ ਵਿਚਾਰ ਗਲੀਆਂ-ਬਜ਼ਾਰਾਂ, ਚੌਕਾਂ ਤੇ ਹਨੇਰੇ ਢਾਬਿਆਂ ਵਿਚਲੇ ਬੰਦਿਆਂ ਨਾਲ ਮਿਲਦੇ ਹਨ, ਜਿਥੇ ਸ਼ਹਿਰ ਵਾਲੇ ਸ਼ਰਾਬ ਪੀਂਦੇ, ਤਾਸ਼ ਖੇਡਦੇ, ਅਖ਼ਬਾਰ ਪੜ੍ਹਦੇ ਤੇ ਰਾਜਨੀਤਕ ਬਹਿਸਾਂ ਕਰਦੇ ਨੇ।

ਉਹ ਕਹਿੰਦੇ ਨੇ, "ਬਲਕਾਨ ਦੇ ਸਲਾਵ ਅਸਾਂ ਦੱਖਣ ਵਾਸੀਆਂ ਦੇ ਕਿਧਰੇ ਨੇੜੇ ਨੇ, ਸਾਡੇ ਚੰਗੇ ਇਤਿਹਾਦੀ ਨਾਲੋਂ ਜਿਸਨੇ ਸਾਡੀ ਮਿਤਰਤਾ ਦੇ ਇਨਾਮ ਵਜੋਂ ਸਾਨੂੰ ਅਫ਼ਰੀਕਾ ਦੀਆਂ ਰੇਤਾਂ ਪੇਸ਼ ਕੀਤੀਆਂ ਨੇ।"

ਦੱਖਣ ਦੇ ਸਾਧਾਰਨ ਲੋਕ ਦਿਨੋ ਦਿਨ ਵਧੇਰੇ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਨੇ ਤੇ ਪੇਪੇ ਸਭ ਕੁਝ ਸੁਣਦਾ ਹੈ, ਕੁਝ ਨਹੀਂ ਭੁੱਲਦਾ।

ਕੈਂਚੀ ਵਰਗੀਆਂ ਲੱਤਾਂ ਵਾਲਾ ਅੰਗਰੇਜ਼, ਉਦਾਸ ਉਦਾਸ, ਪਲਾਂਘਾਂ ਪੁੱਟਦਾ ਜਾ ਰਿਹਾ ਹੁੰਦਾ ਹੈ। ਉਸਦੇ ਅੱਗੇ ਪੇਪੇ ਕਿਸੇ ਮਰਸੀਏ ਵਰਗਾ ਜਾਂ ਬੱਸ ਸੋਗੀ ਗੀਤ ਵਰਗਾ ਕੁਝ ਗੁਣਗੁਣਾਉਂਦਾ ਹੈ:

ਯਾਰ ਮੇਰਾ ਹੈ ਚੱਲ ਵਸਿਆ,
ਪਤਨੀ ਮੇਰੀ ਘੋਰ ਉਦਾਸ;
ਮੈਨੂੰ ਸਮਝ ਨਾ ਆਵੇ ਕਿਹੜੀ
ਗੱਲ ਤੋਂ ਹੈ ਉਹ ਇੰਝ ਨਿਰਾਸ।

ਪੇਪੇ ਦੇ ਹਾਣੀ ਮਗਰ ਮਗਰ ਹਾਸੇ ਨਾਲ ਉਲਟਬਾਜ਼ੀਆਂ ਲਾਉਂਦੇ ਹੋਏ ਆ ਰਹੇ ਹੁੰਦੇ ਹਨ, ਤੇ ਜਦੋਂ ਵੀ ਬਦੇਸੀ ਸ਼ਾਂਤੀ ਨਾਲ ਆਪਣੀਆਂ ਧੁੰਦਲੀਆਂ ਅੱਖਾਂ ਦੇ ਵਿਚੋਂ ਉਹਨਾਂ ਵੱਲ ਵੇਖਦਾ ਹੈ ਤਾਂ ਉਹ ਕਾਹਲੀ ਨਾਲ ਚੂਹਿਆ ਵਾਂਗ ਝਾੜੀਆਂ ਵਿਚ ਜਾਂ ਕੰਧ ਪਿੱਛੇ ਲੁਕ ਜਾਂਦੇ ਹਨ।

ਪੇਪੇ ਬਾਰੇ ਕਿੰਨੀਆਂ ਸਾਰੀਆਂ ਦਿਲਚਸਪ ਕਹਾਣੀਆਂ ਦਸੀਆਂ ਜਾ ਸਕਦੀਆਂ ਨੇ।

ਇਕ ਦਿਨ ਕਿਸੇ ਸਿਨੋਰਾ ਨੇ ਆਪਣੇ ਬਾਗ਼ ਦੇ ਸਿਓਆਂ ਦੀ ਇਕ ਟੋਕਰੀ ਆਪਣੀ ਸਹੇਲੀ ਨੂੰ ਭੇਜੀ।

"ਕੰਮ ਕਰ, ਤੈਨੂੰ ਇਕ ਸੋਲਦੋ ਦੇਵਾਂਗੀ," ਉਹ ਕਹਿਣ ਲਗੀ। "ਇਹ ਤੈਨੂੰ ਮਾੜਾ ਨਹੀਂ ਰਹੇਗਾ..."

ਪੇਪੇ ਨੇ ਬੜੀ ਖ਼ੁਸ਼ੀ ਖ਼ੁਸ਼ੀ ਟੋਕਰੀ ਉਠਾਈ, ਆਪਣੇ ਸਿਰ ਉਤੇ ਟਿਕਾ ਕੇ ਰਖੀ ਤੇ ਤੁਰ ਪਿਆ। ਸ਼ਾਮ ਤੋਂ ਪਹਿਲਾਂ ਉਹ ਆਪਣਾ ਸੋਲਦੋ ਲੈਣ ਨਾ ਆਇਆ।

"ਤੈਨੂੰ ਕੋਈ ਕਾਹਲ ਨਹੀਂ ਸੀ ਲਗਦੀ," ਔਰਤ ਕਹਿਣ ਲਗੀ।

"ਆਹ, ਪਿਆਰੀ ਸਿਨੋਰਾ, ਪਰ ਮੈਂ ਏਨਾ ਥੱਕ ਗਿਆ ਹਾਂ!" ਪੇਪੇ ਨੇ ਠੰਡਾ ਸਾਹ ਭਰਦਿਆਂ ਜਵਾਬ ਦਿਤਾ। "ਤੁਹਾਨੂੰ ਪਤੈ, ਉਹ ਤਾਂ ਦੱਸ ਨਾਲੋਂ ਵੀ ਵਧ ਸਨ!"

"ਨਕੋ ਨਕ ਭਰੀ ਟੋਕਰੀ ਵਿਚ? ਦੱਸ ਸੇਬ?"

"ਸਿਓ ਨਹੀਂ ਸਿਨੋਰਾ, ਮੁੰਡੇ।"

"ਪਰ ਸਿਓਆਂ ਦਾ ਕੀ ਬਣਿਆ?"

"ਪਹਿਲਾਂ ਮੁੰਡੇ: ਮਾਈਕਲ, ਜੋਵਾਨੀ..."

ਔਰਤ ਨੂੰ, ਗ਼ੁੱਸਾ ਚੜ੍ਹ ਗਿਆ। ਉਸਨੇ ਪੇਪੇ ਨੂੰ ਮੋਢਿਆਂ ਤੋਂ ਫੜਿਆ ਤੇ ਝੰਜੋੜਿਆ:

"ਮੈਨੂੰ ਜਵਾਬ ਦੇ, ਸਿਉ ਦੇ ਕੇ ਆਇਆ ਕਿ ਨਹੀਂ?" ਉਹ ਚਿੱਲਾਈ।

"ਮੈਂ ਉਹਨਾਂ ਨੂੰ ਚੌਕ ਤੱਕ ਲੈ ਗਿਆ, ਸਿਨੋਰਾ! ਜ਼ਰਾ ਸੁਣੋ ਤਾਂ ਸਹੀ, ਮੈ ਕਿੰਨਾਂ ਚੰਗੀ ਤਰ੍ਹਾਂ ਪੇਸ਼ ਆਇਆ। ਪਹਿਲਾਂ ਤਾਂ ਮੈਂ ਉਹਨਾਂ ਦੇ ਹਾਸੇ-ਠੱਠਿਆਂ ਵੱਲ ਕੋਈ ਧਿਆਨ ਨਾ ਦਿਤਾ। ਉਹ ਬੇਸ਼ਕ ਮੇਰੀ ਗਧੇ ਨਾਲ ਤੁਲਨਾ ਦੇਂਦੇ ਰਹਿਣ, ਮੈਂ ਕਿਹਾ, ਸਿਨੋਰਾ ਦੀ ਇੱਜ਼ਤ ਖ਼ਾਤਰ, ਤੁਹਾਡੀ ਖ਼ਾਤਰ, ਸਿਨੋਰਾ, ਮੈਂ ਸਾਰਾ ਕੁਝ ਸਹਿ ਲਵਾਂਗਾ। ਪਰ ਜਦੋਂ ਉਹਨਾਂ ਨੇ ਮੇਰੀ ਮਾਂ ਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿਤਾ, ਤਾਂ ਮੈਂ ਕਿਹਾ ਹੁਣ ਬਹੁਤ ਹੋ ਗਈ ਏ। ਮੈਂ ਟੋਕਰੀ ਹੇਠਾਂ ਰਖ ਦਿਤੀ ਤੇ, ਤੁਹਾਡੇ ਵੇਖਣ ਵਾਲੀ ਗਲ ਸੀ, ਚੰਗੀ ਸਿਨੋਰਾ। ਮੈਂ ਕਿਵੇਂ ਫ਼ੁਰਤੀ ਨਾਲ ਤੇ ਨਿਸ਼ਾਨਾ ਬੰਨ੍ਹ ਕੇ ਉਹਨਾਂ ਛੋਟੇ ਛੋਟੇ ਧਾੜਵੀਆਂ ਨੂੰ ਸਿਓ ਮਾਰੇ। ਤੁਹਾਨੂੰ ਵੇਖ ਕੇ ਬਹੁਤ ਹਾਸਾ ਆਉਂਦਾ!"

"ਉਹ ਇਕ ਇਕ ਕਰਕੇ ਮੇਰੇ ਸੇਬ ਲੈ ਉਡੇ!" ਔਰਤ ਚਿੱਲਾਈ।

ਪੇਪੇ ਨੇ ਸੋਗੀ ਆਹ ਭਰੀ।

"ਓ, ਨਹੀਂ," ਉਹ ਬੋਲਿਆ, "ਜਿਹੜੇ ਸਿਓ ਨਿਸ਼ਾਨਾ ਖੁੰਝ ਗਏ, ਉਹ ਤਾਂ ਕੰਧ ਨਾਲ ਵੱਜ ਕੇ ਫਿੱਸ ਗਏ, ਪਰ ਬਾਕੀ ਦੇ ਅਸੀਂ ਖਾ ਲਏ, ਜਦੋਂ

ਮੈਂ ਆਪਣੇ ਦੁਸ਼ਮਣਾਂ ਨੂੰ ਮਾਰ ਭਜਾਇਆ ਤੇ ਉਹਨਾਂ ਨਾਲ ਸੁਲਹ-ਸਫ਼ਾਈ ਕਰ ਲਈ..."

ਔਰਤ ਕਿੰਨਾਂ ਚਿਰ ਚੀਕਦੀ ਰਹੀ ਤੇ ਪੇਪੇ ਦੇ ਨਿਕੇ ਜਿਹੇ ਉਸਤਰਾ-ਫਿਰੇ ਸਿਰ ਉਤੇ ਲਾਅਨਤਾਂ ਪਾਉਂਦੀ ਰਹੀ। ਉਹ ਬੜੇ ਧਿਆਨ੍ਹ ਨਾਲ ਤੇ ਨਿਮਰਤਾ ਨਾਲ ਸੁਣਦਾ ਰਿਹਾ, ਤੇ ਕਦੀ ਕਦੀ ਕਿਸੇ ਖ਼ਾਸ ਚੋਣਵੀਂ ਗਾਲ੍ਹ ਦੀ ਸ਼ਲਾਘਾ ਕਰਨ ਲਈ ਆਪਣੀ ਜੀਭ ਨਾਲ ਚਟਖਾਰਾ ਲਾਉਂਦਾ: "ਓਹੋ, ਕਿਆ ਸੁਹਣਾ ਕਿਹੈ! ਕਿਆ ਬੋਲੀ ਐ!"

ਤੇ ਜਦੋਂ ਆਖ਼ਰ ਉਸਦਾ ਗ਼ੁੱਸਾ ਨਿਕਲ ਗਿਆ ਤੇ ਉਹ ਉਸ ਕੋਲੋਂ ਚਲੀ ਗਈ, ਤਾਂ ਉਹ ਉਸਦੇ ਮਗਰ ਉੱਚੀ ਸਾਰੀ ਬੋਲਿਆ:

"ਪਰ, ਠੀਕ ਕਹਿਨਾਂ, ਤੁਸੀਂ ਇੰਝ ਲੋਹੇ-ਲਾਖੇ ਨਾ ਹੁੰਦੇ, ਜੇ ਤੁਸੀਂ ਵੇਖਿਆ ਹੁੰਦਾ ਕਿ ਤੁਹਾਡੇ ਬਾਗ਼ ਦੇ ਉਹਨਾਂ ਖ਼ੂਬਸੂਰਤ ਫਲਾਂ ਨਾਲ ਮੈਂ ਉਹਨਾਂ ਠੱਗਾਂ ਦੇ ਗੰਦੇ ਸਿਰਾਂ ਦੇ ਕਿੰਝ ਨਿਸ਼ਾਨੇ ਫੁੰਡੇ ਸਨ। ਆਹ, ਤੁਸੀਂ ਕਿਧਰੇ ਵੇਖਿਆ ਹੁੰਦਾ!—ਤੁਸੀਂ ਸਗੋਂ ਇਕ ਦੀ ਥਾਂ ਮੈਨੂੰ ਦੋ ਸੋਲਦੋ ਦੇਂਦੇ!"

ਮੂਰਖ ਔਰਤ ਉਸ ਜੇਤੂ ਦੇ ਸਨਿਮਰ ਮਾਣ ਨੂੰ ਨਾ ਸਮਝ ਸਕੀ, ਉਹ ਸਿਰਫ਼ ਉਸਨੂੰ ਆਪਣਾ ਘਸੁੰਨ ਦਿਖਾਉਂਦੀ ਰਹੀ।

ਪੇਪੇ ਦੀ ਭੈਣ ਉਸ ਨਾਲੋਂ ਕਿਤੇ ਵਡੀ ਸੀ, ਪਰ ਉਹਦੇ ਜਿੰਨੀਂ ਚੁਸਤ ਨਹੀਂ ਸੀ; ਉਹ ਕਿਸੇ ਅਮੀਰ ਅਮਰੀਕਨ ਦੇ ਬੰਗਲੇ ਵਿਚ ਘਰ ਦੀ ਸਫ਼ਾਈ ਕਰਨ ਵਾਲੀ ਨੌਕਰਾਣੀ ਜਾ ਲਗੀ। ਉਸਦੀ ਦਿੱਖ ਇਕ ਦਮ ਬਦਲ ਗਈ; ਉਹ ਸਾਫ਼-ਸੁਥਰੀ ਰਹਿਣ ਲਗ ਪਈ, ਉਸਦੀਆਂ ਗਲ੍ਹਾਂ ਗੁਲਾਬੀ ਭਾਹ ਮਾਰਨ ਲਗ ਪਈਆਂ, ਤੇ ਉਹ ਵਧਣ-ਫੁਲਣ ਲਗ ਪਈ, ਜਿਵੇਂ ਅਗਸਤ ਵਿਚ ਨਾਖ ਹੁੰਦੀ ਹੈ।

"ਤੂੰ ਹੁਣ ਹਰ ਰੋਜ਼ ਖਾਣਾ ਖਾਂਦੀ ਏਂ?" ਉਸਦਾ ਭਰਾ ਇਕ ਦਿਨ ਪੁਛੱਣ ਲਗਾ।

"ਦੋ ਵਾਰੀ, ਜੇ ਚਾਹਾਂ ਤਾਂ ਤਿੰਨ ਵਾਰੀ ਵੀ" ਉਹ ਮਾਣ ਨਾਲ ਬੋਲੀ।

"ਵੇਖੀਂ, ਦੰਦ ਨਾ ਘਸਾ ਲਈਂ," ਪੇਪੇ ਨੇ ਸਲਾਹ ਦਿਤੀ।

"ਕੀ ਤੇਰਾ ਮਾਲਕ ਬਹੁਤ ਅਮੀਰ ਏ?" ਉਸਨੇ ਕੁਝ ਰੁਕਕੇ ਪੁਛਿਆ।

"ਉਹ? ਮੇਰਾ ਖ਼ਿਆਲ ਏ—ਬਾਦਸ਼ਾਹ ਨਾਲੋਂ ਵੀ ਅਮੀਰ!"

"ਮੈਨੂੰ ਉੱਲੂ ਨਾ ਬਣਾ! ਉਸ ਕੋਲ ਪੈਂਟਾਂ ਕਿੰਨੀਆਂ ਨੇ?"

"ਕੁਝ ਕਿਹਾ ਨਹੀਂ ਜਾ ਸਕਦਾ।"

"ਦਸ?"

"ਸ਼ਾਇਦ ਜ਼ਿਆਦਾ ਹੀ ਹੋਣ..."

"ਤਾਂ ਫਿਰ ਇਕ ਮੈਨੂੰ ਲਿਆ ਦੇਹ। ਬਹੁਤੀ ਲੰਮੀ ਨਾ ਹੋਵੇ, ਪਰ ਗਰਮ ਹੋਵੇ," ਪੇਪੇ ਬੋਲਿਆ।

"ਕਾਹਦੇ ਲਈ?"

"ਤੂੰ ਵੇਖਦੀ ਨਹੀਂ, ਮੇਰੀ ਪੈਂਟ ਦਾ ਕੀ ਹਾਲ ਹੋਇਆ ਹੋਇਐ!"

ਵੇਖਣਾ ਕੋਈ ਮੁਸ਼ਕਲ ਨਹੀਂ ਸੀ, ਕਿਉਂਕਿ ਪੇਪੇ ਦੀ ਪੈਂਟ ਦਾ ਰਹਿ ਹੀ ਕੀ ਗਿਆ ਸੀ।

"ਹਾਂ," ਉਸਦੀ ਭੈਣ ਸਹਿਮਤ ਹੋ ਗਈ, "ਤੈਨੂੰ ਸਚਮੁਚ ਹੀ ਕਪੜਿਆਂ ਦੀ ਲੋੜ ਏ! ਪਰ ਹੋ ਸਕਦੈ, ਉਹ ਸੋਚੇ ਕਿ ਅਸੀਂ ਚੋਰੀ ਕੀਤੀ ਏ?"

"ਇਹ ਕਿਉਂ ਸੋਚਦੀਏਂ ਕਿ ਲੋਕ ਸਾਡੇ ਨਾਲੋਂ ਮੂਰਖ ਨੇ!" ਪੇਪੇ ਬੋਲਿਆ "ਜਿਸ ਬੰਦੇ ਕੋਲ ਬਹੁਤ ਸਾਰਾ ਕੁਝ ਹੈ, ਜੇ ਤੁਸੀਂ ਉਸਤੋਂ ਥੋਹੜਾ ਜਿੰਨਾ ਲੈ ਲਵੋ, ਤਾਂ ਇਸਨੂੰ ਚੋਰੀ ਕਰਨਾ ਨਹੀਂ ਕਹਿੰਦੇ, ਵੰਡਾਉਣਾ ਕਹਿੰਦੇ ਨੇ।"

"ਤੂੰ ਤਾਂ ਫ਼ਜ਼ੂਲ ਗੱਲਾਂ ਕਰਦੈਂ," ਉਸਦੀ ਭੈਣ ਸਹਿਮਤ ਨਹੀਂ ਸੀ। ਪਰ ਪੇਪੇ ਨੇ ਜਲਦੀ ਹੀ ਉਸਨੂੰ ਮਨਾ ਲਿਆ, ਤੇ ਜਦੋਂ ਉਹ ਹਲਕੇ-ਸਲੇਟੀ ਰੰਗ ਦੀ ਪੈਂਟ ਲੈ ਕੇ ਰਸੋਈ ਵਿਚ ਪਹੁੰਚੀ, ਜਿਹੜੀ ਪੇਪੇ ਦੇ ਕੱਦ ਨਾਲੋਂ ਕਿਧਰੇ ਲੰਮੀਂ ਲਗਦੀ ਸੀ, ਤਾਂ ਪੇਪੇ ਨੂੰ ਇਕ ਦਮ ਸੁਝ ਗਿਆ ਕਿ ਇਸ ਮੁਸ਼ਕਲ ਨੂੰ ਕਿਵੇਂ ਦੂਰ ਕਰਨਾ ਹੈ।

"ਮੈਨੂੰ ਚਾਕੂ ਦੇਹ!" ਉਹ ਬੋਲਿਆ।

ਦੋਵਾਂ ਨੇ ਮਿਲਕੇ ਜਲਦੀ ਨਾਲ ਅਮਰੀਕਨ ਦੀ ਪੈਂਟ ਨੂੰ ਮੁੰਡੇ ਦੇ ਬੜੇ ਸੋਹਣੇ ਸੂਟ ਵਿਚ ਬਦਲ ਦਿਤਾ। ਉਹਨਾਂ ਦੇ ਯਤਨਾਂ ਦਾ ਸਿਟਾ ਇਕ ਬੋਰੇ ਵਿਚ ਨਿਕਲਿਆ ਜਿਹੜਾ ਜ਼ਰਾ ਕੁ ਖੁਲ੍ਹਾ ਫੁੱਲਿਆ ਹੋਇਆ ਸੀ ਪਰ ਅਸੁਖਾਵਾਂ ਨਹੀਂ ਸੀ, ਜਿਸਨੂੰ ਗਲ ਦੁਆਲੇ ਪਾਈਆਂ ਜਾ ਸਕਣ ਵਾਲੀਆਂ ਤਣੀਆਂ ਨਾਲ ਮੋਢਿਆਂ ਉਤੇ ਸੁਟਿਆ ਜਾ ਸਕਦਾ ਸੀ, ਤੇ ਪੈਂਟ ਦੀਆਂ ਜੇਬਾਂ ਬਾਹਵਾਂ ਦਾ ਕੰਮ ਕਰਦੀਆਂ ਸਨ।

ਉਹ, ਹੋ ਸਕਦਾ ਹੈ, ਹੋਰ ਵੀ ਚੰਗਾ ਤੇ ਹੋਰ ਵੀ ਸੁਖਦਾਈ ਲਿਬਾਸ ਤਿਆਰ ਕਰ ਲੈਂਦੇ, ਜੇ ਪੈਂਟ ਦੇ ਮਾਲਕ ਦੀ ਪਤਨੀ ਵਿਚ ਨਾ ਆ ਟਪਕਦੀ। ਉਹ ਰਸੋਈ ਵਿਚ ਆਈ ਤੇ ਕਿੰਨੀਆਂ ਸਾਰੀਆਂ ਬੋਲੀਆਂ ਵਿਚ ਬੇਹਦ ਭੈੜੇ ਲਫ਼ਜ਼ ਓਨੀ ਹੀ ਭੈੜੀ ਤਰ੍ਹਾਂ ਬੋਲਣ ਲਗ ਪਈ ,ਜਿਵੇਂ ਕਿ ਅਮਰੀਕਨ ਆਮ ਕਰਕੇ ਬੋਲਦੇ ਹਨ।

ਪੇਪੇ ਉਸਦੇ ਸੁਭਾਸ਼ਨ ਨੂੰ ਰੋਕਣ ਲਈ ਕੁਝ ਨਾ ਕਰ ਸਕਿਆ; ਉਹ ਫੁੰਕਾਰੇ ਛਡਦਾ, ਆਪਣੇ ਹੱਥ ਨਾਲ ਦਿਲ ਨੂੰ ਦਬਾਉਂਦਾ, ਨਿਰਾਸ਼ਾ ਵਿਚ ਆਪਣਾ ਸਿਰ ਘੁੱਟ ਕੇ ਫੜ ਲੈਂਦਾ ਤੇ ਉੱਚੀ ਉੱਚੀ ਆਹਾਂ ਭਰਦਾ, ਪਰ ਉਹ ਸ਼ਾਂਤ ਨਾ ਹੋਈ ਜਦੋਂ ਤੱਕ ਉਸਦਾ ਪਤੀ ਨਾ ਉਸ ਥਾਂ ਪੁੱਜ ਗਿਆ।

"ਕੀ ਗੱਲ ਏ?" ਉਹ ਪੁੱਛਣ ਲੱਗਾ।

ਜਿਸਦੇ ਜਵਾਬ ਵਿਚ ਪੇਪੇ ਬੋਲ ਉਠਿਆ:

"ਸਿਨੋਰ, ਮੈਨੂੰ ਇਸ ਸਾਰੇ ਰੌਲੇ-ਰੱਪੇ ਉਤੇ ਹੈਰਾਨੀ ਹੋਈ ਹੈ, ਜਿਹੜਾ ਤੁਹਾਡੀ ਸਿਨੋਰਾ ਨੇ ਪਾਇਆ ਏ, ਦਰਅਸਲ, ਮੈਨੂੰ ਤੁਹਾਡੀ ਖ਼ਾਤਰ ਸਗੋਂ ਕੁਝ ਗ਼ੁੱਸਾ ਵੀ ਲੱਗਾ ਏ। ਜਿਥੋਂ ਤੱਕ ਮੈਂ ਸਮਝਿਆ ਹਾਂ, ਉਹ ਸਮਝਦੀ ਏ ਕਿ ਅਸੀਂ ਪੈਂਟ ਖ਼ਰਾਬ ਕਰ ਦਿਤੀ ਏ, ਪਰ ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਇਹ ਮੇਰੇ ਲਈ ਬਿਲਕੁਲ ਠੀਕ ਏ। ਉਹ ਜ਼ਰੂਰ ਸੋਚ ਰਹੀ ਏ ਕਿ ਮੈਂ ਤੁਹਾਡੀ ਆਖ਼ਰੀ ਪੈਂਟ ਖੋਹ ਲਈ ਏ, ਤੇ ਤੁਸੀਂ ਹੋਰ ਪੈਂਟ ਖ਼ਰੀਦਣ ਦੀ ਸਮਰੱਥਾ ਨਹੀਂ ਰਖਦੇ..."

ਤੇ ਅਮਰੀਕਨ, ਜਿਹੜਾ ਸ਼ਾਂਤੀ ਨਾਲ ਉਸਦੀ ਤਕਰੀਰ ਸੁਣਦਾ ਰਿਹਾ ਸੀ, ਬੋਲਿਆ:

"ਤੇ ਮੇਰਾ ਖ਼ਿਆਲ ਏ, ਨੌਜਵਾਨ, ਕਿ ਮੈਨੂੰ ਪੁਲੀਸ ਬੁਲਾਉਣੀ ਚਾਹੀਦੀ ਏ।"

"ਅੱਛਾ?" ਪੇਪੇ ਬਹੁਤ ਹੈਰਾਨ ਹੋ ਕੇ ਬੋਲਿਆ। "ਕਾਹਦੇ ਲਈ?"

"ਤੈਨੂੰ ਜੇਲ੍ਹ ਲਿਜਾਣ ਲਈ..."

ਪੇਪੇ ਨੂੰ ਬੜਾ ਰੰਜ ਹੋਇਆ। ਅਸਲ ਵਿਚ, ਉਹ ਰੋਣ ਨੂੰ ਵੀ ਤਿਆਰ ਸੀ, ਪਰ ਉਸਨੇ ਆਪਣੇ ਹੰਝੂ ਪੀ ਲਏ ਤੇ ਬੜੇ ਠਾਠ ਨਾਲ ਬੋਲਿਆ:

"ਜੇ ਤੁਹਾਡੀ ਇਹ ਪਸੰਦ ਹੈ, ਸਿਨੋਰ, ਜੇ ਤੁਹਾਨੂੰ ਲੋਕਾਂ ਨੂੰ ਜੇਲ੍ਹ ਵਿਚ ਭੇਜਣਾ ਚੰਗਾ ਲਗਦੈ, ਤਾਂ—ਠੀਕ ਹੈ! ਪਰ ਮੈਂ ਇੰਝ ਨਹੀਂ ਕਰਾਂਗਾ ਜੇ ਮੇਰੇ ਕੋਲ ਕਈ ਪੈਂਟਾਂ ਹੋਣ ਤੇ ਤੁਹਾਡੇ ਕੋਲ ਕੋਈ ਨਾ ਹੋਵੇ! ਮੈਂ ਤੁਹਾਨੂੰ ਦੋ, ਸਗੋਂ ਤਿੰਨ ਪੈਂਟਾਂ ਵੀ ਦੇ ਦੇਵਾਂਗਾ; ਭਾਵੇਂ ਕਿ ਤਿੰਨ ਪੈਂਟਾਂ ਇਕੋ ਵੇਲੇ ਪਾਉਣੀਆਂ ਅਸੰਭਵ ਨੇ! ਖ਼ਾਸ ਤੌਰ ਤੇ ਗਰਮੀਆਂ ਦੇ ਮੌਸਮ ਵਿਚ..."

ਅਮਰੀਕਨ ਖਿੜ-ਖਿੜਾ ਕੇ ਹੱਸ ਪਿਆ, ਕਿਉਂਕਿ ਕਦੀ ਕਦੀ ਅਮੀਰ ਲੋਕ ਵੀ ਮਜ਼ਾਕ ਸਮਝ ਸਕਦੇ ਨੇ। ਫਿਰ ਉਸਨੇ ਪੇਪੇ ਨੂੰ ਕੁਝ ਚਾਕਲੇਟ ਦਿਤੇ, ਤੇ ਇਕ ਫ਼ਰਾਂਕ ਦਾ ਸਿੱਕਾ ਦਿਤਾ। ਪੇਪੇ ਨੇ ਸਿੱਕੇ ਨੂੰ ਚੱਕ ਮਾਰ ਕੇ ਵੇਖਿਆ ਤੇ ਧੰਨਵਾਦ ਕਰਦਾ ਬੋਲਿਆ:

"ਸ਼ੁਕਰੀਆ, ਸਿਨੋਰ! ਸਿੱਕਾ ਲਗਦਾ ਤਾਂ ਅਸਲੀ ਹੈ?"

ਪੇਪੇ ਸਭ ਤੋਂ ਚੰਗਾ ਉਦੋਂ ਲਗਦਾ ਹੈ ਜਦੋਂ ਉਹ ਕਿਧਰੇ ਚਟਾਨਾਂ ਵਿਚ ਇਕੱਲਾ ਖੜਾ ਹੁੰਦਾ ਹੈ, ਸੋਚਾਂ ਵਿਚ ਡੁੱਬਾ ਉਹਨਾਂ ਦੀਆਂ ਤ੍ਰੇੜਾਂ ਦਾ ਨਰੀਖਣ ਕਰਦਾ ਹੋਇਆ, ਜਿਵੇਂ ਕਿ ਚਟਾਨੀ ਜੀਵਨ ਦੇ ਹਨੇਰੇ ਇਤਿਹਾਸ ਨੂੰ ਪੜ੍ਹ ਰਿਹਾ ਹੋਵੇ। ਇਹੋ ਜਿਹੇ ਮੌਕਿਆਂ ਉਤੇ ਉਸਦੀਆਂ ਚੰਚਲ ਅੱਖਾਂ ਫੈਲੀਆਂ ਹੋਈਆਂ ਹੁੰਦੀਆਂ ਹਨ, ਉਸਦੇ ਪਤਲੇ ਪਤਲੇ ਹੱਥ ਪਿੱਠ ਪਿੱਛੇ ਜੁੜੇ ਹੁੰਦੇ ਹਨ, ਤੇ ਉਸਦਾ ਸਿਰ, ਜ਼ਰਾ ਕੁ ਇਕ

ਪਾਸੇ ਝੁਕਿਆ ਹੋਇਆ, ਥੋੜ੍ਹਾ ਥੋੜ੍ਹਾ ਇਧਰ ਉਧਰ ਹਿਲਦਾ ਹੈ, ਜਿਵੇਂ ਹਵਾ ਵਿਚ ਫੁੱਲ ਹਿੱਲਦਾ ਹੈ। ਤੇ ਉਹ ਕੁਝ ਹੌਲੀ ਹੌਲੀ ਗੁਣਗੁਣਾ ਰਿਹਾ ਹੁੰਦਾ ਹੈ—ਉਹ ਹਮੇਸ਼ਾ ਹੀ ਗਾਉਂਦਾ ਰਹਿੰਦਾ ਹੈ।

ਉਹ ਉਦੋਂ ਵੀ ਚੰਗਾ ਲਗਦਾ ਹੈ, ਜਦੋਂ ਉਹ ਫੁੱਲਾਂ ਵੱਲ ਵੇਖ ਰਿਹਾ ਹੁੰਦਾ ਹੈ—ਵਿਸਤਾਰੀਆ ਦੇ ਫੁੱਲਾਂ ਵੱਲ ਜਿਹੜੇ ਕੰਧਾਂ ਉਤੇ ਊਦੇ ਰੰਗ ਦਾ ਹੜ੍ਹ ਲੈ ਆਉਂਦੇ ਨੇ। ਉਹਨਾਂ ਸਾਮ੍ਹਣੇ ਇਹ ਮੁੰਡਾ ਵਾਇਲਿਨ ਦੀ ਤਾਰ ਵਾਂਗ ਸਿਧਾ ਖੜ੍ਹਾ ਰਹਿੰਦਾ ਹੈ, ਜਿਵੇਂ ਕਿ ਉਹ ਸਾਗਰ ਵਲੋਂ ਆਉਂਦੀ ਹਵਾ ਦੇ ਸਾਹ ਨਾਲ ਹਿਲਦੀਆਂ ਰੇਸ਼ਮੀ ਪੱਤੀਆਂ ਦੀ ਥਰਥਰਾਹਟ ਨੂੰ ਸੁਣ ਰਿਹਾ ਹੋਵੇ।

ਉਹਨਾਂ ਵੱਲ ਵੇਖਦਾ ਹੋਇਆ ਉਹ ਗਾਈ ਜਾਂਦਾ ਹੈ:

"ਫ਼ਿਓਰੀਨੋ ... ਓ ... ਫ਼ਿਓਰੀਨੋ .. ਓ ..."

ਤੇ ਦੂਰੋਂ, ਕਿਸੇ ਵਡੇ ਸਾਰੇ ਢੋਲ ਦੀ ਆਵਾਜ਼ ਵਾਂਗ, ਸਾਗਰ ਦੀਆਂ ਦੱਬੀਆਂ ਆਹਾਂ ਸੁਣਾਈ ਦੇਂਦੀਆਂ ਹਨ। ਤਿੱਤਲੀਆਂ ਫੁੱਲਾਂ ਉਪਰ ਇਕ ਦੂਜੀ ਦਾ ਪਿੱਛਾ ਕਰਦੀਆਂ ਨੇ। ਪੇਪੇ ਸਿਰ ਚੁੱਕਦਾ ਤੇ ਉਹਨਾਂ ਦਾ ਉਡਦੀਆਂ ਦਾ ਨਜ਼ਰਾਂ ਨਾਲ ਪਿੱਛਾ ਕਰਦਾ ਹੈ, ਧੁੱਪ ਵਿਚ ਅੱਖਾਂ ਝਮਕਦਾ ਹੋਇਆ, ਬੁਲ੍ਹ ਥੋੜ੍ਹੇ ਜਿਹੇ ਹਸਦ ਤੇ ਉਦਾਸੀ ਦੀ ਰੰਗਤ ਰਖਦੀ ਮੁਸਕ੍ਰਾਹਟ ਵਿਚ ਖੁਲ੍ਹੇ ਹੋਏ, ਤਾਂ ਵੀ ਇਹ ਮੁਸਕ੍ਰਾਹਟ ਧਰਤੀ ਉਤੇ ਵਸਦੇ ਕਿਸੇ ਉਚੇਰੇ ਜੀਵ ਦੀ ਮੁਸਕ੍ਰਾਹਟ ਹੁੰਦੀ ਹੈ।

"ਚੋ!" ਉਹ ਹਰੇ ਰੰਗ ਦੇ ਕਿਰਲੇ ਨੂੰ ਡਰਾਉਣ ਲਈ ਤਾੜੀ ਮਾਰਦਾ ਹੋਇਆ ਕੂਕਦਾ ਹੈ।

ਤੇ ਜਦੋਂ ਸਾਗਰ ਏਨਾ ਸ਼ਾਂਤ ਹੁੰਦਾ ਹੈ ਕਿ ਸ਼ੀਸ਼ੇ ਵਾਂਗ ਲਗਦਾ ਹੈ, ਤੇ ਚਟਾਨਾਂ ਉਤੇ ਕਿਨਾਰੇ ਨਾਲ ਆ ਕੇ ਵਜਦੀਆਂ ਲਹਿਰਾਂ ਦੀ ਚਿੱਟੀ ਕਿੰਗਰੀ ਨਹੀਂ ਹੁੰਦੀ, ਤਾਂ ਪੇਪੇ ਇਕ ਪੱਥਰ ਉਤੇ ਬੈਠਾ ਆਪਣੀਆਂ ਚਮਕਦੀਆਂ ਅੱਖਾਂ ਨਾਲ ਪਾਰ-ਦਰਸ਼ੀ ਪਾਣੀ ਵਿਚ ਇਕ-ਟਿਕ ਵੇਖਦਾ ਹੈ, ਜਿਥੇ ਲਾਲ ਜਿਹੇ ਸਮੁੰਦਰੀ ਘਾਹ ਵਿਚ ਮਛੀਆਂ ਆਰਾਮ ਨਾਲ ਤਰ ਰਹੀਆਂ ਹੁੰਦੀਆਂ ਨੇ, ਝੀਂਗਾ ਮੱਛੀ ਅੱਗੇ ਪਿੱਛੇ ਆ ਜਾ ਰਹੀ ਹੁੰਦੀ ਹੈ ਤੇ ਕੇਕੜਾ ਪਾਸਿਆਂ ਵੱਲ ਰੀਂਗ ਰਿਹਾ ਹੁੰਦਾ ਹੈ। ਤੇ ਇਸ ਚੁੱਪ-ਚਾਂ ਵਿਚ ਮੁੰਡੇ ਦੀ ਸਪਸ਼ਟ ਤੇ ਦਿਲਗੀਰ ਆਵਾਜ਼ ਨੀਲੇ ਪਾਣੀਆਂ ਉਪਰ ਮਲਕੜੇ ਜਿਹੇ ਵਹਿ ਰਹੀ ਹੁੰਦੀ ਹੈ:

"ਹੇ ਸਾਗਰ... ਹੇ ਸਾਗਰ..."

ਵੱਡੀ ਉਮਰ ਦੇ ਲੋਕ ਪੇਪੇ ਨੂੰ ਵੇਖ ਕੇ ਕਹਿੰਦੇ ਨੇ:

"ਇਹ ਮੁੰਡਾ ਅਰਾਜਕਤਾਵਾਦੀ ਬਣੇਗਾ!"

ਪਰ ਵਧੇਰੇ ਦਿਆਲੂ ਲੋਕ, ਜਿਹੜੇ ਵਧੇਰੇ ਸੋਝੀ ਰਖਦੇ ਨੇ, ਇਕ ਦੂਜੇ ਵੱਲ ਦੇਖਦੇ ਨੇ ਤੇ ਕਹਿੰਦੇ ਨੇ: "ਪੇਪੇ ਸਾਡਾ ਕਵੀ ਬਣੇਗਾ..."

ਤੇ ਤਰਖ਼ਾਣ ਪਾਸਕੁਆਲੀਨੋਂ, ਇਕ ਬਜ਼ੁਰਗ ਜਿਸਦਾ ਸਿਰ ਇੰਝ ਲਗਦਾ ਹੈ ਜਿਵੇਂ ਚਾਂਦੀ ਵਿਚ ਢਾਲਿਆ ਗਿਆ ਹੋਵੇ ਤੇ ਚਿਹਰਾ ਬਿਲਕੁਲ ਉਸ ਤਰ੍ਹਾਂ ਦਾ ਜਿਸ ਤਰ੍ਹਾਂ ਦਾ ਪੁਰਾਤਨ ਰੋਮਨ ਸਿੱਕਿਆਂ ਉਤੇ ਉਭਰਿਆ ਹੁੰਦਾ ਹੈ—ਸਿਆਣਾ ਤੇ ਸਤਿਕਾਰਿਆ ਪਾਸਕੁਆਲੀਨੋ ਆਪਣੀ ਹੀ ਰਾਏ ਰਖਦਾ ਹੈ:

"ਸਾਡੇ ਬੱਚੇ ਸਾਡੇ ਨਾਲੋ ਕਿਧਰੇ ਜ਼ਿਆਦਾ ਚੰਗੇ ਹੋਣਗੇ, ਤੇ ਉਹ ਕਿਧਰੇ ਜ਼ਿਆਦਾ ਚੰਗੀ ਤਰ੍ਹਾਂ ਰਹਿਣਗੇ!"

ਬਹੁਤ ਸਾਰੇ ਲੋਕ ਉਸਦੀ ਗੱਲ ਵਿਚ ਯਕੀਨ ਰਖਦੇ ਨੇ।

੧੯੧੧

ਮਨੁੱਖ ਦਾ ਜਨਮ

ਇਹ ਗੱਲ ਕਾਲ ਵਾਲੇ ਸਾਲ '੯੨ ਵਿਚ ਵਾਪਰੀ ਸੀ, ਸੁਖੂਮ ਤੇ ਓਚੇਮਚੀਰੀ ਦੇ ਵਿਚਕਾਰ, ਕੋਦੋਰ ਦਰਿਆ ਦੇ ਕੰਢੇ, ਜਿਹੜਾ ਸਾਗਰ ਤੋਂ ਕੁਝ ਹੀ ਦੂਰ ਹੈ। ਚਮਕਦੀ ਪਹਾੜੀ ਨਦੀ ਦੀ ਖ਼ੁਸ਼ੀ-ਭਰੀ ਗੁੜਗੁੜ ਦੇ ਨਾਲ ਨਾਲ ਸਾਗਰ ਦੀਆਂ ਲਹਿਰਾਂ ਦੀ ਮਧਮ ਜਿਹੀ ਥਪ-ਥਪ ਸਪਸ਼ਟ ਸੁਣਾਈ ਦੇਂਦੀ ਸੀ।

ਪਤਝੜ ਦਾ ਮੌਸਮ ਸੀ। ਚੈਰੀ ਲਾਰਲ ਦੇ ਪੀਲੇ ਪੱਤੇ ਨਿੱਕੀਆਂ ਨਿਕੀਆਂ ਫੁਰਤੀਲੀਆਂ ਟਰਾਊਟ ਮੱਛੀਆਂ ਵਾਂਗ ਕੋਦੋਰ ਦੀ ਝੱਗ ਵਿਚ ਚੱਕਰ ਖਾ ਰਹੇ ਤੇ ਹਿੱਲ ਰਹੇ ਸਨ। ਮੈਂ ਦਰਿਆ ਦੇ ਕੰਢੇ ਉਤੇ ਪੱਥਰਾਂ ਉਤੇ ਬੈਠਾ ਸਾਂ, ਤੇ ਸੋਚ ਰਿਹਾ ਸਾਂ ਕਿ ਸਮੁੰਦਰੀ ਅਬਾਬੀਲਾਂ ਤੇ ਇਲਾਂ ਵੀ ਸ਼ਾਇਦ ਪੱਤਿਆਂ ਨੂੰ ਮੱਛੀਆਂ ਸਮਝ ਰਹੀਆਂ ਸਨ ਤੇ ਨਿਰਾਸ਼ ਹੋ ਰਹੀਆਂ ਸਨ। ਤੇ ਇਹੋ ਕਾਰਨ ਸੀ ਕਿ ਉਹ ਉਥੇ, ਸੱਜੇ ਪਾਸੇ ਵੱਲ, ਦਰਖ਼ਤਾਂ ਤੋਂ ਪਾਰ, ਜਿਥੇ ਸਾਗਰ ਪਟਕ ਰਿਹਾ ਸੀ, ਨਾਰਾਜ਼ ਹੋਈਆਂ ਹੋਈਆਂ ਚੀਕ-ਚਿਹਾੜਾ ਪਾ ਰਹੀਆਂ ਸਨ।

ਮੇਰੇ ਉਤਲੇ ਸ਼ਾਹਬਲੂਤ ਦੇ ਦਰਖ਼ਤ ਜਿਵੇਂ ਸੁਨਹਿਰੀ ਸਿਲਮੇ-ਸਿਤਾਰੇ ਨਾਲ ਜੜੇ ਹੋਏ ਸਨ, ਤੇ ਮੇਰੇ ਪੈਰਾਂ ਵਿਚ ਅਣਗਿਣਤ ਪੱਤੇ ਪਏ ਸਨ ਜਿਹੜੇ ਮਨੁੱਖੀ ਬਾਹਵਾਂ ਨਾਲੋਂ ਕੱਟੇ ਗਏ ਹੱਥਾਂ ਵਾਂਗ ਲਗਦੇ ਸਨ। ਦੂਜੇ ਕੰਢੇ ਦੇ ਦਰਖ਼ਤਾਂ ਦੀਆਂ ਟਾਹਣੀਆਂ ਪਹਿਲਾਂ ਹੀ ਸੱਖਣੀਆਂ ਹੋ ਚੁਕੀਆਂ ਸਨ ਤੇ ਹਵਾ ਵਿਚ ਇਕ ਪਾਟੇ ਹੋਏ ਜਾਲ ਵਾਂਗ ਲਟਕ ਰਹੀਆਂ ਸਨ। ਤੇ ਉਹਨਾਂ ਵਿਚ, ਜਿਵੇਂ ਕਿ ਫਸਿਆ ਹੋਵੇ, ਪੀਲਾ ਤੇ ਲਾਲ ਪਹਾੜੀ ਚੱਕੀਰਾਹ ਫੁਦਕ ਰਿਹਾ ਸੀ ਤੇ ਕੀੜਿਆਂ ਨੂੰ ਬਾਹਰ ਕੱਢਣ ਲਈ ਆਪਣੀ ਕਾਲੀ ਚੁੰਜ ਨਾਲ ਦਰਖ਼ਤ ਦੀ ਛਿੱਲ ਨੂੰ ਠਕੋਰ ਰਿਹਾ ਸੀ, ਜਿਨ੍ਹਾਂ ਕੀੜਿਆਂ ਨੂੰ ਕਿ ਦੂਰ ਉੱਤਰ ਵਲੋਂ ਆਏ ਪਰਾਹੁਣੇ — ਨਿੱਕੇ ਨਿੱਕੇ ਪੰਛੀ — ਖਾ ਜਾਂਦੇ ਸਨ।

ਮੇਰੇ ਖੱਬੇ ਪਾਸੇ ਪਹਾੜਾਂ ਦੀਆਂ ਚੋਟੀਆਂ ਤੋਂ ਹੇਠਾਂ ਧੂੰ ਵਰਗੇ ਬੱਦਲ ਲਟਕੇ ਹੋਏ ਸਨ, ਜਿਹੜੇ ਬਾਰਸ਼ ਦੀ ਧਮਕੀ ਦੇ ਰਹੇ ਸਨ। ਉਹਨਾਂ ਦੇ ਪਰਛਾਵੇਂ ਹਰੀਆਂ ਢਲਵਾਨਾਂ ਉਤੇ ਰੀਂਗ ਰਹੇ] ਸਨ ਜਿਥੇ ਮੁਰਦਾ ਜਿਹੇ ਲਗਦੇ ਬਾਕਸ-ਵੁਡ ਦੇ ਦਰਖ਼ਤ ਉਗੇ ਹੋਏ ਸਨ ਤੇ ਜਿਥੇ, ਪੁਰਾਤਨ ਬੀਚ ਤੇ ਲਿੰਡਨ ਦੇ ਦਰਖ਼ਤਾਂ ਦੀਆਂ ਖੋਹਾਂ ਵਿਚ ਜੰਗਲੀ ਸ਼ਹਿਦ ਲਭਿਆ ਜਾ ਸਕਦਾ ਹੈ, ਜਿਸ ਨੇ ਰੋਮ ਦੀ ਸਲਤਨਤ ਦੇ ਦਿਨਾਂ ਵਿਚ ਮਹਾਨ ਪੌਮਪੇ ਦੇ ਫ਼ੌਜੀਆਂ ਨੂੰ ਲਗਭਗ ਨਸ਼ਟ ਕਰ ਦਿਤਾ ਸੀ, ਜਿਨ੍ਹਾਂ ਦੀ ਇਕ ਪੂਰੀ ਪਲਟਨ ਇਸ ਨਸ਼ੀਲੇ ਸ਼ਹਿਦ ਨਾਲ ਪੈਰਾਂ ਤੋਂ ਉੱਖੜ ਗਈ ਸੀ। ਮਖਿਆਰੀਆਂ ਇਸਨੂੰ ਲਾਰਲ ਤੇ ਅਜ਼ੇਲੀਆਂ ਦੇ ਫੁੱਲਾਂ ਤੋਂ ਤਿਆਰ ਕਰਦੀਆਂ ਹਨ ਤੇ ਰਾਹ-ਜਾਂਦੇ ਲੋਕ ਇਸਨੂੰ ਦਰਖ਼ਤਾਂ ਦੀਆਂ ਖੋਹਾਂ ਵਿਚੋਂ ਝਪਟਾ ਮਾਰ ਕੇ ਕਢ ਲੈਂਦੇ ਹਨ ਤੇ ਫਿਰ ਲਵਾਸ਼—ਆਟੇ ਦੀ ਪਤਲੀ ਰੋਟੀ—ਉਤੇ ਲਾ ਕੇ ਖਾਂਦੇ ਹਨ।

ਸ਼ਾਹਬਲੂਤ ਦੇ ਦਰਖ਼ਤਾਂ ਹੇਠਾਂ ਪੱਥਰਾਂ ਉਤੇ ਬੈਠਾ ਹੋਇਆ ਤੇ ਗ਼ੁਸੈਲ ਮਖਿਆਰੀਆਂ ਦੇ ਡੰਗਾਂ ਨੂੰ ਸੇਕਦਾ ਹੋਇਆ, ਮੈਂ ਬਿਲਕੁਲ ਇਹੋ ਕਰ ਰਿਹਾ ਸਾਂ। ਮੈਂ ਸ਼ਹਿਦ ਨਾਲ ਭਰੇ ਚਾਹ ਵਾਲੇ ਡੱਬੇ ਵਿਚ ਰੋਟੀ ਦੇ ਟੁਕੜੇ ਡਬੋਂਦਾ ਤੇ ਖਾਈ ਜਾਂਦਾ, ਤੇ ਨਾਲ ਹੀ ਨਾਲ ਥੱਕੇ ਹੋਏ ਪਤਝੜੀ ਸੂਰਜ ਦੀਆਂ ਅਲਸਾਈਆਂ ਹੋਈਆਂ ਕਲੋਲਾਂ ਨੂੰ ਮਾਣ ਰਿਹਾ ਸਾਂ।

ਪਤਝੜ ਵਿਚ ਕਾਕੇਸ਼ੀਆ ਬਿਲਕੁਲ ਕਿਸੇ ਸ਼ਾਨਦਾਰ ਗਿਰਜੇ ਵਾਂਗ ਹੁੰਦਾ ਹੈ ਜਿਸਨੂੰ ਮਹਾਂ ਸਿਆਣੇ ਆਦਮੀਆਂ ਨੇ—ਉਹ ਅਕਸਰ ਹੀ ਮਹਾਂ ਪਾਪੀ ਵੀ ਹੁੰਦੇ ਹਨ—ਆਪਣੇ ਬੀਤੇ ਨੂੰ ਜ਼ਮੀਰ ਦੀਆਂ ਤੇਜ਼ ਨਜ਼ਰਾਂ ਤੋਂ ਬਚਾਉਣ ਲਈ ਬਣਾਇਆ ਹੋਵੇ; ਸੋਨੇ, ਫਰੋਜ਼ੇ ਤੇ ਨੀਲਮ ਨਾਲ ਜੜਿਆ ਵਿਸ਼ਾਲ ਮੰਦਰ; ਪਹਾੜਾਂ ਦੇ ਪਾਸਿਆਂ ਵੱਲ ਸਮਰਕੰਦ ਤੇ ਸ਼ਿਮਾਹਾ ਵਿਚ ਤੁਰਕਮਾਨੀਆਂ ਹਥੀਂ ਰੇਸ਼ਮ ਨਾਲ ਉਣੇ ਸੁਹਣੇ ਤੋਂ ਸੁਹਣੇ ਕਾਲੀਨ ਵਿਛੇ ਹੁੰਦੇ ਹਨ। ਉਹਨਾਂ ਨੇ ਸਾਰੀ ਦੁਨੀਆਂ ਨੂੰ ਲੁੱਟਿਆ ਤੇ ਆਪਣੀ ਲੁੱਟ ਦਾ ਮਾਲ ਇਥੇ, ਸੂਰਜ ਦੀਆਂ ਨਜ਼ਰਾਂ ਸਾਮ੍ਹਣੇ, ਲੈ ਆਂਦਾ ਜਿਵੇਂ ਕਿ ਉਹ ਕਹਿਣਾ ਚਾਹੁੰਦੇ ਹੋਣ:

"ਤੇਰੇ ਤੋਂ ਲੈ—ਤੇਰੇ ਬੰਦੇ ਤੈਨੂੰ ਹੀ ਭੇਟ ਕਰਦੇ ਨੇ!"

ਲੰਮੀਆਂ ਦਾੜ੍ਹੀਆਂ ਵਾਲੇ ਤੇ ਧੌਲੇ ਵਾਲਾਂ ਵਾਲੇ ਦੇਵ, ਜਿਨ੍ਹਾਂ ਦੀਆਂ ਅੱਖਾਂ ਖ਼ੁਸ਼ ਬੱਚਿਆਂ ਵਾਂਗ ਮੋਟੀਆਂ ਮੋਟੀਆਂ ਹਨ, ਮੈਂ ਪਹਾੜਾਂ ਤੋਂ ਹੇਠਾਂ ਆਉਂਦੇ ਵੇਖਦਾ ਹਾਂ—ਧਰਤੀ ਨੂੰ ਸਜਾਉਂਦੇ ਹੋਏ, ਆਪਣੇ ਬਹੁ-ਰੰਗੇ ਖ਼ਜ਼ਾਨੇ ਖੁਲ੍ਹੇ ਹੱਥੀਂ ਖਿਲਾਰਦੇ ਹੋਏ, ਪਹਾੜਾਂ ਦੀਆਂ ਟੀਸੀਆਂ ਨੂੰ ਚਾਂਦੀ ਦੀਆਂ ਮੋਟੀਆਂ ਤਹਿਆਂ ਨਾਲ ਢਕਦੇ ਹੋਏ, ਤੇ ਚਬੂਤਰਿਆਂ ਨੂੰ ਵੰਨ-ਸੁਵੰਨੇ ਦਰਖਤਾਂ ਦੇ ਸਜੀਵ ਕੱਪੜੇ ਵਿਚ ਲਪੇਟਦੇ ਹੋਏ। ਤੇ ਉਹਨਾਂ ਦੇ ਹੱਥਾਂ ਵਿਚ ਧਰਤੀ ਦਾ ਇਹ ਰੱਬ-ਨਿਵਾਜਿਆ ਟੁਕੜਾ ਕਿਆਸੋਂ-ਬਾਹਰੀ ਸੁੰਦਰਤਾ ਧਾਰਨ ਕਰ ਲੈਂਦਾ ਹੈ।

ਦੁਨੀਆਂ ਵਿਚ ਇਨਸਾਨ ਦਾ ਰੁਤਬਾ ਵੀ ਕਿਆ ਖ਼ੂਬ ਹੈ! ਕਿੰਨੀਆ ਅਦਭੁਤ ਚੀਜ਼ਾਂ ਤੁਸੀਂ ਵੇਖਦੇ ਹੋ; ਸੁੰਦਰਤਾ ਦੇ ਸਨਮੁਖ ਸ਼ਾਂਤ ਜਿਹੀ ਪ੍ਰਸੰਨਤਾ ਵਿਚ ਤੁਹਾਡਾ ਦਿਲ ਕਿਵੇਂ ਸਤਾਉਣ ਵਾਲੇ ਮਿੱਠੇ ਢੰਗ ਨਾਲ ਬਿਹਬਲ ਹੋ ਉਠਦਾ ਹੈ।

ਯਕੀਨਨ, ਕਦੀ ਕਦੀ ਤੁਹਾਨੂੰ ਇਹ ਮੁਸ਼ਕਲ ਲਗਦਾ ਹੈ। ਅੱਗ ਵਰਗੀ ਨਫ਼ਰਤ ਤੁਹਾਡੇ ਸੀਨੇ ਵਿਚ ਭਰ ਜਾਂਦੀ ਹੈ ਤੇ ਦਿਲਗੀਰੀ ਹਾਬੜੀ ਹੋਈ ਤੁਹਾਡੇ ਦਿਲ ਵਿਚੋਂ ਲਹੂ ਚੂਸਦੀ ਹੈ, ਪਰ ਇੰਝ ਸਦਾ ਨਹੀਂ ਰਹਿ ਸਕਦਾ। ਇਥੋਂ ਤੱਕ ਕਿ ਸੂਰਜ ਵੀ ਕਈ ਵਾਰੀ ਬੜੀ ਅਫ਼ਸੋਸੀ ਤਰ੍ਹਾਂ ਹੇਠਾਂ ਆਦਮੀਆਂ ਵੱਲ ਵੇਖਦਾ ਹੈ: ਇਹ ਉਹਨਾਂ ਲਈ ਕਿੰਨੀਂ ਮਿਹਨਤ ਕਰਦਾ ਰਿਹਾ ਹੈ ਤੇ ਉਹ ਕਿੰਨੀਂ ਮਾੜੀ ਚੀਜ਼ ਨਿਕਲੇ ਹਨ...

ਠੀਕ ਹੈ ਕਿ ਕਾਫ਼ੀ ਲੋਕ ਚੰਗੇ ਵੀ ਹਨ, ਪਰ ਉਹਨਾਂ ਨੂੰ ਵੀ ਠੀਕ ਠਾਕ ਕੀਤੇ ਜਾਣ, ਜਾਂ ਇੰਝ ਕਹਿ ਲਵੋ, ਨਵੇਂ ਸਿਰਿਉਂ ਬਣਾਏ ਜਾਣ ਦੀ ਲੋੜ ਹੈ।

ਮੇਰੇ ਖੱਬੇ ਪਾਸੇ, ਝਾੜੀਆਂ ਦੇ ਉਪਰੋਂ ਮੈਨੂੰ ਕੁਝ ਸਿਰ ਦਿਸਦੇ ਹਨ। ਲਹਿਰਾਂ ਦੀ ਸ਼ਾਂ-ਸ਼ਾਂ ਤੇ ਦਰਿਆ ਦੀ ਗੁੜ-ਗੁੜ ਤੋਂ ਛੁੱਟ ਮਧਮ ਜਿਹੀਆਂ ਮਨੁੱਖੀ ਆਵਾਜ਼ਾਂ ਸੁਣਾਈ ਦੇਂਦੀਆਂ ਹਨ। ਉਹ "ਕਾਲ-ਪੀੜਤ" ਹਨ, ਜਿਹੜੇ ਸੁਖ਼ੁਮ ਵਿਚ ਸੜਕ ਬਣਾਉਂਦੇ ਰਹੇ ਹਨ ਤੇ ਹੁਣ ਕੋਈ ਹੋਰ ਕੰਮ ਲੱਭਣ ਦੀ ਆਸ ਵਿਚ ਓਚੇਮਚੀਰੀ ਵੱਲ ਜਾ ਰਹੇ ਹਨ।

ਮੈਂ ਉਹਨਾਂ ਨੂੰ ਜਾਣਦਾ ਹਾਂ—ਉਹ ਓਰੇਲ ਤੋਂ ਹਨ। ਅਸੀਂ ਇਕੱਠੇ ਕੰਮ ਕਰਦੇ ਰਹੇ ਸਾਂ ਤੇ ਕੱਲ ਸ਼ਾਮੀਂ ਸਾਡਾ ਇਕੱਠਾ ਹੀ ਹਿਸਾਬ ਕਰ ਦਿਤਾ ਗਿਆ ਸੀ। ਮੈਂ ਉਹਨਾਂ ਤੋਂ ਪਹਿਲਾਂ ਤੁਰ ਆਇਆ ਸਾਂ, ਰਾਤ ਨੂੰ ਹੀ, ਤਾਂ ਜੁ ਪਹੁ-ਫੁਟਾਲਾ ਵੇਖਣ ਲਈ ਵੇਲੇ ਸਿਰ ਸਾਗਰ ਤੱਟ ਉਤੇ ਪੁੱਜ ਸਕਾਂ।

ਉਹ ਪੰਜ ਜਣੇ ਸਨ—ਚਾਰ ਕਿਸਾਨ ਤੇ ਇਕ ਗਲ੍ਹਾਂ ਦੀਆਂ ਉਭਰੀਆਂ ਹਡੀਆਂ ਵਾਲੀ ਜਵਾਨ ਔਰਤ। ਉਹ ਗਰਭਵਤੀ ਸੀ; ਉਸਦਾ ਵੱਡਾ ਸਾਰਾ ਢਿੱਡ ਉਤੇ ਨੂੰ ਉਭਰਿਆ ਹੋਇਆ ਸੀ ਤੇ ਆਪਣੀਆਂ ਭੂਰੀਆਂ-ਨੀਲੀਆਂ ਅੱਖਾਂ ਨਾਲ ਉਹ ਡਰੀ-ਡਰੀ ਜਿਹੀ ਡੇਲੇ ਪਾੜ ਪਾੜ ਵੇਖ ਰਹੀ ਸੀ। ਮੈਨੂੰ ਪੀਲੇ ਰੁਮਾਲ ਵਾਲਾ ਉਸਦਾ ਸਿਰ ਝਾੜੀਆਂ ਦੇ ਉੱਪਰੋਂ ਝੂਲਦਾ ਦਿਸਦਾ ਹੈ, ਜਿਵੇਂ ਹਵਾ ਵਿਚ ਸੂਰਜਮੁਖੀ ਦਾ ਫੁੱਲ ਝੂਲਦਾ ਹੈ। ਉਸਦਾ ਪਤੀ ਸੁਖ਼ੁਮ ਵਿਚ ਮਰ ਗਿਆ ਸੀ—ਉਸਨੇ ਫਲ ਜ਼ਿਆਦਾ ਖਾ ਲਏ ਸਨ। ਮੈਂ ਇਹਨਾਂ ਲੋਕਾਂ ਨਾਲ ਇਕੋ ਹੀ ਬਾਰਕ ਵਿਚ ਰਹਿੰਦਾ ਰਿਹਾ ਸਾਂ: ਪੁਰਾਣੇ ਚੰਗੇ ਰੂਸੀ ਰਿਵਾਜ ਦੇ ਵਫ਼ਾਦਾਰ ਰਹਿੰਦਿਆਂ, ਉਹਨਾਂ ਆਪਣੀ ਬਦਕਿਸਮਤੀ ਬਾਰੇ ਏਨੀਆਂ ਜ਼ਿਆਦਾ ਤੇ ਏਨੀਆਂ ਉੱਚੀ ਉੱਚੀ ਗੱਲਾਂ ਕੀਤੀਆਂ ਸਨ ਕਿ ਉਹਨਾਂ ਦਾ ਵਿਰਲਾਪ ਜ਼ਰੂਰ ਤਿੰਨ ਤਿੰਨ ਮੀਲ ਦੂਰ ਸੁਣਿਆ ਗਿਆ ਹੋਵੇਗਾ।

ਇਹ ਉਦਾਸ ਲੋਕ ਸਨ, ਬਦਕਿਸਮਤੀ ਦੇ ਮਾਰੇ ਹੋਏ, ਜਿਸਨੇ ਉਹਨਾਂ ਨੂੰ ਆਪਣੀ ਜਨਮਭੂਮੀ ਤੋਂ, ਥੱਕੀ-ਹਾਰੀ, ਭੁੱਖੀ ਧਰਤੀ ਤੋਂ ਨਖੇੜ ਦਿਤਾ ਸੀ ਤੇ ਪਤਝੜੀ ਪੱਤਿਆਂ ਵਾਂਗ ਹੂੰਝ ਕੇ ਇਸ ਥਾਂ ਲੈ ਆਈ ਸੀ, ਜਿਥੇ ਅਣਜਾਣੀ ਪਰ ਭਰਪੂਰ ਪ੍ਰਕਿਰਤੀ ਵੇਖ ਕੇ ਉਹ ਡਗਮਗਾ ਗਏ ਸਨ ਤੇ ਚਕਾ-ਚੌਂਦ ਰਹਿ ਗਏ ਸਨ; ਕੰਮ ਦੀਆਂ ਮੁਸ਼ਕਲ ਹਾਲਤਾਂ ਨੇ ਉਹਨਾਂ ਨੂੰ ਬਿਲਕੁਲ ਸੁੰਨ ਕਰ ਦਿਤਾ ਸੀ। ਉਹ ਆਪਣੀਆਂ ਉਦਾਸ, ਝਮਕਦੀਆਂ, ਧੁੰਦਲੀਆਂ ਅੱਖਾਂ ਨਾਲ ਆਪਣੇ ਆਲੇ-ਦੁਆਲੇ ਦੀ ਹਰ ਚੀਜ਼ ਵੱਲ ਘਬਰਾਏ ਹੋਏ ਵੇਖਦੇ, ਤੇ ਤਰਸਯੋਗ ਢੰਗ ਨਾਲ ਮੁਸਕ੍ਰਾਉਂਦੇ ਹੋਏ ਇਕ ਦੂਜੇ ਨੂੰ ਮਧਮ ਆਵਾਜ਼ਾਂ ਵਿਚ ਕਹਿੰਦੇ:

"ਆ, ਹਾ, ਕਿਆ ਜ਼ਮੀਨ ਏ!"

"ਇਸਨੂੰ ਭਰਪੂਰ ਕਹਿਣਾ ਕਾਫ਼ੀ ਨਹੀਂ!"

"ਭਾਵੇਂ ਜ਼ਰਾ ਕੁ ਪਥਰੀਲੀ ਏ।"

"ਪਰ ਇਹ ਜ਼ਰੂਰ ਕਹਾਂਗਾ ਕਿ ਇਹ ਵਾਹੁਣੀ ਮੁਸ਼ਕਲ ਹੋਵੇਗੀ।"

ਤੇ ਫਿਰ ਉਹਨਾਂ ਕੋਬੀਲੀ ਲੋਜੋਕ, ਸੂਖੋਈ ਗੋਨ, ਮੋਕਰੇਨਕੀ — ਆਪਣੀਆਂ ਜਨਮ-ਥਾਵਾਂ ਯਾਦ ਕੀਤੀਆਂ, ਜਿਥੋਂ ਦੀ ਜ਼ਮੀਨ ਦੀ ਹਰ ਮੁੱਠੀ ਉਹਨਾਂ ਦੇ ਵਡ-ਵਡੇਰਿਆਂ ਦੀ ਰਾਖ ਸੀ, ਜਿਥੇ ਸਭ ਕੁਝ ਚੰਗੀ ਤਰ੍ਹਾਂ ਯਾਦ ਰਖਿਆ ਜਾਂਦਾ ਸੀ, ਜਾਣਿਆ-ਪਛਾਣਿਆ ਤੇ ਪਿਆਰਾ ਸੀ, ਜਿਸਨੂੰ ਉਹਨਾਂ ਦੇ ਪਸੀਨੇ ਦਾ ਪਾਣੀ ਲੱਗਾ ਸੀ।

ਉਥੇ ਉਹਨਾਂ ਨਾਲ ਇਕ ਹੋਰ ਔਰਤ ਵੀ ਸੀ — ਉੱਚੀ ਲੰਮੀਂ, ਘੋੜੇ ਵਰਗੇ ਜਬੜਿਆਂ ਵਾਲੀ ਤੇ ਫੱਟੇ ਵਰਗੀ ਚਪਟੀ ਛਾਤੀ ਵਾਲੀ, ਤੇ ਮਾਯੂਸ ਜਿਹੀਆਂ, ਕੋਲੇ ਵਰਗੀਆਂ ਕਾਲੀਆਂ ਤੇ ਟੀਰੀਆਂ ਅੱਖਾਂ ਵਾਲੀ।

ਸ਼ਾਮ ਨੂੰ ਉਹ, ਪੀਲੇ ਰੁਮਾਲ ਵਾਲੀ ਔਰਤ ਨਾਲ, ਬਾਰਕ ਦੇ ਪਿਛਲੇ ਪਾਸੇ ਚਲੀ ਜਾਂਦੀ, ਪੱਥਰਾਂ ਦੇ ਇਕ ਢੇਰ ਉਤੇ ਬੈਠ ਜਾਂਦੀ, ਤੇ ਆਪਣੀਆਂ ਗਲ੍ਹਾਂ ਨੂੰ ਆਪਣੇ ਹੱਥਾਂ ਵਿਚ ਲੈ ਕੇ ਤੇ ਸਿਰ ਇਕ ਪਾਸੇ ਝੁਕਾ ਕੇ ਤਿੱਖੀ ਜਿਹੀ ਗੁੱਸੇਭਰੀ ਆਵਾਜ਼ ਵਿਚ ਗਾਉਂਦੀ:

ਕਬਰਿਸਤਾਨ ਤੋਂ ਪਾਰ,
ਹਰੇ ਬੂਟਿਆਂ ਵਿਚਕਾਰ,
ਰੇਤੇ 'ਤੇ, ਚਿੱਟੀ ਚਿੱਟੀ
ਆਪਣੀ ਮੈਂ ਚਾਦਰ ਵਿਛਾਵਾਂ।
ਉਡੀਕਾਂ ਮੈਂ ਫੇਰ
ਢੋਲੇ ਨੂੰ ਕਿੰਨੀਂ ਦੇਰ,

ਤੇ ਆਏ ਨੂੰ ਪੂਜਾਂ
ਨਾਲੇ ਦਿਲ ਦੀ ਭੇਟ ਚੜ੍ਹਾਵਾਂ।

ਪੀਲੇ ਰੁਮਾਲ ਵਾਲੀ ਆਮ ਤੌਰ ਤੇ ਚੁੱਪ ਰਹਿੰਦੀ ਸੀ, ਧੌਣ ਸੁਟ ਕੇ ਆਪਣੇ ਪੇਟ ਵੱਲ ਵੇਖਦੀ ਰਹਿੰਦੀ ਸੀ, ਪਰ ਕਦੀ ਕਦੀ ਉਹ ਇਕਦਮ ਡੂੰਘੀ, ਸੁਸਤ ਮਰਦਾਵੀਂ ਆਵਾਜ਼ ਵਿਚ ਹਿਚਕੀਆਂ ਭਰਦੇ ਲਫ਼ਜ਼ਾਂ ਨਾਲ ਗੀਤ ਵਿਚ ਸ਼ਾਮਲ ਹੋ ਜਾਂਦੀ:

ਆਹ, ਮੇਰੇ ਪਿਆਰਿਆ,
ਆਹ, ਮੇਰੇ ਢੋਲਿਆ,
ਇਕ ਨਜ਼ਰ ਤੱਕਣਾ ਵੀ
ਕਿਸਮਤ ਨੇ ਖੋਹ ਲਿਆ...

ਦੱਖਣੀ ਰਾਤਾਂ ਦੇ ਕਾਲੇ ਸਾਹ-ਘੁਟਵੇਂ ਹਨੇਰੇ ਵਿਚ ਇਹ ਰੋਂਦੀਆਂ ਆਵਾਜ਼ਾਂ ਉੱਤਰ ਦੀ ਬਰਫ਼ਾਨੀ ਉਜਾੜ ਦੀ, ਤੂਫ਼ਾਨਾਂ ਦੇ ਚੀਕਣ ਦੀ ਤੇ ਦੂਰ ਬਘਿਆੜਾਂ ਦੇ ਹੰਵਾਕਣ ਦੀ ਯਾਦ ਦੁਆਉਂਦੀਆਂ ਸਨ।

ਫਿਰ ਟੀਰੀ ਔਰਤ ਬੁਖ਼ਾਰ ਨਾਲ ਬੀਮਾਰ ਪੈ ਗਈ ਤੇ ਸਟਰੇਚਰ ਉਤੇ ਪਾ ਕੇ ਉਸਨੂੰ ਸ਼ਹਿਰ ਲੈ ਗਏ। ਉਹ ਇਸ ਉਤੇ ਪਈ ਕੰਬ ਰਹੀ ਸੀ ਤੇ ਵਿਰਲਾਪ ਕਰ ਰਹੀ ਸੀ, ਜਿਵੇਂ ਕਬਰਿਸਤਾਨ ਤੇ ਰੇਤ ਬਾਰੇ ਆਪਣਾ ਗੀਤ ਜਾਰੀ ਰਖ ਰਹੀ ਹੋਵੇ।

...ਪੀਲੇ ਰੁਮਾਲ ਵਾਲੇ ਸਿਰ ਨੇ ਟੁਭੀ ਮਾਰੀ ਤੇ ਅਲੋਪ ਹੋ ਗਿਆ।

ਮੈਂ ਆਪਣਾ ਨਾਸ਼ਤਾ ਖ਼ਤਮ ਕੀਤਾ, ਆਪਣੇ ਡੱਬੇ ਵਿਚਲੇ ਸ਼ਹਿਦ ਨੂੰ ਪੱਤਿਆਂ ਨਾਲ ਢਕਿਆ, ਆਪਣਾ ਝੋਲਾ ਬੰਨ੍ਹਿਆਂ ਤੇ ਦੂਜੇ ਲੋਕਾਂ ਦੀਆਂ ਪੈੜਾਂ ਉਤੇ ਆਰਾਮ ਨਾਲ ਤੁਰ ਪਿਆ; ਮੇਰੀ ਚੈਰੀ ਦੀ ਲੱਕੜ ਦੀ ਸੋਟੀ ਸਖ਼ਤ ਜ਼ਮੀਨ ਉਤੇ ਠਕ ਠਕ ਕਰ ਰਹੀ ਸੀ।

ਮੈਂ ਤੰਗ ਜਿਹੇ ਸਲੇਟੀ ਰਾਹ ਉਤੇ ਆ ਗਿਆ। ਮੇਰੇ ਸੱਜੇ ਪਾਸੇ ਗੂੜ੍ਹਾ ਨੀਲਾ ਸਾਗਰ ਠਾਠਾਂ ਮਾਰ ਰਿਹਾ ਸੀ। ਇੰਝ ਲਗਦਾ ਸੀ ਜਿਵੇਂ ਅਦਿੱਖ ਤਰਖਾਣ ਹਜ਼ਾਰਾਂ ਰੰਦਿਆਂ ਨਾਲ ਇਸ ਉਤੇ ਕੰਮ ਕਰ ਰਹੇ ਹਨ, ਤੇ ਚਿੱਟੇ ਸੱਕ ਹਵਾ ਦੇ ਨਾਲ ਉਡਦੇ ਹੋਏ, ਜਿਹੜੀ ਕਿਸੇ ਸਿਹਤਮੰਦ ਔਰਤ ਦੇ ਸਾਹ ਵਾਂਗ ਸਿਲ੍ਹੀ, ਨਿੱਘੀ ਤੇ ਖ਼ੁਸ਼ਬੂਦਾਰ ਸੀ, ਸਰਸਰ ਕਰਦੇ ਕੰਢੇ ਵੱਲ ਆ ਰਹੇ ਸਨ। ਇਕ ਤੁਰਕ ਫੈਲੂਕਾ, ਕੰਢੇ ਲੱਗਣ ਲਈ ਖੱਬੇ ਪਾਸੇ ਹੁੰਦੀ ਹੋਈ, ਪਾਣੀ ਵਿਚੋਂ ਤਿਲਕਦੀ ਸੂਖ਼ੂਮ ਵੱਲ ਜਾ ਰਹੀ ਸੀ; ਉਸਦੇ ਬਾਦਬਾਨ ਸੂਖ਼ੂਮ ਦੇ ਉਸ ਮਹਤਵਪੂਰਨ ਇੰਨਜੀਨੀਅਰ ਦੀਆਂ ਗਲ੍ਹਾਂ ਵਾਂਗ ਫੁੱਲੇ ਹੋਏ ਸਨ—ਬੜਾ ਗੰਭੀਰ ਸਮਝਦਾ ਸੀ ਉਹ ਆਪਣੇ ਆਪ ਨੂੰ। ਪਤਾ ਨਹੀਂ

ਕਿਉਂ ਉਹ "ਚੁੱਪ ਰਹੁ" ਦੀ ਥਾਂ "ਚੁਪ ਰੌਹ" ਤੇ ਸ਼ਾਇਦ ਦੀ ਥਾਂ "ਸ਼ੈਤ" ਕਹਿੰਦਾ ਹੁੰਦਾ ਸੀ।

"ਚੁਪ ਰੌਹ! ਸ਼ੈਤ ਤੂੰ ਆਪਣੇ ਆਪ ਨੂੰ ਬੜਾ ਚਲਾਕ ਸਮਝਦਾ ਹੋਵੇਂਗਾ, ਪਰ ਮੈਂ ਤੈਨੂੰ ਹੁਣੇ ਥਾਣੇ ਅੰਦਰ ਕਰਾ ਦਿਆਂਗਾ।"

ਲੋਕਾਂ ਨੂੰ ਥਾਣੇ ਅੰਦਰ ਕਰਾਉਣਾ ਉਸਨੂੰ ਬੜਾ ਚੰਗਾ ਲਗਦਾ ਸੀ, ਤੇ ਇਹ ਸੋਚ ਕੇ ਬੜਾ ਮਜ਼ਾ ਆਉਂਦਾ ਹੈ ਕਿ ਹੁਣ ਤੱਕ ਕਬਰ ਦੇ ਕੀੜਿਆਂ ਨੇ ਉਸਨੂੰ ਹੱਡੀਆਂ ਤੱਕ ਸਾਫ਼ ਕਰ ਦਿਤਾ ਹੋਵੇਗਾ।

ਤੁਰਨਾ ਸੌਖਾ ਸੀ, ਜਿਵੇਂ ਕੋਈ ਹਵਾ ਵਿਚ ਤੈਰ ਰਿਹਾ ਹੋਵੇ। ਸੁਖਾਵੇਂ ਖ਼ਿਆਲ, ਬਹੁਰੰਗੇ ਜਾਂਮ ਪਾਈ ਯਾਦਾਂ ਮੇਰੇ ਮਨ ਵਿਚ ਹੌਲੀ ਹੌਲੀ ਪੈਲਾਂ ਪਾਉਣ ਲਗੀਆਂ। ਮੇਰੇ ਅੰਦਰ ਨੱਚ ਰਹੇ ਆਕਾਰ ਸਾਗਰ ਦੀਆਂ ਲਹਿਰਾਂ ਵਾਂਗ ਸਨ—ਉਪਰੋਂ ਚਿੱਟੀ ਟੋਪੀ ਪਾਈ, ਹੇਠਾਂ ਡੂੰਘਾਨਾਂ ਵਿਚ ਸ਼ਾਂਤ, ਜਿਥੇ ਸਮੁੰਦਰੀ ਡੂੰਘਾਨਾਂ ਵਿਚਲੀਆਂ ਚਾਂਦੀ-ਰੰਗੀਆਂ ਮੱਛੀਆਂ ਵਾਂਗ ਜਵਾਨੀ ਦੀਆਂ ਉਜਲ ਤੇ ਲੋਚਦਾਰ ਆਸਾਂ ਚੁੱਪ-ਚਾਪ ਤੈਰ ਰਹੀਆਂ ਸਨ।

ਸੜਕ ਰੀਂਗਦੀ ਹੋਈ ਸਾਗਰ-ਤੱਟ ਵੱਲ ਜਾ ਰਹੀ ਸੀ, ਤੇ ਚੱਕਰ ਕੱਟਦੀ ਹੋਈ ਰੇਤ ਦੇ ਉਸ ਟੋਟੇ ਦੇ ਨੇੜੇ ਨੇੜੇ ਹੁੰਦੀ ਜਾ ਰਹੀ ਸੀ, ਜਿਸ ਉਤੇ ਲਹਿਰਾਂ ਥਪੇੜੇ ਮਾਰ ਰਹੀਆਂ ਸਨ। ਇਥੋਂ ਤੱਕ ਕਿ ਝਾੜੀਆਂ ਵੀ ਸਾਗਰ ਵੱਲ ਝਾਤੀ ਮਾਰਨ ਲਈ ਕਾਹਲੀਆਂ ਲਗਦੀਆਂ ਸਨ, ਤੇ ਪਾਣੀ ਦੇ ਇਸ ਖੁਲ੍ਹੇ ਮੈਦਾਨ ਦੀ ਨੀਲੀ ਵਿਸ਼ਾਲਤਾ ਵੱਲ ਜ਼ੋਰ ਲਾ ਕੇ ਵਧਣ ਦੀ ਕੋਸ਼ਿਸ਼ ਕਰਦੀਆਂ, ਸੜਕ ਦੇ ਰਿਬਨ ਉਤੇ ਝੁਕੀਆਂ ਹੋਈਆਂ ਸਨ।

ਹਵਾ ਪਹਾੜਾਂ ਵਲੋਂ ਆ ਰਹੀ ਸੀ—ਬਾਰਸ਼ ਹੋਵੇਗੀ।

ਝਾੜੀਆਂ ਵਿਚੋਂ ਕਿਸੇ ਦੇ ਹੌਲੀ ਜਿਹੀ ਕੱਰਾਹਣ ਦੀ ਆਵਾਜ਼ ਆਈ—ਮਨੁੱਖੀ ਕੱਰਾਹਟ, ਜਿਸਨੂੰ ਮਨੁੱਖੀ ਦਿਲਾਂ ਵਿਚੋਂ ਹਮੇਸ਼ਾ ਹੁੰਗਾਰਾ ਮਿਲਦਾ ਹੈ।

ਮੈਂ ਝਾੜੀਆਂ ਹਟਾ ਕੇ ਵੇਖਿਆ ਤੇ ਮੇਰੀ ਨਜ਼ਰੀਂ ਪੀਲੇ ਰੁਮਾਲ ਵਾਲੀ ਔਰਤ ਪਈ। ਉਹ ਝੁਕ ਕੇ ਅਖ਼ਰੋਟ ਦੇ ਦਰਖ਼ਤ ਦੇ ਤਣੇ ਨਾਲ ਲਗੀ ਹੋਈ ਸੀ, ਉਸਦਾ ਸਿਰ ਉਸਦੇ ਮੋਢਿਆਂ ਉਤੇ ਝੁਕਿਆ ਹੋਇਆ ਸੀ, ਉਸਦਾ ਮੂੰਹ ਵਿੰਗਾ ਹੋਇਆ ਹੋਇਆ ਸੀ, ਉਸਦੀਆਂ ਅੱਖਾਂ ਵਹਿਸ਼ੀ ਤੇ ਬਾਹਰ ਨੂੰ ਉਭਰੀਆਂ ਹੋਈਆਂ ਸਨ। ਉਸਨੇ ਆਪਣੇ ਹੱਥ ਆਪਣੇ ਵੱਡੇ ਸਾਰੇ ਢਿਡ ਉਤੇ ਰਖੇ ਹੋਏ ਸਨ, ਤੇ ਉਹ ਏਨੀ ਭਿਆਨਕ ਤਰ੍ਹਾਂ ਗ਼ੈਰ-ਕੁਦਰਤੀ ਤਰੀਕੇ ਨਾਲ ਸਾਹ ਲੈ ਰਹੀ ਸੀ ਕਿ ਉਸਦਾ ਪੇਟ ਜ਼ੋਰ ਜ਼ੋਰ ਦੀ ਹਿੱਲ ਰਿਹਾ ਸੀ, ਜਦੋਂ ਕਿ ਉਸਨੇ , ਕਰਾਂਹਦ ਨੇ ਤੇ ਆਪਣੇ ਪੀਲੇ ਬਘਿਆੜਾਂ ਵਰਗੇ ਦੰਦ ਨੰਗੇ ਕਰਦੀ ਨੇ, ਇਸਨੂੰ ਆਪਣੇ ਹੱਥਾਂ ਵਿਚ ਫੜਿਆ ਹੋਇਆ ਸੀ।

"ਕੀ ਗੱਲ—ਕਿਸੇ ਨੇ ਮਾਰਿਐ ?" ਮੈਂ ਉਸ ਉਤੇ ਝੁਕਦਿਆ ਪੁੱਛਿਆ। ਉਸਨੇ ਧੂੜ ਵਿਚ ਮੱਖੀ ਵਾਂਗ ਆਪਣੀਆਂ ਨੰਗੀਆਂ ਲੱਤਾਂ ਮਾਰੀਆਂ ਤੇ ਆਪਣੇ ਭਾਰੇ ਸਿਰ ਨੂੰ ਮੋੜਦੀ ਹੋਈ ਕੂਕੀ:

"ਚਲਾ ਜਾ ... ਬੇਸ਼ਰਮ...ਚਲਾ ਜਾ..."

ਮੈਂ ਸਮਝ ਗਿਆ ਕਿ ਕੀ ਗੱਲ ਹੈ। ਇਸ ਤੋਂ ਪਹਿਲਾਂ ਵੀ ਮੈਂ ਇਹ ਵੇਖ ਚੁਕਾ ਸਾਂ। ਬੇਸ਼ਕ ਮੈਂ ਡਰ ਗਿਆ, ਤੇ ਪਿੱਛੇ ਹਟ ਗਿਆ, ਪਰ ਔਰਤ ਨੇ ਉੱਚੀ ਉੱਚੀ, ਲਮਕਵੀਂ ਆਵਾਜ਼ ਵਿਚ ਚਿੱਲਾਉਣਾ ਸ਼ੁਰੂ ਕਰ ਦਿਤਾ, ਉਸਦੀਆਂ ਅੱਖਾਂ ਜਿਵੇਂ ਮੱਥੇ ਤੋਂ ਬਾਹਰ ਨਿਕਲਦੀਆਂ ਆ ਰਹੀਆਂ ਸਨ। ਉਹਨਾਂ ਵਿਚ ਅੱਥਰੂ ਆ ਗਏ ਤੇ ਉਸਦੇ ਲਾਲ ਹੋਏ ਹੋਏ ਤੇ ਤਣੇ ਹੋਏ ਚਿਹਰੇ ਉਤੇ ਵਗਣ ਲਗੇ।

ਇਹ ਵੇਖ ਕੇ ਮੈਂ ਵਾਪਸ ਉਸਦੇ ਕੋਲ ਚਲਾ ਗਿਆ। ਮੈਂ ਆਪਣਾ ਝੋਲਾ, ਕੇਤਲੀ ਤੇ ਚਾਹ ਵਾਲਾ ਡੱਬਾ ਹੇਠਾਂ ਸੁੱਟਿਆ, ਉਸਨੂੰ ਪਿੱਠ ਭਾਰ ਸਿੱਧੀ ਲਿਟਾ ਦਿਤਾ ਤੇ ਉਸਦੇ ਗੋਡੇ ਮੋੜਨ ਹੀ ਲੱਗਾ ਸਾਂ, ਜਦੋਂ ਉਸਨੇ ਮੈਨੂੰ ਪਰ੍ਹੇ ਧੱਕ ਦਿਤਾ, ਮੇਰੇ ਮੂੰਹ ਤੇ ਛਾਤੀ ਉਤੇ ਮਾਰਿਆ, ਮੁੜੀ ਤੇ ਚੌਹਾਂ ਲੱਤਾਂ ਬਾਹਾਂ ਦੇ ਭਾਰ ਰੀਂਗ ਕੇ ਝਾੜੀਆਂ ਦੇ ਹੋਰ ਵਿਚ ਘੁਸ ਗਈ, ਰਿੱਛਣੀ ਵਾਂਗ ਗ਼ੁੱਰਾਉਂਦੀ ਹੋਈ: "ਵਹਿਸ਼ੀ! ਜਾਨਵਰ!"

ਉਸਦੀਆਂ ਬਾਹਵਾਂ ਸਾਥ ਛੱਡ ਗਈਆਂ ਤੇ ਉਹ ਮੂੰਹ ਦੇ ਭਾਰ ਹੇਠਾਂ ਡਿਗ ਪਈ। ਉਸਨੇ ਮੁੜ ਚਿੱਲਾਉਣਾ ਸ਼ੁਰੂ ਕਰ ਦਿਤਾ ਤੇ ਜ਼ੋਰ ਜ਼ੋਰ ਦੀ ਲੱਤਾਂ ਮਾਰਨ ਲੱਗੀ।

ਜੋਸ਼ ਦੀ ਗਰਮੀ ਵਿਚ ਮੈਂ ਜਲਦੀ ਜਲਦੀ ਯਾਦ ਕੀਤਾ, ਜੋ ਕੁਝ ਮੈਨੂੰ ਇਸ ਕੰਮ ਬਾਰੇ ਪਤਾ ਸੀ। ਮੈਂ ਉਸਨੂੰ ਉਲਟਾ ਕੇ ਪਿੱਠ-ਭਾਰ ਪਾ ਦਿਤਾ ਤੇ ਉਸਦੀਆਂ ਲੱਤਾਂ ਉਤੇ ਨੂੰ ਕੀਤੀਆਂ—ਝਿੱਲੀ ਪਹਿਲਾਂ ਹੀ ਦਿੱਸਣ ਲਗ ਪਈ ਸੀ।

"ਚੁੱਪ-ਚਾਪ ਪਈ ਰਹੁ, ਹੁਣੇ ਹੋ ਜਾਏਗਾ।"

ਮੈਂ ਦੌੜਦਾ ਹੋਇਆ ਕੰਢੇ ਤੱਕ ਗਿਆ, ਆਪਣੀਆਂ ਬਾਹਵਾਂ ਚੜ੍ਹਾਈਆਂ, ਹੱਥ ਧੋਤੇ ਤੇ ਦਾਈ ਦਾ ਕੰਮ ਕਰਨ ਵਾਪਸ ਚਲਾ ਗਿਆ।

ਔਰਤ ਮਰੋੜੇ ਖਾ ਰਹੀ ਸੀ, ਜਿਵੇਂ ਬਰਚੇ ਦੀ ਛਿੱਲ ਅੱਗ ਵਿਚ ਮਰੋੜੇ ਖਾਂਦੀ ਹੈ। ਉਹ ਆਪਣੇ ਦੁਆਲੇ ਜ਼ਮੀਨ ਉਪਰ ਹੱਥ ਮਾਰ ਰਹੀ ਸੀ, ਝੋ ਸੁਕੇ ਘਾਹ ਦੀਆਂ ਤਿੜਾਂ ਨੂੰ ਤੋੜਦੀ ਸੀ ਤੇ ਆਪਣੇ ਮੂੰਹ ਵਿਚ ਤੁੰਨੀ ਜਾ ਰਹੀ ਸੀ, ਤੇ ਇੰਝ ਕਰਦਿਆਂ, ਉਹ ਵਹਿਸ਼ੀ ਲਾਲ-ਸੂਹੀਆਂ ਅੱਖਾਂ ਵਾਲੇ ਆਪਣੇ ਵਿੰਗੇ ਹੋਏ ਹੋਏ ਤੇ ਡਰਾਉਣੇ ਚਿਹਰੇ ਉਤੇ ਮਿੱਟੀ ਡੇਗੀ ਜਾ ਰਹੀ ਸੀ। ਫਿਰ ਝਿੱਲੀ ਫਟ ਗਈ ਤੇ ਬੱਚੇ ਦਾ ਸਿਰ ਨਜ਼ਰ ਆਇਆ। ਮੇਰੇ ਲਈ ਉਸਦਾ ਜ਼ੋਰ ਜ਼ੋਰ ਦੀ ਲੱਤਾਂ ਮਾਰਨਾ ਬੰਦ ਕਰਨਾ ਜ਼ਰੂਰੀ ਸੀ, ਬੱਚੇ ਨੂੰ ਬਾਹਰ ਆਉਣ ਵਿਚ ਸਹਾਇਤਾ ਕਰਨਾ ਤੇ ਇਹ ਵੇਖਣਾ

ਜ਼ਰੂਰੀ ਸੀ ਕਿ ਉਹ ਆਪਣਾ ਵਿੰਗਾ ਹੋਇਆ ਹੋਇਆ ਕੱਰਾਹੁੰਦਾ ਮੂੰਹ ਘਾਹ ਨਾਲ ਨਾ ਭਰ ਲਵੇ।

ਅਸੀਂ ਇਕ ਦੂਜੇ ਨੂੰ ਜ਼ਰਾ ਕੁ ਗਾਲ੍ਹਾਂ ਕਢੀਆਂ—ਉਸਨੇ ਪੀਚੇ ਦੰਦਾਂ ਵਿਚੋਂ ਦੀ, ਮੈਂ ਸ਼ਾਂਤੀ ਨਾਲ। ਉਸਨੇ ਦਰਦ ਤੇ, ਸ਼ਾਇਦ, ਸ਼ਰਮ ਕਰਕੇ, ਤੇ ਮੈਂ ਘਬਰਾਹਟ ਤੇ ਉਸਦੇ ਲਈ ਅਥਾਹ ਹਮਦਰਦੀ ਕਰਕੇ।

"ਹਾਏ, ਰੱਬਾ!" ਉਸ ਆਪਣੇ ਨੀਲੇ ਹੋਏ ਹੋਏ ਤੇ ਝੱਗ ਛਡਦੇ ਬੁਲ੍ਹਾਂ ਨੂੰ ਟੁੱਕਦਿਆਂ ਕੱਰਾਹੀ, ਜਦੋਂ ਕਿ ਉਸਦੀਆਂ ਅੱਖਾਂ ਵਿਚੋਂ, ਜਿਹੜੀਆਂ ਇਕਦਮ ਧੁੱਪ ਵਿਚ ਧੁੰਦਲੀਆਂ ਹੋ ਗਈਆਂ ਲਗਦੀਆਂ ਸਨ, ਮਾਂ ਦੇ ਭਿਆਨਕ ਕਸ਼ਟ ਦੇ ਅੱਥਰੂ ਵਗੀ ਜਾ ਰਹੇ ਸਨ, ਤੇ ਉਸਦਾ ਸਾਰਾ ਸਰੀਰ ਝੋਲੇ ਖਾ ਰਿਹਾ ਸੀ, ਜਿਵੇਂ ਇਸਦੀਆਂ ਬੋਟੀਆਂ ਤੋੜੀਆਂ ਜਾ ਰਹੀਆਂ ਹੋਣ।

"ਚਲਾ ਜਾ ਏਥੋਂ, ਚੰਡਾਲ..."

ਉਹ ਮੁੜੀਆਂ ਬਾਹਵਾਂ ਨਾਲ ਮੈਨੂੰ ਪਰ੍ਹੇ ਧੱਕਦੀ ਰਹੀ ਤੇ ਮੈਂ ਉਸਨੂੰ ਜ਼ੋਰ ਪਾਉਂਦਿਆਂ ਕਿਹਾ:

"ਮੂਰਖ ਨਾ ਬਣ! ਜਲਦੀ ਕਰ ਤੇ ਕੰਮ ਮੁਕਾ।"

ਮੈਨੂੰ ਉਸਦੇ ਉਤੇ ਬਹੁਤ ਤਰਸ ਆ ਰਿਹਾ ਸੀ, ਤੇ ਇੰਝ ਲਗ ਰਿਹਾ ਸੀ ਕਿ ਜਿਵੇਂ ਅੱਥਰੂ ਉਸਦੀਆਂ ਅੱਖਾਂ ਵਿਚੋਂ ਨਹੀਂ, ਮੇਰੀਆਂ ਅੱਖਾਂ ਵਿਚੋਂ ਵਗ ਰਹੇ ਹਨ। ਮੇਰਾ ਦਿਲ ਦੁੱਖ ਨੇ ਮੱਲ ਲਿਆ ਤੇ ਮੇਰਾ ਚਿੱਲਾਉਣ ਉਤੇ ਜੀ ਕੀਤਾ। ਅਸਲ ਵਿਚ ਮੈਂ ਚਿੱਲਾ ਹੀ ਪਿਆ:

"ਜਲਦੀ ਕਰ, ਜਲਦੀ!"

ਤੇ ਲਓ—ਮੇਰੀਆਂ ਬਾਂਹਵਾਂ ਵਿਚ ਇਕ ਨਰ-ਬੱਚਾ ਪਿਆ ਸੀ—ਲਾਲ ਸੂਹਾ। ਭਾਵੇਂ ਅੱਥਰੂ ਮੇਰੀਆਂ ਨਜ਼ਰਾਂ ਧੁੰਦਲਾ ਰਹੇ ਸਨ, ਤਾਂ ਵੀ ਮੈਂ ਵੇਖ ਸਕਦਾ ਸਾਂ ਕਿ ਉਹ ਸਾਰਾ ਲਾਲ ਤੇ, ਪਹਿਲਾਂ ਹੀ, ਦੁਨੀਆਂ ਨਾਲ ਨਾਖ਼ੁਸ਼ ਸੀ, ਪਲਸੇਟੇ ਮਾਰ ਰਿਹਾ ਸੀ, ਜ਼ੋਰ ਜ਼ੋਰ ਦੀ ਚਿੱਲਾ ਰਿਹਾ ਸੀ, ਭਾਵੇਂ ਅਜੇ ਵੀ ਉਹ ਆਪਣੀ ਮਾਂ ਨਾਲ ਬੱਝਾ ਹੋਇਆ ਸੀ। ਉਸਦੀਆਂ ਅੱਖਾਂ ਨੀਲੀਆਂ ਸਨ, ਅਜੀਬ ਨਿੱਕਾ ਜਿਹਾ ਨੱਕ ਉਸਦੇ ਲਾਲ ਝੁਰੜੀਆਂ ਵਾਲੇ ਮੂੰਹ ਉਤੇ ਫਿੱਸਿਆ ਲੱਗਾ ਹੋਇਆ ਸੀ ਤੇ ਉਸਦੇ ਬੁਲ੍ਹ ਫਰਕ ਰਹੇ ਸਨ ਜਦ ਕਿ ਉਹ ਚਿੱਲਾ ਰਿਹਾ ਸੀ:

"ਇ-ਯਾ-ਆ...ਇ-ਯਾ-ਆ..."

ਉਹ ਏਨਾ ਤਿਲਕਵਾਂ ਸੀ ਕਿ ਮੈਨੂੰ ਡਰ ਸੀ ਕਿਧਰੇ ਉਹ ਮੇਰੇ ਹੱਥਾਂ ਵਿਚੋਂ ਨਾ ਤਿਲਕ ਜਾਏ। ਮੈਂ ਗੋਡਿਆਂ ਭਾਰ ਹੋਇਆ ਹੋਇਆ ਸਾਂ, ਉਸ ਵੱਲ ਵੇਖ ਰਿਹਾ ਤੇ ਹੱਸ ਰਿਹਾ ਸਾਂ—ਉਸਨੂੰ ਵੇਖ ਕੇ ਮੈਂ ਏਨਾ ਖਿੜ ਗਿਆ ਸਾਂ। ਤੇ ਮੈਂ ਬਿਲਕੁਲ ਭੁੱਲ ਗਿਆ ਸਾਂ ਕਿ ਅੱਗੋਂ ਕੀ ਕਰਨਾ ਹੈ।

"ਨਾੜੂ ਕੱਟ ਦੇ..." ਮਸਾਂ ਸੁਣੀਦੀ ਆਵਾਜ਼ ਵਿਚ ਮਾਂ ਬੋਲੀ; ਉਸਦੀਆਂ ਅੱਖਾਂ ਬੰਦ ਸਨ, ਉਸਦਾ ਚਿਹਰਾ ਲਮਕਿਆ ਹੋਇਆ ਤੇ ਮੁਰਦੇ ਵਾਂਗ ਭੂਸਲਾ ਪਿਆ ਹੋਇਆ ਸੀ। ਆਪਣੇ ਨੀਲੇ ਪਏ ਬੁਲ੍ਹਾਂ ਨਾਲ ਉਸਨੇ ਹੌਲੀ ਜਿਹੀ ਦੁਹਰਾਇਆ:

"ਆਪਣੇ ਚਾਕੂ ਨਾਲ... ਇਸਦਾ ਨਾੜੂ ਕੱਟ ਦੇਹ।"

ਮੇਰਾ ਚਾਕੂ ਬਾਰਕ ਵਿਚ ਗੁੰਮ ਗਿਆ ਸੀ, ਸੋ ਮੈਂ ਦੰਦ ਨਾਲ ਨਾੜੂ ਟੁੱਕਿਆ। ਬੱਚਾ ਓਰੇਲਵਾਸੀਆਂ ਦੀ ਖ਼ਰਜ ਆਵਾਜ਼ ਵਿਚ ਚਿੱਲਾ ਰਿਹਾ ਸੀ ਤੇ ਮਾਂ ਮੁਸਕ੍ਰਾ ਰਹੀ ਸੀ। ਮੈਨੂੰ ਉਸਦੀਆਂ ਅੱਖਾਂ ਦੀਆਂ ਉਂਘਲਾਉਂਦੀਆਂ ਡੂੰਘਾਨਾਂ ਵਿਚ ਕਰਾਮਾਤੀ ਜਿਹੀ ਨੀਲੀ ਰੋਸ਼ਨੀ ਫਿਰ ਜਿਊ ਪਈ ਦਿਸੀ, ਤੇ ਉਸਦਾ ਸਾਂਵਲਾ ਹੱਥ ਉਸਦੇ ਘੱਗਰੇ ਹੇਠ ਕੁਝ ਟਟੋਲ ਰਿਹਾ ਸੀ, ਜੇਬ ਲਭ ਰਿਹਾ ਸੀ, ਜਦੋਂ ਕਿ ਉਸਨੇ ਲਹੂ - ਲਿੱਬੜੇ ਆਪਣੇ ਟੁੱਕੇ ਹੋਏ ਬੁਲ੍ਹਾਂ ਵਿਚੋਂ ਸਾਹ ਲੈਂਦਿਆਂ ਮੈਨੂੰ ਕਿਹਾ:

"ਮੇਰੇ ਵਿਚ... ਸਾਹ ਸਤ... ਨਹੀਂ। ਮੇਰੀ... ਜੇਬ ਵਿਚ ਰਤਾ ਕੁ... ਪੱਟੀ ਏ।...ਇਹਦਾ ਨਾੜੂ ... ਬੰਨ੍ਹ ਦੇ।"

ਮੈਂ ਪੱਟੀ ਲਭੀ ਤੇ ਬੱਚੇ ਦਾ ਨਾੜੂ ਬੰਨ੍ਹ ਦਿਤਾ। ਉਸਦੀ ਮੁਸਕ੍ਰਾਹਟ ਵਿਚ ਚਮਕ ਆ ਗਈ, ਏਨੀ ਖੁਸ਼ ਤੇ ਰੌਸ਼ਨ ਕਿ ਇਸਨੇ ਮੇਰੀਆਂ ਅੱਖਾਂ ਹੀ ਚੁੰਧਿਆ ਦਿਤੀਆਂ।

"ਸਿੱਧੀ ਹੋ ਕੇ ਲੇਟ। ਮੈਂ ਇਸਨੂੰ ਨੁਹਾ ਲਿਆਵਾਂ।"

ਉਹ ਫ਼ਿਕਰਮੰਦੀ ਨਾਲ ਬੁੜਬੁੜਾਈ:

"ਖ਼ਿਆਲ ਨਾਲ। ਹੌਲੀ ਹੌਲੀ ਨੁਹਾਈਂ...ਖ਼ਿਆਲ ਨਾਲ।"

ਮਨੁਖਤਾ ਦੇ ਇਸ ਲਾਲ ਟੋਟੇ ਨੂੰ ਨਰਮ ਵਤੀਰੇ ਦੀ ਬਿਲਕੁਲ ਲੋੜ ਨਹੀਂ ਸੀ। ਉਹ ਆਪਣੀਆਂ ਮੁੱਠੀਆਂ ਵੱਟ ਰਿਹਾ ਤੇ ਚਿੱਲਾ ਰਿਹਾ ਸੀ ਜਿਵੇਂ ਕਿ ਮੈਨੂੰ ਲੜਾਈ ਕਰਨ ਲਈ ਵੰਗਾਰ ਰਿਹਾ ਹੋਵੇ।

"ਇ-ਯਾ-ਆ...ਇ-ਯਾ-ਆ..."

"ਹਾਂ, ਹਾਂ! ਜ਼ਰਾ ਜ਼ੋਰ ਨਾਲ, ਬੱਚੂ, ਨਹੀਂ ਤਾਂ ਲੋਕੀ ਤੇਰੀ ਸਿਰੀ ਲਾਹ ਲੈਣਗੇ ਮਰੋੜ ਕੇ।"

ਜਦੋਂ ਉਹਨੇ ਸਾਡੇ ਦੋਹਾਂ ਉਤੇ ਆ ਕੇ ਪਈ ਪਹਿਲੀ ਚੰਚਲ ਲਹਿਰ ਦੀ ਫੁਹਾਰ ਦੀ ਛੁਹ ਮਹਿਸੂਸ ਕੀਤੀ ਤਾਂ ਉਸਨੇ ਸਭ ਤੋਂ ਵਧ ਜੋਸ਼ ਭਰੀ ਤੇ ਸਭ ਤੋਂ ਵਧ ਉੱਚੀ ਚੀਕ ਮਾਰੀ। ਮਗਰੋਂ ਜਦੋਂ ਮੈਂ ਉਸਦੀ ਛਾਤੀ ਤੇ ਪਿੱਠ ਨੂੰ ਥਪਕ ਥਪਕ ਕੇ ਧੋਤਾ, ਤਾਂ ਉਸਨੇ ਆਪਣੀਆਂ ਅੱਖਾਂ ਮੀਟ ਲਈਆਂ ਤੇ ਜ਼ੋਰ ਜ਼ੋਰ ਦੀ ਹੱਥ-ਪੈਰ ਮਾਰਨੇ ਤੇ ਚਿੱਲਾਉਣਾ ਸ਼ੁਰੂ ਕਰ ਦਿਤਾ, ਜਦੋਂ ਕਿ ਇਕ ਇਕ ਕਰਕੇ ਲਹਿਰਾਂ ਉਸਨੂੰ ਧੋਣ ਲੱਗੀਆਂ।

"ਚੀਕ, ਬੱਚੂ! ਪੂਰਾ ਜ਼ੋਰ ਲਾ ਕੇ ਚੀਕ..."

ਜਦੋਂ ਅਸੀਂ ਉਸਦੀ ਮਾਂ ਕੋਲ ਪਰਤੇ ਤਾਂ ਉਹ ਅੱਖਾਂ ਬੰਦ ਕਰੀ ਜ਼ਮੀਨ ਉਤੇ

ਪਈ ਸੀ, ਤੇ ਜਣੇਪੇ ਤੋਂ ਪਿਛੋਂ ਦੀਆਂ ਪੀੜਾਂ ਕਾਰਨ ਆਪਣੇ ਬੁਲ੍ਹ ਟੁੱਕ ਰਹੀ ਸੀ; ਪਰ ਕੱਰਾਹਟ ਤੇ ਆਹਾਂ ਦੇ ਵਿਚੋਂ ਮੈਨੂੰ ਉਸਦੀ ਫੁਸਫੁਸਾਹਟ ਸੁਣਾਈ ਦਿਤੀ:

"ਲਿਆ, ਮੈਨੂੰ ਦੇ..."

"ਸਾਹ ਲੈ ਜ਼ਰਾ।"

"ਮੈਨੂੰ ਦੇ ਦੇ!"

ਟਟੋਲਦੇ, ਕੰਬਦੇ ਹੱਥਾਂ ਨਾਲ ਉਸਨੇ ਆਪਣਾ ਬਲਾਊਜ਼ ਖੋਹਲਣਾ ਸ਼ੁਰੂ ਕੀਤਾ। ਮੈਂ ਉਸਨੂੰ ਛਾਤੀ ਢਿੱਲੀ ਕਰਨ ਵਿਚ ਸਹਾਇਤਾ ਦਿਤੀ। ਉਸਦੀਆਂ ਛਾਤੀਆਂ ਵੀਹ ਬੱਚਿਆਂ ਨੂੰ ਪਾਲਣ ਲਈ ਬਣੀਆਂ ਸਨ। ਉਸਨੇ ਊਧਮ ਮਚਾਉਂਦੇ ਓਰੇਲਵਾਸੀ ਨੂੰ ਆਪਣੇ ਨਿਘੇ ਸਰੀਰ ਨਾਲ ਲਾ ਲਿਆ। ਉਹ ਇਕਦਮ ਸਭ ਕੁਝ ਸਮਝ ਗਿਆ ਤੇ ਚੁੱਪ ਕਰ ਗਿਆ।

"ਹੇ ਪਾਵਨ ਕੰਨਿਆਂ, ਮਾਂ ਮਰੀਅਮ," ਕੰਬਦਿਆਂ, ਤੇ ਆਪਣੇ ਖਿਲਰੇ ਹੋਏ ਸਿਰ ਨੂੰ ਝੋਲੇ ਉਤੇ ਇਧਰ ਉਧਰ ਮਾਰਦਿਆਂ, ਮਾਂ ਨੇ ਸਾਹ ਲਿਆ।

ਇਕਦਮ, ਜ਼ਰਾ ਕੁ ਚੀਕ ਨਾਲ, ਉਸਨੇ ਆਪਣੀਆਂ ਅੱਖਾਂ ਫੇਰ ਖੋਹਲੀਆਂ— ਮਾਤ੍ਰੀਤਵ ਦੀਆਂ ਪਵਿੱਤਰ, ਅਕਹਿ ਸੁੰਦਰ ਅੱਖਾਂ। ਉਹ ਨੀਲੀਆਂ ਸਨ, ਤੇ ਆਕਾਸ਼ ਵੱਲ ਵੇਖਣ ਲਗੀਆਂ। ਉਹਨਾਂ ਵਿਚ ਖ਼ੁਸ਼ੀ ਭਰੀ, ਕ੍ਰਿਤੱਗ ਮੁਸਕ੍ਰਾਹਟ ਲਿਸ਼ਕ ਰਹੀ ਤੇ ਘੁਲਮਿਲ ਰਹੀ ਸੀ। ਆਪਣੇ ਬੋਝਲ ਹੱਥ ਨੂੰ ਚੁਕਦਿਆਂ ਹੋਇਆਂ, ਉਸਨੇ ਹੌਲੀ ਹੌਲੀ ਆਪਣੇ ਉਤੇ ਤੇ ਬੱਚੇ ਉਤੇ ਸਲੀਬ ਦਾ ਚਿੰਨ੍ਹ ਬਣਾਇਆ।

"ਹੇ ਪਾਵਨ ਕੰਨਿਆਂ, ਮਾਂ ਮਰੀਅਮ, ਤੇਰੀ ਜੈ ਹੋਵੇ..."

ਉਸਦੀਆਂ ਅੱਖਾਂ ਬੁਝ ਗਈਆਂ, ਤੇ ਉਹ ਕਿੰਨਾਂ ਚਿਰ ਚੁੱਪ-ਚਾਪ, ਮਸਾਂ ਸਾਹ ਲੈਂਦਿਆਂ, ਬੈਠੀ ਰਹੀ। ਫਿਰ ਇਕਦਮ, ਵਿਹਾਰੀ ਅੰਦਾਜ਼ ਵਿਚ, ਜ਼ੋਰ ਨਾਲ ਮੈਨੂੰ ਕਿਹਾ:

"ਮੇਰਾ ਝੋਲਾ ਖੋਹਲੀਂ, ਕਾਕਾ।"

ਮੈਂ ਝੋਲਾ ਖੋਹਲਿਆ। ਉਸਨੇ ਟਿਕਵੀਂ ਨਜ਼ਰ ਨਾਲ ਤੇ ਹਲਕੀ ਜਿਹੀ ਮੁਸਕ੍ਰਾਹਟ ਨਾਲ ਮੇਰੇ ਵੱਲ ਵੇਖਿਆ, ਤੇ ਮੈਨੂੰ ਲੱਗਾ ਜਿਵੇਂ ਉਸਦੀਆਂ ਖੋਖਲੀਆਂ ਗਲ੍ਹਾਂ ਤੇ ਸਿਲ੍ਹੇ ਮੱਥੇ ਉਤੇ ਕੋਈ ਰੰਗਤ ਦੌੜ ਗਈ ਹੋਵੇ।

"ਇਕ ਮਿੰਟ ਲਈ ਇਥੋਂ ਚਲਾ ਜਾਹ..."

"ਐਵੇਂ ਜ਼ੋਰ ਨਾ ਲਾ।"

"ਹੱਛਾ, ਹੱਛਾ, ਤੂੰ ਚੱਲ ਜ਼ਰਾ।"

ਮੈਂ ਪਰ੍ਹੇ ਝਾੜੀਆਂ ਵਿਚ ਚਲਾ ਗਿਆ। ਮੇਰਾ ਦਿਲ ਥਕਾਵਟ ਮਹਿਸੂਸ ਕਰ ਰਿਹਾ ਸੀ, ਤੇ ਇੰਝ ਲਗਦਾ ਸੀ ਜਿਵੇਂ ਖ਼ੁਸ਼ ਪੰਛੀ, ਮੇਰੇ ਸੀਨੇ ਵਿਚ ਹੌਲੀ ਹੌਲੀ

ਗਾ ਰਹੇ ਹੋਣ। ਸਾਗਰ ਦੀ ਅਨੰਤ ਸ਼ਾਂ-ਸ਼ਾਂ ਨਾਲ ਰਲ ਕੇ, ਇਹ ਏਨਾ ਚੰਗਾ ਲਗ ਰਿਹਾ ਸੀ ਕਿ ਮੈਂ ਇਸਨੂੰ ਇਕ ਸਾਲ ਤੱਕ ਸੁਣੀ ਜਾ ਸਕਦਾ ਸਾਂ।

ਕਿਧਰੇ ਨੇੜੇ ਜਿਹੇ ਹੀ ਮੈਨੂੰ ਕਿਸੇ ਝਰਨੇ ਦੀ ਗੁੜ-ਗੁੜ ਸੁਣਾਈ ਦਿਤੀ। ਇਹ ਇੰਝ ਸੀ ਜਿਵੇਂ ਕੋਈ ਕੁੜੀ ਆਪਣੀ ਸਹੇਲੀ ਨੂੰ ਆਪਣੇ ਪ੍ਰੀਤਮ ਦੀਆਂ ਗੱਲਾਂ ਸੁਣਾ ਰਹੀ ਹੋਵੇ।

ਝਾੜੀਆਂ ਦੇ ਉਪਰ ਪੀਲੇ ਰੁਮਾਲ ਵਿਚ ਬੱਝਾ ਸਿਰ ਵਿਖਾਈ ਦਿਤਾ, ਹੁਣ ਇਹ ਠੀਕ ਤਰ੍ਹਾਂ ਬੱਝਾ ਹੋਇਆ ਸੀ।

"ਕਿਉਂ, ਕੀ ਗੱਲ? ਤੂੰ ਬੜੀ ਜਲਦੀ ਉੱਠ ਪਈ ਏਂ।"

ਇਕ ਝਾੜੀ ਦੀਆਂ ਸਾਰੀਆਂ ਟਾਹਣੀਆਂ ਨੂੰ ਫੜ ਕੇ ਉਹ ਉਥੇ ਬੈਠੀ ਸੀ। ਉਸਦਾ ਚਿਹਰਾ ਸਵਾਹ-ਰੰਗਾ ਹੋਇਆ ਹੋਇਆ ਸੀ, ਜਿਸ ਤਰ੍ਹਾਂ ਉਸ ਵਿਚੋਂ ਸਾਰੀ ਜਾਨ ਖਿਚ ਲਈ ਗਈ ਹੋਵੇ, ਤੇ ਅੱਖਾਂ ਦੀ ਥਾਂ ਦੋ ਵਡੇ ਵਡੇ ਨੀਲੇ ਟੋਏ ਸਨ। ਉਹ ਮੁਸਕ੍ਰਾਈ ਤੇ ਸੁਹਲ ਜਿਹੇ ਜਜ਼ਬੇ ਨਾਲ ਬੋਲੀ:

"ਵੇਖ, ਕਿੱਦਾਂ ਸੁੱਤਾ ਹੋਇਐ।"

ਉਹ ਠੀਕ ਸੁੱਤਾ ਹੋਇਆ ਸੀ; ਜਿਥੋਂ ਤੱਕ ਮੈਂ ਵੇਖ ਸਕਦਾ ਸਾਂ, ਦੂਜੇ ਬੱਚਿਆਂ ਨਾਲੋਂ ਕੋਈ ਫ਼ਰਕ ਨਹੀਂ ਸੀ। ਜੇ ਕੋਈ ਫ਼ਰਕ ਸੀ ਤਾਂ ਮਾਹੌਲ ਦਾ ਸੀ: ਉਹ ਇਕ ਝਾੜੀ ਦੇ ਹੇਠਾਂ ਲਿਸ਼ਕਦੇ ਪਤਝੜੀ ਪੱਤਿਆਂ ਦੇ ਢੇਰ ਉਤੇ ਪਿਆ ਹੋਇਆ ਸੀ—ਇਸ ਤਰ੍ਹਾਂ ਓਰੇਲ ਵਿਚ ਨਹੀਂ ਹੁੰਦਾ ਹੋਵੇਗਾ।

"ਮੈਨੂੰ ਲੇਟ ਜਾਣਾ ਚਾਹੀਦੈ, ਮਾਂ।"

"ਨਹੀਂ," ਉਸਨੇ ਹੌਲੀ ਜਿਹੀ ਆਪਣਾ ਸਿਰ ਮਾਰਦਿਆਂ ਕਿਹਾ। "ਮੈਨੂੰ ਤਿਆਰ ਹੋ ਕੇ ਓਥੇ ਜਾਣਾ ਚਾਹੀਦੈ, ਕੀ ਨਾਂ ਲਈਦਾ ਉਹਦਾ..."

"ਓਚੇਮਚੀਰੀ?"

"ਹਾਂ-ਆਂ। ਮੇਰੇ ਨਾਲ ਦੇ ਤਾਂ ਹੁਣ ਕਿੰਨੇ ਵਰਸਤ ਅੱਗੇ ਨਿਕਲ ਗਏ ਹੋਣਗੇ।"

"ਕੀ ਸਚਮੁਚ ਤੂੰ ਪੈਦਲ ਜਾਏਂਗੀ?"

"ਪਾਵਨ ਕੰਨਿਆਂ ਦੇ ਆਸਰੇ। ਉਹ ਮੇਰੀ ਸਹਾਇਤਾ ਕਰੇਗੀ।"

ਸੋ, ਜੇ ਪਾਵਨ ਕੰਨਿਆਂ ਉਹਦੇ ਨਾਲ ਸੀ, ਤਾਂ ਮੈਂ ਕੀ ਕਹਿ ਸਕਦਾ ਸਾਂ!

ਉਸਨੇ ਹੇਠਾਂ ਨਿਕੇ ਜਿਹੇ ਝੁਰੜਾਏ ਮੂੰਹ ਵੱਲ ਵੇਖਿਆ। ਉਸਦੀਆਂ ਅੱਖਾਂ ਵਿਚੋਂ ਦਿਆਲੂ ਚਾਨਣ ਦੀਆਂ ਪ੍ਰਕਾਸ਼ ਦੇਂਦੀਆਂ ਰਿਸ਼ਮਾਂ ਨਿਕਲ ਰਹੀਆਂ ਸਨ। ਉਸਨੇ ਆਪਣੇ ਬੁਲ੍ਹਾਂ ਉਤੇ ਜੀਭ ਫੇਰੀ ਤੇ ਆਪਣੀ ਛਾਤੀ ਉਤੇ ਮਾੜੀਆਂ ਮਾੜੀਆਂ ਥਪਕੀਆਂ ਲਾਈਆਂ।

ਮੈਂ ਅੱਗ ਬਾਲੀ ਤੇ ਇਸਦੇ ਆਸੇ-ਪਾਸੇ ਪੱਥਰ ਰਖੇ, ਜਿਨ੍ਹਾਂ ਉਤੇ ਕੇਤਲੀ ਰਖੀ ਜਾ ਸਕੇ।

"ਮੈਂ ਇਕ ਮਿੰਟ ਵਿਚ ਤੇਰੇ ਲਈ ਚਾਹ ਬਣਾ ਦਿਆਂਗਾ।"

"ਹਾਂ, ਜ਼ਰੂਰ ਬਣਾ। ਮੇਰੇ ਅੰਦਰ ਤਾਂ ਜਿਵੇਂ ਸਭ ਕੁਝ ਸੁੱਕ ਗਿਆ ਲਗਦੈ।"

"ਤੇਰੇ ਲੋਕੀਂ ਤੈਨੂੰ ਕਿਉਂ ਛੱਡ ਗਏ?"

"ਉਹ ਨਹੀਂ ਛੱਡ ਗਏ। ਮੈਂ ਹੀ ਪਿੱਛੇ ਰਹਿ ਗਈ। ਉਹਨਾਂ ਨੇ ਜ਼ਰਾ ਪੀਤੀ ਹੋਈ ਸੀ...ਤੇ ਚੰਗਾ ਈ ਹੋਇਆ। ਜ਼ਰਾ ਖ਼ਿਆਲ ਕਰ ਜੇ ਇਹੋ ਜਿਹੇ ਵੇਲੇ ਉਹ ਸਾਮ੍ਹਣੇ ਹੁੰਦੇ ਤਾਂ!"

ਉਸਨੇ ਮੇਰੇ ਵੱਲ ਨਜ਼ਰ ਮਾਰੀ ਤੇ ਆਪਣੀ ਅਰਕ ਨਾਲ ਆਪਣਾ ਮੂੰਹ ਢੱਕ ਲਿਆ। ਫਿਰ ਥੁੱਕਿਆ, ਜਿਸ ਵਿਚ ਕੁਝ ਖ਼ੂਨ ਸੀ ਤੇ ਸ਼ਰਮਿੰਦੀ ਜਿਹੀ ਹੋਈ ਮੁਸਕ੍ਰਾਈ।

"ਇਹ ਤੇਰਾ ਪਹਿਲਾ ਬਾਲ ਏ?"

"ਹਾਂ। ਤੂੰ ਕੌਣ ਏਂ?"

"ਬੱਸ, ਇਕ ਆਦਮੀ।"

"ਆਦਮੀ ਤਾਂ ਤੂੰ ਹੈਂ ਈ। ਵਿਆਹਿਆ ਹੋਇਐਂ?"

"ਇਸ ਗਲ ਦਾ ਮੈਨੂੰ ਮਾਣ ਨਹੀਂ ਮਿਲਿਆ।"

"ਝੂਠ ਬੋਲਦੈਂ।"

"ਕਾਹਦੇ ਲਈ ਮੈਂ ਝੂਠ ਬੋਲਾਂਗਾ?"

ਉਸਨੇ ਅੱਖਾਂ ਨੀਵੀਆਂ ਕਰ ਲਈਆਂ ਤੇ ਸੋਚਣ ਲਗ ਪਈ। ਫਿਰ ਬੋਲੀ: "ਤੈਨੂੰ ਫਿਰ ਇਹਨਾਂ ਤੀਵੀਆਂ ਵਾਲੇ ਕੰਮਾਂ ਦਾ ਕਿਵੇਂ ਪਤੈ?"

ਹੁਣ ਮੇਰੀ ਝੂਠ ਬੋਲਣ ਦੀ ਘੜੀ ਆ ਗਈ ਸੀ।

"ਮੈਂ ਇਹ ਸਿਖਿਆ ਹੋਇਐ," ਮੈਂ ਕਿਹਾ। "ਮੈਂ ਵਿਦਿਆਰਥੀ ਹਾਂ—ਤੈਨੂੰ ਪਤੈ ਕੀ ਹੁੰਦੈ ਇਹ?"

"ਲੈ ਤੇ। ਸਾਡੇ ਪਾਦਰੀ ਦਾ ਵੱਡਾ ਮੁੰਡਾ ਵੀ ਵਿਦਿਆਰਥੀ ਏ। ਉਹ ਪਾਦਰੀ ਬਨਣ ਦੀ ਪੜ੍ਹਾਈ ਕਰ ਰਿਹੈ।"

"ਖ਼ੈਰ ਮੈਂ ਵੀ ਉਹਨਾਂ ਵਿਚੋਂ ਇਕ ਹਾਂ। ਮੈਂ ਜਾ ਕੇ ਕੁਝ ਪਾਣੀ ਲਿਆਵਾਂ।"

ਔਰਤ ਨੇ ਆਪਣਾ ਸਿਰ ਬੱਚੇ ਉਤੇ ਝੁਕਾਇਆ, ਇਹ ਸੁਨਣ ਲਈ ਕਿ ਉਹ ਸਾਹ ਵੀ ਲੈ ਰਿਹੈ ਜਾਂ ਨਹੀਂ। ਫਿਰ ਉਸਨੇ ਸਾਗਰ ਵੱਲ ਨਜ਼ਰ ਮਾਰੀ।

"ਮੈਂ ਮੂੰਹ-ਹੱਥ ਧੋ ਲੈਂਦੀ ਤਾਂ ਚੰਗਾ ਸੀ। ਪਰ ਇਥੋਂ ਦੇ ਪਾਣੀ ਦਾ ਮੈਨੂੰ ਨਹੀਂ ਪਤਾ, ਕਿੱਦਾਂ ਦਾ ਏ? ਲੂਣਾ ਤੇ ਕੌੜਾ..."

"ਜਾ ਤੇ ਆਪਣਾ ਮੂੰਹ ਹੱਥ ਧੋ ਲੈ ਇਸ ਨਾਲ—ਇਹ ਸਿਹਤਮੰਦ ਪਾਣੀ ਏ।"

"ਸੱਚ?"

"ਹਾਂ। ਤੇ ਝਰਨੇ ਦੇ ਪਾਣੀ ਨਾਲੋਂ ਨਿਘਾ ਏ। ਉਥੋਂ ਦਾ ਪਾਣੀ ਤਾਂ ਬਰਫ਼ ਵਰਗੈ।"

"ਜੇ ਤੂੰ ਆਖਦੈਂ ਤਾਂ..."

ਇਕ ਅਬਖ਼ਾਜ਼ੀ, ਉਂਘਲਾਉਂਦਾ ਹੋਇਆ, ਸਿਰ ਛਾਤੀ ਉਤੇ ਸੁੱਟੀ, ਘੋੜੇ ਉਤੇ ਜੂੰ-ਟੋਰ ਜਾਂਦਾ ਕੋਲੋਂ ਦੀ ਲੰਘਿਆ। ਨਿੱਕਾ ਜਿਹਾ ਸੇਤਾ ਘੋੜਾ, ਤਣੇ ਹੋਏ ਪੱਠਿਆਂ ਵਾਲਾ, ਕੰਨ ਫੜਕਾ ਰਿਹਾ ਸੀ ਤੇ ਉਸਨੇ ਗੋਲ ਕਾਲੀਆਂ ਅੱਖਾਂ ਨਾਲ ਕਾਣੀ ਅਖ ਨਾਲ ਸਾਡੇ ਵੱਲ ਵੇਖਿਆ ਤੇ ਥੁਣਕਿਆ। ਸਵਾਰ ਨੇ ਹੁਝਕੇ ਨਾਲ ਸਿਰ ਚੁਕਿਆ, ਜਿਸ ਉਤੇ ਘਸਿਆ ਹੋਇਆ ਚਰ੍ਹ ਦਾ ਟੋਪ ਪਿਆ ਹੋਇਆ ਸੀ, ਸਾਡੇ ਵੱਲ ਵੇਖਿਆ, ਤੇ ਸਿਰ ਫੇਰ ਹੇਠਾਂ ਕਰ ਲਿਆ।

"ਅਜੀਬ ਲੋਕ ਨੇ ਏਥੋਂ ਦੇ, ਤੇ ਵੇਖਣ ਵਿਚ ਕਿੰਨੇ ਡਰਾਉਣੇ ਲਗਦੇ ਨੇ," ਓਰੇਲਵਾਸੀ ਔਰਤ ਹੌਲੀ ਜਿਹੀ ਬੋਲੀ।

ਮੈਂ ਕੁਝ ਪਾਣੀ ਲੈਣ ਚਲਾ ਗਿਆ। ਤੇਜ਼ ਧਾਰ, ਨਿਰਮਲ ਤੇ ਪਾਰੇ ਵਾਂਗ ਥਰਕਦਾ ਪਾਣੀ ਪੱਥਰਾਂ ਉਪਰੋਂ ਛਾਲਾਂ ਲਗਾ ਰਿਹਾ ਸੀ ਤੇ ਪਤਝੜੀ ਪੱਤੇ ਪਾਣੀ ਵਿਚ ਖ਼ੁਸ਼ੀ ਨਾਲ ਤਰਪੁਲੀਆਂ ਮਾਰ ਰਹੇ ਸਨ। ਅਦਭੁਤ! ਮੈਂ ਮੂੰਹ ਹੱਥ ਧੋਤਾ, ਕੇਤਲੀ ਭਰੀ ਤੇ ਵਾਪਸ ਤੁਰ ਪਿਆ। ਝਾੜੀਆਂ ਦੇ ਵਿਚੋਂ ਮੈਂ ਵੇਖਿਆ, ਔਰਤ ਫ਼ਿਕਰਮੰਦੀ ਨਾਲ ਪਿੱਛੇ ਨੂੰ ਤੱਕਦੀ ਹੋਈ ਗੋਡਿਆਂ ਭਾਰ ਰਿੜ੍ਹ ਰਹੀ ਸੀ।

"ਕੀ ਗੱਲ ਏ?"

ਉਹ ਤ੍ਰਭਕ ਗਈ ਤੇ ਉਸਦਾ ਮੂੰਹ ਫੱਕ ਹੋ ਗਿਆ। ਉਹ ਆਪਣੇ ਹੇਠਾਂ ਕੋਈ ਚੀਜ਼ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਮੈਂ ਅੰਦਾਜ਼ਾ ਲਾ ਲਿਆ।

"ਲਿਆ, ਮੈਨੂੰ ਫੜਾ, ਮੈਂ ਇਹ ਦਬ ਦੇਵਾਂਗਾ।"

"ਨਾ ਵੇ ਵੀਰਾ! ਇਹ ਤਾਂ ਗ਼ੁਸਲਖ਼ਾਨੇ ਹੇਠ, ਜ਼ਮੀਨ ਦੇ ਹੇਠਾਂ ਕਰਨਾ ਜ਼ਰੂਰੀ ਏ..."

"ਜਲਦੀ ਹੀ ਇਥੇ ਗ਼ੁਸਲਖ਼ਾਨੇ ਬਨਣ ਵਾਲੇ ਨੇ, ਤੇਰਾ ਖ਼ਿਆਲ ਏ!"

"ਤੂੰ ਹਾਸਾ ਕਰਦੈਂ, ਤੇ ਮੈਨੂੰ ਡਰ ਲਗਦੈ! ਜੇ ਕਿਸੇ ਜਨੌਰ ਨੇ ਇਹਨੂੰ ਖਾ ਲਿਆ ਤਾਂ! ਇਸਨੂੰ ਜ਼ਮੀਨ ਹੇਠਾਂ ਦਬਾਉਣਾ ਜ਼ਰੂਰੀ ਏ।"

ਉਸਨੇ ਮੂੰਹ ਪਰਲੇ ਪਾਸੇ ਕੀਤਾ ਤੇ ਮੈਨੂੰ ਇਕ ਗਿੱਲੀ ਭਾਰੀ ਗੰਢੜੀ ਫੜਾ ਦਿਤੀ, ਤੇ ਧੀਮੀ ਜਿਹੀ, ਸ਼ਰਮੀਲੀ ਆਵਾਜ਼ ਵਿਚ ਬੋਲੀ:

"ਠੀਕ ਤਰ੍ਹਾਂ ਕਰੇਂਗਾ ਨਾ? ਡੂੰਘਾ ਟੋਆ ਪੁੱਟ ਕੇ? ਯਸੂ-ਮਸੀਹ ਦੇ ਵਾਸਤੇ... ਤੇ ਮੇਰੇ ਨੰਨ੍ਹੇ ਦੀ ਖ਼ਾਤਰ, ਠੀਕ ਤਰ੍ਹਾਂ ਨਾਲ ਦਬਾਈਂ ਇਹ..."

ਜਦੋਂ ਮੈਂ ਵਾਪਸ ਆਇਆ, ਤਾਂ ਮੈਂ ਉਸਨੂੰ ਡਗਮਗਾਉਂਦੇ ਕਦਮਾਂ ਤੇ ਫੈਲਾਈਆਂ ਬਾਹਵਾਂ ਨਾਲ ਕੰਢੇ ਵਲੋਂ ਆਉਂਦੀ ਵੇਖਿਆ। ਉਸਦਾ ਘੱਗਰਾ ਲੱਕ ਤੱਕ ਗਿੱਲਾ ਹੋਇਆ ਹੋਇਆ ਸੀ, ਤੇ ਉਸਦਾ ਮੂੰਹ ਜ਼ਰਾ ਕੁ ਲਾਲ ਹੋਇਆ ਹੋਇਆ ਸੀ, ਜਿਵੇਂ ਅੰਦਰੋਂ ਚਾਨਣ ਛੱਡ ਰਿਹਾ ਹੋਵੇ। ਮੈਂ ਉਸਨੂੰ ਸਹਾਰਾ ਦੇ ਕੇ ਅੱਗ ਤੱਕ

ਲਿਆਂਦਾ, ਤੇ ਹੈਰਾਨ ਹੋਇਆ ਸੋਚ ਰਿਹਾ ਸਾਂ: "ਕਿੰਨੀ ਜਾਨਵਰਾਂ ਵਾਲੀ ਤਾਕਤ ਏ!"

ਫਿਰ ਅਸੀਂ ਸ਼ਹਿਦ ਨਾਲ ਚਾਹ ਪੀਤੀ, ਤੇ ਉਸਨੇ ਮਲਕੜੇ ਜਿਹੇ ਪੁੱਛਿਆ:

"ਸੋ ਤੂੰ ਪੜ੍ਹਾਈ ਛੱਡ ਦਿਤੀ?"

"ਹਾਂ।"

"ਪੀਂਦਾ ਹੋਵੇਂਗਾ?"

"ਪੀ ਪੀ ਕੇ ਤਬਾਹ ਹੋ ਗਿਆ, ਮਾਂ!"

"ਸ਼ੀ-ਸ਼ੀ। ਤੇ ਮੈਂ ਉਥੇ ਹੀ ਸਮਝ ਗਈ ਸਾਂ, ਸੁਖ਼ਮ ਵਿਚ, ਜਦੋਂ ਤੂੰ ਖਾਣੇ ਬਾਰੇ ਮੈਨੇਜਰ ਨਾਲ ਲੜਾਈ ਕੀਤੀ ਸੀ। ਉਦੋਂ ਮੈਂ ਆਪਣੇ ਆਪ ਨੂੰ ਕਿਹਾ ਸੀ ਕਿ ਇਹ ਜ਼ਰੂਰ ਸ਼ਰਾਬੀ ਹੋਵੇਗਾ, ਜਿਹੜਾ ਕਿਸੇ ਤੋਂ ਨਹੀਂ ਡਰਦਾ।"

ਉਸਨੇ ਆਪਣੇ ਸੁੱਜੇ ਬੁਲ੍ਹਾਂ ਤੋਂ ਸੁਆਦ ਨਾਲ ਸ਼ਹਿਦ ਚੂਸਿਆ, ਤੇ ਆਪਣੀਆਂ ਨੀਲੀਆਂ ਅੱਖਾਂ ਨਾਲ ਉਹ ਮੁੜ ਮੁੜ ਕੇ ਉਸ ਝਾੜੀ ਹੇਠਾਂ ਵੇਖੀ ਜਾ ਰਹੀ ਸੀ, ਜਿਥੇ ਨਵਜਨਮਿਆ ਓਰੇਲਵਾਸੀ ਸ਼ਾਂਤੀ ਨਾਲ ਸੁੱਤਾ ਪਿਆ ਸੀ।

"ਪਤਾ ਨਹੀਂ ਇਹਨੇ ਕਿਸ ਤਰ੍ਹਾਂ ਜਿਊਣੈ," ਉਸਨੇ ਮੇਰੇ ਵੱਲ ਘੋਖਵੀਆਂ ਨਜ਼ਰਾਂ ਸੁੱਟਦਿਆਂ ਹਉਕਾ ਲੈਂਦੀ ਨੇ ਕਿਹਾ। "ਤੂੰ ਮੇਰੀ ਮਦਦ ਕੀਤੀ, ਤੇਰਾ ਸ਼ੁਕਰੀਆ, ਪਰ ਇਹ ਇਹਦੇ ਲਈ ਚੰਗਾ ਏ ਕਿ ਨਹੀਂ, ਹੁਣ ਪਤਾ ਨਹੀਂ..."

ਜਦੋਂ ਉਹ ਖਾ ਪੀ ਬੈਠੀ ਤਾਂ ਉਸਨੇ ਸਲੀਬ ਦਾ ਨਿਸ਼ਾਨ ਬਣਾਇਆ, ਤੇ ਜਦੋਂ ਮੈਂ ਆਪਣਾ ਮਾਲ-ਮਤਾ ਸਾਂਭ ਰਿਹਾ ਸਾਂ, ਤਾਂ ਉਹ ਉਘਲਾਉਂਦੀ ਜਿਹੀ ਹੋਈ ਆਪਣਾ ਸਰੀਰ ਹਿਲਾਉਂਦੀ ਬੈਠੀ ਰਹੀ, ਜ਼ਮੀਨ ਉਤੇ ਆਪਣੀਆਂ ਅੱਖਾਂ ਗੱਡੀ, ਜਿਹੜੀਆਂ ਫਿਰ ਧੁੰਦਲਾ ਗਈਆਂ ਲਗਦੀਆਂ ਸਨ।

"ਤੂੰ ਸਚਮੁਚ ਜਾ ਰਹੀ ਏਂ?"

"ਹਾਂ।"

"ਤੈਨੂੰ ਯਕੀਨ ਏ ਕਿ ਤੂੰ ਏਨੀ ਤਕੜੀ ਹੋ ਗਈ ਏਂ?"

"ਤੇ ਤੂੰ ਪਾਵਨ ਕੰਨਿਆਂ ਦਾ ਨਹੀਂ ਸੋਚਦਾ! ਇਹ ਮੈਨੂੰ ਫੜਾ।"

"ਮੈਂ ਇਸਨੂੰ ਚੁੱਕ ਲੈਂਦਾ ਹਾਂ।"

ਜ਼ਰਾ ਕੁ ਬਹਿਸਣ ਪਿਛੋਂ ਉਹ ਮੰਨ ਗਈ, ਤੇ ਅਸੀਂ ਤੁਰ ਪਏ, ਨਾਲੋਂ ਨਾਲ, ਮੋਢੇ ਨਾਲ ਮੋਢਾ ਜੋੜੀ।

"ਮੈਂ ਕਿਤੇ ਠੇਡਾ ਨਾ ਖਾਂਦੀ ਹੋਵਾਂ," ਉਸਨੇ ਮੁਆਫ਼ੀ ਮੰਗਦੇ ਅੰਦਾਜ਼ ਵਿਚ ਮੁਸਕ੍ਰਾਉਂਦਿਆਂ ਕਿਹਾ, ਤੇ ਆਪਣਾ ਹੱਥ ਮੇਰੇ ਮੋਢੇ ਉਤੇ ਰਖ ਲਿਆ।

ਰੂਸੀ ਧਰਤੀ ਦਾ ਨਵਾਂ ਵਾਸੀ, ਅਣਜਾਣੀ ਹੋਣੀ ਦਾ ਮਾਲਕ, ਮੇਰੀਆਂ ਬਾਹਵਾਂ ਵਿਚ ਪਿਆ ਸੀ ਤੇ ਆਪਣੇ ਨੱਕ ਥਾਣੀਂ ਸਿਆਣਿਆਂ ਵਰਗੀਆਂ ਆਵਾਜ਼ਾਂ ਕਢ

ਰਿਹਾ ਸੀ। ਚਿੱਟੇ ਚੱਕਰਾਂ ਦੇ ਫੀਤੇ ਨਾਲ ਜੜਿਆ ਸਾਗਰ ਥਪ-ਥਪ ਕਰ ਰਿਹਾ ਤੇ ਸ਼ੋਰ ਮਚਾ ਰਿਹਾ ਸੀ; ਝਾੜੀਆਂ ਇਕ ਦੂਜੀ ਨਾਲ ਕਾਨਾਫ਼ੂਸੀ ਕਰ ਰਹੀਆਂ ਸਨ, ਸੂਰਜ ਢਲਦੀ ਦੁਪਹਿਰ ਦੇ ਰਾਹ ਤੁਰ ਪਿਆ ਸੀ।

ਅਸੀਂ ਹੌਲੀ ਹੌਲੀ ਤੁਰਦੇ ਗਏ, ਮਾਂ ਕਦੀ ਕਦੀ ਰੁਕ ਜਾਂਦੀ, ਲੰਮਾਂ ਸਾਰਾ ਸਾਹ ਲੈਂਦੀ, ਸਿਰ ਪਿੱਛੇ ਨੂੰ ਸੁੱਟਦੀ, ਆਸੇ-ਪਾਸੇ ਸਾਗਰ ਵੱਲ, ਜੰਗਲ ਵੱਲ, ਪਹਾੜਾਂ ਵੱਲ, ਨਜ਼ਰ ਮਾਰਦੀ, ਤੇ ਫਿਰ ਆਪਣੇ ਬੇਟੇ ਦੇ ਮੂੰਹ ਵੱਲ ਵੇਖਣ ਲਗ ਪੈਂਦੀ। ਦਰਦ ਦੇ ਹੰਝੂਆਂ ਨਾਲ ਧੋਤੀਆਂ ਉਸਦੀਆਂ ਅੱਖਾਂ ਇਕ ਵਾਰੀ ਫਿਰ ਅਦਭੁਤ ਤਰ੍ਹਾਂ ਨਾਲ ਸਾਫ਼, ਇਕ ਵਾਰੀ ਫਿਰ ਅਥਾਹ ਪਿਆਰ ਦੇ ਨੀਲੇ ਚਾਨਣ ਨਾਲ ਚਮਕਦੀਆਂ ਲਗਦੀਆਂ ਸਨ।

ਇਕ ਵਾਰੀ ਉਹ ਰੁਕੀ ਤੇ ਬੋਲੀ:

"ਉਫ਼, ਪ੍ਰਮਾਤਮਾ! ਕਿੰਨਾਂ ਚੰਗਾ ਲੱਗ ਰਿਹੈ, ਕਿੰਨਾਂ ਚੰਗਾ! ਮੈਂ ਇਸੇ ਤਰ੍ਹਾਂ ਤੁਰੀ ਜਾ ਸਕਦੀ ਹਾਂ, ਅੱਗੇ ਹੀ ਅੱਗੇ, ਧਰਤੀ ਦੇ ਸਿਰੇ ਤਕ, ਉਸਨੂੰ, ਆਪਣੇ ਨਨ੍ਹੇ ਨੂੰ ਨਾਲ ਲੈ ਕੇ, ਜਦੋਂ ਕਿ ਉਹ ਆਪਣੀ ਮਾਂ ਦੀ ਛਾਤੀ ਉਤੇ ਆਜ਼ਾਦੀ ਵਿਚ ਵਧੇ-ਫੁਲੇ, ਮੇਰਾ ਨਨ੍ਹਾ ਪਿਆਰਾ ਬੱਚਾ..."

ਸਾਗਰ ਸ਼ੋਰ ਮਚਾਈ ਜਾ ਰਿਹਾ ਸੀ।

੧੯੧੨

ਮੈਕਸਿਮ ਗੋਰਕੀ ਦੀਆਂ "ਚੋਣਵੀਆਂ ਕਹਾਣੀਆਂ" ਬਾਰੇ ਨੋਟ

ਰੂਸੀ ਕੌਮੀ ਲੇਖਕ ਗੋਰਕੀ ਸਾਰੀ ਮਨੁਖਤਾ ਦਾ ਲੇਖਕ ਹੈ।

ਗੋਰਕੀ ਹਰ ਉਸ ਥਾਂ ਪੜ੍ਹਿਆ ਜਾਂਦਾ ਹੈ, ਜਿਥੇ ਵੀ ਕਿਤੇ ਛਪਿਆ ਹੋਇਆ ਹਰਫ਼ ਮੌਜੂਦ ਹੈ। ਉਸਦੀਆਂ ਕਿਰਤਾਂ ਸੋਵੀਅਤ ਯੂਨੀਅਨ ਦੀਆਂ ਤੇ ਸੰਸਾਰ ਦੀਆਂ ੧੨੭ ਕੌਮਾਂ ਦੀਆਂ ਬੋਲੀਆਂ ਵਿਚ ਅਨੁਵਾਦ ਹੋ ਚੁਕੀਆਂ ਹਨ। ਲੇਖਕ ਦੇ ਆਪਣੇ ਦੇਸ ਵਿਚ ਪ੍ਰਕਾਸ਼ਤ ਹੋ ਚੁਕੀਆਂ ਉਸਦੀਆਂ ਕਿਤਾਬਾਂ ਦੀ ਕੁੱਲ ਐਡੀਸ਼ਨ ੧੧ ਕਰੋੜ ਕਾਪੀਆਂ ਤਕ ਪੁੱਜ ਚੁਕੀ ਹੈ।

੧੮੯੨ ਵਿਚ, ਜਦੋਂ ਕਲਮੀ ਨਾਂ "ਮੈਕਸਿਮ ਗੋਰਕੀ" ਹੇਠ ਪਹਿਲੀ ਕਿਰਤ "ਮਕਾਰ ਚੁਦਰਾ" ਛਪੀ, ਤਾਂ ਉਸਦਾ ਲੇਖਕ ਨੀਜ਼ਨੀ-ਨੋਵਗੋਰੋਦ ਸ਼ਹਿਰ* ਦਾ ਮਜ਼ਦੂਰ ਅਲੈਕਸੇਈ ਪੇਸ਼ਕੋਵ ੨੪ ਸਾਲਾਂ ਦਾ ਸੀ। ਪਰ ਉਸ ਸਮੇਂ ਤਕ ਉਹ ਏਨੀਆਂ ਅਜ਼ਮਾਇਸ਼ਾਂ ਵਿਚੋਂ ਲੰਘ ਚੁਕਾ, ਏਨੇ ਕਸ਼ਟ ਸਹਾਰ ਚੁਕਾ, ਤੇ ਜ਼ਿੰਦਗੀ ਦਾ ਏਨਾ ਭਰਪੂਰ ਤਜਰਬਾ ਇਕੱਠਾ ਕਰ ਚੁਕਾ ਸੀ, ਕਿ ਇਸ ਪਖੋਂ ਉਸਦੇ ਪੂਰਵ-ਗਾਮੀਆਂ ਜਾਂ ਸਮਕਾਲੀਆਂ ਵਿਚੋਂ ਕੋਈ ਵੀ ਉਸਦੇ ਤੁਲ ਨਹੀਂ ਸੀ ਆਉਂਦਾ।

ਰੋਜ਼ੀ ਲਈ ਚੱਕਰ ਕਟਦਿਆਂ, ਆਪਣੀ ਉਮਰ ਦੇ ਵੀਹਵਿਆਂ ਵਿਚ ਗੋਰਕੀ

---

*ਹੁਣ ਇਹ ਸ਼ਹਿਰ ਆਪਣੇ ਮਹਾਨ ਵਾਸੀ ਗੋਰਕੀ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ।

ਨੇ ਲਗਭਗ ਸਾਰੇ ਦਖਣੀ ਰੂਸ — ਯੂਕਰੇਨ, ਬੇਸਾਰਬੀਆਂ, ਕਰੀਮੀਆ, ਕਾਕੇਸ਼ੀਆ — ਨੂੰ ਪੈਦਲ ਗਾਹ ਮਾਰਿਆ ਸੀ।

ਰੂਸ ਵਿਚ ਆਪਣੇ ਰਟਣ ਦੇ ਸਾਲਾਂ ਵਿਚ ਗੋਰਕੀ ਆਪਣੇ ਰਾਹਾਂ ਉਤੇ ਕਿਸਨੂੰ ਨਹੀਂ ਮਿਲਿਆ!

ਗੋਰਕੀ ਦੀ ਇਹ ਸਿਫ਼ਤ ਸੀ ਕਿ ਉਹ ਲੋਕਾਂ ਵੱਲ ਸਰਗਰਮ ਧਿਆਨ ਦੇਂਦਾ ਸੀ, ਜਿਸ ਕਰਕੇ ਲੋਕ ਵੀ ਖ਼ੁਸ਼ੀ ਨਾਲ ਨੌਜਵਾਨ ਰਮਤੇ ਦੇ ਸਾਮ੍ਹਣੇ ਆਪਣਾ ਦਿਲ ਖੋਹਲ ਦੇਂਦੇ, ਉਸਨੂੰ ਆਪਣੇ ਜੀਵਨ ਦੀਆਂ ਨਾਟਕੀ, ਅਜੀਬੋ-ਗਰੀਬ ਤੇ ਉਦਾਸ ਕਹਾਣੀਆਂ ਸੁਣਾਉਂਦੇ।

੧੮੯੮ ਵਿਚ ਮੈਕਸਿਮ ਗੋਰਕੀ ਦੇ ਪਹਿਲੇ ਸੰਗ੍ਰਹਿ ਛਪੇ, ਛੋਟੀਆਂ ਛੋਟੀਆਂ ਕਿਤਾਬਾਂ — "ਲੇਖ ਤੇ ਕਹਾਣੀਆਂ।" ਇਸਨੂੰ ਏਨੀ ਭਾਰੀ ਸਫ਼ਲਤਾ ਮਿਲੀ ਕਿ ਇਸਨੇ ਗੋਰਕੀ ਨੂੰ ਚੈਖ਼ੋਵ ਤੇ ਤਾਲਸਤਾਏ ਨਾਲ ਇਕੋ ਕਤਾਰ ਵਿਚ ਲਿਆ ਖੜਾ ਕੀਤਾ।

ਮੈਕਸਿਮ ਗੋਰਕੀ ਦੀਆਂ ਪਹਿਲੀਆਂ ਕਿਰਤਾਂ ਵਿਚ ਨਿੱਡਰ ਯਥਾਰਥਕ ਸਚਾਈ ਜਿਹੀਆਂ ਚੀਜ਼ਾਂ ਨਾਲ ਮਿਲੀ ਹੁੰਦੀ ਸੀ, ਜਿਹੜੀਆਂ ਇਹੋ ਜਿਹੀ ਮੁਸ਼ਕਲਾਂ ਭਰੀ ਜ਼ਿੰਦਗੀ ਵਾਲੇ ਲੇਖਕ ਲਈ ਅਸਾਧਾਰਨ ਹੁੰਦੀਆਂ ਸਨ, "ਯੋਧਿਆਂ ਦੇ ਜਨੂੰਨ" ਦੇ ਬੀਰ-ਰਸੀ ਸੋਹਿਲੇ ਗਾਉਣ ਨਾਲ ਮਿਲੀ ਹੁੰਦੀ ਸੀ।

ਹਥਲੇ ਸੰਗ੍ਰਹਿ ਵਿਚ ਨੌਜਵਾਨ ਗੋਰਕੀ ਦੀਆਂ ਪ੍ਰਸਿਧ ਬੀਰ ਰਸੀ-ਰੋਮਾਂਟਿਕ ਕਿਰਤਾਂ ਸ਼ਾਮਲ ਕੀਤੀਆਂ ਗਈਆਂ ਹਨ — "ਮਕਾਰ ਚੁਦਰਾ", "ਬਾਜ਼ ਦਾ ਗੀਤ," "ਬੁਢੀ ਇਜ਼ਰਗੀਲ", "ਤੂਫ਼ਾਨੀ ਪੇਤਰੇਲ ਦਾ ਗੀਤ।"

"ਬੁਢੀ ਇਜ਼ਰਗੀਲ" ਕਹਾਣੀ ਬੜੀ ਦਿਲਚਸਪ ਤੇ ਵਿਲੱਖਣ ਹੈ: ਇਸ ਕਹਾਣੀ ਦੇ ਤਿੰਨ ਹਿੱਸੇ ਉਹਨਾਂ ਤਿੰਨਾਂ ਰਸਤਿਆਂ ਨੂੰ ਦਰਸਾਉਂਦੇ ਹਨ, ਜਿਹੜੇ ਹਰ ਵਿਅਕਤੀ ਲਈ ਸੰਭਵ ਹਨ। ਲਾਰਾ ਦੀ ਕਹਾਣੀ ਸਿਖਾਉਂਦੀ ਹੈ ਕਿ ਇਕੱਲਾਪਣ ਸਭ ਤੋਂ ਵੱਡੀ ਨਾ-ਖੁਸ਼ੀ ਹੈ, ਕਿ ਮੌਤ ਵੀ ਇਸਤੋਂ ਘੱਟ ਕਰੜੀ ਸਜ਼ਾ ਹੈ। ਕਹਾਣੀ ਦੀ ਅੰਤਮ ਹਿੱਸਾ, ਦਾਨਕੋ ਦੇ ਬਲਦੇ ਦਿਲ ਦੀ ਵਾਰਤਾ ਇਸ ਗੱਲ ਬਾਰੇ ਦਸਦੀ ਹੈ ਕਿ ਲੋਕਾਂ ਦੀ ਆਜ਼ਾਦੀ ਦੀ ਖ਼ਾਤਰ ਆਪਣੇ ਆਪ ਨੂੰ ਵਾਰ ਦੇਣਾ ਇਨਸਾਨ ਲਈ ਕਿੰਨੀਂ ਖ਼ੁਸ਼ੀ ਦੀ ਗੱਲ ਹੈ।

ਤੇ ਖ਼ੁਦ ਇਜ਼ਰਗੀਲ ਦੀ ਹੋਣੀ ਨਾਲ ਸੰਬੰਧਤ, ਕਹਾਣੀ ਦਾ ਵਿਚਲਾ ਹਿੱਸਾ ਕਿਸ ਚੀਜ਼ ਬਾਰੇ ਦਸਦਾ ਹੈ? ਇਹ ਇਸ ਗੱਲ ਬਾਰੇ ਦਸਦਾ ਹੈ ਕਿ ਇਹ ਨਹੀਂ ਹੋ ਸਕਦਾ ਕਿ ਬੰਦਾ ਬਹਾਦਰ ਕਾਰਨਾਮੇ ਵੀ ਕਰੇ ਤੇ ਨਾਲ ਹੀ ਸਿਰਫ ਆਪਣੇ ਲਈ, ਆਪਣੀ ਨਿੱਜੀ ਖ਼ੁਸ਼ੀ ਲਈ ਜੀਵੇ, ਇਕੋ ਵੇਲੇ ਦਾਨਕੋ ਤੇ ਲਾਰਾ ਬਣ ਸਕੇ। ਇਹ ਇਸ ਕਰਕੇ ਨਹੀਂ ਹੋ ਸਕਦਾ, ਕਿ ਇਸ ਸੂਰਤ ਵਿਚ ਸ਼ਕਤੀਸ਼ਾਲੀ ਤੇ

ਬਹਾਦਰ ਵਿਅਕਤੀ ਦੀ ਰੂਹ ਵਿਚ, ਜਿਸਤਰ੍ਹਾਂ ਦੀ ਕਿ ਇਜ਼ਰਗੀਲ ਆਪਣੀ ਜਵਾਨੀ ਵਿਚ ਸੀ, "ਡਰੂ ਜਿਹੀ ਗ਼ੁਲਾਮਾਂ ਵਾਲੀ ਧੁਨੀ" ਸੁਣਾਈ ਦੇਣ ਲਗ ਪੈਂਦੀ ਹੈ।

ਆਪਣੇ ਰਟਣਾਂ ਦੇ ਦੌਰਾਨ ਗੋਰਕੀ ਨੂੰ ਅਜਿਹੇ ਲੋਕ ਮਿਲੇ ਜਿਹੜੇ "ਜ਼ਿੰਦਗੀ ਦੀਆਂ ਡੂੰਘਾਨਾਂ" ਵਿਚ ਧੱਕ ਦਿਤੇ ਗਏ ਹੋਏ ਸਨ, ਪਰ ਜਿਨ੍ਹਾਂ ਨੇ ਫੇਰ ਵੀ ਅਜੇ ਰੂਸੀ ਸੁਭਾ ਦੇ ਵਿਲੱਖਣ ਲੱਛਣ ਨਹੀਂ ਸਨ ਗੁਆਏ—ਇਸਦੀ ਮੌਲਕ ਵਿਸ਼ਾਲਤਾ, ਕਲਾ-ਕੌਸ਼ਲਤਾ, ਖੁਸ਼ੀ ਲਈ ਬੇਚੈਨ ਕਲਪਨਾ। ਆਵਾਰਾਗਰਦਾਂ ਬਾਰੇ, ਉਹਨਾਂ ਲੋਕਾਂ ਬਾਰੇ, ਜਿਨ੍ਹਾਂ ਨੂੰ ਬੁਰਜੂਆ ਸਮਾਜ ਰੱਦ ਕਰ ਚੁੱਕਾ ਹੋਇਆ ਸੀ ("ਚੇਲਕਾਸ਼", "ਕੋਨੋਵਾਲੋਵ", "ਓਰਲੋਵ ਦੰਪਤੀ" ਆਦਿ), ਕਹਾਣੀਆਂ ਦੀ ਪੂਰੀ ਦੀ ਪੂਰੀ ਲੜੀ ਇਸਤਰ੍ਹਾਂ ਹੋਂਦ ਵਿਚ ਆਈ।

ਗੋਰਕੀ ਆਵਾਰਾਗਰਦਾਂ ਨੂੰ, ਆਜ਼ਾਦੀ ਲਈ ਉਹਨਾਂ ਦੀ ਤੀਬਰ ਇੱਛਾ ਨੂੰ, ਜਾਇਦਾਦ ਲਈ ਉਹਨਾਂ ਦੀ ਨਫ਼ਰਤ ਨੂੰ, ਉਹਨਾਂ ਦੀ ਜੀਵਨ ਦੇ ਅਰਥਾਂ ਲਈ ਖੋਜ ਨੂੰ ਬੜੀ ਹਮਦਰਦੀ ਨਾਲ ਚਿਤਰਦਾ ਹੈ। ਪਰ ਇਹ ਆਵਾਰਾਗਰਦ ਗੋਰਕੀ ਦੇ ਨਾਇਕ ਨਹੀਂ ਸਨ, ਤੇ ਉਸਨੇ ਉਹਨਾਂ ਨੂੰ ਰੀਸ ਯੋਗ ਨਮੂਨਿਆਂ ਵਜੋਂ ਨਹੀਂ ਚਿਤਰਿਆ, ਸਗੋਂ ਪੁਰਾਤਨ ਸੰਸਾਰ ਦੇ "ਗੁਨਾਹ ਦੀ ਅਮਲੀ ਸ਼ਹਾਦਤ" ਵਜੋਂ ਚਿਤਰਿਆ ਹੈ, ਜਿਹੜਾ ਸੰਸਾਰ ਮਨੁਖ ਦੀਆਂ ਵਿਲੱਖਣਤਾਈਆਂ, ਉਸਦੀ ਕਲਾ-ਕੌਸ਼ਲਤਾ, ਅਤਿ ਚੰਗੀਆਂ ਇੱਛਾਵਾਂ ਨੂੰ ਭ੍ਰਿਸ਼ਟ ਕਰ ਦੇਂਦਾ ਸੀ।

ਨਾਵਲਕਾਰ ਗੋਰਕੀ ਦੀ ਵਿਸ਼ੇਸ਼ਤਾ ਉਸਦੇ ਵਿਸ਼ਿਆਂ ਦੀ ਬਹੁ-ਵੰਨਗੀ ਹੈ। ਹੇਠਲੇ ਲੋਕਾਂ ਦੇ ਜੀਵਨ ਦੇ ਯਥਾਰਥਕ ਚਿਤਰਨ ਦੇ ਨਾਲ ਨਾਲ, ਲੇਖਕ "ਜ਼ਿੰਦਗੀ ਦੇ ਮਾਲਕਾਂ" ਨੂੰ—ਰੂਸੀ ਵਪਾਰੀਆਂ, ਪੇਂਡੂ ਨਿਕ-ਬੁਰਜੂਆ—ਨੂੰ ਸਾਮ੍ਹਣੇ ਲਿਆਉਂਦਾ ਤੇ ਬੇਨਕਾਬ ਕਰਦਾ ਹੈ।

ਲੇਖਕ ਤੇ ਸਮਾਜਕ ਹਸਤੀ ਵਜੋਂ ਗੋਰਕੀ ਉਤੇ ਵੱਡਾ ਪ੍ਰਭਾਵ ੧੯੦੫ ਦੇ ਪਹਿਲੇ ਰੂਸੀ ਇਨਕਲਾਬ ਦੇ ਮੌਕੇ ਉਤੇ ਰੂਸ ਵਿਚ ਭਾਰੀ ਇਨਕਲਾਬੀ ਉਭਾਰ ਦਾ ਪਿਆ। ਲੇਖਕ ਨੇ ਇਸਦੇ ਪ੍ਰਤਿਕਰਮ ਵਜੋਂ ਪ੍ਰੇਰਨਾਮਈ "ਤੂਫ਼ਾਨੀ ਪੇਤਰੇਲ ਦਾ ਗੀਤ" ਤੇ ਸੰਸਾਰ ਪ੍ਰਸਿਧ ਨਾਵਲ "ਮਾਂ" ਲਿਖਿਆ।

ਲੈਨਿਨ ਨਾਲ ਮਿਲਣੀ ਤੇ ਮਿਤਰਤਾ ਗੋਰਕੀ ਲਈ ਫ਼ੈਸਲਾਕੁਨ ਮਹੱਤਤਾ ਰਖਦੀ ਸੀ। ਲੈਨਿਨ ਨੇ ਗੋਰਕੀ ਦੀ ਕਲਾ-ਕੌਸ਼ਲਤਾ ਦਾ ਉੱਚਾ ਮੁਲੰਗਣ ਕੀਤਾ। ਗੋਰਕੀ ਨੂੰ "ਇਨਕਲਾਬ ਦਾ ਤੂਫ਼ਾਨੀ ਪੇਤਰੇਲ" ਦਸਦਿਆਂ ਵ. ਇ. ਲੈਨਿਨ ਨੇ ਕਿਹਾ ਕਿ ਲੇਖਕ ਨੇ "ਆਪਣੀਆਂ ਮਹਾਨ ਕਲਾ-ਕ੍ਰਿਤਾਂ ਰਾਹੀਂ ਆਪਣੇ ਆਪ ਨੂੰ ਰੂਸ ਅੰਦਰ ਤੇ ਸੰਸਾਰ ਭਰ ਦੀ ਮਜ਼ਦੂਰ ਲਹਿਰ ਨਾਲ ਪੱਕੀ ਤਰਾਂ ਜੋੜ ਲਿਆ ਹੈ।"*

---

*ਵ. ਇ. ਲੈਨਿਨ, ਕਿਰਤ ਸੰਗ੍ਰਹਿ, ਸੈਂਚੀ ੧੬, ਸਫ਼ਾ ੮੯

੧. ਮਕਾਰ ਚੁਦਰਾ

ਅਲੈਕਸੇਈ ਪੇਸ਼ਕੋਵ ਦੀ ਮੈਕਸਿਮ ਗੋਰਕੀ ਦੇ ਕਲਮੀ-ਨਾਂ ਹੇਠ ਛਪੀ ਇਹ ਪਹਿਲੀ ਕਹਾਣੀ ਸੀ। ਇਹ ਕਹਾਣੀ ੧੮੯੨ ਵਿਚ ਤਬਿਲਿਸੀ ਦੇ ਅਖ਼ਬਾਰ "ਕਵਕਾਜ਼" ਵਿਚ ਛਪੀ ਸੀ। ਆਲੋਚਕਾਂ ਨੇ ਇਸ ਕਹਾਣੀ ਨੂੰ "ਸਰਬ-ਜੇਤੂ ਪਿਆਰ ਦਾ ਵਿਜੇਈ ਗੀਤ" ਦਸਿਆ।

੨. ਲੂਣੀ ਦਲਦਲ

ਇਸ ਕਹਾਣੀ ਦੀ ਬੁਨਿਆਦ ਅਸਲੀ ਘਟਣਾ ਹੈ, ਜਿਹੜੀ ਮੈਕਸਿਮ ਗੋਰਕੀ ਨਾਲ ਵਾਪਰੀ, ਜਦੋਂ ਉਹ ਕੰਮ ਦੀ ਭਾਲ ਵਿਚ ਦੱਖਣੀ ਰੂਸ ਵਿਚ ਚੱਕਰ ਲਾ ਰਿਹਾ ਸੀ। ਇਸ ਕਹਾਣੀ ਵਿਚ ਪਿਛਲੀ ਸਦੀ ਦੇ ਅਖ਼ੀਰ ਵਿਚ ਜ਼ਾਰਸ਼ਾਹੀ ਰੂਸ ਦੀਆਂ ਲੂਣ ਦੀਆਂ ਦਲਦਲਾਂ ਵਿਚ ਕੰਮ ਦੀਆਂ ਅਸਹਿ ਹਾਲਤਾਂ ਦਾ ਯਥਾਰਥਕ ਵਰਨਣ ਦਿਤਾ ਗਿਆ ਹੈ।

੩.ਬਾਜ਼ ਦਾ ਗੀਤ

ਇਹ ਰਚਨਾ ਪਹਿਲੀ ਵਾਰੀ "ਸਮਾਰਾ ਦੇ ਅਖ਼ਬਾਰ" ਵਿਚ ੧੮੯੫ ਵਿਚ ਛਪੀ। "ਲੇਖ ਤੇ ਕਹਾਣੀਆਂ" ਨਾਮੀ ਸੰਗ੍ਰਹਿ ਲਈ ਇਸਨੂੰ ਤਿਆਰ ਕਰਦਿਆਂ, ਗੋਰਕੀ ਨੇ ਇਸਦੀ ਇਨਕਲਾਬੀ ਸੁਰ ਨੂੰ ਹੋਰ ਜ਼ੋਰਦਾਰ ਬਣਾ ਦਿਤਾ। "ਬਾਜ਼ ਦੇ ਗੀਤ" ਨੂੰ ਰੂਸ ਦੇ ਅਗੇ-ਵਧੂ ਲੋਕਾਂ ਤੋਂ ਨਿੱਘਾ ਹੁੰਗਾਰਾ ਮਿਲਿਆ।

੪. ਚੇਲਕਾਸ਼

ਮੈਕਸਿਮ ਗੋਰਕੀ ਦੀ ਪਹਿਲੀ ਰਚਨਾ, ਜਿਹੜੀ ਵ. ਕੋਰੋਲੈਨਕੋ ਦੀ ਸਹਾਇਤਾ ਨਾਲ ਰਾਜਧਾਨੀ ਦੇ ਰਸਾਲੇ "ਰੂਸੀ ਧਨ" ਵਿਚ ਛਪੀ।

ਓਦੇਸਾ ਦੇ ਆਵਾਰਾ ਬੰਦੇ ਨਾਲ, ਜਿਸਨੇ ਚੇਲਕਾਸ਼ ਲਈ ਮੂਲ ਰੂਪ ਦਾ ਕੰਮ

ਕੀਤਾ, ਗੋਰਕੀ ਦਖਣ ਦੇ ਸ਼ਹਿਰ ਨਿਕੋਲਾਯੇਵ ਦੇ ਹਸਪਤਾਲ ਵਿਚ ਮਿਲਿਆ। ਉਹ ਹਸਪਤਾਲ ਵਿਚ ਗੋਰਕੀ ਦੇ ਨਾਲ ਦੇ ਮੰਜੇ ਉਤੇ ਪਿਆ ਹੋਇਆ ਸੀ, ਤੇ ਉਸਨੇ ਲੇਖਕ ਨੂੰ ਉਸ ਘਟਨਾ ਬਾਰੇ ਦਸਿਆ ਜਿਸਦਾ ਜ਼ਿਕਰ ਕਹਾਣੀ "ਚੇਲਕਾਸ਼" ਵਿਚ ਕੀਤਾ ਗਿਆ ਹੈ।

੫. ਬੁਢੀ ਇਜ਼ਰਗੀਲ

ਕਥਾਤਮਕ-ਕਾਲਪਨਿਕ ਕਹਾਣੀ, ਜਿਹੜੀ ਗੋਰਕੀ ਨੇ ਮੋਲਦਾਵੀਅਨ ਲੋਕ-ਕਥਾਵਾਂ ਦੇ ਆਧਾਰ ਉਤੇ ਲਿਖੀ। ਆ. ਚੇਖੋਵ ਨੂੰ ਲਿਖੀ ਚਿੱਠੀ ਵਿਚ, ਗੋਰਕੀ ਨੇ ਲਿਖਿਆ: "ਇੰਝ ਲਗਦਾ ਹੈ ਕਿ ਏਨਾਂ ਇਕਸੁਰ ਤੇ ਸੁੰਦਰ ਮੈਂ ਕਦੀ ਕੁਝ ਨਹੀਂ ਲਿਖ ਸਕਾਂਗਾ, ਜਿੰਨੀਂ ਕਿ ਮੈਂ 'ਬੁਢੀ ਇਜ਼ਰਗੀਲ' ਲਿਖ ਲਈ ਹੈ।"...

੬. ਅਕੇਵੇਂ ਦੇ ਮਾਰੇ

ਇਹ ਕਹਾਣੀ ਇਕੱਲ ਦੀ ਮਾਰੀ, ਦਲਿਤ ਔਰਤ ਦੀ ਦੁਖਾਂਤਕ ਹੋਣੀ ਬਾਰੇ ਹੈ, ਜਿਹੜੀ ਸਤੈਪੀ ਦੇ ਨਿਕੇ ਜਿਹੇ ਸਟੇਸ਼ਨ ਵਿਚ ਗੁਆਚੇ ਹੋਏ ਵਹਿਸ਼ੀ ਤੇ ਆਤਮਾ ਤੋਂ ਸਖਣੇ ਨਿਕ-ਬੁਰਜੂਆ ਵਾਸੀਆਂ ਦਾ ਸ਼ਿਕਾਰ ਬਣੀ। ਇਸ ਕਹਾਣੀ ਦੀ ਬੁਨਿਆਦ ਇਕ ਅਸਲੀ ਕਹਾਣੀ ਹੈ, ਜਿਹੜੀ ਗੋਰਕੀ ਨੇ ਉਦੋਂ ਸੁਣੀ ਜਦੋਂ ਉਹ ੧੮੮੮ ਵਿਚ ਰੇਲਵੇ ਸਟੇਸ਼ਨ ਦੋਬਰੀਨਕਾ ਉਤੇ ਧੜਵਈ ਵਜੋਂ ਕੰਮ ਕਰਦਾ ਸੀ।

੭. ਓਰਲੋਵ ਦੰਪਤੀ

ਲੋਕਾਂ ਵਿਚੋਂ ਆਏ ਬੰਦਿਆਂ ਬਾਰੇ, ਉਹਨਾਂ ਦੀ ਨਵੇਂ ਜੀਵਨ ਦੀਆਂ ਰਾਹਾਂ ਦੀ ਢੂੰਡ ਬਾਰੇ ਨਾਵਲਕਾਰ ਗੋਰਕੀ ਦੀ ਇਹ ਇਕ ਸਭ ਤੋਂ ਵਧ ਮਹਤਵਪੂਰਨ ਰਚਨਾ ਹੈ। ਖ਼ੁਦ ਗੋਰਕੀ ਇਸ ਕਹਾਣੀ ਨੂੰ ਆਪਣੀ ਮੁਢਲੀ ਯਥਾਰਥਵਾਦੀ ਰਚਨਾ ਦੀ ਇਕ ਸਭ ਤੋਂ ਚੰਗੀ ਮਿਸਾਲ ਸਮਝਦਾ ਸੀ।

੮. ਤੂਫ਼ਾਨੀ ਪੇਤਰੇਲ ਦਾ ਗੀਤ

ਪਹਿਲੀ ਵਾਰੀ ਇਹ ਰਚਨਾ ਰਸਾਲੇ "ਜ਼ਿਜ਼ਨ" ਦੇ ੧੯੦੧ ਦੇ ਅਪਰੈਲ ਅੰਕ ਵਿਚ ਛਪੀ। ਜ਼ਾਰਸ਼ਾਹੀ ਸਸਰ ਨੇ ਰੀਪੋਰਟ ਦਿਤੀ: "ਉਪ੍ਰੋਕਤ ਕਾਵਿ-ਰਚਨਾ ਨੇ ਜਾਣੇ-ਪਛਾਣੇ ਰੁਝਾਣਾਂ ਵਾਲੇ ਸਾਹਿਤਕ ਹਲਕਿਆਂ ਉਤੇ ਜ਼ਬਰਦਸਤ ਪ੍ਰਭਾਵ ਪਾਇਆ ਹੈ, ਜਿਨ੍ਹਾਂ ਨੇ, ਇਸਤੋਂ ਉਪ੍ਰੰਤ, ਖ਼ੁਦ ਗੋਰਕੀ ਨੂੰ ਨਾ ਸਿਰਫ਼ '**ਤੂਫ਼ਾਨੀ ਪੇਤਰੇਲ**' ਹੀ ਸਗੋਂ '**ਤੂਫ਼ਾਨ ਦਾ ਢੰਡੋਰਚੀ**' ਕਹਿਣਾ ਸ਼ੁਰੂ ਕਰ ਦਿਤਾ ਹੈ, ਜਿਹੜਾ ਸਿਰਫ਼ ਆਉਂਦੇ ਤੂਫ਼ਾਨ ਬਾਰੇ ਸੂਚਨਾ ਹੀ ਨਹੀਂ ਦੇਂਦਾ ਸਗੋਂ ਤੂਫ਼ਾਨ ਨੂੰ ਆਪਣੇ ਮਗਰ ਮਗਰ ਆਉਣ ਦਾ ਬੁਲਾਵਾ ਦੇਂਦਾ ਹੈ।" ਇਸ ਗੀਤ ਨੂੰ ਛਾਪਣ ਤੋਂ ਮਗਰੋਂ ਰਸਾਲਾ "ਜ਼ਿਜ਼ਨ" ਬੰਦ ਕਰ ਦਿਤਾ ਗਿਆ, ਤੇ ਲੇਖਕ ਨੂੰ ਪੁਲੀਸ ਪਿੱਛਾ ਕਰ ਕਰ ਕੇ ਜ਼ਿੱਚ ਕਰਨ ਲਗੀ।

"ਤੂਫ਼ਾਨੀ ਪੇਤਰੇਲ ਦਾ ਗੀਤ" ਗੋਰਕੀ ਦੀਆਂ ਉਹਨਾਂ ਰਚਨਾਵਾਂ ਵਿਚੋਂ ਇਕ ਸੀ, ਜਿਹੜੀਆਂ ਵ. ਇ. ਲੈਨਿਨ ਨੂੰ ਬਹੁਤ ਪਿਆਰੀਆਂ ਸਨ।

੯. ਇਟਲੀ ਦੀਆਂ ਕਥਾਵਾਂ

ਇਹ ਕਹਾਣੀਆਂ ਗੋਰਕੀ ਨੇ ੧੯੧੧-੧੨ ਵਿਚ ਇਟਲੀ ਵਿਚ ਕਾਪਰੀ ਟਾਪੂ ਉਪਰ ਆਪਣੀ ਮਜਬੂਰੀ ਜਲਾਵਤਨੀ ਸਮੇਂ ਲਿਖੀਆਂ, ਜਿਥੇ ਉਹ ਜ਼ਾਰਸ਼ਾਹੀ ਹਕੂਮਤ ਦੇ ਜਬਰ ਤੋਂ ਬਚਣ ਲਈ ਚਲਾ ਗਿਆ ਸੀ। ਇਹ "ਕਥਾਵਾਂ" ਬਾਲਸ਼ਵਿਕ ਅਖ਼ਬਾਰ "ਜ਼ਵੇਜ਼ਦਾ" ਵਿਚ ਤੇ ਅਕਤੂਬਾਰ ਤੱਕ ਦੇ "ਪਰਾਵਦਾ" ਵਿਚ ਛਪੀਆਂ। ਵ. ਇ. ਲੈਨਿਨ ਨੇ ਮੈਕਸਿਮ ਗੋਰਕੀ ਦੀਆਂ "ਇਟਲੀ ਦੀਆਂ ਕਥਾਵਾਂ" ਦਾ ਉੱਚਾ ਮੁਲੰਗਣ ਕੀਤਾ। ਮਹਾਨ ਲੇਖਕ ਨੂੰ ਆਪਣੀਆਂ ਚਿੱਠੀਆਂ ਵਿਚ ਵ. ਇ. ਲੈਨਿਨ ਨੇ ਮਿਲਵਰਤਨ ਲਈ ਗੋਰਕੀ ਦਾ ਧੰਨਵਾਦ ਕੀਤਾ। "ਆਪਣੀਆਂ ਸ਼ਾਨਦਾਰ 'ਕਥਾਵਾਂ' ਨਾਲ ਤੁਸੀਂ 'ਜ਼ਵੇਜ਼ਦਾ' ਦੀ ਬਹੁਤ ਬਹੁਤ ਮਦਦ ਕੀਤੀ ਹੈ, ਤੇ ਇਸ ਨਾਲ ਮੈਨੂੰ ਬੇਹਦ ਖ਼ੁਸ਼ੀ ਹੋਈ ਹੈ।"

੧੦. ਮਨੁੱਖ ਦਾ ਜਨਮ

ਮੈਕਸਿਮ ਗੋਰਕੀ ਦੀ ਕਹਾਣੀਆਂ ਦੀ ਲੜੀ "ਰੂਸ ਵਿਚ ਵਿਚਰਦਿਆਂ" ਵਿਚੋਂ ਇਕ ਕਹਾਣੀ।

ਇਸ ਕਹਾਣੀ ਦੀ ਬੁਨਿਆਦ ਮੈ. ਗੋਰਕੀ ਦੇ ਜੀਵਨ ਦੀ ਘਟਨਾ ਹੈ: ੧੮੯੨ ਦੀਆਂ ਗਰਮੀਆਂ ਦੇ ਅਖ਼ੀਰ ਵਿਚ ਮੈ. ਗੋਰਕੀ ਕਾਕੇਸ਼ੀਆ ਵਿਚ ਸੜਕ ਬਨਾਉਣ ਦੇ ਕੰਮ ਉਤੇ ਲਗਾ ਹੋਇਆ ਸੀ; ਇਥੇ, ਵੀਰਾਨ ਸੜਕਾਂ ਵਿਚੋਂ ਇਕ ਉਤੇ ਉਸਨੂੰ ਇਕ ਔਰਤ ਮਿਲੀ, ਜਿਸਨੂੰ ਜੰਮਣ-ਪੀੜਾਂ ਸ਼ੁਰੂ ਹੋ ਚੁਕੀਆਂ ਸਨ। ਗੋਰਕੀ ਨੇ ਉਸਦੇ ਜਣੇਪੇ ਵਿਚ ਸਹਾਇਤਾ ਕੀਤੀ।

ਪਾਠਕ ਨੂੰ

ਇਸ ਕਿਤਾਬ ਦੇ ਅਨੁਵਾਦ, ਡੀਜ਼ਾਈਨ ਤੇ ਛਪਾਈ ਬਾਰੇ ਤੁਹਾਡੀ ਰਾਏ ਜਾਣ ਕੇ ਸਾਨੂੰ ਬੜੀ ਖ਼ੁਸ਼ੀ ਹੋਵੇਗੀ। ਅੱਗੋਂ ਛਪਣ ਵਾਲੀਆਂ ਕਿਤਾਬਾਂ ਲਈ ਤੁਹਾਡੇ ਸੁਝਾਵਾਂ ਦਾ ਵੀ ਅਸੀਂ ਸੁਆਗਤ ਕਰਾਂਗੇ।

ਸਾਡਾ ਪਤਾ ਹੈ:

ਪ੍ਰਗਤੀ ਪ੍ਰਕਾਸ਼ਨ,
੨੧, ਜ਼ੂਬੋਵਸਕੀ ਬੂਲੇਵਾਰ,
ਮਾਸਕੋ, ਸੋਵੀਅਤ ਯੂਨੀਅਨ

ਮੇਰੀ ਪੀੜ੍ਹੀ ਲਈ ਗੋਰਕੀ ਦਾ ਨਾਂ ਜਾਦੂਈ ਅਸਰ ਰਖਦਾ ਸੀ, ਕਥਾਨਕੀ ਸੀ, ਜਿਵੇਂ ਮਿਥਿਹਾਸ ਦਾ ਪਾਤਰ ਹੋਵੇ।... ਗੋਰਕੀ ਨੇ ਸਾਨੂੰ ਲਿਖਣਾ ਸਿਖਾਇਆ। ਉਸਨੇ ਸਾਨੂੰ ਦਿਖਾਇਆ ਕਿ ਸਾਹਿਤ ਦਾ ਵਿਸ਼ਾ ਉਹ ਲੋਕ ਹੋਣੇ ਚਾਹੀਦੇ ਹਨ, ਜਿਹੜੇ ਸਮਾਜਕ ਪੌੜੀ ਦੇ ਬਿਲਕੁਲ ਹੇਠਲੇ ਡੰਡਿਆਂ ਉਤੇ ਖੜੇ ਹਨ। ਸਾਡੀ ਭਾਰਤੀ ਲੇਖਕਾਂ ਦੀ, ਉਸਨੇ ਆਕਾਸ਼ ਤੋਂ ਉਤਰ ਕੇ ਧਰਤੀ ਉਤੇ ਆਉਣ ਵਿਚ, ਸਮਕਾਲੀ ਮਸਲਿਆਂ ਵਲ, ਸਮਕਾਲੀ ਨਾਇਕ ਵੱਲ ਆਉਣ ਵਿਚ ਸਹਾਇਤਾ ਕੀਤੀ।

ਮੁਲਕ ਰਾਜ ਆਨੰਦ

ਪੰਜਾਬੀ ਪਾਠਕਾਂ ਦੀ ਸੇਵਾ ਵਿਚ ਅਸੀਂ ਗੋਰਕੀ ਦੀਆਂ ਦੱਸ ਚੋਣਵੀਆਂ ਕਹਾਣੀਆਂ ਪੇਸ਼ ਕਰਦੇ ਹਾਂ, ਜਿਹੜੀਆਂ ਉਸਦੀਆਂ ਸਭ ਤੋਂ ਚੰਗੀਆਂ ਕਿਰਤਾਂ ਵਿਚੋਂ ਹਨ। ਇਹਨਾਂ ਕਹਾਣੀਆਂ ਨਾਲ ਹੀ, ਜਿਹੜੀਆਂ ਉਨ੍ਹੀਵੀਂ ਸਦੀ ਦੇ ਅਖ਼ੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਲਿਖੀਆਂ ਗਈਆਂ, ਗੋਰਕੀ ਦੇ ਨਾਂ ਦੀ ਸੰਸਾਰ ਪ੍ਰਸਿਧਤਾ ਸ਼ੁਰੂ ਹੋਈ।

ਕਿਤਾਬ ਦਾ ਮੁਖਬੰਦ "ਗੋਰਕੀ ਤੇ ਭਾਰਤ" ਪ੍ਰਸਿਧ ਆਲੋਚਕ ਤੇ ਅਨੁਵਾਦਕ ਮਦਨ ਲਾਲ "ਮਧੂ" ਨੇ ਲਿਖਿਆ ਹੈ।